# ਪੰਜਾਬੀ ਭਾਸ਼ਾ ਦਾ ਵਿਆਕਰਣ

ਦੁਨੀ ਚੰਦ

**PANJAB UNIVERSITY**

ਪੰਜਾਬ ਯੂਨੀਵਰਸਿਟੀ ਪਬਲੀਕੇਸ਼ਨ ਬਿਓਰੋ,
ਚੰਡੀਗੜ੍ਹ

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

3/PG

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

# ਪੰਜਾਬੀ ਭਾਸ਼ਾ ਦਾ ਵਿਆਕਰਣ

ਦੁਨੀ ਚੰਦ੍ਰ

PANJAB UNIVERSITY

ਪੰਜਾਬ ਯੂਨੀਵਰਸਿਟੀ ਪਬਲੀਕੇਸ਼ਨ ਬਿਉਰੋ,

ਚੰਡੀਗੜ੍ਹ

Digitized by Panjab Digital Library | www.panjabdigilib.org

*Published by :*
**Shri Raghunandan Shastri,** M.A., M.O.L.,
Secretary, Publication Bureau,
PANJAB UNIVERSITY, CHANDIGARH.

ਪਹਿਲੀ ਬਾਰ ੧੯੬੪
ਮੁੱਲ ੧੫ ਰੁਪਏ

Rs. 15

*(All rights including those of translation, reproduction and annotation etc. are reserved by the Panjab University.)*

*Printed by :*
Shri Dev Datta Shastri, *Vidya Bhaskar*
at the V. V. R. I. Press, *Sadhu Ashram*
HOSHIARPUR.

Digitized by Panjab Digital Library | www.panjabdigilib.org

# ਮੁਖ-ਬੰਧ

ਪੰਜਾਬੀ ਦਾ ਵਿਆਕਰਣ-ਸਾਹਿੱਤ ਨਾ ਤਾਂ ਬਹੁਤ ਪੁਰਾਣਾ ਹੈ ਅਤੇ ਨਾ ਹੀ ਬਹੁਤ ਭਰਪੂਰ ਹੈ। ਪਹਿਲਾਂ ਕੁਝ ਵਿਆਕਰਣ ਅੰਗ੍ਰੇਜ਼ੀ ਵਿੱਚ ਲਿਖੇ ਗਏ। ਡਾ० ਕੇਰੀ (Dr. W. Carey) ਦਾ ਪੰਜਾਬੀ ਵਿਆਕਰਣ ੧੮੧੨ ਵਿੱਚ ਛਪਿਆ ਸੀ। ਫੇਰ ਟਿਜ਼ਡਲ, ਨਿਊਟਨ, ਬੇਲੀ ਅਤੇ ਕਮਿੰਗ੍ਰਜ਼ ਆਦਿ ਨੇ ਵੀ ਵਿਆਕਰਣ ਰਚੇ। ਗੁਰਮੁਖੀ ਲਿੱਪੀ ਵਿੱਚ ਬਿਹਾਰੀ ਲਾਲ ਦਾ ਵਿਆਕਰਣ ੧੮੬੯ ਵਿੱਚ ਛਪਿਆ।, ਇਸ ਤੋਂ ਪਿੱਛੇ ਮੋਹਨ ਸਿੰਘ ਨੇ ਪੰਜਾਬੀ ਵਿਆਕਰਣ-ਬੋਧ ਦੀ ਰਚਨਾ ਕੀਤੀ। ਇਹ ਛੋਟੇ ਛੋਟੇ ਵਿਆਕਰਣ ਸਨ। ਰਾਮ ਸਿੰਘ ਦਾ ਵੱਡਾ ਵਿਆਕਰਣ (੨ ਭਾਗ) ਪਹਿਲੀ ਕਿਰਤ ਹੈ ਜਿਸ ਵਿੱਚ ਹਰ ਇਕ ਅੰਗ ਉਪਰ ਵਿਸਤਾਰ ਨਾਲ ਵਿਚਾਰ ਕੀਤਾ ਗਿਆ ਹੈ। ਇਹ ਪੁਸਤਕ ਚੋਖੀ ਖੋਜ ਅਤੇ ਮਿਹਨਤ ਨਾਲ ਤਿਆਰ ਕੀਤੀ ਗਈ ਜਾਪਦੀ ਹੈ। ਹਾਂ, ਭਾਸ਼ਾ ਦੇ ਵਿਕਾਸ ਅਤੇ ਇਤਿਹਾਸ ਦੇ ਖਿਆਲ ਤੋਂ ਕੁਝ ਊਣਤਾ ਰਹਿ ਗਈ ਹੈ ਤਾਂ ਵੀ ਆਪਣੇ ਸਮੇਂ ਦੀ ਉੱਤਮ ਕਿਰਤ ਸਮਝੀ ਜਾਣੀ ਚਾਹੀਦੀ ਹੈ। ਕਰਮ ਸਿੰਘ ਗੰਗਾਵਾਲੇ ਦਾ ਨਵੀਨ ਪੰਜਾਬੀ ਵਿਆਕਰਣ ਵੀ ਪਹਿਲਿਆਂ ਨਾਲੋਂ ਕਈਆਂ ਗੱਲਾਂ ਵਿੱਚ ਚੰਗੇਰਾ ਹੋਣ ਕਰਕੇ ਸਲਾਹਣ-ਜੋਗ ਹੈ, ਪਰ ਸੰਖੇਪ ਨਾਲ ਲਿਖਿਆ ਗਿਆ ਹੈ। ਹੋਰ ਵੀ ਕਈ ਵਿਆਕਰਣ ਸਕੂਲਾਂ ਲਈ ਲਿਖੇ ਗਏ ਹਨ, ਪਰ ਉਨ੍ਹਾਂ ਦੀ ਚਰਚਾ ਕਰਨ ਦੀ ਲੋੜ ਨਹੀਂ ਜਾਪਦੀ।

ਭਾਸ਼ਾ ਦਾ ਵਿਕਾਸ ਅਤੇ ਅਸਲੀ ਸਰੂਪ ਜਾਣਨ ਲਈ ਭਾਸ਼ਾ-ਵਿਗਿਆਨੀਆਂ ਦੀਆਂ ਕਿਰਤਾਂ ਬਹੁਮੁਲੀਆਂ ਹਨ। ਇਨ੍ਹਾਂ ਵਿਦਵਾਨਾਂ ਵਿੱਚੋਂ ਬੀਮਸ, ਹੋਅਰਨਲੇ, ਗ੍ਰਿਅਰਸਨ, ਟਰਨਰ, ਭੰਡਾਰਕਰ, ਬਲਾਖ, ਤਗਾਰੇ, ਬਨਾਰਸੀ ਦਾਸ ਜੈਨ ਆਦਿ ਪ੍ਰਸਿੱਧ ਹਨ। ਵਿਆਕਰਣ ਲਿਖਣ ਲਈ ਇਨ੍ਹਾਂ ਦੀਆਂ ਕਿਰਤਾਂ ਤੋਂ ਕਈ ਤਰ੍ਹਾਂ ਦੀ ਸਹਾਇਤਾ ਅਤੇ ਅਨੇਕ ਸੁਝਾਉ ਮਿਲਦੇ ਹਨ।

ਇਸ ਵਿਆਕਰਣ ਵਿੱਚ ਵਰਤਮਾਨ ਸਾਹਿਤਿਕ ਪੰਜਾਬੀ ਉੱਪਰ, ਜੋ ਮਾਝੀ ਬੋਲੀ ਤੇ ਆਧਾਰਿਤ ਹੈ, ਵਿਚਾਰ ਕੀਤਾ ਗਿਆ ਹੈ, ਪਰ ਕਿਤੇ ਕਿਤੇ ਪੁਰਾਣੀ ਪੰਜਾਬੀ, ਲਹਿੰਦੀ ਆਦਿ ਦੇ ਰੂਪਾਂ ਦੀ ਚਰਚਾ ਵੀ ਕੀਤੀ ਗਈ ਹੈ। ਭਾਵੇਂ ਇਹ ਵਿਆਕਰਣ ਵਰਣਨਾਤਮਕ ਹੀ ਹੈ, ਤਾਂ ਵੀ ਨਾਂਵ, ਕ੍ਰਿਆ ਆਦਿ ਦੇ ਰੂਪਾਂ ਦੇ ਵਿਕਾਸ ਅਤੇ ਇਤਿਹਾਸ ਦੀ ਕੁਝ ਜਾਣਕਾਰੀ ਵੀ ਕਰਾਈ ਗਈ ਹੈ।

ਹਰ ਇਕ ਭਾਸ਼ਾ ਦੀ ਬਣਤਰ ਅਤੇ ਸਰੂਪ-ਸੁਭਾ ਵਖਰੇ ਹੁੰਦੇ ਹਨ, ਉਸ ਦੀਆਂ ਕੁਝ ਵਿਸ਼ੇਸ਼ਤਾਵਾਂ ਹੁੰਦੀਆਂ ਹਨ, ਇਸ ਕਰਕੇ ਉਸ ਦਾ ਵਿਆਕਰਣ ਉਸ ਦੇ ਸਰੂਪ ਅਤੇ ਬਣਤਰ ਅਨੁਸਾਰ ਤਿਆਰ ਕਰਨਾ ਚਾਹੀਦਾ ਹੈ। ਭਾਸ਼ਾ ਦੇ ਸਰੂਪ, ਸੁਭਾ ਅਤੇ ਬਣਤਰ ਨੂੰ ਠੀਕ-ਠੀਕ ਸਮਝਣ ਲਈ ਉਸ ਦੇ ਇਤਿਹਾਸ ਅਤੇ ਵਿਕਾਸ ਦੇ ਜਾਣਨ ਦੀ ਲੋੜ ਹੈ।

ਪੰਜਾਬੀ ਭਾਸ਼ਾ ਦਾ ਵਿਕਾਸ ਪ੍ਰਾਕ੍ਰਿਤ ਅਤੇ ਅਪਭ੍ਰੰਸ਼ ਦੀ ਰਾਹੀਂ ਸੰਸਕ੍ਰਿਤ ਤੋਂ ਹੋਇਆ ਹੈ, ਇਸ ਕਰਕੇ ਇਸ ਦੇ ਇਤਿਹਾਸ ਅਤੇ ਵਿਕਾਸ ਨੂੰ ਸਾਮ੍ਹਣੇ ਰੱਖ ਕੇ ਇਹ ਵਿਆਕਰਣ ਲਿਖਿਆ ਗਿਆ ਹੈ। ਹਾਂ, ਜਿੱਥੇ ਜਿੱਥੇ ਹੋਰਨਾਂ ਦੇਸ਼ੀ ਜਾਂ ਵਿਦੇਸ਼ੀ ਭਾਸ਼ਾਵਾਂ ਦਾ ਪ੍ਰਭਾਵ ਦਿਸਿਆ ਹੈ, ਉਹ ਵੀ ਵਰਣਨ ਕਰ ਦਿੱਤਾ ਗਿਆ ਹੈ।

Digitized by Panjab Digital Library | www.panjabdigilib.org

ਬਹੁਤ ਕਰਕੇ ਸ਼ਬਦਾਂ ਦਾ ਭੇਦ ਰੂਪਾਂ ਦੇ ਭੇਦ ਅਨੁਸਾਰ ਕੀਤਾ ਗਿਆ ਹੈ, ਪਰ ਕਿਤੇ ਕਿਤੇ ਅਰਥ ਅਤੇ ਵਰਤੋਂ ਦੇ ਆਧਾਰ ਉੱਪਰ ਵੀ ਸ਼ਬਦ-ਭੇਦ ਕਰਨਾ ਠੀਕ ਸਮਝਿਆ ਗਿਆ ਹੈ ।

ਦੇਸ਼ੀ ਅਤੇ ਵਿਦੇਸ਼ੀ ਵਿਦਵਾਨਾਂ ਦੀ ਭਾਰਤ ਦੀਆਂ ਆਰਯ ਭਾਸ਼ਾਵਾਂ ਬਾਬਤ ਖੋਜ ਲਗਭਗ ਸੌ ਸਾਲ ਤੋਂ ਹੋ ਰਹੀ ਹੈ । ਉਨ੍ਹਾਂ ਦੀਆਂ ਕਿਰਤਾਂ ਤੋਂ ਅਨੇਕਾਂ ਬਹੁਮੁੱਲੀਆਂ ਸੋਝਾਂ ਅਤੇ ਕਈ ਨਵੀਆਂ ਗੱਲਾਂ ਮਿਲੀਆਂ ਹਨ । ਲੇਖਕ ਦੀ ਆਪਣੀ ਖੋਜ ਦੇ ਸਿੱਟੇ ਵੀ ਇਸ ਪੁਸਤਕ ਵਿੱਚ ਥਾਂ-ਥਾਂ ਦੱਸੇ ਗਏ ਹਨ । ਇਸ ਚੋਖੀ ਨਵੀਂ ਸਾਮਗ੍ਰੀ ਦੇ ਕਾਰਨ ਇਸ ਵਿਆਕਰਣ ਦਾ ਹੋਰਨਾਂ ਵਿਆਕਰਣਾਂ ਨਾਲ ਅਨੇਕਾਂ ਵਿਸ਼ਿਆਂ ਉਪਰ ਮਤ-ਭੇਦ ਹੈ । ਪਾਠਕਾਂ ਅਤੇ ਵਿਦਵਾਨਾਂ ਦੇ ਸੌਖ ਲਈ ਇਸ ਕਿਰਤ ਦੀਆਂ ਨਵੀਆਂ ਗੱਲਾਂ ਅਤੇ ਵਿਸ਼ੇਸ਼ਤਾਵਾਂ ਹੇਠ ਦੱਸੀਆਂ ਜਾਂਦੀਆਂ ਹਨ :—

੧. ਪੰਜਾਬੀ ਭਾਸ਼ਾ ਦਾ ਇਤਿਹਾਸ ਅਤੇ ਵਿਕਾਸ ਸੰਖੇਪ ਨਾਲ ਦੱਸਿਆ ਗਿਆ ਹੈ (ਦੇ੦ ਪੰਨੇ ੧ ਤੋਂ ੧੯) ।

(੧) ਕ. ਪੰਜਾਬੀ ਦੇ ਸ਼ਬਦ-ਭੰਡਾਰ ਵਿੱਚ ਕਿਹੜੀ ਕਿਹੜੀ ਭਾਸ਼ਾ ਦੇ ਸ਼ਬਦ ਮਿਲੇ ਹਨ — ਇਸ ਦਾ ਨਿਰਣਾ ਵੀ ਪੂਰੀ ਖੋਜ ਕਰਕੇ ਕੀਤਾ ਗਿਆ ਹੈ । ਜੋ ਕੁਝ ਕਿਹਾ ਗਿਆ ਹੈ ਉਸ ਦੀ ਪੁਸ਼ਟੀ ਉਦਾਹਰਣਾਂ ਨਾਲ ਕੀਤੀ ਗਈ ਹੈ । (ਦੇ੦ ਅੰਕ ੧੩) ।

੨. ਪੰਜਾਬੀ ਧੁਨੀਆਂ ਘ, ਝ, ਢ, ਧ, ਭ, ਦੀ ਵੱਡੀ ਵਿਸ਼ੇਸ਼ਤਾ ਸੁਰ (tone) ਅਤੇ ਇਸ ਦੇ ਪ੍ਰਭਾਵ ਕਰਕੇ ਇਨ੍ਹਾਂ ਦੇ ਦੋ ਤਰ੍ਹਾਂ ਦੇ ਉਚਾਰਣ ਦਾ ਵਰਨਣ ਅੰਕ ੬੧. ਵਿੱਚ ਕੀਤਾ ਗਿਆ ਹੈ ।

੩. ਧੁਨੀ-ਵਟਾਂਦਰੇ (ਪੰਨੇ ੩੫ ਤੋਂ ੩੭) ਵਿੱਚ ਧੁਨੀਆਂ ਦੇ ਸੰਬੰਧੀ ਧੁਨੀਆਂ ਵਿੱਚ ਬਦਲਣ ਦਾ ਵਰਨਣ ਹੈ । ਇਸ ਨਾਲ ਸ਼ਬਦਾਂ ਦੀ ਰਚਨਾ ਅਤੇ ਉਨ੍ਹਾਂ ਦੀ ਉਤਪੱਤੀ ਜਾਣਨ ਵਿੱਚ ਮਦਦ ਮਿਲੇਗੀ ।

੪. ਪੰਜਾਬੀ ਭਾਸ਼ਾ ਵਿੱਚ ਧੁਨੀਆਂ ਦੀ ਸੰਧੀ (ਜੋੜ-ਮੇਲ) ਕਿਵੇਂ ਹੁੰਦੀ ਹੈ, ਇਸਦੇ ਨਿਯਮ ਉਦਾਹਰਣਾਂ ਸਮੇਤ ਪਹਿਲੀ ਵਾਰ ਦਿੱਤੇ ਗਏ ਹਨ । (ਦੇ੦ ਅੰਕ ੮੦ ਤੋਂ ੯੩) ।

੫. ਅੱਖਰ ਕੀ ਹੈ, ਅੱਖਰ-ਵੰਡ ਕਿਨ੍ਹਾਂ ਨਿਯਮਾਂ ਅਨੁਸਾਰ ਹੁੰਦੀ ਹੈ, ਨਿਰਬਲ ਅੱਖਰ ਕਿਵੇਂ ਨਿਘਰਦੇ ਜਾਂਦੇ ਹਨ, ਬਲ ਦੇ ਨਿਯਮ ਕੀ ਕੀ ਹਨ — ਇਨ੍ਹਾਂ ਗੱਲਾਂ ਦੀ ਜਾਣਕਾਰੀ ਅੰਕ ੯੩ ਤੋਂ ੧੦੯ ਵਿੱਚ ਕਰਾਈ ਗਈ ਹੈ । ਇਨ੍ਹਾਂ ਨੂੰ ਜਾਣੇ ਬਿਨਾ ਭਾਸ਼ਾ ਦੇ ਵਿਕਾਸ ਨੂੰ ਸਮਝਣਾ ਔਖਾ ਹੈ ।

੬. ਰੂਪਾਂ ਦੇ ਅਨੁਸਾਰ ਹੀ ਨਾਂਵ, ਸਰਬਨਾਂਵ ਅਤੇ ਵਿਸ਼ੇਸ਼ਣ ਦੀਆਂ ਵਿਭਕਤੀਆਂ ਮੰਨੀਆਂ ਗਈਆਂ ਹਨ ।(ਦੇ੦ ਅੰਕ ੧੬੪, ੧੯੬, ੨੨੬ ਆਦਿ) ।

੭. ਉਦੇਸ਼ (Subject) ਸਦਾ ਪਹਿਲੀ ਵਿਭਕਤੀ ਦਾ ਰੂਪ ਹੁੰਦਾ ਹੈ ਅਤੇ ਕ੍ਰਿਆ ਦੇ ਰੂਪ ਉਦੇਸ਼ ਅਨੁਸਾਰ ਹੀ ਬਦਲਦੇ ਹਨ । ਕਰਤਾ (agent) ਲਈ ਪਹਿਲੀ ਵਿਭਕਤੀ ਦਾ ਰੂਪ ਜ਼ਰੂਰੀ ਨਹੀਂ । (ਦੇ੦ ਅੰਕ ੧੬੮, ੫੧੫) ।

੮. ਨੂੰ, ਨੇ, ਦੇ ਲਈ, ਤੋਂ, ਦਾ, ਦੀ, ਵਿੱਚ, ਤੀਕ ਆਦਿ ਵਿਭਕਤੀਆਂ ਨਹੀਂ ਹਨ । ਇਹ ਸੰਬੰਧਕ ਹਨ ਜੋ ਵਿਭਕਤੀ ਦਾ ਕੰਮ ਸਾਰਦੇ ਹਨ ।(ਦੇ੦ ਅੰਕ ੧੬੯) ।

Digitized by Panjab Digital Library | www.panjabdigilib.org

੯. ਸੰਬੰਧਕ ਨਾਲ ਸਦਾ ਸੰਬੰਧਕੀ ਰੂਪ ਆਉਂਦਾ ਹੈ । (ਦੇ੦ ਅੰਕ ੬੦੪) ।

੧੦. ਥੋੜੇ ਸ਼ਬਦਾਂ ਵਿੱਚ ਨਾਂਵ ਦੇ ਰੂਪਾਂ ਦੀ ਉਤਪੱਤੀ ਵੀ ਵਰਣਨ ਕੀਤੀ ਗਈ ਹੈ । (ਦੇ੦ ਅੰਕ ੧੭੯ ਤੋਂ ੧੮੭) ।

੧੦. (ਕ) ਇਹ ਸਿੱਧ ਕੀਤਾ ਗਿਆ ਹੈ ਕਿ ਸੰਬੰਧਕੀ ਰੂਪ ਸਾਂਝਾ ਰੂਪ ਹੈ, ਇਹ ਮੂਲ ਸ਼ਬਦ ਜਾਂ ਅੰਗ ਨਹੀਂ, ਪਦ ਹੈ । (ਦੇ੦ ਅੰਕ ੧੭੦, ੧੭੧) ।

੧੧. ਪੰਜਾਬੀ ਦੇ ਧਾਤੂਆਂ ਦੀ ਉਤਪੱਤੀ ਕਿਵੇਂ ਹੋਈ ਹੈ, ਇਸ ਦੇ ਜਾਨਣ ਲਈ ਦੇ੦ ਅੰਕ ੨੭੭ – ੨੭੮ ।

੧੨. ਕ੍ਰਿਆ ਦੇ ਰੂਪਾਂਤਰ ਨੂੰ ਠੀਕ ਤਰ੍ਹਾਂ ਸਮਝਣ ਲਈ ਪੁਰਖਾਦਿਬੋਧਕ ਅਤੇ ਲਿੰਗਾਦਿਬੋਧਕ ਰੂਪਾਂ ਦਾ ਫ਼ਰਕ ਦਸਿਆ ਗਿਆ ਹੈ ਅਤੇ ਉਨ੍ਹਾਂ ਦੀ ਉਤਪੱਤੀ ਬਾਰੇ ਵੀ ਚਰਚਾ ਕੀਤੀ ਹੈ । (ਦੇ੦ ਅੰਕ ੨੮੮ ਤੋਂ ੨੯੧) ।

੧੩. ਸ਼ੁੱਧ ਕਾਲ ਅਤੇ ਮਿਲਾਉਟੀ ਕਾਲ ਕਿਹੜੇ ਕਿਹੜੇ ਹਨ -- ਇਸ ਬਾਰੇ ਦੇ੦ ਅੰਕ ੩੦੯, ੩੧੦ ।

੧੪. ਗੁਰਮੁਖੀ ਲਿੱਪੀ ਵਿੱਚ ਲਿਖੇ ਪੰਜਾਬੀ ਵਿਆਕਰਣ ਵਿਧਿਅਰਥਕ ਕਾਰਦੰਤਕ ਦੀ ਚਰਚਾ ਤੀਕ ਨਹੀਂ ਕਰਦੇ । ਇਸ ਕਾਰਦੰਤਕ ਅਤੇ ਭਾਵਾਰਥ ਵਿੱਚ ਵਰਕ ਜਾਨਣ ਲਈ ਦੇ੦ ਅੰਕ ੩੦੫ ।

੧੫. ਵਾਚ ਦੇ ਬਾਰੇ ਵੀ ਦੂਜਿਆਂ ਵਿਆਕਰਣ-ਕਾਰਾਂ ਨਾਲ ਕੁਝ ਮਤ-ਭੇਦ ਹੈ– ਇਸ ਦੇ ਵਾਸਤੇ ਦੇ੦ ਅੰਕ ੩੬੦, ੩੬੨ ।

੧੬. ਕ੍ਰਿਆ ਦੇ ਰੂਪਾਂ ਦੀ ਉਤਪੱਤੀ ਵੀ ਸੰਖੇਪ ਨਾਲ ਦੱਸੀ ਗਈ ਹੈ । (ਦੇ੦ ਅੰਕ ੩੬੮ ਤੋਂ ੩੭੭) ।

੧੭. ਨਾਂਵ ਅਤੇ ਕ੍ਰਿਆ ਦੀਆਂ ਵਿਭਕਤੀਆਂ ਅਤੇ ਰੂਪਾਂ ਦੇ ਬਾਰੇ ਮਤ-ਭੇਦ ਹੋਣ ਕਰਕੇ ਪਦਵੰਡ ਵਿੱਚ ਵੀ ਕਿਤੇ ਕਿਤੇ ਕੁਝ ਫਰਕ ਦਿਸੇਗਾ । (ਦੇ੦ ਅੰਕ ੪੩੦) ।

੧੮. ਉਦੇਸ਼, ਕਰਤਾ ਅਤੇ ਵਾਚ ਦੇ ਬਾਰੇ ਮਤ-ਭੇਦ ਹੋਣ ਕਰਕੇ ਵਾਕ-ਵੰਡ ਵਿੱਚ ਵੀ ਕੁਝ ਵਰਕ ਪੈ ਗਿਆ ਹੈ । (ਦੇ੦ ਅੰਕ ੬੨੭,) ।

੧੯. ਪੰਜਾਬੀ ਦੇ ਵਿਆਕਰਣ ਸ਼ਬਦ-ਰਚਨਾ ਬਾਰੇ ਬਹੁਤ ਘਟ ਚਰਚਾ ਕਰਦੇ ਹਨ ਅਤੇ ਜੋ ਕੁਝ ਲਿਖਦੇ ਹਨ, ਉਸ ਦਾ ਕੁਝ ਭਾਗ ਭਾਸ਼ਾ ਦੇ ਇਤਿਹਾਸ ਅਤੇ ਵਿਕਾਸ ਦੀ ਕਸਵੱਟੀ ਤੇ ਪੂਰਾ ਨਹੀਂ ਉਤਰਦਾ । ਇਸ ਵਿਆਕਰਣ ਵਿੱਚ ਇਸ ਊਣਤਾਈ ਨੂੰ ਦੂਰ ਕਰਨ ਦਾ ਜਤਨ ਕੀਤਾ ਗਿਆ ਹੈ । ਸਾਧਿਤ ਸ਼ਬਦਾਂ ਦੀ ਬਣਤਰ ਬਾਰੇ ਵਰ੍ਹਿਆਂ ਦੀ ਖੋਜ ਦੇ ਸਿੱਟੇ ਪਾਠਕਾਂ ਦੀ ਭੇਟ ਕੀਤੇ ਗਏ ਹਨ । ਅਗੇਤਰਾਂ, ਪਿਛੇਤਰਾਂ ਆਦਿ ਦਾ ਵਿਕਾਸ ਵੀ ਦਸਿਆ ਗਿਆ ਹੈ ਅਤੇ ਇਹ ਵੀ ਦਸਿਆ ਗਿਆ ਹੈ ਕਿ ਉਹ ਕਿਸ ਕਿਸ ਦੇਸ਼ੀ ਜਾਂ ਵਿਦੇਸ਼ੀ ਭਾਸ਼ਾ ਤੋਂ ਆਏ ਹਨ । ਅਗੇਤਰ ਆਦਿ ਦਾ ਵਰਨਣ ਵਰਣ-ਮਾਲ਼ਾ ਦੇ ਕ੍ਰਮ ਅਨੁਸਾਰ ਕੀਤਾ ਗਿਆ ਹੈ ।

੨੦. ਬਹੁਤਿਆਂ ਵਿਆਕਰਣਕਾਰਾਂ ਨੇ ਵਾਕ-ਬੋਧ ਵਲ ਪੂਰਾ ਧਿਆਨ ਨਹੀਂ ਦਿੱਤਾ । ਇਸ ਪੁਸਤਕ ਵਿੱਚ ਕੁਝ ਵਿਸਤਾਰ ਨਾਲ ਨਵੇਂ ਢੰਗ ਅਨੁਸਾਰ ਵਾਕ ਉਪਰ ਵਿਚਾਰ

Digitized by Panjab Digital Library | www.panjabdigilib.org

ਕੀਤਾ ਗਿਆ ਹੈ । ਇਸ ਭਾਗ ਦੀ ਵੀ ਕੁਝ ਸਾਮਗ੍ਰੀ ਨਵੀਂ ਹੈ । ਵਿਭਕਤੀਆਂ ਅਤੇ ਸੰਬੰਧਕਾਂ ਦੇ ਅਰਥ, ਕ੍ਰਿਆ ਦੇ ਅਰਥ, ਵਾਚ ਆਦਿ ਉਪਰ ਵੀ ਵਿਚਾਰ ਕੀਤਾ ਗਿਆ ਹੈ ।

੨੧. ਵਿਆਕਰਣ ਦੇ ਜਿਹੜੇ ਨਿਯਮ ਅਜੇ ਤੀਕ ਨਹੀਂ ਬਣਾਏ ਗਏ ਸਨ, ਉਨ੍ਹਾਂ ਦੇ ਬਣਾਉਣ ਦਾ ਜਤਨ ਕੀਤਾ ਗਿਆ ਹੈ, ਜਿਵੇਂ ਅੱਖਰ-ਵੰਡ ਅਤੇ ਬਲ ਬਾਰੇ ਨਿਯਮ (ਵੇ० §੯੮, §§੧੦੪ ਤੋਂ ੧੦੯); ਜਿਹੜੇ ਨਿਯਮ ਪਹਿਲਾਂ ਹੀ ਬਣੇ ਮਿਲਦੇ ਸਨ, ਉਨ੍ਹਾਂ ਨੂੰ ਸੋਧਣ ਦਾ ਜਤਨ ਕੀਤਾ ਗਿਆ ਹੈ ।

੨੨. ਜਿੱਥੋਂ ਤੀਕ ਹੋ ਸਕਿਆ ਹੈ, ਉਦਾਹਰਣ ਵਰਤਮਾਨ ਸਾਹਿੱਤ ਦੀਆਂ ਉੱਘੀਆਂ ਕਿਰਤਾਂ ਵਿੱਚੋਂ ਹੀ ਲਏ ਗਏ ਹਨ । ਜਿੱਥੇ ਉਦਾਹਰਣਾਂ ਦੀ ਭਾਸ਼ਾ ਸੋਹਣੀ ਹੈ, ਉੱਥੇ ਉਨ੍ਹਾਂ ਦੇ ਵਿਚਾਰ ਵੀ ਉੱਚੇ ਹਨ ।

੨੩. ਪਾਠਕਾਂ ਦੇ ਸੌਖ ਲਈ ਉਦਾਹਰਣ ਦੇ ਸ਼ਬਦ ਅਤੇ ਪਾਰਿਭਾਸ਼ਿਕ ਸ਼ਬਦ ਮੋਟੇ ਟਾਈਪ ਵਿੱਚ ਛਪਾਏ ਗਏ ਹਨ ।

੨੪. ਆਪਣੀ ਵੱਲੋਂ ਪ੍ਰਚਲਿਤ ਪਾਰਿਭਾਸ਼ਿਕ ਸ਼ਬਦਾਂ ਦੇ ਵਰਤਣ ਦਾ ਹੀ ਜਤਨ ਕੀਤਾ ਗਿਆ ਹੈ । ਹਾਂ, ਕੁਝ ਕਾਰਣਾਂ ਕਰਕੇ ਹੇਠ ਲਿਖੇ ਸ਼ਬਦ ਬਦਲਨੇ ਪਏ ਹਨ :—

ਪੜਨਾਂਵ ਦੀ ਥਾਂ ਸਰਬਨਾਂਵ
ਬਿਸਰਾਮ-ਚਿੰਨ੍ਹ ਦੀ ਥਾਂ ਵਿਰਾਮ-ਚਿੰਨ੍ਹ
ਆਦਿ ਮਾਤ੍ਰਾਂ ਦੀ ਥਾਂ ਅਗੇਤਰ
ਅੰਤ ਮਾਤ੍ਰਾ ਦੀ ਥਾਂ ਪਿਛੇਤਰ
ਸ਼ਬਦ-ਉਸਾਰੀ ਦੀ ਥਾਂ ਸ਼ਬਦ-ਰਚਨਾ
ਗੁੰਝਲ ਵਾਕ ਦੀ ਥਾਂ ਮਿਸ਼ਰਿਤ ਵਾਕ

੨੫. ਪਾਰਿਭਾਸ਼ਕ ਸ਼ਬਦਾਂ ਦੀਆਂ ਪੰਜਾਬੀ-ਅੰਗ੍ਰੇਜ਼ੀ ਅਤੇ ਅੰਗ੍ਰੇਜ਼ੀ-ਪੰਜਾਬੀ ਸੂਚੀਆਂ ਵੀ ਦੇ ਦਿਤੀਆਂ ਹਨ । ਇਨ੍ਹਾਂ ਦੇ ਹੋਣ ਕਰਕੇ ਕਿਸੇ ਸ਼ਬਦ ਦੇ ਬਾਰੇ ਸ਼ਕ ਨਹੀਂ ਰਹੇਗਾ ਅਤੇ ਵਿਸ਼ੇ ਨੂੰ ਸਮਝਣ ਲਈ ਕੋਈ ਔਖਿਆਈ ਨਹੀਂ ਹੋਵੇਗੀ ।

ਮਾਨਯੋਗ ਡਾ० ਭਾਈ ਜੋਧ ਸਿੰਘ ਜੀ ਨੇ ਇਸ ਪੁਸਤਕ ਦੇ ਸੁਧਾਰ ਲਈ ਕੁਝ ਬਹੁਮੁੱਲੇ ਸੁਝਾ ਦਿੱਤੇ ਹਨ, ਉਨ੍ਹਾਂ ਲਈ ਲੇਖਕ ਉਨ੍ਹਾਂ ਦਾ ਧੰਨਵਾਦ ਕਰਦਾ ਹੈ ।

ਯੂਨੀਵਰਸਿਟੀ ਪਬਲੀਕੇਸ਼ਨ ਬਿਊਰੋ ਅਤੇ ਵੀ. ਵੀ. ਆਰ. ਆਈ. ਪ੍ਰੈਸ ਦੋਹਾਂ ਨੇ ਇਸ ਪੁਸਤਕ ਦੇ ਸ਼ੁਧ ਅਤੇ ਸਾਫ਼-ਸੁਥਰੀ ਛਪਣ ਵਿੱਚ ਜੋ ਸਹਿਯੋਗ ਦਿੱਤਾ ਹੈ, ਉਸ ਦੇ ਲਈ ਉਨ੍ਹਾਂ ਦਾ ਵੀ ਧੰਨਵਾਦੀ ਹਾਂ ।

ਪਾਠਕਾਂ ਨੂੰ ਇਸ ਵਿਆਕਰਣ ਵਿੱਚ ਜੇਕਰ ਕੋਈ ਦੋਸ਼ ਜਾਂ ਊਣਤਾਈਆਂ ਦਿਸਣ ਤਾਂ ਉਹ ਲੇਖਕ ਜਾਂ ਬਿਊਰੋ ਨੂੰ ਪਤਾ ਦੇਣ ਦੀ ਕਿਰਪਾ ਕਰਨ, ਤਾਂ ਜੋ ਅਗਲੀ ਵਾਰ ਉਨ੍ਹਾਂ ਨੂੰ ਦੂਰ ਕਰਨ ਦਾ ਜਤਨ ਕੀਤਾ ਜਾਏ ।

**ਗੁੜਗਾਓਂ** **ਦੁਨੀ ਚੰਦ੍ਰ**
**੩੧.੭.੬੪**

Digitized by Panjab Digital Library | www.panjabdigilib.org

# ਸਹਾਇਕ ਪੁਸਤਕਾਂ ਦੀ ਸੂਚੀ

ਇਸ ਵਿਆਕਰਣ ਨੂੰ ਤਿਆਰ ਕਰਨ ਲਈ ਹੇਠ-ਲਿਖੀਆਂ ਪੁਸਤਕਾਂ ਤੋਂ ਵੇਲੇ ਵੇਲੇ ਸਿਰ ਕੰਮ ਲਿਆ ਗਿਆ ਹੈ। ਇਸ ਕਰਕੇ ਇਨ੍ਹਾਂ ਦਾ ਮੈਂ ਦੇਣਦਾਰ ਹਾਂ।


੧. ਵੱਡਾ ਪੰਜਾਬੀ ਵਿਆਕਰਣ (੨ ਭਾਗ) — ਪ੍ਰੋ० ਰਾਮ ਸਿੰਘ।

੨. ਨਵੀਨ ਪੰਜਾਬੀ ਵਿਆਕਰਣ — ਕਰਮ ਸਿੰਘ ਗੰਗਾ ਵਾਲਾ।

੩. ਗੁਰਬਾਣੀ ਵਿਆਕਰਣ — ਸਾਹਿਬ ਸਿੰਘ।

੪. ਪੰਜਾਬੀ ਸ਼ਬਦ-ਭੰਡਾਰ, ਬਿਸ਼ਨ ਦਾਸ ਪੁਰੀ।

੫. ਪੰਜਾਬੀ ਮੈਨੂਅਲ ਐਂਡ ਗ੍ਰੈਮਰ, ੧੯੨੫
**(Panjabi Manual and Grammar,
T. F. Cummings and T. G. Bailey,
Calcutta 1925.)**

੬. ਲਿੰਗਵਿਸਟਿਕ ਸਰਵੇ ਆਵ ਇੰਡੀਆ, ੯, ਗ੍ਰਿਅਰਸਨ।
**The Linguistic Survey of India,
Vol. ix, G. A. Grierson.**

੭. ਗ੍ਰੈਮੈਤੀਕ ਦੇਅਰ ਪ੍ਰਾਕ੍ਰਿਤ ਸ਼ਪ੍ਰਾਖਨ, ਪਿਸ਼ਲ।
**Grammatik der Prakrit Sprachen,
R. Pischel, 1900.**

੮. ਲਿੰਦੋ ਆਰਯੇਨ, ਬਲੌਕ, ੧੯੩੪
**L' Indo-Aryen, Jules Bloch, 1934.**

੯. ਫ਼ੋਨੋਲੋਜੀ ਆਵ ਪੰਜਾਬੀ, ਬਨਾਰਸੀ ਦਾਸ ਜੈਨ।
**Phonology of Panjabi, B. D. Jain.**

੧੦. ਕੰਪੇਰੇਟਿਵ ਗ੍ਰੈਮਰ ਆਵ ਦਿ ਗੌੜੀਅਨ ਲੈਂਗਵੇਜਿਜ਼,
ਹਿਓਰਨਲੇ
**A Comparative Grammar of the Gaudian
Languages, R. Hoernle.**

੧੧. गुजराती भाषानुं बृहद् व्याकरण,
त्रिवेदी, 1919.

੧੨. प्रौढ़ बोध मराठी व्याकरण, रा० भि० जोशी।

੧੩. **The Philosophy of Grammar,**
O. Jespersen


Digitized by Panjab Digital Library | www.panjabdigilib.org

੧੪. ਕੰਪੇਰੇਟਿਵ ਗ੍ਰੈਮਰ ਆਵ ਦਿ ਮਾਡਰਨ ਆਰਯਨ ਲੈਂਗਵੇਜਿਜ਼ ਆਵ ਇੰਡੀਆ, ਬੀਮਸ ।

**A Comparative Grammar of the Modern Aryan Languages of India, by John Beames, Vol. II. 1875 and Vol. III. 1879.**

੧੫. ਹਿੰਦੀ ਗ੍ਰੈਮਰ, ਕੇਲਾਗ ।

੧੬. हिन्दी व्याकरण, कामता प्रसाद

ਜਿਨ੍ਹਾਂ ਕਿਰਤਾਂ ਵਿੱਚੋਂ ਉਦਾਹਰਣ ਲਏ ਗਏ ਹਨ, ਉਨ੍ਹਾਂ ਦੇ ਨਾਂ ਹੇਠ ਦੱਸੇ ਜਾਂਦੇ ਹਨ :—

੧. ਆਦਿ ਗ੍ਰੰਥ
੨. ਪੁਰਾਤਨ ਜਨਮ-ਸਾਖੀ
੩. ਹੀਰ —— ਮੁਕਬਿਲ
੪. ਹੀਰ —— ਵਾਰਸ
੫. ਕਾਫ਼ੀਆਂ —— ਬੁਲ੍ਹੇ ਸ਼ਾਹ
੬. ਸੀ-ਹਰਫ਼ੀ —— ਹਿਦਾਯਤੁੱਲਾ
੭. (ਕ) ਗੋਪੀ ਚੰਦ —— ਕਾਲੀ ਦਾਸ
(ਖ) ਪੂਰਨ ਭਗਤ —— „ „
੮. ਨਵਾਬ ਖਾਨ—ਅਬਦੁਲ ਰਹਿਮਾਨ
੯. ਸੁੰਦਰੀ —— ਵੀਰ ਸਿੰਘ
੧੦. ਰਾਣਾ ਸੂਰਤ ਸਿੰਘ —— „ „
੧੧. ਮਟਕ-ਹੁਲਾਰੇ — „ „
੧੨. ਬਿਜਲੀਆਂ ਦੇ ਹਾਰ „ „
੧੩. ਬਾਦਸ਼ਾਹੀਆਂ — ਚਰਨ ਸਿੰਘ ਸ਼ਹੀਦ
੧੪. ਲਕਸ਼ਮੀ ਦੇਵੀ — ਕ੍ਰਿਪਾ ਸਾਗਰ
੧੫. ਮਹਾਰਾਜ ਰਣਜੀਤ ਸਿੰਘ— „ „
੧੬. ਖੁਲ੍ਹੇ ਮੈਦਾਨ — ਪੂਰਨ ਸਿੰਘ
੧੭. ਨਲ ਦਮਿਅੰਤੀ — ਚਾਤ੍ਰਿਕ
੧੮. ਹਾਤਮ-ਨਾਮਾ —ਅਹਿਮਦ ਯਾਰ
੧੯. ਚੋਣਵੀਂ ਪੰਜਾਬੀ ਕਵਿਤਾ—ਸੰਪਾਦਿਕਾ ਅੰਮ੍ਰਿਤਾ ਪ੍ਰੀਤਮ
੨੦. ਸਾਹਿੱਤ-ਵਾੜੀ —ਪੰਜਾਬ ਯੂਨੀਵਰਸਿਟੀ
੨੧. ਕਣਕ ਦੀ ਬੱਲੀ —ਬਲਵੰਤ ਗਾਰਗੀ

Digitized by Panjab Digital Library | www.panjabdigilib.org

# ਸੰਖਿਪਤ ਰੂਪ ਅਤੇ ਖ਼ਾਸ ਚਿੰਨ੍ਹ

## ਸੰਖਿਪਤ ਰੂਪ

| ਗੁਰਮੁਖੀ-ਲਿਪੀ | | ਦੇਵ ਨਾਗਰੀ (ਦੇਵ ਨਾਗਰੀ) | |
|---|---|---|---|
| **ਸੰਖਿਪਤ ਰੂਪ** | **ਪੂਰਾ ਸ਼ਬਦ** | **ਸੰਖਿਪਤ ਰੂਪ** | **ਪੂਰਾ ਸ਼ਬਦ** |
| ਅੰ० | ਅੰਗ੍ਰੇਜ਼ੀ | अप. | अपभ्रंश. |
| ਅ० | ਅਰਬੀ | प्रा. | प्राकृत |
| ਇਸਤ੍ਰੀ० | ਇਸਤ੍ਰੀਲਿੰਗ | वै. | वैदिक भाषा |
| ਸ० | ਸਫ਼ਾ | सं. | संस्कृत |
| ਸਾ० ਵਾ० | ਸਾਹਿੱਤ-ਵਾੜੀ | हिं. | हिन्दी |
| ਤੁ० | ਤੁਲਨਾ ਕਰੋ | | |
| ਦੇ० | ਦੇਖੋ | | |
| ਪੰ० | ਪੰਜਾਬੀ | | |
| ਪੁ० | ਪੁਲਿੰਗ | | |
| ਫ਼ਾ० | ਫ਼ਾਰਸੀ | | |

## ਚਿੰਨ੍ਹ

⎵ ਸੁਰ ; ਜਿਵੇਂ :—ਘੋੜਾ [=ਕੋ⎵ੜਾ]।

∧ ਸੁਰ ; ਜਿਵੇਂ :—ਦੁੱਧ ]=ਦੁ∧ਦੱ ]।

> ਪਹਿਲੇ ਰੂਪ ਤੋਂ ਪਿਛਲੇ ਦਾ ਵਿਕਾਸ ਦੱਸਣ ਲਈ; ਜਿਵੇਂ :—अप० ਦੀਵਤ>ਪੰ० ਦੀਵਾ।

< ਪਿਛਲੇ ਰੂਪ ਤੋਂ ਪਹਿਲੇ ਦੇ ਨਿਕਲਣ ਦਾ ਬੋਧ ਕਰਾਂਦਾ ਹੈ; ਜਿਵੇਂ :—ਪੰ० ਇੱਟ < प्रा० इट्टा।

✓ ਧਾਤੂ ਲਈ; ਜਿਵੇਂ:— ਪੰ०✓ ਜਾ, ✓ ਕਰ।

* ਕਲਪਿਤ ਸ਼ਬਦ ਜਾਂ ਰੂਪ ਦਾ ਬੋਧ ਕਰਾਉਣ ਲਈ; ਜਿਵੇਂ:—ਦੀਵਤ੍*।

"੍" ਇਹ ਲੀਕ ਸੁਰ-ਰਹਿਤ ਨਿਰੇ ਵਿਅੰਜਨ ਦਾ ਬੋਧ ਕਰਾਉਣ ਲਈ ਉਸ ਦੇ ਹੇਠ ਵਾਹੀ ਜਾਂਦੀ ਹੈ ; ਜਿਵੇਂ :—ਰਾਸ=ਰਾਸ੍।

Digitized by Panjab Digital Library | www.panjabdigilib.org

## ਵਿਸ਼ੇ-ਸੂਚੀ


| ਵਿਸ਼ਾ | | ਪੰਨਾ |
|---|---|---|
| ਪੰਜਾਬੀ ਭਾਸ਼ਾ ਦਾ ਇਤਿਹਾਸ ਅਤੇ ਵਿਕਾਸ | ... | ੧—੧੯ |
| ਭਾਰਤ-ਯੂਰਪੀ | ... | ੧ |
| ਭਾਰਤ-ਈਰਾਨੀ | ... | ੧ |
| ਭਾਰਤੀ ਆਰਯ ਭਾਸ਼ਾ | ... | ੧ |
| ਵੈਦਿਕ ਭਾਸ਼ਾ | ... | ੨ |
| ਸੰਸਕ੍ਰਿਤ | ... | ੨ |
| ਸਾਹਿਤਿਕ ਭਾਸ਼ਾ ਤੇ ਜਨਤਾ ਦੀ ਬੋਲੀ | ... | ੩ |
| ਪ੍ਰਾਕ੍ਰਿਤ ਦੀਆਂ ਵਿਸ਼ੇਸ਼ਤਾਵਾਂ | ... | ੩ |
| ਪ੍ਰਾਕ੍ਰਿਤਾਂ | ... | ੪ |
| ਅਪਭ੍ਰੰਸ਼ | ... | ੪ |
| ਸਾਹਿਤਿਕ ਅਪਭ੍ਰੰਸ਼ | ... | ੫ |
| ਪੰਜਾਬੀ ਦੀ ਉਤਪੱਤੀ | ... | ੫ |
| ਪੰਜਾਬੀ ਭਾਸ਼ਾ ਦਾ ਸ਼ਬਦ-ਭੰਡਾਰ | ... | ੭ |
| ਪੰਜਾਬੀ ਦਾ ਜੱਦੀ ਸ਼ਬਦ-ਭੰਡਾਰ | ... | ੭ |
| ਸੰਸਕ੍ਰਿਤ, ਹਿੰਦੀ ਆਦਿ ਆਪਣੀਆਂ ਭਾਸ਼ਾਵਾਂ ਤੋਂ ਲਏ ਸ਼ਬਦ | ... | ੯ |
| ਵਿਦੇਸ਼ੀ ਭਾਸ਼ਾਵਾਂ ਦੇ ਸ਼ਬਦ | ... | ੧੦ |
| ਤਤਸਮ ਸ਼ਬਦ | ... | ੧੨ |
| ਨਵੇਂ ਤੇ ਪੁਰਾਣੇ ਤਦਭਵ ਸ਼ਬਦ | ... | ੧੩ |
| ਪੰਜਾਬੀ ਦੀਆਂ ਬੋਲੀਆਂ | ... | ੧੩ |
| ਧੁਨੀ-ਵਟਾਂਦਰਾ | ... | ੧੩ |
| ਅੰਤਲਾ ਸੂਰ | ... | ੧੩ |
| ਉਪਾਂਤ ਅੱਖਰ | ... | ੧੪ |
| ਸੰਸਕ੍ਰਿਤ ਋ | ... | ੧੪ |
| ਸੰਸਕ੍ਰਿਤ ਸ਼ਬਦਾਂ ਦੇ ਵਿਚਲੇ ਐ, ਔ | ... | ੧੫ |
| ਅਨੁਨਾਸਿਕਤਾ | ... | ੧੫ |
| ਇਕਹਿਰੇ ਆਰੰਭਿਕ ਵਿਅੰਜਨ | ... | ੧੫ |
| ਆਰੰਭਿਕ ਸ਼੍, ਸ਼੍, ਸ੍ | ... | ੧੬ |
| ਅੰਤਲੇ ਵਿਅੰਜਨ | ... | ੧੬ |
| ਆਰੰਭਿਕ ਜਾਂ ਵਿਚਲੇ ਵਿਅੰਜਨ | ... | ੧੭ |
| ਸੰਸਕ੍ਰਿਤ ਦੇ ਵਿਚਲੇ ਇਕਹਿਰੇ ਵਿਅੰਜਨ | ... | ੧੭ |


Digitized by Panjab Digital Library | www.panjabdigilib.org

ਸੰਯੁਕਤ ਵਿਅੰਜਨ ... ੧੯

ਵਿਆਕਰਣ ਅਤੇ ਉਸ ਦੇ ਭਾਗ ... ੨੦

ਪਹਿਲਾ ਭਾਗ

ਵਰਣ-ਬੋਧ ... ੨੧—੪੩

ਵਰਣ, ਲਿਪੀ ... ੨੧
ਗੁਰਮੁਖੀ ਲਿਪੀ ... ੨੧
ਵਰਣ-ਮਾਲਾ ... ੨੨
ਸੂਰ ... ੨੩
ਲਗਾਂ ... ੨੪
ਬਿੰਦੀ, ਟਿੱਪੀ, ਅੱਧਕ ... ੨੫
ਸੂਰਾਂ ਦਾ ਉਚਾਰਣ ... ੨੬
ਸਾਨੁਨਾਸਿਕ ਸੂਰ ... ੨੭
ਵਿਅੰਜਨਾਂ ਦਾ ਉਚਾਰਣ ... ੨੮
ਦੁਤ ਵਿਅੰਜਨ ... ੩੦
ਵਿਅੰਜਨਾਂ ਦੇ ਉਚਾਰਣ ਦੇ ਟਿਕਾਣੇ ... ੩੧
ਸੰਯੁਕਤ ਵਿਅੰਜਨ ... ੩੩
ਸ਼ਬਦ-ਜੋੜ ... ੩੩
ਅੰਕ ... ੩੫
ਧੁਨੀਆਂ ਦਾ ਵਟਾਂਦਰਾ ... ੩੫
ਸੂਰ ... ੩੫
ਸੰਧੀ ... ੩੭
ਬਾਹਰਲੀ ਸੰਧੀ ... ੩੭
'ਹ' ਦਾ ਆਗਮ, 'ਵ' ਦਾ ਆਗਮ ... ੩੯
ਲੋਪ ... ੩੯
ਅੱਖਰ ... ੪੦
ਅੱਖਰ-ਵੰਡ ... ੪੧
ਬਲ ... ੪੧
ਬਲ ਸੰਬੰਧੀ ਨੇਮ ... ੪੨
ਬਲ ਦੀ ਅਦਲਾ-ਬਦਲੀ ... ੪੩

ਦੂਜਾ ਭਾਗ

ਸ਼ਬਦ-ਬੋਧ ... ੪੪—੧੯੪

ਸ਼ਬਦ-ਭੇਦ ... ੪੪
ਨਾਂਵ ਦੇ ਰੂਪ ... ੪੯
ਲਿੰਗ ... ੪੯

Digitized by Panjab Digital Library | www.panjabdigilib.org

| | | |
|---|---|---|
| ਲਿੰਗ ਦਾ ਨਿਰਣਾ | ... | ੫੨ |
| ਪੁਲਿੰਗ ਤੋਂ ਇਸਤ੍ਰੀਲਿੰਗ ਬਣਾਉਣ ਦੇ ਨੇਮ | ... | ੫੩ |
| ਵਚਨ | ... | ੫੭ |
| ਬਹੁਵਚਨ ਬਣਾਉਣ ਦੇ ਨੇਮ | ... | ੫੮ |
| ਕਾਰਕ | ... | ੬੦ |
| ਨਾਂਵ ਦੇ ਰੂਪ | ... | ੬੧ |
| ਮੁੱਖ ਵਿਭਕਤੀਆਂ | ... | ੬੨ |
| ਉਦੇਸ਼ ਸਦਾ ਪਹਿਲੀ ਵਿਭਕਤੀ ਦਾ ਰੂਪ ਹੁੰਦਾ ਹੈ | ... | ੬੪ |
| ਕਰਤਾ ਅਤੇ ਉਦੇਸ਼ | ... | ੬੪ |
| ਸੰਬੰਧਕ ਅਤੇ ਸੰਬੰਧਕੀ ਰੂਪ | ... | ੬੫ |
| ਅਸਲੀ ਵਿਭਕਤੀ ਅਤੇ ਸੰਬੰਧਕ ਵਿੱਚ ਫਰਕ | ... | ੬੭ |
| ਪੁਲਿੰਗ ਨਾਂਵਾਂ ਦੀ ਰੂਪ-ਰਚਨਾ | ... | ੬੮ |
| ਇਸਤ੍ਰੀ-ਲਿੰਗ ਨਾਂਵਾਂ ਦੀ ਰੂਪ-ਰਚਨਾ | ... | ੭੦ |
| ਛੋਟੇ ਅਤੇ ਵੱਡੇ ਰੂਪ | ... | ੭੨ |
| ਸੰਬੰਧਕੀ ਰੂਪ ਪਦ ਹਨ | ... | ੭੩ |
| ਵਿਅੰਜਨਾਂਤ ਪੁਲਿੰਗ ਦੇ ਰੂਪਾਂ ਦੀ ਉਤਪੱਤੀ | ... | ੭੪ |
| ਆਕਾਰਾਂਤ ਪੁਲਿੰਗ ਦੇ ਰੂਪਾਂ ਦੀ ਉਤਪੱਤੀ | ... | ੭੫ |
| ਵਿਅੰਜਨਾਂਤ ਇਸਤ੍ਰੀ-ਲਿੰਗ ਦੇ ਰੂਪਾਂ ਦੀ ਉਤਪੱਤੀ | ... | ੭੫ |
| ਈਕਾਰਾਂਤ ਇਸਤ੍ਰੀ-ਲਿੰਗ ਦੇ ਰੂਪਾਂ ਦਾ ਵਿਕਾਸ | ... | ੭੬ |
| ਸੰਬੋਧਨ | ... | ੭੬ |
| ਸਰਬਨਾਂਵ | ... | ੭੭ |
| ਪੁਰਖਵਾਚਕ ਸਰਬਨਾਂਵ | ... | ੭੮ |
| ਨਿਜਵਾਚਕ ਸਰਬਨਾਂਵ | ... | ੮੧ |
| ਅਨਿਸਚਿਤ ਸਰਬਨਾਂਵ | ... | ੮੨ |
| ਸੰਬੰਧਵਾਚਕ ਸਰਬਨਾਂਵ | ... | ੮੪ |
| ਪ੍ਰਸ਼ਨਵਾਚਕ ਸਰਬਨਾਂਵ | ... | ੮੫ |
| ਵਿਸ਼ੇਸ਼ਣ ਵਾਂਗ ਸਰਬਨਾਂਵ ਦੀ ਵਰਤੋਂ | ... | ੮੫ |
| ਸਰਬਨਾਂਵਾਂ ਦੇ ਰੂਪਾਂ ਦੀ ਉਤਪੱਤੀ | ... | ੮੫ |
| ਵਿਸ਼ੇਸ਼ਣ | ... | ੮੭ |
| ਵਿਸ਼ੇਸ਼ਣ ਦੀ ਵਰਤੋਂ | ... | ੮੮ |
| ਵਿਕਾਰੀ ਵਿਸ਼ੇਸ਼ਣ | ... | ੮੯ |
| ਵਿਸ਼ੇਸ਼ਣਾਂ ਦੀਆਂ ਵਿਭਕਤੀਆਂ | ... | ੯੦ |
| ਵਿਸ਼ੇਸ਼ਣਾਂ ਦੀ ਰੂਪ-ਰਚਨਾ | ... | ੯੦ |
| ਅਰਥ ਅਨੁਸਾਰ ਵਿਸ਼ੇਸ਼ਣ-ਵੰਡ | ... | ੯੨ |
| ਪੂਰਣ ਅੰਕ | ... | ੯੩ |


Digitized by Panjab Digital Library | www.panjabdigilib.org

ਪੂਰਣ ਅੰਕਾਂ ਦੀ ਰੂਪ-ਰਚਨਾ ... ੯੫
ਅਪੂਰਣ ਅੰਕ ... ੯੫
ਸਮੁੱਚਤਾ-ਬੋਧਕ ਵਿਸ਼ੇਸ਼ਣ ... ੯੬
ਤੁਲਨਾ ... ੯੮
ਸਰਬਨਾਂਵੀ ਵਿਸ਼ੇਸ਼ਣ ... ੧੦੧
ਵਿਸ਼ੇਸ਼ਣਾਂ ਦੀ ਰਚਨਾ ... ੧੦੧
ਕ੍ਰਿਆਪਦ ... ੧੦੨
ਕ੍ਰਿਆ-ਭੇਦ—ਸਕਰਮਕ, ਅਕਰਮਕ ਅਤੇ ਸਹਾਇਕ ... ੧੦੨
ਕੁਝ ਧਾਤੂ ਸਕਰਮਕ ਵੀ ਅਤੇ ਅਕਰਮਕ ਵੀ ਹੁੰਦੇ ਹਨ ... ੧੦੩
ਅਪੂਰਣ ਕ੍ਰਿਆਵਾਂ ਅਤੇ ਪੂਰਕ, ਸਜਾਤੀ ਕਰਮ ... ੧੦੪
ਦੁਕਰਮਕ ਕ੍ਰਿਆਵਾਂ, ਧਾਤੂ ਅਤੇ ਵਿਭਕਤੀ ... ੧੦੫
ਪੰਜਾਬੀ ਦੇ ਧਾਤੂਆਂ ਦੀ ਉੱਤਪਤੀ ... ੧੦੬
ਪ੍ਰੇਰਣਾਰਥਕ ਕ੍ਰਿਆ ... ੧੦੮
ਪ੍ਰੇਰਣਾਰਥਕ ਧਾਤੂ ਬਣਾਉਣ ਦੇ ਢੰਗ ... ੧੦੮
ਨਾਂਵ-ਧਾਤੂ ... ੧੧੦
ਕ੍ਰਿਆ ਦਾ ਰੂਪਾਂਤਰ ... ੧੧੧
ਕ੍ਰਿਆ ਦੇ ਪੁਰਖਾਦਿਬੋਧਕ ਅਤੇ ਲਿੰਗਾਦਿਬੋਧਕ-ਰੂਪ ਅਤੇ ਅੱਵੇ ... ੧੧੨
ਕਾਰਦੰਤਕ ... ੧੧੩
ਭੂਤ ਕਾਰਦੰਤਕ ... ੧੧੪
ਕ੍ਰਰੀਤੇ ਭੂਤ-ਕਾਰਦੰਤਕ ... ੧੧੫
ਵਿਧਿਅਰਥਕ ਕਾਰਦੰਤਕ ... ੧੧੬
ਵਰਤਮਾਨ ਕਾਰਦੰਤਕ ਦੀ ਵਰਤੋਂ ਵਿਸ਼ੇਸ਼-ਵਿਸ਼ੇਸ਼ਣ ਵਾਂਗ ਅਤੇ ਵਿਧੇਅ-ਵਿਸ਼ੇਸ਼ਣ ਵਾਂਗ ... ੧੧੭
ਭੂਤ ਕਾਰਦੰਤਕ ਦੀ ਵਰਤੋਂ ਵਿਸ਼ੇਸ਼-ਵਿਸ਼ੇਸ਼ਣ ਵਾਂਗ ਅਤੇ ਵਿਧੇਅ-ਵਿਸ਼ੇਸ਼ਣ ਵਾਂਗ ... ੧੧੭
ਕਾਰਦੰਤਕਾਂ ਦਾ ਵਾਚ ... ੧੧੭
ਕਾਰਦੰਤਕ ਕ੍ਰਿਆ-ਪਦ ਦਾ ਕੰਮ ਵੀ ਦੇਂਦੇ ਹਨ ... ੧੧੭
ਭਾਵਾਰਥ ... ੧੧੮
ਵਿਧਿਅਰਥਕ ਕਾਰਦੰਤਕ ਅਤੇ ਭਾਵਾਰਥ ਵਿੱਚ ਫਰਕ ... ੧੧੮
ਪੂਰਬ ਪੂਰਣ ਕਾਰਦੰਤਕ ... ੧੧੯
ਕ੍ਰਿਆ ਦੇ ਰੂਪ——ਪੁਰਖਾਦਿਬੋਧਕ, ਲਿੰਗਾਦਿਬੋਧਕ ਅਤੇ ਕ੍ਰਿਆ-ਬੋਧਕ ਅੱਵੇ ... ੧੨੦
ਸ਼ੁੱਧ ਅਤੇ ਮਿਲਾਉਟੀ ਕਾਲ ... ੧੨੦


Digitized by Panjab Digital Library | www.panjabdigilib.org

'ਹ' ਅਤੇ 'ਸ' ਧਾਤੂਆਂ ਦੇ ਰੂਪ ... ੧੨੧
ਪੁਰਖਾਦਿਬੋਧਕ ਕਾਲ ਅਤੇ ਅਰਥ ਅਤੇ ਇਨ੍ਹਾਂ ਦੀਆਂ ਵਿਭਕਤੀਆਂ ... ੧੨੧
ਲਹਿੰਦੇ ਦੀ ਬੋਲੀ ਵਿੱਚ ਸ਼ੁੱਧ ਭਵਿਖਤ ਦੀਆਂ ਵਿਭਕਤੀਆਂ ... ੧੨੨
ਲਿਖ ਅਤੇ ਹੋ ਦੇ ਸ਼ੁੱਧ ਕਾਲ ... ੧੨੨
ਲਿੰਗਾਦਿਬੋਧਕ ਸ਼ੁੱਧ ਕਾਲ ... ੧੨੩
'ਹ' ਧਾਤੂ ਦੇ ਸ਼ੁੱਧ ਕਾਲ ... ੧੨੩
'ਗਾ' ਦੇ ਰੂਪ ... ੧੨੪
ਮਿਲਾਉਟੀ ਕਾਲ ... ੧੨੪
ਕਾਲ ... ੧੨੫
ਅਰਥ ... ੧੨੫
'ਨੱਸ' ਅਕਰਮਕ ਧਾਤੂ ਦੀ ਰੂਪ-ਰਚਨਾ ... ੧੨੬
'ਹੋ' ਧਾਤੂ ਦੀ ਰੂਪ-ਰਚਨਾ ... ੧੨੯
ਅਕਰਮਕ ਸ੍ਵਰਾਂਤ ਧਾਤੂ 'ਜਾ' ਦਾ ਰੂਪਾਂਤਰ ... ੧੩੧
'ਕਰ' ਸਕਰਮਕ ਧਾਤੂ ਦੀ ਰੂਪ-ਰਚਨਾ ... ੧੩੪
ਕਰਮ-ਵਾਚ ... ੧੩੭
ਕਰਮ-ਵਾਚ ਦੇ ਮਿਲਾਉਟੀ ਕਾਲ ... ੧੩੭
'ਵੇਖ' ਧਾਤੂ ਦੇ ਕਰਮ-ਵਾਚ ਦੇ ਰੂਪ ... ੧੩੭
ਭਾਵ-ਵਾਚ ... ੧੪੧
ਸੰਯੁਕਤ ਕਾਰਦੰਤਕ—ਕਰਤ੍ਰੀ ਵਾਚਕ, ਭਵਿੱਖਤ-ਬੋਧਕ ... ੧੪੨
ਅਵਿਕਾਰੀ ਕਾਰਦੰਤਕ ... ੧੪੨
ਸੰਯੁਕਤ ਕ੍ਰਿਆਵਾਂ ... ੧੪੩
ਭਾਵਾਰਥ ਦੇ ਮੇਲ ਨਾਲ ਬਣੀਆਂ ਕ੍ਰਿਆਵਾਂ ... ੧੪੪
ਭੂਤਕਾਰਦੰਤਕ ਦੇ ਮੇਲ ਨਾਲ ਬਣੀਆਂ ਹੋਈਆਂ ... ੧੪੪
ਵਰਤਮਾਨ ਕਾਰਦੰਤਕ ਦੇ ਮੇਲ ਨਾਲ ਬਣੀਆਂ ਸੰਯੁਕਤ ਕ੍ਰਿਆਵਾਂ ... ੧੪੫
ਪੂਰਬ ਪੂਰਣ ਕਾਰਦੰਤਕ ਦੇ ਮੇਲ ਨਾਲ ਬਣੀਆਂ ਸੰਯੁਕਤ ਕ੍ਰਿਆਵਾਂ ... ੧੪੫
ਨਿਸਚਾ, ਬਲ, ਤੇਜੀ ਆਦਿ ਦਾ ਬੋਧ ਕਰਾਉਣ ਵਾਲੀਆਂ ਸੰਯੁਕਤ ਕ੍ਰਿਆਵਾਂ ... ੧੪੫
ਸ਼ਕਤੀ-ਬੋਧਕ ਸੰਯੁਕਤ ਕ੍ਰਿਆਵਾਂ ... ੧੪੬
ਪੂਰਣਤਾ-ਬੋਧਕ ਸੰਯੁਕਤ ਕ੍ਰਿਆਵਾਂ ... ੧੪੬
ਨਾਂਵ ਦੇ ਮੇਲ ਨਾਲ ਬਣੀਆਂ ਸੰਯੁਕਤ ਕ੍ਰਿਆਵਾਂ ... ੧੪੬
ਵਿਸੇਸ਼ਣ ਨਾਲ ਮਿਲਕੇ ਬਣੀਆਂ ਸੰਯੁਕਤ ਕ੍ਰਿਆਵਾਂ ... ੧੪੭
ਪੁਨਰੁਕਤ ਸੰਯੁਕਤ ਕ੍ਰਿਆਵਾਂ ... ੧੪੭
ਵਾਚ੍ਯ ... ੧੪੮


Digitized by Panjab Digital Library | www.panjabdigilib.org

| | | |
|---|---|---|
| ਭਾਵ-ਵਾਚ | ... | ੧੫੦ |
| ਪ੍ਰੇਰਣਾਰਥਕ 'ਸੁਣਾ' ਧਾਤੂ ਦੀ ਰੂਪ-ਰਚਨਾ | ... | ੧੫੦ |
| ਕ੍ਰਿਆ ਦੇ ਰੂਪਾਂ ਦੀ ਉਤਪੱਤੀ | ... | ੧੫੧ |
| ਅੱਵੈ | ... | ੧੫੪ |
| ਕ੍ਰਿਆ-ਵਿਸ਼ੇਸ਼ਣ | ... | ੧੫੪ |
| ਰੂਪ ਅਨੁਸਾਰ ਕ੍ਰਿਆ-ਵਿਸ਼ੇਸ਼ਣਾਂ ਦੀ ਵੰਡ | ... | ੧੫੫ |
| ਅਰਥ ਅਨੁਸਾਰ ਕ੍ਰਿਆ-ਵਿਸ਼ੇਸ਼ਣਾਂ ਦੀ ਵੰਡ | ... | ੧੫੫ |
| ਵਰਤੋਂ ਦੇ ਅਨੁਸਾਰ ਕ੍ਰਿਆ-ਵਿਸ਼ੇਸ਼ਣ ਤਿੰਨ ਪ੍ਰਕਾਰ ਦੇ | ... | ੧੫੬ |
| ਉੱਤਪਤੀ ਦੇ ਅਨੁਸਾਰ ਕ੍ਰਿਆ-ਵਿਸ਼ੇਸ਼ਣ—ਮੂਲ ਅਤੇ ਸਾਧਿਤ | ... | ੧੫੬ |
| ਤੁਲਨਾ | ... | ੧੫੮ |
| ਸੰਬੰਧਕ | ... | ੧੫੯ |
| ਸੰਬੰਧਕਾਂ ਦਾ ਟਿਕਾਣਾ | ... | ੧੫੯ |
| ਵਰਤੋਂ ਦੇ ਅਨੁਸਾਰ ਸੰਬੰਧਕ ਤਿੰਨ ਪ੍ਰਕਾਰ ਦੇ ਹਨ | ... | ੧੬੦ |
| ਵਿਭਕਤੀਆਂ ਦੀ ਥਾਂ ਵਰਤੇ ਜਾਣ ਵਾਲੇ ਸੰਬੰਧਕ | ... | ੧੬੦ |
| ਨਾਂਵਾਂ ਤੋਂ ਨਿਕਲੇ ਸੰਬੰਧਕ | ... | ੧੬੧ |
| 'ਦਾ' ਵਿਕਾਰੀ ਸੰਬੰਧਕ | ... | ੧੬੧ |
| ਦੁਬਾਜਰੇ ਸੰਬੰਧਕ ਅਤੇ ਇਨ੍ਹਾਂ ਤੋਂ ਪਹਿਲਾਂ ਇੱਛਾ ਅਨੁਸਾਰ 'ਦੇ' ਦੀ ਵਰਤੋਂ | ... | ੧੬੨ |
| ਉੱਤਪਤੀ ਦੇ ਅਨੁਸਾਰ ਸੰਬੰਧਕ ਚਾਰ ਤਰ੍ਹਾਂ ਦੇ ਹਨ | ... | ੧੬੨ |
| ਕੁਝ ਸ਼ਬਦ ਕਦੇ ਕ੍ਰਿਆ-ਵਿਸ਼ੇਸ਼ਣਾਂ ਵਾਂਗ ਵਰਤੇ ਜਾਂਦੇ ਹਨ ਅਤੇ ਕਦੇ ਸੰਬੰਧਕਾਂ ਵਾਂਗ | ... | ੧੬੩ |
| ਕੁਝ ਸ਼ਬਦ ਸੰਬੰਧਕ ਵੀ ਹੁੰਦੇ ਹਨ ਅਤੇ ਨਾਂਵ ਜਾਂ ਹੋਰ ਸ਼ਬਦ-ਭੇਦ ਵੀ | ... | ੧੬੩ |
| ਯੋਜਕ | ... | ੧੬੪ |
| ਸਮਾਨ ਯੋਜਕ | ... | ੧੬੪ |
| ਅਧੀਨ ਯੋਜਕ | ... | ੧੬੫ |
| ਵਿਸਮਕ | ... | ੧੬੬ |
| ਪਦ-ਵੰਡ | ... | ੧੬੯ |
| ਸ਼ਬਦ-ਰਚਨਾ | ... | ੧੭੨ |
| ਮੂਲ ਸ਼ਬਦਾਂ ਤੋਂ ਸਾਧਿਤ ਸ਼ਬਦ ਬਣਾਉਣ ਦੇ ਢੰਗ | ... | ੧੭੨ |
| ਪੰਜਾਬੀ ਦੇ ਚਾਲੂ ਅਗੇਤਰ | ... | ੧੭੩ |
| ਕਾਰਦੰਤਕੀ ਪਿਛੇਤਰ | ... | ੧੭੫ |
| ਪੰਜਾਬੀ ਦੇ ਪ੍ਰਚਲਿਤ ਕਾਰਦੰਤਕੀ ਪਿਛੇਤਰ | ... | ੧੭੬ |

Digitized by Panjab Digital Library | www.panjabdigilib.org

ਤੱਧਿਤ ... ੧੭੮
ਪੰਜਾਬੀ ਦੇ ਪ੍ਰਚਲਿਤ ਤੱਧਿਤ ... ੧੭੮
ਸਮਮੂਲਕ ਭਿੰਨਾਰਥਕ ਜੋੜੇ ... ੧੮੬
ਸਮਾਸ ... ੧੮੭
ਸਮਾਸ ਦੇ ਕਾਰਣ ਅਦਲਾ-ਬਦਲੀਆਂ ... ੧੮੭
ਦ੍ਵੰਦ੍ਵ ਸਮਾਸ ... ੧੮੮
ਤਤਪੁਰਖ ਸਮਾਸ ... ੧੮੮
ਕਰਮਧਾਰੇ ਸਮਾਸ ... ੧੮੯
ਬਹੁਵ੍ਰੀਹੀ ਸਮਾਸ ... ੧੯੦
ਅਵੱਯੀ ਭਾਵ ... ੧੯੦
ਦੋਗਲੇ ਸਮਾਸੀ ਪਦ ... ੧੯੧
ਧਾਤੂ ਦੀ ਸੰਤਾਨ ... ੧੯੧
ਦੂਹਰੇ ਸ਼ਬਦ ... ੧੯੨
ਦੂਹਰਾਏ ਹੋਏ ਨਾਂਵ ... ੧੯੨
ਦੂਹਰਾਏ ਹੋਏ ਸਰਬਨਾਂਵ ... ੧੯੩
ਦੂਹਰਾਏ ਹੋਏ ਵਿਸ਼ੇਸ਼ਣ ... ੧੯੩
ਧੁਨੀਮੂਲਕ ਦੂਹਰੇ ਸ਼ਬਦ ... ੧੯੩
ਇੱਕੋ ਅਰਥ ਵਾਲੇ ਸ਼ਬਦਾਂ ਦੇ ਜੁੱਟ ... ੧੯੪
ਮਿਲਦੇ-ਜੁਲਦੇ ਅਰਥ ਵਾਲੇ ਸ਼ਬਦਾਂ ਦੇ ਜੋੜੇ ... ੧੯੪
ਉਲਟੇ ਅਰਥ ਵਾਲੇ ਸ਼ਬਦਾਂ ਦੇ ਜੁੱਟ ... ੧੯੪

ਤੀਜਾ ਭਾਗ

ਵਾਕ-ਬੋਧ ...... ੧੯੫-੨੪੭
ਵਾਕ, ਉਦੇਸ਼ ਅਤੇ ਵਿਧੇਅ ... ੧੯੫
ਅਧਿਕਾਰ, ਪਦਕ੍ਰਮ ਅਤੇ ਪਦਾਂ ਦਾ ਮੇਲ ... ੧੯੬
ਅਧਿਕਾਰ ਦੇ ਨਿਯਮ ... ੧੯੬
ਪਦਕ੍ਰਮ--ਸਾਧਾਰਣ ਕ੍ਰਮ ਅਤੇ ਵਿਸ਼ੇਸ਼ ਕ੍ਰਮ ... ੧੯੭
ਮੇਲ--ਵਿਸ਼ੇਸ਼ਣ ਅਤੇ ਵਿਸ਼ੇਸ਼ ਦਾ ਮੇਲ ... ੨੦੧
ਉਦੇਸ਼ ਅਤੇ ਕ੍ਰਿਆ ਦਾ ਮੇਲ ... ੨੦੨
ਵਾਚ ... ੨੦੫
ਵਾਕ-ਵੰਡ ... ੨੦੭
ਸਾਧਾਰਣ ਵਾਕ--ਉਦੇਸ਼ ਅਤੇ ਵਿਧੇਅ ... ੨੦੭
ਵਾਕ ਵਿਚਲੇ ਨਾਂਵਾਂ ਦਾ ਸੰਬੰਧ ... ੨੦੮
ਲਿੰਗ, ਵਚਨ ... ੨੦੮
ਪਹਿਲੀ ਵਿਭਕਤੀ ... ੨੦੯

Digitized by Panjab Digital Library | www.panjabdigilib.org

ਦੂਜੀ ਵਿਭਕਤੀ ... ੨੧੦
ਅਪਾਦਾਨ ਅਤੇ ਸੰਬੋਧਨ ... ੨੧੧
ਕਰਤਾ ... ੨੧੨
ਸਰਬਨਾਂਵ ... ੨੧੩
ਵਿਸ਼ੇਸ਼ਣ ... ੨੧੬
ਕਾਰਦੰਤਕ ... ੨੧੭
ਭੂਤਕਾਰਦੰਤਕ ... ੨੧੮
ਅਨਿਸਚਿਤ ਭੂਤ ਕਾਲ ... ੨੧੯
ਵਰਤਮਾਨ ਕਾਰਦੰਤਕ ... ੨੧੯
ਕਾਰਦੰਤਕ ਤੋਂ ਬਣੀ ਸੁਤੰਤਰ ਰਚਨਾ ... ੨੨੧
ਵਿਧਿਅਰਥਕ ਕਾਰਦੰਤਕ ... ੨੨੨
ਪੂਰਬ ਪੂਰਣ ਕਾਰਦੰਤਕ ... ੨੨੨
ਭਾਵਾਰਥ ... ੨੨੩
ਸੰਭਾਵ ਭਵਿਖੱਤ ... ੨੨੩
ਹੁਕਮੀ ਭਵਿਖੱਤ ... ੨੨੫
ਵਰਤਮਾਨ ਕਾਲ ... ੨੨੫
ਸਾਧਾਰਣ ਭਵਿਖੱਤ ... ੨੨੭
ਅੱਵੈ ... ੨੨੭
ਸੰਬੰਧਕ— ਨੂੰ, ਨੇ, ਨਾਲ, ਤੋਂ, ਦਾ, ਦੀ, ਵਿੱਚ, ਵਿੱਚੋਂ, ਤੇ ... ੨੨੮—੨੩੨
ਯੋਜਕ ... ੨੩੨
ਵਿਸਮਿਕ ... ੨੩੩
ਅਧਿਆਹਾਰ ... ੨੩੩
ਵਾਕ-ਵੰਡ ... ੨੩੩
ਉਦੇਸ਼ ... ੨੩੪
ਉਦੇਸ਼ ਦਾ ਵਿਸਤਾਰ ... ੨੩੫
ਵਿਧੇਅ-ਪੂਰਕ, ਵਿਧੇਅ-ਵਿਸਤਾਰ ... ੨੩੬
ਸਾਧਾਰਣ ਵਾਕਾਂ ਦੀ ਵੰਡ ... ੨੩੭
ਮਿਸ਼ਰਿਤ ਵਾਕ ... ੨੩੯
ਨਾਂਵ-ਉਪਵਾਕ ... ੨੩੯
ਵਿਸ਼ੇਸ਼ਣ-ਉਪਵਾਕ ... ੨੪੦
ਮਿਸ਼ਰਿਤ ਵਾਕਾਂ ਦੀ ਵੰਡ ... ੨੪੧
ਸੰਯੁਕਤ ਵਾਕ ... ੨੪੩
ਸੰਕੁਚਿਤ ਵਾਕ ... ੨੪੩

Digitized by Panjab Digital Library | www.panjabdigilib.org

ਸੰਯੁਕਤ ਵਾਕਾਂ ਦੀ ਵੰਡ ... ੨੪੪

ਪ੍ਰਸ਼ਨ-ਵਾਚਕ ਵਾਕ ... ੨੪੬

ਵਾਕ-ਵਟਾਂਦਰਾ ... ੨੪੬

ਵਾਕ-ਜੋੜ ... ੨੪੭

ਵਿਰਾਮ-ਚਿੰਨ੍ਹ ... ੨੪੭

ਕਾਮਾ ... ੨੪੮

ਬਿੰਦੀ ਵਾਲਾ ਕਾਮਾ ... ੨੪੯

ਕੋਲਨ ਜਾਂ ਦੁਬਿੰਦੀ ... ੨੪੯

ਡੰਡੀ, ਦੋਹਰੀ ਡੰਡੀ ... ੨੫੦

ਪ੍ਰਸ਼ਨ-ਚਿੰਨ੍ਹ ... ੨੫੦

ਵਿਸਮੀ ਚਿੰਨ੍ਹ ... ੨੫੧

ਡੈਸ਼ ... ੨੫੧

ਦੁਬਿੰਦੀ ਡੈਸ ... ੨੫੨

ਛੁਟ ਮਰੋੜੀ ... ੨੫੨

ਪੁੱਠੇ ਕਾਮੇ ... ੨੫੨

ਜੋੜਨੀ ... ੨੫੩

ਸੰਖੇਪ-ਚਿੰਨ੍ਹ ... ੨੫੩

ਹੋਰ ਚਿੰਨ੍ਹ ... ੨੫੪

ਪਾਰਿਭਾਸ਼ਿਕ ਸ਼ਬਦਾਂ ਦੀ ਸੂਚੀ ... ੨੫੫

ਪੰਜਾਬੀ-ਅੰਗ੍ਰੇਜ਼ੀ ਸੂਚੀ ... ੨੫੫

ਅੰਗ੍ਰੇਜ਼ੀ-ਪੰਜਾਬੀ ਸੂਚੀ ... ੨੬੧-੨੬੪


Digitized by Panjab Digital Library | www.panjabdigilib.org

# ਪੰਜਾਬੀ ਭਾਸ਼ਾ ਦਾ ਵਿਆਕਰਣ

## ਪੰਜਾਬੀ ਭਾਸ਼ਾ ਦਾ ਇਤਿਹਾਸ ਅਤੇ ਵਿਕਾਸ

### ਪੰਜਾਬੀ ਭਾਸ਼ਾ ਦਾ ਇਤਿਹਾਸ

### ਭਾਰਤ-ਯੂਰਪੀ

੧. ਪੰਜਾਬੀ ਵਰਤਮਾਨ ਭਾਰਤੀ ਆਰਯ-ਭਾਸ਼ਾਵਾਂ ਵਿੱਚੋਂ ਇਕ ਹੈ । ਇਨ੍ਹਾਂ ਸਭਨਾਂ ਦਾ ਸੰਬੰਧ ਉਸ ਭਾਸ਼ਾ-ਪਰਵਾਰ ਨਾਲ ਹੈ, ਜਿਸ ਨੂੰ ਆਰਯ ਜਾਂ ਭਾਰਤ-ਯੂਰਪੀ ਭਾਸ਼ਾ-ਪਰਵਾਰ ਆਖਦੇ ਹਨ । ਇਸ ਭਾਰਤ-ਯੂਰਪੀ ਦੇ ਬੋਲਣ ਵਾਲੇ ਅਸਾਮ ਤੋਂ ਲੈ ਕੇ ਆਈਸਲੈਂਡ ਤਕ ਫੈਲੇ ਹੋਏ ਹਨ । ਵਰਤਮਾਨ ਸਮੇਂ ਦੀਆਂ ਭਾਰਤੀ ਆਰਯ ਭਾਸ਼ਾਵਾਂ ਅਤੇ ਬਲੋਚੀ, ਪਸ਼ਤੋ, ਫ਼ਾਰਸੀ, ਯੂਨਾਨੀ, ਇਟਾਲੀਅਨ, ਜਰਮਨ, ਅੰਗ੍ਰੇਜ਼ੀ, ਰੂਸੀ ਆਦਿ ਏਸੇ ਪੁਰਾਣੀ ਭਾਰਤ-ਯੂਰਪੀ ਤੋਂ ਨਿਕਲੀਆਂ ਹਨ । ਇਸ ਮੁਢਲੀ ਆਰਯ ਭਾਸ਼ਾ ਦੀਆਂ ਦੋ ਸ਼ਾਖਾਂ ਹਨ—(੧) ਪੂਰਬੀ ਜਾਂ ਭਾਰਤ-ਈਰਾਨੀ ਅਤੇ (੨) ਪੱਛਮੀ ਜਾਂ ਯੂਰਪੀ ।

### ਭਾਰਤ-ਈਰਾਨੀ

੨. ਪੂਰਬੀ ਜਾਂ ਭਾਰਤ-ਈਰਾਨੀ ਦੀਆਂ ਵੀ ਦੋ ਸ਼ਾਖਾਂ ਹਨ – ਭਾਰਤੀ ਅਤੇ ਈਰਾਨੀ । ਭਾਰਤੀ ਸ਼ਾਖ ਤੋਂ ਵੈਦਿਕ, ਸੰਸਕ੍ਰਿਤ, ਪ੍ਰਾਕ੍ਰਿਤ, ਅਪਭ੍ਰੰਸ਼ ਅਤੇ ਵਰਤਮਾਨ ਭਾਰਤੀ ਆਰਯ ਭਾਸ਼ਾਵਾਂ ਨਿਕਲੀਆਂ ਹਨ । ਈਰਾਨੀ ਸ਼ਾਖ ਤੋਂ ਜ਼ੋਂਦ ਜਾਂ ਅਵੇਸਤਾ ਦੀ ਭਾਸ਼ਾ ਅਤੇ ਪੁਰਾਣੇ ਸਮੇਂ ਦੀ, ਵਿਚਲੇ ਸਮੇਂ ਦੀ ਅਤੇ ਵਰਤਮਾਨ ਸਮੇਂ ਦੀ ਫ਼ਾਰਸੀ ਅਤੇ ਬਲੋਚੀ ਤੇ ਪਸ਼ਤੋ ਨਿਕਲੀਆਂ ਹਨ ।

ਉੱਪਰ ਜੋ ਕੁਝ ਕਿਹਾ ਗਿਆ ਹੈ ਉਸ ਦਾ ਮਤਲਬ ਇਹ ਹੈ ਕਿ ਯੂਰਪ, ਈਰਾਨ ਅਤੇ ਭਾਰਤ ਦੇ ਆਰੀਆਂ ਦਾ ਇਕ ਦੂਜੇ ਨਾਲ ਬਹੁਤ ਨੇੜੇ ਦਾ ਸੰਬੰਧ ਹੈ । ਉਨ੍ਹਾਂ ਦੀਆਂ ਭਾਸ਼ਾਵਾਂ ਵਿਚ ਜੋ ਮੇਲ ਦਿਸਦਾ ਹੈ, ਉਸ ਤੋਂ ਸਿੱਧ ਹੁੰਦਾ ਹੈ ਕਿ ਉਨ੍ਹਾਂ ਸਭਨਾਂ ਦੇ ਵਡੇ-ਵਡੇਰੇ ਕਦੇ ਪੁਰਾਣੇ ਸਮੇਂ ਵਿਚ ਕਿਤੇ ਇਕੱਠੇ ਰਹਿੰਦੇ ਸਨ ਅਤੇ ਇਕੋ ਭਾਸ਼ਾ ਬੋਲਦੇ ਸਨ । ਕਦ ਅਤੇ ਕਿੱਥੇ ? ਇਸ ਵਿਸ਼ੇ ਉਪਰ ਵਿਦਵਾਨਾਂ ਦਾ ਮਤ-ਭੇਦ ਹੈ ।

### ਭਾਰਤੀ ਆਰਯ ਭਾਸ਼ਾ

੩. ਭਾਰਤੀ ਆਰਯ ਭਾਸ਼ਾ ਵੀ ਸਮੇਂ ਦੇ ਗੇੜ ਨਾਲ ਨਵੀਆਂ ਨਵੀਆਂ ਬੋਲੀਆਂ ਦਾ ਰੂਪ ਧਾਰਨ ਕਰਦੀ ਰਹੀ ਹੈ । ਭਾਸ਼ਾ ਦੀਆਂ ਧੁਨੀਆਂ ਹੀ ਨਹੀਂ, ਉਸ

Digitized by Panjab Digital Library | www.panjabdigilib.org

ਦੇ ਰੂਪ ਅਤੇ ਵਾਕ ਬਣਾਉਣ ਦੇ ਢੰਗ ਅਤੇ ਸ਼ਬਦਾਂ ਦੇ ਅਰਥ ਵੀ ਬਦਲਦੇ ਰਹੇ ਹਨ। ਵਿਕਾਸ ਦਾ ਖਿਆਲ ਕਰਕੇ ਇਸ ਭਾਰਤੀ ਆਰਯ--ਭਾਸ਼ਾ ਦੇ ਤਿੰਨ ਕਾਲ ਮੰਨੇ ਜਾਂਦੇ ਹਨ :—

(੧) ਆਰੰਭ ਦਾ ਜਾਂ ਮੁਢਲਾ ਕਾਲ :—(ਵਿ੦ ਪੂ੦ ੧੫੦੦—ਵਿ੦ ਪੂ੦ ੫੦੦)। ਇਸ ਸਮੇਂ ਦੀ ਸਭ ਤੋਂ ਪ੍ਰਸਿੱਧ ਅਤੇ ਉੱਤਮ ਕਿਰਤ ਵੇਦ ਹਨ। ਵੇਦਾਂ ਦੀ ਭਾਸ਼ਾ ਸਾਹਿਤਕ ਹੈ ਅਤੇ ਇਸ ਵਿਚ ਰੂਪਾਂ ਦੀ ਭਰਮਾਰ ਹੈ।

(੨) ਮੱਧ ਕਾਲ :—(ਵਿ੦ ਪੂ੦ ੫੦੦—ਵਿ੦ ਸੰ੦ ੧੦੦੦) ਇਹ ਲੌਕਿਕ ਸੰਸਕ੍ਰਿਤ ਦਾ, ਅਸ਼ੋਕ ਦੀ ਧਰਮ-ਲਿਪੀਆਂ ਦੀ ਭਾਸ਼ਾ ਦਾ, ਪਾਲੀ, ਪ੍ਰਾਕ੍ਰਿਤ ਅਤੇ ਅਪਭ੍ਰੰਸ਼ਾਂ ਦਾ ਸਮਾਂ ਹੈ। ਇਸ ਸਮੇਂ ਸਾਡੀ ਆਰਯ ਭਾਸ਼ਾ ਦੂਜੀ ਅਵਸਥਾ ਵਿਚ ਆ ਗਈ ਅਤੇ ਰੂਪਾਂ ਦੀ ਗਿਣਤੀ ਘਟ ਗਈ। ਇਸ ਕਾਲ ਨੂੰ ਫੇਰ ਤਿੰਨਾਂ ਹਿੱਸਿਆਂ ਵਿਚ ਵੰਡਿਆ ਜਾਂਦਾ ਹੈ :—

੧. ਸ਼ਿਲਾ-ਲੇਖਾਂ ਦੀ ਭਾਸ਼ਾ ਦਾ ਕਾਲ, ੨. ਨਾਟਕਾਂ ਦੀਆਂ ਪ੍ਰਾਕ੍ਰਿਤਾਂ ਦਾ ਸਮਾਂ ਅਤੇ, ੩. ਅਪਭ੍ਰੰਸ਼ਾਂ ਦਾ ਕਾਲ।

(੩) ਵਰਤਮਾਨ ਕਾਲ :—ਇਹ ਲਗਭਗ ੧੦੦੦ ਵਿ੦ ਸੰ੦ ਤੋਂ ਆਰੰਭ ਹੁੰਦਾ ਹੈ। ਇਸ ਵਿਚ ਪੰਜਾਬੀ, ਹਿੰਦੀ, ਉੜੀਆ, ਮਰਾਠੀ, ਗੁਜਰਾਤੀ, ਸਿੰਧੀ, ਬੰਗਾਲੀ, ਆਦਿ ਵਰਤਮਾਨ ਭਾਸ਼ਾਵਾਂ ਦਾ ਜਨਮ ਅਤੇ ਵਿਕਾਸ ਹੋਇਆ ਹੈ। ਭਾਰਤੀ ਆਰਯ ਭਾਸ਼ਾ ਦੀ ਇਹ ਤੀਜੀ ਅਵਸਥਾ ਹੈ।

## ਵੈਦਿਕ ਭਾਸ਼ਾ

੪. ਭਾਰਤੀ ਆਰਯ ਭਾਸ਼ਾ ਦਾ ਸਭ ਤੋਂ ਪੁਰਾਣਾ ਰੂਪ ਰਿਗਵੇਦ ਵਿਚ ਮਿਲਦਾ ਹੈ। ਵੈਦਿਕ ਭਾਸ਼ਾ ਭਾਰਤੀ ਆਰੀਆਂ ਦੀ ਸਾਹਿਤਿਕ ਭਾਸ਼ਾ ਸੀ। ਉਸ ਸਮੇਂ ਆਰਯ ਲੋਕਾਂ ਦੀ ਬੋਲਚਾਲ ਦੀਆਂ ਹੋਰ ਭਾਸ਼ਾਵਾਂ ਵੀ ਸਨ ਅਤੇ ਉਹ ਵੈਦਿਕ ਭਾਸ਼ਾ ਨਾਲ ਬਹੁਤ ਮਿਲਦੀਆਂ ਸਨ। ੧੫੦੦ ਵਿ੦ ਪੂ੦ ਤਕ ਵੈਦਿਕ ਕਾਲ ਸਮਝਿਆ ਜਾਂਦਾ ਹੈ।

## ਸੰਸਕ੍ਰਿਤ

੫. ਵੈਦਿਕ ਕਾਲ ਦੀਆਂ ਆਮ ਲੋਕਾਂ ਦੀਆਂ ਭਾਸ਼ਾਵਾਂ ਤੋਂ ਹੀ ਪ੍ਰਾਕ੍ਰਿਤਾਂ ਦਾ ਜਨਮ ਹੋਇਆ। ਇਨ੍ਹਾਂ ਹੀ ਪ੍ਰਾਕ੍ਰਿਤਾਂ ਵਿਚੋਂ ਇਕ ਮੱਧ ਦੇਸ ਦੀ ਪ੍ਰਾਕ੍ਰਿਤ ਸੀ ਜਿਹੜੀ ਸਾਹਿੱਤ ਲਈ ਵਰਤੀ ਜਾਣ ਲੱਗੀ। ਪਾਣਿਨੀ ਦੇ ਵੇਲੇ ਇਹ ਜੀਉਂਦੀ ਜਾਗਦੀ ਬੋਲੀ ਸੀ ਅਤੇ ਏਸੇ ਲਈ ਅਸ਼ਟਾਧਿਆਈ ਵਿਚ ਇਸ ਨੂੰ 'ਭਾਸ਼ਾ' ਕਿਹਾ ਗਿਆ ਹੈ [ਪੂਰ੍ਵੰ ਤੁ ਭਾਸ਼ਾਯਾਮ੍', ੮. ੨. ੯੮ ]। ਨਿਯਮਾਂ ਨਾਲ ਬਝ ਜਾਣ ਕਰਕੇ ਅਤੇ ਸੋਧੀ ਤੇ ਸੁਧਾਰੀ ਜਾਣ ਕਰਕੇ ਇਹ 'ਸੰਸਕ੍ਰਿਤ' ਕਹੀ ਜਾਣ ਲੱਗੀ। ਪਾਣਿਨੀ

Digitized by Panjab Digital Library | www.panjabdigilib.org

ਦੀ ਅਸ਼ਟਾਧਿਆਈ ਜੋ ਬਹੁਤ ਹੀ ਵਿਗਿਆਨਿਕ ਅਤੇ ਆਦਰਸ਼ ਵਿਆਕਰਣ ਹੈ, ਸੰਸਕ੍ਰਿਤ ਦਾ ਇਕ ਅਮੋਲਕ ਰਤਨ ਹੈ।

ਪਾਣਿਨੀ ਦੇ ਸਮੇਂ ਦੇ ਪਿੱਛੋਂ ਛੇਤੀ ਹੀ ਸੰਸਕ੍ਰਿਤ ਵਿਦਵਾਨਾਂ ਦੀ, ਧਰਮ ਗ੍ਰੰਥਾਂ ਦੀ ਅਤੇ ਦੂਜੇ ਸਾਹਿੱਤ ਦੀ ਭਾਸ਼ਾ ਬਣ ਗਈ।

ਸੰਸਕ੍ਰਿਤ ਜਿਹੀ ਪੁਰਾਣੀ ਅਤੇ ਬਹੁਤ ਲੰਮੀ ਉਮਰ ਵਾਲੀ ਦੂਜੀ ਭਾਸ਼ਾ ਇਸ ਧਰਤੀ ਉਪਰ ਨਹੀਂ ਦਿਸਦੀ। ਵਿਦਵਾਨਾਂ ਤੋਂ ਇਹ ਗੱਲ ਗੁੱਝੀ ਨਹੀਂ ਕਿ ਇਸ ਵਿੱਚ ਕੋਈ ਢਾਈ ਹਜ਼ਾਰ ਵਰ੍ਹੇ ਗ੍ਰੰਥਾਂ ਦੀ ਰਚਨਾ ਹੁੰਦੀ ਰਹੀ ਹੈ। ਇਸ ਦਾ ਸਾਹਿੱਤ ਉੱਚਾ, ਸੁੱਚਾ, ਬਹੁਮੁੱਲਾ, ਕਈ ਭਾਂਤਾਂ ਦਾ ਅਤੇ ਬਹੁਤ ਚੋਖਾ ਹੈ। ਇਸ ਦਾ ਸ਼ਬਦ-ਭੰਡਾਰ ਅਪਾਰ ਅਤੇ ਅਨੂਪਮ ਹੈ। ਇਸੇ ਕਾਰਨ ਸੰਸਕ੍ਰਿਤ ਦਾ ਪ੍ਰਭਾਵ ਪੁਰਾਣੇ ਸਮੇਂ ਤੋਂ ਲੈ ਕੇ ਅਜ ਤਕ ਭਾਰਤੀ ਭਾਸ਼ਾਵਾਂ ਅਤੇ ਸਾਹਿੱਤਾਂ ਉਪਰ ਬਰਾਬਰ ਪੈਂਦਾ ਚਲਿਆ ਆਇਆ ਹੈ, ਇਥੋਂ ਤਕ ਕਿ ਦੱਖਣ ਦੀਆਂ ਦ੍ਰਾਵਿੜ ਭਾਸ਼ਾਵਾਂ ਵੀ ਸੰਸਕ੍ਰਿਤ ਸ਼ਬਦਾਂ ਨਾਲ ਭਰੀਆਂ ਪਈਆਂ ਹਨ ਅਤੇ ਉਨ੍ਹਾਂ ਦੇ ਸਾਹਿੱਤਾਂ ਉਪਰ ਵੀ ਸੰਸਕ੍ਰਿਤ ਸਾਹਿੱਤ ਦਾ ਚੋਖਾ ਪ੍ਰਭਾਵ ਪਿਆ ਦਿਸਦਾ ਹੈ। ਜਿਵੇਂ ਪ੍ਰਾਕ੍ਰਿਤ ਆਪਣੀਆਂ ਲੋੜਾਂ ਪੂਰੀਆਂ ਕਰਨ ਲਈ ਸੰਸਕ੍ਰਿਤ ਤੋਂ ਸ਼ਬਦ ਲੈਂਦੀ ਰਹੀ, ਤਿਵੇਂ ਪੰਜਾਬੀ ਭਾਸ਼ਾ ਵੀ ਆਪਣੇ ਜਨਮ-ਕਾਲ ਤੋਂ ਹੀ ਸੰਸਕ੍ਰਿਤ ਦੇ ਸ਼ਬਦ ਵਰਤਦੀ ਰਹੀ ਹੈ। ਅਜਕਲ ਤਾਂ ਭਾਰਤ ਦੀਆਂ ਸਭ ਆਰਯ ਭਾਸ਼ਾਵਾਂ ਸੰਸਕ੍ਰਿਤ ਤੋਂ ਹੋਰ ਵੀ ਵੱਧ ਮਦਦ ਲੈ ਰਹੀਆਂ ਹਨ; ਸਭਨਾਂ ਵਿੱਚ ਪਾਰਿਭਾਸ਼ਿਕ ਸ਼ਬਦ ਬਹੁਤ ਕਰ ਕੇ ਸੰਸਕ੍ਰਿਤ ਦੇ ਹੀ ਲਏ ਜਾ ਰਹੇ ਹਨ। ਹੋਰ ਵੀ ਅਨੇਕ ਸਾਧਾਰਨ ਸੰਸਕ੍ਰਿਤ ਸ਼ਬਦ ਵਰਤੋਂ ਵਿੱਚ ਆਉਣ ਲੱਗ ਪਏ ਹਨ। ਸੁਤੰਤ੍ਰਤਾ ਤੋਂ ਪਿੱਛੋਂ ਇਹ ਗੱਲ ਹੋਣੀ ਸੁਭਾਵਕ ਹੈ।

## ਸਾਹਿਤਿੱਕ ਭਾਸ਼ਾ ਅਤੇ ਜਨਤਾ ਦੀ ਬੋਲੀ

੬. ਇਹ ਗੱਲ ਚੇਤੇ ਰਖਣੀ ਚਾਹੀਦੀ ਹੈ ਕਿ ਸਾਹਿੱਤਿਕ ਭਾਸ਼ਾ ਨਿਯਮਾਂ ਨਾਲ ਬੱਝੀ ਹੁੰਦੀ ਹੈ; ਇਸ ਕਰਕੇ ਇਸ ਦਾ ਵਿਕਾਸ ਰੁਕ ਜਾਂਦਾ ਹੈ; ਪਰ ਜਨਤਾ ਦੀ ਬੋਲੀ ਸਜੀਵ ਹੁੰਦੀ ਹੈ, ਸਦਾ ਵਿਕਸਦੀ ਰਹਿੰਦੀ ਹੈ ਅਤੇ ਬਦਲਦੀ ਰਹਿੰਦੀ ਹੈ।

## ਪ੍ਰਾਕ੍ਰਿਤ ਦੀਆਂ ਵਿਸ਼ੇਸ਼ਤਾਵਾਂ

੭. ਪ੍ਰਾਕ੍ਰਿਤਾਂ ਦਾ ਸਮਾਂ ਭਾਸ਼ਾ ਦੇ ਬਦਲਣ ਦਾ ਸਮਾਂ ਸੀ। ਇਸ ਵੇਲੇ ਭਿੰਨ ਸੰਯੁਕਤ ਵਿਅੰਜਨਾਂ ਦੀ ਥਾਂ ਸਮਾਨ ਵਿਅੰਜਨਾਂ ਨੇ ਲੈ ਲਈ; ਜਿਵੇਂ :—सं० कर्म [ਕਰ੍ਮ] > प्रा० कम्म [ਕਮ੍ਮ]; सं० पुत्रः [ਪੁਤ੍ਰਃ] > प्रा० पुत्तो [ਪੁੱਤੋ]; सं० अद्य [ਅਦ੍ਯ] > प्रा० अज्ज [ਅੱਜ]; सं० सत्य [ਸਤ੍ਯ] > प्रा० सच्च [ਸੱਚ]। ਪ੍ਰਾਕ੍ਰਿਤ-ਕਾਲ ਵਿੱਚ ਨਾਂਵ ਅਤੇ ਕ੍ਰਿਆ ਦੇ ਰੂਪ ਹੌਲੀ ੨ ਘਟਦੇ ਗਏ ਅਤੇ ਵਿਆਕਰਣ ਵਧੇਰੇ ਸਰਲ ਅਤੇ ਸੁਖਾਲਾ ਹੁੰਦਾ ਗਿਆ।

Digitized by Panjab Digital Library | www.panjabdigilib.org

## ਪ੍ਰਾਕ੍ਰਿਤਾਂ

੮. ਪ੍ਰਾਕ੍ਰਿਤ-ਵਿਆਕਰਣਾਂ ਵਿੱਚ ਪਾਲੀ, ਗਾਥਾ-ਭਾਸ਼ਾ, ਮਹਾਰਾਸ਼ਟ੍ਰੀ, ਸ਼ੌਰਸੇਨੀ ਮਾਗਧੀ, ਅਰਧਮਾਗਧੀ, ਪੈਸ਼ਾਚੀ ਆਦਿ ਕਈਆਂ ਪ੍ਰਾਕ੍ਰਿਤਾਂ ਦਾ ਵਰਨਣ ਕੀਤਾ ਗਿਆ ਹੈ; ਪਰ ਇਨ੍ਹਾਂ ਵਿੱਚੋਂ ਹੇਠ ਲਿਖੀਆਂ ਹੀ ਪ੍ਰਸਿੱਧ ਹਨ ਅਤੇ ਉਨ੍ਹਾਂ ਦੀ ਹੀ ਜਾਣਕਾਰੀ ਕਰਾਈ ਜਾਂਦੀ ਹੈ ।

(ਕ) ਪਾਲੀ—ਪ੍ਰਾਕ੍ਰਿਤ ਦਾ ਸਭ ਤੋਂ ਪੁਰਾਣਾ ਰੂਪ ਪਾਲੀ ਹੈ । ਬੌਧਾਂ ਦੇ ਧਰਮ-ਗ੍ਰੰਥ ਅਤੇ ਅਸ਼ੋਕ ਦੇ ਸ਼ਿਲਾਲੇਖ ਇਸ ਹੀ ਭਾਸ਼ਾ ਵਿਚ ਹਨ । ਡਾ. ਵਿੰਟਰ ਨਿਟਜ਼ ਦੇ ਮਤ ਅਨੁਸਾਰ ਉਜੈਨ ਦੀ ਭਾਸ਼ਾ ਹੀ ਪਾਲੀ ਦਾ ਆਧਾਰ ਸੀ । ਪਾਲੀ ਸਾਹਿਤਿੱਕ ਭਾਸ਼ਾ ਸੀ ਅਤੇ ਇਸ ਕਰਕੇ ਇਹ ਇਕ-ਜਿਨਸੀ ਭਾਸ਼ਾ ਨਹੀਂ ਰਹੀ ਸੀ—ਇਸ ਵਿਚ ਹੋਰਨਾਂ ਭਾਸ਼ਾਵਾਂ ਦੇ ਸ਼ਬਦ ਅਤੇ ਰੂਪ ਮਿਲ ਗਏ ਸਨ ।

(ਖ) ਅਰਧਮਾਗਧੀ—ਇਸ ਵਿਚ ਜੈਨੀਆਂ ਦੇ ਪੁਰਾਣੇ ਗ੍ਰੰਥ ਰਚੇ ਗਏ ਹਨ ।

(ਗ) ਸ਼ੌਰਸੇਨੀ—ਇਹ ਵ੍ਰਜ ਮੰਡਲ ਦੀ ਪ੍ਰਾਕ੍ਰਿਤ ਸੀ । ਅਸ਼੍ਵ ਘੋਸ਼, ਭਾਸ ਅਤੇ ਕਾਲੀਦਾਸ ਦੇ ਨਾਟਕਾਂ ਵਿਚ ਇਹ ਵਰਤੀ ਗਈ ਹੈ । ਇੱਸ ਪ੍ਰਾਕ੍ਰਿਤ ਨੇ ਪਹਿਲਾਂ ਸ਼ੌਰਸੇਨੀ ਅਪਭ੍ਰੰਸ਼ ਦਾ ਅਤੇ ਫੇਰ ਸਮਾਂ ਪਾ ਕੇ ਪੱਛਮੀ ਹਿੰਦੀ ਅਤੇ ਪੂਰਬੀ ਪੰਜਾਬੀ ਦਾ ਰੂਪ ਧਾਰਨ ਕੀਤਾ ।

(ਘ) ਮਹਾਰਾਸ਼ਟ੍ਰੀ—ਸੰਸਕ੍ਰਿਤ ਨਾਟਕਾਂ ਵਿਚ ਗੀਤਾਂ ਲਈ ਮਹਾਰਾਸ਼ਟ੍ਰੀ ਵਰਤੀ ਗਈ ਹੈ । ਹਾਲ ਦੀ 'सत्तसई' [ਸੱਤਸਈ] ਅਤੇ ਦੂਜੇ ਪ੍ਰਵਰਸੇਨ ਦਾ 'रावण वह' [ਰਾਵਣ ਵਹ] ਆਦਿ ਕਾਵਿ ਇਸੇ ਪ੍ਰਾਕ੍ਰਿਤ ਵਿਚ ਰਚੇ ਗਏ ਸਨ ।

ਡਾ. ਮਨਮੋਹਨ ਘੋਸ਼ ਦੇ ਮਤ ਅਨੁਸਾਰ ਮਹਾਰਾਸ਼ਟ੍ਰੀ ਪ੍ਰਾਕ੍ਰਿਤ ਦਾ ਮਹਾਰਾਸ਼ਟ੍ਰ ਦੇਸ ਨਾਲ ਕੋਈ ਸੰਬੰਧ ਨਹੀਂ । ਉਨ੍ਹਾਂ ਦੇ ਅਨੁਸਾਰ ਸ਼ੌਰਸੇਨੀ ਪ੍ਰਾਕ੍ਰਿਤ ਦੇ ਵਿਕਸਿਤ ਰੂਪ ਦਾ ਹੀ ਨਾਂ ਮਹਾਰਾਸ਼ਟ੍ਰੀ ਸੀ । ਦੂਜਿਆਂ ਸ਼ਬਦਾਂ ਵਿਚ ਸ਼ੌਰਸੇਨੀ ਪ੍ਰਾਕ੍ਰਿਤ ਅਤੇ ਸ਼ੌਰਸੇਨੀ ਅਪਭ੍ਰੰਸ਼ ਦੀ ਵਿਚਲੀ ਅਵਸਥਾ ਨੂੰ ਹੀ ਮਹਾਰਾਸ਼ਟ੍ਰੀ ਕਹਿੰਦੇ ਹਨ ।

## ਅਪਭ੍ਰੰਸ਼

੯. ਪ੍ਰਾਕ੍ਰਿਤ ਕਾਲ ਦੀ ਭਾਸ਼ਾ ਦੇ ਅਖੀਰਲੇ ਰੂਪ ਨੂੰ ਹੀ ਅਪਭ੍ਰੰਸ਼ ਆਖਦੇ ਹਨ । ਦੂਜਿਆਂ ਸ਼ਬਦਾਂ ਵਿਚ ਪ੍ਰਾਕ੍ਰਿਤ ਅਤੇ ਵਰਤਮਾਨ ਭਾਰਤੀ ਆਰਯ ਭਾਸ਼ਾਵਾਂ ਦੀ ਵਿਚਲੀ ਅਵਸਥਾ ਨੂੰ ਹੀ ਅਪਭ੍ਰੰਸ਼ ਕਹਿੰਦੇ ਹਨ । ਸਾਹਿਤਿਕ ਪ੍ਰਾਕ੍ਰਿਤਾਂ ਦੇ ਨਾਲ ਨਾਲ ਬੋਲ-ਚਾਲ ਦੀਆਂ ਪ੍ਰਾਕ੍ਰਿਤਾਂ ਵੀ ਚਲਦੀਆਂ ਰਹੀਆਂ ਅਤੇ ਕੁਝ ਸਦੀਆਂ ਪਿੱਛੋਂ ਇਨ੍ਹਾਂ ਨੇ ਹੀ ਅਪਭ੍ਰੰਸ਼ਾਂ ਦਾ ਰੂਪ ਧਾਰ ਲਿਆ । ਇਨ੍ਹਾਂ ਦਾ ਸਮਾਂ ੩੦੦ ਈ. ਤੋਂ ੧੦੦੦ ਈ. ਤਕ ਸਮਝਿਆ ਜਾਂਦਾ ਹੈ ।

Digitized by Panjab Digital Library | www.panjabdigilib.org

## ਸਾਹਿੱਤਕ ਅਪਭ੍ਰੰਸ਼

੧੦. ੧੦੦੦ ਈ. ਦੇ ਆਲੇ-ਦੁਆਲੇ ਇਨ੍ਹਾਂ ਅਪਭ੍ਰੰਸ਼ਾਂ ਵਿਚੋਂ ਇਕ ਅਰਥਾਤ ਸ਼ੌਰਸੇਨੀ ਅਪਭ੍ਰੰਸ਼ ਗੁਜਰਾਤ ਅਤੇ ਪੰਜਾਬ ਤੋਂ ਲੈ ਕੇ ਬੰਗਾਲ ਤਕ ਸਾਰੇ ਆਰਯਾ-ਵਰਤ ਵਿਚ ਸਾਹਿੱਤ ਲਈ ਵਰਤੀ ਜਾਂਦੀ ਸੀ। ਦਸਵੀਂ ਸਦੀ ਵਿਚ ਰਿਆਸਤ ਹੈਦਰਾਬਾਦ ਦੇ ਵਸਨੀਕ ਮਹਾਕਵੀ ਪੁਸ਼ਪਦੰਤ ਨੇ "ਜੈਨ ਪੁਰਾਣ" ਏਸੇ ਹੀ ਸਾਹਿੱਤਕ ਅਪਭ੍ਰੰਸ਼ ਵਿਚ ਲਿਖਿਆ। ਅਸਾਮ ਦੇ ਮਹਾ ਸਿੱਧ ਸਰਹ ਨੇ 'ਦੋਹਾ-ਕੋਸ਼' ਏਸੇ ਹੀ ਵਿੱਚ ਬਣਾਇਆ। ਏਸੇ ਤਰ੍ਹਾਂ ਬੰਗਾਲ–ਨਿਵਾਸੀ ਕ੍ਰਿਸ਼ਣਪਾਦ ਨੇ ਵੀ ਏਸੇ ਹੀ ਅਪਭ੍ਰੰਸ਼ ਤੋਂ ਕੰਮ ਲਿਆ। ਇਨ੍ਹਾਂ ਗੱਲਾਂ ਤੋਂ ਸਿੱਧ ਹੁੰਦਾ ਹੈ ਕਿ ਸੰਸਕ੍ਰਿਤ ਵਾਂਗ ਅਪਭ੍ਰੰਸ਼ ਵੀ ਇਕ ਸਮੇਂ ਸਾਰੇ ਦੇਸ ਦੀ ਸਾਹਿੱਤਕ ਭਾਸ਼ਾ ਬਣ ਗਈ ਸੀ।

## ਪੰਜਾਬੀ ਦੀ ਉਤਪੱਤੀ

੧੧. ਇਉਂ ਜਾਪਦਾ ਹੈ ਕਿ ਪੰਜਾਬੀ, ਲਹਿੰਦੀ (ਕ), ਹਿੰਦੀ, ਸਿੰਧੀ, ਗੁਜਰਾਤੀ ਅਤੇ ਨੀਪਾਲੀ ਦੀਆਂ ਵਡੇਰੀਆਂ ਦਾ ਪਹਿਲੇ ਇੱਕੋ ਬੋਲੀ-ਸਮੂਹ ਸੀ। ਇਨ੍ਹਾਂ ਵਿਚੋਂ ਪੰਜਾਬੀ ਦਾ ਲਹਿੰਦੀ ਅਤੇ ਹਿੰਦੀ ਨਾਲ ਬਹੁਤ ਨੇੜੇ ਦਾ ਸੰਬੰਧ ਹੈ। ਪੰਜਾਬੀ ਪੱਛਮੀ ਅਪਭ੍ਰੰਸ਼ ਤੋਂ ਨਿਕਲੀ ਹੈ। ਇਸ ਨੂੰ ਸ਼ੌਰਸੇਨੀ ਅਪਭ੍ਰੰਸ਼ ਵੀ ਆਖਦੇ ਹਨ। ਇਹ ਪੰਜਾਬ, ਰਾਜਸਥਾਨ, ਗੁਜਰਾਤ ਆਦਿ ਪ੍ਰਾਂਤਾਂ ਦੀ ਸਾਹਿੱਤਿਕ ਭਾਸ਼ਾ ਸੀ (ਖ) ਅਤੇ ਇਸ ਉੱਪਰ ਰਾਜਸਥਾਨ, ਗੁਜਰਾਤ, ਪੰਜਾਬ ਅਤੇ ਕੋਸ਼ਲ ਦੀ ਅਪਭ੍ਰੰਸ਼ ਦਾ ਪ੍ਰਭਾਵ ਪਿਆ ਜਾਪਦਾ ਹੈ। ਸ਼ੌਰਸੇਨੀ ਅਪਭ੍ਰੰਸ਼ ਸ਼ੌਰਸੇਨੀ ਪ੍ਰਾਕ੍ਰਿਤ ਦੀ ਸੰਤਾਨ ਹੈ। ਪੰਜਾਬੀ ਦਾ ਸ਼ੌਰਸੇਨੀ ਅਪਭ੍ਰੰਸ਼ ਅਤੇ ਪ੍ਰਾਕ੍ਰਿਤ ਨਾਲ ਸੰਬੰਧ ਸਾਫ਼ ਦਿਸਦਾ ਹੈ, ਕਿਉਂਕਿ ਇਸ ਦੇ ਬਹੁਤ ਸਾਰੇ ਵਿਆਕਰਣਿਕ ਰੂਪ ਸ਼ੌਰਸੇਨੀ ਦੇ ਰੂਪਾਂ ਤੋਂ ਧੁਨੀ-ਵਟਾਂਦਰੇ ਦੇ ਨਿਯਮਾਂ ਅਨੁਸਾਰ ਵਿਅਕਸਿਤ ਹੋਏ ਦਿਸਦੇ ਹਨ।

੧੨. ਪੰਜਾਬ ਵਿੱਚ ਜਿੰਨਾ ਪੁਰਾਣਾ ਸਾਹਿੱਤ ਰਚਿਆ ਗਿਆ ਹੈ, ਉਸ ਦਾ ਥੋੜਾ ਭਾਗ ਹੀ ਪੁਰਾਣੀ ਪੰਜਾਬੀ ਵਿੱਚ ਹੈ, ਕਿਉਂਕਿ ਇਸ ਸਮੇਂ ਇਸ ਇਲਾਕੇ ਦੇ ਹਿੰਦੂ ਆਪਣਾ ਸਾਹਿੱਤ ਬ੍ਰਜ ਵਿੱਚ ਜਾਂ ਬ੍ਰਜ-ਮਿਲੀ ਪੰਜਾਬੀ ਵਿੱਚ ਰਚਦੇ ਸਨ।

ਸਭ ਤੋਂ ਪੁਰਾਣੀ ਰਚਨਾ ਸ਼ੇਖ ਫ਼ਰੀਦ ਦੇ ਸ਼ਲੋਕ ਹਨ ਜੋ ਲਹਿੰਦੀ ਵਿਚ ਰਚੇ ਗਏ। ਇਨ੍ਹਾਂ ਸ਼ਲੋਕਾਂ ਦੇ ਬਾਰੇ ਕਿਹਾ ਜਾਂਦਾ ਹੈ ਕਿ ਇਹ ਸਭ ਫ਼ਰੀਦ ਸ਼ਕਰਗੰਜ ਦੀ ਕਿਰਤ ਹਨ। ਪੂਰਬੀ ਪੰਜਾਬੀ ਵਿਚ ਸਭ ਤੋਂ ਪੁਰਾਣੀ ਕਿਰਤ ਗੁਰੂ ਨਾਨਕ ਦੇਵ ਜੀ [੧੪੬੯–੧੫੩੯ਈ.] ਦੀ ਬਾਣੀ ਹੈ। ਗੁਰਬਾਣੀ ਤੋਂ ਇਲਾਵਾ ਦਮੋਦਰ (ਅਕਬਰ ਦਾ

(ਕ) ਅਵਧੀ ਅਤੇ ਹਿੰਦੀ ਦੋ ਅੱਡ ਅੱਡ ਭਾਸ਼ਾਵਾਂ ਹਨ; ਪਰ ਹੁਣ ਅਵਧੀ ਸਾਹਿੱਤ ਹਿੰਦੀ ਸਾਹਿੱਤ ਦਾ ਭਾਗ ਬਣ ਗਿਆ ਹੈ। ਇਕੁਰ ਹੀ ਲਹਿੰਦੀ ਦਾ ਸਾਹਿੱਤ ਪੰਜਾਬੀ ਸਾਹਿੱਤ ਵਿੱਚ ਸ਼ਾਮਿਲ ਹੋ ਗਿਆ ਹੈ ਅਤੇ ਉਸ ਦਾ ਭਾਗ ਸਮਝਿਆ ਜਾਂਦਾ ਹੈ।

(ਖ) ਦੇਖੋ 'राजस्थानी भाषा' सुनीतिकुमार चाटुर्ज्या, पृष्ठ-६०।

Digitized by Panjab Digital Library | www.panjabdigilib.org

ਸਮਕਾਲੀ) ਦੀ ਹੀਰ ਅਤੇ ਸੂਫੀ ਕਵੀ ਸ਼ਾਹ ਹੁਸੈਨ (੧੫੩੮–੧੫੯੯ ਈ.) ਦੀ ਕਵਿਤਾ ਪੰਜਾਬੀ ਦੀਆਂ ਉਘੀਆਂ ਕਿਰਤਾਂ ਹਨ। ਭਗਤ ਕਵੀ ਭਾਈ ਗੁਰਦਾਸ ੧੫੫੮–੧੬੩੫ ਈ.) ਦੀਆਂ ਪ੍ਰਸਿੱਧ ਵਾਰਾਂ ਠੇਠ ਪੰਜਾਬੀ ਵਿਚ ਹਨ। ਗੁਰੂ ਗੋਬਿੰਦ ਸਿੰਘ (੧੬੬੬–੧੭੦੮ ਈ). ਦੀ ਵੀ ਕੁਝ ਕਵਿਤਾ ਪੰਜਾਬੀ ਵਿਚ ਰਚੀ ਮਿਲਦੀ ਹੈ। ਇਹ ਸਭ ਰਚਨਾਵਾਂ ਕਵਿਤਾ ਵਿਚ ਹਨ। ਵਾਰਤਕ ਵਿਚ 'ਪੁਰਾਤਨ ਜਨਮ ਸਾਖੀ' (ਜੋ ਸੋਲ੍ਹਵੀਂ ਸਦੀ ਈ. ਦੇ ਅੰਤ ਵਿਚ ਜਾਂ ਸਤਾਰ੍ਹਵੀਂ ਦੇ ਸ਼ੁਰੂ ਵਿਚ ਰਚੀ ਗਈ ਜਾਪਦੀ ਹੈ) ਹੀ ਪੁਰਾਨੀ ਪੂਰਬੀ ਪੰਜਾਬੀ ਦੀ ਕਿਰਤ ਹੈ। ਪੁਰਾਣੀ ਪੰਜਾਬੀ ਦਾ ਸਰੂਪ ਜਾਨਣ ਲਈ ਇਹ ਬਹੁਤ ਲਾਭਦਾਇਕ ਸਿੱਧ ਹੋ ਸਕਦੀ ਹੈ। ਸਾਧਾਰਣ ਤੌਰ ਤੇ ਕਿਹਾ ਜਾ ਸਕਦਾ ਹੈ ਕਿ ਪੁਰਾਣੀ ਪੰਜਾਬੀ ਅਪਭ੍ਰੰਸ਼ ਦੇ ਨੇੜੇ ਹੀ ਹੈ। ਇਸ ਉਪਰ ਫਾਰਸੀ–ਅਰਬੀ ਵਿਦੇਸ਼ੀ ਭਾਸ਼ਾਵਾਂ ਦਾ ਅਜੇ ਥੋੜਾ ਪ੍ਰਭਾਵ ਪਿਆ ਹੈ। ਅਪਭ੍ਰੰਸ਼ ਦੇ ਕਈ ਸ਼ਬਦ ਅਤੇ ਕੁਝ ਰੂਪ ਇਸ ਵਿਚ ਮਿਲਦੇ ਹਨ।

ਇਸ ਤੋਂ ਪਿੱਛੇ ਸੂਫੀ ਫਕੀਰਾਂ ਅਤੇ ਕਿੱਸੇਕਾਰਾਂ ਦੀਆਂ ਕਿਰਤਾਂ ਮਿਲਦੀਆਂ ਹਨ। ਮੁਕਬਿਲ ਦੀ 'ਹੀਰ', ਬੁਲ੍ਹੇ ਸ਼ਾਹ (੧੬੮੦-੧੭੫੩ ਈ.) ਦੀਆਂ ਕਾਫ਼ੀਆਂ ਅਤੇ ਵਾਰਸ ਸ਼ਾਹ (੧੭੩੭–੧੮੧੫ ਈ.) ਦੀ ਹੀਰ ਇਸ ਸਮੇਂ ਦੀਆਂ ਉੱਘੀਆਂ ਰਚਨਾਵਾਂ ਹਨ। ਹਾਸ਼ਮ, ਅਹਿਮਦਯਾਰ, ਅਮਾਮਬਖ਼ਸ਼, ਸ਼ਾਹਮੁਹੰਮਦ ਅਤੇ ਕਾਦਰਯਾਰ ਵੀ ਇਸੇ ਸਮੇਂ ਦੇ ਪ੍ਰਸਿਧ ਕਵੀ ਹਨ। ਫਾਰਸੀ–ਅਰਬੀ ਦਾ ਪ੍ਰਭਾਵ ਇਨ੍ਹਾਂ ਦੀਆਂ ਕਿਰਤਾਂ ਉਪਰ ਕੁਝ ਵਧੇਰੇ ਪਿਆ ਹੈ। ਇਸ ਵੇਲੇ ਦੀ ਪੰਜਾਬੀ ਅਪਭ੍ਰੰਸ਼ ਤੋਂ ਦੁਰੇਡੇ ਹੋ ਗਈ ਹੈ ਅਤੇ ਇਸ ਵਿਚੋਂ ਕੁਝ ਹੋਰ ਸ਼ੁਧ ਰੂਪ ਜਾਂਦੇ ਰਹੇ ਹਨ।

ਇਸ ਤੋਂ ਬਾਦ ਵਰਤਮਾਨ ਕਾਲ ਆਉਂਦਾ ਹੈ। ਇਸ ਵਿਗਿਆਨਕ ਯੁਗ ਵਿਚ ਛਾਪੇਖਾਨਿਆਂ, ਸਕੂਲਾਂ–ਕਾਲਜਾਂ, ਅਖਬਾਰਾਂ, ਰੇਡੀਓ ਆਦਿ ਕਰਕੇ ਹਰ ਇਕ ਭਾਸ਼ਾ ਨੂੰ ਵਧਣ ਦਾ ਅਵਸਰ ਮਿਲਿਆ ਹੈ ਅਤੇ ਸਾਹਿੱਤ ਦਾ ਘੇਰਾ ਬਹੁਤ ਫੈਲ ਗਿਆ ਹੈ। ਅਜਿਹੇ ਸਮੇਂ ਵਿੱਚ ਅਨੇਕਾਂ ਲੇਖਕਾਂ ਦਾ ਪੈਦਾ ਹੋਣਾ ਸੁਭਾਵਿਕ ਗੱਲ ਹੈ। ਏਥੇ ਉਨ੍ਹਾਂ ਵਿੱਚੋਂ ਕੁਝ ਦੇ ਨਾਂ ਦੱਸਣਾ ਹੀ ਕਾਫ਼ੀ ਹੈ : ਭਾ: ਵੀਰ ਸਿੰਘ, ਲਾ: ਧਨੀ ਰਾਮ ਚਾਤ੍ਰਿਕ, ਚਰਨ ਸਿੰਘ ਸ਼ਹੀਦ, ਪ੍ਰੋ: ਮੋਹਨ ਸਿੰਘ, ਪ੍ਰੋ: ਆਈ: ਸੀ: ਨੰਦਾ ਅਤੇ ਭਾ: ਨਾਨਕ ਸਿੰਘ ਆਦਿ ਪ੍ਰਸਿੱਧ ਲੇਖਕਾਂ ਨੇ ਪੰਜਾਬੀ ਸਾਹਿੱਤ ਦਾ ਦੋਤਰਫੋਂ ਵਾਧਾ ਕਰਨ ਦਾ ਜਤਨ ਕੀਤਾ ਹੈ। ਇਸ ਸਮੇਂ ਵਿਚ ਕਵਿਤਾ ਅਤੇ ਇਸ ਨਾਲੋਂ ਵੀ ਵੱਧ ਵਾਰਤਕ ਦਾ ਵਾਧਾ ਹੋਇਆ ਹੈ। ਭਾਸ਼ਾ ਉਪਰ ਫਾਰਸੀ-ਅਰਬੀ ਤੋਂ ਛੁਟ ਅੰਗ੍ਰੇਜ਼ੀ ਦਾ ਪ੍ਰਭਾਵ ਪਿਆ ਹੈ। ਸ਼ੁਧ ਰੂਪ ਕੁਝ ਹੋਰ ਘਟ ਗਏ ਹਨ। ਸੁਤੰਤਰਤਾ ਤੋਂ ਪਿੱਛੇ ਪੰਜਾਬੀ ਦੀ ਪਦਵੀ ਉੱਚੀ ਹੋ ਗਈ ਹੈ। ਭਾਰਤ ਦੀਆਂ ਪੁਰਾਣੀਆਂ ਅਤੇ ਨਵੀਆਂ ਆਰਯ ਭਾਸ਼ਾਵਾਂ ਇਕ ਦੂਜੇ ਉੱਪਰ ਪ੍ਰਭਾਵ ਪਾਉਣ ਲਗ ਪਈਆਂ ਹਨ। ਆਸ ਹੈ ਕਿ ਇਨ੍ਹਾਂ ਦਾ ਆਪਸ ਵਿਚ ਸ਼ਬਦਾਂ ਦਾ ਲੈਣ-ਦੇਣ ਵਧੇਰੇ ਹੁੰਦਾ ਚਲਾ ਜਾਏਗਾ।

Digitized by Panjab Digital Library | www.panjabdigilib.org

# ਪੰਜਾਬੀ ਭਾਸ਼ਾ ਦਾ ਸ਼ਬਦ-ਭੰਡਾਰ

੧੩. ਪੰਜਾਬੀ ਦੇ ਸ਼ਬਦ-ਭੰਡਾਰ ਵਿੱਚ ਤਿੰਨ ਪ੍ਰਕਾਰ ਦੇ ਸ਼ਬਦ ਮਿਲਦੇ ਹਨ—

੧. ਜੱਦੀ ਸ਼ਬਦ-ਭੰਡਾਰ ਅਰਥਾਤ ਉਹ ਸ਼ਬਦ ਜੋ ਇਸ ਨੂੰ ਜਨਮ ਤੋਂ ਵਿਰਸੇ ਵਿਚ ਮਿਲੇ ਹਨ।

੨. ਉਹ ਸ਼ਬਦ ਜੋ ਇਸ ਨੇ ਸੰਸਕ੍ਰਿਤ, ਹਿੰਦੀ, ਗੁਜਰਾਤੀ, ਆਦਿ ਆਪਣੀਆਂ ਭਾਸ਼ਾਵਾਂ ਤੋਂ ਲਏ ਹਨ, ਅਤੇ

੩. ਵਿਦੇਸ਼ੀ ਸ਼ਬਦ ਜੋ ਇਸ ਨੇ ਫ਼ਾਰਸੀ, ਅਰਬੀ, ਤੁਰਕੀ, ਅੰਗ੍ਰੇਜ਼ੀ, ਪੁਰਤਗੇਜ਼ੀ ਆਦਿ ਵਿਦੇਸ਼ੀ ਭਾਸ਼ਾਵਾਂ ਤੋਂ ਲਏ ਹਨ।

## ੧. ਪੰਜਾਬੀ ਦਾ ਜੱਦੀ ਸ਼ਬਦ-ਭੰਡਾਰ

ਹਰ ਇਕ ਭਾਸ਼ਾ ਦੀ ਵਿਸ਼ੇਸ਼ਤਾ ਉਸ ਦੇ ਜੱਦੀ ਸ਼ਬਦ ਅਤੇ ਰੂਪ ਹੀ ਹੁੰਦੇ ਹਨ। ਪੰਜਾਬੀ ਦਾ ਪੰਜਾਬੀ-ਪਣਾ ਹੀ ਪੁਰਾਣੇ ਚਲੇ ਆ ਰਹੇ ਸ਼ਬਦਾਂ ਅਤੇ ਰੂਪਾਂ ਦੇ ਕਾਰਣ ਹੈ। ਇਹ ਪੁਰਾਣੇ ਸ਼ਬਦ ਅਤੇ ਰੂਪ ਪੰਜਾਬੀ ਵਿਚ ਇਸ ਦੇ ਜਨਮ ਕਾਲ ਤੋਂ ਹੀ ਚਲੇ ਆ ਰਹੇ ਹਨ। ਇਹ ਜੱਦੀ ਮੁੜ੍ਹੀ ਇਸ ਨੂੰ ਪ੍ਰਾਕ੍ਰਿਤ ਤੋਂ ਮਿਲੀ ਹੈ ਅਤੇ ਪ੍ਰਾਕ੍ਰਿਤ ਨੂੰ ਮੁਢਲੀ ਭਾਰਤੀ ਆਰਯ ਭਾਸ਼ਾ ਤੋਂ।

ਪ੍ਰਾਕ੍ਰਿਤ ਵਿਚ ਚਾਰ ਪਰਕਾਰ ਦੇ ਸ਼ਬਦ ਮਿਲਦੇ ਹਨ—(ਕ) ਤਤਸਮ ਜੋ ਸੰਸਕ੍ਰਿਤ ਸ਼ਬਦਾਂ ਦੇ ਸਮਾਨ ਹਨ, (ਖ) ਤਦਭਵ ਜੋ ਵੈਦਿਕ ਭਾਸ਼ਾ ਜਾਂ ਸੰਸਕ੍ਰਿਤ ਦੇ ਸ਼ਬਦਾਂ ਦੇ ਬਦਲੇ ਹੋਏ ਰੂਪ ਹਨ, (ਗ) ਦੇਸੀ ਜਿਨ੍ਹਾਂ ਦੇ ਮੂਲ-ਮੁੱਢ ਦਾ ਪਤਾ ਨਹੀਂ ਲਗਦਾ, ਪਰ ਜੋ ਹਨ ਇਸੇ ਹੀ ਦੇਸ ਦੇ ਅਤੇ (ਘ) ਵਿਦੇਸ਼ੀ ਜੋ ਪੁਰਾਣੀ ਫ਼ਾਰਸੀ ਜਾਂ ਯੂਨਾਨੀ ਆਦਿ ਵਿਦੇਸ਼ੀ ਭਾਸ਼ਾਵਾਂ ਤੋਂ ਆਏ ਹਨ। ਇਨ੍ਹਾਂ ਦੇ ਉਦਾਹਰਣ ਹੇਠ ਦਿਤੇ ਜਾਂਦੇ ਹਨ—

(ਕ) ਤਤਸਮ, ਜਿਵੇਂ—सं० प्रा० कर (ਪੰ0 ਕਰ-ਪੈਰ), कोमल (ਪੰ0 ਕੂਲਾ), जल (ਪੰ0 ਜਲ ਆਦਿ)।

(ਖ) ਤਦਭਵ, ਜਿਵੇਂ—सं० शून्य-> प्रा०सुण्ण (> ਪੰ0 ਸੁੰਨਾ), सं० मुखम्>प्रा० मुंह (>ਪੰ0 ਮੂੰਹ), सं० मया>प्रा० मए (>ਪੰ0 ਮੈਂ), सं० पृच्छति>प्रा० पुच्छदि (>ਪੰ0 ਪੁੱਛੇ)।

(ਗ) ਦੇਸ਼ੀ ; ਜਿਵੇਂ – ਉਖਲੀ, ਘੇਰਾ।

(ਘ) ਵਿਦੇਸ਼ੀ ; ਜਿਵੇਂ - ਪਹਿਲਵੀ پوستک ਤੋਂ सं० पुस्तक— >ਪੰ0 ਪੋਥੀ।

ਯੂਨਾਨੀ δραχμη drakhme >सं० द्रम्म >ਪੰ0 ਦੰਮ, ਦੰਮ-ੜੀ, ਯੂਨਾਨੀ surigê> सं० सुरंगा>ਪੰ0 ਸੁਰੰਗ।

Digitized by Panjab Digital Library | www.panjabdigilib.org

ਪੰਜਾਬੀ ਦੇ ਜੱਦੀ ਸ਼ਬਦ-ਭੰਡਾਰ ਵਿੱਚ ਸਰੀਰ ਦੇ ਅੰਗਾਂ, ਰਿਸ਼ਤੇਦਾਰਾਂ, ਪਸ਼ੂਆਂ-ਪੰਛੀਆਂ ਅਤੇ ਰੋਜ ਕੰਮ ਆਉਣ ਵਾਲੀਆਂ ਵਸਤਾਂ ਦੇ ਨਾਂ ਤੇ ਹਨ ਹੀ, ਇਨ੍ਹਾਂ ਤੋਂ ਛੁੱਟ ਸੰਖਿਅਕ ਅਤੇ ਗੁਣਵਾਚਕ ਵਿਸ਼ਿਸ਼ਣ, ਸਰਬਨਾਂਵ, ਸਾਧਾਰਨ ਕ੍ਰਿਆਵਾਂ ਅਤੇ ਬਹੁਤੇ ਅੱਵੈ ਵੀ ਇਸ ਜੱਦੀ ਸ਼ਬਦ-ਭੰਡਾਰ ਦੇ ਅੰਗ ਹਨ। ਉਦਾਹਰਣ ਹੇਠ ਦਿੱਤੇ ਜਾਂਦੇ ਹਨ :—

## ਸਰੀਰ ਦੇ ਅੰਗ

| ਸੰ० | ਪੰ० | ਸੰ० | ਪੰ० |
|---|---|---|---|
| शिरस् | ਸਿਰ | मुख | ਮੂੰਹ |
| मस्तक | ਮੱਥਾ | जिह्वा | ਜੀਭ |
| अक्षि | ਅੱਖ | दन्त | ਦੰਦ |
| कर्ण | ਕੰਨ | बाहु | ਬਾਂਹ |
| | | हस्त | ਹੱਥ |

## ਰਿਸ਼ਤੇਦਾਰ

| | | | |
|---|---|---|---|
| माता | ਮਾਂ | तात- | ਤਾਇਆ |
| पिता | ਪਿਉ | श्वश्रू | ਸੱਸ |
| भगिनी | ਭੈਣ | श्वशुर- | ਸਹੁਰਾ |
| भ्राता | ਭ੍ਰਾ, ਭਾ | जामातृ- | ਜਵਾਈ |

## ਭੌਤਕ ਪਦਾਰਥ ਅਤੇ ਪਸ਼ੂ-ਪੰਛੀ

| | | | |
|---|---|---|---|
| भूमि | ਭੋਂ | लवण | ਲੂਣ |
| चन्द्र | ਚੰਦ | हस्ती- | ਹਾਥੀ |
| तारका | ਤਾਰਾ | सिंह | ਸ਼ੀਂਹ |
| सुवर्ण- | ਸੋਨਾ | उष्ट्र | ਊਠ |
| लोह- | ਲੋਹਾ | काक | ਕਾਂ |
| ताम्र- | ਤਾਮਾ | चटिका | ਚਿੜੀ |
| पानीय | ਪਾਣੀ | मयूर | ਮੋਰ |
| तैल | ਤੇਲ | | |

## ਰੋਜ਼ ਕੰਮ ਆਉਣ ਵਾਲੀਆਂ ਵਸਤਾਂ

| | | | |
|---|---|---|---|
| दुग्ध | ਦੁੱਧ | घट- | ਘੜਾ |
| दधि- | ਦਹੀ | मञ्च- | ਮੰਜਾ |
| भाण्ड- | ਭਾਂਡਾ | पीठ- | ਪੀੜ੍ਹਾ |
| कर्पट- | ਕਪੜਾ | | |

Digitized by Panjab Digital Library | www.panjabdigilib.org

### ਗੁਣ-ਵਿਸ਼ੇਸ਼ਣ

| | | | |
|---|---|---|---|
| काल- | ਕਾਲਾ | मिष्ट- | ਮਿੱਠਾ |
| पीत- | ਪੀਲਾ | कटु- | ਕੌੜਾ |

### ਸਰਬਨਾਂਵ

| | | | |
|---|---|---|---|
| यः | ਜੋ | एष | ਇਹ |
| येन | ਜਿਨ | तस्य, तस्मै | ਤਿਸ |
| केन | ਕਿਨ | किंचित् | ਕੁਝ |
| मया | ਮੈਂ | आत्मा | ਆਪ |

### ਅੱਵੈ

| | | | |
|---|---|---|---|
| उपरि | ਉੱਪਰ | तावत् | ਤਾਂ |
| अग्र-के | ਅੱਗੇ | पार्श्वे | ਪਾਸ |
| अधस्तात् | ਹੇਠਾਂ | विना | ਬਿਨ |
| अपि | ਵੀ | | |

## ੨. ਸੰਸਕ੍ਰਿਤ, ਹਿੰਦੀ ਆਦਿ ਆਪਣੀਆਂ ਭਾਸ਼ਾਵਾਂ ਤੋਂ ਲਏ ਸ਼ਬਦ

ਸੰਸਕ੍ਰਿਤ ਦਾ ਪੰਜਾਬੀ ਨਾਲ ਮਾਂ ਧੀ ਦੀ ਸੰਬੰਧ ਹੈ। ਪੰਜਾਬੀ ਵਿੱਚ ਹਰ ਸਮੇਂ ਇਸ ਦੇ ਸ਼ਬਦ ਲਏ ਜਾਂਦੇ ਰਹੇ ਹਨ ਅਤੇ ਹੁਣ ਵੀ ਲਏ ਜਾ ਰਹੇ ਹਨ। ਹਿੰਦੀ ਪੰਜਾਬੀ ਦੀ ਭੈਣ ਵੀ ਹੈ ਅਤੇ ਗੁਆਂਢਣ ਵੀ ; ਇਨ੍ਹਾਂ ਦਾ ਆਪੋ ਵਿੱਚ ਲੈਣ-ਦੇਣ ਸੁਭੌਕੀ ਹੈ। ਹੋਰਨਾਂ ਵਰਤਸਾਨ ਭਾਰਤੀ ਆਰਯ ਭਾਸ਼ਾਵਾਂ ਤੋਂ ਵੀ ਇੱਕੇ-ਦੁੱਕੇ ਸ਼ਬਦ ਲਏ ਹੀ ਜਾਂਦੇ ਹਨ। ਉਦਾਹਰਣ ਦੇ ਤੌਰ ਕੁਝ ਅਜਿਹੇ ਸ਼ਬਦ ਹੇਠ ਦਿਤੇ ਜਾ ਰਹੇ ਹਨ —

**ਸੰਸਕ੍ਰਿਤ ਦੇ** ; ਜਿਵੇਂ— ਚੁੰਬਕ, ਸ਼ਾਂਤ ਮਹਾਂ ਸਾਗਰ, ਉੱਤਰ, ਪ੍ਰਸਿੱਧ, ਵਿਸ਼ੇਸ਼ਣ, ਸਭਾ, ਮੰਡਲ, ਸੰਕੇਤ, ਰਾਜਦੂਤ, ਪਰਾਧੀਨ, ਪ੍ਰਬੰਧ, ਸੰਬੰਧ, ਤਾਪ, ਮਾਤਾ, ਪਿਤਾ ਆਦਿ।

**ਹਿੰਦੀ ਦੇ** ; ਜਿਵੇਂ—ਢੀਠ, ਜੀਭ, ਬਾਂਸਰੀ, ਬਾਂਸ, ਬਾਲਮ, ਮੂੰਗੀ, ਮੂੰਗਫਲੀ ਆਦਿ।

**ਬੰਗਾਲੀ ਦੇ** ; ਜਿਵੇਂ—ਬਾਬੂ।

Digitized by Panjab Digital Library | www.panjabdigilib.org

## ੩. ਵਿਦੇਸ਼ੀ ਭਾਸ਼ਾਵਾਂ ਦੇ ਸ਼ਬਦ

੧੧ ਵੀਂ ਸਦੀ ਤੋਂ ਲੈ ਕੇ ਲਗਭਗ ਸੱਤ ਸਦੀਆਂ ਪੰਜਾਬ ਮੁਸਲਮਾਨਾਂ ਦੇ ਅਧੀਨ ਰਿਹਾ। ਇਨ੍ਹਾਂ ਸਦੀਆਂ ਵਿੱਚ ਪੰਜਾਬੀ ਦਾ ਸ਼ਬਦ-ਭੰਡਾਰ ਬਹੁਤ ਬਦਲ ਗਿਆ। ਫ਼ਾਰਸੀ ਦੇ ਅਨੇਕ ਸ਼ਬਦ ਅਤੇ ਅਰਬੀ ਦੇ ਵੀ ਚੋਖੇ ਸ਼ਬਦ—ਕਈ ਸਿੱਧੇ ਅਤੇ ਕਈ ਫ਼ਾਰਸੀ ਦੀ ਰਾਹੀਂ—ਪੰਜਾਬੀ ਵਿਚ ਆ ਮਿਲੇ। ਮੁਸਲਮਾਨ ਬਾਦਸ਼ਾਹਾਂ ਵਿਚੋਂ ਕੁਝ ਤੁਰਕ ਵੀ ਸਨ। ਉਨ੍ਹਾਂ ਦੇ ਪ੍ਰਭਾਵ ਕਰਕੇ ਕੁਝ ਤੁਰਕੀ ਸ਼ਬਦ ਵੀ ਅਸਾਡੀਆਂ ਭਾਸ਼ਾਵਾਂ ਵਿੱਚ ਆ ਗਏ ਹਨ। ੧੮੩੯ ਵਿੱਚ ਪੰਜਾਬ ਉੱਪਰ ਅੰਗ੍ਰੇਜ਼ਾਂ ਦਾ ਰਾਜ ਹੋ ਗਿਆ ਅਤੇ ਅੰਗ੍ਰੇਜ਼ੀ ਦਾ ਪ੍ਰਚਾਰ ਹੋਣ ਲਗ ਪਿਆ, ਕਿਉਂਕਿ ਇਹ ਸਰਕਾਰੀ ਭਾਸ਼ਾ ਸੀ। ਅੰਗ੍ਰੇਜ਼ੀ ਦੇ ਵੀ ਅਣਗਿਣਤ ਸ਼ਬਦ ਪੰਜਾਬੀ ਵਿੱਚ ਲਏ ਗਏ ਹਨ। ਕੁਝ ਪੁਰਤਗੇਜ਼ੀ ਸ਼ਬਦ ਵੀ ਮਿਲਦੇ ਹਨ। ਹੋਰਨਾਂ ਵਿਦੇਸ਼ੀ ਭਾਸ਼ਾਵਾਂ ਦਾ ਕੋਈ ਵਿਰਲਾ ਸ਼ਬਦ ਹੀ ਮਿਲਦਾ ਹੈ। ਹੇਠ ਹਰ ਇਕ ਵਿਦੇਸ਼ੀ ਭਾਸ਼ਾ ਤੋਂ ਲਏ ਗਏ ਕੁਝ ਸ਼ਬਦ ਦੱਸੇ ਗਏ ਹਨ—

### (ਕ) ਫ਼ਾਰਸੀ ਸ਼ਬਦ :–

ਉਸਤਾਦ (اُستاد), ਅਸਮਾਨ (آسمان), ਸ਼ਾਗਿਰਦ (شاگرد), ਸਰਦਾਰ (سردار), ਸਰਦੀ (سردی), ਸ਼ਲਵਾਰ (شلوار). ਸਵਾਰ (سوار), ਸ਼ਾਹ (شاه), ਸਿਪਾਹੀ (سپاهي), ਸ਼ੀਸ਼ਾ (شیشه), ਸੁਰਮਾ (سرمه), ਸ਼ੇਰ (شیر), ਕੱਦੂ (کدو), ਕਬੂਤਰ (کبوتر), ਕਾਗਤ (کاغذ), ਖ਼ਰਬੂਜ਼ਾ (خربوزه), ਖੀਸਾ (کیسه), ਗਰਮੀ (گرمی), ਗੁਨਾਹ (گناه), ਜੰਗ (جنگ), ਜ਼ਮੀਨ (زمین), ਡੱਫ (دف), ਤਖ਼ਤ-ਪੋਸ਼ (تخت پوش), ਤੀਰ (تیر), ਦਫਤਰ (دفتر), ਦਰਗਾਹ (درگاه), ਦਰਜ਼ੀ (درزی), ਦਰਿਆ (دریا), ਦਲਾਨ (دالان), ਨਹਿਰ (نهر), ਨਗਾਰਾ (نقاره), ਨਮਾਜ (نماز), ਪਜਾਮਾ (پاجامه), ਪੰਜਾਬ (پنجاب), ਪੰਜਾਬੀ (پنجابی), ਬਗ਼ੀਚਾ (باغیچه), ਬਦਾਮ (بادام), ਬਰਫ਼ (برف), ਬਾਗ (باغ), ਬਾਂਗ (بانگ), ਬਾਜ਼ੀ (بازی), ਬਾਦਸ਼ਾਹ (بادشاه), ਬਿਮਾਰ (بیمار), ਬਿਮਾਰੀ (بیماری), ਮਖ਼ਮਲ (مخمل)।

### (ਖ) ਅਰਬੀ ਸ਼ਬਦ :—

ਅਤਲਸ (اطلس), ਅਤਾਰ (عطار), ਅਮੀਰ (امیر), ਇਹਾਤਾ (احاطه), ਇਮਾਨ (ایمان), ਸਬੂਨ (صابون), ਸਰਾਫ (صراف), ਸਵਾਲ (سوال), ਹਕੀਮ (حکیم), ਹਰਫ (حرف), ਹਲਵਾਣ (الوان), ਹਵਾ (هوا), ਹਾਕਮ (حاکم), ਹਿਸਾਬ (حساب), ਹੁਕਮ (حکم), ਹੈਜ਼ਾ (هیضه), ਕਮੀਜ਼ (قمیص), ਕਲਮ (قلم), ਕਿਤਾਬ (کتاب), ਖੁਰਸੀ (کرسی), ਜਵਾਬ (جواب), ਜ਼ਿਲਾ (ضلع), ਜ਼ੁਕਾਮ (زکام), ਤਸਵੀਰ (تصویر), ਤਸੀਲ (تحصیل), ਤੰਦੂਰ (تنور), ਤਬਲਾ (طبل), ਤਵੇਲਾ (طویله), ਥੋਮ (ثوم), ਦਵਾਤ (دوات), ਨਜੂਮ (نجوم),

Digitized by Panjab Digital Library | www.panjabdigilib.org

ਫਸਲ (فصل), ਫਕੀਰ (فقیر), ਫੌਜ (فوج), ਬਜ਼ਾਜ਼ (بزاز), ਬੰਦੂਕ (بندوق) ਬਲਗਮ (بلغم), ਮਸੀਤ (مسجد), ਮਹਿਕਮਾ (محکمہ), ਮਕਾਨ (مکان), ਮੰਜ਼ਲ (منزل), ਮੁਨਸਫ਼ (منصف), ਮੁਨਸ਼ੀ (منشی), ਵਕੀਲ (وکیل), ਵਜ਼ੀਫ਼ਾ (وظیفہ), ਵਜ਼ੀਰ (وزیر) ।

(ਗ) ਤੁਰਕੀ ਦੇ ਸ਼ਬਦ--

ਉਰਦੂ (اردو), ਸੁਗ਼ਾਤ (سوغات), ਕਲਗੀ (کلغی), ਕੈਂਚੀ (قینچی), ਕੁਲੀ (قلی), ਕੂਚ (کوچ), ਖਾਨ (خان), ਗ਼ਲੀਚਾ (غالیچہ), ਚਕਮਕ (چقمق) ਚਾਕੂ (چاقو), ਚਿਕ (چک), ਤਗਾਰੀ (تگار), ਤਮਗ਼ਾ (تمغہ), ਤੁਰਕ (ترک), ਤੋਪ (توپ), ਬਖਸ਼ੀ (بخشی), ਬਰੂਦ (بارود), ਬੀਬੀ (بی بی), ਬੁਚਕਾ (بقچہ) ਬੁਲਾਕ (بلاق), ਬੇਗਮ (بیگم), ਮੁਚਲਕਾ (مچلکہ) ।

(ਘ) ਅੰਗ੍ਰੇਜ਼ੀ ਦੇ ਸ਼ਬਦ--

ਅਜੰਟ (agent), ਅਪੀਲ (appeal), ਅਰਦਲੀ (orderly), ਇੰਜਨ (engine), ਸਕਿੰਟ (second), ਸਕੂਲ (school), ਸਲੇਟ (slate), ਸੋਡਾ (soda), ਹਾਕੀ (hockey), ਕੰਪਨੀ (company), ਕਲੱਟਰ (collector), ਕਾਟ (card), ਕਾਲਜ (college), ਕੁਨੈਨ (quinine), ਕੋਟ (coat), ਚਿਕ (cheque), ਜੱਜ (judge), ਟਮਾਟਰ (tomato), ਟਰੰਕ (trunk), ਟਿਕਟ (ticket), ਡਾਕਦਾਰ (doctor), ਡਿਗਰੀ (decree), ਨੋਟ (note), ਪਤਲੂਣ (pentaloon), ਪਲੇਗ (plague), ਪਿੰਸਲ (pencil), ਪਿਨਸ਼ਨ (pension), ਪੁਲਸ (police), ਫੀਸ (fees), ਫੁਟ (foot), ਬੁਰਸ਼ (brush), ਬੂਟ (boot), ਮਨੀਟਰ (monitor), ਮਾਸਟਰ (master), ਮਿੰਟ (minute), ਮਿੰਬਰ (member), ਮੈਚ (match), ਰਜਿਸਟਰ (register), ਰਪਟ (report), ਰੇਲ (rail), ਲਸੈਂਸ (license), ਲਾਟ (lord ) ।

(ਙ) ਪੁਰਤਗੇਜ਼ੀ ਦੇ ਸ਼ਬਦ--

ਅਸਪਾਤ (espada), ਅਲਮਾਰੀ (armário), ਇਸਤਰੀ (esti r àr) ਗਿਰਜਾ (igréja), ਪਾਦਰੀ (padre), ਪੀਪਾ (pipa), ਫੀਤਾ (fita), ਬਿਆਮ (boyõ), ਬੋਤਲ (botelha), ਲਲਾਮ (leilão), ਵਰਮਾ (verruma) ।

Digitized by Panjab Digital Library | www.panjabdigilib.org

(ਚ) ਇਕੇ ਦੁਕੇ ਸ਼ਬਦ ਜੋ ਅੰਗ੍ਰੇਜ਼ੀ ਦੀ ਰਾਹ ਹੋਰਨਾਂ ਵਿਦੇਸ਼ੀ ਭਾਸ਼ਾਵਾਂ ਤੋਂ ਆਏ ਹਨ :--

੧. ਜਰਮਨ ਸ਼ਬਦ—ਨਾਜ਼ੀ (Nazi);
੨. ਫ਼ਰਾਂਸੀਸੀ ਸ਼ਬਦ—ਕਾਰਤੂਸ (Cartouche), ਕੂਪਨ (Coupon); ਮੇਮ (Ma'am) > (Madame);
੩. ਇਟਾਲੀਅਨ ਸ਼ਬਦ--ਫ਼ੈਸਿਸਟ (Fascista);
੪. ਡੱਚ ਭਾਸ਼ਾ ਦੇ ਸ਼ਬਦ—ਤੁਰਪ (troef), ਬਮ (ਗੱਡੀ ਦਾ);
੫. ਯੂਨਾਨੀ ਸ਼ਬਦ--ਜੁਗਰਾਫ਼ੀਆ (Geographia);
੬. ਰੂਸੀ ਸ਼ਬਦ—ਸੋਵੀਅਤ ਅਤੇ ਬਾਲਸ਼ਵਿਕ;
੭. ਚੀਨੀ—ਚਾ;
੮. ਜਪਾਨੀ ਸ਼ਬਦ—ਰਿਕਸ਼ਾ;
੯. ਤਿਬਤੀ ਸ਼ਬਦ—ਲਾਮਾ;
੧੦. ਆਸਟ੍ਰੇਲੀਆ ਦੀ ਭਾਸ਼ਾ ਦਾ ਸ਼ਬਦ—ਕੰਗਰੂ;
੧੧. ਇਬਰਾਨੀ ਭਾਸ਼ਾ ਦੇ ਸ਼ਬਦ—ਯਹੂਦੀ, ਇਸਮਾਈਅਲ;
੧੨. ਪਸ਼ਤੋ ਦਾ ਸ਼ਬਦ—ਰੁਹੇਲਾ (روہیلا=ہ,,—پښتو);
੧੩. ਅਮਰੀਕਾ ਦਾ ਸ਼ਬਦ—ਕੋਕਾ ਕੋਲਾ (Coca-Cola);
੧੪. ਦਖਣੀ ਅਫ਼ਰੀਕਾ ਦਾ ਸ਼ਬਦ—ਜ਼ੇਬਰਾ ।

ਪ੍ਰਾਕ੍ਰਿਤ ਦੇ ਤਤਸਮ, ਤਦਭਵ, ਦੇਸੀ ਅਤੇ ਵਿਦੇਸ਼ੀ ਸ਼ਬਦਾਂ ਨੇ ਸਮਾਂ ਪਾ ਕੇ ੧000 ਈ੦ ਦੇ ਲਾਗੇ ਪੰਜਾਬੀ ਸ਼ਬਦਾਂ ਦਾ ਰੂਪ ਧਾਰ ਲਿਆ । ਇਉਂ ਸਮਝੋ ਕਿ ਉਸ ਸਮੇਂ ਪੰਜਾਬੀ ਦਾ ਜਨਮ ਹੋਇਆ ।

ਪੰਜਾਬੀ ਵਿੱਚ ਵੀ ਨਵੇਂ ਤਤਸਮ ਅਤੇ ਤਦਭਵ ਸ਼ਬਦ ਮਿਲਦੇ ਹਨ—

(ਕ) ਤਤਸਮ ; ਜਿਵੇਂ—ਦੇਵੀ (सं० देवी), ਦਾਸੀ (< सं दासी) ।

ਬੰਗਾਲੀ, ਮਰਾਠੀ ਆਦਿ ਭਾਸ਼ਾਵਾਂ ਵਿੱਚ ਤਤਸਮ ਸ਼ਬਦ ਬਹੁਤ ਦਿਸਦੇ ਹਨ, ਹਿੰਦੀ ਅਤੇ ਗੁਜਰਾਤੀ ਵਿਚ ਉਨ੍ਹਾਂ ਨਾਲੋਂ ਘਟ ਅਤੇ ਪੰਜਾਬੀ ਵਿਚ ਸਭ ਤੋਂ ਘਟ ਮਿਲਦੇ ਹਨ । ਇਸ ਦਾ ਕਾਰਣ ਇਹ ਹੈ ਕਿ ਪੰਜਾਬ ਉੱਪਰ ਮੁਸਲਮਾਨਾਂ ਦਾ ਰਾਜ ਹੋਰਨਾਂ ਪ੍ਰਾਂਤਾਂ ਤੋਂ ਪਹਿਲਾਂ ਹੋ ਗਿਆ ਸੀ ਅਤੇ ਇਸਲਾਮ ਦਾ ਪਰਚਾਰ ਵੀ ਏਥੇ ਪਹਿਲਾਂ ਹੀ ਹੋਇਆ । ਇਨ੍ਹਾਂ ਕਾਰਣਾਂ ਕਰਕੇ ਏਥੇ ਸੰਸਕ੍ਰਿਤ ਦਾ ਪਰਚਾਰ ਘਟ ਗਿਆ ਅਤੇ ਨਾਲ ਹੀ ਤਤਸਮ ਸ਼ਬਦਾਂ ਦੀ ਸੰਖਿਆ ਵੀ ਘਟ ਗਈ ।

(ਖ) ਤਦਭਵ ਸ਼ਬਦ—ਪੰਜਾਬੀ ਵਿਚ ਤਦਭਵ ਸ਼ਬਦਾਂ ਦੀ ਸੰਖਿਆ ਹੋਰਨਾਂ ਭਾਸ਼ਾਵਾਂ ਨਾਲੋਂ ਵਧੇਰੇ ਹੈ । ਤਦਭਵ ਦੋ ਤਰ੍ਹਾਂ ਦੇ ਹਨ—ਪੁਰਾਣੇ ਅਤੇ ਨਵੇਂ ।

Digitized by Panjab Digital Library | www.panjabdigilib.org

ਪੁਰਾਣੇ ਤਦਭਵ ਉਹ ਹਨ ਜੋ ਪ੍ਰਾਕ੍ਰਿਤ ਦੇ ਤਦਭਵਾਂ ਤੋਂ ਨਿਕਲੇ ਹਨ; ਜਿਵੇਂ—ਸੰ० कर्म > ਪ੍ਰਾ०कम्म > ਪੰ० ਕੰਮ, ਸੰ० अद्य > ਪ੍ਰਾ० अज्ज > ਪੰ० ਅੱਜ, ਸੰ० अग्नि > ਪ੍ਰਾ० अग्गि > ਪੰ०ਅੱਗ ।

ਨਵੇਂ ਤਦਭਵ ਉਹ ਹਨ ਜੋ ਪੰਜਾਬੀ ਵਿਚ ਆਏ ਹੋਏ ਸੰਸਕ੍ਰਿਤ ਸ਼ਬਦਾਂ ਦੇ ਬਦਲਣ ਨਾਲ ਬਣੇ ਹਨ ; ਜਿਵੇਂ—ਸੰ० सूर्य > ਪੰ० ਸੂਰਜ, ਸੰ० कर्म > ਪੰ० ਕਰਮ, ਸੰ० रक्त > ਪੰ० ਰਗਤ ।

(ਸੰ० रक्त >) ਪੰ० 'ਰੱਤ' ਪੁਰਾਣਾ ਤਦਭਵ ਹੈ ਅਤੇ 'ਰਗਤ' ਨਵਾਂ ਤਦਭਵ ਹੈ ।

## ਪੰਜਾਬੀ ਦੀਆਂ ਬੋਲੀਆਂ

੧੪. ਪੰਜਾਬੀ ਦੇ ਦੋ ਰੂਪ ਮਿਲਦੇ ਹਨ—(੧) ਸਾਧਾਰਣ ਪੰਜਾਬੀ ਅਤੇ (੨) ਡੋਗਰੀ, ਜਿਹੜੀ ਜੰਮੂ ਅਤੇ ਕਾਂਗੜੇ ਵਿੱਚ ਬੋਲੀ ਜਾਂਦੀ ਹੈ । ਸਾਧਾਰਣ ਪੰਜਾਬੀ ਦੀਆਂ ਇਹ ਸੱਤ ਉਪਬੋਲੀਆਂ ਹਨ :

(੧) ਮਾਝੀ, (੨) ਦੁਆਬੀ, (੩) ਪੁਵਾਧੀ, (੪) ਰਾਠੀ, (੫) ਮਲਵਈ, (੬) ਭਟਿਆਨੀ ਅਤੇ (੭) ਲਹਿੰਦੀ ਦੇ ਨਾਲ ਦੀ ।

ਇਨ੍ਹਾਂ ਵਿੱਚੋਂ ਮਾਝੀ ਬੋਲੀ ਹੀ ਪਰਧਾਨ ਹੈ । ਇਹ ਹੀ ਸਾਹਿੱਤਿਕ ਪੰਜਾਬੀ ਦਾ ਅਧਾਰ ਹੈ ।

# ਧੁਨੀ-ਵਟਾਂਦਰਾ

੧੫. ਹੁਣ ਧੁਨੀ-ਵਟਾਂਦਰੇ ਦੇ ਮੋਟੇ ਮੋਟੇ ਨਿਯਮ ਦੱਸੇ ਜਾਂਦੇ ਹਨ, ਜਿਨ੍ਹਾਂ ਤੋਂ ਪਤਾ ਲਗਦਾ ਹੈ ਕਿ ਕਿਵੇਂ ਸੰਸਕ੍ਰਿਤ ਤੋਂ ਪ੍ਰਾਕ੍ਰਿਤ ਅਤੇ ਅਪਭ੍ਰੰਸ਼ ਦੀ ਰਾਹੀਂ ਪੰਜਾਬੀ ਦਾ ਵਿਕਾਸ ਹੋਇਆ ਹੈ ਅਤੇ ਕਿਵੇਂ ਪੁਰਾਣਿਆਂ ਸ਼ਬਦਾਂ ਨੇ ਸਮੇਂ ਦੇ ਫੇਰ ਨਾਲ ਨਵੇਂ ਰੂਪ ਧਾਰ ਲਏ ਹਨ ।

## ਅੰਤਲਾ ਸੂਰ

੧੬. ਪ੍ਰਾਕ੍ਰਿਤ ਸ਼ਬਦਾਂ ਦੇ ਅੰਤਲੇ ਦੀਰਘ ਸ੍ਵਰ ਅਪਭ੍ਰੰਸ਼ ਵਿਚ ਹ੍ਰਸ੍ਵ ਹੋ ਗਏ ਅਤੇ ਬਹੁਤੀਆਂ ਵਰਤਮਾਨ ਭਾਰਤੀ ਆਰਯ ਭਾਸ਼ਾਵਾਂ ਵਿਚ ਅਪਭ੍ਰੰਸ਼ ਸ਼ਬਦਾਂ ਦੇ ਵਿਅੰਜਨ ਨਾਲ ਲੱਗਾ ਹੋਇਆ ਅੰਤਲਾ ਹ੍ਰਸ੍ਵ ਸੂਰ ਵੀ ਜਾਂਦਾ ਰਿਹਾ ਹੈ; ਜਿਵੇਂ—

ਸੰ० सप्त > ਪ੍ਰਾ० सत्त > ਅਪ० सत्त > ਪੰ० ਸੱਤ (=ਸੱਤ੍);
ਸੰ० निद्रा > ਪ੍ਰਾ० णिद्दा > ਅਪ० निंद > ਪੰ० ਨੀਂਦ (=ਨੀਂਦ੍),
ਸੰ० लज्जा > ਪ੍ਰਾ० लज्जा > ਅਪ० लज्ज > ਪੰ० ਲੱਜ (=ਲੱਜ੍),
ਸੰ० राशि > ਅਪ० रासि > ਪੰ० ਰਾਸ (=ਰਾਸ੍);

Digitized by Panjab Digital Library | www.panjabdigilib.org

ਸੰ॰ गति > ਪ੦ ਗਤ (=ਗਤੁ),
ਸੰ॰ मति > ਪੰ੦ ਮੱਤ (=ਮੱਤੁ);
ਸੰ॰ भगिनी > ਪ੍ਰਾ॰ भइणी > ਅਪ॰ बहिणि > ਪੰ੦ ਭੈਣ (=ਭੈਣੁ);
ਸੰ॰ मालिनी > ਪੰ੦ ਮਾਲਨ (=ਮਾਲਨੁ);
ਸੰ॰ साधु > ਪੰ੦ ਸਾਧ (=ਸਾਧੁ);
ਸੰ॰ श्वश्रूः > ਪ੍ਰਾ॰ सस्सू > ਅਪ॰ सस्सु > ਪੰ੦ ਸੱਸ (=ਸੱਸੁ);
ਸੰ॰ पार्श्वे > ਪੰ੦ ਪਾਸ (=ਪਾਸੁ)।

ਮਤਲਬ ਇਹ ਕਿ ਪ੍ਰਾਕ੍ਰਿਤ ਸ਼ਬਦਾਂ ਦੇ ਅੰਤਲੇ ਸੂਰ, ਭਾਵੇਂ ਉਹ ਹ੍ਰਸ੍ਵ ਸਨ ਅਤੇ ਭਾਵੇਂ ਦੀਰਘ, ਪੰਜਾਬੀ ਵਿਚ ਨਹੀਂ ਰਹੇ।

੧੭. ਜਿਨ੍ਹਾਂ ਪੰਜਾਬੀ ਸ਼ਬਦਾਂ ਵਿਚ ਸੰਸਕ੍ਰਿਤ ਜਾਂ ਪ੍ਰਾਕ੍ਰਿਤ ਸ਼ਬਦਾਂ ਦਾ ਅੰਤਲਾ ਅੱਖਰ ਜਾਂਦਾ ਰਿਹਾ ਹੈ, ਉਨ੍ਹਾਂ ਸ਼ਬਦਾਂ ਦੇ ਉਪਾਂਤ (ਅੰਤਲੇ ਤੋਂ ਪਹਿਲੇ) ਅੱਖਰ ਦੇ -ਅ-, -ਇ-, -ਉ- ਦੀ ਥਾਂ ਕ੍ਰਮ ਨਾਲ ਪੰਜਾਬੀ ਵਿਚ -ਆ-, -ਈ-, -ਊ- ਹੋ ਗਏ ਹਨ; ਜਿਵੇਂ :—

ਸੰ॰ चटकः > ਪ੍ਰਾ॰ चडओ > ਪੰ੦ ਚਿੜਾ;
ਸੰ॰ दण्डकः > ਪ੍ਰਾ॰ दण्डओ > ਪੰ੦ ਡੰਡਾ;
ਸੰ॰ दीपक > ਪ੍ਰਾ॰ > दीवओ > ਪੰ੦ ਦੀਵਾ,
ਸੰ॰ पारदः > ਪੰ੦ ਪਾਰਾ;
ਸੰ॰ मक्षिका > ਪੰ੦ ਮੱਖੀ;
ਸੰ॰ मृत्तिका > ਪ੍ਰਾ॰ मित्तिआ > ਪੰ੦ ਮਿੱਟੀ;
ਸੰ॰ मिश्रति > ਪੰ੦ ਮਿੱਸੀ,
ਸੰ॰ वधुका > ਪ੍ਰਾ॰ बहुआ > ਅਪ॰ बहुअ > ਪੰ੦ ਬਹੂ;
ਸੰ॰ सक्तुक > ਪੰ੦ ਸੱਤੂ;
ਸੰ॰ कन्दुक > ਪੰ੦ ਖਿੱਦੂ।

੧੮. ਸੰਸਕ੍ਰਿਤ ਋ ਪ੍ਰਾਕ੍ਰਿਤ ਅਤੇ ਅਪਭ੍ਰੰਸ਼ ਵਿਚ ਹੀ ਨਹੀਂ ਰਿਹਾ ਸੀ, ਪੰਜਾਬੀ ਵਿਚ ਵੀ ਇਹ ਨਹੀਂ ਦਿਸਦਾ। ਇਨ੍ਹਾਂ ਭਾਸ਼ਾਵਾਂ ਵਿਚ ਆਮ ਤੌਰ ਤੇ ਇਸ ਦੀ ਥਾਂ अ (ਅ), इ (ਇ) ਜਾਂ उ (ਉ) ਹੋ ਗਿਆ ਹੈ; ਜਿਵੇਂ :—

ਸੰ॰ शृङ्खलः > ਪ੍ਰਾ॰ सङ्कलो > ਪੰ੦ ਸੰਗਲ;
ਸੰ॰ नृत्यति < ਅਪ॰ नच्चइ > ਪੰ੦ ਨੱਚੇ;
ਸੰ॰ दृष्ट- > ਪ੍ਰਾ॰ दिट्ठ- > ਅਪ॰ दिट्ठउ > ਪੰ੦ ਡਿੱਠਾ;
ਸੰ॰ मृत्तिका > ਪ੍ਰਾ॰ मित्तिआ > ਪੰ੦ ਮਿੱਟੀ;
ਸੰ॰ वृद्ध- > ਪ੍ਰਾ॰ बुड्ढ- > ਬੁੱਢਾ;

Digitized by Panjab Digital Library | www.panjabdigilib.org

ਸੰ० पृच्छति > प्रा० पुच्छदि > अप० पुच्छइ > ਪੰ० ਪੁੱਛੇ ।

੧੯ ਸੰਸਕ੍ਰਿਤ ਸ਼ਬਦਾਂ ਦੇ ਵਿਚਲੇ 'ਐ' ਦੀ ਥਾਂ ਪ੍ਰਾਕ੍ਰਿਤ ਵਿਚ ਹੀ 'ਏ' ਹੋ ਗਿਆ ਸੀ ਅਤੇ 'औ' ਦੀ ਥਾਂ 'ओ' ਹੋ ਗਿਆ ਸੀ । ਇਹ 'ਏ' ਅਤੇ 'ओ' ਪੰਜਾਬੀ ਵਿਚ ਟਿਕੇ ਰਹੇ ਹਨ; ਜਿਵੇਂ :—

ਸੰ० तैल > प्रा० तेल्ल > ਪੰ० ਤੇਲ;
ਸੰ० प्रपौत्र-क > ਪੰ० ਪੜਪੋਤਾ,
ਸੰ० मौक्तिक > प्रा० मोत्तिअं > ਪੰ० ਮੋਤੀ;
ਸੰ० गौर- > प्रा० गोर- > ਪੰ० ਗੋਰਾ ।

੨੦. ਅੰਤਲੇ ਦੀਰਘ ਸੁਰਾਂ ਦਾ ਇਹ ਸੁਭਾ ਹੀ ਜਾਪਦਾ ਹੈ ਕਿ ਉਹ ਨੱਕ ਚੋਂ ਬੋਲੇ ਜਾਣ ਲਗ ਪੈਂਦੇ ਹਨ । ਲਿਖਾਈ ਵਿੱਚ ਇਹ ਅਨੁਨਾਸਿਕਤਾ ਕਿਸੇ ੨ ਸ਼ਬਦ ਵਿਚ ਹੀ ਪਰਗਟ ਕੀਤੀ ਜਾਂਦੀ ਹੈ । ਉਦਾਹਰਣ :—

ਸੰ० यूका > ਪੰ० ਜੂੰ,
ਸੰ० काकः > ਪੰ० ਕਾਂ;
ਸੰ० शपथ > ਪੰ० ਸੌਂਹ;
ਸੰ० बाहुः > ਪੰ० ਬਾਂਹ ।

ਚੇਤੇ ਰਹੇ ਕਿ ਪੰਜਾਬੀ ਵਿਚ ਅੰਤਲੇ 'ਹ' ਦੀ ਥਾਂ ਸੁਰ ਨੇ ਲੈ ਲਈ ਹੈ, ਇਸ ਕਰਕੇ ਸੌਂਹ ਅਤੇ ਬਾਂਹ ਦੇ 'ਔ' ਅਤੇ 'ਆ' ਅੰਤਲੇ ਹੀ ਸਮਝੇ ਜਾਣੇ ਚਾਹੀਦੇ ਹਨ ।

## ਇਕਹਿਰੇ ਆਰੰਭਿਕ ਵਿਅੰਜਨ

੨੧. ਸੰਸਕ੍ਰਿਤ ਸ਼ਬਦਾਂ ਦੇ ਇਕਹਿਰੇ ਆਰੰਭਿਕ ਵਿਅੰਜਨ ਆਮ ਤੌਰ ਤੇ ਟਿਕੇ ਰਹੇ ਹਨ ।

ਸੰ० कर्ण > ਪੰ० ਕੰਨ,
ਸੰ० खट्वा > ਪੰ० ਖੱਟ,
ਸੰ० गौर- > ਪੰ० ਗੋਰਾ,
ਸੰ० छगल- > ਪੰ० ਛੇਲਾ,
ਸੰ० घट- > ਘੜਾ,
ਸੰ० चौर > ਪੰ० ਚੋਰ,
ਸੰ० जामाता > ਪੰ० ਜਵਾਈ,
ਸੰ० तप्त- > ਪੰ० ਤੱਤਾ,
ਸੰ० तडाग > ਪੰ० ਤਲਾ,
ਸੰ० दलति > ਪੰ० ਦਲੇ,
ਸੰ० दीपक > ਪੰ० ਦੀਵਾ,

Digitized by Panjab Digital Library | www.panjabdigilib.org

सं० धूम> ਪੰ੦ ਧੂੰ,
सं० धूलि> ਪੰ੦ ਧੂੜ,
सं० पक्ष-> ਪੰ੦ ਪੱਖ,
सं० पृष्ठ> ਪੰ੦ ਪਿੱਠ,
सं० फल> ਪੰ੦ ਫਲ,
सं० बदर> ਬੇਰ,
सं० भय> ਪੰ੦ ਭੈ, ਭੌ,
सं० भाद्रपद> ਪੰ੦ ਭਾਦੋਂ,
सं० मक्षिका> ਪੰ੦ ਮੱਖੀ,
सं० माता> ਪੰ੦ ਮਾਂ,
सं० राशि> ਪੰ੦ ਰਾਸ,
सं० रीति> ਪੰ੦ ਰੀਤ,
सं० लेखा> ਪੰ੦ ਲੀਹ,
सं० वत्स-> ਪੰ੦ ਵੱਛਾ,
सं० वाटिका> ਪੰ੦ ਵਾੜੀ,
सं० सूची-> ਪੰ੦ ਸੂਈ,
सं० हसति> ਪੰ੦ ਹੱਸੇ ।

## ਆਰੰਭਿਕ श्, ष, स्

੨੨. ਸੰਸਕ੍ਰਿਤ ਸ਼ਬਦਾਂ ਦੇ ਆਰੰਭਿਕ श्, ष, स् ਦੀ ਥਾਂ ਪ੍ਰਾਕ੍ਰਿਤ ਵਿਚ ਹੀ स् ਹੋ ਗਿਆ ਸੀ, ਇਹ स् 'ਸ੍' ਪੰਜਾਬੀ ਵਿਚ ਵੀ ਟਿਕਿਆ ਰਿਹਾ ਹੈ । ਉਦਾਹਰਣ :—

सं० शोभन-> ਪੰ੦ ਸੋਹਣਾ,
सं० षोडश> ਪੰ੦ ਸੋਲਾਂ,
सं० सप्त> ਪੰ੦ ਸੱਤ ।

## ਅੰਤਲੇ ਵਿਅੰਜਨ

੨੩. ਸੰਸਕ੍ਰਿਤ ਸ਼ਬਦਾਂ ਦੇ ਅੰਤਲੇ ਵਿਅੰਜਨ ਪ੍ਰਾਕ੍ਰਿਤ ਵਿਚ ਹੀ ਜਾਂਦੇ ਰਹੇ ਸਨ, ਇਸੇ ਕਰਕੇ ਪੰਜਾਬੀ ਸ਼ਬਦਾਂ ਵਿਚ ਵੀ ਉਹ ਨਹੀਂ ਦਿਸਦੇ । ਉਦਾਹਰਣ :—

सं० यशस्> ਪੰ੦ ਜਸ,
सं० जगत्> प्रा० जग> अप० जगु> ਪੰ੦ ਜਗ,
सं० पश्चात्> प्रा० पच्छा> ਪੰ੦ ਪਿਛੇ,
सं० अधस्तात्> प्रा० हेट्ठा> ਪੰ੦ ਹੇਠਾਂ,
सं० तावत्-> प्रा० ताव> ਪੰ੦ ਤਾਂ ।

Digitized by Panjab Digital Library | www.panjabdigilib.org

## ਆਰੰਭਿਕ ਜਾਂ ਵਿਚਲੇ ਵਿਅੰਜਨ

੨੪. ਸੰਸਕ੍ਰਿਤ ਸ਼ਬਦਾਂ ਦੇ ਆਰੰਭਿਕ ਜਾਂ ਵਿਚਲਿਆਂ त्, द्, ध् ਦੀ ਜਗਾ ਬਹੁਤ ਵਾਰ ਪੰਜਾਬੀ ਵਿਚ ਟ੍, ਡ੍, ਢ੍ ਦਿਸਦੇ ਹਨ; ਜਿਵੇਂ :—

ਸੰ० दर> ਪੰ० ਡਰ,
ਸੰ० तिलक-> ਪੰ० ਟਿੱਕਾ,
ਸੰ० वृद्ध-> ਪੰ० ਬੁੱਢਾ।

ਨਾਲ ਹੀ ਇਹ ਵੀ ਕਹਿ ਦੇਣਾ ਚਾਹੀਦਾ ਹੈ ਕਿ ਇਹ ਤਬਦੀਲੀਆਂ र्, ल् ਜਾਂ ऋ ਦੇ ਕਾਰਣ ਹੋਈਆਂ ਜਾਪਦੀਆਂ ਹਨ।

੨੫. ਸੰਸਕ੍ਰਿਤ ਦੇ ਟ੍, ਡ੍ ਦੀ ਥਾਂ ਕਈ ਵਾਰ ਲ੍ ਹੋ ਗਿਆ ਹੈ; ਜਿਵੇਂ :—

ਸੰ० तडाग> ਪੰ० ਤਲਾ,
ਸੰ० चेट-> ਪੰ० ਚੇਲਾ।

## ਸੰਸਕ੍ਰਿਤ ਦੇ ਵਿਚਲੇ ਇਕਹਿਰੇ ਵਿਅੰਜਨ

੨੬. अ ਜਾਂ आ ਤੋਂ ਪਰਲੇ ਵਿਚਲੇ प, ब, म, व ਆਮ ਤੌਰ ਤੇ ਪਹਿਲਾਂ 'उ' ਵਿੱਚ ਬਦਲ ਗਏ ਅਤੇ ਫੇਰ -अ- (ਜਾਂ आ) ਅਤੇ -उ- ਦੀ ਥਾਂ -ਔ- ਜਾਂ ਓ ਹੋ ਗਿਆ।

**ਉਦਾਹਰਣ** :—

ਸੰ० वामन-> ਪੰ० ਬੌਣਾ,
ਸੰ० अपर> ਪੰ० ਹੋਰ।

ਇਸੇ ਤਰ੍ਹਾਂ ਸੰ० -अय- ਦੀ ਥਾਂ ਪਹਿਲਾਂ -अ-इ- ਅਤੇ ਫੇਰ -ਐ- ਹੋ ਗਿਆ ਹੈ; ਜਿਵੇਂ :—

ਸੰ० जय > ਪੰ० ਜੈ,
ਸੰ० नयन> ਪੰ० ਨੈਣ।

੨੭. ਸੰ० क्, ग्, च्, ज्, त्, द्, प्, व् ਜਦ ਆਰੰਭ ਵਿੱਚ ਨਾ ਹੋਣ ਅਤੇ ਇਕਹਿਰੇ ਹੋਣ, ਤਦ ਇਨ੍ਹਾਂ ਦਾ ਲੋਪ ਹੋ ਜਾਂਦਾ ਹੈ।

**ਉਦਾਹਰਣ** :—

ਸੰ० दण्डक> ਪੰ० ਡੰਡਾ,
ਸੰ० भगिनी> प्रा० बहिणी> अप० बहिणि> ਪੰ० ਭੈਣ,
ਸੰ० सूची-> ਪੰ० ਸੂਈ,
ਸੰ० राजमाष> ਪੰ० ਰੁਆਂਹ, ਰਵਾਂਹ,
ਸੰ० बीज> ਪੰ० ਬੀ,
ਸੰ० चतुर्थ-> ਪੰ० ਚੌਥਾ,

Digitized by Panjab Digital Library | www.panjabdigilib.org

सं० यदि > प्रा० जइ > अप० जइ > ਪੰ० ਜੇ,
सं० अपुत्र- > ਪੰ० ਔਤ,
सं० सपाद > ਪੰ० ਸਵਾ,
सं० विवाह > ਪੰ० ਵਿਆਹ,
सं० जीव > ਪੰ० ਜੀ ।

ਅਜ-ਕੱਲ ਵੀ ਅਜਿਹੀਆਂ ਤਬਦਲੀਆਂ ਹੋ ਰਹੀਆਂ ਹਨ; ਜਿਵੇਂ :—

ਖ਼ਬਰੇ > ਪੰ० ਖੌਰੇ,
ਬਾਬੂ ਹੋਰੀ > ਪੰ० ਬਾਊ ਹੋਰੀ,
ਫ਼ਾ० ਦਿਨ ਬਦਿਨ (دن بدن) > ਪੰ० ਦਿਨੋ ਦਿਨ ।

੨੮. ਸੰਸਕ੍ਰਿਤ ਸ਼ਬਦਾਂ ਦੇ ਵਿਚਲੇ ਇਕਹਿਰੇ ਖ੍, ਘ੍, ਥ੍, ਧ੍, ਜਾਂ ਮ੍ ਦੀ ਥਾਂ ਪ੍ਰਾਕ੍ਰਿਤ ਵਿਚ ਹੀ ਹ੍ ਹੋ ਗਿਆ ਸੀ। ਪੰਜਾਬੀ ਸ਼ਬਦਾਂ ਵਿੱਚ ਇਹ ਹ੍ ਲਿਖਿਆ ਤੇ ਜਾਂਦਾ ਹੈ, ਪਰ ਅਸਲ ਵਿੱਚ ਇਸ ਦੀ ਜਗ੍ਹਾ ਸੁਰ ਨੇ ਲੈ ਲਈ ਹੈ ।

ਉਦਾਹਰਣ :—

सं० मुखम् > प्रा० मुहं > अप० मुंह > ਪੰ० ਮੂੰਹ,
सं० मेघ > प्रा० मेह > अप० मेह > ਪੰ० ਮੀਂਹ,
सं० कथान- > प्रा० कहाण > ਪੰ० ਕਹਾਣੀ,
सं० दधि-कं > प्रा० दहिअं > ਪੰ० ਦਹੀ,
सं० लाभ- > ਪੰ० ਲਾਹਾ,
सं० शोभन- > प्रा० सोहण- > ਪੰ० ਸੋਹਣਾ,
स सौभाग्य > प्रा० सोहग्ग > अप० सोहग्ग > ਪੰ ਸੁਹਾਗ ।

## ਸੰਯੁਕਤ ਵਿਅੰਜਣ

੨੯. ਸੰਸਕ੍ਰਿਤ ਸ਼ਬਦਾਂ ਦੇ ਆਰੰਭਿਕ ਸੰਯੁਕਤ ਵਿਅੰਜਨ ਪ੍ਰਾਕ੍ਰਿਤ ਵਿੱਚ ਹੀ ਇਕਹਿਰੇ ਹੋ ਗਏ ਸਨ, ਅਤੇ ਵਿਚਲੇ ਸੰਯੁਕਤਾਂ ਦੀ ਥਾਂ ਦੁਤ ਹੋ ਗਏ ਸਨ ।

ਉਦਾਹਰਣ :—

ਆਰੰਭਿਕ ਸੰਯੁਕਤ {
सं० द्वादश > ਪੰ० ਬਾਰਾਂ,
सं० द्वारिका > ਪੰ० ਬਾਰੀ,
सं० स्नेह > ਪੰ० ਨਿਹੁੰ,
सं० स्थान > ਪੰ० ਥਾਂ,
सं० ज्योतिष > ਪੰ० ਜੋਤਸ਼,
सं० श्यालकः > प्रा० सालओ > ਪੰ० ਸਾਲਾ ।

Digitized by Panjab Digital Library | www.panjabdigilib.org

ਵਿਚਲੇ ਸੰਯੁਕਤ

सं० अक्षर > ਪੰ० ਅੱਖਰ,
सं० मक्षिका > प्रा० मक्खिआ > ਪੰ० ਮੱਖੀ,
सं० दुग्ध > ਪੰ० ਦੁੱਧ,
सं० हस्त > ਪੰ० ਹੱਥ,
सं० सप्त > ਪੰ० ਸੱਤ,
सं० कर्म > ਕੰਮ,
सं० शब्द > ਪੰ० ਸੱਦ,
सं० अद्य > ਪੰ० ਅੱਜ,
सं० पुस्तकम् > प्रा० पोत्थओ > अप० पोत्थउ > ਪੰ० ਪੋਥਾ।

੩੦. ਸੰਸਕ੍ਰਿਤ ਸ਼ਬਦਾਂ ਦੇ ਹ੍ਰਸ੍ਵ ਸ੍ਵਰਾਂ ਦੇ ਪਿੱਛੇ ਆਉਣ ਵਾਲਿਆਂ ਵਿਚਲੇ ਸੰਯੁਕਤ ਵਿਅੰਜਨਾਂ ਦੀ ਥਾਂ ਪੰਜਾਬੀ ਵਿੱਚ ਦੁੱਤ ਵਿਅੰਜਨਾਂ ਨੇ ਲੈ ਲਈ ਹੈ; ਜਿਵੇਂ :-

सं० शिक्षा > ਪੰ० ਸਿੱਖ,
सं० सत्य > ਪੰ० ਸੱਚ,
सं० अद्य > ਪੰ० ਅੱਜ,
सं० सप्त > ਪੰ० ਸੱਤ,
सं० त्रुट्यति > ਪੰ० ਟੁੱਟੇ,
सं० पृष्ठ > ਪੰ० ਪਿੱਠ ।

੩੧. ਸੰਸਕ੍ਰਿਤ ਸ਼ਬਦਾਂ ਦੇ ਅਨੁਨਾਸਿਕਾਂ ਤੋਂ ਪਰਲਿਆਂ ਵਿਚਲਿਆਂ ਅਘੋਸ਼ ਸਪਰਸ਼ਾਂ ਦੀ ਥਾਂ ਪੰਜਾਬੀ ਵਿੱਚ ਘੋਸ਼ ਸਪਰਸ਼ ਹੋ ਗਏ ਹਨ; ਜਿਵੇਂ :—

सं० शङ्का > प्रा० सङ्का > अप० संक > ਪੰ० ਸੰਗ,
सं० मञ्चक > ਪੰ० ਮੰਜਾ,
सं० चञ्चू > ਪੰ० ਚੁੰਜ,
सं० कण्टक > ਪੰ० ਕੰਡਾ,
सं० पन्थ > ਪੰ० ਪੰਧ,
सं० कम्पते > ਪੰ० ਕੰਬੇ ।

---

Digitized by Panjab Digital Library | www.panjabdigilib.org

# ਵਿਆਕਰਣ ਅਤੇ ਉਸ ਦੇ ਭਾਗ

੩੨. ਜਿਹੜੀ ਵਿਦਿਆ ਕਿਸੇ ਭਾਸ਼ਾ ਦਾ ਠੀਕ ਸਰੂਪ ਦੱਸ ਕੇ ਉਸ ਦੇ ਠੀਕ ਬੋਲਣ, ਲਿਖਣ, ਅਤੇ ਪੜ੍ਹਨ ਦਾ ਢੰਗ ਸਿਖਾਂਦੀ ਹੈ, ਉਸ ਨੂੰ **ਵਿਆਕਰਣ** ਆਖਦੇ ਹਨ ।

ਗੱਲਾਂ ਕਹੀਆਂ ਜਾਂਦੀਆਂ ਹਨ ਜਾਂ ਸੁਣੀਆਂ ਜਾਂਦੀਆਂ ਹਨ—ਇਹ ਬੋਲੀ ਜਾਣ ਵਾਲੀ ਭਾਸ਼ਾ ਹੀ ਅਸਲ ਅਤੇ ਮੁਢਲੀ ਭਾਸ਼ਾ ਹੈ। ਲਿਖੀ ਹੋਈ ਭਾਸ਼ਾ ਬੋਲੀ ਹੋਈ ਭਾਸ਼ਾ ਦੇ ਥਾਂ ਵਰਤੀ ਜਾਂਦੀ ਹੈ ।

੩੩. ਜਿਹੜੀ ਵਿਦਿਆ ਅਸਾਂ ਨੂੰ ਪੰਜਾਬੀ ਦੇ ਠੀਕ ਬੋਲਣ, ਲਿਖਣ ਅਤੇ ਪੜ੍ਹਨ ਦੀ ਜਾਚ ਸਿਖਾਂਦੀ ਹੈ, ਉਸ ਨੂੰ **ਪੰਜਾਬੀ ਵਿਆਕਰਣ** ਕਹਿੰਦੇ ਹਨ ।

ਇਸ ਵਿਆਕਰਣ ਦਾ ਵਿਸ਼ਾ ਸਾਹਿੱਤਕ ਪੰਜਾਬੀ ਹੈ, ਇਸ ਦਾ ਅਧਾਰ ਮਾਝੇ ਦੀ ਬੋਲੀ ਹੈ, ਕਿਉਂਕਿ ਇਹੋ ਪੰਜਾਬੀ ਦਾ ਠੇਠ ਰੂਪ ਮੰਨੀ ਗਈ ਹੈ ।

੩੪. ਅਸਾਡੀ ਗੱਲ-ਬਾਤ **ਵਾਕਾਂ** ਦੀ ਬਣੀ ਹੁੰਦੀ ਹੈ, ਵਾਕ **ਸ਼ਬਦਾਂ** ਦੇ ਨਾਲ ਬਣਦੇ ਹਨ ਅਤੇ ਸ਼ਬਦ **ਮੂਲ ਧੁਨੀਆਂ** ਦੇ ਬਣੇ ਹੁੰਦੇ ਹਨ। ਇਨ੍ਹਾਂ **ਮੂਲ-ਧੁਨੀਆਂ** ਨੂੰ **ਵਰਣ** ਆਖਦੇ ਹਨ। ਵਰਨ, ਸ਼ਬਦ ਅਤੇ ਵਾਕ ਦੇ ਅਧਾਰ ਉੱਪਰ ਵਿਆਕਰਣ ਦੇ ਤਿੰਨ ਭਾਗ ਮੰਨੇ ਗਏ ਹਨ—

੧. **ਵਰਣ-ਬੋਧ**, ੨. **ਸ਼ਬਦ-ਬੋਧ** ਅਤੇ ੩. **ਵਾਕ-ਬੋਧ** ।

੩੫. ਵਿਆਕਰਣ ਦੇ ਉਸ ਭਾਗ ਨੂੰ, ਜਿਸ ਵਿਚ ਵਰਣਾਂ ਦੇ ਰੂਪ, ਭੇਦ, ਉਚਾਰਣ ਦੇ ਟਿਕਾਣੇ ਅਤੇ ਉਨ੍ਹਾਂ ਵਰਣਾਂ ਨੂੰ ਜੋੜ ਕੇ ਸ਼ਬਦ ਬਣਾਉਣ ਦੇ ਨਿਯਮ ਦੱਸੇ ਜਾਂਦੇ ਹਨ, **ਵਰਣ-ਬੋਧ** ਆਖਦੇ ਹਨ ।

੩੬. **ਸ਼ਬਦ-ਬੋਧ** ਵਿਆਕਰਣ ਦਾ ਉਹ ਭਾਗ ਹੈ, ਜਿਸ ਵਿੱਚ ਸ਼ਬਦਾਂ ਦੀ ਵੰਡ, ਰਚਨਾ ਅਤੇ ਉਨ੍ਹਾਂ ਦੇ ਰੂਪ ਦੱਸੇ ਜਾਂਦੇ ਹਨ ।

੩੭. **ਵਾਕ-ਬੋਧ** ਵਿਆਕਰਣ ਦਾ ਉਹ ਭਾਗ ਹੈ, ਜਿਸ ਵਿਚ ਵਾਕ ਦਾ, ਉਸ ਦੇ ਅੰਗਾਂ ਦਾ, ਵਾਕ ਦੇ ਪਦਾਂ ਦੇ ਕ੍ਰਮ ਦਾ ਅਤੇ ਉਨ੍ਹਾਂ ਦੇ ਸੰਬੰਧ ਦਾ ਵਰਣਨ ਹੁੰਦਾ ਹੈ।

Digitized by Panjab Digital Library | www.panjabdigilib.org

ਪਹਿਲਾ ਭਾਗ

# ਵਰਣ-ਬੋਧ

੩੮. ਅਸੀਂ ਆਪਣੇ ਵਿਚਾਰ ਬੋਲ ਕੇ ਜਾਂ ਲਿਖ ਕੇ ਦੱਸਦੇ ਹਾਂ। ਵਿਚਾਰਾਂ ਨੂੰ ਲਿਖ ਕੇ ਪਰਗਟ ਕਰਨ ਲਈ ਜਿਹੜੇ ਚਿੰਨ੍ਹ ਵਰਤੇ ਜਾਂਦੇ ਹਨ, ਉਨ੍ਹਾਂ ਨੂੰ **ਵਰਣ** ਆਖਦੇ ਹਨ। ਲਿਖਾਈ ਵਿਚ ਵਰਤੇ ਗਏ ਛੋਟੇ ਤੋਂ ਛੋਟੇ ਧੁਨੀ-ਬੋਧਕ ਚਿੰਨ੍ਹ ਦਾ ਨਾਂ ਹੀ ਵਰਣ ਹੈ।

## ਲਿਪੀ

੩੯. ਕੋਈ ਵੀ ਭਾਸ਼ਾ ਇੱਕ ਜਾਂ ਬਹੁਤੀਆਂ ਲਿਪੀਆਂ ਵਿੱਚ ਲਿਖੀ ਜਾ ਸਕਦੀ ਹੈ। ਪੰਜਾਬੀ ਭਾਸ਼ਾ ਫ਼ਾਰਸੀ ਅਤੇ ਦੇਵ-ਨਾਗਰੀ ਲਿਪੀ ਵਿੱਚ ਵੀ ਲਿਖੀ ਜਾਂਦੀ ਰਹੀ ਹੈ, ਪਰ ਗੁਰਮੁਖੀ ਲਿਪੀ ਵਧੇਰੇ ਵਰਤੋਂ ਵਿਚ ਆਉਂਦੀ ਰਹੀ ਹੈ।

# ਗੁਰਮੁਖੀ ਲਿੱਪੀ

੪੦. ਪੁਰਾਣੇ ਸਮੇਂ ਵਿੱਚ ਦੋ ਤਰ੍ਹਾਂ ਦੀਆਂ ਲਿਪੀਆਂ, ਬ੍ਰਾਹਮੀ ਅਤ ਖਰੋਸ਼ਠੀ, ਵਰਤੋਂ ਵਿਚ ਆਉਂਦੀਆਂ ਸਨ। ਇਨ੍ਹਾਂ ਦੋਹਾਂ ਵਿੱਚੋਂ ਬ੍ਰਾਹਮੀ ਹੀ ਮੰਨੀ-ਪਰਮੰਨੀ ਲਿਪੀ ਸੀ। ਇਹ ਖਬਿਓਂ ਸੱਜੇ ਪਾਸੇ ਵਲ ਲਿਖੀ ਜਾਂਦੀ ਸੀ। ਬੂਹਲਰ ਆਦਿਕ ਕੁਝ ਵਿਦਵਾਨਾਂ ਦਾ ਮਤ ਹੈ ਕਿ ਇਸ ਬ੍ਰਾਹਮੀ ਦਾ ਆਧਾਰ ਪੱਛਮੀ ਏਸ਼ਿਆ ਦੀ ਫ਼ਿਨੀਸ਼ਿਅਨ ਲਿਪੀ ਹੈ। ਓਝਾ ਆਦਿਕ ਕੁਝ ਵਿਦਵਾਨਾਂ ਦਾ ਵਿਚਾਰ ਹੈ ਕਿ ਇਹ ਭਾਰਤ ਦੀ ਆਪਣੀ ਉਪਜ ਹੈ। ਇਕ ਨਵਾਂ ਮਤ ਇਹ ਹੈ ਕਿ ਇਹ ਪੰਜਾਬ-ਸਿੰਧ (ਮੋਹਨ-ਜੋਦਾੜੋ ਅਤੇ ਹੜੱਪੇ ਆਦਿ) ਦੀ ਲਿਪੀ ਤੋਂ ਨਿਕਲੀ ਹੈ।

ਵਿਚਲੇ ਸਮੇ ਦੀਆਂ ਅਤੇ ਵਰਤਮਾਨ ਸਮੇ ਦੀਆਂ ਸੱਭੇ ਭਾਰਤੀ ਲਿਪੀਆਂ ਬ੍ਰਾਹਮੀ ਤੋਂ ਨਿਕਲੀਆਂ ਹਨ, ਦੂਜਿਆਂ ਸ਼ਬਦਾਂ ਵਿਚ ਕੁਟਿਲ, ਸ਼ਾਰਦਾ, ਦੇਵਨਾਗਰੀ, ਬੰਗਾਲੀ, ਟਾਕਰੀ, ਗੁਰਮੁਖੀ ਅਤੇ ਦੱਖਣ ਦੀਆਂ ਲਿਪੀਆਂ—ਇਹ ਸਭ ਬ੍ਰਾਹਮੀ ਤੋਂ ਨਿਕਲੀਆਂ ਹਨ।

ਕੁਝ ਲੇਖਕਾਂ ਦਾ ਮਤ ਹੈ ਕਿ ਗੁਰਮੁਖੀ ਅੱਖਰ ਗੁਰੂ ਅੰਗਦ ਦੇਵ ਨੇ ਰਚੇ ਹਨ, ਪਰ ਇਹ ਗੱਲ ਠੀਕ ਨਹੀਂ ਮਲੂਮ ਹੁੰਦੀ। ਭਾ: ਕਾਨ੍ਹ ਸਿੰਘ 'ਗੁਰੁ ਸ਼ਬਦ ਰਤਨਾਕਰ' ਵਿੱਚ ਆਪਣਾ ਮਤ ਇਹ ਦੱਸਦੇ ਹਨ ਕਿ "ਪੰਜਾਬੀ ਬੋਲੀ ਦੀ ਵਰਣ-ਮਾਲਾ (ਗੁਰਮੁਖੀ)............ਸ਼ਾਰਦਾ ਅਤੇ ਟਾਕਰੀ ਤੋਂ ਨਿਕਲੀ ਹੈ।" ਇਹ ਮਤ ਵੀ ਠੀਕ ਨਹੀਂ ਜਾਪਦਾ। ਬੋਲੀ ਵਾਂਗ ਲਿਪੀ ਦਾ ਵੀ ਹੌਲੀ ਹੌਲੀ ਵਿਕਾਸ ਹੁੰਦਾ ਹੈ, ਇਸ ਲਈ ਗੁਰਮੁਖੀ ਲਿਪੀ ਵੀ ਕਿਸੇ ਇੱਕੋ ਲਿਪੀ ਦਾ ਰੂਪਾਂਤਰ ਹੈ, ਦੁਹਾਂ ਦਾ ਨਹੀਂ। ਗਿਅਰਸਨ ਦਾ ਮਤ ਇਹ ਹੈ ਕਿ ਇਹ ਸ਼ਾਰਦਾ ਲਿਪੀ ਤੋਂ ਬਣੀ ਹੈ।

Digitized by Panjab Digital Library | www.panjabdigilib.org

ਸ਼ਾਰਦਾ ਦੇ ਅਖਰਾਂ ਨਾਲ ਗੁਰਮੁਖੀ ਦੇ ਅੱਖਰ ਬਹੁਤ ਘਟ ਮੇਲ ਖਾਂਦੇ ਹਨ, ਇਸ ਕਰਕੇ ਇਹ ਮਤ ਵੀ ਨਹੀਂ ਮੰਨਿਆ ਜਾ ਸਕਦਾ।

ਇਸ ਬਾਰੇ ਜੀ. ਬੀ. ਸਿੰਘ ਦਾ ਮਤ ਠੀਕ ਪਰਤੀਤ ਹੁੰਦਾ ਹੈ। ਆਪ "ਗੁਰਮੁਖੀ ਲਿਪੀ ਦਾ ਜਨਮ ਤੇ ਵਿਕਾਸ਼" ਵਿੱਚ ਲਿਖਦੇ ਹਨ ਕਿ "ਪੰਜਾਬੀ ਵਰਣਮਾਲਾ ਬ੍ਰਾਹਮੀ ਲਿਪੀ ਤੋਂ ਉਸੇ ਤਰ੍ਹਾਂ ਪੰਜਾਬ ਦੇ ਮੈਦਾਨਾਂ ਵਿੱਚ ਪੈਦਾ (= ਵਿਕਸਿਤ) ਹੋਈ, ਜਿਸ ਤਰ੍ਹਾਂ ਨਾਗਰੀ ਅਤੇ ਹਿੰਦ ਦੀਆਂ ਹੋਰ ਵਰਨ-ਮਾਲਾਂ ਹੋਰਨਾਂ ਪ੍ਰਾਂਤਾਂ ਵਿੱਚ ਬਣੀਆਂ।" (ਕ) ਇਨ੍ਹਾਂ ਦੇ ਅਨੁਸਾਰ 'ਗੁਰਮੁਖੀ' ਦਾ ਪੁਰਾਣੀ 'ਨਾਗਰ' ਅਤੇ 'ਸਿੱਧ ਮਾਤ੍ਰਿਕਾ' ਲਿਪੀਆਂ ਨਾਲ ਕੁਝ ਗੂਹੜਾ ਸੰਬੰਧ ਹੈ। ਭਾਟੀ ਦੇਸ ਦੇ ਪੁਰਾਣੇ ਅਖਰਾਂ ਨਾਲ ..........ਗੁਰਮੁਖੀ ਇਤਨੀ ਮਿਲਦੀ ਹੈ ਕਿ ਇਨ੍ਹਾਂ ਨੂੰ ਇੱਕੋ ਲਿਪੀ ਕਹਿਣਾ ਪੈਂਦਾ ਹੈ। (ਖ)

ਗੁਰਮੁਖੀ ਲਿਪੀ ਖੱਬਿਓਂ ਸੱਜੇ ਹਥ ਲਿਖੀ ਜਾਂਦੀ ਹੈ। ਇਸ ਵਿੱਚ ਆਮ ਕਰਕੇ ਵਰਣ ਓਸ ਕ੍ਰਮ ਵਿੱਚ ਲਿਖੇ ਜਾਂਦੇ ਹਨ, ਜਿਸ ਵਿੱਚ ਉਨ੍ਹਾਂ ਦਾ ਉੱਚਾਰਣ ਹੁੰਦਾ ਹੈ।

## ਵਰਣ-ਮਾਲਾ

੪੧. ਹਰ ਇਕ ਲਿਪੀ ਕੁਝ **ਮੂਲ ਵਰਣਾਂ** ਦੀ ਬਣੀ ਹੁੰਦੀ ਹੈ। ਇਨ੍ਹਾਂ ਮੂਲ ਵਰਣਾਂ ਨੂੰ **ਵਰਣ**-ਮਾਲਾ ਆਖਦੇ ਹਨ।

ਗੁਰਮੁਖੀ ਦੀ ਵਰਣ-ਮਾਲਾ ਇਹ ਹੈ।

ੳ ਅ ੲ.......... } ਸ੍ਵਰ ਵਰਣਾਂ ਦੇ ਅਧਾਰ ਹਨ।

| | | |
|---|---|---|
| ਸ ਹ.........................ਊਸ਼ਮ ਵਰਣ | | ਵਿਅੰਜਨ |
| ਕ ਖ ਗ ਘ ਙ.............ਕਵਰਗ | | |
| ਚ ਛ ਜ ਝ ਞ............ਚਵਰਗ | | |
| ਟ ਠ ਡ ਢ ਣ............ਟਵਰਗ | | |
| ਤ ਥ ਦ ਧ ਨ............ਤਵਰਗ | | |
| ਪ ਫ ਬ ਭ ਮ............ਪਵਰਗ | | |
| ਯ ਰ ਲ ਵ.............ਅਰਧ ਸ੍ਵਰ ਜਾਂ ਅੰਤਸਥ | | |
| ੜ.........................ਉਤਖਿਪਤ | | |

ਇਹ ਵਰਣ ਗਿਣਤੀ ਵਿੱਚ ਪੈਂਤੀ ਹਨ, ਇਸ ਕਰਕੇ ਇਸ ਵਰਣ-ਮਾਲਾ ਨੂੰ **ਪੈਂਤੀ** ਵੀ ਆਖਦੇ ਹਨ।

ਇਨ੍ਹਾਂ ਵਿੱਚੋਂ 'ੳ' ਅਤੇ 'ੲ' ਆਪ ਵਰਤੋਂ ਵਿੱਚ ਨਹੀਂ ਆਉਂਦੇ, ਹਾਂ ਲਗਾਂ ਨਾਲ ਮਿਲ ਕੇ ਜਾਂ ਕੁਝ ਬਦਲ ਕੇ ਹੋਰਨਾਂ ਸ੍ਵਰਾਂ ਦੀ ਥਾਂ ਵਰਤੇ ਜਾਂਦੇ ਹਨ।

---

(ਕ) ਦੇਖੋ 'ਪ੍ਰਸਤਾਵਨਾ' ਸ0 ੩, ੪।

(ਖ) ਦੇਖੋ ਸ0 ੯੧।

Digitized by Panjab Digital Library | www.panjabdigilib.org

ਹੋਰਨਾਂ ਭਾਸ਼ਾਵਾਂ ਦੀਆਂ ਕੁਝ ਅਵਾਜ਼ਾਂ ਦਾ ਬੋਧ ਕਰਾਉਣ ਲਈ ਹੇਠ ਲਿਖੇ ਗੁਰਮੁਖੀ ਵਰਣਾਂ ਦੇ ਹੇਠ ਨੁਕਤਾ ਲਗਾਇਆ ਜਾਂਦਾ ਹੈ :—

ਸ਼, ਕ਼, ਖ਼, ਗ਼, ਜ਼, ਫ਼

੪੨. ਧੁਨੀਆਂ ਜਾਂ ਅਵਾਜ਼ਾਂ ਦੋ ਤਰ੍ਹਾਂ ਦੀਆਂ ਹਨ—ਸੂਰ **ਧੁਨੀਆਂ** ਅਤੇ **ਵਿਅੰਜਨ ਧੁਨੀਆਂ** ।

੪੩. ਸੂਰਾਂ ਦਾ ਉਚਾਰਣ ਨਾਦ ਨਾਲ ਹੁੰਦਾ ਹੈ । ਜਦ ਨਾਦ ਘੰਡੀ ਤੋਂ ਬਾਹਰ ਆ ਕੇ ਮੂੰਹ ਦੇ ਰਸਤੇ ਕਿਸੇ ਵੀ ਟਿਕਾਣੇ ਤੇ ਰੁਕੇ ਬਿਨਾ ਨਿਕਲ ਜਾਂਦਾ ਹੈ, ਤਦ **ਸੂਰਾਂ** ਦਾ ਉਚਾਰਣ ਹੁੰਦਾ ਹੈ ।

੪੪. ਜਦ 'ਸਾਹ' ਦੀ ਹਵਾ ਮੂੰਹ ਦੇ ਰਸਤੇ ਵਿਚ ਜਾਂਦੀ ਹੋਈ ਕਿਤੇ ਨਾ ਕਿਤੇ ਪੂਰੀ ਤਰ੍ਹਾਂ ਜਾਂ ਅੱਧ-ਪਚੱਧੀ ਰੋਕ ਲਈ ਜਾਂਦੀ ਹੈ, ਤਦ **ਵਿਅੰਜਨਾਂ** ਦਾ ਉਚਾਰਣ ਹੁੰਦਾ ਹੈ ।

## ਸੂਰ

੪੫. ਪੰਜਾਬੀ ਦੇ ਇਹ ਦਸ ਸੂਰ ਹਨ :—

ਅ ਆ ਇ ਈ ਉ ਊ ਏ ਐ ਓ ਔ ।

ਐ ਅਤੇ ਔ ਦਾ ਉਚਾਰਣ ਸੰਸਕ੍ਰਿਤ ਦੇ ਐ, ਔ ਤੋਂ ਭਿੰਨ ਹੈ, ਪਰ ਹਿੰਦੀ ਨਾਲ ਮਿਲਦਾ ਹੈ ।

ਇਹ ਪੰਜਾਬੀ ਐ ਅਤੇ ਔ ਅਪਭ੍ਰੰਸ਼ ਦੀਆਂ ਅਇ ਅਤੇ ਅਉ ਦੇ ਥਾਂ ਆਈਆਂ ਹਨ । ਚੇਤੇ ਰਹੇ ਕਿ ਸੰਸਕ੍ਰਿਤ ਦੇ 'ऐ' ਅਤੇ 'औ' ਪ੍ਰਾਕ੍ਰਿਤ ਵਿਚ ਹੀ ਨਹੀਂ ਰਹੇ । ਸਪਸ਼ਟ ਹੈ ਕਿ ਪੰਜਾਬੀ ਦੇ 'ਐ' 'ਔ' ਦਾ ਨਵਾਂ ਜਨਮ ਹੋਇਆ ਹੈ । ਕਿਹਾ ਜਾਂਦਾ ਹੈ ਕਿ 'ਅ' ਹ੍ਰਸ੍ਵ ਅਤੇ 'ਆ' ਦੀਰਘ ਅਰਥਾਤ ਲੰਮਾ ਹੈ, ਪਰ ਅਸਲ ਵਿਚ 'ਅ' ਅਤੇ 'ਆ' ਵਿਚ ਧੁਨੀ ਜਾਂ ਅਵਾਜ਼ ਦਾ ਵੀ ਫਰਕ ਹੈ । 'ਅ' ਨੂੰ ਲੰਮਾ ਕਰਨ ਨਾਲ 'ਆ' ਦੀ ਅਵਾਜ ਨਹੀਂ ਬਣ ਸਕਦੀ । (ਕ)

੪੬. ਸੂਰ ਦੋ ਤਰ੍ਹਾਂ ਦੇ ਹਨ—(੧) **ਮੂਲ ਅਤੇ** (੨) **ਸੰਯੁਕਤ** ।

੪੭. **ਮੂਲ ਸੂਰ** ਵੀ ਦੋ ਤਰ੍ਹਾਂ ਦੇ ਹਨ (੧) ਹ੍ਰਸ੍ਵ ਸੂਰ ਅਤੇ (੨) ਦੀਰਘ ਸੂਰ ।

੪੮. **ਹ੍ਰਸ੍ਵ ਸੂਰ** ਉਹ ਹਨ ਜਿਨ੍ਹਾਂ ਦੇ ਉਚਾਰਣ ਕਰਨ ਵਿੱਚ ਇਕ ਮਾਤ੍ਰਾ ਸਮਾਂ ਲਗਦਾ ਹੈ । ਅ, ਇ, ਉ—ਇਹ ਹ੍ਰਸ੍ਵ ਸੂਰ ਹਨ ।

੪੯. **ਦੀਰਘ ਸੂਰ** ਉਹ ਹਨ, ਜਿਨ੍ਹਾਂ ਦੇ ਉਚਾਰਣ ਕਰਨ ਵਿੱਚ ਦੋ ਮਾਤ੍ਰਾ ਸਮਾਂ ਲਗਦਾ ਹੈ । ਆ, ਈ, ਊ—ਇਹ ਦੀਰਘ ਸੂਰ ਹਨ ।

੫੦. **ਸੰਯੁਕਤ ਸੂਰ** ਉਹ ਹਨ ਜੋ ਮੂਲ ਸੂਰਾਂ ਦੇ ਮੇਲ ਨਾਲ ਬਣਦੇ ਹਨ ।

'ਐ' ਅਤੇ 'ਔ' ਸੰਯੁਕਤ ਸੂਰ ਹਨ । ਐ=ਅਏ ਅਤੇ ਔ=ਅਓ ।

ਸੰਯੁਕਤ ਸੂਰ ਭਾਵੇਂ ਦੋਹਾਂ ਸੂਰਾਂ ਦੇ ਮੇਲ ਨਾਲ ਬਣਦੇ ਹਨ, ਪਰ ਇਹ ਇੱਕੋ ਸੂਰ ਦੇ

(ਕ) "ਪੰਜਾਬੀ ਦੁਨੀਆ" ਅਗਸਤ ੧੯੫੧, ਸਫ਼ਾ ੩੫ ।

Digitized by Panjab Digital Library | www.panjabdigilib.org

ਸਮਾਨ ਹੁੰਦੇ ਹਨ, ਕਿਉਂਕਿ ਇਹ ਇੱਕ ਹੀ ਅੱਖਰ ਬਣਾਂਦੇ ਹਨ, ਦੋ ਨਹੀਂ ; ਜਿਵੇਂ ਲੈ, ਸੌ—ਇਹ ਇਕ-ਅੱਖਰੇ ਸ਼ਬਦ ਹਨ । ਅੱਗੇ-ਪਿੱਛੇ ਆਉਣ ਵਾਲੇ ਸੂਰ ਸੁਤੰਤਰ ਅਤੇ ਵਖਰੇ-ਵਖਰੇ ਗਿਣੇ ਜਾਂਦੇ ਹਨ; ਜਿਵੇਂ—ਤਈ, ਕੋਈ, ਗਈ, ਆਏ ਦੋ-ਅਖਰੇ ਸ਼ਬਦ ਹਨ ।

## ਲਗਾਂ

੫੧. ਜਿਸ ਸੂਰ-ਚਿੰਨ੍ਹ ਦੀ ਮਦਦ ਨਾਲ ਕਿਸੇ ਵਰਣ ਦਾ ਉਚਾਰਣ ਕੀਤਾ ਜਾਂਦਾ ਹੈ, ਉਸ ਨੂੰ **ਲਗ** ਕਹਿੰਦੇ ਹਨ ।

ਹੇਠਾਂ ਹਰ ਇਕ ਸੂਰ ਦੀ ਲਗ ਅਤੇ ਵਿਅੰਜਨ ਨਾਲ ਉਸ ਲਗ ਦੀ ਮਿਲਣ ਦੀ ਥਾਂ ਦੱਸੀ ਗਈ ਹੈ :—

| ਸੂਰ | ਲਗ ਦਾ ਨਾਂਵ | ਲਗ | ਵਿਅੰਜਨ ਨਾਲ ਮਿਲਣ ਲੱਗੇ ਲਗ ਦਾ ਟਿਕਾਣਾ |
|---|---|---|---|
| ਅ | ਮੁਕਤਾ | — | ਕ+ਅ=ਕ |
| ਆ | ਕੰਨਾ | ਾ | ਕ+ਆ=ਕਾ |
| ਇ | ਸਿਹਾਰੀ | ਿ | ਕ੍+ਇ=ਕਿ |
| ਈ | ਬਿਹਾਰੀ | ੀ | ਕ੍+ਈ=ਕੀ |
| ਉ | ਔਂਕੜ | ੁ | ਕ+ਉ=ਕੁ |
| ਊ | ਦੁਲੈਂਕੜੇ | ੂ | ਕ+ਊ=ਕੂ |
| ਏ | ਲਾਂ | ੇ | ਕ੍+ਏ=ਕੇ |
| ਐ | ਦੁਲਾਈਆਂ | ੈ | ਕ੍+ਐ=ਕੈ |
| ਓ | ਹੋੜਾ | ੋ | ਕ੍+ਓ=ਕੋ |
| ਔ | ਕਨੌੜਾ | ੌ | ਕ੍+ਔ=ਕੌ |

੫੨. ਦੂਜਿਆਂ ਸ਼ਬਦਾਂ ਵਿੱਚ ਅ ਲਈ ਕੋਈ ਚਿੰਨ੍ਹ ਨਹੀਂ । ਹੋਰਨਾਂ ਸੂਰਾਂ ਦੇ ਚਿੰਨ੍ਹ ਇਹ ਹਨ —

ਆ=ਾ, ਇ=ਿ, ਈ=ੀ, ਉ=ਊ, ਏ=ੇ, ਐ=ੈ, ਓ=ੋ ਔ=ੌ ।

ਜਿਸ ਵਿਅੰਜਨ ਨਾਲ ਕੋਈ ਸੂਰ ਨਾ ਹੋਵੇ ਜਾਂ 'ਅ' ਮਿਲਿਆ ਹੋਵੇ, ਉਸ

Digitized by Panjab Digital Library | www.panjabdigilib.org

ਨੂੰ ਮੁਕਤਾ ਵਰਣ ਆਖਦੇ ਹਨ । ਉਦਾਹਰਣ—ਕਰ=ਕ੍+ਅ+ਰ੍ ਅਰਥਾਤ 'ਕਰ' ਦੇ 'ਕ' ਅਤੇ 'ਰ' ਦੋਵੇਂ ਲਿਖਣ ਵਿਚ ਮੁਕਤੇ ਹਨ, ਪਰ ਬੋਲਣ ਵਿਚ ਪਹਿਲਾ ਅਕਾਰਾਂਤ ਹੈ ਅਤੇ ਦੂਜਾ ਨਿਰੋਲ 'ਰ' (ਰ੍=) ਹੈ।

ਜਦ ਨਿਰੇ ਵਿਅੰਜਨ ਦਾ ਬੋਧ ਕਰਾਉਣਾ ਹੁੰਦਾ ਹੈ, ਤਦ ਉਸ ਵਿਅੰਜਨ ਦੇ ਪੈਰੀਂ ਲਕੀਰ ਪਾ ਦਿੰਦੇ ਹਨ ; ਜਿਵੇਂ ਰ੍ ।

ਜਦ ਕੋਈ ਸੂਰ ਸ਼ਬਦ ਦੇ ਅਰੰਭ ਵਿੱਚ ਆਏ ਜਾਂ ਕਿਸੇ ਹੋਰ ਸੂਰ ਦੇ ਪਿੱਛੇ ਆਏ, ਤਾਂ ਉਹ ਸੂਰ ਪੂਰਾ ਲਿਖਿਆ ਜਾਂਦਾ ਹੈ ਅਤੇ ਜਦ ਕਿਸੇ ਵਿਅੰਜਨ ਦੇ ਪਿੱਛੇ ਆਏ ਤਾਂ ਉਸ ਦੀ ਥਾਂ ਉਸ ਦੀ ਲਗ ਲਿਖੀ ਜਾਂਦੀ ਹੈ, ਜਿਵੇਂ—ਆਸ, ਇਸ, ਉਸ ਨੂੰ, ਕਿਸ, ਕੁਝ, ਆਏ, ਖਾਓ, ਸੋਟਾ ਆਦਿ ।

ਲਗਾਂ ਸੂਰਾਂ ਅਤੇ ਵਿਅੰਜਨਾਂ ਦੇ ਪਿੱਛੇ ਲਗਾਈਆਂ ਜਾਂਦੀਆਂ ਹਨ । ਸੂਰਾਂ ਵਿਚੋਂ ਔਂਕੜ ਅਤੇ ਦੁਲੈਂਕੜ 'ੳ' ਦੇ ਹੇਠ ਲਗਾਏ ਜਾਂਦੇ ਹਨ, ਜਿਵੇਂ—ਉ, ਊ । ਹੋੜਾ (ੋ) 'ੳ' ਨਾਲ ਨਹੀਂ ਲਗਾਇਆ ਜਾਂਦਾ, ਇਸ ਦਾ ਰੂਪ ਕੁਝ ਵਟ ਕੇ 'ਓ' ਹੋ ਜਾਂਦੀ ਹੈ । ਮੁਕਤਾ ਦੀ ਜਗਾ ਕੋਈ ਲਗ ਨਹੀਂ ਹੁੰਦੀ; ਕੰਨਾ, ਦੁਲਾਈਆਂ ਅਤੇ ਕਨੌੜਾ 'ਅ' ਨਾਲ ਜੋੜੇ ਜਾਂਦੇ ਹਨ, ਜਿਵੇਂ—ਅ, ਆ, ਐ, ਔ । ਸਿਹਾਰੀ (ਿ), ਬਿਹਾਰੀ (ੀ) ਅਤੇ ਲਾਂ 'ੲ' ਨਾਲ ਜੋੜੇ ਜਾਂਦੇ ਹਨ, ਜਿਵੇਂ ਇ, ਈ, ਏ ।

## ਬਿੰਦੀ (ਂ) ਅਤੇ ਟਿੱਪੀ (ੰ)

੫੩. ਹ੍ਰਸ੍ਵ ਸੂਰਾਂ ਅਤੇ—'ਊ' ਨਾਲ ਟਿੱਪੀ (ੰ) ਅਤੇ-ਆ,-ਈ, -ਏ, -ਐ, -ਓ, -ਔ ਨਾਲ ਬਿੰਦੀ (ਂ) ਲਗਦੀ ਹੈ। ਜਿਵੇਂ—ਅੰਬ, ਬੰਦ, ਜਿੰਦ, ਇੰਦਰ, ਸੁੰਘ, ਧੂੰ ਨਾਲ ਟਿੱਪੀ ਲਗਾਈ ਗਈ ਹੈ, ਪਰ ਆਂਦਰ, ਬਾਂਦਰ, ਸ਼ੀਂਹ, ਮੈਂ, ਗੇਂਦ, ਸੌਂ ਨਾਲ ਬਿੰਦੀ ਲਗਾਈ ਗਈ ਹੈ ।

ਜਦ ਉ ਜਾਂ ਊ ਵਿਅੰਜਨ ਤੋਂ ਬਿਨਾਂ ਅੱਖਰ ਬਣਾਉਣ ਅਤੇ ਉਨ੍ਹਾਂ ਦੀ ਅਵਾਜ ਨੱਕ ਵਿਚੋਂ ਵੀ ਨਿਕਲੇ ਤਦ ਉਨ੍ਹਾਂ ਨਾਲ ਬਿੰਦੀ ਹੀ ਲਗਦੀ ਹੈ, ਜਿਵੇਂ—ਉਂਗਲ, ਇਉਂ, ਊਂਘ, ਊਂਧਾ ।

## (ੱ)

੫੪. ਅੱਧਕ ਇਸ ਚਿੰਨ੍ਹ (ੱ) ਨੂੰ ਕਹਿੰਦੇ ਹਨ ਜੋ ਕਿਸੇ ਵਿਅੰਜਨ ਦੀ ਦੂਹਰੀ ਅਵਾਜ਼ ਪਰਗਟ ਕਰਨ ਲਈ ਵਰਤਿਆ ਜਾਂਦਾ ਹੈ, ਜਿਵੇਂ—ਹੱਥ, ਸੱਚ, ਕੱਚਾ, ਪੱਕਾ, ਆਦਿ ।

੫੫. ਸ਼ਬਦ ਦੇ ਅਰੰਭ ਵਿਚ ਆਉਣ ਵੇਲੇ ਹੀ 'ਅ' ਲਿਖਣ ਵਿਚ ਆਉਂਦਾ ਹੈ, ਜਿਵੇਂ—ਅਟਾਰੀ, ਅਚਾਰ, ਅਨਾਰ ਆਦਿ ਵਿੱਚ ।

ਗੁਰਮੁਖੀ ਲਿਪੀ ਵਿੱਚ ਲਿਖੇ ਗਏ ਨਿਰੇ ਵਿਅੰਜਨ ਅਤੇ ਅਕਾਰਾਂਤ ਅੱਖਰ ਵਿੱਚ ਕੋਈ ਫਰਕ ਨਹੀਂ ਦਿਸਦਾ, ਜਿਵੇਂ—'ਕਰ' ਦੇ 'ਕ' ਅਤੇ 'ਰ' ਵਿੱਚੋਂ 'ਕ'

Digitized by Panjab Digital Library | www.panjabdigilib.org

ਅਕਾਰਾਂਤ ਹੈ, ਅਰਥਾਤ ਇਸ ਨਾਲ 'ਅ' ਸੂਰ ਮਿਲਿਆ ਹੋਇਆ ਹੈ ਅਤੇ 'ਰ' ਸ਼ੁਧ ਵਿਅੰਜਨ ਹੈ ਅਰਥਾਤ 'ਅ' ਤੋਂ ਬਿਨਾ ਹੀ ਹੈ, ਪਰ ਲਿਖਾਈ ਤੋਂ ਪਤਾ ਨਹੀਂ ਲਗ ਸਕਦਾ ਕਿ ਪਹਿਲਾ ਵਿਅੰਜਨ ਅ-ਸਹਿਤ ਹੈ ਅਤੇ ਦੂਜਾ ਅ-ਰਹਿਤ। ਇਹ ਫਰਕ ਦੱਸਣ ਲਈ ਜਾਂ ਠੀਕ ਉਚਾਰਣ ਦੱਸਣ ਲਈ ਵਿਅੰਜਨ ਦੇ ਹੇਠ ਲਕੀਰ ( ੍ ) ਖਿੱਚੀ ਜਾਂਦੀ ਹੈ, ਜਿਵੇਂ—ਕਰ੍ (=ਕ੍ +ਅ+ਰ੍।

ਭਾਵੇਂ ਸੰਸਕ੍ਰਿਤ ਸ਼ਬਦਾਂ ਦੇ ਅੰਤਲੇ ਸੂਰ ਪੰਜਾਬੀ ਵਿਚ ਜਾਂਦੇ ਰਹੇ ਹਨ, ਤਾਂ ਵੀ ਲਿਖਣ ਵਿਚ ਬਹੁਤ ਸਾਰੇ ਵਿਅੰਜਨਾਂਤ ਸ਼ਬਦ ਅਕਾਰਾਂਤ ਹੀ ਦਿਸਦੇ ਹਨ, ਜਿਵੇਂ—ਪੰ੦ ਘਰ (=ਘਰ੍), ਪੰ੦ ਪਾਸ (=ਪਾਸ੍) ਆਦਿ। ਇਸ ਦਾ ਕਾਰਣ ਇਹ ਜਾਪਦਾ ਹੈ ਕਿ ਸ਼ਬਦ ਦੀ ਧੁਨੀ ਤਾਂ ਕੁਝ ਸਮੇਂ ਪਿੱਛੋਂ ਬਦਲ ਜਾਂਦੀ ਹੈ, ਪਰ ਬਹੁਤਾ ਧੁਨੀ-ਭੇਦ ਨਾ ਹੋਣ ਕਰਕੇ ਸ਼ਬਦ ਪਹਿਲੇ ਵਾਂਗਰ ਹੀ ਲਿਖਿਆ ਜਾਂਦਾ ਹੈ।

ਬਾਕੀਆਂ ਸੂਰਾਂ ਵਿੱਚੋਂ ਜਦ ਕੋਈ ਸੂਰ ਕਿਸੇ ਸ਼ਬਦ ਦੇ ਆਰੰਭ ਵਿਚ ਆਉਂਦਾ ਹੈ ਜਾਂ ਵਿਚਲਾ ਜਾਂ ਅੰਤਲਾ ਅੱਖਰ ਬਣਦਾ ਹੈ, ਤਦ ਪੂਰਾ ਲਿਖਿਆ ਜਾਂਦਾ ਹੈ, ਜਿਵੇਂ—

| ਸ਼ਬਦ ਦੇ ਆਰੰਭ ਵਿੱਚ | ਵਿਚਲਾ ਜਾਂ ਅੰਤਲਾ ਅੱਖਰ ਬਣ ਕੇ |
|---|---|
| ਆਸ, ਆਦਰ | ਆਖਿਆ, ਧੀਆਂ |
| ਇਸ, ਇੱਟ | ਲਿਆਇਆ, ਮੋਇਆ |
| ਈਸਰ | ਭਾਈ, ਸਾਈਂ |
| ਉਸ, ਉਠ | ਕਟਾਉਣਾ |
| ਊਠ | ਹਊਆ |

੫੬. ਉਪਰਲੀਆਂ ਲਗਾਂ ਵਿੱਚੋਂ ( ਿ ) ਸਿਹਾਰੀ ਆਪਣੇ ਵਿਅੰਜਨ ਤੋਂ ਪਹਿਲਾਂ ਲਿਖੀ ਜਾਂਦੀ ਹੈ; ਜਿਵੇਂ ਭਿਗ। ਕੰਨਾ (ਾ) ਅਤੇ ਬਿਹਾਰੀ ( ੀ ) ਵਿਅੰਜਨਾਂ ਦੇ ਪਿੱਛੇ ਆਉਂਦੇ ਹਨ, ਜਿਵੇਂ ਕਾ-ਕੀ। ਲਾਂ ( ੇ ), ਦੁਲਾਈਆਂ ( ੈ ) ਹੋੜਾ ( ੋ ) ਅਤੇ ਕਨੌੜਾ ਆਪਣਿਆਂ ਵਿਅੰਜਨਾਂ ਦੇ ਉਪਰ ਲਿਖੇ ਜਾਂਦੇ ਹਨ, ਜਿਵੇਂ—ਦੇ, ਲੈ, ਰੋ, ਚੌ। ਔਂਕੜ ( ੁ ) ਅਤੇ ਦੁਲੈਂਕੜ ( ੂ ) ਆਪਣਿਆਂ ਵਿਅੰਜਨਾਂ ਦੇ ਹੇਠ ਲਿਖੇ ਜਾਂਦੇ ਹਨ, ਜਿਵੇਂ—ਪੁਲ, ਪੂਲਾ।

ਇਹ ਲਗਾਂ ਭਾਵੇਂ ਵਿਅੰਜਨ ਤੋਂ ਪਹਿਲਾਂ ਜਾਂ ਪਿੱਛੇ ਆਉਣ ਅਤੇ ਭਾਵੇਂ ਉੱਪਰ ਜਾਂ ਹੇਠ ਲਿਖੀਆਂ ਜਾਣ, ਇਨ੍ਹਾਂ ਦਾ ਉਚਾਰਣ ਆਪਣੇ ਵਿਅੰਜਨ ਤੋਂ ਪਿੱਛੇ ਹੀ ਕੀਤਾ ਜਾਂਦਾ ਹੈ।

# ਵਰਨਾਂ ਦਾ ਉਚਾਰਣ

## ਸੂਰ

੫੭. (ਕ) ਇ—ਈ—ਇਨ੍ਹਾਂ ਦਾ ਉਚਾਰਣ ਕਰਨ ਲੱਗੇ ਜੀਭ ਅਗੇ ਹੋ ਕੇ ਤਾਲੂ ਦੇ ਅਗਲੇ ਭਾਗ ਅਰਥਾਤ ਕਰੜੇ ਅੰਸ਼ ਦੇ ਕੋਲ ਅਪੜ ਜਾਂਦੀ ਹੈ। 'ਏ' ਦਾ

Digitized by Panjab Digital Library | www.panjabdigilib.org

ਉਚਾਰਣ ਕਰਨ ਲਗੇ ਜੀਭ ਕੁਝ ਨੀਵੀਂ ਹੋ ਜਾਂਦੀ ਹੈ। 'ਆ' ਬੋਲਣ ਲੱਗੇ ਜੀਭ ਹੋਰ ਵੀ ਨੀਵੀਂ ਹੋ ਜਾਂਦੀ ਹੈ।

ਇ, ਈ, ਏ—ਇਨ੍ਹਾਂ ਨੂੰ ਅਗਲੇ ਸੁਰ ਆਖਦੇ ਹਨ।

ਇ—ਈ ਦਾ ਉਚਾਰਣ ਕਰਨ ਲੱਗੇ ਜੀਭ ਉਚੀ ਰਹਿੰਦੀ ਹੈ—ਇਸ ਕਰਕੇ ਇਨ੍ਹਾਂ ਨੂੰ **ਉੱਚੇ ਸੁਰ** ਆਖਦੇ ਹਨ।

ਏ—ਵਿਚਲਾ ਸੁਰ ਹੈ।

ਆ—ਨੀਵਾਂ ਅਗਲਾ ਸੁਰ ਹੈ।

ਉ—ਊ ਦਾ ਉਚਾਰਣ ਕਰਨ ਲੱਗੇ ਜੀਭ ਪਿਛਾਂ ਹੋ ਕੇ ਤਾਲੂ ਦੇ ਪਿਛਲੇ ਕੂਲੇ ਹਿੱਸੇ ਕੋਲ ਉਠ ਕੇ ਪਹੁੰਚ ਜਾਂਦੀ ਹੈ। 'ਓ' ਬੋਲਣ ਲਗਿਆਂ ਜੀਭ ਹੋਰ ਹੇਠਾਂ ਹੋ ਜਾਂਦੀ ਹੈ। 'ਆ' ਦਾ ਉਚਾਰਣ ਕਰਨ ਲੱਗੇ ਹੋਰ ਵੀ ਵਧੇਰੇ ਨੀਵੀਂ ਹੋ ਜਾਂਦੀ ਹੈ।

'ਉ, ਊ' ਉੱਚੇ ਪਿਛਲੇ ਸੁਰ ਕਹੇ ਜਾਂਦੇ ਹਨ।

'ਓ' ਵਿਚਲਾ ਪਿਛਲਾ ਸੁਰ ਹੈ।

'ਆ' ਨੀਵਾਂ ਪਿਛਲਾ ਸੁਰ ਕਹਾਉਂਦਾ ਹੈ।

| | ਅਗਲੇ (ਹੋਠ ਫੈਲੇ ਹੋਏ) | ਕੇਂਦਰੀ (ਹੋਠ ਖੁਲ੍ਹੇ) | ਪਿਛਲੇ (ਹੋਠ ਗੋਲ) |
|---|---|---|---|
| ਉੱਚਾ | ਇ (ਈ) | | ਉ (ਊ) |
| ਵਿਚਲਾ ਉੱਚਾ | ਏ | | ਓ |
| ਨੀਵਾਂ ਵਿਚਲਾ | | ਅ | |
| ਨੀਵਾਂ | | | ਆ |

## ਸਾਨੁਨਾਸਿਕ ਸੁਰ

੫੮. ਪੰਜਾਬੀ ਦੇ ਕੁਝ ਸੁਰ ਮੂੰਹ ਅਤੇ ਨੱਕ ਦੋਹਾਂ ਵਿਚੋਂ ਸਾਹ ਬਾਹਰ ਕਢ ਕੇ ਬੋਲੇ ਜਾਂਦੇ ਹਨ, ਅਜਿਹਿਆਂ ਸੁਰਾਂ ਨੂੰ ਸਾਨੁਨਾਸਿਕ ਸੁਰ ਆਖਦੇ ਹਨ; ਜਿਵੇਂ—ਕਾਂ, ਰੂੰ, ਗੇਂਦ, ਸੌਂਪ ਆਦਿ ਦੇ -ਆਂ, -ਊਂ, -ਏਂ, -ਔਂ ਸਾਨੁਨਾਸਿਕ ਸੁਰ ਹਨ। ਪੰਜਾਬੀ ਵਿਚ ਇਨ੍ਹਾਂ ਦੀ ਸਾਨੁਨਾਸਿਕਤਾ ਦੱਸਣ ਲਈ ਕੋਈ ਵਖਰਾ ਚਿੰਨ੍ਹ ਨਹੀਂ ਵਰਤਿਆ ਜਾਂਦਾ।

Digitized by Panjab Digital Library | www.panjabdigilib.org

# ਵਿਅੰਜਨਾਂ ਦਾ ਉਚਾਰਣ

੫੯. 'ਕ' ਤੋਂ ਲੈਕੇ 'ਮ' ਤਕ—ਇਨ੍ਹਾਂ ਪੰਝੀਆਂ ਵਰਣਾਂ ਨੂੰ **ਸਪਰਸ਼ ਵਰਣ** ਆਖਦੇ ਹਨ। ਇਨ੍ਹਾਂ ਦਾ ਉਚਾਰਣ ਕਰਨ ਲੱਗੇ ਜੀਭ ਦੇ ਕਿਸੇ ਨਾ ਕਿਸੇ ਭਾਗ ਨਾਲ ਕੰਠ ਜਾਂ ਤਾਲੂ ਲਗਦਾ ਹੈ, ਜਾਂ ਉਪਰਲਾ ਜਾਂ ਹੇਠਲਾ ਹੋਠ ਛੂੰਹਦਾ ਹੈ।

ਜਿਸ ਟਿਕਾਣੇ ਤੇ ਵਰਣ ਦੀ ਧੁਨੀ (ਆਵਾਜ਼) ਬਣਦੀ ਹੈ ਅਤੇ ਸੁਣਨ ਵਿਚ ਆਉਂਦੀ ਹੈ, ਉਸ ਨੂੰ ਉਸ ਵਰਣ ਦਾ **ਉਚਾਰਣ-ਸਥਾਨ** ਆਖਦੇ ਹਨ।

ਜੀਭ ਦਾ ਸਪਰਸ਼ ਕਿਸ ਟਿਕਾਣੇ ਹੁੰਦਾ ਹੈ—ਇਸ ਦਾ ਖਿਆਲ ਕਰਕੇ ਸਪਰਸ਼ਾਂ ਨੂੰ ਪੰਜਾਂ ਵਰਗਾਂ ਵਿਚ ਵੰਡਿਆ ਗਿਆ ਹੈ। ਮੂੰਹ ਦੇ ਅੰਦਰ ਵੱਲੋਂ ਉਚਾਰਣ-ਟਿਕਾਣੇ ਇਹ ਹਨ—-ਕੰਠ, ਤਾਲੂ, ਮੂਰਧਾ, ਦੰਦ, ਹੋਠ।

(੧) ਕਵਰਗ ਜਾਂ ਕੰਠ ਦੇ ਵਰਣ—ਕ, ਖ, ਗ, ਘ, ਙ।

(੨) ਚਵਰਗ ਜਾਂ ਤਾਲੂ ਦੇ ਵਰਣ—ਚ, ਛ, ਜ, ਝ, ਞ।

(੩) ਟਵਰਗ ਜਾਂ ਮੂਰਧਾ ਦੇ ਵਰਣ—ਟ, ਠ, ਡ, ਢ, ਣ।

(੪) ਤਵਰਗ ਜਾਂ ਦੰਦਾਂ ਦੇ ਵਰਣ—ਤ, ਥ, ਦ, ਧ, ਨ।

(੫) ਪਵਰਗ ਜਾਂ ਹੋਠਾਂ ਦੇ ਵਰਣ—ਪ, ਫ, ਬ, ਭ, ਮ।

ਹਰ ਇਕ ਵਰਗ ਵਿਚ ਪੰਜ ਵਰਣ ਹਨ। ਇਨ੍ਹਾਂ ਵਿੱਚ ਵਰਗ ਦਾ ਅੰਤਲਾ ਵਰਣ ਅਨੁਨਾਸਿਕ ਹੈ, ਇਸ ਤਰ੍ਹਾਂ ਙ, ਞ, ਣ, ਨ, ਮ—ਅਨੁਨਾਸਿਕ ਹਨ। ਇਨ੍ਹਾਂ ਦਾ ਉਚਾਰਣ ਮੂੰਹ ਅਤੇ ਨੱਕ ਵਿੱਚੋਂ ਹੁੰਦਾ ਹੈ। ਓਸ ਵੇਲੇ ਜੀਭ ਅਤੇ ਬੁੱਲਾਂ ਦੀ ਹਾਲਤ ਉਹੋ ਹੁੰਦੀ ਹੈ ਜਿਹੜੀ ਉਸ ਵਰਗ ਦੇ ਘੋਸ਼ ਦਾ ਉਚਾਰਣ ਕਰਨ ਵੇਲੇ।

ਉਪਰ ਦਸਿਆਂ ਵਿਅੰਜਨਾਂ ਵਿੱਚੋਂ ਘ, ਝ, ਢ, ਧ, ਭ ਦਾ ਉਚਾਰਣ ਦੋ ਤਰ੍ਹਾਂ ਦਾ ਹੈ। ਇਸ ਬਾਬਤ ਅੱਗੇ ਦਸਿਆ ਜਾਏਗਾ।

ਕ਼, ਖ਼, ਗ਼, ਜ਼, ਯ਼, ਫ਼, ਸ਼—ਇਹ ਅਰਬੀ, ਫ਼ਾਰਸੀ ਅਤੇ ਅੰਗਰੇਜ਼ੀ ਸ਼ਬਦਾਂ ਵਿਚ ਵਰਤੇ ਜਾਂਦੇ ਹਨ।

Digitized by Panjab Digital Library | www.panjabdigilib.org

## ੬੦. ਵਿਅੰਜਨਾਂ ਦਾ ਉਚਾਰਣ

| | ਅਘੋਸ਼ | | ਘੋਸ਼ | |
|---|---|---|---|---|
| ਉਚਾਰਣ ਦੀ ਜਗਾ | ੧ ਅਲਪ-ਪ੍ਰਾਣ | ੨ ਮਹਾ-ਪ੍ਰਾਣ | ੩ ਅਲਪ-ਪ੍ਰਾਣ | ੪ ਅਨੁਨਾਸਿਕ |
| ਕੰਠ | ਕ | ਖ | ਗ | ਙ |
| ਤਾਲੂ | ਚ | ਛ | ਜ | ਞ |
| ਮੂਰਧਾ | ਟ | ਠ | ਡ | ਣ |
| ਦੰਦ | ਤ | ਥ | ਦ | ਨ |
| ਹੋਠ | ਪ | ਫ | ਬ | ਮ |

੬੧. ਘ, ਝ, ਢ, ਧ, ਭ—ਇਹ ਜਦ ਸ਼ਬਦ ਦੇ ਆਰੰਭ ਵਿਚ ਹੁੰਦੇ ਹਨ, ਤਾਂ ਇਹ ਅਘੋਸ਼ ਅਲਪ ਪ੍ਰਾਣ ਹੋ ਜਾਂਦੇ ਹਨ ਅਤੇ ਪ੍ਰਾਣ ਦੀ ਜਗਾ ਇਕ ਤਰ੍ਹਾਂ ਦੀ ਸੁਰ ਲੈ ਲੈਂਦੀ ਹੈ। ਇਹ ਲਾਗੇ ਦਾ ਸੁਰ ਇਸ ਸੁਰ ਵਿਚ ਬੋਲਿਆ ਜਾਂਦਾ ਹੈ। ਜਿਵੇਂ :—ਘੋੜਾ [=ਕੋ$_{U}$ੜਾ], ਝਟ [=ਚ$_{U}$ਟ], ਢੋਉ [=ਟੋ$_{U}$ਉ], ਧਨ [=ਤ$_{U}$ਨ], ਭੇ [=ਪੇ$_{U}$] ਆਦਿ।

ਸ਼ਬਦ ਦੇ ਵਿਚਕਾਰ ਜਾਂ ਅੰਤ ਵਿੱਚ ਇਹ ਘੋਸ਼ ਅਲਪਪ੍ਰਾਣ ਬਣ ਜਾਂਦੇ ਹਨ; ਜਿਵੇਂ :—ਦੁੱਧ [=ਦੁ^ਦੱ], ਕੁਝ [=ਕੁ^ਜੱ] ਆਦਿ। ਇਹ ਸੁਰ ਪਹਿਲੀ ਦੱਸੀ ਗਈ ਸੁਰ ਨਾਲੋਂ ਵਖਰੀ ਹੈ। ਇਸ ਨੂੰ ਨੀਵੀਂ ਚੜ੍ਹਦੀ ਸੁਰ ਕਹਿੰਦੇ ਹਨ।

ਪੰਜਾਬੀ ਦੀਆਂ ਇਹ ਧੁਨੀਆਂ ਇਕ ਪਾਸੇ ਸੰਸਕ੍ਰਿਤ ਦੀਆਂ घ, झ, ढ, ध, भ, ਦੀ ਥਾਂ ਆਉਂਦੀਆਂ ਹਨ ਅਤੇ ਦੂਜੇ ਪਾਸੇ क, च, ट, त, प ਦੀ ਜਗਾ ਵੀ ਆਈਆਂ ਦਿਸਦੀਆਂ ਹਨ; ਜਿਵੇਂ :—

ਸੰ॰ घट > ਪੰ॰ ਘੜਾ,

Digitized by Panjab Digital Library | www.panjabdigilib.org

ਸੰ॰ ਘਨ > ਪੰ॰ ਧਨ,

ਸੰ॰ ਮਦ੍ਰ- > ਪੰ॰ ਭਲਾ,

ਸੰ॰ ਤੁਖ਼ਿਡ- > ਪੰ॰ ਧੁੰਨੀ ।

ਇਸੇ ਕਾਰਨ ਅਜਿਹੇ ਕਈ ਸ਼ਬਦ ਦੋ ਤਰ੍ਹਾਂ ਲਿਖੇ ਮਿਲਦੇ ਹਨ; ਜਿਵੇਂ :— ਪਰਭਾਤ—ਭਰਬਾਤ [ਦੇ॰ ਸੀ ਹਰਫੀ, ਹਿਦਾਯਤੁਲਾ, ਸ॰ ੮] ਅਤੇ ਪਹਿਲਵਾਨ —ਭਲਵਾਨ ।

੬੨. ਯ, ਰ, ਲ, ਵ—ਇਹ ਚਾਰ ਵਰਣ ਸਪਰਸ਼ਾਂ ਅਤੇ ਊਸ਼ਮਾਂ ਦੇ ਵਿਚਕਾਰ ਹਨ, ਇਸ ਲਈ ਇਨ੍ਹਾਂ ਨੂੰ **ਅੰਤਸਥ** ਵਰਣ ਆਖਦੇ ਹਨ । ਇਨ੍ਹਾਂ ਨੂੰ **ਅਰਧ ਸ੍ਵਰ** ਵੀ ਕਹਿੰਦੇ ਹਨ ।

੬੩. ਸ, ਹ—ਇਹ ਦੋ ਊਸ਼ਮ ਵਰਣ ਹਨ ।

(ਕ) ਚੇਤੇ ਰਹੇ ਕਿ ਸ੍ਵਰਾਂ ਵਿਚਲਾ 'ਹ' ਲਿਖਣ ਵਿੱਚ ਤੇ ਆਉਂਦਾ ਹੈ, ਪਰ ਅਸਲ ਵਿੱਚ ਇਸ ਦੀ ਜਗਾ 'ਸੁਰ' ਨੇ ਲੈ ਲਈ ਹੈ, ਜਿਵੇਂ :—

ਰਹੁ, ਰਾਹੀ, ਮਾਹੀ, ਆਦਿ ਵਿੱਚ ।

(ਖ 'ਹ' ਦੀਆਂ ਤਿੰਨ ਅਵਾਜ਼ਾਂ ਹਨ :—

(੧) ਜਿਹੜੀ 'ਹਾਏ', 'ਹਾਰ' ਆਦਿ ਵਿੱਚ ਸੁਣੀ ਜਾਂਦੀ ਹੈ ।

(੨) ਜਿਹੜੀ ਵਿਹਲਾ, ਕਾਹਲਾ ਆਦਿ ਵਿੱਚ ਲਿਖੀ ਮਿਲਦੀ ਹੈ, ਪਰ ਜੋ ਅਸਲ ਵਿੱਚ ਸੁਰ ਦਾ ਚੜ੍ਹਾ' ਹੀ ਦਸਦੀ ਹੈ ।

(੩) ਨਾਦ ਵਾਲੀ ।

## ਦੁਤ ਵਿਅੰਜਨ

੬੪. ਦੁਤ ਵਿਅੰਜਨ ਦਾ ਦੋ ਵਾਰ ਨਹੀਂ ਉਚਾਰਣ ਕੀਤਾ ਜਾਂਦਾ । ਦੁਤ ਵਿਅੰਜਨ ਅਸਲ ਵਿਚ ਲੰਮਾ ਵਿਅੰਜਣ ਹੁੰਦਾ ਹੈ । ਦੂਜਿਆਂ ਸ਼ਬਦਾਂ ਵਿਚ ਉਸ ਵਿਅੰਜਨ ਦੇ ਉਚਾਰਨ-ਥਾਂ ਉਪਰ ਮੇਲ (ਛੋਹ) ਬਹੁਤੇ ਛਿਣ ਰਹਿੰਦਾ ਹੈ ।

Digitized by Panjab Digital Library | www.panjabdigilib.org

## ੬੫. ਵਿਅੰਜਨਾਂ ਦੇ ਉੱਚਾਰਣ ਦੇ ਟਿਕਾਣੇ

| ਉਚਾਰਣ ਦਾ ਢੰਗ | | | ਗਲ ਦੀ ਨਾਲੀ | ਕੂਲੇ ਤਾਲੂ ਅਤੇ ਜੀਭ ਦਾ ਮੁਢ | ਖਰ੍ਹਵੇ ਤਾਲੂ ਦਾ ਉਤਲਾ ਭਾਗ ਅਤੇ ਜੀਭ ਦਾ ਵਿਚਲਾ ਭਾਗ | ਤਾਲੂ ਦਾ ਸਿਖਰ ਅਤੇ ਉਲਟੀ ਜੀਭ ਦਾ ਅਗਲਾ ਭਾਗ | ਦੰਦ ਅਤੇ ਜੀਭ ਦਾ ਅਗਲਾ ਭਾਗ | ਦੋਵੇਂ ਹੋਠ | ਮਸੂੜ੍ਹੇ ਅਤੇ ਜੀਭ ਦੀ ਨੋਕ |
|---|---|---|---|---|---|---|---|---|---|
| ਸਪਰਸ਼ | ਅਲਪਪ੍ਰਾਣ | ਅਘੋਸ਼ | | ਕ | ਚ | ਟ | ਤ | ਪ | |
| | | ਘੋਸ਼ | | ਗ | ਜ | ਡ | ਦ | ਬ | |
| | ਮਹਾਪ੍ਰਾਣ | ਅਘੋਸ਼ | | ਖ | ਛ | ਠ | ਥ | ਫ | |
| | ਸੁਰ ਵਾਲੇ | ਸ਼ਬਦ ਦੇ ਅਰੰਭ ਵਿਚ ਅਘੋਸ਼ | | ਘ | ਝ | ਢ | ਧ | ਭ | |
| | | ਸ਼ਬਦਾਂ ਦੇ ਵਿਚਕਾਰ ਜਾਂ ਅੰਤ ਵਿਚ ਘੋਸ਼ | | ਘ | ਝ | ਢ | ਧ | ਭ | |
| | ਨਾਸਕੀ | | | ਙ | ਞ | ਣ | ਨ | ਮ | |

Digitized by Panjab Digital Library | www.panjabdigilib.org

| ਉੱਚਾਰਣ ਦਾ ਢੰਗ | | ਗਲ ਦੀ ਨਾਲੀ | ਕੂਲੇ ਤਾਲੂ ਅਤੇ ਜੀਭ ਦਾ ਮੁਢ | ਖਰ੍ਹਵੇ ਤਾਲੂ ਦਾ ਉਤਲਾ ਭਾਗ ਅਤੇ ਜੀਭ ਦਾ ਵਿਚਲਾ ਭਾਗ | ਤਾਲੂ ਦਾ ਸਿਖਰ ਅਤੇ ਉਲਟੀ ਜੀਭ ਦਾ ਅਗਲਾ ਭਾਗ | ਦੰਦ ਅਤੇ ਜੀਭ ਦਾ ਅਗਲਾ ਭਾਗ | ਦੋਵੇਂ ਹੋਠ | ਮਸੂੜ੍ਹੇ ਅਤੇ ਜੀਭ ਦੀ ਨੋਕ |
|---|---|---|---|---|---|---|---|---|
| ਉੱਚਾਰਣ ਕਰਦੇ ਜੀਭ ਕੰਬਦੀ ਹੈ | ਘੋਸ਼ | | | | | | | ਰ |
| ਉੱਚਾਰਣ ਸਮੇਂ ਹਵਾ ਪਾਸਿਆਂ ਤੋਂ ਨਿਕਲਦੀ ਰਹਿੰਦਾ ਹੈ | | | | | | | | ਲ |
| ਜੀਭ ਦਾ ਅਗਲਾ ਹਿੱਸਾ ਤਾਲੂ ਨਾਲ ਲੱਗ ਕੇ ਝਟਕੇ ਨਾਲ ਉਪਰਲੇ ਮਸੂੜ੍ਹੇ ਨਾਲ ਟਕਰਾਂਦਾ ਹੈ | | | | | ੜ | | | |
| ਊਸ਼ਮ | ਘੋਸ਼ | ਹ | | | | | | |
| | ਅਘੋਸ਼ | | | | | | | ਸ |
| ਅਰਧ ਸੂਰ | | | | ਯ | | | ਵ | |

# ਸੰਯੁਕਤ ਵਿਅੰਜਨ

੬੬. ਜਦ ਦੋ ਵਿਅੰਜਨਾਂ ਦੇ ਵਿਚਕਾਰ ਸੂਰ ਨਾ ਹੋਵੇ ਤਦ ਉਨ੍ਹਾਂ ਦੇ ਮਿਲਾਪ ਨੂੰ **ਸੰਜੋਗ** ਆਖਦੇ ਹਨ ਅਤੇ ਜੁੜਿਆਂ ਹੋਇਆਂ ਵਿਅੰਜਨਾਂ ਨੂੰ **ਸੰਯੁਕਤ** ਕਹਿਦੇ ਹਨ, ਜਿਵੇਂ—ਗ੍ਰੰਥ ਦੇ ਪਹਿਲੇ ਅੱਖਰ ਦੇ ਗ੍ ਅਤੇ ਰ੍ ਸੰਯੁਕਤ ਹਨ, ਕਿਉਂਕਿ ਇਨ੍ਹਾਂ ਦੋਹਾਂ ਦੇ ਵਿਚਕਾਰ ਕੋਈ ਸੂਰ ਨਹੀਂ ।

ਪੰਜਾਬੀ ਵਿੱਚ 'ਹ', 'ਰ', 'ਵ' ਹੀ ਦੂਜਿਆਂ ਵਿਅੰਜਨਾਂ ਨਾਲ ਮਿਲਦੇ ਹਨ; ਜਿਵੇਂ—ਵਰ੍ਹਾ, ਪ੍ਰੇਤ, ਸ੍ਵਰ ।

੬੭. ਸੰਯੁਕਤ ਅੱਖਰ ਦਾ ਪਹਿਲਾ ਵਰਣ ਲਗ-ਰਹਿਤ ਹੁੰਦਾ ਹੈ ਅਤੇ ਸਮੁੱਚੇ ਅੱਖਰ ਦੀ ਲਗ ਦੂਜੇ ਵਰਣ ਨਾਲ ਹੀ ਲਗਾਈ ਅਤੇ ਬੋਲੀ ਜਾਂਦੀ ਹੈ, ਜਿਵੇਂ—ਕ੍ਰੋਧ ਦਾ ਕ੍ ਨਿਰੋਲ ਵਿਅੰਜਨ ਹੈ ਅਤੇ ਰ੍ ਨਾਲ ਮਿਲਿਆ ਹੋਇਆ ਹੈ ਅਤੇ ਹੋੜਾ 'ਰ' ਉੱਪਰ ਹੀ ਲਗਾਇਆ ਗਿਆ ਹੈ ।

## ਸ਼ਬਦ-ਜੋੜ

੬੮. ਪੰਜਾਬੀ ਭਾਸ਼ਾ ਦੇ ਸ਼ਬਦ-ਜੋੜਾਂ ਵਿੱਚ ਅਜੇ ਤੀਕਰ ਪੂਰੀ ਇਕਸਾਰਤਾ ਨਹੀਂ ਆਈ । ਪਰ ਪੰਜਾਬ ਦਿਆਂ ਸਕੂਲਾਂ, ਕਾਲਜਾਂ, ਦਫਤਰਾਂ ਅਤੇ ਅਦਾਲਤਾਂ ਦੀ ਬੋਲੀ ਬਣ ਜਾਣ ਕਰਕੇ ਇਸ ਦੇ ਸ਼ਬਦ-ਜੋੜਾਂ ਨੂੰ ਇਕਸਾਰ ਕਰਨਾ ਜ਼ਰੂਰੀ ਹੋ ਗਿਆ ਹੈ । ਇਸੇ ਗੱਲ ਨੂੰ ਸਾਹਮਣੇ ਰਖ ਕੇ ੧੯੫੧ ਵਿਚ ਮਹਿਕਮਾ ਪੰਜਾਬੀ, ਪਟਿਆਲਾ, ਵਲੋਂ ਸਥਾਪਿਤ ਸ਼ਬਦ-ਜੋੜ ਕਮੇਟੀ ਨੇ ਜੋੜਾਂ ਬਾਰੇ ਕੁਝ ਨੇਮ ਬਣਾਏ ਹਨ, ਜਿਨ੍ਹਾਂ ਵਿਚੋਂ ਮੋਟੇ ਮੋਟੇ ਨੇਮ ਏਥੇ ਦੱਸੇ ਜਾਣਗੇ ।

੬੯. ਪੰਜਾਬੀ ਦਿਆਂ ਕਈਆਂ ਸ਼ਬਦਾਂ ਵਿੱਚ ਇਕ ਖਾਸ ਸੂਰ ਸੁਣਾਈ ਦੇਂਦੀ ਹੈ, ਜੋ 'ਹ' ਦੁਆਰਾ ਪਰਗਟ ਕੀਤੀ ਜਾਂਦੀ ਹੈ; ਜਿਵੇਂ—ਬੈਨ੍ਹ, ਸੰਨ੍ਹ, ਸਿਲ੍ਹ, ਗਲ੍ਹ, ਗੜ੍ਹ, ਪੜ੍ਹ ।

## ਣ ਅਤੇ ਨ

੭੦. (ਕ) ਪੰਜਾਬੀ ਸ਼ਬਦਾਂ ਦੇ ਆਰੰਭ ਵਿਚ 'ਨ' ਆਉਂਦਾ ਹੈ, 'ਣ' ਨਹੀਂ ਆਉਂਦਾ; ਜਿਵੇਂ—ਨਾਉਂ, ਨਿੱਕਾ, ਨਜ਼ਰ, ਨਦੀ, ਨਾਲਾ, ਨਿਤ, ਨਾ, ਨਹੀਂ, ਆਦਿ ।

(ਖ) ਪੰਜਾਬੀ ਸ਼ਬਦਾਂ ਦੇ ਵਿਚਕਾਰ ਜਾਂ ਅੰਤ ਵਿਚ ਆਮ ਕਰਕੇ 'ਣ' ਹੀ ਹੁੰਦਾ ਹੈ , ਜੇਕਰ ਅਨੁਨਾਸਿਕ ਦੁੱਤ ਨ ਹੋਵੇ; ਜਿਵੇਂ—

ਰਹਿਣ, ਆਪਣਾ, ਸੋਹਣੀ, ਪੰਜਾਬਣ, ਸੱਜਣ, ਕੌਣ ।

(ਗ) ਜਦ 'ਣ' ਤੋਂ ਪਹਿਲਾਂ ਰ, ੜ, ਜਾਂ ਣ ਆਉਂਦਾ ਹੋਵੇ, ਤਦ ਣ ਦੀ ਥਾਂ ਨ ਹੋ ਜਾਂਦਾ ਹੈ; ਜਿਵੇਂ—ਫੇਰਨਾ, ਵਿਗੜਨਾ, ਸੁਣਨਾ ।

Digitized by Panjab Digital Library | www.panjabdigilib.org

ਜੇ 'ਰ' ਜਾਂ 'ੜ' ਨਾਲ 'ਹ' ਜੁੜਿਆ ਵੀ ਹੋਵੇ, ਤਾਂ ਵੀ 'ਣ' ਦੀ ਜਗ੍ਹਾ 'ਨ' ਹੋ ਜਾਂਦਾ ਹੈ; ਜਿਵੇਂ—ਵਰ੍ਹਨਾ, ਪੜ੍ਹਨਾ ।

(ਘ) ਪੰਜਾਬੀ ਵਿੱਚ ਕੁਝ ਸ਼ਬਦ ਅਜਿਹੇ ਹਨ, ਜੋ 'ਣ' ਨਾਲ ਲਿਖਿਆਂ ਹੋਰ ਅਰਥ ਦਿੰਦੇ ਹਨ ਅਤੇ 'ਨ' ਨਾਲ ਹੋਰ; ਜਿਵੇਂ—

ਸਣ—**ਸਣ** ਦਾ ਵਾਣ ਵਟਿਆ ਜਾਂਦਾ ਹੈ ।

ਸਨ—ਅੱਜ ਭਰਾ ਹੋਰੀਂ ਆਏ **ਸਨ** ।

ਹਾਣ—**ਹਾਣ** ਨੂੰ **ਹਾਣ** ਪਿਆਰਾ ਹੁੰਦਾ ਹੈ ।

ਹਾਨ—ਭਾਵੇਂ **ਹਾਨ** ਹੋਵੇ, ਭਾਵੇਂ ਲਾਭ, ਬੰਦੇ ਨੂੰ ਸਿੱਧੇ ਰਸਤੇ ਤੇ ਹੀ ਚਲਣਾ ਚਾਹੀਦਾ ਹੈ ।

ਹਾਣੀ—ਇਹ ਮੇਰਾ **ਹਾਣੀ** ਹੈ ।

ਹਾਨੀ—ਖੋਟਿਆਂ ਕੰਮਾਂ ਤੋਂ **ਹਾਨੀ** ਹੀ ਹੁੰਦੀ ਹੈ ।

ਕਾਣਾ—ਮੁੰਡਾ ਹੈ ਤੇ ਸੋਹਣਾ, ਪਰ **ਕਾਣਾ** ਹੈ ।

ਕਾਨਾ—**ਕਾਨਾ** ਲੈ ਕੇ ਕਲਮਾਂ ਘੜ ਲੈ ।

ਜਾਣ—ਜਾਂਦਾ ਹੈ ਤੇ **ਜਾਣ** ਦੇ ।

ਜਾਨ—**ਜਾਨ** ਨਾਲੋਂ ਕੀ ਪਿਆਰਾ ਹੁੰਦਾ ਹੈ ?

ਪੋਣਾ—**ਪੋਣੇ** ਨਾਲ ਦੁੱਧ ਪੁਣ ਲਓ ।

ਪੋਨਾ—**ਪੋਨਾ ਗੰਨਾ** ਵਧੀਆ ਹੁੰਦਾ ਹੈ ।

ਮਣ—ਚਾਲੀਆਂ ਸੇਰਾਂ ਦਾ **ਮਣ** ਹੁੰਦਾ ਹੈ ।

ਮਨ—**ਮਨ** ਬਹੁਤ ਚੰਚਲ ਹੈ ।

ਰੋਗਣ—ਤੂੰ **ਰੋਗਣ** ਹੈਂ, ਤੈਨੂੰ ਬਦਪਰਹੇਜ਼ੀ ਨਹੀਂ ਕਰਨੀ ਚਾਹੀਦੀ ।

ਰੋਗਨ—ਦਰਵਾਜ਼ਿਆਂ ਨੂੰ ਰੰਗ-**ਰੋਗਨ** ਅਜੇ ਤੀਕ ਨਹੀਂ ਕਰਵਾਇਆ ।

## ਯ ਤੇ ਵ

੭੧. ਗੁਰਮੁਖੀ ਲਿਪੀ ਵਿਚ ਸੰਯੁਕਤ ਵਿਅੰਜਨ ਘਟ ਹੀ ਲਿਖਣ ਵਿਚ ਆਉਂਦੇ ਹਨ, ਇਸ ਕਰਕੇ ਹਿੰਦੀ ਸੰਯੁਕਤ 'ਯ' ਅਤੇ 'ਵ' ਦੀ ਜਗਾ ਆਮ ਕਰਕੇ 'ਇ' ਅਤੇ 'ਉ' ਲਿਖੇ ਜਾਂਦੇ ਹਨ; ਜਿਵੇਂ—

| ਹਿੰ॰ | ਪੰ॰ |
|---|---|
| प्यार | ਪਿਆਰ |
| क्यों | ਕਿਉਂ |
| स्वामी | ਸੁਆਮੀ |

Digitized by Panjab Digital Library | www.panjabdigilib.org

੭੨. ਕਿਸੇ ਸ਼ਬਦ ਦੇ ਵਰਣਾਂ ਦਾ ਕ੍ਰਮ ਅਨੁਸਾਰ ਦੱਸਣਾ ਹੀ ਸ਼ਬਦ ਦਾ ਜੋੜ ਕਰਨਾ ਹੈ; ਜਿਵੇਂ—

ਖਾਏ=ਖਾ+ਏ =ਖ੍ +ਆ+ਏ।

ਚਾਲੀਆਂ=ਚਾ+ਲੀ+ਆਂ=ਚ੍+ਆ+ਲ੍+ਈ+ਆਂ ।

ਬੱਚਾ=ਬਚ੍+ਚਾ=ਬ੍+ਅ+ਚ੍+ਚ੍+ਆ ।

## ਅੰਕ

੭੩. ਪੰਜਾਬੀ ਦੇ ਅੰਕ ਇਹ ਹਨ—

੧, ੨, ੩, ੪, ੫, ੬, ੭, ੮, ੯, ੦ ।

## ਧੁਨੀਆਂ ਦਾ ਵਟਾਂਦਰਾ

੭੪. ਹੋਰਨਾਂ ਭਾਸ਼ਾਵਾਂ ਵਾਂਗ ਪੰਜਾਬੀ ਵਿਚ ਵੀ ਧੁਨੀਆਂ ਵੱਟ ਜਾਂਦੀਆਂ ਹਨ । ਕਦੇ ਕੋਈ ਨਵਾਂ ਵਰਣ ਵਧਾਇਆ ਜਾਂਦਾ ਹੈ ਅਰਥਾਤ ਉਸ ਨਵੇਂ ਵਰਣ ਦਾ **ਆਗਮ** ਹੁੰਦਾ ਹੈ, ਕਦੀ ਸ਼ਬਦ ਦੇ ਕਿਸੇ ਵਰਣ ਦਾ **ਲੋਪ** ਹੋ ਜਾਂਦਾ ਹੈ ਅਰਥਾਤ ਉਹ ਉਡ ਜਾਂਦਾ ਹੈ ਅਤੇ ਕਦੀ ਇਕ ਵਰਣ ਦੀ ਥਾਂ ਦੂਜਾ ਵਰਣ ਆ ਜਾਂਦਾ ਹੈ, ਇਸ ਨੂੰ **ਆਦੇਸ਼** ਕਹਿੰਦੇ ਹਨ । ਇਹ ਤਬਦੀਲੀਆਂ ਸ਼ਬਦ ਦੇ ਕਿਸੇ ਵੀ ਭਾਗ ਵਿਚ—ਅਰਥਾਤ ਆਰੰਭ ਵਿਚ, ਵਿਚਕਾਰ ਜਾਂ ਅੰਤ ਵਿੱਚ—ਹੋ ਸਕਦੀਆਂ ਹਨ ।

੭੫. ਜਦ ਵੀ ਧੁਨੀ ਦਾ ਵਟਾਂਦਰਾ ਹੁੰਦਾ ਹੈ, ਕਿਸੇ ਕਾਰਨ ਕਰਕੇ ਅਤੇ ਕਿਸੇ ਨਿਯਮ ਅਨੁਸਾਰ ਹੁੰਦਾ ਹੈ । ਬਹੁਤ ਵਾਰੀ ਕਿਸੇ ਵਰਣ ਦੀ ਥਾਂ ਉਸ ਦਾ ਸੰਬੰਧੀ ਵਰਣ, ਜਿਹੜਾ ਉਸ ਨਾਲ ਮਿਲਦਾ ਹੈ, ਲੈਂਦਾ ਹੈ । ਪੰਜਾਬੀ ਵਿੱਚ ਸੂਰਾਂ ਅਤੇ ਵਿਅੰਜਨਾਂ ਦੇ ਜਿਹੜੇ ਵਟਾਂਦਰੇ ਦੇਖਣ ਵਿਚ ਆਉਂਦੇ ਹਨ, ਉਨ੍ਹਾਂ ਦਾ ਸੰਖਿਪਤ ਵਰਣਨ ਏਥੇ ਕੀਤਾ ਜਾਂਦਾ ਹੈ ਅਤੇ ਨਾਲ ਹੀ ਵਰਣਾਂ ਦਾ ਆਪੋ ਵਿਚਲਾ ਸੰਬੰਧ ਵੀ ਦਸਿਆ ਜਾਂਦਾ ਹੈ ।

## ਸੂਰ

੭੬. ਸੂਰ ਦਾ ਆਗਮ ।

'ਅ' ਦਾ, ਜਿਵੇਂ—ਅਸ਼ਟਾਮ (< ਅੰ० Stamp) ।

'ਇ' ਦਾ, ਜਿਵੇਂ—ਇਸਤ੍ਰੀ (< ਸੰ० स्त्री) ।

'ਉ' ਦਾ, ਜਿਵੇਂ—ਉਸਤਤ (< ਸੰ० स्तुति) ।

Digitized by Panjab Digital Library | www.panjabdigilib.org

੧੭. ਸ੍ਵਰ ਦਾ ਲੋਪ ।

ਪੰ੦ ਬੈਠਾ (< ਸੰ੦ ਉਪਵਿਸ਼੍ਟ-) ਵਿੱਚ ਸੰ੦ 'ਉ' ਦਾ ਲੋਪ ਹੋ ਗਿਆ ਹੈ ।

੧੮. ਅ< >ਆ, ਜਿਵੇਂ—

ਤਪ—ਤਾਪ, ਮਰ—ਮਾਰ, ਤਰ—ਤਾਰ, ਮਹਿ—ਮਾਹੀ ।

(ਕ) ਮੱਛ—ਮਾਛੀ, ਜੰਜ—ਜਾਂਞੀ ।

(ਖ) ਈ—ਇ, ਜਿਵੇਂ—

ਪੀ—ਪਿਲਾ ।

(ਗ) ਊ> ਉ, ਜਿਵੇਂ—

ਜੂਆ—ਜੁਆਰੀਆ, ਧੂੰ—ਧੁਆਂਖ ।

(ਘ) ਇ, ਈ< >ਏ, ਜਿਵੇਂ—

ਛਿੜ—ਛੇੜ, ਗਿੜ—ਗੇੜ, ਜੇਠ—ਜਿਠਾਣੀ ।

(ਙ) ਉ, ਊ< >ਓ, ਜਿਵੇਂ—

ਮੁੜ—ਮੋੜ, ਟੁੱਟ—ਤੋੜ, ਗਊ—ਗੋਕਾ ।

(ਚ) ਆਇ> ਐ, ਜਿਵੇਂ—

ਨਾਈ—ਨਾਇਣ> ਨੈਣ,
ਕਸਾਈ—ਕਸਾਇਣ> ਕਸੈਣ ।

(ਛ) ਆਵ ਜਾਂ ਆਉ> ਔ, ਜਿਵੇਂ—

ਲਾਵਣ> ਲੌਣ,
ਆਵਣ> ਔਣ ।

'ਹੁਣ ਚੜ੍ਹੇ ਮਹੀਨੇ ਸੌਣ, ਬਦਲੀਆਂ ਔਣ,
ਛਮਾਛਮ **ਲੌਣ** ਝੜੀ ਬਰਸਾਤ ਦੀ ।' ਨਲ-ਦਮਿਅੰਤੀ-ਚਾਤ੍ਰਿਕ ।

## ੧੯. ਵਿਅੰਜਨਾਂ ਦਾ ਸੰਬੰਧ

(ਕ) ਸ—ਹ—

ਵਿੱਸ—ਵਿਹੁ, ਰੋਸਾ—ਰੋਹ, ਗਰਾਸ—ਗਰਾਹੀ, ਰਸ—ਰਹੁ, ਫਾਂਸੀ—ਫਾਹੀ, ਨਿਸਚਾ—ਨਿਹਚਾ, ਇਸਦਾ—ਇਹਦਾ, ਕਿਸਦਾ—ਕਿਹਦਾ, ਉਸਦਾ—ਉਹਦਾ, ਤੁਸਾਡਾ—ਤੁਹਾਡਾ, ਕਾਸਨੂੰ—ਕਾਹਨੂੰ, ਦਿਸਦਾ—ਦੀਹਦਾ ।

(ਖ) ਖ—ਹ—

ਵੇਖਦਾ—ਵਿਹੰਦਾ, ਆਖਦਾ—ਆਂਹਦਾ ।

(ਗ) ਟ—ੜ—

ਪਾਟ—ਪਾੜ, ਫੁੱਟ—ਫੋੜਾ, ਟੁੱਟ—ਤੋੜ, ਜੁੱਟ—ਜੋੜ ।

Digitized by Panjab Digital Library | www.panjabdigilib.org

(ਘ) ਤ—ਚ—

ਪਰੌਤਾ—ਪਰੌਚਾ (ਰਾਣਾ ਸੂਰਤ ਸਿੰਘ, ਸਫ਼ਾ ੬੦),

ਗਵਾਤਾ—ਗਵਾਚਾ, ਮੌਤ੍ਰਾ—ਮਚਿਆ, ਪਹੁਤੀ—ਪਹੁੰਚੀ।

(ਙ) ਵ—ਬ, ਜਿਵੇਂ—

ਵਾ (ਹਵਾ)—ਬਾ, ਵਿਧ—ਬਿਧ, ਵਣਜ—ਬਣਜ, ਵੀਰ—ਬੀਰ।

(ਚ) ਰ—ਲ, ਜਿਵੇਂ—

ਰੋਹੜ੍ਹਾ—ਲੋਹੜ੍ਹਾ, ਪਰਤ—ਪਲਟ, √ਗਰ—√ਗਲ, ਰਾਸ—ਲਾਸ, ਰੁਚ—ਲੋਚ, ਰਾਲਾਂ—ਲਾਲਾਂ, ਵੇਲਾ—ਵੇਰ।

(ਛ) ਲ—ੜ, ਜਿਵੇਂ—

ਖਲੋ—ਖੜੋ, (ਜਿਵੇਂ—ਖਲੀਆਂ ਨੇ=ਖੜੀਆਂ ਨੇ); ਸਹੇਲੀ—ਸਹੇੜ, ਤਾਲ—ਤੌੜੀ।

## ਸੰਧੀ

੮੦. ਨਾਲੋ ਨਾਲ ਦੇ ਦੋ ਵਰਣਾਂ ਦੇ ਜੁੜ ਜਾਣ ਨੂੰ **ਸੰਧੀ** ਕਹਿੰਦੇ ਹਨ। ਸੰਧੀ ਦੋ ਤਰ੍ਹਾਂ ਦੀ ਹੈ—

**(੧) ਬਾਹਰਲੀ ਸੰਧੀ** ਅਤੇ **(੨) ਅੰਦਰਲੀ ਸੰਧੀ**।

੮੧. ਜਦ ਦੋ ਪਦ ਇਕ ਦੂਜੇ ਦੇ ਪਿੱਛੇ ਬੋਲੇ ਜਾਂਦੇ ਹਨ ਅਤੇ ਪਹਿਲੇ ਪਦ ਦਾ ਅੰਤਲਾ ਵਰਣ ਦੂਜੇ ਪਦ ਦੇ ਪਹਿਲੇ ਵਰਣ ਨਾਲ ਮਿਲ ਜਾਂਦਾ ਹੈ ਅਤੇ ਉਨ੍ਹਾਂ ਵਰਣਾਂ ਵਿੱਚ ਕੁਝ ਅਦਲਾ-ਬਦਲੀ ਹੋ ਜਾਂਦੀ ਹੈ, ਤਦ ਉਸ ਜੋੜ-ਮੇਲ ਨੂੰ **ਬਾਹਰਲੀ ਸੰਧੀ** ਆਖਦੇ ਹਨ। ਉਦਾਹਰਣ—

ਆਖਦਾ + ਐ=ਆਖਦੈ, ਲੈ + ਆਇਆ = ਲਿਆਇਆ।

੮੨. ਇੱਕੋ ਪਦ ਦੇ ਦੋਹਾਂ ਅੰਗਾਂ ਅਰਥਾਤ ਮੂਲ ਸ਼ਬਦ ਜਾਂ ਧਾਤੂ ਅਤੇ ਵਿਭਕਤੀ ਦੇ ਮੇਲ ਨੂੰ **ਅੰਦਰਲੀ ਸੰਧੀ** ਕਹਿੰਦੇ ਹਨ; ਜਿਵੇਂ—

ਛਾਂ + ਆਂ=ਛਾਵਾਂ, ਭ੍ਰਾ + ਆਂ=ਭ੍ਰਾਵਾਂ।

ਏਥੇ ਛਾਂ ਅਤੇ ਭ੍ਰਾ ਮੂਲ ਸ਼ਬਦ ਹਨ ਅਤੇ -ਆਂ ਵਿਭਕਤੀ ਹੈ।

### ਬਾਹਰਲੀ ਸੰਧੀ

੮੩. ਆ + ਆਂ=ਆਂ, ਜਿਵੇਂ—

ਆਉਣਾ + ਆਂ=ਆਉਣਾਂ (ਕਣਕ ਦੀ ਬੱਲੀ, ਸ० ੪੫),

ਖਾ + ਆਂ=ਖਾਂ (=ਮੈਂ ਖਾਵਾਂ)। (ਮਹਾਰਾਜ ਰਣਜੀਤ ਸਿੰਘ)

Digitized by Panjab Digital Library | www.panjabdigilib.org

ਅ + ਆਂ = ਆਂ, ਜਿਵੇਂ—

ਲੈ -ਆਂ > ਲਿਆਂ > ਲਆਂ > ਪੰ੦ ਲਾਂ (= ਮੈਂ ਲਵਾਂ)

(ਮਹਾਰਾਜ ਰਣਜੀਤ ਸਿੰਘ, ਸ੦ ੧੬੧) ।

ਇਥੇ ਪਹਿਲਾਂ 'ਲੈ' ਦਾ 'ਲ' (ਲ੍ + ਅ) ਹੋਇਆ ਹੈ ਅਤੇ ਫੇਰ 'ਅ' ਅਤੇ 'ਆਂ ਦੀ ਜਗਾ 'ਆਂ' ਹੋਇਆ ਹੈ ।

੮੪. ਆ + ਐ = ਐ; ਜਿਵੇਂ—

ਸੁਟਣਾ + ਐ = ਸੁਟਣੈ (ਕਣਕ ਦੀ ਬੱਲੀ),
ਲਿਆ + ਐ = ਲਿਐ (ਕਣਕ ਦੀ ਬੱਲੀ),
ਹੋਣਾ + ਐ = ਹੋਣੈ (ਕਣਕ ਦੀ ਬੱਲੀ),
ਉਠਦਾ + ਐ = ਉਠਦੈ (ਉਦੈਨ ਨਾਟਕ),
ਸੁਣਦਾ + ਐ = ਸੁਣਦੈ (ਸਾ੦ ਵਾ੦ ਸ੦ ੧੫੧) ।

੮੫. ਏ, ਐ ਦੇ ਪਿੱਛੇ ਜਦ ਦੀਰਘ ਸ੍ਵਰ ਹੋਵੇ ਤਦ ਇਨ੍ਹਾਂ ਦੀ ਜਗਾ 'ਅ' ਹੋ ਜਾਂਦਾ ਹੈ; ਜਿਵੇਂ—

ਹੈ + ਈ = ਹਈ (ਹੀਰ—ਮੁਕ਼ਬਿਲ),
ਕੇ + ਈ = ਕਈ ।

੮੬. ਐ ਦੇ ਪਿੱਛੇ ਕੋਈ ਹੋਰ ਦੀਰਘ ਸ੍ਵਰ ਹੋਵੇ ਤਾਂ ਇਹ ਹ੍ਰਸ੍ਵ ਹੋ ਜਾਂਦਾ ਹੈ; ਜਿਵੇਂ—

ਲੈ + ਆ = ਲਿਆ,
ਲੈ + ਓ = ਲਓ ।

੮੭. ਏ + ਏ = ਏ, ਜਿਵੇਂ—

ਦੇ + ਏ = ਦੇ ।

"ਸਖ਼ੀ ਨਾਲੋਂ ਸ਼ੂਮ ਭਲਾ, ਜਿਹੜਾ ਤੁਰਤ ਦੇ ਜਵਾਬ ।" ਨਵਾਬ ਖ਼ਾਨ

੮੮. ਲਹਿੰਦੀ ਵਿਚ ਅਨੇਕ ਉਦਾਹਰਣ ਮਿਲਦੇ ਹਨ, ਜਿਨ੍ਹਾਂ ਵਿੱਚ ਦੋ ਸ੍ਵਰ ਸੁੰਗੜ ਕੇ ਇਕ ਹੋ ਗਏ ਹਨ; ਜਿਵੇਂ—

ਹੋਵੇ + ਈ = ਹੋਵੀ,
ਥੀਂਦਾ + ਐ = ਥੀਂਦੇ,
ਗਈ + ਹੁਮ = ਗਯੁਮ,
ਲਿਖੇਂਦੇ + ਹਨ = ਲਿਖੇਂਦਨ ।

੮੯. ਕਈ ਵਾਰੀ ਇਕ ਅੱਖਰ ਹੀ ਉਡ ਜਾਂਦਾ ਹੈ, ਜਿਵੇਂ—

ਹੋਏ + ਸੁ = ਹੋਸੁ ।

ਖਵਰੇ ਖੋਚਲੀ ਮਾਂਦਰੀਆਂ ਈਹੋ ਪੱਟੀ ਪੜ੍ਹਾਈ ਹੋਸੁ ।

(ਮਹਾਰਾਜ ਰਣਜੀਤ ਸਿੰਘ)

Digitized by Panjab Digital Library | www.panjabdigilib.org

੯੦. ਦੋ, ਂਦ > ਨੱ ਜਿਵੇਂ—

(ਕ) ਜਾਂਦਾ > ਜੱਾਨਾ,

ਸੌਂਦਾ > ਸੌਨਾ,

ਕੁਰਲਾਉਂਦੀ ਆਂ > **ਕੁਰਲਾਉਨੀ** ਆਂ। 'ਹੀਰ' ਮੁਕ਼ਬਿਲ।

"ਮੁਕ਼ਬਿਲ ਆਪ ਨੂੰ ਕੁਝ ਮਾਲੂਮ ਨਾਹੀਂ,

ਤੈਨੂੰ **ਭਾਉਨੀ** ਆਂ ਕਿ ਨਾ **ਭਾਉਨੀ** ਆਂ।" (ਹੀਰ ਮੁਕਬਿਲ)

(ਖ) ਹੋਰ, ਬਿੰਦੀ ਜਾਂ ਟਿੱਪੀ ਦੇ ਪਿੱਛੇ 'ਡ' ਆਉਂਦਾ ਹੋਵੇ, ਤਾਂ ਵੀ ਦੋਹਾਂ ਦੀ ਥਾਂ 'ਨੱ' ਹੋ ਜਾਂਦਾ ਹੈ; ਜਿਵੇਂ—

ਮੰਡਾ > ਮੰਨਾ,

ਡੰਡ > ਡੰਨ।

## 'ਹ' ਦਾ ਆਗਮ

੯੧. ਕਦੇ ਕਦਾਈਂ ਸ਼ਬਦ ਦੇ ਅੰਤਲੇ ਦੀਰਘ ਸ੍ਵਰ ਜਾਂ ਗੁਣ ਅਤੇ ਸ੍ਵਰ ਨਾਲ ਸ਼ੁਰੂ ਹੋਣ ਵਾਲੇ ਪਿਛੇਤਰ ਦੇ ਵਿਚਕਾਰ 'ਹ' ਦਾ ਆਗਮ ਹੋ ਜਾਂਦਾ ਹੈ; ਜਿਵੇਂ—

ਚੌ -ਈਂ > ਚੌਹੀਂ,

ਦੋ -ਆਂ > ਦੋਹਾਂ।

## 'ਵ' ਦਾ ਆਗਮ

੯੨. ਨਾਲੋ ਨਾਲ ਦੇ ਦੋਹਾਂ ਸ੍ਵਰਾਂ ਦੇ ਵਿਚਕਾਰ ਬਹੁਤ ਵਾਰੀ 'ਵ੍' ਦਾ ਆਗਮ ਹੁੰਦਾ ਹੈ, ਜੇ ਕਰ ਪਿਛਲਾ ਸ੍ਵਰ 'ਉ' ਨਾ ਹੋਵੇ। ਉਦਾਹਰਣ—

ਖਾ—ਅਣ > ਖਾਵਣ, ਭ੍ਰਾ—ਆਂ > ਭ੍ਰਾਵਾਂ, ਛਾਂ—ਆਂ > ਛਾਂਵਾਂ, ਆ—ਏ > ਆਏ ਜਾਂ ਆਵੇ, ਪੀ—ਆਂ > ਪੀਆਂ ਜਾਂ ਪੀਵਾਂ। ਗਾਂਵਾਂ, ਮਾਂਵਾਂ, ਦਵਾਵਾਂ ਆਦਿ ਬਹੁਵਚਨਾਂ ਵਿਚ ਵੀ 'ਵ' ਦਾ ਆਗਮ ਹੋ ਗਿਆ ਹੈ।

ਏਸੇ ਤਰ੍ਹਾਂ (ਬੁਲਾ—ਆ >) ਬੁਲਾਵਾ, (ਖੜਾ—ਆ >) ਖੜਾਵਾ ਵਿੱਚ ਵੀ 'ਵ੍' ਦਾ ਆਗਮ ਹੋ ਗਿਆ ਹੈ।

੯੩. ਚੇਤੇ ਰਖਣਾ ਚਾਹੀਦਾ ਹੈ ਕਿ ਪੰਜਾਬੀ ਸ਼ਬਦਾਂ ਵਿਚ ਸ੍ਵਰ ਇਕੱਠੇ ਆ ਸਕਦੇ ਹਨ, ਜਿਵੇਂ—ਆਈ, ਆਈਆਂ, ਜਾਊ, ਰਹਿੰਦਿਆਂ ਆਦਿ ਵਿੱਚ। ਇਸ ਕਰਕੇ 'ਹ' ਜਾਂ 'ਵ' ਦਾ ਆਗਮ ਕਦੇ ਹੁੰਦਾ ਹੈ, ਕਦੇ ਨਹੀਂ। ਕਈਆਂ ਸ਼ਬਦਾਂ ਦੇ ਦੋ ਰੂਪ ਵੀ ਮਿਲਦੇ ਹਨ; ਜਿਵੇਂ—ਖਾਵਣ—ਖਾਣ, ਜਾਵਾਂ—ਜਾਂ, ਪੀਵਾਂ—ਪੀਆਂ ਆਦਿ।

## ਲੋਪ

੯੪. ਕਈ ਵਾਰੀ ਦੋ ਸ੍ਵਰਾਂ ਵਿਚਲੇ ਇਕੱਲੇ 'ਗ' ਦਾ ਲੋਪ ਹੋ ਜਾਂਦਾ ਹੈ; ਜਿਵੇਂ—

Digitized by Panjab Digital Library | www.panjabdigilib.org

ਜਿਗਰਾ >ਜੇਰਾ—ਏਥੇ 'ਗ' ਦਾ ਲੋਪ ਹੋ ਗਿਆ ਹੈ। ਏਸੇ ਤਰ੍ਹਾਂ 'ਝਗੜਾ' ਦਾ ਹੀ ਦੂਜਾ ਰੂਪ 'ਝੇੜਾ' ਹੈ।

੯੫. ਕਦੇ ਦੋ ਪਦਾਂ ਦੇ ਸਮਾਸੀ ਪਦ ਬਣਨ ਤੇ ਜਾਂ ਮੂਲ ਜਾਂ ਸ਼ਬਦ ਨਾਲ ਪਿਛੇਤਰ ਦੇ ਮਿਲਣ ਵੇਲੇ ਇਕ ਨਿਰਬਲ ਅੱਖਰ ਹੀ ਜਾਂਦਾ ਰਹਿੰਦਾ ਹੈ; ਜਿਵੇਂ—

ਸਾਈਂ+ਆਣੀ=ਸ—ਆਣੀ=ਸਵਾਣੀ,

ਦੁਧ—ਦਾਨਾ=ਦੁਧਾਨਾ (ਹੀਰ ਮੁਕ਼ਬਿਲ)।

## ਅੱਖਰ

੯੬. ਧੁਨੀਜੰਤਰ ਦੇ ਥੋੜੇ ਤੋਂ ਥੋੜੇ ਜਤਨ ਨਾਲ ਕੱਢੀ ਗਈ ਧੁਨੀ ਨੂੰ **ਅੱਖਰ** ਕਹਿੰਦੇ ਹਨ। ਇਕ ਜਾਂ ਇਕ ਤੋਂ ਵਧ ਧੁਨੀਆਂ ਨਾਲ ਅੱਖਰ ਬਣਦਾ ਹੈ। ਹਰ ਇਕ ਅੱਖਰ ਵਿੱਚ ਇਕ ਸ੍ਵਰ-ਧੁਨੀ ਦਾ ਹੋਣਾ ਜ਼ਰੂਰੀ ਹੈ, ਵਿਅੰਜਨ-ਧੁਨੀ ਭਾਵੇਂ ਹੋਵੇ ਅਤੇ ਭਾਵੇਂ ਨਾ ਹੋਵੇ। ਵਿਅੰਜਨ-ਧੁਨੀ ਸ੍ਵਰ ਤੋਂ ਪਹਿਲਾਂ ਆ ਸਕਦੀ ਹੈ ਜਾਂ ਪਿੱਛੇ ਜਾਂ ਦੋਵੇਂ ਪਾਸੇ। ਉਦਾਹਰਣ—

ਨਿਰੀ ਸ੍ਵਰ ਧੁਨੀ ਵਾਲਾ ਅੱਖਰ—ਆ,

ਵਿਅੰਜਨ+ਸ੍ਵਰ—ਜਾ,

ਸ੍ਵਰ+ਵਿਅੰਜਨ—ਇਸ (=ਇਸ੍),

ਵਿਅੰਜਨ+ਸ੍ਵਰ+ਵਿਅੰਜਨ—ਕਰ (ਕਰ੍)।

੯੭. ਅੱਖਰ ਦੋ ਤਰ੍ਹਾਂ ਦੇ ਹਨ—੧. **ਸ੍ਵਰਾਂਤ** ਜਾਂ **ਖੁਲ੍ਹੇ** ਅਤੇ ੨. **ਵਿਅੰਜਨਾਂਤ** ਜਾਂ ਬੰਦ।

**ਸ੍ਵਰਾਂਤ** ਅੱਖਰ ਉਹ ਹੈ ਜਿਸ ਦੇ ਅੰਤ ਵਿੱਚ ਸ੍ਵਰ ਹੋਵੇ; ਜਿਵੇਂ—ਗਾ, ਭੇ, ਬੀ ਆਦਿ। ਇਨ੍ਹਾਂ ਅੱਖਰਾਂ ਦਾ ਉੱਚਾਰਣ ਕਰਦੇ ਹੋਏ ਮੂੰਹ ਖੁਲ੍ਹਾ ਰਹਿੰਦਾ ਹੈ, ਇਸ ਕਰਕੇ ਇਹ **ਖੁਲ੍ਹੇ** ਵੀ ਕਹੇ ਜਾਂਦੇ ਹਨ।

ਜਿਸ ਅੱਖਰ ਦੇ ਅੰਤ ਵਿਚ ਵਿਅੰਜਨ ਹੋਵੇ; ਉਸ ਨੂੰ ਵਿਅੰਜਨਾਂਤ ਆਖਦੇ ਹਨ; ਜਿਵੇਂ—ਰਾਮ (=ਰਾਮ੍), ਬਾਤ (=ਬਾਤ੍), ਕਰ (=ਕਰ੍) ਆਦਿ। ਇਨ੍ਹਾਂ ਅਖਰਾਂ ਦਾ ਉਚਾਰਣ ਕਰਨ ਲਗੇ ਮੂੰਹ ਬੰਦ ਹੋ ਜਾਂਦਾ ਹੈ, ਇਸ ਲਈ ਇਹ **ਬੰਦ ਅੱਖਰ** ਕਹੇ ਜਾਂਦੇ ਹਨ।

ਚੇਤੇ ਰਹੇ ਕਿ ਸ਼ਬਦ ਦੇ ਅੱਖਰ ਉਸ ਦੇ ਉੱਚਾਰਣ ਤੋਂ ਜਾਣੇ ਜਾਂਦੇ ਹਨ, ਉਸ ਦੇ ਲਿਖੇ ਹੋਏ ਰੂਪ ਤੋਂ ਨਹੀਂ। ਰਾਮ, ਬਾਤ, ਕਰ—ਇਹ ਭਾਵੇਂ ਲਿਖਾਈ ਅਨੁਸਾਰ ਦੋ-ਅੱਖਰੇ ਸ਼ਬਦ ਜਾਪਦੇ ਹਨ, ਪਰ ਅਸਲ ਵਿਚ ਉੱਚਾਰਣ ਦੇ ਅਨੁਸਾਰ ਇਹ ਇਕ-ਅੱਖਰੇ ਹਨ।

Digitized by Panjab Digital Library | www.panjabdigilib.org

## ਅੱਖਰ-ਵੰਡ

੯੮. ਬਹੁ-ਅੱਖਰੇ ਸ਼ਬਦਾਂ ਦੇ ਜਦ ਟੁਕੜੇ ਕਰਨੇ ਪੈਣ, ਤਦ ਉਨ੍ਹਾਂ ਨੂੰ ਅਖਰ-ਵੰਡ ਦੇ ਨਿਯਮਾਂ ਅਨੁਸਾਰ ਹੀ ਟੁੱਕਣਾ ਪੈਂਦਾ ਹੈ, ਠੀਕ ਓਵੇਂ, ਜਿਵੇਂ ਬੋਲਦਿਆਂ ਸਮੇਂ ਉਨ੍ਹਾਂ ਦੀ ਵੰਡ ਆਪਣੇ ਆਪ ਹੋ ਜਾਂਦੀ ਹੈ, ਉਦਾਹਰਣ ਲਈ--ਜ-ਵਾ-ਈ, ਜਾਂ-ਦਾ, ਜਾਂ-ਏ-ਗਾ, ਮਿਤ੍-ਤਰ-ਤਾ।

ਇਹ ਵੰਡ ਇਨ੍ਹਾਂ ਨਿਯਮਾਂ ਅਨੁਸਾਰ ਹੋਣੀ ਚਾਹੀਦੀ ਹੈ :—

੧. ਦੋ-ਅੱਖਰੇ ਸ਼ਬਦ ਦਾ ਸ੍ਵਰਾਂ ਵਿਚਲਾ ਇਕੱਲਾ ਵਿਅੰਜਨ ਪਿਛਲੇ ਅੱਖਰ ਨਾਲ ਜਾਂਦਾ ਹੈ, ਜਿਵੇਂ—ਜਾਂ—ਦਾ, ਖਾ—ਣਾ।

੨. ਦੁੱਤ ਵਿਅੰਜਨ ਦੋਹਾਂ ਅੱਖਰਾਂ ਵਿੱਚ ਵੰਡਿਆ ਜਾਂਦਾ ਹੈ; ਜਿਵੇਂ—

ਲੱਠਾ, ਸਿੱਟਾ, ਕੱਚਾ ਦੀ ਵੰਡ ਲਟ੍-ਠਾ, ਸਿਟ੍-ਟਾ, ਕਚ੍-ਚਾ--ਇਉਂ ਹੁੰਦੀ ਹੈ।

੩. ਸੰਯੁਕਤ ਵਿਅੰਜਨਾਂ ਵਿੱਚੋਂ ਅੰਤਲਾ ਪਿਛਲੇ ਅੱਖਰ ਨਾਲ ਜਾਂਦਾ ਹੈ; ਜਿਵੇਂ—ਕਰਦਾ (=ਕਰ੍-ਦਾ), ਕੰਬੇ (=ਕਮ੍-ਬੇ।

੪. ਸਮਾਸੀ ਪਦ ਨੂੰ ਨਿਖੇੜਦੇ ਸਮੇਂ ਆਮ ਕਰਕੇ ਉਸ ਦੇ ਅੰਗ ਹੀ ਨਿਖੇੜਨੇ ਚਾਹੀਦੇ ਹਨ; ਜਿਵੇਂ—ਐਤ-ਵਾਰ, ਮਾ-ਪੇ ਆਦਿ।

## ਬਲ

੯੯. ਇਕ ਤੋਂ ਵਧ ਅਖਰਾਂ ਦੇ ਸ਼ਬਦ ਨੂੰ ਬੋਲਣ ਲਗਿਆਂ ਅਸੀਂ ਉਸ ਦੇ ਸਭਨਾਂ ਅੱਖਰਾਂ ਨੂੰ ਇੱਕੋ ਜਿਹੇ ਜ਼ੋਰ ਨਾਲ ਨਹੀਂ ਬੋਲਦੇ—ਉਨ੍ਹਾਂ ਵਿਚੋਂ ਕਿਸੇ ਅੱਖਰ ਨੂੰ ਵਧੇਰੇ ਜ਼ੋਰ ਨਾਲ ਬੋਲਦੇ ਹਾਂ। ਸ਼ਬਦ ਦੇ ਕਿਸੇ ਅੱਖਰ ਉਪਰ ਜੋ ਖਾਸ ਜ਼ੋਰ ਦਿੱਤਾ ਜਾਂਦਾ ਹੈ, ਉਸੇ ਨੂੰ **ਬਲ** ਕਹਿੰਦੇ ਹਨ।

੧੦੦. ਸ਼ਬਦਾਂ ਦੀਆਂ ਧੁਨੀਆਂ (ਅਵਾਜ਼ਾਂ) ਦੇ ਬਦਲਣ ਦਾ ਇਕ ਕਾਰਨ ਬਲ ਵੀ ਹੈ। ਬਲ-ਰਹਿਤ ਅੱਖਰ ਬਲ ਵਾਲੇ ਅੱਖਰਾਂ ਅੱਗੇ ਟਿਕ ਨਹੀਂ ਸਕਦੇ। ਬਲ ਵਾਲੇ ਅੱਖਰ ਤਾਂ ਟਿਕੇ ਰਹਿੰਦੇ ਹਨ, ਪਰ ਬਲ-ਰਹਿਤ ਲਿੱਸੇ ਪੈ ਜਾਂਦੇ ਹਨ। ਪੰਜਾਬੀ ਵਿਚ ਅਜਿਹੇ ਕਈ ਸ਼ਬਦ ਮਿਲਦੇ ਹਨ, ਜਿਨ੍ਹਾਂ ਦਾ ਪਹਿਲਾ ਸ੍ਵਰ ਨਿਰਬਲ ਹੋਣ ਕਰਕੇ ਜਾਂਦਾ ਰਿਹਾ ਹੈ; ਜਿਵੇਂ—

ਅਨੰਦ>·ਨੰਦ (ਸੁਖ-ਨੰਦ), ਅਚਾਰਜ>ਚਾਰਜ, ਅਸੀਸ>ਸੀਸ, ਅਵਾਜ>ਵਾਜ, ਅਕਾਲ>ਕਾਲ, ਅਰਾਈਂ>ਰਾਈ, ਅਰੈਣ>ਰੈਣ, ਇਕੱਲਾ>ਕੱਲਾ, ਇਕੱਠੇ>ਕੱਠੇ, ਅਤੇ>ਤੇ, ਅਸਾਂ ਨੂੰ>ਸਾਨੂੰ, ਅਸਾਡਾ> ਸਾਡਾ ਆਦਿ।

ਪੁਰਾਣੇ ਮੂਲ ਸ਼ਬਦ ਅਤੇ ਨਵੇਂ—ਦੋਵੇਂ ਵਰਤੋਂ ਵਿਚ ਆ ਰਹੇ ਹਨ।

੧੦੧. ਨਿਰਬਲ ਹੋਣ ਕਰਕੇ ਕਦੇ ਅੰਤਲਾ ਅੱਖਰ ਜਾਂਦਾ ਹੀ ਰਹਿੰਦਾ ਹੈ;

Digitized by Panjab Digital Library | www.panjabdigilib.org

ਜਿਵੇਂ—ਸੰ੦ मौक्तिकम् > ਪੰ੦ ਮੋਤੀ । ਕਦੇ ਬਲ-ਰਹਿਤ ਪਹਿਲਾ ਅੱਖਰ ਉੱਡ ਜਾਂਦਾ ਹੈ; ਜਿਵੇਂ—ਸੰ੦ उपविष्ट–> ਪੰ੦ ਬੈਠਾ, ਸੰ੦ अरघट्ट> ਪੰ੦ ਹਲਟ, ਸੰ੦ उपाध्यायः> ਪੰ੦ ਪਾਂਧਾ, ਸੰ੦ अकालः> ਪੰ੦ ਕਾਲ ।

੧੦੨. ਸੰਸਕ੍ਰਿਤ ਅਤੇ ਪ੍ਰਾਕ੍ਰਿਤ ਵਿੱਚ **ਉਪਾਂਤ** (=ਅੰਤਲੇ ਤੋਂ ਪਹਿਲੇ) ਅੱਖਰ ਉੱਪਰ ਬਲ ਰਿਹਾ ਹੈ । ਅੰਤਲਾ ਅੱਖਰ ਨਿਰਬਲ ਸੀ, ਇਸ ਕਰਕੇ ਉਸ ਦਾ **ਸੁਰ ਜਾਂਦਾ ਰਿਹਾ** । ਇਸੇ ਕਾਰਨ ਸੰਸਕ੍ਰਿਤ ਦੇ ਤਿੰਨ-ਅੱਖਰੇ ਅਤੇ ਚਾਰ-ਅੱਖਰੇ ਸ਼ਬਦ ਕ੍ਰਮ ਨਾਲ ਦੋ-ਅਖਰੇ ਅਤੇ ਤਿੰਨ-ਅਖਰੇ ਹੋ ਗਏ । ਪੰਜਾਬੀ ਸ਼ਬਦਾਂ ਦੇ ਅੰਤਲੇ ਸੁਰ ਪੁਰਾਣੇ (ਸੰਸਕ੍ਰਿਤ ਦੇ) ਉਪਾਂਤ ਸੁਰਾਂ ਦੀ ਥਾਏਂ ਹਨ ਜਾਂ ਪੁਰਾਣੇ ਉਪਾਂਤਾਂ ਅਤੇ ਅੰਤਲੇ ਸੁਰਾਂ ਦੇ ਮਿਲ ਜਾਣ ਕਰਕੇ ਬਣੇ ਹੋਏ ਹਨ । ਉਦਾਹਰਣ—

ਸੰ੦ मौक्तिकम् > प्रा० मोत्तिअं > ਪੰ੦ ਮੋਤੀ,
ਸੰ੦ मिश्रिता > ਪੰ੦ ਮਿੱਸੀ,
ਸੰ੦ चलति > अप० चलइ > ਪੰ੦ ਚੱਲੇ ।

੧੦੩. ਇਸੇ ਤਰ੍ਹਾਂ ਸੰਸਕ੍ਰਿਤ ਦੇ ਦੋ-ਅਖਰੇ ਸ਼ਬਦ ਪੰਜਾਬੀ ਵਿੱਚ ਇਕ-ਅਖਰੇ ਹੋ ਗਏ ਹਨ; ਜਿਵੇਂ—

ਸੰ੦ आशा > ਪੰ੦ ਆਸ,
ਸੰ੦ रीति > ਪੰ੦ ਰੀਤ,
ਸੰ੦ साधु > ਪੰ੦ ਸਾਧ,
ਸੰ੦ यदा > ਪੰ੦ ਜਦ ।

## ਬਲ ਸੰਬੰਧੀ ਨੇਮ

੧੦੪. ਪੰਜਾਬੀ ਦੇ ਦੋ-ਅੱਖਰੇ ਜਾਂ ਤਿੰਨ-ਅਖਰੇ ਸ਼ਬਦਾਂ ਵਿਚ ਬਲ ਬਹੁਤ ਕਰਕੇ ਉਪਾਂਤ ਅੱਖਰ ਉੱਪਰ ਹੀ ਹੁੰਦਾ ਹੈ; ਜਿਵੇਂ—

ਦੋ-ਅਖਰੇ—ਲੇਖਾ, ਲਾਗ, ਝੋਲੀ, ਡੋਲਾ, ਮੈਦਾ, ਤੇਰਾਂ, ਕੜਾ, ਭਲਾ ।

ਤਿੰਨ-ਅਖਰੇ—ਬਟੇਰਾ, ਵਸਾਖੀ, ਪੁਰਾਣਾ ।

੧੦੫. ਪ੍ਰੇਰਣਾਰਥਕ ਧਾਤੂ ਦੇ ਅੰਤਲੇ ਅੱਖਰ ਉਪਰ ਬਲ ਹੁੰਦਾ ਹੈ; ਜਿਵੇਂ—

ਡਰਾ, ਕਰਾ ਹਟਾ, ਗਵਾ, ਸੁਆਲ, ਸਿਖਾਲ ।

੧੦੬. ਕੁਝ ਅਜਿਹੇ ਨਾਂਵ ਵੀ ਹਨ ਜਿਨ੍ਹਾਂ ਦੇ ਅੰਤਲੇ ਅੱਖਰ ਉਪਰ ਬਲ ਹੈ; ਜਿਵੇਂ —

ਤਲਾ, ਬਲਾ, ਸਰਾਂ, ਸਜਾ (<ਸਜ਼ਾ) । ਅਜਿਹੇ ਦੋ-ਅੱਖਰੇ ਸ਼ਬਦਾਂ ਦਾ ਅੰਤਲਾ ਅੱਖਰ ਦੀਰਘ ਸੁਰ ਵਾਲਾ ਅਤੇ ਬਲ ਵਾਲਾ ਹੁੰਦਾ ਹੈ ਅਤੇ ਪਹਿਲਾ ਅੱਖਰ ਹਰੱਵ ਸੁਰ ਵਾਲਾ ਹੁੰਦਾ ਹੈ ।

Digitized by Panjab Digital Library | www.panjabdigilib.org

# ਬਲ ਦੀ ਅਦਲਾ-ਬਦਲੀ

੧੦੭. ਜਦ ਕਿਸੇ ਸ਼ਬਦ ਦੇ ਪਿੱਛੇ ਪਿਛੇਤਰ ਜੋੜਨ ਕਰਕੇ ਬਲ ਦਾ ਟਿਕਾਣਾ ਬਦਲ ਜਾਂਦਾ ਹੈ, ਤਦ ਬਲ-ਰਹਿਤ ਅੱਖਰ ਦਾ ਦੀਰਘ ਜਾਂ ਗੁਣ ਸੂਰ ਹ੍ਰਸ੍ਵ ਹੋ ਜਾਂਦਾ ਹੈ; ਜਿਵੇਂ—

ਆਖ-ਆ > ਅਖਾ́, ਦੇਖ -ਆ > ਦਿਖਾ́, ਦੌੜ -ਆ > ਦੁੜਾ́, ਪੀ- ਆਕ > ਪਿਆ́ਕੇ, ਬੋਲ -ਆਰ > ਬੁਲਾ́ਰ, ਪੇਟ -ਆਰੀ > ਪਿਟਾ́ਰੀ, ਡਾਂਗ -ਓਰੀ > ਡੰਗੋ́ਰਰੀ, ਕੌੜਾ -ਤਣ > ਕੁੜਤੱ́ਣ, ਪੀਲਾ -ਤਣ > ਪਿਲੱ́ਤਣ, ਬੁਰਾ -ਆਈ > ਬੁਰਿਆ́ਈ, ਭਲਾ -ਆਈ > ਭਲਾ́ਈ ।

੧੦੮. ਉਪਰ ਦਸੇ ਗਏ ਕਾਰਨ ਕਰਕੇ ਕੁਝ ਸਮਾਸੀ ਪਦਾਂ ਦੇ ਪਹਿਲੇ ਅੱਖਰ ਦਾ ਦੀਰਘ ਸੂਰ ਹ੍ਰਸ੍ਵ ਹੋ ਗਿਆ ਹੈ ਜਾਂ ਅੱਖਰ ਹੌਲਾ ਹੋ ਗਿਆ; ਜਿਵੇਂ—

ਘੋੜ -ਦੌੜ > ਘੁੜ -ਦੌੜ, ਪੰਜ -ਸੇਰੀ > ਪਸੇਰੀ ।

੧੦੯. ਸੰਸਕ੍ਰਿਤ ਸ਼ਬਦਾਂ ਦਾ **ਅੰਤਲਾ ਸੂਰ** ਹੋਰਨਾਂ ਦੇਸੀ ਆਰਯ ਭਾਸ਼ਾਵਾਂ ਵਾਂਗ ਪੰਜਾਬੀ ਵਿੱਚ ਵੀ ਨਹੀਂ ਰਿਹਾ; ਜਿਵੇਂ—

सं० मति > ਪੰ੦ ਮੱਤ (= ਮਤ੍), सं० गति > ਪੰ੦ ਗਤ (= ਗਤ੍), सं० शृणु > ਪੰ੦ ਸੁਣ (= ਸੁਣ੍), सं० जिह्वा > ਪੰ੦ ਜੀਭ (= ਜੀਭ੍), सं० डाकिनी > ਪੰ੦ ਡੈਣ (= ਡੈਣ੍), सं० चञ्चू > ਪੰ੦ ਚੁੰਜ (= ਚੁੰਜ੍) ।

ਜਦ ਹੋਰ ਸੱਭੇ ਅੰਤਲੇ ਸੂਰ, ਹ੍ਰਸ੍ਵ ਅਤੇ ਦੀਰਘ, ਜਾਂਦੇ ਰਹੇ ਹਨ, ਤਾਂ ਕੋਈ ਕਾਰਨ ਨਹੀਂ ਦਿਸਦਾ ਕਿ सं० -अ ਦਾ ਲੋਪ ਨਾ ਹੋਇਆ ਹੋਏ ।

ਇਹ ਗਲ ਸਿੱਧ ਹੋ ਗਈ ਕਿ ਗਤ, ਸੁਣ, ਜੀਭ, ਚੁੰਜ ਆਦਿ ਸ਼ਬਦ, ਜਿਨ੍ਹਾਂ ਦੇ ਅੰਤ ਵਿਚ ਮੁਕਤਾ ਹੈ, ਅਸਲ ਵਿਚ ਵਿਅੰਜਨਾਂਤ ਹਨ, ਅਕਾਰਾਂਤ ਨਹੀਂ ।

ਪੰਜਾਬੀ ਦੇ ਰੂਪਾਂ ਤੋਂ ਵੀ ਇਹ ਹੀ ਗੱਲ ਸਿੱਧ ਹੁੰਦੀ ਹੈ । 'ਜਾਏ' ਤੋਂ ਸਾਫ਼ ਦਿਸਦਾ ਹੈ ਕਿ ਇਹ ਰੂਪ 'ਜਾ' ਧਾਤੂ ਦੇ ਨਾਲ '-ਏ' ਵਿਭਕਤੀ ਲਾਣ ਨਾਲ ਬਣਿਆ ਹੈ । 'ਕਰੇ' ਵੀ 'ਜਾਏ' ਵਰਗਾ ਰੂਪ ਹੈ । ਜੇ ਇਸ ਦੀ ਵਿਭਕਤੀ '-ਏ' ਹਟਾ ਦਈਏ, ਤਾਂ 'ਕਰ੍' ਵਿਅੰਜਨਾਂਤ ਹੀ ਰਹਿ ਜਾਂਦਾ ਹੈ ।

ਇਸੇ ਤਰ੍ਹਾਂ ਚਲਦਾ, ਕਰਦਾ ਇਹ ਰੂਪ '-ਦਾ' ਪਿਛੇਤਰ ਲਗਾ ਕੇ ਬਣਾਏ ਗਏ ਹਨ । ਚਲ੍ ਅਤੇ ਕਰ੍ ਵਿਅੰਜਨਾਂਤ ਇਕ-ਅੱਖਰੇ ਹਨ ਅਤੇ ਚਲਦਾ, ਕਰਦਾ ਦੋ-ਅਖਰੇ ਸ਼ਬਦ ਹਨ, ਤਿੰਨ-ਅਖਰੇ ਨਹੀਂ ।

Digitized by Panjab Digital Library | www.panjabdigilib.org

ਦੂਜਾ ਭਾਗ

# ਸ਼ਬਦ-ਬੋਧ

੧੧੦. **ਸ਼ਬਦਬੋਧ** ਵਿਆਕਰਣ ਦਾ ਉਹ ਭਾਗ ਹੈ, ਜਿਸ ਵਿੱਚ ਸ਼ਬਦਾਂ ਦੀ ਵੰਡ, ਰੂਪਾਂਤਰ ਅਤੇ ਉਨ੍ਹਾਂ ਦੀ ਉਤਪੱਤੀ ਜਾਂ ਰਚਨਾ ਦਾ ਵਰਣਨ ਹੁੰਦਾ ਹੈ।

ਵਿਆਕਰਣ ਸ਼ਬਦਾਂ ਦਾ ਵਰਣਨ ਕਰਦਾ ਹੈ, ਪਦਾਰਥਾਂ ਦਾ ਨਹੀਂ।

੧੧੧. ਇਕ ਅਖਰ ਜਾਂ ਇਕ ਤੋਂ ਵਧ ਅਖਰਾਂ ਦਾ ਸਮੂਹ, ਜਿਸ ਦਾ ਅਰਥ ਹੋਵੇ, **ਸ਼ਬਦ** ਕਹਾਉਂਦਾ ਹੈ; ਜਿਵੇਂ—

ਰਾਮ, ਨਾਂ, ਪਿਓ, ਚੰਗਾ, ਮੈਂ, ਤੂੰ।

੧੧੨. (ਕ) ਜਦ ਇਕ ਜਾਂ ਇਕ ਤੋਂ ਵਧ ਸ਼ਬਦਾਂ ਜਾਂ ਪਦਾਂ ਦਾ ਸਮੂਹ ਇਕ ਪੂਰਾ ਵਿਚਾਰ ਪ੍ਰਗਟ ਕਰਦਾ ਹੈ, ਤਦ ਉਸ ਨੂੰ ਵਾਕ ਕਹਿੰਦੇ ਹਨ; ਜਿਵੇਂ—ਮੁੰਡਾ ਸਵੇਰ ਦਾ ਭੁੱਖਾ ਹੈ।

ਬਹੁਤੇ ਵਾਕ ਇਕ ਤੋਂ ਵਧ ਪਦਾਂ ਦੇ ਬਣੇ ਹੁੰਦੇ ਹਨ; ਜਿਵੇਂ—"ਮੁੱਲ ਲਓ। ਅੰਨ ਦਿਓ। ਮਰਦ ਤੁਹਾਡੇ ਸੁਖੀ ਵਸਣ।" ਪਰ ਨਿਰੇ ਇਕ ਪਦ ਦਾ ਵੀ ਵਾਕ ਹੋ ਸਕਦਾ ਹੈ; ਜਿਵੇਂ—'ਸੁਣੋ' ਅਰਥਾਤ 'ਤੁਸੀਂ ਸੁਣੋ'।

(ਖ) ਦੋ ਜਾਂ ਵਧ ਸ਼ਬਦ, ਜਿਨ੍ਹਾਂ ਦਾ ਇਕ ਦੂਜੇ ਨਾਲ ਸੰਬੰਧ ਤਾਂ ਹੋਏ, ਪਰ ਪੂਰਾ ਵਿਚਾਰ ਨਾ ਪ੍ਰਗਟ ਕਰਦੇ ਹੋਣ, **ਵਾਕ-ਅੰਸ਼** ਕਹਾਉਂਦੇ ਹਨ; ਜਿਵੇਂ—ਕਿਸੇ ਵੇਲੇ, ਜਦ ਤਕ, ਪਾਣੀ ਦਾ ਹੜ੍ਹ, ਹੁਣਾਲੇ ਦਾ ਮੀਂਹ।

੧੧੩. ਉਤਪੱਤੀ ਦੇ ਅਨੁਸਾਰ ਸ਼ਬਦ ਦੋ ਪ੍ਰਕਾਰ ਦੇ ਮੰਨੇ ਗਏ ਹਨ—

੧. **ਰੂੜ੍ਹੀ** ਅਤੇ ੨. **ਯੋਗਿਕ**।

**ਰੂੜ੍ਹੀ** ਸ਼ਬਦ ਉਹ ਹਨ ਜੋ ਸ਼ਬਦਾਂ ਜਾਂ ਸ਼ਬਦਾਂਸ਼ਾਂ ਦੇ ਮੇਲ ਨਾਲ ਨਹੀਂ ਬਣੇ; ਜਿਵੇਂ—ਹੱਥ, ਕੱਖ, ਘੋੜਾ, ਲੀਖ।

**ਯੋਗਿਕ** ਸ਼ਬਦ ਉਹ ਹਨ ਜੋ ਸ਼ਬਦ ਨਾਲ ਅਗੇਤਰ ਜਾਂ ਪਿਛੇਤਰ ਜੋੜ ਕੇ ਜਾਂ ਦੋ ਸ਼ਬਦਾਂ ਨੂੰ ਮਿਲਾ ਕੇ ਬਣਾਏ ਜਾਂਦੇ ਹਨ; ਜਿਵੇਂ—ਅ-ਮਿਟ, ਨਿਰ-ਬਲ, ਦੁਰ-ਗੰਧ, ਰੰਡੇ-ਪਾ, ਚਮਿ-ਆਰ, ਮਾ-ਪੇ, ਟਕ-ਸਾਲ।

੧੧੪. ਰੂਪ ਦੇ ਅਨੁਸਾਰ ਸ਼ਬਦ ਦੋ ਪ੍ਰਕਾਰ ਦੇ ਹੁੰਦੇ ਹਨ—**ਵਿਕਾਰੀ** ਅਤੇ **ਅਵਿਕਾਰੀ**।

੧੧੫. ਜਿਸ ਸ਼ਬਦ ਵਿਚ ਵਿਕਾਰ ਹੋਵੇ ਅਰਥਾਤ ਉਸ ਦੇ ਰੂਪ ਬਦਲਣ, ਉਹ **ਵਿਕਾਰੀ** ਕਿਹਾ ਜਾਂਦਾ ਹੈ; ਜਿਵੇਂ—'ਸੋਟਾ' ਵਿਕਾਰੀ ਸ਼ਬਦ ਹੈ, ਕਿਉਂਕਿ 'ਸੋਟਾ', 'ਸੋਟੇ' 'ਸੋਟਿਆਂ' ਆਦਿ ਇਸੇ ਦੇ ਰੂਪ ਹਨ।

Digitized by Panjab Digital Library | www.panjabdigilib.org

੧੧੬. ਜਿਸ ਸ਼ਬਦ ਦਾ ਆਪਣਾ ਅਸਲੀ ਰੂਪ ਕਾਇਮ ਰਹਿੰਦਾ ਹੈ ਅਰਥਾਤ ਜੋ ਰੂਪ ਨਹੀਂ ਵਟਾਂਦਾ, ਉਸ ਨੂੰ **ਅਵਿਕਾਰੀ** ਜਾਂ **ਅੱਵੈ** ਆਖਦੇ ਹਨ; ਜਿਵੇਂ-ਹੁਣੇ, ਹਾਂ, ਵਾਹ ਵਾਹ ! ਇਹ ਸ਼ਬਦ **ਅੱਵੈ** ਹਨ ।

੧੧੭. ਵਿਕਾਰੀ ਸ਼ਬਦ ਦੋ ਤਰ੍ਹਾਂ ਦੇ ਹਨ—ਪ੍ਰਾਤਿਪਦਿਕ ਅਤੇ ਧਾਤੂ ।

ਇਨ੍ਹਾਂ ਨਾਲ ਵਿਭਕਤੀਆਂ ਜੋੜ ਕੇ ਪਦ ਬਣਾਏ ਜਾਂਦੇ ਹਨ । ਪ੍ਰਾਤਿਪਦਿਕ ਤਿੰਨ ਤਰ੍ਹਾਂ ਦੇ ਹਨ·—ਨਾਂਵ, ਸਰਬਨਾਂਵ ਅਤੇ ਵਿਸ਼ੇਸ਼ਣ । ਪ੍ਰਾਤਿਪਦਿਕ + ਵਿਭਕਤੀਆਂ = ਨਾਂਵ ਪਦ, ਸਰਬਨਾਂਵ ਪਦ ਜਾਂ ਵਿਸ਼ੇਸ਼ਣ ਪਦ । ਧਾਤੂ + ਵਿਭਕਤੀਆਂ = ਕ੍ਰਿਆ ਪਦ ।

੧੧੮. ਵਾਕ ਵਿਚ ਸ਼ਬਦ ਅਰਥਾਤ ਪ੍ਰਾਤਿਪਦਿਕ ਅਤੇ ਧਾਤੂ ਨਹੀਂ ਵਰਤੇ ਜਾਂਦੇ । ਵਾਕ ਵਿੱਚ ਪਦ ਹੀ ਵਰਤੇ ਜਾਂਦੇ ਹਨ । ਕਈ ਵਾਰ 'ਪਦ' ਵਾਸਤੇ 'ਸ਼ਬਦ' ਵੀ ਵਰਤਿਆ ਜਾਂਦਾ ਹੈ ।

੧੧੯. ਪ੍ਰਾਤਿਪਦਿਕਾਂ ਤੋਂ ਬਣੇ ਪਦ ਲਿੰਗ, ਵਚਨ ਆਦਿ ਦਾ ਬੋਧ ਕਰਾਉਂਦੇ ਹਨ !

੧੨੦. ਧਾਤੂ ਤੋਂ ਬਣੇ ਹੋਏ ਪਦ ਦੋ ਤਰ੍ਹਾਂ ਦੇ ਹੁੰਦੇ ਹਨ—ਪੁਰਖਾਦਿ-ਬੋਧਕ ਅਤੇ ਲਿੰਗਾਦਿ-ਬੋਧਕ ।

੧੨੧. ਉਪਰ ਦਸਿਆ ਗਿਆ ਹੈ ਕਿ ਪਦ ਦੇ ਦੋ ਅੰਗ ਹਨ—(੧) ਪ੍ਰਾਤਿਪਦਿਕ ਜਾਂ ਧਾਤੂ ਅਤੇ (੨) ਵਿਭਕਤੀ; ਜਿਵੇਂ—"ਮੁੰਡਿਓ ! ਘਰੋਂ ਰੋਟੀਆਂ ਲਿਆਓ ।"—ਇਸ ਵਾਕ ਦੇ ਪਦ ਇਸ ਤਰ੍ਹਾਂ ਤੋੜੇ ਜਾ ਸਕਦੇ ਹਨ :—

ਮੁੰਡਿਓ='ਮੁੰਡਾ' ਸ਼ਬਦ + -ਓ ਵਿਭਕਤੀ,
ਘਰੋਂ='ਘਰ' ਸ਼ਬਦ + -ਓਂ ਵਿਭਕਤੀ,
ਰੋਟੀਆਂ='ਰੋਟੀ' ਸ਼ਬਦ + -ਆਂ ਵਿਭਕਤੀ,
ਲਿਆਓ='ਲਿਆ' ਧਾਤੂ + ਓ ਵਿਭਕਤੀ ।

ਇਥੇ ਮੁੰਡਾ, ਘਰ, ਰੋਟੀ ਅਤੇ ਲਿਆ (=ਲੈ ਆ) ਸ਼ਬਦ ਹਨ, ਪਰ -ਓ, -ਓਂ,, -ਆਂ ਅਤੇ -ਓ—ਇਹ ਵਿਭਕਤੀਆਂ ਹਨ ।

੧੨੨. ਵਾਕ ਵਿੱਚ ਭਿੰਨ ਭਿੰਨ ਤਰ੍ਹਾਂ ਵਰਤੇ ਜਾਣ ਕਰਕੇ ਪਦ ਛੇ ਪ੍ਰਕਾਰ ਦੇ ਹਨ—

੧. ਨਾਂਵ,
੨. ਸਰਬ-ਨਾਂਵ,
੩. ਵਿਸ਼ੇਸ਼ਣ,
੪. ਕ੍ਰਿਆ,
੫. ਅਵੈ ਅਤੇ ਅੱਵੈ ਦੀ ਜਗ੍ਹਾ ਵਰਤੇ ਜਾਣ ਵਾਲੇ ਪਦ, ਅਤੇ
੬. ਵਿਸਮਿਕ ।

---

'ਪੜਨਾਂਵ' ਗਲਤੁਲਆਮ ਜਾਪਦਾ ਹੈ । ਇਸ ਨਾਲੋਂ 'ਸਰਬਨਾਂਵ' ਬਹੁਤ ਉਚਿਤ ਪ੍ਰਤੀਤ ਹੁੰਦਾ ਹੈ । ਹੋਰਨਾਂ ਭਾਰਤੀ ਆਰਯ ਭਾਸ਼ਾਵਾਂ ਦੇ ਵਿਆਕਰਣਾਂ ਵਿੱਚ ਇਹੋ ਸ਼ਬਦ ਵਰਤਿਆ ਗਿਆ ਹੈ ।

Digitized by Panjab Digital Library | www.panjabdigilib.org

੧੨੩. ਸ਼ਬਦਾਂ ਦੀ ਵੰਡ ਇਸ ਤਰ੍ਹਾਂ ਕੀਤੀ ਜਾ ਸਕਦੀ ਹੈ—

**ਸ਼ਬਦ**

- ਵਿਕਾਰੀ
  - ਪ੍ਰਾਤਿਪਦਿਕ
    - ਨਾਂਵ
    - ਸਰਬਨਾਂਵ
    - ਵਿਸ਼ੇਸ਼ਣ
  - ਕ੍ਰਿਆ
- ਅਵਿਕਾਰੀ ਜਾਂ ਅੱਵੈ
  - ਕ੍ਰਿਆ-ਵਿਸ਼ੇਸ਼ਣ
  - ਸੰਬੰਧਕ
  - ਯੋਜਕ
- ਵਿਸਮਿਕ

੧੨੪. ਅੱਵੈ ਤਿੰਨ ਤਰ੍ਹਾਂ ਦੇ ਹਨ—

(੧) ਕ੍ਰਿਆ-ਵਿਸ਼ੇਸ਼ਣ; ਜਿਵੇਂ—ਏਥੇ, ਓਥੇ, ਹੁਣੇ।

(੨) ਸੰਬੰਧਕ; ਜਿਵੇਂ—ਨੂੰ, ਨੇ, ਲਈ, ਤੋਂ, ਦਾ, ਵਿੱਚ, ਨਾਲ, ਕੋਲ, ਵਾਂਗ, ਤੀਕ ਆਦਿ।

(੩) ਯੋਜਕ; ਜਿਵੇਂ—ਤੇ, ਅਤੇ, ਪਰ, ਕਿ, ਜੇ, ਤਾਂ, ਜਾਂ ਆਦਿ।

ਵਿਸਮਕ; ਜਿਵੇਂ—ਹਾ, ਆਹਾ! ਵਾਹ! ਵਾਹ, ਵਾਹ ਆਦਿ। ਵਿਸਮਕ ਦਾ ਵਾਕ ਦੇ ਦੂਜੇ ਸ਼ਬਦਾਂ ਨਾਲ ਕੋਈ ਸੰਬੰਧ ਨਹੀਂ ਹੁੰਦਾ।

੧੨੫. ਉਪਰ ਜੋ ਕੁਝ ਕਿਹਾ ਗਿਆ ਹੈ, ਉਸ ਦੇ ਅਨੁਸਾਰ ਪੰਜਾਬੀ ਭਾਸ਼ਾ ਦੇ ਸ਼ਬਦ ਅੱਠ ਪਰਕਾਰ ਦੇ ਹਨ—

(੧) ਜਿਹੜਾ ਵਿਕਾਰੀ ਸ਼ਬਦ ਕਿਸੇ ਜੀਵ ਦਾ, ਪਦਾਰਥ ਦਾ, ਗੁਣ, ਭਾਵ ਜਾਂ ਕਲਪਿਤ ਵਸਤ ਦਾ ਬੋਧ ਕਰਾਏ, ਉਸ ਨੂੰ **ਨਾਂਵ** ਆਖਦੇ ਹਨ; ਜਿਵੇਂ—

ਜੀਵਾਂ ਦੇ ਨਾਂਵ—ਰਾਮ ਨਾਥ, ਮੋਹਨ ਸਿੰਘ, ਸੱਪ, ਮੱਛੀ, ਕਾਂ।

ਪਦਾਰਥਾਂ ਦੇ—ਘਰ, ਮੰਜਾ, ਪਿੱਪਲ।

ਗੁਣਾਂ ਦੇ—ਚੰਗਿਆਈ, ਲਾਲੀ, ਮੂਰਖਤਾ।

ਭਾਵਾਂ ਦੇ—ਡਰ, ਹਰਾਣੀ, ਪਿਆਰ, ਗੁੱਸਾ ਆਦਿ।

ਕਲਪਿਤ ਵਸਤਾਂ ਦੇ—ਜਾਦੂ।

(੨) ਜਿਹੜੇ ਵਿਕਾਰੀ ਸ਼ਬਦ ਨਾਂਵ ਦੀ ਜਗ੍ਹਾ ਵਰਤੇ ਜਾਂਦੇ ਹਨ, ਉਨ੍ਹਾਂ ਨੂੰ **ਸਰਬਨਾਂਵ** ਆਖਦੇ ਹਨ; ਜਿਵੇਂ—ਮੈਂ, ਤੂੰ, ਇਹ, ਉਹ, ਜੋ ਆਦਿ।

(੩) ਕਿਸੇ ਪਦ ਦੇ ਗੁਣ, ਅਵਸਥਾ, ਗਿਣਤੀ ਆਦਿ ਦੱਸਣ ਲਈ ਜੋ ਸ਼ਬਦ ਵਰਤਿਆ ਜਾਂਦਾ ਹੈ, ਉਸ ਨੂੰ **ਵਿਸ਼ੇਸ਼ਣ** ਕਹਿੰਦੇ ਹਨ; ਜਿਵੇਂ—ਚੰਗਾ, ਮੰਦਾ, ਨੀਲਾ, ਪੀਲਾ, ਸੱਤ, ਦਸ ਆਦਿ।

(੪) ਜਿਸ ਵਿਕਾਰੀ ਸ਼ਬਦ ਤੋਂ ਕਿਸੇ ਦੀ ਬਾਬਤ ਕੁਝ ਕਰਨ ਜਾਂ ਹੋਣ ਆਦਿ ਦਾ ਬੋਧ ਹੋਵੇ, ਉਸ ਨੂੰ **ਕ੍ਰਿਆ** ਆਖਦੇ ਹਨ; ਜਿਵੇਂ—ਜਾਵੇ, ਪਾਂਦਾ ਹੈ, ਹੋ ਗਈ, ਕਰੇਗਾ ਆਦਿ।

Digitized by Panjab Digital Library | www.panjabdigilib.org

## (੫, ੬, ੭) ਅੱਵੈ

(੫) ਕ੍ਰਿਆ-ਵਿਸ਼ੇਸ਼ਣ ਉਹ ਸ਼ਬਦ ਹੈ ਜੋ ਕ੍ਰਿਆ ਦੀ, ਵਿਸ਼ੇਸ਼ਣ ਦੀ ਜਾਂ ਕ੍ਰਿਆ-ਬਿਸ਼ੇਸ਼ਣ ਦੀ ਵਿਸ਼ੇਸ਼ਤਾ ਪਰਗਟ ਕਰੇ; ਜਿਵੇਂ—ਅੱਗੇ, ਜਿੱਧਰ, ਹੁਣ, ਕਿੱਥੇ ਆਦਿ ।

(੬) ਨਾਂਵ ਜਾਂ ਸਰਬਨਾਂਵ ਦੇ ਨਾਲ ਜਿਹੜੇ ਸ਼ਬਦ ਵਰਤੇ ਜਾਂਦੇ ਹਨ ਅਤੇ ਉਸ ਨਾਂਵ ਜਾਂ ਸਰਬਨਾਂਵ ਦਾ ਸੰਬੰਧ ਵਾਕ ਦੇ ਕਿਸੇ ਹੋਰ ਸ਼ਬਦ ਨਾਲ ਦੱਸਦੇ ਹਨ, ਉਨ੍ਹਾਂ ਨੂੰ **ਸੰਬੰਧਕ** ਆਖਦੇ ਹਨ; ਜਿਵੇਂ—ਨੇ, ਤੋਂ, ਨਾਲ, ਵਿੱਚ, ਉੱਪਰ, ਬਾਝ ਆਦਿ ।

੭. ਜਿਹੜਾ ਅੱਵੈ ਦੋ ਪਦਾਂ, ਵਾਕ-ਅੰਸ਼ਾਂ ਜਾਂ ਵਾਕਾਂ ਜਾਂ ਉਪਾਵਾਂਕਾਂ ਨੂੰ ਜੋੜੇ; ਉਸ ਨੂੰ **ਯੋਜਕ** ਕਹਿੰਦੇ ਹਨ; ਜਿਵੇਂ—ਅਤੇ, ਪਰ, ਜਾਂ ਆਦਿ ।

੮. ਜਿਹੜੇ ਸ਼ਬਦ ਖੁਸ਼ੀ, ਗਮ, ਅਸਚਰਜ ਆਦਿ ਮਨ ਦੇ ਭਾਵਾਂ ਨੂੰ ਪਰਗਟ ਕਰਨ ਲਈ ਜਾਂ ਕਿਸੇ ਨੂੰ ਬੁਲਾਉਣ ਲਈ ਆਪਣੇ ਆਪ ਮੂੰਹੋਂ ਨਿਕਲ ਜਾਂਦੇ ਹਨ, ਉਨ੍ਹਾਂ ਨੂੰ **ਵਿਸਮਕ** ਆਖਦੇ ਹਨ; ਜਿਵੇਂ—ਆਹਾ ! ਵਾਹ ਵਾਹ ! ਹਾਏ ! ਹੈਂ ! ਓਏ, ਨੀ, ਅੜੀਏ ਆਦਿ ।

੧੨੬. ਨਾਂਵ ਦੋ ਪਰਕਾਰ ਦੇ ਹਨ—**ਪਦਾਰਥ-ਵਾਚਕ** ਨਾਂਵ ਅਤੇ **ਭਾਵ-ਵਾਚਕ** ਨਾਂਵ । ਪਦਾਰਥ-ਵਾਚਕ ਨਾਂਵ ਵੀ ਦੋ ਤਰ੍ਹਾਂ ਦੇ ਹਨ—**ਖਾਸ ਨਾਂਵ** ਅਤੇ **ਜਾਤੀ ਨਾਂਵ** ।

ਅੰਗ੍ਰੇਜ਼ੀ ਵਿਆਕਰਣ ਦੀ ਰੀਸੇ ਕਈ ਵਿਆਕਰਣਾਂ ਵਿੱਚ **ਇਕੱਠ ਵਾਚਕ** ਨਾਂਵ ਅਤੇ **ਦ੍ਰਵਵਾਚਕ** ਨਾਂਵ ਦੋ ਹੋਰ ਭੇਦ ਵੀ ਦਸੇ ਗਏ ਹਨ, ਪਰ ਉਹ ਇਕ ਤਰ੍ਹਾਂ ਦੇ ਜਾਤੀਵਾਚਕ ਨਾਂਵ ਹੀ ਹਨ, ਇਸ ਕਰਕੇ ਇਸ ਪੁਸਤਕ ਵਿੱਚ ਉਪਰ ਤਿੰਨ ਪਰਕਾਰ ਦੇ ਨਾਂਵ ਹੀ ਦਸੇ ਗਏ ਹਨ ।

੧੨੭. ਜੋ ਨਾਂਵ ਕਿਸੇ ਖਾਸ ਪਦਾਰਥ ਦਾ ਬੋਧ ਕਰਾਏ, ਉਸ ਨੂੰ **ਖ਼ਾਸ ਨਾਂਵ** ਕਹਿੰਦੇ ਹਨ; ਜਿਵੇਂ—ਹਿਮਾਲਾ, ਚੰਡੀਗੜ੍ਹ, ਬਿਆਸ, ਸੁੰਦਰ ਦਾਸ ।

੧੨੮. ਜਿਸ ਨਾਂਵ ਤੋਂ ਕਿਸੇ ਜਾਤੀ ਦੇ ਸਾਰੇ ਪਦਾਰਥਾਂ ਦਾ ਜਾਂ ਇਕ ਇਕ ਪਦਾਰਥ ਦਾ ਇੱਕੋ ਜਿਹਾ ਬੋਧ ਹੋਵੇ, ਉਸ ਨੂੰ **ਜਾਤੀ ਨਾਂਵ** ਆਖਦੇ ਹਨ; ਜਿਵੇਂ—ਰੁਖ, ਨਦੀ, ਰੱਸਾ, ਸੱਪ, ਭੇਡ, ਬਕਰਾ ।

ਅਸੀਂ ਹਰ ਇਕ ਪਰਬਤ ਨੂੰ ਪਹਾੜ ਆਖ ਸਕਦੇ ਹਾਂ, ਪਰ ਹਿਮਾਲਾ ਇੱਕੋ ਹੀ ਪਹਾੜ ਦਾ ਨਾਂ ਹੈ । ਦੂਜਿਆਂ ਸ਼ਬਦਾਂ ਵਿੱਚ "ਪਹਾੜ' **ਜਾਤੀ ਨਾਂਵ** ਹੈ ਅਤੇ '**ਹਿਮਾਲਾ' ਖਾਸ ਨਾਂਵ** ਹੈ ।

ਖਾਸ ਨਾਂਵ ਕਿਸੇ ਇਕ ਪਦਾਰਥ ਦਾ ਬੋਧ ਕਰਾਉਣ ਲਈ ਇਕ ਚਿੰਨ੍ਹ ਜਿਹਾ ਹੈ । 'ਗੰਗਾ' ਇਕ ਨਦੀ ਦਾ ਨਾਂ ਹੈ ਅਤੇ ਕਈਆਂ ਤੀਵੀਆਂ ਦਾ ਨਾਂ ਵੀ 'ਗੰਗਾ' ਹੈ, ਪਰ ਜਦ ਵੀ ਅਸੀਂ 'ਗੰਗਾ' ਸ਼ਬਦ ਵਰਤਦੇ ਹਾਂ, ਤਦ ਇੱਕੋ ਪਦਾਰਥ ਦਾ ਬੋਧ ਹੁੰਦਾ ਹੈ ।

Digitized by Panjab Digital Library | www.panjabdigilib.org

ਜਾਤੀ ਨਾਂਵ ਅਰਥ ਵਾਲਾ ਹੁੰਦਾ ਹੈ—ਅਸੀਂ 'ਘੋੜੇ' ਨੂੰ 'ਖੋਤਾ' ਨਹੀਂ ਆਖ ਸਕਦੇ ਅਤੇ ਨਾ ਹੀ 'ਖੋਤੇ' ਨੂੰ 'ਘੋੜਾ' ਕਹਿ ਸਕਦੇ ਹਾਂ। ਖਾਸ ਨਾਂਵ ਨਿਰਰਥਕ ਹੁੰਦਾ ਹੈ। ਇਕ ਕਾਲੇ ਬੱਚੇ ਦਾ ਨਾਂ ਵੀ 'ਪੂਰਨ ਚੰਦ' ਰਖਿਆ ਜਾ ਸਕਦਾ ਹੈ ਅਤੇ ਇਕ ਗੋਰੇ ਬੱਚੇ ਦਾ ਨਾਂ 'ਕਾਲੂ' ਹੋ ਸਕਦਾ ਹੈ। ਖਾਸ ਨਾਂਵ ਬਦਲਿਆ ਵੀ ਜਾ ਸਕਦਾ ਹੈ। ਜਿਸਦਾ ਨਾਂ 'ਘਸੀਟਾ ਰਾਮ' ਹੈ, ਉਹ ਆਪਣਾ ਨਾਂ ਬਦਲ ਕੇ 'ਗੋਬਿੰਦ ਰਾਮ' ਰਖ ਸਕਦਾ ਹੈ। ਕੋਈ ਵੀ ਖਾਸ ਨਾਂਵ ਕਿਸੇ ਵੀ ਮਨੁਖ, ਪਸ਼ੂ ਜਾਂ ਜੜ ਪਦਾਰਥ ਦਾ ਰਖਿਆ ਜਾ ਸਕਦਾ ਹੈ।

੧੨੯. ਕਈ ਵਾਰੀ ਖਾਸ ਨਾਂਵ ਵੀ ਜਾਤੀ ਨਾਂਵ ਦੀ ਤਰ੍ਹਾਂ ਵਰਤਿਆ ਜਾਂਦਾ ਹੈ; ਜਿਵੇਂ—

ਗਾਂਧੀ ਜੀ ਤਾਂ ਇਸ ਜੁਗ ਦੇ **ਬੁੱਧ** ਸਨ।

ਅਸਾਡੇ ਘਰ ਦੋ **ਕੁੰਭਕਰਣ** ਹਨ। ਜਿਉਂ ਸੌਂਦੇ ਹਨ, ਉਠਣ ਦਾ ਨਾਂ ਹੀ ਨਹੀਂ ਲੈਂਦੇ।

੧੩੦ ਕਦੇ ਕਦੇ ਜਾਤੀ ਨਾਂਵ ਵੀ ਖਾਸ ਨਾਂਵ ਵਾਂਗ ਵਰਤਿਆ ਜਾਂਦਾ ਹੈ; ਜਿਵੇਂ—ਗਾਂਧੀ ਜੀ (= ਮੋਹਨ ਦਾਸ ਕਰਮ ਚੰਦ ਗਾਂਧੀ), ਪੁਰੀ (= ਜਗਨ ਨਾਥ), ਵਿਲੈਤ (= ਇੰਗਲੈਂਡ)।

੧੩੧. ਜਿਸ ਨਾਂਵ ਤੋਂ ਕਿਸੇ ਪਦਾਰਥ ਦੇ ਧਰਮ ਜਾਂ ਗੁਣ-ਅਵਗੁਣ, ਅਵਸਥਾ ਜਾਂ ਕ੍ਰਿਆ ਦਾ ਬੋਧ ਹੋਵੇ, ਉਸ ਨੂੰ **ਭਾਵ-ਵਾਚਕ** ਨਾਂਵ ਆਖਦੇ ਹਨ; ਜਿਵੇਂ—

ਧਰਮ ਜਾਂ ਗੁਣ-ਅਵਗੁਣ—ਕੁੜੱਤਣ, ਮਿਠਾਸ, ਲਾਲੀ, ਚਤੁਰਾਈ, ਮੂਰਖਤਾ।

**ਅਵਸਥਾ** - ਜਵਾਨੀ, ਬੁਢੇਪਾ, ਖ਼ੁਸ਼ੀ, ਗਮੀ।

**ਕ੍ਰਿਆ**—ਉਤਰਾਈ, ਚੜ੍ਹਾਈ, ਦੌੜ, ਫਿਟੇਵ੍ਹਾਂ, ਲਿਸ਼ਕਾਰਾ।

ਭਾਵ-ਵਾਚਕ ਨਾਂਵ ਵੀ ਅਰਥ ਵਾਲਾ ਹੁੰਦਾ ਹੈ। ਫੁਰਤੀ, ਸੁਸਤੀ—ਇਨ੍ਹਾਂ ਦਾ ਅਰਥ ਹੈ। 'ਫੁਰਤੀ' ਫੁਰਤੀਲੇ ਆਦਮੀ ਵਿੱਚ ਹੁੰਦੀ ਹੈ ਅਤੇ 'ਸੁਸਤੀ' ਸੁਸਤ ਵਿੱਚ। ਗੁਣ ਜਾਂ ਭਾਵ ਕਿਸੇ ਪਦਾਰਥ ਵਿੱਚ ਹੁੰਦਾ ਹੈ, ਜਿਵੇਂ 'ਚਾਨਣੀ' ਚੰਦ ਦੀ ਹੁੰਦੀ ਹੈ ਅਤੇ 'ਕੁੜੱਤਣ' ਨਿੰਮ ਵਿੱਚ।

੧੩੨. ਭਾਵ-ਵਾਚਕ ਨਾਂਵ ਆਮ ਤਿੰਨ ਪਰਕਾਰ ਦੇ ਸ਼ਬਦਾਂ ਤੋਂ ਬਣਾਏ ਜਾਂਦੇ ਹਨ—

(ੳ) **ਨਾਂਵ ਤੋਂ**; ਜਿਵੇਂ—ਮਿੱਤਰ—ਮਿਤਰਤਾ, ਬੱਚਾ—ਬਚਪਣਾ।

(ਅ) **ਵਿਸ਼ੇਸ਼ਣ ਤੋਂ**; ਜਿਵੇਂ—ਪੀਲਾ—ਪਿਲੱਤਣ, ਗਰੀਬ—ਗਰੀਬੀ, ਗਰਮ—ਗਰਮੀ।

(ੲ) **ਕ੍ਰਿਆ ਤੋਂ**; ਜਿਵੇਂ—ਚਲ—ਚਾਲ, ਡਰ—ਡਰ, ਲੜ—ਲੜਾਈ, ਘੂਰ—ਘੂਰੀ।

Digitized by Panjab Digital Library | www.panjabdigilib.org

੧੩੩. ਜਾਤੀ-ਵਾਚਕ ਨਾਂਵ ਦੇ ਦੋਵੇਂ ਵਚਨ ਹੁੰਦੇ ਹਨ, ਜਿਵੇਂ—

| ਇਕ ਵਚਨ | ਬਹੁ ਵਚਨ |
|---|---|
| ਬੱਚਾ ਖੇਡ ਰਿਹਾ ਹੈ । | ਬੱਚੇ ਖੇਡ ਰਹੇ ਹਨ । |
| ਕੁੱਤਾ ਭੌਂਕਦਾ ਹੈ । | ਕੁੱਤੇ ਭੌਂਕਦੇ ਹਨ । |
| ਇਹ ਪੈਲੀ ਕਿਸ਼ਨ ਸਿੰਘ ਦੀ ਹੈ । | ਇਹ ਪੈਲੀਆਂ ਜਿਮੀਂਦਾਰਾਂ ਦੀਆਂ ਹਨ । |

ਖਾਸ ਨਾਂਵ ਅਤੇ ਭਾਵ ਵਾਚਕ ਨਾਂਵ ਦਾ ਆਮ **ਇਕ ਵਚਨ** ਹੀ ਹੁੰਦਾ ਹੈ; ਜਿਵੇਂ—

| ਖਾਸ ਨਾਂਵ | ਭਾਵ-ਵਾਚਕ ਨਾਂਵ |
|---|---|
| ਵਾਰਸ ਸ਼ਾਹ ਪੰਜਾਬੀ ਦਾ ਪ੍ਰਸਿੱਧ ਕਵੀ ਹੋਇਆ ਹੈ । | ਭਲਿਆਂ ਦੀ ਸੰਗਤ ਤਾਰ ਦੇਂਦੀ ਹੈ । |
| ਸਿੱਬੀ ਜ਼ਾਤ ਦੀ ਜੁਲਾਹੀ ਸੀ । | ਅੰਧ-ਵਿਸ਼ਵਾਸ ਕਈ ਪਾਪ ਕਰਾਉਂਦਾ ਹੈ । |

## ਨਾਂਵ ਦੇ ਰੂਪ

੧੩੪. ਨਾਂਵ ਦੇ ਰੂਪ ਲਿੰਗ, ਵਚਨ ਅਤੇ ਵਿਭਕਤੀ ਕਰਕੇ ਵੱਟਦੇ ਹਨ । ਰੂਪਾਂ ਦੇ ਵੱਟਣ ਨੂੰ ਹੀ **ਰੂਪਾਂਤਰ** ਆਖਦੇ ਹਨ ।

## ਲਿੰਗ

੧੩੫. ਨਾਂਵਾਂ ਵਿੱਚ ਜੋ ਜ਼ਨਾਨੇ-ਮਰਦਾਵੇਂ ਬੋਲ ਦਾ ਭੇਦ ਹੁੰਦਾ ਹੈ, ਉਸ ਨੂੰ **ਲਿੰਗ** ਕਹਿੰਦੇ ਹਨ । ਪੰਜਾਬੀ ਭਾਸ਼ਾ ਵਿੱਚ ਦੋ ਹੀ ਲਿੰਗ ਹਨ––**ਪੁਲਿੰਗ** ਅਤੇ **ਇਸਤ੍ਰੀਲਿੰਗ** ।

ਜਿਵੇਂ ਜਾਨਦਾਰਾਂ ਵਿੱਚ ਨਰ ਅਤੇ ਮਦੀਨ ਹੁੰਦੇ ਹਨ, ਤਿਵੇਂ ਬੋਲੀ ਵਿੱਚ ਨਾਂਵ ਪੁਲਿੰਗ ਜਾਂ ਇਸਤੀ-ਲਿੰਗ ਹੁੰਦੇ ਹਨ । ਸੰਸਾਰ ਵਿੱਚ ਨਰ-ਮਾਦਾ ਦਾ ਭੇਦ

Digitized by Panjab Digital Library | www.panjabdigilib.org

ਜਾਨਦਾਰਾਂ ਵਿੱਚ ਹੀ ਹੁੰਦਾ ਹੈ, ਬੇਜਾਨ ਪਦਾਰਥਾਂ ਵਿੱਚ ਨਹੀਂ ਹੁੰਦਾ, ਪਰ ਪੰਜਾਬੀ ਭਾਸ਼ਾ ਵਿੱਚ ਲਿੰਗ-ਭੇਦ ਜਾਨਦਾਰਾਂ, ਬੇਜਾਨਾਂ, ਗੁਣਾਂ ਅਤੇ ਕ੍ਰਿਆਵਾਂ—ਸਭਨਾਂ ਦੇ ਪ੍ਰਾਤਿਪਦਿਕਾਂ ਵਿੱਚ ਹੁੰਦਾ ਹੈ ।

ਲਿੰਗ ਦਾ ਸੰਬੰਧ ਸ਼ਬਦਾਂ ਨਾਲ ਹੀ ਹੈ, ਪਦਾਰਥਾਂ ਨਾਲ ਨਹੀਂ ।

ਪੰਜਾਬੀ ਵਿੱਚ ਨਪੁੰਸਕ ਲਿੰਗ ਨਹੀਂ ਰਿਹਾ; ਇਸ ਲਈ ਬੇਜਾਨ ਪਦਾਰਥਾਂ ਦਾ ਬੋਧ ਕਰਾਉਣ ਵਾਲੇ ਨਾਂਵ ਵੀ ਪੁਲਿੰਗ ਜਾਂ ਇਸਤ੍ਰੀਲਿੰਗ ਹੀ ਹੋ ਗਏ ਹਨ । (ਕ)

੧੩੬. ਜੋ ਸ਼ਬਦ ਨਰ ਦਾ ਬੋਧ ਕਰਾਉਂਦੇ ਹਨ ਜਾਂ ਜਿਨ੍ਹਾਂ ਤੋਂ ਨਰਪਣ ਪ੍ਰਗਟ ਹੋਵੇ, ਉਹ **ਪੁਲਿੰਗ** ਹੁੰਦੇ ਹਨ; ਜਿਵੇਂ—ਰਾਮ, ਰਾਜਾ, ਪੁੱਤ, ਗਿੱਦੜ, ਕਾਲਾ ਪਹਾੜ, ਕੰਡਾ, ਦੁੱਖ ਆਦਿ ।

੧੩੭. ਜੋ ਸ਼ਬਦ ਮਾਦਾ ਦਾ ਬੋਧ ਕਰਾਉਂਦੇ ਹਨ, ਜਾਂ ਜਿਨ੍ਹਾਂ ਤੋਂ ਮਦੀਨਪਣ ਪ੍ਰਗਟ ਹੁੰਦਾ ਹੈ, ਉਹ **ਇਸਤ੍ਰੀਲਿੰਗ** ਹੁੰਦੇ ਹਨ; ਜਿਵੇਂ—ਸੀਤਾ, ਰਾਣੀ, ਧੀ, ਮੱਝ, ਜਿੰਦ, ਧੁਪ, ਪੌੜੀ, ਚੰਗੀ ਆਦਿ ।

੧੩੮. ਲਿੰਗ ਦੇ ਬਾਰੇ ਇਹ ਗੱਲ ਚੇਤੇ ਰਖਣੀ ਚਾਹੀਦੀ ਹੈ ਕਿ ਪੰਜਾਬੀ ਵਿੱਚ ਬੇਜਾਨ ਪਦਾਰਥਾਂ ਦੇ ਨਾਂ ਵੀ ਪੁਲਿੰਗ ਅਤੇ ਇਸਤ੍ਰੀਲਿੰਗ ਹਨ, ਜਿਵੇਂ—'ਸੋਟਾ' ਪੁਲਿੰਗ ਹੈ ਅਤੇ 'ਸੋਟੀ' ਇਸਤ੍ਰੀਲਿੰਗ । ਇਨ੍ਹਾਂ ਦੇ ਰੂਪ ਉਸੇ ਤਰ੍ਹਾਂ ਬਣਦੇ ਹਨ ਜਿਵੇਂ 'ਘੋੜਾ' ਅਤੇ 'ਘੋੜੀ' ਦੇ । ਜਿਥੇ ਜਾਨਵਰਾਂ ਵਿੱਚ ਲਿੰਗ ਦੁਆਰਾ ਨਰ-ਮਾਦਾ ਦਾ ਭੇਦ ਪ੍ਰਗਟ ਕੀਤਾ ਜਾਂਦਾ ਹੈ, ਉੱਥੇ ਬੇਜਾਨਾਂ ਦਾ ਲਿੰਗ ਵੱਡਾ ਜਾਂ ਛੋਟਾ ਹੋਣਾ ਦੱਸਦਾ ਹੈ ਅਰਥਾਤ ਪੁਲਿੰਗ ਵੱਡੇ ਹੋਣ ਦਾ ਅਤੇ ਇਸਤ੍ਰੀਲਿੰਗ ਛੋਟੇ ਹੋਣ ਦਾ ਬੋਧ ਕਰਾਉਂਦਾ ਹੈ । 'ਸੋਟੀ' ਨਾਲੋਂ 'ਸੋਟਾ' ਵੱਡਾ ਹੁੰਦਾ ਹੈ ।

੧੩੯. ਸੰਸਕ੍ਰਿਤ ਅਤੇ ਪ੍ਰਾਕ੍ਰਿਤ ਵਿੱਚ ਤਿੰਨ ਲਿੰਗ ਹਨ—ਪੁਲਿੰਗ, ਇਸਤ੍ਰੀਲਿੰਗ ਅਤੇ ਨਪੁੰਸਕਲਿੰਗ । ਗੁਜਰਾਤੀ ਅਤੇ ਮਰਾਠੀ ਵਿਚ ਅਜੇ ਵੀ ਇਹ ਤਿੰਨ ਲਿੰਗ ਮਿਲਦੇ ਹਨ । ਪੰਜਾਬੀ ਵਿੱਚ ਦੋ ਹੀ ਲਿੰਗ ਰਹਿ ਗਏ ਹਨ—ਪੁਲਿੰਗ ਅਤੇ ਇਸਤ੍ਰੀਲਿੰਗ । ਸੰਸਕ੍ਰਿਤ ਦੇ ਪੁਲਿੰਗ ਅਤੇ ਇਸਤ੍ਰੀਲਿੰਗ ਸ਼ਬਦਾਂ ਦਾ ਲਿੰਗ ਆਮ

---

(ਕ) ਚੇਤੇ ਰਹੇ ਕਿ ਭਿੰਨ ਭਿੰਨ ਭਾਸ਼ਾਵਾਂ ਵਿਚ ਲਿੰਗ-ਭੇਦ ਘਟ ਵਧ ਹੁੰਦਾ ਹੈ । ਸੰਸਕ੍ਰਿਤ, ਮਰਾਠੀ, ਗੁਜਰਾਤੀ ਆਦਿ ਵਿਚ ਤੀਜਾ ਨਪੁੰਸਕਲਿੰਗ ਵੀ ਹੈ, ਪਰ ਪੰਜਾਬੀ ਵਿਚ ਇਹ ਨਹੀਂ ਰਿਹਾ । ਬੰਗਾਲੀ ਅਤੇ ਫ਼ਾਰਸੀ ਵਿਚ ਲਿੰਗ-ਭੇਦ ਨਾਮ-ਮਾਤਰ ਹੀ ਰਹਿ ਗਿਆ ਹੈ ।

Digitized by Panjab Digital Library | www.panjabdigilib.org

ਤੌਰ ਤੇ ਪੰਜਾਬੀ ਵਿੱਚ ਉਹੋ ਰਿਹਾ ਹੈ, ਪਰ ਨਪੁੰਸਕਲਿੰਗ ਦੀ ਥਾਂ ਬਹੁਤ ਕਰਕੇ ਪੁਲਿੰਗ ਨੇ ਹੀ ਲਈ ਹੈ; ਜਿਵੇਂ—

| ਸਂ० | ਲਿੰਗ | ਪੰ० | ਲਿੰਗ |
|---|---|---|---|
| मयूर | पु० | ਮੋਰ | ਪੁਲਿੰਗ |
| क्रोश | पु० | ਕੋਹ | ਪੁਲਿੰਗ |
| सर्प | पु० | ਸੱਪ | ਪੁਲਿੰਗ |
| शिक्षा | स्त्री० | ਸਿੱਖ | ਇਸਤ੍ਰੀ ਲਿੰਗ |
| वर्तिका | स्त्री० | ਵੱਟੀ | ਇਸਤ੍ਰੀਲਿੰਗ |
| शय्या | स्त्री० | ਸੇਜ | ਇਸਤ੍ਰੀਲਿੰਗ |
| कर्म | नपुं० | ਕੰਮ | ਪੁਲਿੰਗ |
| यशस् | नपुं० | ਜਸ | ਪੁਲਿੰਗ |
| दधि | नपुं० | ਦਹੀ | ਪੁਲਿੰਗ |

੧੪੦. ਕੁਝ ਸ਼ਬਦ ਜੋ ਸੰਸਕ੍ਰਿਤ ਵਿੱਚ ਪੁਲਿੰਗ ਸਨ, ਪੰਜਾਬੀ ਵਿੱਚ ਇਸਤ੍ਰੀਲਿੰਗ ਬਣ ਗਏ ਹਨ ਅਤੇ ਕੁਝ ਇਸਤ੍ਰੀਲਿੰਗ ਪੁਲਿੰਗ ਹੋ ਗਏ ਹਨ; ਜਿਵੇਂ—

| ਸਂ० | ਪੰ० |
|---|---|
| अग्नि (पु०) | ਅੱਗ (ਇਸਤ੍ਰੀਲਿੰਗ) |
| वात (पु०) | ਵਾ (ਇਸਤ੍ਰੀ०) |
| बाहु (पु०) | ਬਾਂਹ (ਇਸਤ੍ਰੀ०) |
| धातु (पु०) | ਧਾਤ ਇਸਤ੍ਰੀ०) |
| देवता (स्त्री०) | ਦੇਵਤਾ (ਪੁਲਿੰਗ) |
| लालसा (स्त्री०) | ਲਾਲਚ (ਪੁਲਿੰਗ) |
| परिषद् (स्त्री०) | ਪਰਿਹਾ (ਪੁਲਿੰਗ) |

੧੪੧. ਕੁਝ ਸ਼ਬਦ ਅਜਿਹੇ ਹਨ, ਜਿਨ੍ਹਾਂ ਦਾ ਲਿੰਗ ਪੁਰਾਣੀ ਪੰਜਾਬੀ ਵਿੱਚ ਹੋਰ ਸੀ ਅਤੇ ਵਰਤਮਾਨ ਪੰਜਾਬੀ ਵਿਚ ਹੋਰ ਹੈ; ਜਿਵੇਂ—

| ਪੁਰਾਣੀ ਪੰਜਾਬੀ | ਵਰਤਮਾਨ ਪੰਜਾਬੀ |
|---|---|
| "ਤਾਂ ਸੇਖਿ ਮਿਠੇ ਅਰਜੁ ਕੀਤਾ।" ਪੁਰਾਤਨ ਜਨਮ ਸਾਖੀ, ਸ० ੭੯। | ਮੈਂ ਅਰਜ ਕੀਤੀ। |
| "ਤੁਸਾਂ ਅਗੇ ਅਵਾਜੁ ਕੀਤਾ ਆਹਾ।" ਪੁਰਾਤਨ ਜਨਮ ਸਾਖੀ ੭੮। | ਮੈਂ ਕਿੰਨੀਆਂ ਅਵਾਜ਼ਾਂ ਮਾਰੀਆਂ ਹਨ। |

Digitized by Panjab Digital Library | www.panjabdigilib.org

੧੪੨. ਪੰਜਾਬੀ ਦੇ ਕੁਝ ਵਿਅੰਜਨਾਂਤ ਨਾਂਵ ਜੋ ਬੇਜਾਨ ਪਦਾਰਥਾਂ ਦਾ ਬੋਧ ਕਰਾਉਂਦੇ ਹਨ ਅਜਿਹੇ ਹਨ, ਜਿਨ੍ਹਾਂ ਨਾਲ -ਆ ਲਗਾਕੇ ਪੁਲਿੰਗ ਅਤੇ -ਈ ਲਗਾਕੇ ਇਸਤ੍ਰੀਲਿੰਗ ਬਣਾਏ ਜਾਂਦੇ ਹਨ। ਵਿਅੰਜਨਾਂਤਾਂ ਨੂੰ ਛੋਟੇ ਰੂਪ ਅਤੇ ਆਕਾਰਾਂਤ ਤੇ ਈਕਾਰਾਂਤਾਂ ਨੂੰ ਵੱਡੇ ਰੂਪ ਕਹਿੰਦੇ ਹਨ। ਕੁਝ ਉਦਾਹਰਣ ਹੇਠ ਦਿੱਤੇ ਜਾਂਦੇ ਹਨ :—

| | ਆਕਾਰਾਂਤ | ਈਕਾਰਾਂਤ |
|---|---|---|
| ਛੋਟਾ ਰੂਪ | ਵੱਡਾ ਰੂਪ | ਵੱਡਾ ਰੂਪ |
| ਅੱਖ | ਅੱਖਾ | ਅੱਖੀ |
| ਸੱਦ | ਸੱਦਾ | —— |
| ਸਿਰ | ਸਿਰਾ | ਸਿਰੀ |
| ਹੱਥ | ਹੱਥਾ | ਹੱਥੀ |
| ਖੁਰ | ਖੁਰਾ | ਖੁਰੀ |
| ਛੱਤ | ਛੱਤਾ | — |
| ਜਾਲ | ਜਾਲਾ | ਜਾਲੀ |
| ਨੱਕ | ਨੱਕਾ | — |
| ਫਲਾਹ | — | ਫਲਾਹੀ |

## ਲਿੰਗ ਦਾ ਨਿਰਣਾ

੧੪੩. ਜਿਨ੍ਹਾਂ ਦੀ ਮਾਤ-ਬੋਲੀ ਪੰਜਾਬੀ ਹੈ, ਉਨ੍ਹਾਂ ਨੂੰ ਲਿੰਗ ਦਾ ਪਤਾ ਹੁੰਦਾ ਹੀ ਹੈ, ਪਰ ਦੂਜਿਆਂ ਲੋਕਾਂ ਲਈ, ਵਿਸ਼ੇਸ਼ ਕਰਕੇ ਬਿਦੇਸ਼ੀਆ ਲਈ ਲਿੰਗ ਦਾ ਨਿਰਣਾ ਕਰਨਾ ਔਖਾ ਹੁੰਦਾ ਹੈ। ਉਹ ਜਾਂ ਤਾਂ ਸ਼ਬਦਾਂ ਦੇ ਅਰਥਾਂ ਤੋਂ ਜਾਂ ਭਾਸ਼ਾ ਦੀ ਵਰਤੋਂ ਨਾਲ, ਪੁਸਤਕਾਂ ਪੜ੍ਹਨ ਨਾਲ ਜਾਂ ਕੋਸ਼ ਤੋਂ ਨਾਂਵ ਦਾ ਲਿੰਗ ਜਾਣ ਸਕਦੇ ਹਨ। ਉਨ੍ਹਾਂ ਦੀ ਸਹਾਇਤਾ ਲਈ ਦੋ ਨਿਯਮ ਦੱਸੇ ਜਾਂਦੇ ਹਨ—

(੧) ਜਿਨ੍ਹਾਂ ਪ੍ਰਾਣੀਵਾਚਕ ਨਾਂਵਾਂ ਤੋਂ ਜੋੜਿਆਂ ਦਾ ਬੋਧ ਹੁੰਦਾ ਹੈ, ਉਨ੍ਹਾਂ ਵਿਚੋਂ ਨਰ ਦਾ ਬੋਧ ਕਰਾਉਣ ਵਾਲਾ ਨਾਂਵ ਪੁਲਿੰਗ ਹੁੰਦਾ ਹੈ ਅਤੇ ਮਾਦਾ ਦਾ ਬੋਧ ਕਰਾਉਣ ਵਾਲਾ ਨਾਂਵ ਇਸਤ੍ਰੀਲਿੰਗ; ਜਿਵੇਂ—ਪੁੱਤਰ, ਸਾਹਣ, ਅਤੇ ਊਠ ਪੁਲਿੰਗ ਹਨ ਅਤੇ ਸੱਸ, ਗਾਂ, ਅਤੇ ਡਾਚੀ ਇਸਤ੍ਰੀਲਿੰਗ ਹਨ।

[੨) ਪੰਜਾਬੀ ਦੇ ਆਕਾਰਾਂਤ ਵਿਸ਼ੇਸ਼ਣ ਅਤੇ ਲਿੰਗਾਦਿਬੋਧਕ ਕ੍ਰਿਆਵਾਂ ਪੁਲਿੰਗ ਹੁੰਦੇ ਹਨ ਅਤੇ ਈਕਾਰਾਂਤ ਲਿੰਗਾਦਿਕਬੋਧਕ ਕ੍ਰਿਆਵਾਂ ਅਤੇ ਵਿਸ਼ੇਸ਼ਣ ਇਸਤ੍ਰੀਲਿੰਗ ਹੁੰਦੇ ਹਨ। ਕਿਸੇ ਵੀ ਨਾਂਵ ਦਾ ਲਿੰਗ ਉਸ ਦੇ ਵਿਸ਼ੇਸ਼ਣ ਜਾਂ ਲਿੰਗਾਦਿ-ਬੋਧਕ ਕ੍ਰਿਆ ਤੋਂ ਮਲੂਮ ਹੋ ਜਾਂਦਾ ਹੈ।

**ਮੋਟਾ** ਹਾਥੀ। ਹਾਥੀ **ਗਿਆ**। ਹਾਥੀ **ਦੌੜਦਾ** ਹੈ। 'ਹਾਥੀ' ਨਾਲ ਆਕਾ-ਰਾਂਤ ਵਿਸ਼ੇਸ਼ਣ ਅਤੇ ਕਾਰਦੰਤਕ ਵਰਤੇ ਗਏ ਹਨ, ਇਸ ਕਰਕੇ 'ਹਾਥੀ' ਪੁਲਿੰਗ ਹੈ।

Digitized by Panjab Digital Library | www.panjabdigilib.org

ਵੱਡੀ ਮੰਜੀ । ਮੰਜੀ ਉਣੀ ਗਈ । ਸਾਣੀ ਮੰਜੀ ਚੰਗੀ ਹੰਡਦੀ ਹੈ ।

ਮੰਜੀ ਇਸਤ੍ਰੀਲਿੰਗ ਹੈ, ਕਿਉਂਕਿ ਇਸ ਦੇ ਵਿਸ਼ੇਸ਼ਣ ਅਤੇ ਕਾਰਦੰਤਕ ਈਕਾਰਾਂਤ ਹਨ ।

੧੪੪. (ਕ) ਵਿਅੰਜਨਾਂਤ ਪੁਲਿੰਗ ਨਾਂਵਾਂ ਦੇ ਨਾਲ -ਈ ਲਗਾਕੇ ਇਸਤ੍ਰੀ-ਲਿੰਗ ਬਣਾਇਆ ਜਾਂਦਾ ਹੈ; ਜਿਵੇਂ :—

| ਪੁਲਿੰਗ | ਇਸਤ੍ਰੀਲਿੰਗ | ਪੁਲਿੰਗ | ਇਸਤ੍ਰੀਲਿੰਗ |
|---|---|---|---|
| ਅਵਾਣ | ਅਵਾਣੀ | ਝੀਵਰ | ਝੀਵਰੀ |
| ਹਿਰਨ | ਹਿਰਨੀ | ਤਰਖਾਣ | ਤਰਖਾਣੀ |
| ਕਬੂਤਰ | ਕਬੂਤਰੀ | ਤਿੱਤਰ | ਤਿੱਤਰੀ |
| ਕੁੱਕੜ | ਕੁਕੜੀ | ਦਾਸ | ਦਾਸੀ |
| ਕੰਜਰ | ਕੰਜਰੀ | ਦੇਵ | ਦੇਵੀ |
| ਗੁੱਜਰ | ਗੁਜਰੀ | ਪਹਾੜ | ਪਹਾੜੀ |
| ਕੁਮ੍ਹਿਆਰ | ਕੁਮ੍ਹਿਆਰੀ | ਪੁੱਤਰ | ਪੁਤਰੀ |
| ਚਮਿਆਰ | ਚਮਿਆਰੀ | ਬਘਿਆੜ | ਬਘਿਆੜੀ |
| ਜੱਟ | ਜੱਟੀ | ਬਾਹਮਣ | ਬਾਹਮਣੀ |
| ਬਾਂਦਰ | ਬਾਂਦਰੀ | ਮੱਛ | ਮੱਛੀ |
| | | ਲੁਹਾਰ | ਲੁਹਾਰੀ |

(ਖ) ਆਕਾਰਾਂਤ ਪੁਲਿੰਗ ਨਾਂਵਾਂ ਦੇ ਅੰਤਲੇ -ਆ ਦੀ ਥਾਂ -ਈ ਕਰਨ ਨਾਲ ਇਸਤ੍ਰੀਲਿੰਗ ਬਣਾਇਆ ਜਾਂਦਾ ਹੈ; ਜਿਵੇਂ—

| ਪੁਲਿੰਗ | ਇਸਤ੍ਰੀਲਿੰਗ | ਪੁਲਿੰਗ | ਇਸਤ੍ਰੀਲਿੰਗ |
|---|---|---|---|
| ਸੁਨਿਆਰਾ | ਸੁਨਿਆਰੀ | ਚੂਹੜਾ | ਚੂਹੜੀ |
| ਸੋਟਾ | ਸੋਟੀ | ਤਾਇਆ | ਤਾਈ |
| ਸੰਢਾ | ਸੰਢੀ | ਦਾਦਾ | ਦਾਦੀ |
| ਕੱਟਾ | ਕੱਟੀ | ਦੋਹਤਰਾ | ਦੋਹਤਰੀ |
| ਕਤੂਰਾ | ਕਤੂਰੀ | ਨਾਨਾ | ਨਾਨੀ |
| ਕੁੱਤਾ | ਕੁੱਤੀ | ਪੱਖਾ | ਪੱਖੀ |
| ਖੋਤਾ | ਖੋਤੀ | ਪੜਦਾਦਾ | ਪੜਦਾਦੀ |
| ਘੋੜਾ | ਘੋੜੀ | ਪਿਆਲਾ | ਪਿਆਲੀ |
| ਚਰਖਾ | ਚਰਖੀ | ਪੋਤਰਾ | ਪੋਤਰੀ |
| ਚਾਚਾ | ਚਾਚੀ | ਬਕਰਾ | ਬਕਰੀ |

Digitized by Panjab Digital Library | www.panjabdigilib.org

| | | | |
|---|---|---|---|
| ਬਰਵਾਲਾ | ਬਰਵਾਲੀ | ਭਤੀਜਾ | ਭਤੀਜੀ |
| ਬੰਦਾ | ਬੰਦੀ | ਭੜੋਲਾ | ਭੜੋਲੀ |
| ਬਿੱਲਾ | ਬਿੱਲੀ | ਮਾਮਾ | ਮਾਮੀ |
| ਭਣੇਵਾਂ | ਭਣੇਵੀਂ | ਵੱਛਾ | ਵੱਛੀ |
| | | ਵਛੇਰਾ | ਵਛੇਰੀ |

ਆਕਾਰਾਂਤ ਵਿਸ਼ੇਸ਼ਣ ਅਤੇ ਕਾਰਦੰਤਕ ਪੁਲਿੰਗ ਹੁੰਦੇ ਹਨ; ਜਿਵੇਂ—ਚੰਗਾ, ਖੱਟਾ, ਮਿੱਠਾ, ਕਰਦਾ, ਚਲਦਾ, ਕੀਤਾ, ਚਲਿਆ ਆਦਿ। ਇਨ੍ਹਾਂ ਦੇ ਇਸਤ੍ਰੀਲਿੰਗ ਵੀ ਅੰਤਲੇ -ਆ ਦੀ ਥਾਂ -ਈ ਕਰਨ ਨਾਲ ਬਣਾਏ ਜਾਂਦੇ ਹਨ; ਜਿਵੇਂ—ਚੰਗੀ, ਖੱਟੀ ਮਿੱਠੀ, ਕਰਦੀ, ਚਲਦੀ, ਕੀਤੀ, ਚਲੀ ਆਦਿ।

(ਗ) ਕੁਝ ਵਿਅੰਜਨਾਂਤ ਪੁਲਿੰਗ ਨਾਂਵਾਂ ਦਾ ਇਸਤ੍ਰੀਲਿੰਗ -ਣੀ ਜਾਂ -ਨੀ ਲਗਾਉਣ ਨਾਲ ਬਣਦਾ ਹੈ; ਜਿਵੇਂ—

| ਪੁਲਿੰਗ | ਇਸਤ੍ਰੀਲਿੰਗ | ਪੁਲਿੰਗ | ਇਸਤ੍ਰੀਲਿੰਗ |
|---|---|---|---|
| ਊਠ | ਊਠਣੀ | ਜਿਮੀਂਦਾਰ | ਜਿਮੀਂਦਾਰਨੀ |
| ਸੰਤ | ਸੰਤਣੀ | | |
| ਸੱਪ | ਸੱਪਣੀ | ਠੱਗ | ਠੱਗਣੀ |
| ਸ਼ਾਹ | ਸ਼ਾਹਣੀ | ਡੂਮ | ਡੂਮਣੀ |
| ਸਾਹਣ | ਸਾਹਣਨੀ | ਨਟ | ਨਟਣੀ |
| ਸਿਕਲੀਗਰ | ਸਿਕਲੀਗਰਨੀ | ਨੰਬਰਦਾਰ | ਨੰਬਰਦਾਰਨੀ |
| ਸ਼ੇਰ | ਸ਼ੇਰਨੀ | ਪੈਂਚ | ਪੈਂਚਣੀ |
| ਹੰਸ | ਹੰਸਣੀ | ਫਕੀਰ | ਫਕੀਰਨੀ |
| ਕਮੀਨ | ਕਮੀਨਣੀ | ਬਾਜੀਗਰ | ਬਾਜੀਗਰਨੀ |
| ਕਲਾਲ | ਕਲਾਲਣੀ | ਭਗਤ | ਭਗਤਣੀ |
| ਕਾਂ | ਕੌਣੀ | ਮੋਰ | ਮੋਰਨੀ |
| ਕੁੜਮ | ਕੁੜਮਣੀ | ਰਜਪੂਤ | ਰਜਪੂਤਣੀ |

(ਘ) (੧) ਜ਼ਾਤ ਜਾਂ ਪੇਸ਼ੇ ਦੇ ਬੋਧਕ ਕੁਝ ਵਿਅੰਜਨਾਂਤ ਪੁਲਿੰਗ ਨਾਂਵਾਂ ਦਾ ਇਸਤ੍ਰੀਲਿੰਗ -ਆਣੀ ਲਗਾ ਕੇ ਬਣਦਾ ਹੈ; ਜਿਵੇਂ—

| ਪੁਲਿੰਗ | ਇਸਤ੍ਰੀਲਿੰਗ | ਪੁਲਿੰਗ | ਇਸਤ੍ਰੀਲਿੰਗ |
|---|---|---|---|
| ਸੱਯਦ | ਸਯਦਾਣੀ | ਪ੍ਰੋਹਤ | ਪ੍ਰੋਹਤਾਣੀ |
| ਸੇਠ | ਸੇਠਾਣੀ | ਮਾਸਟਰ | ਮਾਸਟਰਾਣੀ |
| ਜੇਠ | ਜਿਠਾਣੀ | ਮਿਸ਼ਰ | ਮਿਸ਼ਰਾਣੀ |
| ਦੇਉਰ | ਦੇਉਰਾਣੀ, ਦਰਾਣੀ | ਮੁਗਲ | ਮੁਗਲਾਣੀ |
| ਨੌਕਰ | ਨੌਕਰਾਣੀ | | |

Digitized by Panjab Digital Library | www.panjabdigilib.org

(ਅ) ਕੁਝ ਸੂਰਾਂਤ ਪੁਲਿੰਗਾਂ ਦੇ ਪਿੱਛੇ ਵੀ -ਆਣੀ ਲਗਾਇਆ ਜਾਂਦਾ ਹੈ; ਜਿਵੇਂ:—

| | |
|---|---|
| ਸਾਂਸੀ | ਸਾਂਸਿਆਣੀ |
| ਕੋਹਲੀ | ਕੋਹਲਿਆਣੀ |
| ਮੁਨਸ਼ੀ | ਮੁਨਸ਼ਿਆਣੀ |
| ਹਿੰਦੂ | ਹਿੰਦੁਆਣੀ |

(ੲ) ਕੁਝ ਸੂਰਾਂਤ ਪੁਲਿੰਗਾਂ ਦੇ ਅੰਤਲੇ ਸੂਰ ਦੀ ਥਾਂ -ਆਣੀ ਕਰਨ ਨਾਲ ਇਸਤ੍ਰੀਲਿੰਗ ਬਣਦਾ ਹੈ; ਜਿਵੇਂ:—

| ਪੁਲਿੰਗ | ਇਸਤ੍ਰੀਲਿੰਗ |
|---|---|
| ਖਤਰੀ | ਖਤਰਾਣੀ |
| ਸਾਈਂ | ਸਵਾਣੀ |

(ਕ) (ੳ) ਕੁਝ ਵਿਅੰਜਨਾਂਤ ਪੁਲਿੰਗ ਸ਼ਬਦਾਂ ਦਾ ਇਸਤ੍ਰੀਲਿੰਗ -ਅਣ ਲਗਾ ਕੇ ਬਣਾਇਆ ਜਾਂਦਾ ਹੈ; ਜਿਵੇਂ :–

| ਪੁਲਿੰਗ | ਇਸਤ੍ਰੀਲਿੰਗ |
|---|---|
| ਕਲਾਲ | ਕਲਾਲਣ |
| ਨਾਗ | ਨਾਗਣ |
| ਬਜਾਜ | ਬਜਾਜਣ |
| ਰਜਪੂਤ | ਰਜਪੂਤਣ |

(ਅ) ਈਕਾਰਾਂਤ ਪੁਲਿੰਗਾਂ ਦਾ ਇਸਤ੍ਰੀਲਿੰਗ -ਈ ਦੀ ਥਾਂ -ਅਣ ਲਗਾਕੇ ਬਣਾਇਆ ਜਾਂਦਾ ਹੈ; ਜਿਵੇਂ :—

| ਪੁਲਿੰਗ | ਇਸਤ੍ਰੀਲਿੰਗ | ਪੁਲਿੰਗ | ਇਸਤ੍ਰੀਲਿੰਗ |
|---|---|---|---|
| ਸ਼ਕਾਰੀ | ਸ਼ਕਾਰਨ | ਨਾਈ | ਨੈਣ |
| ਕਸ਼ਮੀਰੀ | ਕਸ਼ਮੀਰਨ | ਪਟਵਾਰੀ | ਪਟਵਾਰਨ |
| ਕਸਾਈ | ਕਸੈਣ | ਪਰਦੇਸੀ | ਪਰਦੇਸਣ |
| ਕੁਰੈਸ਼ੀ | ਕੁਰੈਸ਼ਣ | ਪਿਰਹਾਈ | ਪਰਹੈਣ |
| ਜੋਗੀ | ਜੋਗਣ | ਪੰਜਾਬੀ | ਪੰਜਾਬਣ |
| ਤੇਲੀ | ਤੇਲਣ | ਫਰੰਗੀ | ਫਰੰਗਣ |
| ਦਰਜੀ | ਦਰਜਣ | ਬਰਾਗੀ | ਬਰਾਗਣ |
| ਦੋਝੀ | ਦੋਬਣ | ਮਾਛੀ | ਮਾਛਣ |
| ਧੋਬੀ | ਧੋਬਣ | ਮਰਾਸੀ | ਮਰਾਸਣ |

Digitized by Panjab Digital Library | www.panjabdigilib.org

| | | | |
|---|---|---|---|
| ਮੁਸੱਲੀ | ਮੁਸੱਲਣ | ਲਲਾਰੀ | ਲਲਾਰਨ |
| ਮੋਚੀ | ਮੋਚਣ | ਵੈਰੀ | ਵੈਰਨ |
| ਰਾਈਂ | ਰੈਣ | | |

(ੲ) ਜਿਨ੍ਹਾਂ ਪੁਲਿੰਗ ਨਾਂਵਾਂ ਦੇ ਅੰਤ ਵਿਚ '-ਈਆ' ਹੁੰਦਾ ਹੈ, ਉਨ੍ਹਾਂ ਦਾ ਇਸਤ੍ਰੀਲਿੰਗ '-ਈਆ' ਦੀ ਥਾਂ '-ਅਣ' ਜਾਂ -ਅਨ ਕਰਨ ਨਾਲ ਬਣਦਾ ਹੈ।

ਉਦਾਹਰਣ :—

| ਪੁਲਿੰਗ | ਇਸਤ੍ਰੀਲਿੰਗ | ਪੁਲਿੰਗ | ਇਸਤ੍ਰੀਲਿੰਗ |
|---|---|---|---|
| ਅੰਬਰਸਰੀਆ | ਅੰਬਰਸਰਨ | ਲਹੌਰੀਆ | ਲਹੌਰਨ |
| ਪਸ਼ੌਰੀਆ | ਪਸ਼ੌਰਨ | ਵਟਾਲੀਆ | ਵਟਾਲਣ |
| ਪਹਾੜੀਆ | ਪਹਾੜਨ | | |

(ਚ) ਕਈਆਂ ਨਾਂਵਾਂ ਦੇ ਇਸਤ੍ਰੀਲਿੰਗ ਪੁਲਿੰਗਾਂ ਤੋਂ ਨਹੀਂ ਬਣਦੇ। ਇਨ੍ਹਾਂ ਦੇ ਇਸਤ੍ਰੀਲਿੰਗ ਲਈ ਵਖਰੇ ਸ਼ਬਦ ਹੁੰਦੇ ਹਨ; ਜਿਵੇਂ :-

| ਪੁਲਿੰਗ | ਇਸਤ੍ਰੀਲਿੰਗ | ਪੁਲਿੰਗ | ਇਸਤ੍ਰੀਲਿੰਗ |
|---|---|---|---|
| ਊਠ | ਡਾਚੀ, ਸਾਂਢਣੀ | ਫੁਫੜ | ਫੁਫੀ |
| ਊਂਧਾ | ਭੂਹਨ | ਬਲਦ | ਗਊ |
| ਸਹੁਰਾ | ਸੱਸ | ਬਾਪੂ | ਬੇਬੇ |
| ਸਾਹਿਬ | ਮੇਮ | ਬਾਬਾ | ਦਾਦੀ |
| ਸਾਂਢੂ | ਸਾਲੀ | ਭਰਾ | ਭੈਣ |
| ਖਸਮ | ਰੰਨ | ਭਰਾ | ਭਰਜਾਈ |
| ਗਭਰੂ | ਵਹੁਟੀ | ਮਰਦ | ਔਰਤ, ਤ੍ਰੀਮਤ |
| ਮਾਸੜ | ਮਾਸੀ | ਮਲਿਔਹਰਾ | ਮਲੇਹਸ |
| ਛਤਰਾ | ਭੇਡ | ਮੀਆਂ | ਬੀਬੀ |
| ਜਵਾਈ | ਧੀ | ਮੁੰਡਾ | ਕੁੜੀ |
| ਟੱਟੂ | ਟੈਰ | ਰਾਜਹੰਸ | ਹੰਸਰਾਣੀ |
| ਦੇ | ਪਰੀ | ਰਾਜਾ | ਰਾਣੀ |
| ਨਵਾਬ | ਬੇਗਮ | ਲਾੜਾ | ਵਹੁਟੀ |
| ਨਰ | ਮਾਦਾ | ਵਰ | ਕੰਨਿਆ |
| ਪਤਿਔਹਰਾ | ਪਤੀਹਸ | ਪਾਤਸ਼ਾਹ | ਮਲਕਾ |
| ਪਿਉ | ਮਾਂ | ਪਿਤਾ | ਮਾਤਾ |
| ਪੁੱਤਰ | ਧੀ | ਪੁਰਖ | ਤੀਵੀਂ, ਇਸਤ੍ਰੀ |

Digitized by Panjab Digital Library | www.panjabdigilib.org

੧੪੫. ਕਈ ਨਾਂਵ ਪੁਲਿੰਗ ਵਾਂਗ ਵੀ ਵਰਤੇ ਜਾਂਦੇ ਹਨ ਅਤੇ ਇਸਤ੍ਰੀ-ਲਿੰਗ ਵਾਂਗ ਵੀ। ਇਨ੍ਹਾਂ ਵਿੱਚੋਂ ਕੁਝ ਹੇਠ ਦੱਸੇ ਜਾਂਦੇ ਹਨ :—

ਅਕਲ, ਅਵਾਜ, ਸਲਾਮ, ਸੈਰ, ਸ਼ਰਮ, ਕਦਰ, ਕਿਆਸ, ਖਾਬ, ਗੌਂ, ਘਾਹ, ਚਰਚਾ, ਛੱਤ, ਤਹਿ, ਥਾਂ, ਦਹੀਂ, ਦਰਦ, ਪੁਛਲ, ਫਿਕਰ, ਯਾਰ, ਰੂਹ, ਲਾਮ, ਵਿਹਲ।

## ਵਚਨ

੧੪੬. ਨਾਂਵ ਜਾਂ ਕਿਸੇ ਹੋਰ ਵਿਕਾਰੀ ਸ਼ਬਦ ਦੇ ਜਿਸ ਰੂਪ ਤੋਂ ਇਕ ਜਾਂ ਇਕ ਤੋਂ ਵਧ ਹੋਣ ਦਾ ਬੋਧ ਹੋਵੇ, ਉਸ ਨੂੰ **ਵਚਨ** ਕਹਿੰਦੇ ਹਨ।

ਵਚਨ-ਭੇਦ ਨਿਰਾ ਨਾਂਵਾਂ ਵਿੱਚ ਹੀ ਨਹੀਂ ਦਿਸਦਾ; ਸਰਬਨਾਂਵਾਂ, ਵਿਸ਼ੇਸ਼ਣਾਂ ਅਤੇ ਕ੍ਰਿਆਵਾਂ ਵਿਚ ਵੀ ਮਿਲਦਾ ਹੈ।

੧੪੭. ਪੰਜਾਬੀ ਵਿੱਚ ਦੋ ਵਚਨ ਹਨ—**ਇਕ ਵਚਨ** ਅਤੇ **ਬਹੁ ਵਚਨ**।

੧੪੮. ਜੇ ਨਾਂਵ (ਜਾਂ ਕਿਸੇ ਹੋਰ ਵਿਕਾਰੀ ਸ਼ਬਦ) ਦੇ ਰੂਪ ਤੋਂ ਇਕ ਪਦਾਰਥ ਦਾ ਬੋਧ ਹੋਵੇ, ਤਾਂ ਉਸਦਾ **ਇਕ ਵਚਨ** ਹੁੰਦਾ ਹੈ; ਜਿਵੇਂ :—

ਮੁੰਡਾ, ਵੱਛਾ, ਬੂਟਾ, ਕੁੜੀ, ਚਿੜੀ, ਕਲੀ।

੧੪੯. ਜੇ ਨਾਂਵ ਆਦਿ ਦੇ ਰੂਪ ਤੋਂ ਇਕ ਤੋਂ ਵਧ ਪਦਾਰਥਾਂ ਦਾ ਬੋਧ ਹੋਵੇ, ਤਾਂ ਉਸ ਦਾ **ਬਹੁਵਚਨ** ਹੁੰਦਾ ਹੈ; ਜਿਵੇਂ :—

ਮੁੰਡੇ, ਵੱਛੇ, ਬੂਟੇ, ਕੁੜੀਆਂ, ਚਿੜੀਆਂ, ਕਲੀਆਂ।

ਸੰਸਕ੍ਰਿਤ ਵਿੱਚ 'ਦੁਵਚਨ' ਵੀ ਹੈ, ਜਿਹੜਾ ਦੁਹਾਂ ਦਾ ਬੋਧ ਕਰਾਉਂਦਾ ਹੈ। ਇਹ ਦੁਵਚਨ ਪ੍ਰਾਕ੍ਰਿਤ ਵਿੱਚ ਹੀ ਨਹੀਂ ਸੀ ਰਹਿਆ।

੧੫੦. ਪਿਆਰ ਦੱਸਣ ਲਈ ਇਕ ਵਚਨ ਵਰਤਿਆ ਜਾਂਦਾ ਹੈ; ਜਿਵੇਂ :—

"ਮੈਂ ਦਿਲ ਵਿੱਚ ਆਖਿਆ, ਭੂਆ, ਹੁਣ ਤੂੰ ਜ਼ਰੂਰ ਹਰਦੁਆਰ ਦਾ ਇਸ਼ਨਾਨ ਕਰੇਂਗੀ।" (ਨਾਨਕ ਸਿੰਘ)

੧੫੧. ਆਦਰ-ਮਾਣ ਦੱਸਣ ਲਈ ਬਹੁਵਚਨ ਵਰਤੋਂ ਵਿੱਚ ਆਉਂਦਾ ਹੈ; ਜਿਵੇਂ :—

**ਮਿਸਰ ਹੋਰੀ ਠੀਕ ਕਹਿੰਦੇ ਨੇ।**

"ਆਏ ਨਾਲ ਸਬਬ ਦੇ ਮੁਨੀ ਨਾਰਦ।
ਚਾਤ੍ਰਿਕ ਆਣ ਕੇ ਨਾਲ ਸਤਕਾਰ ਬੈਠੇ।"

(ਨਲ ਦਮਿਅੰਤੀ—ਚਾਤ੍ਰਿਕ)

Digitized by Panjab Digital Library | www.panjabdigilib.org

ਜਦ ਆਦਰ-ਮਾਣ ਦੱਸਣ ਲਈ ਕਿਸੇ ਨਾਂਵ ਨੂੰ ਬਹੁ ਵਚਨ ਕਰਕੇ ਵਰਤਿਆ ਜਾਂਦਾ ਹੈ, ਤਦ ਉਸ ਦੇ ਨਾਲ ਮਹਾਰਾਜ, ਸਾਹਿਬ ਜਾਂ ਜੀ ਆਦਿ ਸ਼ਬਦ ਦੀ ਵਰਤੋਂ ਹੁੰਦੀ ਹੈ; ਜਿਵੇਂ :—

ਸੁਆਮੀ ਜੀ ਜਾਂ ਸੁਆਮੀ ਜੀ ਮਹਾਰਾਜ; ਸਰਦਾਰ ਸਾਹਿਬ, ਭਾਈ ਜੀ ਆਦਿ ।

## ਬਹੁਵਚਨ ਬਣਾਉਣ ਦੇ ਨੇਮ

੧੫੨. (ਕ) ਜਿਨ੍ਹਾਂ ਆਕਾਰਾਂਤ ਪੁਲਿੰਗ ਸ਼ਬਦਾਂ ਦਾ ਅੰਤਲਾ ਅੱਖਰ ਬਲ-ਰਹਿਤ ਹੁੰਦਾ ਹੈ, ਉਨ੍ਹਾਂ ਦੇ ਸਾਧਾਰਣ ਰੂਪ ਦਾ ਬਹੁਵਚਨ ਅੰਤਲੇ -ਆ ਦੀ ਜਗ੍ਹਾ -ਏ ਕਰਨ ਨਾਲ ਬਣਦਾ ਹੈ; ਜਿਵੇਂ :—

| | | | | |
|---|---|---|---|---|
| ਇਕ ਵਚਨ— | ਮੁੰਡਾ | ਜਿਹਾ | ਪੀਲਾ | ਕੀਤਾ |
| ਬਹੁ ਵਚਨ— | ਮੁੰਡੇ | ਜਿਹੇ | ਪੀਲੇ | ਕੀਤੇ |

(ਖ) ਵਿਅੰਜਨਾਂਤ ਪੁਲਿੰਗ ਸ਼ਬਦਾਂ ਦੇ ਸਾਧਰਾਣ ਰੂਪ ਦਾ ਬਹੁਵਚਨ ਇਕ ਵਚਨ ਦੀ ਤਰ੍ਹਾਂ ਹੁੰਦਾ ਹੈ; ਜਿਵੇਂ :—

ਇਕ ਵਚਨ—ਸਾਡਾ ਘਰ; ਇਕ ਸੱਪ; ਤੁਹਾਡਾ ਨਗੌਰ ।

ਬਹੁ ਵਚਨ—ਸਾਡੇ ਘਰ; ਦਸ ਸੱਪ; ਪੰਜਾਬ ਦੇ ਨਗੌਰ ।

(ਗ) ਜਿਨ੍ਹਾਂ ਪੁਲਿੰਗ ਸ਼ਬਦਾਂ ਦੇ ਅੰਤ ਵਿੱਚ ਬਲ-ਰਹਿਤ -ਆ ਜਾਂ -ਆਂ ਤੋਂ ਛੁਟ ਹੋਰ ਕੋਈ ਸੁਰ ਹੁੰਦਾ ਹੈ, ਉਨ੍ਹਾਂ ਦੇ ਸਾਧਾਰਣ ਰੂਪ ਦੇ ਇਕ ਵਚਨ ਅਤੇ ਬਹੁ ਵਚਨ ਇਕੋ ਜਿਹੇ ਹੁੰਦੇ ਹਨ; ਜਿਵੇਂ :—ਭਰਾ, ਦਰਿਆ, ਘੁਮਾਂ, ਟੱਟੂ, ਨਾਈ ਆਦਿ ।

ਇਕ ਵਚਨ—ਇਕ ਭਰਾ; ਇਕ ਘੁਮਾਂ; ਨਾਈ ਆਇਆ; ਟੱਟੂ ਗਿਆ ।

ਬਹੁ ਵਚਨ—ਦੋ ਭਰਾ, ਪੰਜ ਘੁਮਾਂ; ਨਾਈ ਆਏ; ਟੱਟੂ ਗਏ ।

## ਇਸਤ੍ਰੀਲਿੰਗ ਸ਼ਬਦ

੧੫੩. (ਕ) ਇਸਤ੍ਰੀਲਿੰਗ ਸ਼ਬਦਾਂ ਦੇ ਸਾਧਾਰਣ ਰੂਪ ਦਾ ਬਹੁ ਵਚਨ ਇਕ ਵਚਨ ਨਾਲ -ਆਂ ਲਗਾ ਕੇ ਬਣਾਇਆ ਜਾਂਦਾ ਹੈ; ਪਰ ਜੇ ਇਸਤ੍ਰੀਲਿੰਗ ਸ਼ਬਦ ਆਕਾਰਾਂਤ ਹੋਵੇ, ਤਾਂ -ਆਂ ਤੋਂ ਪਹਿਲਾਂ 'ਵ੍' ਦਾ ਆਗਮ ਹੋ ਜਾਂਦਾ ਹੈ; ਜਿਵੇਂ :—

Digitized by Panjab Digital Library | www.panjabdigilib.org

| | ਇਕ ਵਚਨ | ਬਹੁ ਵਚਨ |
|---|---|---|
| ਵਿਅੰਜਨਾਂਤ | ਭੇਡ | ਭੇਡਾਂ |
| | ਰਾਤ | ਰਾਤਾਂ |
| | ਗੱਲ | ਗੱਲਾਂ |
| | ਜੀਭ | ਜੀਭਾਂ |
| | ਰੂਹ | ਰੂਹਾਂ |
| | ਨਾਰ | ਨਾਰਾਂ |
| ਈਕਾਰਾਂਤ | ਬਿੱਲੀ | ਬਿੱਲੀਆਂ |
| | ਗੋਰੀ | ਗੋਰੀਆਂ |
| | ਨੱਸੀ | ਨੱਸੀਆਂ |
| | ਉਸਦੀ | ਉਸਦੀਆਂ |
| ਆਕਾਰਾਂਤ | ਮਾਂ | ਮਾਂਵਾਂ |
| | ਛਾਂ | ਛਾਂਵਾਂ |
| | ਬਲਾ | ਬਲਾਵਾਂ |

(ਖ) ਕੁਝ ਇਸਤ੍ਰੀਲਿੰਗ ਨਾਂਵਾਂ ਦੇ ਸਾਧਾਰਣ ਰੂਪ ਦਾ ਬਹੁਵਚਨ -ਈਂ ਲਗਾ ਕੇ ਬਣਾਇਆ ਜਾਂਦਾ ਹੈ; ਜਿਵੇਂ :—

| ਇਕ ਵਚਨ | ਬਹੁ ਵਚਨ | |
|---|---|---|
| ਆਹ | ਆਹੀਂ | [ਆਹੀਂ ਮਾਰ ਕੇ ਹੋ ਲਚਾਰ ਰੁੰਨੀ' 'ਹੀਰ' ਮੁਕਬਿਲ |
| ਢਾਹ | ਢਾਹੀਂ | [ਢਾਹੀਂ ਮਾਰਦੀ ਇਛਰਾਂ ਦੌੜ ਆਈ ।' |
| ਭਾਹ | ਭਾਹੀਂ | ਨਲ ਦਮਿਅੰਤੀ] |
| ਬਲਾ | ਬਲਾਈਂ | |
| ਸਜ਼ਾ | ਸਜ਼ਾਈਂ | |
| ਮੱਝ | ਮੱਝੀਂ | |
| ਅੱਖ | ਅੱਖੀਂ | |

(ਗ) ਥੋੜੇ ਜਿਹੇ ਇਸਤ੍ਰੀਲਿੰਗ ਨਾਂਵਾ ਦੇ ਸਾਧਾਰਣ ਰੂਪ ਦਾ ਬਹੁ ਵਚਨ ਇਕ ਵਚਨ ਨਾਲ -ਊਂ ਲਗਾ ਕੇ ਬਣਾਇਆ ਜਾਂਦਾ ਹੈ; ਜਿਵੇਂ :—

| ਇਕ ਵਚਨ | ਬਹੁ ਵਚਨ |
|---|---|
| ਅਥਰ | ਅਥਰੂੰ |
| ਹੰਝ | ਹੰਝੂੰ |
| ਵਸਤ | ਵਸਤੂੰ |

Digitized by Panjab Digital Library | www.panjabdigilib.org

੧੫੪. ਸ੍ਰੀਮਾਨ, ਮਹਾਰਾਜ, ਸਾਹਿਬ, ਜੀ, ਹੋਰੀ, ਆਦਿਕ ਆਦਰ-ਸੂਚਕ ਸ਼ਬਦਾਂ ਵਿੱਚੋਂ ਜਦ ਕੋਈ ਇਕਵਚਨ ਨਾਂਵ ਨਾਲ ਲਗਾਇਆ ਜਾਂਦਾ ਹੈ, ਤਾਂ ਉਹ ਬਹੁਵਚਨ ਹੋ ਜਾਂਦਾ ਹੈ; ਜਿਵੇਂ—

ਮੁਨਸਿਫ਼ **ਸਾਹਿਬ** ਸਾਹਮਣੇ ਕਚਹਿਰੀ ਵਿੱਚ ਬੈਠੇ ਹਨ।

**ਬਾਪੂ ਜੀ** ਦਸਦੇ ਹੁੰਦੇ ਸਨ।

ਕਈ ਵਾਰੀ ਆਦਰ-ਬੋਧਕ ਸ਼ਬਦ ਬੇਜਾਨ ਪਦਾਰਥਾਂ ਲਈ ਵੀ ਵਰਤੋਂ ਵਿੱਚ ਆਉਂਦਾ ਹੈ; ਜਿਵੇਂ—

ਗੁੱਜਰ ਜਦ ਦੁਧ ਬਾਹਰੋਂ ਲੈ ਕੇ ਆਉਂਦੇ ਹਨ ਤਾਂ ਕਈ ਹਲਵਾਈ ਲਾਟੂ ਪਾ ਕੇ ਜਾਚਦੇ ਹਨ, ਪਰ **ਲਾਟੂ ਹੁਰੀ** ਪਛਾਣ ਨਹੀਂ ਸਕਦੇ।

੧੫੫. ਵਾਕ ਵਿੱਚ ਕ੍ਰਿਆਪਦ ਨਾਲ ਨਾਂਵ ਜਾਂ ਸਰਬਨਾਂਵ ਦਾ ਜੋ ਸੰਬੰਧ ਹੁੰਦਾ ਹੈ, ਉਸ ਨੂੰ **ਕਾਰਕ** ਆਖਦੇ ਹਨ।

ਬਾਗ ਵਿੱਚ ਇਕ ਮੁੰਡਾ ਆਪਣੇ ਭਰਾ ਲਈ ਹੱਥ ਨਾਲ ਵੇਲ ਤੋਂ ਫੁੱਲ ਲਾਹ ਰਿਹਾ ਹੈ।

ਇਸ ਵਾਕ ਵਿਚ 'ਲਾਹ ਰਿਹਾ ਹੈ'—ਇਸ ਕ੍ਰਿਆਪਦ ਨਾਲ ਦੂਜੇ ਪਦਾਂ ਦੇ ਕਈ ਤਰ੍ਹਾਂ ਦੇ ਸੰਬੰਧ ਹਨ, ਜਿਵੇਂ—

ਕੌਣ ਲਾਹ ਰਿਹਾ ਹੈ?—ਮੁੰਡਾ (ਕਰਤਾ)
ਕੀ ਲਾਹ ਰਿਹਾ ਹੈ?—ਫੁੱਲ (ਕਰਮ)
ਕਿਸ ਨਾਲ ਲਾਹ ਰਿਹਾ ਹੈ?—ਹੱਥ ਨਾਲ (ਕਰਣ)
ਕਿਹਦੇ ਲਈ ਲਾਹ ਰਿਹਾ ਹੈ?—ਭਰਾ ਲਈ (ਸੰਪ੍ਰਦਾਨ)
ਕਿਸ ਤੋਂ ਲਾਹ ਰਿਹਾ ਹੈ?—ਵੇਲ ਤੋਂ (ਅਪਾਦਾਨ)
ਕਿਥੇ ਲਾਹ ਰਿਹਾ ਹੈ?—ਬਾਗ ਵਿਚ (ਅਧਿਕਰਣ)

ਤਾਂ ਤੇ ਕਾਰਕ ਛੇ ਤਰ੍ਹਾਂ ਦੇ ਹਨ—ਕਰਤਾ, ਕਰਮ, ਕਰਣ, ਸੰਪ੍ਰਦਾਨ, ਅਪਾਦਾਨ ਅਤੇ ਅਧਿਕਰਣ।

ਕ੍ਰਿਆਪਦ ਤੋਂ ਛੁਟ ਹੋਰ ਪਦ ਨਾਲ ਨਾਂਵ ਜਾਂ ਸਰਬਨਾਂਵ ਦਾ ਜੋ ਸੰਬੰਧ ਹੁੰਦਾ ਹੈ, ਉਸ ਨੂੰ ਕਾਰਕ ਕਹਿਣਾ ਠੀਕ ਨਹੀਂ, ਇਸ ਕਰਕੇ 'ਸੰਬੰਧ' ਬੋਧਕ ਵਾਕ-ਅੰਸ਼ ਅਤੇ ਸੰਬੋਧਨ ਨੂੰ ਕਾਰਕ ਕਹਿਣਾ ਭੁੱਲ ਹੈ।

ਸੰਬੰਧਬੋਧਕ ਵਾਕ-ਅੰਸ਼ ਦਾ ਸੰਬੰਧ ਕ੍ਰਿਆ ਨਾਲ ਨਹੀਂ ਹੁੰਦਾ, ਇਸ ਦਾ ਸੰਬੰਧ ਵਾਕ ਦੇ ਕਿਸੇ ਹੋਰ ਨਾਂਵ ਨਾਲ ਹੁੰਦਾ ਹੈ; ਜਿਵੇਂ—**ਰੁੱਖ ਦੀ** ਡਾਲ ਟੁੱਟ ਗਈ। ਏਥੇ 'ਰੁੱਖ ਦੀ' ਇਸ ਸੰਬੰਧ-ਬੋਧਕ ਵਾਕ-ਅੰਸ਼ ਦਾ ਸੰਬੰਧ 'ਡਾਲ' ਨਾਲ ਹੈ ਜੋ ਨਾਂਵ ਹੈ।

**ਜੰਗਲ ਦਾ** ਜਾਨਵਰ=**ਜੰਗਲੀ** ਜਾਨਵਰ, ਸਪਸ਼ਟ ਹੈ ਕਿ **ਜੰਗਲ ਦਾ** ('ਜੰਗਲੀ' ਵਾਂਗ) ਵਿਸ਼ੇਸ਼ਣ ਹੈ ਅਤੇ ਜਾਨਵਰ ਵਿਸ਼ੇਸ਼ ਹੈ। ਇਸ ਨੂੰ **ਸੰਬੰਧਮਾਨ** ਵੀ ਆਖਦੇ ਹਨ। ਉਪਰ ਦਿੱਤੇ ਉਦਾਹਰਣ ਵਿਚ 'ਡਾਲ' **ਸੰਬੰਧਮਾਨ** ਹੈ।

Digitized by Panjab Digital Library | www.panjabdigilib.org

ਕਈਆਂ ਵਿਆਕਰਣਾਂ ਵਿੱਚ ਇਸ ਨੂੰ **'ਸੰਬੰਧਮਾਨ'** ਕਿਹਾ ਹੈ, ਪਰ ਸੰ॰ ਸੰਬ੍ਯਮਾਨ ਦਾ ਵਟਿਆ ਰੂਪ ਸੰਬੱਧਮਾਨ ਜਾਂ ਸੰਬੱਝਮਾਨ ਹੀ ਹੋ ਸਕਦਾ ਹੈ।

੧੫੬. ਪੰਜਾਬੀ ਵਿਚ ਨਾਂਵ ਦੇ ਇਹ ਰੂਪ ਮਿਲਦੇ ਹਨ —

(੧) ਸਾਧਾਰਣ (੨) ਸੰਬੰਧਕੀ (੩) ਸੰਬੋਧਨ।

੧੫੭. ਇਨ੍ਹਾਂ ਤੋਂ ਛੁਟ ਹੋਰ ਕਰਣ ਕਾਰਕ, ਅਪਾਦਾਨ ਅਤੇ ਅਧਿਕਰਣ ਦੇ ਰੂਪ ਵੀ ਮਿਲਦੇ ਹਨ।

੧੫੮. ਸਾਧਾਰਣ ਰੂਪ ਪਹਿਲੀ ਅਤੇ ਦੂਜੀ ਦੋਹਾਂ ਵਿਭਕੀਆਂ ਦੇ ਰੂਪ ਨੂੰ ਆਖਦੇ ਹਨ; ਜਿਵੇਂ—

**ਪਾਣੀ** ਵਗ ਰਿਹਾ ਹੈ।

ਘੋੜਾ **ਪਾਣੀ** ਪੀਂਦਾ ਹੈ।

ਇਨ੍ਹਾਂ ਉਦਾਹਰਣਾਂ ਤੋਂ ਪਤਾ ਲਗਦਾ ਹੈ ਕਿ ਸਾਧਾਰਣ ਰੂਪ ਕਿਤੇ ਉਦੇਸ਼ ਦਾ ਅਤੇ ਕਿਤੇ ਕਰਮ ਦਾ ਬੋਧ ਕਰਾਉਂਦਾ ਹੈ । ਪਹਿਲੀ ਵਿਭਕਤੀ (ਉਦੇਸ਼ਬੋਧਕ) ਅਤੇ ਦੂਜੀ ਵਿਭਕਤੀ (ਕਰਮ-ਬੋਧਕ) ਦੇ ਰੂਪ ਇਕੋ ਜਿਹੇ ਹੁੰਦੇ ਹਨ, ਜਿਵੇਂ ਉਪਰਲਿਆਂ ਦੋਹਾਂ ਵਾਕਾਂ ਵਿੱਚ ਪਾਣੀ ਦੇ ਹਨ (ਦੇਖੋ §੧੬੫.), ਇਸੇ ਕਰਕੇ ਇਸ ਸਾਂਝੇ ਰੂਪ ਨੂੰ **ਸਾਧਾਰਣ ਰੂਪ** ਕਿਹਾ ਗਿਆ ਹੈ।

੧੫੯. ਸੰਬੰਧਕੀ ਰੂਪ ਉਹ ਹੈ ਜੋ ਸੰਬੰਧਕਾਂ ਦੀ ਮਦਦ ਨਾਲ ਸੰਸਕ੍ਰਿਤ ਦੀ ਤੀਜੀ, ਚੌਥੀ, ਪੰਜਵੀਂ, ਛੇਵੀਂ ਅਤੇ ਸਤਵੀਂ ਵਿਭਕਤੀ ਦਾ ਕੰਮ ਦੇਂਦਾ ਹੈ; ਜਿਵੇਂ—

**ਘੋੜੇ** (ਨੇ, ਨੂੰ, ਤੋਂ, ਦਾ, ਵਿਚ, ਉੱਪਰ)।

੧੬੦. ਸੰਬੋਧਨ ਰੂਪ ਬੁਲਾਉਣ ਲਈ ਵਰਤਿਆ ਜਾਂਦਾ ਹੈ; ਜਿਵੇਂ— **ਵੀਰਾ** ! ਕੁੜੀਏ ! ਮੁੰਡਿਆ ! ਗਾਂਝਿਆ ! ਭੈਣੇ ! ਭਿਰਾਵੋ।

੧੬੧. ਰੂਪ ਦੇ ਅਨੁਸਾਰ ਪੰਜਾਬੀ ਵਿੱਚ ਹੇਠ ਲਿਖੀਆਂ ਅਸਲੀ ਵਿਭਕਤੀਆਂ ਮਿਲਦੀਆਂ ਹਨ—

(੧) ਪਹਿਲੀ—ਉਦੇਸ਼ ਦਾ ਬੋਧ ਕਰਾਉਂਦੀ ਹੈ।

(੨) ਦੂਜੀ— ਕਰਮ ਦਾ ਬੋਧ ਕਰਾਉਂਦੀ ਹੈ।

(੩) ਸੰਬੰਧਕੀ ਇਹ ਸੰਬੰਧਕਾਂ ਦੀ ਮਦਦ ਨਾਲ ਸੰਸਕ੍ਰਿਤ ਦੀ ਤੀਜੀ, ਚੌਥੀ, ਪੰਜਵੀਂ, ਛੇਵੀਂ ਅਤੇ ਸਤਵੀਂ ਦਾ ਕੰਮ ਦੇਂਦੀ ਹੈ।

(੪) ਸੰਬੋਧਨ—ਇਹ ਬੁਲਾਉਣ ਦੇ ਲਈ ਵਰਤੀ ਜਾਂਦੀ ਹੈ।

**ਉਦਾਹਰਣ** :—

ਪਹਿਲੀ – **ਮੁੰਡਾ** ਪੜ੍ਹਦਾ ਹੈ। **ਮੁੰਡੇ** ਪੜ੍ਹਦੇ ਹਨ।

ਦੂਜੀ — ਰਾਮ **ਨਿਸ਼ਾਨਾ** ਫੁੰਡਦਾ ਹੈ।

ਪਾਂਧਾ **ਮੁੰਡੇ** ਪੜ੍ਹਾਂਦਾ ਹੈ।

ਸੰਬੰਧਕੀ—**ਮੁੰਡੇ** ਨੇ, **ਮੁੰਡੇ** ਨੂੰ, **ਮੁੰਡਿਆਂ** ਨੇ, **ਮੁੰਡਿਆਂ** ਲਈ, **ਮੁੰਡਿਆਂ** ਤੋਂ, **ਮੁੰਡਿਆਂ** ਦਾ, **ਮੁੰਡਿਆਂ** ਵਿੱਚ।

ਸੰਬੋਧਨ—**ਮੁੰਡਿਆ** ! ਮੇਰੀ ਗੱਲ ਸੁਣ।

**ਵੀਰੋ** ! ਢਿੱਲ ਨਾ ਕਰੋ।

Digitized by Panjab Digital Library | www.panjabdigilib.org

੧੬੨. ਉਪਰ ਦਸੀਆਂ ਵਿਭਕਤੀਆਂ ਦੇ ਦੁਹਾਂ ਹੀ ਵਚਨਾਂ ਦੇ ਰੂਪ ਮਿਲਦੇ ਹਨ ਅਤੇ ਇਹੋ ਮੁੱਖ ਗਿਣੀਆਂ ਜਾਂਦੀਆਂ ਹਨ।

ਇਨ੍ਹਾਂ ਤੋਂ ਛੁਟ ਤੀਜੀ (ਕਰਣ ਕਾਰਕ), ਪੰਜਵੀਂ (ਅਪਾਦਾਨ) ਅਤੇ ਸਤਵੀਂ ਅਧਿਕਰਣ ਦੇ ਕੁਝ ਰੂਪ ਵੀ ਬਚ ਰਹੇ ਹਨ। **ਤੀਜੀ** (ਕਰਣ ਕਾਰਕ) ਨੂੰ ਨਾ ਹੀ ਪੂਰੀ ਅਤੇ ਨਾ ਹੀ ਅਧੂਰੀ ਕਹਿ ਸਕਦੇ ਹਾਂ, ਕਿਉਂਕਿ ਇਸ ਦੇ ਬਹੁਵਚਨ ਦੇ ਰੂਪ ਭਾਵੇਂ ਆਮ ਮਿਲਦੇ ਹਨ, ਪਰ ਇਕ ਵਚਨ ਦੇ ਕੁਝ ਰੂਪ, ਸੋ ਵੀ ਸਰਬਨਾਂਵਾਂ ਦੇ ਹੀ ਦਿਖਾਈ ਦਿੰਦੇ ਹਨ; ਜਿਵੇਂ—"ਹੱਥੀਂ (=ਹੱਥਾਂ ਨਾਲ)" ਲਾਉਂਦਾ, **ਪੈਰੀਂ** (ਪੈਰਾਂ ਨਾਲ) ਬੁਝਾਉਂਦਾ ਹੈ, "ਵਿੱਚ 'ਹੱਥੀਂ' ਅਤੇ 'ਪੈਰੀਂ'" ਬਹੁਵਚਨ ਦੇ ਅਤੇ ਜਿਨ, ਕਿਨ–ਇਹ ਸਰਬਨਾਂਵੀ ਰੂਪ ਇਕ ਵਚਨ ਦੇ ਮਿਲਦੇ ਹਨ। **ਪੰਜਵੀਂ** (ਅਪਾਦਾਨ) ਦੇ ਨਿਰੇ ਇਕ ਵਚਨ ਦੇ ਹੀ ਰੂਪ ਵਰਤੇ ਜਾਂਦੇ ਹਨ; ਜਿਵੇਂ—ਹੱਥੋਂ (=ਹੱਥ ਤੋਂ), ਗਡੀਓਂ (=ਗੱਡੀ ਤੋਂ) ਆਦਿ। ਸਤਵੀਂ (ਅਧਿਕਰਣ) ਦੇ ਦੁਹਾਂ ਹੀ ਵਚਨਾਂ ਦੇ ਰੂਪ ਮਿਲਦੇ ਹਨ; ਜਿਵੇਂ—

ਇਕ ਵਚਨ—ਉਹ **ਘਰੇ** ਹੈ। '**ਦਿਨੇ ਰਾਤੀਂ** ਖਾਣੀ ਪਈ ਗਿੱਲੇ ਛੋਨੇ ਦੀ ਝਸਿਆਵਲ।' ਨਵਾਬ ਖਾਨ।

ਬਹੁ ਵਚਨ—**ਇਹਨੀਂ ਤਿਲੀਂ** (=ਇਨ੍ਹਾਂ ਤਿਲਾਂ ਵਿੱਚ) ਤੇਲ ਹੈ ਨਹੀਂ।

"ਰਾਹ ਨਾ ਮਾਰੋ, **ਸ਼ਹਿਰੀਂ** (ਸ਼ਹਿਰਾਂ ਵਿੱਚ) ਵੱਸੋ, ਕੰਮ ਕਰੋ ਭਲਿਆਂ ਦੇ।" ਹਾਤਮ ਨਾਮਾ ਪੰਜਾਬੀ।

ਚੇਤੇ ਰਹੇ ਕਿ ਹੱਥੀਂ, ਪੈਰੀਂ, ਹੱਥੋਂ, ਗਡੀਓਂ, ਘਰੇ, ਦਿਨੇ, ਤਿਲੀਂ ਆਦਿਕ **ਪਦ** ਹਨ; ਪਰ ਹਥਾਂ ਨਾਲ, ਪੈਰਾਂ ਨਾਲ, ਹੱਥ ਤੋਂ, ਗੱਡੀ ਤੋਂ, ਘਰ ਵਿੱਚ, ਦਿਨ ਨੂੰ, ਤਿਲਾਂ ਵਿੱਚ ਆਦਿ **ਦੋ ਪਦਾਂ ਦੇ ਬਣੇ ਹੋਏ ਵਾਕ-ਅੰਸ਼ ਹਨ।**

ਸੰਸਕ੍ਰਿਤ ਵਿੱਚ ਅੱਠ ਵਿਭਕਤੀਆਂ ਹਨ। ਇਨ੍ਹਾਂ ਵਿੱਚੋਂ ਚੌਥੀ ਪ੍ਰਾਕ੍ਰਿਤ ਵਿੱਚ ਹੀ ਨਹੀਂ ਰਹੀ ਸੀ ਅਤੇ ਛੇਵੀਂ ਹੀ ਚੌਥੀ ਦਾ ਵੀ ਕੰਮ ਦੇਣ ਲਗ ਪਈ ਸੀ। ਅਪਭ੍ਰੰਸ਼ ਵਿੱਚ ਪਹਿਲੀ ਅਤੇ ਦੂਜੀ ਵਿੱਚ ਕੋਈ ਫਰਕ ਨਹੀਂ ਸੀ ਰਿਹਾ, ਤੀਜੀ ਸਤਵੀਂ ਨਾਲ ਘੁਲ ਮਿਲ ਗਈ ਸੀ ਅਤੇ ਚੌਥੀ, ਪੰਜਵੀਂ ਅਤੇ ਛੇਵੀਂ ਵੀ ਇਕ ਹੋ ਗਈਆਂ ਸਨ। ਪੰਜਾਬੀ ਵਿੱਚ ਰੂਪ ਹੋਰ ਵੀ ਘਟ ਗਏ ਹਨ। ਇਸ ਵਿੱਚ ਤੀਜੀ ਤੋਂ ਲੈ ਕੇ ਸਤਵੀਂ ਤੀਕਰ ਦੇ ਰੂਪਾਂ ਦੀ ਥਾਂ **ਸੰਬੰਧਕੀ** ਰੂਪ ਨੇ ਲੈ ਲਈ ਹੈ ਅਤੇ ਉਹੋ ਇਕ ਰੂਪ ਪੰਜਾਂ ਵਿਭਕਤੀਆਂ ਦਾ ਕੰਮ ਦਿੰਦਾ ਹੈ। ਅਰਥ ਦਾ ਸ਼ੱਕ ਮਿਟਾਉਣ ਲਈ ਸੰਬੰਧਕਾਂ ਦੀ ਵਰਤੋਂ ਹੋਣ ਲੱਗੀ। ਇਸ ਕਰਕੇ ਕਈਆਂ ਵਿਭਕਤੀਆਂ ਦੀ ਥਾਂ ਅਜਿਹੇ ਵਾਕ-ਅੰਸ਼ ਵਰਤੇ ਜਾਂਦੇ ਹਨ ਜੋ ਸੰਬੰਧਕੀ ਰੂਪ ਅਤੇ ਸੰਬੰਧਕ ਨਾਲ ਬਣੇ ਹੁੰਦੇ ਹਨ।

੧੬੩. ਵਿਭਕਤੀਆਂ ਦਾ ਖਿਆਲ ਕਰਦੇ ਹੋਏ ਪੰਜਾਬੀ ਨਾਂਵ ਚਾਰ ਤਰ੍ਹਾਂ ਦੇ ਹਨ।

(੧) ਆਕਾਰਾਂਤ ਪੁਲਿੰਗ, (੨) ਬਾਕੀ ਪੁਲਿੰਗ,

(੩) ਈਕਾਰਾਂਤ ਇਸਤ੍ਰੀ ਲਿੰਗ ਅਤੇ (੪) ਬਾਕੀ ਇਸਤ੍ਰੀ ਲਿੰਗ।

Digitized by Panjab Digital Library | www.panjabdigilib.org

# ੧੬੪. ਅਸਲੀ ਮੁੱਖ ਵਿਭਕਤੀਆਂ

| | | ਆਕਾਰਾਂਤ ਪੁਲਿੰਗ | | ਬਾਕੀ ਪੁਲਿੰਗ | | ਈਕਾਰਾਂਤ ਪੁਲਿੰਗ | | ਬਾਕੀ ਇਸਤ੍ਰੀਲਿੰਗ | |
|---|---|---|---|---|---|---|---|---|---|
| | | ਇਕ ਵਚਨ | ਬਹੁ ਵਚਨ | ਇਕ ਵਚਨ | ਬਹੁ ਵਚਨ | ਇਕ ਵਚਨ | ਬਹੁ ਵਚਨ | ਇਕ ਵਚਨ | ਬਹੁ ਵਚਨ |
| ਸਾਧਾਰਣ | ਪਹਿਲੀ ਜਾਂ ਉਦੇਸ਼-ਬੋਧਕ | ਘੋੜਾ | -ਆ ਦੀ ਥਾਂ -ਏ ਘੋੜੇ | — ਸਾਧ | — ਸਾਧ | — ਕੁੜੀ | -ਆਂ ਕੁੜੀਆਂ | — ਭੈਣ | —ਆਂ ਭੈਣਾਂ |
| | ਦੂਜੀ ਜਾਂ ਕਰਮ-ਬੋਧਕ | ਘੋੜਾ | -ਆ ਦੀ ਥਾਂ -ਏ ਘੋੜੇ | — ਸਾਧ | — ਸਾਧ | — ਕੁੜੀ | —ਆਂ ਕੁੜੀਆਂ | — ਭੈਣ | —ਆਂ ਭੈਣਾਂ |
| ਸੰਬੰਧਕੀ | | ਆ ਦੀ ਥਾਂ-ਏ (ਘੋੜੇ ਨੂੰ, ਨੇ, ਤੋਂ) | -ਆ ਦੀ ਥਾਂ-ਇਆਂ ਘੋੜਿਆਂ (ਨੂੰ, ਨੇ, ਤੋਂ) | — ਸਾਧ (ਨੂੰ, ਨੇ, ਤੋਂ) | -ਆਂ ਸਾਧਾਂ (ਨੂੰ, ਨੇ, ਤੋਂ) | — ਕੁੜੀ (ਨੂੰ, ਨੇ, ਤੋਂ) | —ਆਂ ਕੁੜੀਆਂ (ਨੂੰ ਨੇ, ਤੋਂ) | — ਭੈਣ (ਨੂੰ, ਨੇ, ਤੋਂ) | —ਆਂ ਭੈਣਾਂ(ਨੂੰ, ਨੇ, ਤੋਂ) |
| ਸੰਬੋਧਨ | | -ਆ ਦੀ ਥਾਂ -ਏ ਜਾਂ- ਇਆ ਘੋੜੇ ! ਘੋੜਿਆ । | -ਆ ਦੀ ਥਾਂ -ਇਓ ਘੋੜਿਓ ! | -ਆ ਸਾਧਾ ! | -ਓ ਸਾਧੋ ! | —ਏ ਕੁੜੀਏ ! | —ਓ ਕੁੜੀਓ ! | —ਏ ਭੈਣੇ ! | —ਓ ਭੈਣੋ । |

Digitized by Panjab Digital Library | www.panjabdigilib.org

੧੬੫. ਪੰਜਾਬੀ ਵਿੱਚ ਪਹਿਲੀ ਅਤੇ ਦੂਜੀ ਵਿਭਕਤੀ ਦੇ ਰੂਪ ਇੱਕੋ ਜਿਹੇ ਹੁੰਦੇ ਹਨ; ਜਿਵੇਂ—

| ਪਹਿਲੀ | ਦੂਜੀ |
|---|---|
| ਗ਼ੁੱਸਾ ਭੈੜਾ ਹੁੰਦਾ ਹੈ। | ਗ਼ੁੱਸਾ ਨਾ ਕਰ। |
| ਬਕਰੇ ਬੁੱਕਦੇ ਹਨ। | ਉਹ ਬਕਰੇ ਕੁਹੰਦਾ ਹੈ। |
| ਪੜ੍ਹਨਾ-ਲਿਖਣਾ ਚੰਗਾ ਕੰਮ ਹੈ। | ਮੈਂ ਪੜ੍ਹਨਾ ਚਾਹੁੰਦਾ ਹਾਂ। |
| ਉਸਦਾ ਦਿਲ ਧੜਕਦਾ ਹੈ। | ਮੈਂ ਤੇਰਾ ਦਿਲ ਦੇਖਦਾ ਸਾਂ। |
| ਘੜਿਆਲ ਵੱਜਦੇ ਹਨ। | ਘੜਿਆਲੀ ਘੜਿਆਲ ਵਜਾਂਦੇ ਹਨ। |
| ਉਸ ਦਾ ਲਹੂ ਸੁੱਕ ਗਿਆ ਹੈ। | ਜੋਂਕ ਲਹੂ ਪੀਂਦੀ ਹੈ। |
| ਇਹ ਸੂਈ ਕਿਸ ਦੀ ਹੈ? | ਸੂਈ ਕਿੱਥੇ ਰੱਖਾਂ। |
| ਪੂਣੀਆਂ ਕਿੱਥੇ ਪਈਆਂ ਹਨ? | ਪੂਣੀਆਂ ਛੇਤੀ ਵੱਟੋ। |
| ਓਥੇ ਕਥਾ ਹੋ ਰਹੀ ਸੀ। | ਪੰਡਤ ਜੀ ਕਥਾ ਕਰ ਰਹੇ ਹਨ। |
| ਮੱਝ ਆ ਗਈ ਹੈ। | ਮੱਝ ਚੋ। |
| ਫੇਰ ਗੱਲਾਂ-ਬਾਤਾਂ ਹੋਣ ਲੱਗੀਆਂ। | ਗੱਲਾਂ-ਬਾਤਾਂ ਛੱਡੋ ਅਤੇ ਕੰਮ ਕਰੋ। |

੧੬੬. ਉਦੇਸ਼ ਸਦਾ ਪਹਿਲੀ ਵਿਭਕਤੀ ਦਾ ਅਰਥਾਤ ਸਾਧਾਰਣ ਰੂਪ ਹੁੰਦਾ ਹੈ। ਦੂਜਿਆਂ ਸ਼ਬਦਾਂ ਵਿੱਚ, ਪਹਿਲੀ ਵਿਭਕਤੀ ਕ੍ਰਿਆ ਦੇ ਉਦੇਸ਼ ਦਾ ਬੋਧ ਕਰਾਂਉਂਦੀ ਹੈ; ਜਿਵੇਂ—

ਇਕ ਧਰ ਹੀਰ ਬੈਠੀ, ਇਕ ਧਰ ਬੈਠਾ ਸੈਦਾ। 'ਹੀਰ'—ਮੁਕ਼ਬਿਲ।
ਮਾਹੀ ਢੂੰਢ ਕੇ ਬਾਬਲਾ ਅਸੀਂ ਆਂਦਾ। 'ਹੀਰ'—ਮੁਕ਼ਬਿਲ।
ਅੱਕ ਲਾਇਕੇ ਕਿਸੇ ਨਾ ਅੰਬ ਚੂਪੇ। 'ਹੀਰ'—ਮੁਕ਼ਬਿਲ।

੧੬੭. ਕ੍ਰਿਆ ਸਦਾ ਉਦੇਸ਼ ਦੇ ਅਨੁਸਾਰ ਹੁੰਦੀ ਹੈ, ਜਾਂ ਇਉਂ ਸਮਝੋ ਕਿ ਵਾਕ ਦੇ ਜਿਸ ਪਦ ਦੇ ਨਾਲ ਕ੍ਰਿਆ ਦਾ ਮੇਲ ਹੋਵੇ, ਉਹੋ ਉਦੇਸ਼ ਹੁੰਦਾ ਹੈ।

੧੬੮. ਕਰਤਾ ਅਤੇ ਉਦੇਸ਼—ਜਿਵੇਂ ਦਸਿਆ ਗਿਆ ਹੈ, ਉਦੇਸ਼ ਸਦਾ ਪਹਿਲੀ ਵਿਭਕਤੀ ਦਾ ਰੂਪ ਹੁੰਦਾ ਹੈ, ਪਰ ਕਰਤਾ ਲਈ ਪਹਿਲੀ ਵਿਭਕਤੀ ਦਾ ਰੂਪ ਹੋਣਾ ਜ਼ਰੂਰੀ ਨਹੀਂ। ਕਰਤਾ ਤਦ ਹੀ ਪਹਿਲੀ ਵਿਭਕਤੀ ਦਾ ਰੂਪ ਹੁੰਦਾ ਹੈ, ਜਦ ਉਹ ਉਦੇਸ਼ ਹੋਵੇ। ਜਦ ਕਰਤਾ ਉਦੇਸ਼ ਨਹੀਂ ਹੁੰਦਾ ਤਦ ਉਹ ਪਹਿਲੀ ਤੋਂ ਭਿੰਨ ਕਿਸੇ ਹੋਰ ਵਿਭਕਤੀ ਦਾ ਰੂਪ ਹੁੰਦਾ ਹੈ। ਉਦਾਹਰਣ—

(ਕ) 'ਮਾਂ ਧੀ ਨੂੰ ਦੇਖ ਰਹੀ ਹੈ।' 'ਮਾਂ' ਕਰਤਾ ਵੀ ਹੈ ਅਤੇ ਉਦੇਸ਼ ਵੀ।

(ਖ) 'ਲਖਪਤ ਹੋਰਾਂ ਨੇ ਸਿਪਾਹੀ ਲੁਕਾ ਦਿੱਤੇ।'

'ਲਖਪੱਤ' ਕਰਤਾ ਹੈ, ਪਰ ਉਦੇਸ਼ ਨਹੀਂ। 'ਲੁਕਾ ਦਿੱਤੇ' ਇਸ ਕ੍ਰਿਆ ਦਾ ਮੇਲ 'ਸਿਪਾਹੀ' ਨਾਲ ਹੈ, ਇਸ ਕਰਕੇ 'ਸਿਪਾਹੀ' ਉਦੇਸ਼ ਹੈ।

Digitized by Panjab Digital Library | www.panjabdigilib.org

(ਗ) 'ਲੜਾਈ ਵਿੱਚ ਪੰਜ ਸੌ ਸਿਪਾਹੀ ਮਾਰੇ ਗਏ ।' ਮਾਰਨ ਵਾਲਾ ਅਰਥਾਤ 'ਕਰਤਾ' ਇਸ ਵਾਕ ਵਿੱਚ ਦਿਸਦਾ ਹੀ ਨਹੀਂ, ਪਰ ਉਦੇਸ਼ 'ਸਿਪਾਹੀ' ਹੈ, ਕਿਉਂਕਿ ਕ੍ਰਿਆ ਉਸ ਦੇ ਅਨੁਸਾਰ ਬਦਲਦੀ ਹੈ ।

(ਘ) 'ਇਹ ਸ਼ਰਾਬ ਪੀਣ ਦੀ ਆਦਤ ਤੈਨੂੰ **ਕਿਸ** ਸਿਖਾਈ ?' ਏਥੇ ਕਰਤਾ 'ਕਿਸ' ਸੰਬੰਧਕੀ ਰੂਪ ਹੈ ।

(ਙ) 'ਅੰਨ੍ਹੇ ਨੂੰ ਕੀ ਚਾਹੀਦਾ ਹੈ ? ਦੋ ਅਖੀਆਂ ।' ਏਥੇ 'ਅੰਨ੍ਹੇ ਨੂੰ' (=ਅੰਨ੍ਹੇ ਵਾਸਤੇ) ਸੰਪ੍ਰਦਾਨ ਕਾਰਕ ਦਾ ਰੂਪ ਹੈ ਅਤੇ 'ਚਾਹੀਦਾ ਹੈ' ਦਾ ਉਦੇਸ਼ 'ਕੀ' ਹੈ । ਦੂਜਿਆਂ ਸ਼ਬਦਾਂ ਵਿੱਚ ਏਥੇ 'ਕਰਤਾ' ਨੂੰ ਚੌਥੀ (ਸੰਪ੍ਰਦਾਨ) ਦਾ ਰੂਪ (ਵਾਕ-ਅੰਸ਼) ਕਹਿਣਾ ਠੀਕ ਹੈ ।

(ਚ) 'ਮੈਥੋਂ ਇਹ ਮੁਗਦਰ ਚੁਕਿਆ ਨਹੀਂ ਜਾਂਦਾ' ਏਥੇ 'ਕਰਤਾ' 'ਮੈਥੋਂ' ਅਪਾਦਾਨ ਦਾ ਰੂਪ ਹੈ ।

ਚੇਤੇ ਰਹੇ ਕਿ 'ਕਾਲੂ ਨੇ', 'ਕਾਲੂ ਤੋਂ'—ਇਹ ਪਹਿਲੀ ਵਿਭਕਤੀ ਦੇ ਰੂਪ ਨਹੀਂ ਹਨ, ਇਸ ਕਰਕੇ ਇਹ ਉਦੇਸ਼ ਨਹੀਂ ਹੋ ਸਕਦੇ । **ਪਹਿਲੀ ਦਾ ਰੂਪ ਸੰਬੰਧਕ ਦੇ ਬਿਨਾਂ ਹੀ ਹੁੰਦਾ ਹੈ ।**

੧੬੯. ਪੰਜਾਬੀ ਦੀਆਂ ਮੂਲ ਵਿਭਕਤੀਆਂ ਦੇ ਅਲਾਵਾ ਕੁਝ ਸੰਬੰਧਕ ਵੀ ਸੰਸਕ੍ਰਿਤ ਵਿਭਕਤੀਆਂ ਦਾ ਕੰਮ ਸਾਰਦੇ ਹਨ । ਕਈਆਂ ਵਿਆਕਰਣਾਂ ਵਿੱਚ ਇਨ੍ਹਾਂ ਨੂੰ ਵੀ ਵਿਭਕਤੀਆਂ ਦਾ ਨਾਂ ਦਿਤਾ ਗਿਆ ਹੈ, ਪਰ ਅਸਲ ਵਿੱਚ ਇਹ ਅਜਿਹੇ ਪਦ ਹਨ ਜੋ ਵਿਭਕਤੀਆਂ ਦੀ ਥਾਂ ਵਰਤੇ ਜਾ ਰਹੇ ਹਨ । ਉਦਾਹਰਣ ਲਈ, ਨੂੰ, ਨੇ, ਤੋਂ, ਵਿਚ, ਉੱਪਰ ਆਦਿ ।

ਸੰਬੰਧਕ ਅੱਵੈ ਹਨ । ਜਿਵੇਂ ਅੰਗ੍ਰੇਜ਼ੀ ਵਿਚ prepositions ਸੁਤੰਤਰ ਸ਼ਬਦ ਹਨ, ਤਿਵੇਂ ਹੀ ਪੰਜਾਬੀ ਦੇ ਸੰਬੰਧਕ ਵੀ ਸੁਤੰਤਰ ਸ਼ਬਦ ਹਨ, ਵਿਭਕਤੀਆਂ ਨਹੀਂ ।

੧੭੦. ਸੰਬੰਧਕੀ ਰੂਪ ਪਦ ਹੈ, ਕਿਉਂ ਜੁ ਇਹ ਪੁਰਾਣੀ ਪੰਜਾਬੀ ਵਿੱਚ ਆਮ ਅਤੇ ਵਰਤਮਾਨ ਪੰਜਾਬੀ ਵਿੱਚ ਵੀ ਕਈ ਥਾਂ ਇਕੱਲਾ (ਬਿਨਾ ਸੰਬੰਧਕ ਦੇ) ਵੀ ਵਰਤਿਆ ਜਾਂਦਾ ਹੈ; ਜਿਵੇਂ—

(੧) ਪੁਰਾਣੀ ਪੰਜਾਬੀ ਵਿੱਚ :—

"ਸਚਿ ਮਿਲੈ ਸਚਿਆਰੁ ਕੂੜਿ ਨ ਪਾਈਐ ।"

ਏਥੇ 'ਸਚਿ'=ਸਚ ਨਾਲ; 'ਕੂੜਿ'=ਕੂੜ ਨਾਲ ।

"ਤਬ ਕਾਲੂ ਕਹਿਆ 'ਨਾਨਕ ! ਤੂੰ ਪੜ੍ਹ'।" ਪੁਰਾਤਨ ਜਨਮ ਸਾਖੀ

ਏਥੇ 'ਕਾਲੂ'=ਕਾਲੂ ਨੇ ।

Digitized by Panjab Digital Library | www.panjabdigilib.org

"ਸਸੈ ਸੋਇ ਸ੍ਰਿਸਟਿ ਜਿਨਿ ਸਾਜੀ,
ਸਭਨਾ ਸਾਹਿਬੁ ਏਕੁ ਭਇਆ।" ਮਹਲਾ ੧
ਏਥੇ 'ਸਭਨਾਂ'= ਸਭਣਾਂ ਦਾ।
ਤੀਰਥਿ ਮਲਿ ਮਲਿ ਨਾਇ।' ਮਹਲਾ ੧
ਏਥੇ 'ਤੀਰਥਿ'=ਤੀਰਥ ਉੱਪਰ।

(੨) ਵਰਤਮਾਨ ਪੰਜਾਬੀ ਵਿੱਚ :—
ਧੰਨੇ ਪਥਰੋਂ ਰੱਬ ਨੂੰ ਪਾ ਲਿਆ।
ਏਥੇ 'ਧੰਨੇ=ਧੰਨੇ ਨੇ।
'ਇਨ੍ਹਾਂ ਨਾਰੀਆਂ ਰਾਜੇ ਫਕੀਰ ਕੀਤੇ।
ਏਥੇ 'ਨਾਰੀਆਂ'=ਨਾਰੀਆਂ ਨੇ।
ਉੱਦਮ ਅੱਗੇ ਲਛਮੀ ਤੇ ਪੱਖੇ ਅੱਗੇ ਪੌਨ।
ਏਥੇ ਉੱਦਮ=ਉਦਮ ਦੇ ਅਤੇ ਪੱਖੇ=ਪੱਖੇ ਦੇ,
ਭੱਠ ਪਵੇ ਸੋਨਾ ਜਿਹੜਾ ਕੰਨਾਂ ਨੂੰ ਖਾਏ।
ਏਥੇ 'ਭੱਠ'=ਭੱਠ ਵਿੱਚ।
'ਰੱਬ ਦੇ ਵੱਸ ਏ, ਸਾਡੇ ਕੀ ਅਖਤਿਆਰ ਏ।' ਨਵਾਬ ਖਾਨ
ਏਥੇ ਵੱਸ=ਵੱਸ ਵਿੱਚ, ਅਖਤਿਆਰ=ਅਖਤਿਆਰ ਵਿੱਚ।
"ਮਾਂ ਉਠਕੇ ਪੁਤ੍ਰ ਦੇ ਗਲ ਆ ਲੱਗੀ।" ਸਤਵੰਤ ਕੌਰ
ਏਥੇ ਗਲ=ਗਲ ਨਾਲ।

੧੭੧. ਸੰਬੰਧਕੀ ਰੂਪ ਸਾਂਝਾ ਰੂਪ ਹੈ। ਇਹ ਰੂਪ ਸੰਬੰਧਕਾਂ ਦੀ ਮਦਦ ਨਾਲ ਸੰਸਕ੍ਰਿਤ ਦੇ ਕਰਣ, ਸੰਪ੍ਰਦਾਨ, ਅਪਾਦਾਨ ਅਤੇ ਅਧਿਕਰਣ ਕਾਰਕਾਂ ਦਾ ਕੰਮ ਦਿੰਦਾ ਹੈ; ਜਿਵੇਂ ਸੰਬੰਧਕੀ ਰੂਪ 'ਘੋੜੇ' ਭਿੰਨ ਭਿੰਨ ਸੰਬੰਧਕਾਂ ਨਾਲ ਮਿਲਕੇ ਇਨ੍ਹਾਂ ਚੌਹਾਂ ਕਾਰਕਾਂ ਦਾ ਅਰਥ ਪਰਗਟ ਕਰਦਾ ਹੈ :—

| | | |
|---|---|---|
| ਘੋੜੇ ਨੇ | ..... | ਕਰਣ ਕਾਰਕ, |
| ਘੋੜੇ ਨੂੰ | ..... | ਸੰਪ੍ਰਦਾਨ ਕਾਰਕ, |
| ਘੋੜੇ ਤੋਂ | ..... | ਅਪਾਦਾਨ ਕਾਰਕ, |
| ਘੋੜੇ ਦਾ | ..... | ਸੰਬੰਧ-ਬੋਧਕ ਰੂਪ; |
| ਘੋੜੇ ਵਿੱਚ | ..... | ਅਧਿਕਰਣ ਕਾਰਕ। |

ਹਰ ਇਕ ਸੰਬੰਧਕ ਤੋਂ ਪਹਿਲਾਂ ਸੰਬੰਧਕੀ ਰੂਪ ਹੀ ਵਰਤਿਆਂ ਜਾਂਦਾ ਹੈ; ਜਿਵੇਂ—ਘੋੜੇ ਨਾਲ, ਘੋੜੇ ਲਈ, ਘੋੜੇ ਉਤੇਂ, ਘੋੜੇ ਉੱਪਰ।

੧੭੨. ਚੇਤੇ ਰਹੇ ਕਿ 'ਦਾ' ਅਸਲ ਵਿੱਚ ਆਕਾਰਾਂਤ ਕਾਰਦੰਭਕ ਹੈ, ਇਸ ਕਰਕੇ ਇਸ ਦੇ ਰੂਪ ਆਕਾਰਾਂਤ ਵਿਸ਼ੇਸ਼ਣ ਵਰਗੇ ਹੁੰਦੇ ਹਨ। ਇਸ 'ਦਾ' ਨੂੰ

Digitized by Panjab Digital Library | www.panjabdigilib.org

ਵਿਭਕਤੀ ਕਹਿਣਾ ਠੀਕ ਨਹੀਂ, ਕਿਉਂਕਿ ਇਸ ਦੇ ਰੂਪ ਵਿਸ਼ੇਸ਼ਣ ਵਾਂਗ ਵਟਦੇ ਹਨ।

'ਦਾ' ਸੰਬੰਧਕ ਵੀ ਹੈ ਅਤੇ ਆਕਾਰਾਂਤਕ ਵਿਸ਼ੇਸ਼ਣ ਵੀ। ਸੰਬੰਧਕ ਹੋਣ ਕਰਕੇ ਇਸ ਤੋਂ ਪਹਿਲਾ ਰੂਪ ਸਦਾ ਸੰਬੰਧਕੀ ਹੁੰਦਾ ਹੈ ਅਤੇ ਇਹ ਸੰਬੰਧਕੀ ਸਮੇਤ ਇਕ ਵਿਸ਼ੇਸ਼ਣ ਵਾਂਗ ਆਪਣੇ ਪਰਲੇ ਨਾਂਵ ਅਨੁਸਾਰ ਰੂਪ ਵਟਾਂਦਾ ਹੈ; ਜਿਵੇਂ—

ਮੁੰਡੇ ਦਾ ਘੋੜਾ, ਮੁੰਡੇ ਦੀ ਘੋੜੀ, ਮੁੰਡਿਆਂ ਦੇ ਘੋੜੇ, ਮੁੰਡਿਆਂ ਦੀਆਂ ਘੋੜੀਆਂ।

ਹੇਠਲੇ ਉਦਾਹਰਣਾਂ ਤੋਂ ਸਾਫ਼ ਦਿਸਦਾ ਹੈ ਕਿ ਸੰਬੰਧਕੀ ਅਤੇ ਸੰਬੰਧਕ ਦੋਵੇਂ ਮਿਲਕੇ ਵਿਸ਼ੇਸ਼ਣ ਹੋ ਜਾਂਦੇ ਹਨ:–

ਵਿਸ਼ੇਸ਼ਣ ਵਿਸ਼ੇਸ਼ ਵਿਸ਼ੇਸ਼ਣ ਵਿਸ਼ੇਸ਼

ਜੰਗਲ ਦਾ ਜਾਨਵਰ = ਜੰਗਲੀ ਜਾਨਵਰ,

ਕਿਸਮਤ ਅਸਲ ਦੀ ਜੜ੍ਹ ਪਵਾੜਿਆਂ ਦੀ = ਕਿਸਮਤ ਅਸਲੀ ਜੜ੍ਹ ਪਵਾੜਿਆਂ ਦੀ।

ਹੇਠ 'ਸੋਹਣਾ' ਵਿਸ਼ੇਸ਼ਣ ਅਤੇ 'ਦਾ' ਸੰਬੰਧਕ—ਇਨ੍ਹਾਂ ਦੋਹਾਂ ਦੇ ਰੂਪਾਂ ਦਾ ਟਾਕਰਾ ਕੀਤਾ ਗਿਆ ਹੈ:—

| | |
|---|---|
| ਸੋਹਣਾ ਘੋੜਾ | ਮੁੰਡੇ ਦਾ ਤੋਤਾ |
| ਸੋਹਣੇ ਘੋੜੇ | ਮੁੰਡੇ ਦੇ ਤੋਤੇ |
| ਸੋਹਣੀ ਘੋੜੀ | ਮੁੰਡੇ ਦੀ ਤੋਤੀ |
| ਸੋਹਣੀਆਂ ਘੋੜੀਆਂ, | ਮੁੰਡੇ ਦੀਆਂ ਤੋਤੀਆਂ। |

੧੭੩. ਅਸਲੀ ਵਿਭਕਤੀ ਅਤੇ ਸੰਬੰਧਕ ਵਿੱਚ ਵਿਆਕਰਣ ਦੇ ਅਨੁਸਾਰ ਬਹੁਤ ਫਰਕ ਹੈ। ਅਸਲੀ ਵਿਭਕਤੀ ਪਦ ਦਾ ਅੰਸ਼ ਹੁੰਦੀ ਹੈ, ਸੁਤੰਤਰ ਪਦ ਨਹੀਂ ਹੁੰਦੀ ਅਤੇ ਨਾ ਹੀ ਭਾਸ਼ਾ ਵਿੱਚ ਇਸ ਦੀ ਸੁਤੰਤਰ ਸੱਤਾ ਹੁੰਦੀ ਹੈ। –ਏ, –ਏ, –ਆਂ, –ਏ, –ਓ ਵਿਭਕਤੀਆਂ ਜੋ ਘੋੜੇ, ਕੁੜੀਆਂ, ਕੁੜੀਏ, ਸਾਧੋ ਦੇ ਅੰਤ ਵਿੱਚ ਜੁੜੀਆਂ ਹੋਈਆਂ ਹਨ ਪਦਾਂ ਦਾ ਅੰਸ਼ ਹੀ ਹਨ, ਪਦ ਨਹੀਂ। ਇਸ ਤੋਂ ਵਿਰੁਧ, ਨੇ, ਨੂੰ, ਤੋਂ, ਦਾ, ਵਿੱਚ, ਨਾਲ, ਲਈ, ਕੋਲੋਂ, ਉੱਪਰ ਆਦਿ ਸੰਬੰਧਕ ਸੁਤੰਤਰ ਪਦ ਹਨ।

੧੭੪. ਜਿਵੇਂ ਉੱਪਰ ਦੱਸਿਆ ਗਿਆ ਹੈ, ਸੰਬੰਧਕ ਸੰਬੰਧਕੀ ਰੂਪ ਦੇ ਨਾਲ ਵਰਤੇ ਜਾਂਦੇ ਹਨ; ਦੋਵੇਂ ਪਦ-ਸਮੂਹ ਜਾਂ ਵਾਕ-ਅੰਸ਼ ਬਣਾਂਦੇ ਹਨ।

ਘੋੜੇ ਨੂੰ, ਘੋੜੇ ਨੇ, ਘੋੜੇ ਲਈ, ਘੋੜੇ ਤੋਂ, ਘੋੜੇ ਉੱਪਰ—ਇਹ ਸੱਭੇ ਵਾਕ-ਅੰਸ਼ ਹਨ ਅਤੇ ਸੰਸਕ੍ਰਿਤ ਦੀਆਂ ਵਿਭਕਤੀਆਂ ਦੇ ਅਰਥ ਦੱਸਦੇ ਹਨ, ਪਰ ਇਨ੍ਹਾਂ ਨੂੰ ਵਿਭਕਤੀਆਂ ਕਹਿਣਾ ਠੀਕ ਨਹੀਂ।

੧੭੫. ਹੁਣ ਉਦਾਹਰਣ ਲਈ ਕੁਝ ਨਾਂਵਾਂ ਦੇ ਰੂਪ ਹੇਠ ਦੱਸੇ ਜਾਂਦੇ ਹਨ—

Digitized by Panjab Digital Library | www.panjabdigilib.org

# (ਕ) ਪੁਲਿੰਗ

## (ੳ) ਆਕਾਰਾਂਤ

### ਘੋੜਾ

| | ਇਕਵਚਨ | ਬਹੁਵਚਨ |
|---|---|---|
| ਸਾਧਾਰਣ | ਘੋੜਾ | ਘੋੜੇ |
| ਸੰਬੰਧਕੀ | ਘੋੜੇ (ਨੂੰ, ਨੇ, ਤੋਂ ਆਦਿ) | ਘੋੜਿਆਂ (ਨੂੰ, ਨੇ, ਤੋਂ ਆਦਿ) |
| ਸੰਬੋਧਨ | ਘੋੜਿਆ ! | ਘੋੜਿਓ ! |
| | ਘੋੜੇ ! | |

### ਬੱਚਾ

| | | |
|---|---|---|
| ਸਾਧਾਰਣ | ਬੱਚਾ | ਬੱਚੇ |
| ਸੰਬੰਧਕੀ | ਬੱਚੇ (ਨੂੰ, ਨੇ, ਤੋਂ ਆਦਿ) | ਬੱਚਿਆਂ (ਨੂੰ, ਨੇ, ਤੋਂ ਆਦਿ) |
| ਸੰਬੋਧਨ | ਬੱਚਾ ! ਬੱਚਿਆ ! ਬੱਚੇ ! | ਬੱਚਿਓ ! |

### ਵੇਲਾ

| | | |
|---|---|---|
| ਸਾਧਾਰਣ | ਵੇਲਾ | ਵੇਲੇ |
| ਸੰਬੰਧਕੀ | ਵੇਲੇ (ਨੂੰ, ਨੇ, ਤੋਂ ਆਦਿ) | ਵੇਲਿਆਂ (ਨੂੰ, ਨੇ, ਤੋਂ ਆਦਿ) |
| ਸੰਬੋਧਨ | ਵੇਲਿਆ ! | ਵੇਲਿਓ ! |

### ਬਾਣੀਆ

| | | |
|---|---|---|
| ਸਾਧਾਰਣ | ਬਾਣੀਆ | ਬਾਣੀਏ |
| ਸੰਬੰਧਕੀ | ਬਾਣੀਏ (ਨੂੰ, ਨੇ, ਤੋਂ ਆਦਿ) | ਬਾਣੀਆਂ (ਨੂੰ, ਨੇ, ਤੋਂ ਆਦਿ) |
| ਸਬੋਧਨ | ਬਾਣੀਆ ! ਬਾਣੀਏ ! | ਬਾਣੀਓ ! |

# (ਅ) ਬਾਕੀ ਪੁਲਿੰਗ

### ਕਾਂ

| | | |
|---|---|---|
| ਸਾਧਾਰਣ | ਕਾਂ | ਕਾਂ |
| ਸੰਬੰਧਕੀ | ਕਾਂ (ਨੂੰ, ਨੇ, ਤੋਂ ਆਦਿ) | ਕਾਂਵਾ (ਨੂੰ, ਨੇ, ਤੋਂ ਆਦਿ) |
| ਸੰਬੋਧਨ | ਕਾਂਵਾਂ ! | ਕਾਂਵੋ ! |

### ਚਾਚਾ

| | | |
|---|---|---|
| ਸਾਧਾਰਣ | ਚਾਚਾ | ਚਾਚੇ |
| ਸੰਬੰਧਕੀ | ਚਾਚੇ (ਨੂੰ, ਨੇ, ਤੋਂ ਆਦਿ) | ਚਾਚਿਆਂ (ਨੂੰ, ਨੇ, ਤੋਂ ਆਦਿ) |
| ਸੰਬੋਧਨ | ਚਾਚਾ ! | ਚਾਚਿਓ ! |

Digitized by Panjab Digital Library | www.panjabdigilib.org

### ਹਾਥੀ

| | ਇਕਵਚਨ | ਬਹੁਵਚਨ |
|---|---|---|
| ਸਾਧਾਰਣ | ਹਾਥੀ | ਹਾਥੀ |
| ਸੰਬੰਧਕੀ | ਹਾਥੀ (ਨੂੰ, ਨੇ, ਤੋਂ ਆਦਿ) | ਹਾਥੀਆਂ (ਨੂੰ ਨੇ, ਤੋਂ ਆਦਿ) |
| ਸੰਬੋਧਨ | ਹਾਥੀਆ ! | ਹਾਥੀਓ ! |

### ਸ਼ਾਹ

| | | |
|---|---|---|
| ਸਾਧਾਰਣ | ਸ਼ਾਹ | ਸ਼ਾਹ |
| ਸੰਬੰਧਕੀ | ਸ਼ਾਹ (ਨੂੰ, ਨੇ, ਤੋਂ ਆਦਿ) | ਸ਼ਾਹਾਂ (ਨੂੰ, ਨੇ, ਤੋਂ ਆਦਿ) |
| ਸੰਬੋਧਨ | ਸ਼ਾਹ ! ਸ਼ਾਹਾ ! | ਸ਼ਾਹੋ ! |

### ਡਾਕੂ

| | | |
|---|---|---|
| ਸਾਧਾਰਣ | ਡਾਕੂ | ਡਾਕੂ |
| ਸੰਬੰਧਕੀ | ਡਾਕੂ (ਨੂੰ, ਨੇ, ਤੋਂ ਆਦਿ) | ਡਾਕੂਆਂ (ਨੂੰ, ਨੇ, ਤੋਂ ਆਦਿ) |
| ਸੰਬੋਧਨ | ਡਾਕੂਆ ! | ਡਾਕੂਓ ! |

### ਜੌਂ

| | | |
|---|---|---|
| ਸਾਧਾਰਣ | ਜੌਂ | ਜੌਂ |
| ਸੰਬੰਧਕੀ | ਜੌਂ (ਨੂੰ, ਨੇ, ਤੋਂ ਆਦਿ) | ਜੌਂਆਂ (ਨੂੰ, ਨੇ, ਤੋਂ ਆਦਿ) |
| ਸੰਬੋਧਨ | ਜੌਂਆਂ | ਜੌਂਓ ! |

## ਵਿਅੰਜਨਾਂਤ ਪੁਲਿੰਗ

| | ਇਕਵਚਨ | ਬਹੁਵਚਨ | ਇਕਵਚਨ | ਬਹੁਵਚਨ |
|---|---|---|---|---|
| | ਸਾਧ | | ਘਰ | |
| ਸਾਧਾਰਣ | ਸਾਧ | ਸਾਧ | ਘਰ | ਘਰ |
| ਸੰਬੰਧਕੀ | ਸਾਧ (ਨੂੰ, ਨੇ, ਤੋਂ ਆਦਿ) | ਸਾਧਾਂ (ਨੂੰ ਨੇ; ਤੋਂ ਆਦਿ) | ਘਰ (ਨੂੰ, ਨੇ, ਤੋਂ ਆਦਿ) | ਘਰਾਂ (ਨੂੰ, ਨੇ, ਤੋਂ ਆਦਿ) |
| ਸੰਬੋਧਨ | ਸਾਧਾ ! | ਸਾਧੋ | ਘਰਾ ! | ਘਰੋ ! |
| | ਹੱਥ | | ਪੈਰ | |
| | ਹੱਥ | ਹੱਥ | ਪੈਰ | ਪੈਰ |
| | ਹੱਥ (ਨੂੰ, ਨੇ, ਤੋਂ ਆਦਿ) | ਹੱਥਾਂ (ਨੂੰ, ਨੇ, ਤੋਂ ਆਦਿ) | ਪੈਰ (ਨੂੰ, ਨੇ, ਤੋਂ ਆਦਿ) | ਪੈਰਾਂ (ਨੂੰ, ਨੇ, ਤੋਂ ਆਦਿ) |
| | ਹੱਥਾ ! | ਹੱਥੋ ! | ਪੈਰਾ ! | ਪੈਰੋ ! |

ਉੱਪਰ ਦਸਿਆਂ ਰੂਪਾਂ ਤੋਂ ਛੁਟ 'ਹੱਥ' 'ਪੈਰ' ਆਦਿ ਦੇ ਕੁਝ ਹੋਰ ਰੂਪ ਵੀ ਵਰਤੋਂ ਵਿਚ ਆਉਂਦੇ ਹਨ; ਜਿਵੇਂ ਃ—

ਕਰਣਬਹੁਵਚਨ—ਹੱਥੀਂ, ਪੈਰੀਂ; ਅਧਿਕਰਣ ਬਹੁਵਚਨ—ਹੱਥੀਂ, ਪੈਰੀਂ।

Digitized by Panjab Digital Library | www.panjabdigilib.org

ਅਪਾਦਾਨ ਇਕ ਵਚਨ ਹੱਥੋਂ, ਪੈਰੋਂ;

### ਪੁੱਤ, ਪੁੱਤਰ

| | | |
|---|---|---|
| ਸਾਧਾਰਣ | ਪੁੱਤ, ਪੁੱਤਰ | ਪੁੱਤ, ਪੁੱਤਰ |
| ਸੰਬੰਧਕੀ | ਪੁੱਤ, ਪੁੱਤਰ (ਨੂੰ, ਨੇ, ਤੋਂ ਆਦਿ) | ਪੁੱਤਾਂ, ਪੁਤਰਾਂ (ਨੂੰ, ਨੇ, ਤੋਂ ਆਦਿ) |
| ਸੰਬੋਧਨ | ਪੁੱਤ ! ਪੁੱਤਾ ! ਪੁੱਤਰ ! ਪੁੱਤਰਾ ! | ਪੁੱਤੋ ! ਪੁੱਤਰੋ ! |

| | ਕਰਨ | ਕਹਿਣਾ |
|---|---|---|
| ਸਾਧਰਣ | ਕਰਨ | ਕਹਿਣਾ |
| ਸੰਬੰਧਕੀ | ਕਰਨ (ਨੂੰ) | ਕਹਿਣੇ (ਨੂੰ) |
| ਸੰਬੋਧਨ | ਕਰਨੋਂ | ਕਹਿਣੋ |

(ਞ) ਆਕਾਰਾਂਤ ਪੁਲਿੰਗ ਨਾਂਵਾਂ ਦੇ ਰੂਪ ਬਣਾਉਣ ਦਾ ਢੰਗ ਪਹਿਲੇ ਦਸਿਆ ਗਿਆ ਹੈ (ਦੇਖੋ ੧੭੫(ੳ); ਪਰ ਕੁਝ ਅਜਿਹੇ ਆਕਾਰਾਂਤ ਪੁਲਿੰਗ ਵੀ ਹਨ, ਜਿਨ੍ਹਾਂ ਦੇ ਰੂਪ ਕੁਝ ਹੋਰ ਤਰ੍ਹਾਂ ਬਣਾਏ ਜਾਂਦੇ ਹਨ। ਉਦਾਹਰਣ ਲਈ 'ਭਰਾ' ਦੇ ਰੂਪ ਹੇਠ ਦੱਸੇ ਜਾਂਦੇ ਹਨ—

### ਭਰਾ

| | ਇਕਵਚਨ | ਬਹੁਵਚਨ |
|---|---|---|
| ਸਾਧਾਰਨ | ਭਰਾ | ਭਰਾ |
| ਸੰਬੰਧਕੀ | ਭਰਾ (ਨੂੰ, ਨੇ, ਤੋਂ ਆਦਿ) | ਭਰਾਵਾਂ (ਨੂੰ, ਨੇ, ਤੋਂ, ਆਦਿ) |
| ਸੰਬੋਧਨ | ਭਰਾ ! | ਭਰਾਓ ! |

### ਭੂਆ

| | | |
|---|---|---|
| ਸਾਧਾਰਣ | ਭੂਆ | ਭੂਆਂ |
| ਸੰਬੰਧਕੀ | ਭੂਆ (ਨੂੰ, ਨੇ, ਤੋਂ ਆਦਿ) | ਭੂਆਂ (ਨੂੰ, ਨੇ, ਤੋਂ ਆਦਿ) |
| ਸੰਬੋਧਨ | ਭੂਆ ! | — |

## (ਖ) ਇਸਤ੍ਰੀਲਿੰਗ

### (ੳ) ਈਕਾਰਾਂਤ

### ਜੱਟੀ

| | | |
|---|---|---|
| ਸਾਧਾਰਣ | ਜੱਟੀ | ਜੱਟੀਆਂ |
| ਸੰਬੰਧਕੀ | ਜੱਟੀ (ਨੂੰ, ਨੇ, ਤੋਂ ਆਦਿ) | ਜੱਟੀਆਂ (ਨੂੰ, ਨੇ, ਤੋਂ ਆਦਿ) |
| ਸੰਬੋਧਨ | ਜੱਟੀਏ ! | ਜੱਟੀਓ ! |

Digitized by Panjab Digital Library | www.panjabdigilib.org

## (ਅ) ਬਾਕੀ ਇਸਤ੍ਰੀਲਿੰਗ

### ਗਊ

| | | |
|---|---|---|
| ਸਾਧਾਰਣ | ਗਊ | ਗਊਆਂ |
| ਸੰਬੰਧਕੀ | ਗਊ (ਨੂੰ, ਨੇ, ਤੋਂ ਆਦਿ) | ਗਊਆਂ (ਨੂੰ, ਨੇ, ਤੋਂ ਆਦਿ) |
| ਸੰਬੋਧਨ | ਗਊਏ ! | ਗਊਓ ! |

### ਮਾਂ

| | ਇਕਵਚਨ | ਬਹੁਵਚਨ |
|---|---|---|
| ਸਾਧਾਰਣ | ਮਾਂ | ਮਾਂਵਾਂ |
| ਸੰਬੰਧਕੀ | ਮਾਂ (ਨੂੰ, ਨੇ, ਤੋਂ ਆਦਿ) | ਮਾਂਵਾਂ (ਨੂੰ, ਨੇ, ਤੋਂ ਆਦਿ) |
| ਸੰਬੋਧਨ | ਮਾਂ ! ਮਾਏ ! | ਮਾਂਵੋ ! |

### ਰਾਤ

| ਰੂਪ | ਇਕਵਚਨ | ਬਹੁਵਚਨ |
|---|---|---|
| ਸਾਧਾਰਣ | ਰਾਤ | ਰਾਤਾਂ |
| ਸੰਬੰਧਕੀ | ਰਾਤ (ਨੂੰ, ਨੇ, ਤੋਂ ਆਦਿ) | ਰਾਤਾਂ (ਨੂੰ, ਨੇ, ਤੋਂ ਆਦਿ) |
| ਅਧਿਕਰਣ | ਰਾਤੀਂ | — |
| ਸੰਬੋਧਨ | ਰਾਤੇ | ਰਾਤੋ |

ਅਧਿਕਰਣ ਇਕਵਚਨ; ਜਿਵੇਂ :—

"ਰਾਤੀਂ ਗੱਲਾਂ ਕਰਦੇ ਸੁਤੇ, ਜਾਗੇ ਉੱਠ ਸਬਾਹੀਂ ।" ਹਾਤਮ ਨਾਮਾ

### ਅੱਖ

| | | |
|---|---|---|
| ਸਾਧਾਰਣ | ਅੱਖ | ਅੱਖਾਂ |
| ਸੰਬੰਧਕੀ | ਅੱਖ (ਨੂੰ, ਨੇ, ਤੋਂ ਆਦਿ) | ਅੱਖਾਂ (ਨੂੰ, ਨੇ, ਤੋਂ ਆਦਿ) |
| ਕਰਣ | — | ਅੱਖੀਂ |
| ਅਧਿਕਰਣ | — | ਅੱਖੀਂ |
| ਅਪਾਦਾਨ | ਅੱਖੋਂ | — |
| ਸੰਬੋਧਨ | ਅੱਖੇ | ਅੱਖੋਂ |

### ਭੈਣ

| | | |
|---|---|---|
| ਸਧਾਰਣ | ਭੈਣ | ਭੈਣ |
| ਸੰਬੰਧਕੀ | ਭੈਣ (ਨੂੰ, ਨੇ, ਤੋਂ ਆਦਿ) | ਭੈਣਾਂ (ਨੂੰ, ਨੇ, ਤੋਂ ਆਦਿ) |
| ਸੰਬੋਧਨ | ਭੈਣੇ ! ਭੈਣ ! ਭੈਣਾਂ ! | ਭੈਣੋ ! ਭੈਣਾਂ ! |

### ਡੇਲਣ

| | | |
|---|---|---|
| ਸਾਧਾਰਣ | ਡੇਲਣ | ਡੇਲਣਾਂ |

Digitized by Panjab Digital Library | www.panjabdigilib.org

ਸੰਬੰਧਕੀ ਤੇਲਣ (ਨੂੰ, ਨੇ, ਤੋਂ ਆਦਿ) ਤੇਲਣਾਂ (ਨੂੰ, ਨੇ, ਤੋਂ ਆਦਿ)
ਸੰਬੋਧਣ ਤੇਲਣੇ ! ਤੇਲਣੋ !

## ਛੋਟੇ ਅਤੇ ਵੱਡੇ ਰੂਪ

੧੭੬. ਸੰਸਕ੍ਰਿਤ ਵਿੱਚ '-ਕ' ਪਿਛੇਤਰ ਲਗਾ ਕੇ ਦੀਪ ਤੋਂ ਦੀਪਕ, ਬਾਲ ਤੋਂ ਬਾਲਕ, ਮ੍ਰਿਤ ਤੋਂ ਮ੍ਰਿਤਕ ਆਦਿਕ ਰੂਪ ਬਣਾਏ ਜਾਂਦੇ ਹਨ। ਪ੍ਰਾਕ੍ਰਿਤ ਵਿੱਚ ਵੀ ਪੁੱਤੋ—ਪੁੱਤੁਓ, ਚੰਦੋ—ਚੰਦਓ ਆਦਿਕ ਛੋਟੇ ਅਤੇ ਵੱਡੇ ਰੂਪ ਦਿਸਦੇ ਹਨ। ਅਪਭ੍ਰੰਸ਼ ਵਿੱਚ ਵੀ ਪੁਤੁ—ਪੁਤ੍ਤਉ, ਕਿਤੁ—ਕਿਯਤ ਆਦਿਕ ਦੋਹਾਂ ਤਰ੍ਹਾਂ ਦੇ ਰੂਪ ਮਿਲਦੇ ਹਨ। ਪੰਜਾਬੀ ਵਿੱਚ ਵੀ ਛੋਟੇ ਅਤੇ ਵੱਡੇ ਦੋਵੇਂ ਰੂਪ ਵੇਖਣ ਵਿੱਚ ਆਉਂਦੇ ਹਨ। ਕੁਝ ਉਦਾਹਰਣ ਹੇਠ ਦਿੱਤੇ ਜਾਂਦੇ ਹਨ :—

| ਛੋਟੇ ਰੂਪ | ਵੱਡਾ ਰੂਪ ਪੁਲਿੰਗ | ਇਸਤ੍ਰੀਲਿੰਗ |
|---|---|---|
| ਅਖ | ਅੱਖਾ | ਅੱਖੀ |
| ਸਿਰ | ਸਿਰਾ | ਸਿਰੀ |
| ਸੱਦ | ਸੱਦਾ | — |
| ਹੱਥ | ਹੱਥਾ | ਹੱਥੀ |
| ਖੁਰ | ਖੁਰਾ | ਖੁਰੀ |
| ਛਤ | ਛੱਤਾ | — |
| ਜੜ੍ਹ | — | ਜੜੀ |
| ਜਾਲ | ਜਾਲਾ | ਜਾਲੀ |
| ਜੁੱਤ | ਜੁੱਤਾ (ਜੁੱਤੇ) | ਜੁੱਤੀ |
| ਡੰਡ | ਡੰਡਾ | ਡੰਡੀ |
| ਡੋਰ | ਡੋਰਾ | ਡੋਰੀ |
| ਦੰਦ | ਦੰਦਾ | ਦੰਦੀ |
| ਨੱਕ | ਨੱਕਾ | — |
| ਮੇਲ | ਮੇਲਾ | — |

ਇਨ੍ਹਾਂ ਉਦਾਹਰਣਾਂ ਤੋਂ ਸਾਫ਼ ਦਿਸਦਾ ਹੈ ਕਿ ਛੋਟੇ ਰੂਪ ਵਿਅੰਜਨਾਂਤ ਹਨ ਅਤੇ ਵੱਡੇ ਰੂਪ ਆਕਾਰਾਂਤ (ਪੁਲਿੰਗ) ਜਾਂ ਈਕਾਰਾਂਤ (ਇਸਤ੍ਰੀਲਿੰਗ) ਹਨ।

੧੭੭. ਪੰਜਾਬੀ ਵਿੱਚ ਸੰਬੰਧਕੀ ਰੂਪ ਦੇ ਨਾਲ ਸੰਬੰਧਕ ਜੋੜਕੇ ਸੰਸਕ੍ਰਿਤ ਦੀਆਂ ਵਿਭਕਤੀਆਂ ਦਾ ਕੰਮ ਲਿਆ ਜਾਂਦਾ ਹੈ। ਜਿਥੇ ਸੰਸਕ੍ਰਿਤ ਵਿੱਚ ਇਕ ਪਦ ਨਾਲ ਕੰਮ ਸਰ ਜਾਂਦਾ ਹੈ, ਉਥੇ ਪੰਜਾਬੀ ਵਿੱਚ ਉਹੋ ਕੰਮ ਦੋਹਾਂ ਪਦਾਂ ਨਾਲ ਹੁੰਦਾ ਹੈ।

Digitized by Panjab Digital Library | www.panjabdigilib.org

ਜਿਵੇਂ ਃ—ਸੰ० हस्तेन=ਪੰ० ਹੱਥ ਨਾਲ ਜਾਂ ਸੰ० पुत्रस्य=ਪੰ० ਪੁੱਤਰ ਦਾ। ਸੰਸਕ੍ਰਿਤ ਦੇ ਰੂਪ ਸ਼ੁਧ ਹਨ, ਪਰ ਪੰਜਾਬੀ ਵਿੱਚ ਉਨ੍ਹਾਂ ਦੀ ਥਾਂ ਵਾਕ-ਅੰਸ਼ ਕੰਮ ਦਿੰਦੇ ਹਨ। ਉਪਰਲਿਆਂ ਉਦਾਹਰਣਾਂ ਵਿੱਚ ਪੰ० 'ਹੱਥ' ਅਤੇ 'ਪੁੱਤਰ' ਸੰਬੰਧਕੀ ਰੂਪ ਹਨ ਅਰਥਾਤ ਸੰਬੰਧਕ ਤੋਂ ਪਹਿਲਾਂ ਇਹੋ ਰੂਪ ਵਰਤੇ ਜਾਂਦੇ ਹਨ।

੧੭੮. ਇਹ ਸੰਬੰਧਕੀ ਰੂਪ ਅਸਲ ਵਿੱਚ ਪਦ ਹਨ, ਜਿਨ੍ਹਾਂ ਦੀਆਂ ਵਿਭਕਤੀਆਂ ਬਦਲ ਗਈਆਂ ਹਨ, ਘਸ ਗਈਆਂ ਹਨ ਜਾਂ ਜਾਂਦੀਆਂ ਹੀ ਰਹੀਆਂ ਹਨ। ਇਹ ਰੂਪ ਇਕੱਲੇ ਹੀ, ਅਰਥਾਤ ਸੰਬੰਧਕਾਂ ਤੋਂ ਬਗੈਰ ਵੀ ਅਪਭ੍ਰੰਸ਼ ਅਤੇ ਪੁਰਾਣੀ ਪੰਜਾਬੀ ਵਿੱਚ ਵਰਤੇ ਜਾਂਦੇ ਰਹੇ ਹਨ। ਵਰਤਮਾਨ ਪੰਜਾਬੀ ਵਿੱਚ ਇਨ੍ਹਾਂ ਦੀ ਵਰਤੋਂ ਘਟ ਗਈ ਹੈ, ਫੇਰ ਵੀ ਕਿਤੇ ਕਿਤੇ ਵਰਤੇ ਹੋਏ ਮਿਲਦੇ ਹਨ। ਹੇਠ ਕੁਝ ਉਦਾਹਰਣ ਦਿੱਤੇ ਜਾਂਦੇ ਹਨ ਃ—

"लद्धउ माणुसजम्मु म हारहु
अप्पा **भव-समुद्दि** गउ तारहु।
अप्पु म अप्पहु **रायह् रोसह्**
करहु निहाणु म **सव्वह् दोसह्**।" अपभ्रंशकाव्यत्रयी,
पृ० ३०

**ਅਰਥ** :—ਲੱਭਾ ਹੋਇਆ ਮਨੁੱਖ-ਜਨਮ (ਐਵੇਂ) ਨਾ ਹਾਰੋ (=ਗਵਾਓ); ਭਵ-ਸਮੁੰਦਰ (ਭਵ-ਸਾਗਰ) ਵਿੱਚ ਪਏ ਹੋਏ ਆਪਣੇ ਆਪ ਨੂੰ ਤਾਰ ਲਓ। ਆਪਣੇ ਆਪ ਨੂੰ ਰਾਗ ਅਤੇ ਦ੍ਵੇਸ ਦੇ ਅਰਪਣ ਨਾ ਕਰੋ; ਸਭਨਾਂ ਦੋਸਾਂ ਦੀ ਰਾਸ ਇਕੱਠੀ ਨਾ ਕਰੋ।

ਏਥੇ भव-समुद्दि (=ਭਵ-ਸਮੁੰਦਰ ਵਿੱਚ), रायह् (=ਰਾਗਦੇ), रोसह् (=ਰੋਸ ਦੇ), सव्वह् दोसह् (=ਸਭਨਾਂ ਦੋਸਾਂ ਦੇ)—ਇਹ ਸੱਭੇ ਅਪਭ੍ਰੰਸ਼ ਰੂਪ ਸ਼ੁਧ ਹਨ।

ਪੁਰਾਣੀ ਪੰਜਾਬੀ ਵਿੱਚ ਵੀ ਸੰਬੰਧਕੀ ਰੂਪ ਕਈ ਵਾਰ ਇਕੱਲੇ ਹੀ ਵਰਤੇ ਜਾਂਦੇ ਹਨ; ਜਿਵੇਂ ਃ—

"ਮੈਂ ਰੋਵੰਦੀ ਸਭੁ ਜਗੁ ਰੁਨਾ ਰੁਨੜੇ **ਵਣਹੁ** ਪੰਖੇਰੂ।" ਰਾਗ ਵਡਹੰਸ
"ਸੁਲਤਾਨ ਹੋਵਾਂ ਮੇਲਿ ਲਸਕਰ **ਤਖਤਿ** ਰਾਖਾ ਪਾਉ।" (ਸਿਰੀ ਰਾਗ)
"**ਕੁਤੇ** ਚੰਦਨੁ ਲਾਈਐ ਭੀ ਸੋ ਕੁਤੀ ਧਾਤੁ।" (ਸਿਰੀ ਰਾਗ)
"ਜੋ **ਤਿਸੁ** ਭਾਵੈ ਸੋ ਥੀਐ ਨਾਨਕ ਕਿਆ ਮਾਨੁਖ।" (ਤਿਲੰਗ ਮਲਾਰ)
"ਤਿਸ ਦੈ **ਚਾਨਣਿ** ਸਭ ਮਹਿ ਚਾਨਣੁ ਹੋਇ।"
(ਰਾਗ ਧਨਾਸਰੀ, ਮਹਲਾ ੧)

ਏਥੇ ਵਣਹੁ=ਵਣਦੇ, ਤਖਤਿ=ਤਖਤ ਉੱਪਰ, ਕੁਤੇ=ਕੁੱਤੇ ਨੂੰ, ਤਿਸੁ=ਉਸ ਨੂੰ, ਚਾਨਣਿ=ਚਾਨਣ ਨਾਲ—ਇਹ ਸ਼ੁੱਧ ਰੂਪ ਹਨ।

ਹੇਠਲਿਆਂ ਉਦਾਹਰਣਾਂ ਵਿੱਚ ਵੀ ਇਕ-ਪਦੇ ਸ਼ੁਧ ਰੂਪ ਹੀ ਵਰਤੇ ਗਏ ਹਨ—

"ਗਈ **ਬੈਕੁੰਠ ਬਿਬਾਨ ਚੜ੍ਹ**।" (ਭਾਈ ਗੁਰਦਾਸ)

Digitized by Panjab Digital Library | www.panjabdigilib.org

"ਡੱਡਹੁ ਲਿਕਾ ਮਾਂ ਪੁੱਛੇ ।" (ਭਾਈ ਗੁਰਦਾਸ)

"ਓਥੇ ਭਾਈ ਮਾਰਨ ਭਾਈਆਂ ।" (ਬੁਲ੍ਹੇ ਸ਼ਾਹ)

"ਹੀਰ ਆਖਿਆ ਜੋਗੀਆ ! ਝੂਠ ਆਖੇਂ ।" (ਵਾਰਿਸ)

ਏਥੇ ਬੈਕੁੰਠ=ਬੈਕੁੰਠ ਨੂੰ, ਬਿਬਾਨ=ਬਿਬਾਨ ਤੇ, ਮਾਂ=ਮਾਂ ਨੂੰ, ਭਾਈਆਂ =ਭਿਰਾਵਾਂ ਨੂੰ, ਹੀਰ=ਹੀਰ ਨੇ—ਇਹ ਵੀ ਸ਼ੁਧ ਰੂਪ ਹਨ ।

ਉਪਰਲਿਆਂ ਰੂਪਾਂ ਤੋਂ ਸਾਫ਼ ਦਿਸਦਾ ਹੈ ਕਿ ਪੰਜਾਬੀ ਦੇ ਸੰਬੰਧਕੀ ਰੂਪ ਪੁਰਾਣੀਆਂ ਵਿਭਕਤੀਆਂ ਤੋਂ ਹੀ ਨਿਕਲੇ ਹੋਏ ਹਨ । ਜਦ ਪੁਰਾਣੀ ਪੰਜਾਬੀ ਦੇ ਅਰੰਭ ਵਿੱਚ ਬਹੁਤ ਸਾਰੀਆਂ ਵਿਭਕਤੀਆਂ ਦੇ ਘਸ ਜਾਣ ਕਰਕੇ ਕਈ ਰੂਪ ਇੱਕੋ ਜਿਹੇ ਹੋ ਗਏ ਤਦ ਉਨ੍ਹਾਂ ਦੇ ਅਰਥ ਠੀਕ ਠੀਕ ਦੱਸਣ ਲਈ ਉਨ੍ਹਾਂ ਇਕੋ ਜਿਹਿਆਂ ਰੂਪਾਂ ਨਾਲ ਵਿਕਾਰੀ ਜਾਂ ਅਵਿਕਾਰੀ ਸੰਬੰਧਕ ਜੋੜਨੇ ਪਏ । ਪੁਰਾਣੀ ਪੰਜਾਬੀ ਵਿੱਚ ਨੋ, ਨੁ, ਨੂੰ, ਨਾਲਿ, ਤੇ, ਦਾ, ਵਿਚਿ, ਉਪਰ ਆਦਿਕ ਸੰਬੰਧਕ ਕਈ ਥਾਂ ਵਰਤੇ ਗਏ ਹਨ ।

ਉਪਰਲੇ ਕਥਨ ਦਾ ਸਾਰ ਇਹ ਹੈ ਕਿ ਅਪਭ੍ਰੰਸ਼ ਵਿੱਚ ਤੇ ਸੰਬੰਧਕਾਂ ਤੋਂ ਬਿਨਾ ਹੀ ਸ਼ੁਧ ਰੂਪਾਂ ਨਾਲ ਹੀ ਕੰਮ ਸਰ ਰਿਹਾ ਸੀ ਅਤੇ ਪੁਰਾਣੀ ਪੰਜਾਬੀ ਵਿੱਚ ਭਾਵੇਂ ਸੰਬੰਧਕ ਵਰਤੇ ਜਾਂਦੇ ਹਨ, ਪਰ ਨਾਲ ਨਾਲ ਇਕਪਦੇ ਸ਼ੁਧ ਰੂਪ ਵੀ ਵਰਤੋਂ ਵਿੱਚ ਆ ਰਹੇ ਹਨ ।

ਵਰਤਮਾਨ ਪੰਜਾਬੀ ਵਿੱਚ ਸੰਬੰਧਕਾਂ ਦਾ ਪ੍ਰਚਾਰ ਵਧੇਰੇ ਹੋ ਗਿਆ ਹੈ ਅਤੇ ਸ਼ੁਧ ਰੂਪਾਂ ਦੀ ਵਰਤੋਂ ਕੁਝ ਘਟ ਹੋ ਗਈ ਹੈ, ਫੇਰ ਵੀ ਕਿਤੇ ਕਿਤੇ ਸ਼ੁਧ ਰੂਪ ਵੀ ਵਰਤੇ ਹੋਏ ਦਿਸਦੇ ਹਨ; ਜਿਵੇਂ—

"ਲਾਈਂ ਦਾਗ਼ ਨਾ ਚਿੱਟੀ ਚੱਦਰ ।" ਪੂਰਨ ਭਗਤ—ਕਾਲੀ ਦਾਸ

"ਨਵਾਬ ਖਾਨ ਚਾਰ ਲਾਈਆਂ ਕਰਕੇ ਕੋਈ ਸਵਾ ਦੋ ਮਣ ਗਿੱਲਾ ਝੋਨਾ ਇਕੱਠਾ ਕੀਤਾ ਸੀ ।" ਨਵਾਬ ਖਾਨ

ਵਕਤ ਬੁਢ਼ਾਪੇ ਰੋਵਣ ਮਾਪੇ, ਕੋਈ ਨਾ ਕਰਦਾ ਸੇਵਾ"

ਪੂਰਨ ਭਗਤ—ਕਾਲੀ ਦਾਸ

ਉਹ ਦਿਨ ਡੁੱਬਾ, ਜਿਸ ਦਿਨ ਘੋੜੀ ਚੜ੍ਹਿਆ ਕੁੱਬਾ ।

ਰੱਖੀਂ ਓਸਦਾ ਰਾਜਿਆ ਨਾਮ ਹੀਰਾ,
ਐਪਰ ਏਸ ਨੂੰ ਖ਼ਾਕ ਰੁਲਾ ਛੱਡੀਂ ।

## ਵਿਅੰਜਨਾਂਤ ਪੁਲਿੰਗ ਦੇ ਰੂਪਾਂ ਦੀ ਉਤਪੱਤੀ

੧੭੯. ਸਾਧਾਰਣ ਰੂਪ ਦੀ ਉਤਪੱਤੀ ਸੰਸਕ੍ਰਿਤ ਦੀਆਂ—ਪਹਿਲੀ ਅਤੇ ਦੂਸੀ—ਵਿਭਕਤੀਆਂ ਤੋਂ ਹੋਈ ਹੈ । ਇਕ ਵਚਨ ਦਾ ਵਿਕਾਸ ਇਸ ਤਰ੍ਹਾਂ ਹੋਇਆ ਹੈ—

Digitized by Panjab Digital Library | www.panjabdigilib.org

ਸੰ० { सर्पः / सर्पम् } >प्रा० { सप्पो / सप्पं } >ਪੰ० ਸੱਪ ।

ਬਹੁਵਚਨ ਦਾ ਵਿਕਾਸ ਇਵੇਂ ਹੋਇਆ ਹੈ—

ਸੰ० { पुत्राः / पुत्रान् } >प्रा० { पुत्ता / पुत्ता } >ਪੰ० ਪੁੱਤ ।

੧੮੦. ਸੰਬੰਧਕੀ ਇਕ ਵਚਨ ਦੀ ਉਤਪੱਤੀ ਸੰਸਕ੍ਰਿਤ ਦੀ ਤੀਜੀ ਅਤੇ ਸਤਵੀਂ ਵਿਭਕਤੀ ਦੇ ਇਕ ਵਚਨ ਤੋਂ ਇਉਂ ਹੋਈ ਜਾਪਦੀ ਹੈ—

ਸੰ० { पुत्रण / पुत्रे } >श्रप० पुत्ति >ਪੰ० ਪੁੱਤ ।

ਸੰਬੰਧਕੀ ਬਹੁਵਚਨ ਦੀ ਉਤਪੱਤੀ ਸੰਸਕ੍ਰਿਤ ਦੀ ਛੇਵੀਂ ਵਿਭਕਤੀ ਤੋਂ ਹੋਈ ਪ੍ਰਤੀਤ ਹੁੰਦੀ ਹੈ—

ਸੰ० वीराणाम् > प्रा० वीराणं >श्रप० वीराहं >ਪੰ० ਵੀਰਾਂ ।

## ਆਕਾਰਾਂਤ ਪੁਲਿੰਗ ਦੇ ਰੂਪਾਂ ਦੀ ਉਤਪੱਤੀ

੧੮੧ ਆਕਾਰਾਂਤ ਪੁਲਿੰਗ ਦੇ ਸਾਧਾਰਣ ਇਕ ਵਚਨ ਰੂਪ ਦੀ ਉਤਪੱਤੀ ਇਉਂ ਹੋਈ ਹੈ—

ਸੰ० दीपकः >प्रा० दीवश्रो >श्रप० दीवउ >ਪੰ० ਦੀਵਾ ।

ਇਸ ਦੇ ਬਹੁਵਚਨ ਰੂਪ ਦਾ ਵਿਕਾਸ ਇਸ ਤਰ੍ਹਾਂ ਹੋਇਆ ਜਾਪਦਾ ਹੈ—

दीपकाः >श्रप० दीवय >दीवइ* > ਪੰ० ਦੀਵੇ।

੧੮੨. ਸੰਬੰਧਕੀ ਇਕਵਚਨ ਦੀ ਉਤਪੱਤੀ ਸੰਸਕ੍ਰਿਤ ਦੀ ਸਤਵੀਂ (ਅਤੇ ਤੀਜੀ) ਦੇ ਇਕ ਵਚਨ ਤੋਂ ਹੋਈ ਜਾਪਦੀ ਹੈ; ਜਿਵੇਂ—

ਸੰ० घटके> श्रप० घडइं > ਪੰ० ਘੜੇ,

ਸੰ० द्वारके> प्रा० दुआरए> ਪੰ० ਦੁਆਰੇ ।

ਇਸ ਦੇ ਬਹੁ ਵਚਨ ਦਾ ਵਿਕਾਸ ਸੰਸਕ੍ਰਿਤ ਦੀ ਛੇਵੀਂ ਵਿਭਕਤੀ ਦੇ ਬਹੁ ਵਚਨ ਤੋਂ ਹੋਇਆ ਪ੍ਰਤੀਤ ਹੁੰਦਾ ਹੈ; ਜਿਵੇਂ—

ਸੰ० दीपकानाम्> ਪੰ० ਦੀਵਿਆਂ ।

## ਵਿਅੰਜਨਾਂਤ ਇਸਤ੍ਰੀਲਿੰਗ ਦੇ ਰੂਪਾਂ ਦੀ ਉਤਪੱਤੀ

੧੮੩. ਵਿਅੰਜਨਾਂਤ ਇਸਤ੍ਰੀਲਿੰਗ ਦੇ ਸਾਧਾਰਣ ਰੂਪ ਇਕ ਵਚਨ ਦੀ ਉਤਪੱਤੀ ਇਉਂ ਹੋਈ ਹੈ—

Digitized by Panjab Digital Library | www.panjabdigilib.org

ਸੰ॰ इष्टा > प्रा॰ इट्टा > ਪੰ੦ ਇੱਟ,

ਸੰ॰ भगिनी > प्रा॰ बहिणी > ਪੰ੦ ਭੈਣ।

ਇਸੇ ਦੇ ਬਹੁ ਵਚਨ ਦਾ ਵਿਕਾਸ ਇਸ ਤਰ੍ਹਾਂ ਹੋਇਆ ਜਾਪਦਾ ਹੈ—

ਸੰ॰ वार्ताः > ਪੰ੦ ਬਾਤਾਂ।

੧੮੪. ਸੰਬੰਧਕੀ ਬਹੁ ਵਚਨ ਦੀ ਉਤਪੱਤੀ ਸੰਸਕ੍ਰਿਤ ਛੇਵੀਂ ਵਿਭਕਤੀ ਤੋਂ ਹੋਈ ਹੈ; ਜਿਵੇਂ—

ਸੰ॰ इष्टानाम् > प्रा॰ इट्टाणं > ਪੰ੦ ਇੱਟਾਂ।

## ਈਕਾਰਾਂਤ ਇਸਤ੍ਰੀ ਲਿੰਗ ਦੇ ਰੂਪਾਂ ਦਾ ਵਿਕਾਸ

੧੮੫. ਜਿਵੇਂ ਆਕਾਰਾਂਤ ਪੁਲਿੰਗ ਦੀ ਪਹਿਲੀ ਵਿਭਕਤੀ ਦਾ ਇਕਵਚਨ ਵੱਡੇ ਰੂਪ ਤੋਂ ਨਿਕਲਿਆ ਹੈ, ਤਿਵੇਂ ਈਕਾਰਾਂਤ ਇਸਤ੍ਰੀ ਲਿੰਗ ਦੀ ਪਹਿਲੀ ਦਾ ਇਕ ਵਚਨ ਵੀ ਵੱਡੇ ਰੂਪ ਤੋਂ ਹੀ ਵਿਕਸਿਤ ਹੋਇਆ ਹੈ—

ਸੰ॰ कषपट्टिका > प्रा॰ कसवट्टिआ > ਪੰ੦ ਕਸੱਵਟੀ।

੧੮੬. ਇਸੇ ਦੇ ਬਹੁ ਵਚਨ ਦੇ ਰੂਪ ਦੀ ਉਤਪੱਤੀ ਇਉਂ ਹੋਈ ਹੈ—

ਸੰ॰ कलिका—> अप॰ कलियउ > ਪੰ੦ ਕਲੀਆਂ।

## ਸੰਬੋਧਨ

੧੮੭. ਪੁਲਿੰਗ ਦੇ ਸੰਬੋਧਨ, ਇਕ ਵਚਨ ਰੂਪ ਦਾ ਵਿਕਾਸ ਇਉਂ ਹੋਇਆ ਹੈ—

अप॰ पुत्ता > ਪੁੱਤਾ।

ਇਸ ਦੇ ਬਹੁ ਵਚਨ ਰੂਪ ਦੀ ਉਤਪੱਤੀ ਇਸ ਤਰ੍ਹਾਂ ਹੋਈ ਹੈ—

प्रा॰ पुत्ताहो > अप॰ पुत्तहो > ਪੁੱਤੋ।

ਪੰਜਾਬੀ ਵਿੱਚ ਇਸਤ੍ਰੀ ਲਿੰਗ ਦੇ ਸੰਬੋਧਨ, ਇਕ ਵਚਨ ਦੀ ਵਿਭਕਤੀ -ਏ ਹੈ। ਇਸ -ਏ ਦਾ ਸੰਬੰਧ अप॰ ਅਤੇ प्रा॰ -ए ਨਾਲ ਹੈ ਜਾਂ ਇਸ ਦੇ ਵੱਡੇ ਰੂਪ ਨਾਲ। ਪ੍ਰਾਕ੍ਰਿਤ ਵਿੱਚ चित्तलेहे ! ਅਤੇ ਅਪਭ੍ਰੰਸ਼ ਵਿੱਚ अम्मीए ! (ਅੰਮਾਂ) ਆਦਿ ਰੂਪ ਮਿਲਦੇ ਹਨ।

Digitized by Panjab Digital Library | www.panjabdigilib.org

# ਸਰਬਨਾਂਵ

੧੮੮. ਜੋ ਪਦ ਕਿਸੇ ਨਾਂਵ ਦੀ ਥਾਂ ਵਰਤਿਆ ਜਾਂਦਾ ਹੈ, ਉਸ ਨੂੰ ਸਰਬ-ਨਾਂਵ (ਕ) ਕਹਿੰਦੇ ਹਨ ।

ਸਰਬਨਾਂਵ ਦਾ ਇਹ ਲਾਭ ਹੈ ਕਿ ਜੋ ਨਾਂਵ ਪਹਿਲਾਂ ਆ ਚੁੱਕੇ ਹੁੰਦੇ ਹਨ, ਉਨ੍ਹਾਂ ਨੂੰ ਦੁਹਰਾਣਾ ਨਹੀਂ ਪੈਂਦਾ; ਜਿਵੇਂ—

ਰਾਮ ਸਿੰਘ ਨੇ ਮੋਹਨ ਸਿੰਘ ਨੂੰ ਕਿਹਾ 'ਤੂੰ ਚਲ, ਮੈਂ ਤੇਰੇ ਪਿੱਛੇ ਪਿੱਛੇ ਆਉਂਦਾ ਹਾਂ ।'

ਏਥੇ 'ਮੈਂ' 'ਅਤੇ 'ਤੂੰ' ਇਹ ਸਰਬਨਾਂਵ ਰਾਮ ਸਿੰਘ ਅਤੇ ਸੋਹਨ ਸਿੰਘ ਨਾਂਵਾਂ ਦੀ ਥਾਂ ਵਰਤੇ ਗਏ ਹਨ । ਨਾਂਵਾਂ ਨੂੰ ਨਾ ਦੁਹਰਾਉਣ ਕਰਕੇ ਵਾਕ ਕੁਝ ਛੋਟਾ ਵੀ ਹੋ ਜਾਂਦਾ ਹੈ ਅਤੇ ਸੋਹਣਾ ਵੀ ਲਗਦਾ ਹੈ ।

ਜਦ ਤੀਕਰ ਇਕ ਸ਼ਬਦ ਨਾਂਵ ਦੀ ਥਾਂ ਨਾ ਵਰਤਿਆ ਜਾਏ, ਤਦ ਤੀਕਰ ਉਹ ਸਰਬਨਾਂਵ ਨਹੀਂ ਕਿਹਾ ਜਾ ਸਕਦਾ; ਜਿਵੇਂ—ਇਹ ਪੁਸਤਕ, ਉਹ ਘਰ ।

ਇਥੇ **ਇਹ** ਅਤੇ **ਉਹ** ਵਿਸ਼ੇਸ਼ਣ ਹਨ।

੧੮੯. ਬਹੁਤ ਕਰਕੇ ਲਿੰਗ ਦੇ ਕਾਰਨ ਸਰਬਨਾਂਵ ਦਾ ਰੂਪ ਨਹੀਂ ਵਟਦਾ; **ਜਿਵੇਂ**—

ਉੱਤਮ ਪੁਰਖ—'**ਮੈਂ**' ਪੜ੍ਹਦਾ ਹਾਂ । '**ਮੈਂ**' ਪੜ੍ਹਦੀ ਹਾਂ । '**ਅਸੀਂ**' ਪੜ੍ਹਦੇ ਹਾਂ । '**ਅਸੀਂ**' ਪੜ੍ਹਦੀਆਂ ਹਾਂ ।

ਮੱਧਮ ਪੁਰਖ—**ਤੂੰ** ਪੜ੍ਹਦਾ ਹੈਂ । **ਤੂੰ** ਪੜ੍ਹਦੀ ਹੈਂ । **ਤੁਸੀਂ** ਪੜ੍ਹਦੇ ਹੋ । **ਤੁਸੀਂ** ਪੜ੍ਹਦੀਆਂ ਹੋ ।

---

(ਕ) ਪੜਨਾਂਵ ਸ਼ਬਦ ਚਾਲੂ ਤੇ ਹੋ ਚੁਕਿਆ ਹੈ, ਪਰ ਠੀਕ ਨਾ ਹੋਣ ਕਰਕੇ ਇਸ **ਪੁਸਤਕ** ਵਿੱਚ ਇਸ ਦੀ ਥਾਂ 'ਸਰਬਨਾਂਵ' ਵਰਤਿਆ ਗਿਆ ਹੈ, ਕਿਉਂਕਿ—

(੧) ਪੜ-ਅਗੇਤਰ ਅੰਗਰੇਜ਼ੀ ਦੇ pro—ਵਾਂਗਰ 'ਲਈ' ਅਰਥ ਦਾ ਬੋਧ ਨਹੀਂ ਕਰਾਉਂਦਾ ।

(੨) ਸਰਬਨਾਂਵ ਅੰਗਰੇਜ਼ੀ pronoun, ਨਾਲੋਂ ਵੀ ਚੰਗੇਰਾ ਹੈ । ਦੇਖੋ 'Historical Cutlines of English', p. 124

(੩) ਸਰਬ ਅਰਥਾਤ ਹਰ ਇਕ ਨਾਂਵ ਦੀ ਥਾਂ ਵਰਤੇ ਜਾਣ ਕਰਕੇ ਇਸ ਨੂੰ ਸਰਬਨਾਂਵ ਆਖਦੇ ਹਨ । ਸਰਬਨਾਂਵ ਹੋਣ ਕਰਕੇ ਇਹ ਹਰ ਇਕ ਦਾ ਨਾਂਵ ਵੀ ਹੈ ਅਰਥਾਤ ਹਰ ਇਕ ਆਪਣੇ ਲਈ 'ਮੈਂ' ਵਰਤ ਸਕਦਾ ਹੈ, ਹਰ ਇਕ ਕੋਲ ਦੇ ਪਦਾਰਥ ਲਈ 'ਇਹ' ਵਰਤਿਆ ਜਾ ਸਕਦਾ ਹੈ ।

(੪) 'ਸਰਬਨਾਂਵ' ਭਾਰਤ ਦੀਆਂ ਹੋਰਨਾਂ ਭਾਸ਼ਾਵਾਂ ਦੇ ਵਿਆਕਰਣਾਂ ਵਿੱਚ ਅਜ ਕਲ ਵੀ ਵਰਤਿਆ ਜਾਂਦਾ ਹੈ ।

Digitized by Panjab Digital Library | www.panjabdigilib.org

ਅਨੱ ਪੁਰਖ—ਉਹ ਪੜ੍ਹਦਾ ਹੈ । ਉਹ ਪੜ੍ਹਦੀ ਹੈ । ਉਹ ਪੜ੍ਹਦੇ ਹਨ । ਉਹ ਪੜ੍ਹਦੀਆਂ ਹਨ ।

ਪੁਲਿੰਗ—**ਜੋ** ਕਰੇਗਾ, **ਸੋ** ਭਰੇਗਾ ।

ਇਸਤ੍ਰੀਲਿੰਗ—**ਜੋ** ਕਰੇਗੀ, **ਸੋ** ਭਰੇਗੀ ।

ਪੁਰਾਣੀ ਪੰਜਾਬੀ ਵਿੱਚ ਕੁਝ ਸਰਬਨਾਂਵਾਂ ਵਿੱਚ ਲਿੰਗ-ਭੇਦ ਟਿਕਿਆ ਰਿਹਾ ਹੈ; ਜਿਵੇਂ—ਸੋ (ਪੁਲਿੰਗ)—ਸਾ (ਇਸਤ੍ਰੀਲਿੰਗ), ਇਹੋ (ਪੁੰ੦)—ਇਹਾ ਇਸਤ੍ਰੀ੦), ਕੋਈ (ਪੁੰ੦)—ਕਾਈ (ਇਸਤ੍ਰੀ੦) ।

੧੮੦. ਸਰਬਨਾਂਵਾਂ ਵਿੱਚ ਸੰਬੋਧਨ ਦੇ ਰੂਪ ਨਹੀਂ ਹੁੰਦੇ । ਕਾਰਣ, ਜਿਸ ਨੂੰ ਬੁਲਾਉਣਾ ਹੁੰਦਾ ਹੈ, ਉਸ ਦਾ ਨਾਂ ਲੈ ਕੇ ਹੀ ਉਸ ਨੂੰ ਸਦਿਆ ਜਾਂਦਾ ਹੈ ।

੧੮੧. ਸਰਬਨਾਂਵਾਂ ਦੇ ਕਈ ਰੂਪ ਬੇਨੇਮੇ ਬਣੇ ਜਾਪਦੇ ਹਨ ਅਤੇ ਜਿੰਨਾ ਰੂਪ-ਭੇਦ ਇਨ੍ਹਾਂ ਵਿੱਚ ਮਿਲਦਾ ਹੈ, ਉੱਨਾ ਨਾਂਵਾਂ ਵਿੱਚ ਨਹੀਂ ਦਿਸਦਾ । ਮੇਰਾ, ਤੇਰਾ, ਜਿਨ, ਕਿਨ, ਆਪਣਾ,—ਇਨ੍ਹਾਂ ਵਰਗੇ ਰੂਪ ਨਾਂਵਾਂ ਦੇ ਨਹੀਂ ਦਿਸਦੇ ।

੧੮੨. ਸਰਬਨਾਂਵ ਛੇ ਤਰ੍ਹਾਂ ਦੇ ਹਨ —

(੧) ਪੁਰਖਵਾਚਕ, (੨) ਨਿਜ-ਵਾਚਕ, (੩) ਨਿਸਚੇ-ਵਾਚਕ, (੪) ਅਨਿਸਚਿਤ, (੫) ਸੰਬੰਧ-ਵਾਚਕ ਅਤੇ (੬) ਪ੍ਰਸ਼ਨ-ਵਾਚਕ ।

## ਪੁਰਖਵਾਚਕ ਸਰਬਨਾਂਵ

੧੮੩. ਪੁਰਖ-ਵਾਚਕ ਸਰਬਨਾਂਵ ਉਹ ਹਨ ਜੋ ਬੋਲਣ ਵਾਲੇ ਦਾ, ਸੁਣਨ ਵਾਲੇ ਦਾ ਜਾਂ ਜਿਸ ਦੇ ਬਾਰੇ ਗੱਲ ਕੀਤੀ ਜਾਏ ਉਸ ਦਾ ਬੋਧ ਕਰਾਉਣ ।

੧੮੪. ਗੱਲਾਂ-ਬਾਤਾਂ ਕਰਦਿਆਂ ਤਿੰਨ ਪੁਰਖ ਵਰਤੋਂ ਵਿੱਚ ਆਉਂਦੇ ਹਨ—

(੧) ਗੱਲ ਕਰਨ ਵਾਲਾ, ਜਿਸ ਨੂੰ **ਉੱਤਮ ਪੁਰਖ** ਕਹਿੰਦੇ ਹਨ । **ਮੈਂ** (ਇਕ ਵਚਨ), **ਅਸੀਂ** (ਬਹੁ ਵਚਨ)—ਇਹ ਦੋਵੇਂ ਵਿਆਕਰਣ ਅਨੁਸਾਰ ਉੱਤਮ ਪੁਰਖ ਹਨ ।

(੨) ਜਿਸ ਨਾਲ ਗੱਲ ਕੀਤੀ ਜਾਏ, ਉਸ ਨੂੰ **ਮੱਧਮ ਪੁਰਖ** ਆਖਦੇ ਹਨ ।

ਤੂੰ (ਇਕ ਵਚਨ), ਤੁਸੀਂ (ਬਹੁ ਵਚਨ)—ਇਹ ਮੱਧਮ ਪੁਰਖ ਹਨ ।

(੩) ਜਿਸ ਦੇ ਬਾਰੇ ਗੱਲ ਕੀਤੀ ਜਾਂਦੀ ਹੈ, ਉਸ ਨੂੰ **ਅੱਨ ਪੁਰਖ** ਕਹਿੰਦੇ ਹਨ ।

ਅੱਨ ਪੁਰਖ ਦੇ ਸਰਬਨਾਂਵ ਦਾ ਕੰਮ ਨਿਸਚੇ-ਵਾਚਕ ਸਰਬਨਾਂਵ 'ਉਹ' ਤੋਂ ਲਿਆ ਜਾਂਦਾ ਹੈ ।

੧੮੫. ਪੁਰਖ ਦਾ ਭੇਦ ਪੁਰਖ-ਵਾਚਕ ਸਰਬਨਾਂਵ ਵਿੱਚ ਦੇਖਿਆ ਜਾਂਦਾ ਹੈ—'ਮੈਂ' ਉੱਤਮ ਪੁਰਖ ਹੈ, 'ਤੂੰ' ਮੱਧਮ ਪੁਰਖ ਹੈ ; 'ਇਹ', 'ਉਹ' ਹੀ ਨਹੀਂ, ਹੋਰ

Digitized by Panjab Digital Library | www.panjabdigilib.org

ਵੀ ਹਰ ਇਕ ਪਦਾਰਥ ਅੱਨ ਪੁਰਖ ਹੁੰਦਾ ਹੈ ; ਜਿਵੇਂ—ਉਹ ਜਾਏ, ਸ਼ੂਮ ਜਾਏ, ਗਰੀਬੀ ਜਾਏ, ਹਰ ਇਕ ਜਾਏ।

ਅਸੀਂ=ਮੈਂ+ਕੋਈ ਹੋਰ ਜਾਂ ਕਈ ਹੋਰ।

'ਸਾਡੇ 'ਚੋਂ ਕੁਝ', 'ਤੁਸਾਡੇ' 'ਚੋਂ ਕੁਝ' ਅੱਨ ਪੁਰਖ ਹਨ ; ਜਿਵੇਂ—ਅਸਾਡੇ ਵਿੱਚੋਂ ਕੁਝ ਜਾਣਗੇ; ਤੁਸਾਡੇ ਵਿੱਚੋਂ ਕੁਝ ਪਰਦੇਸੀ ਜਾਪਦੇ ਹਨ।

੧੯੬. ਪੁਰਖਵਾਚਕ ਸਰਬਨਾਂਵ ਦੀ ਰੂਪ-ਸਾਧਨਾ ਨਾਂਵਾਂ ਦੀ ਰੂਪ-ਸਾਧਨਾ ਤੋਂ ਬਹੁਤ ਭਿੰਨ ਹੁੰਦੀ ਹੈ, ਕਾਰਣ ਨਾਂਵਾਂ ਦੇ ਰੂਪ ਇਕੋ ਅੰਗ ਤੋਂ ਬਣੇ ਹੁੰਦੇ ਹਨ, ਪਰ ਪੁਰਖ-ਵਾਚਕ ਸਰਬਨਾਂਵਾਂ ਦੇ ਰੂਪ ਇਕ ਤੋਂ ਵਧੇਰੇ ਅੰਗਾਂ ਤੋਂ ਬਣਦੇ ਹਨ ; ਜਿਵੇਂ—

ਉੱਤਮ ਪੁਰਖ—ਮੈਂ, ਮੈ-ਥੋਂ, ਮੇ-ਰਾ, ਅਸੀਂ, ਸਾਥੋਂ, ਅਸਾਡਾ।

ਮੱਧਮ ਪੁਰਖ—ਤੂੰ, ਤੈ-ਥੋਂ, ਤੇਰਾ, ਤੁਸੀਂ, ਤੁਸਾਥੋਂ, ਤੁਸਾਡਾ।

੧੯੭. ਉਤਮ ਪੁਰਖ **ਮੈਂ** ਦੇ ਇਹ ਰੂਪ ਹਨ—

| | ਇਕ ਵਚਨ | ਬਹੁਵਚਨ |
|---|---|---|
| ਉਦੇਸ਼ | ਮੈਂ | ਅਸੀ, ਅਸੀਂ |
| ਕਰਣ | ਮੈਂ | ਅਸਾਂ |
| ਸੰਬੰਧਕ | ਮੇਰਾ | ਅਸਾਡਾ, ਸਾਡਾ |

ਸੰਬਧਕੀ ਮੈਂ, ਮੈ, ਮੇਂ (ਨੂੰ, ਥੋਂ) ਅਸਾਂ (ਨੂੰ, ਥੋਂ) [ਅਸਾਨੂੰ] [ਤੁਲ ਸਾਨੂੰ, ਸਾਥੋਂ] [ਤੁਲ ਮੈਨੂੰ, ਮੈਥੋਂ]।

ਕਵਿਤਾ ਵਿੱਚ 'ਮੁਝ' ਸੰਬੰਧਕੀ ਰੂਪ ਵੀ ਮਿਲਦਾ ਹੈ ; ਜਿਵੇਂ—

"ਕੀਕਰ ਕਰਾਂ ਪਹਿਚਾਨ ਦਿਲਜਾਨ ਸੰਦੀ,
ਕੀਕਰ **ਮੁਝ** ਦਾ ਤਾਲਿਆ ਨੂਰ ਦਿੱਸੇ।"

ਨਲ ਦਮਿਅੰਤੀ—ਚਾਤ੍ਰਿਕ

ਪੁਰਾਣੀ ਲਹਿੰਦੀ ਵਿੱਚ ਹਉ (=ਮੈਂ), ਮਹਿੰਜਾ (=ਮੇਰਾ), ਮੈਂਡਾ (=ਮੇਰਾ) ਆਦਿ ਵੀ ਵਰਤੇ ਗਏ ਹਨ।

ਅਸਾਡਾ ਦਾ ਵਡਾ ਰੂਪ 'ਅਸਾਡੜਾ' ਵੀ ਕਵਿਤਾ ਵਿੱਚ ਵਰਤਿਆ ਗਿਆ ਹੈ।

੧੯੮. ਬੋਲਣ ਵਾਲਾ ਜਾਂ ਲੇਖਕ ਇਕ ਵਚਨ ਦੇ ਅਰਥ ਵਿੱਚ ਆਪਣੇ ਲਈ 'ਮੈਂ' ਵਰਤਦਾ ਹੈ; ਜਿਵੇਂ— **ਮੈਂ** ਕਿਹਾ, 'ਚਲੋ ਜਾਣ ਦਿਓ, ਪੁੱਤਰ ਨੂੰ ਹੋਰ ਕਿਤਾਬ ਲੈ ਦਿਆਂਗੇ।'

ਰਾਜੇ, ਮਹਾਰਾਜੇ, ਲੇਖਕ ਅਤੇ ਸੰਪਾਦਕ ਆਪਣੇ ਲਈ ਆਮ 'ਅਸੀਂ' ਵਰਤਦੇ ਹਨ ; ਜਿਵੇਂ—

ਇਸੇ ਤਰ੍ਹਾਂ ਇਨ੍ਹਾਂ ਗੀਤਾਂ ਵਿੱਚ '**ਅਸੀਂ**' ਰਾਜਨੀਤੀ ਦੇ ਬਦਲੇ ਹੋਏ ਤੌਰ ਵੀ ਵੇਖ ਸਕਦੇ ਹਾਂ।" ਭੂਮਿਕਾ, ਚੋਣਵੀਂ ਪੰਜਾਬੀ ਕਵਿਤਾ।

Digitized by Panjab Digital Library | www.panjabdigilib.org

੧੯੯. ਮੱਧਮ ਪੁਰਖ 'ਤੂੰ' ਦੇ ਰੂਪ ਇਹ ਹਨ—

| | ਇਕ ਵਚਨ | ਬਹੁ ਵਚਨ |
|---|---|---|
| ਉਦੇਸ਼ | ਤੂੰ | ਤੁਸੀ, ਤੁਸੀਂ |
| ਕਰਣ | ਤੂੰ | ਤੁਸਾਂ |
| ਸੰਬੰਧਕ | ਤੇਰਾ | ਤੁਸਾਡਾ, ਤੁਹਾਡਾ |
| ਸੰਬੰਧਕੀ | ਤੈ, ਤੇ (ਨੂੰ, ਥੋਂ) | ਤੁਸਾ, ਤੁਹਾ (ਨੂੰ, ਥੋਂ)। |

ਕਵਿਤਾ ਵਿੱਚ 'ਤੁੱਧ' ਸੰਬੰਧਕੀ ਰੂਪ ਵੀ ਮਿਲਦਾ ਹੈ। ਪੁਰਾਤਨ ਜਨਮ ਸਾਖੀ ਵਿੱਚ ਵੀ 'ਤੁਧੁ' ਸੰਬੰਧਕੀ ਰੂਪ ਵਰਤਿਆ ਗਿਆ ਹੈ।

'ਤੂੰ' ਇਕ ਵਚਨ ਦਾ ਰੂਪ ਇਕ ਲਈ ਵਰਤਿਆ ਜਾਂਦਾ ਹੈ। ਇਹ ਪਿਆਰ ਅਤੇ ਨਿਰਾਦਰ ਦਾ ਬੋਧ ਕਰਾਂਦਾ ਹੈ। ਪਰਮੇਸ਼ਰ, ਮਾਂ, ਅਤੇ ਬੱਚੇ ਲਈ 'ਤੂੰ' ਹੀ ਆਮ ਵਰਤਿਆ ਜਾਂਦਾ ਹੈ।

'ਤੁਸੀ' ਇਹ ਰੂਪ ਇਕ ਵਚਨ ਦੇ ਅਰਥ ਵਿੱਚ ਆਦਰ ਕਰਨ ਲਈ ਵਰਤੋਂ ਵਿੱਚ ਆਉਂਦਾ ਹੈ।

## ਅੱਨ ਪੁਰਖ

੨੦੦. ਅੱਨ ਪੁਰਖ ਲਈ ਕੋਈ ਵੱਖਰਾ ਸਰਬਨਾਂਵ ਨਹੀਂ; ਨਿਸਚੇ-ਵਾਚਕ 'ਇਹ' ਅਤੇ 'ਉਹ' ਹੀ ਅੱਨ ਪੁਰਖ ਲਈ ਵਰਤੇ ਜਾਂਦੇ ਹਨ ; ਜਿਵੇਂ—ਮਹਿੰਦਰ ਹੁਣੇ ਆਇਆ ਹੈ। ਉਹ ਕਹਿੰਦਾ ਹੈ ਕਿ ਕੱਲ ਛੁੱਟੀ ਹੈ। ਦੋ ਸਭਾਵਾਂ ਕਨੂੰਨ ਬਣਾਉਂਦੀਆਂ ਹਨ। ਇਹ ਹਨ—ਲੋਕ ਸਭਾ ਅਤੇ ਰਾਜ ਸਭਾ।

੨੦੧. ਉਹ (ਦੇ ਰੂਪ)

| | ਇਕ ਵਚਨ | ਬਹੁ ਵਚਨ |
|---|---|---|
| ਸਾਧਾਰਨ | ਉਹ | ਉਹ |
| ਸੰਬੰਧਕੀ | ਉਸ, ਉਹ (ਨੂੰ, ਨੇ, ਆਦਿ) | ਉਹਨਾਂ, ਉਨ੍ਹਾਂ (ਨੂੰ, ਨੇ ਆਦਿ) |

ਇਹ (ਦੇ ਰੂਪ)

| | | |
|---|---|---|
| ਸਾਧਾਰਣ | ਇਹ | ਇਹ |
| ਸੰਬੰਧਕੀ | ਇਸ, ਇਹ (ਨੂੰ, ਨੇ ਆਦਿ) | ਇਹਨਾਂ, ਇਨ੍ਹਾਂ (ਨੂੰ, ਨੇ ਆਦਿ) |

ਉਹੋ [=ਉਹ ਹੀ] 'ਉਹ' ਦਾ ਜ਼ੋਰਦਾਰ ਰੂਪ ਹੈ। ਇਸੇ ਤਰ੍ਹਾਂ ਇਹੋ [=ਇਹ ਹੀ] 'ਇਹ' ਦਾ ਬਲ ਵਾਲਾ ਰੂਪ ਹੈ।

੨੦੨. 'ਆਪ' ਵੀ ਪੁਰਖ-ਵਾਚਕ ਸਰਬਨਾਂਵ ਹੈ। ਇਹ ਆਦਰ ਦਾ ਬੋਧ ਕਰਾਉਂਦਾ ਹੈ, ਇਸ ਕਰਕੇ ਇਸ ਨਾਲ ਵਿਸ਼ੇਸ਼ਣ ਅਤੇ ਕ੍ਰਿਆ ਦੇ ਰੂਪ ਅੱਨ ਪੁਰਖ ਬਹੁ ਵਚਨ ਵਿੱਚ ਹੁੰਦੇ ਹਨ। ਇਸ ਦਾ ਰੂਪ ਨਹੀਂ ਵੱਟਦਾ। ਹੇਠ ਕੁਝ ਉਦਾਹਰਣ ਦਿੱਤੇ ਜਾਂਦੇ ਹਨ—

Digitized by Panjab Digital Library | www.panjabdigilib.org

ਸ਼ੇਖ ਫ਼ਰੀਦ ਦਾ ਅਸਲੀ ਨਾਂ ਮਸਊਦ ਸੀ। ਆਪ ਆਪਣੇ ਸਮੇਂ ਦੇ ਉੱਘੇ ਸੂਫ਼ੀ ਫ਼ਕੀਰ ਹੋਏ ਹਨ।

ਭਾਈ ਵੀਰ ਸਿੰਘ ਜੀ ਨਵੀਨ ਪੰਜਾਬੀ ਸਾਹਿੱਤ ਦੇ ਮੋਢੀ ਹਨ। ਆਪ ਨੇ ਨਾਵਲ ਲਿਖੇ ਹਨ, ਕਵਿਤਾ ਲਿਖੀ ਹੈ, ਜੀਵਨ-ਬ੍ਰਿਤਾਂਤ ਤੇ ਟੀਕੇ ਲਿਖੇ ਹਨ।

## ਨਿਜਵਾਚਕ ਸਰਬਨਾਂਵ

੨੦੩. 'ਆਪ' ਇਸ ਅਰਥ ਦੇ ਬੋਧ ਕਰਾਉਣ ਵਾਲੇ ਸਰਬਨਾਂਵ ਨੂੰ ਨਿਜਵਾਚਕ ਸਰਬਨਾਂਵ ਆਖਦੇ ਹਨ।

ਮੈਂ ਆਪ ਓਥੇ ਗਿਆ ਸਾਂ।

ਤੂੰ ਆਪ ਜਾ ਕੇ ਸਾਰੀ ਗੱਲ-ਬਾਤ ਦੱਸ ਆ।

ਉਹ ਆਪ ਸਿਆਣੇ ਹਨ, ਉਨ੍ਹਾਂ ਨੂੰ ਕੌਣ ਸਮਝਾਏ?

੨੦੪. ਨਿਜਵਾਚਕ 'ਆਪ' ਦੇ ਰੂਪ ਇਹ ਹਨ—

ਆਪ

| | ਇਕ ਵਚਨ | ਬਹੁ ਵਚਨ |
|---|---|---|
| ਉਦੇਸ਼-ਬੋਧਕ | ਆਪ | ਆਪ |
| ਕਰਣ | ਆਪ | ਆਪ |
| ਸੰਬੰਧਕੀ | ਆਪ | ਆਪ |
| ਸੰਬੰਧ-ਬੋਧਕ | ਆਪਣਾ | ਆਪਣੇ |

੨੦੫. 'ਆਪਣਾ' ਦੇ ਰੂਪ ਹੇਠ ਦੱਸੇ ਜਾਂਦੇ ਹਨ—

| | ਇਕਵਚਨ | ਬਹੁ ਵਚਨ |
|---|---|---|
| ਸਾਧਾਰਣ | ਆਪਣਾ | ਆਪਣੇ |
| ਸੰਬੰਧਕੀ | ਆਪਣੇ | ਆਪਣਿਆਂ |
| ਸਬੋਧਨ | ਆਪਣਿਆ ! | ਆਪਣਿਓ ! |

ਇਸ ਦਾ ਇਸਤ੍ਰੀਲਿੰਗ 'ਆਪਣੀ' ਵੀ ਈਕਾਰਾਂਤ ਵਿਸ਼ੇਸ਼ਣ ਵਾਂਗ ਵਿਕਾਰੀ ਹੈ।

੨੦੬. ਦੂਰ ਜਾਂ ਨੇੜੇ ਦਾ ਪਦਾਰਥ ਦੱਸਣ ਲਈ ਜਿਹੜਾ ਪਦ ਨਾਂਵ ਦੀ ਥਾਂ ਵਰਤਿਆ ਜਾਂਦਾ ਹੈ, ਉਸ ਨੂੰ **ਨਿਸਚੇਵਾਚਕ ਸਰਬਨਾਂਵ** ਆਖਦੇ ਹਨ। 'ਉਹ' ਅਤੇ 'ਇਹ' ਨਿਸਚੇਵਾਚਕ ਸਰਬਨਾਂਵ ਹਨ। ਦੂਰ ਦੇ ਜਾਂ ਪਰੋਖੇ ਪਦਾਰਥ ਦਾ ਬੋਧ ਕਰਾਉਣ ਲਈ 'ਉਹ' ਅਤੇ ਲਾਗੇ ਦੇ ਪਦਾਰਥ ਦਾ ਪਤਾ ਦੇਣ ਲਈ 'ਇਹ' ਵਰਤਿਆ ਜਾਂਦਾ ਹੈ। ਇਨ੍ਹਾਂ ਦੋਹਾਂ ਦੇ ਰੂਪ ਹੇਠ ਦੱਸੇ ਜਾਂਦੇ ਹਨ:—

Digitized by Panjab Digital Library | www.panjabdigilib.org

ਉਹ

| | ਇਕਵਚਨ | ਬਹੁਵਚਨ |
|---|---|---|
| ਸਾਧਾਰਣ ਰੂਪ | ਉਹ | ਉਹ, ਓਹ |
| ਸੰਬੰਧਕੀ | ਉਸ, ਉਹ | ਉਨ੍ਹਾਂ |

ਇਹ

| | | |
|---|---|---|
| ਸਾਧਾਰਣ ਰੂਪ | ਇਹ | ਇਹ |
| ਸੰਬੰਧਕੀ | ਇਸ, ਇਹ | ਇਨ੍ਹਾਂ |

ਉਹੋ, ਇਹੋ—ਇਹ 'ਉਹ' ਅਤੇ 'ਇਹ' ਦੇ ਜ਼ੋਰਦਾਰ ਜਾਂ ਬਲ ਵਾਲੇ ਰੂਪ ਹਨ।

੨੦੭. ਪਹਿਲੇ ਦੱਸੀਆਂ ਗਈਆਂ ਦੋਹਾਂ ਵਸਤਾਂ ਵਿੱਚੋਂ ਪਹਿਲੀ ਦੀ ਥਾਂ 'ਉਹ' ਅਤੇ ਦੂਜੀ ਦੀ ਥਾਂ 'ਇਹ' ਵਰਤਿਆ ਜਾਂਦਾ ਹੈ ; ਜਿਵੇਂ—

ਭਾਵੇਂ ਕਾਂ ਅਤੇ ਕੋਇਲ ਦੋਵੇਂ ਕਾਲੇ ਪੰਛੀ ਹਨ, ਪਰ ਇਹ (=ਕੋਇਲ) ਮਿਠਬੋਲੜੀ ਹੈ ਅਤੇ ਉਹ (=ਕਾਂ) ਨਿਰਾ ਰੌਲਾ ਪਾਉਣ ਵਾਲਾ।

੨੦੮. ਜਦ ਪਹਿਲਾਂ ਕਹੇ ਗਏ ਕਿਸੇ ਨਾਂਵ ਦੀ ਥਾਂ 'ਉਹ' ਵਰਤਿਆ ਜਾਂਦਾ ਹੈ, ਤਦ ਪੁਰਖ-ਵਾਚਕ ਸਰਬਨਾਂਵ ਹੁੰਦਾ ਹੈ; ਪਰ ਜਦ ਸਾਹਮਣੇ ਦੀ ਕਿਸੇ ਦੁਰੇਡੀ ਵਸਤ ਲਈ ਵਰਤਿਆ ਜਾਏ, ਤਦ ਨਿਸਚੇਵਾਚਕ ਸਰਬਨਾਂਵ ਹੁੰਦਾ ਹੈ ; ਜਿਵੇਂ —

"ਰਾਮਿੰਦਰ ਕਿਤਾਬਾਂ ਕੱਛੇ ਮਾਰ ਘਰ ਵਲ ਤੁਰ ਪਿਆ। ਉਹ ਸੋਚਦਾ ਜਾਂਦਾ ਸੀ ਕਿ ਅੱਜ ਅਣਹੋਣੀ ਗੱਲ ਹੋਈ ਹੈ।"

ਇਥੇ 'ਉਹ' ਪੁਰਖਵਾਚਕ ਸਰਬਨਾਂਵ ਹੈ।

"ਕੇਹਾ ਸੋਹਣਾ ਘਰ ਹੈ! ਇਹ ਕਿਨ ਬਣਵਾਇਆ ?" ਇਥੇ 'ਇਹ' ਨਿਸਚੇਵਾਚਕ ਸਰਬਨਾਂਵ ਹੈ।

ਕਦੇ 'ਇਹ' ਅਗਲੇ ਵਾਕ ਦੀ ਥਾਂ ਵਰਤਿਆ ਜਾਂਦਾ ਹੈ ; ਜਿਵੇਂ—ਇਹ ਠੀਕ ਹੈ ਕਿ—ਓੜਕ ਸੱਚ ਦੀ ਜਿੱਤ ਹੁੰਦੀ ਹੈ।

## ਅਨਿਸਚਿਤ ਸਰਬਨਾਂਵ

੨੦੯. (ਕ) ਅਨਿਸਚਿਤ ਸਰਬਨਾਂਵ ਉਹ ਹਨ, ਜਿਨ੍ਹਾਂ ਤੋਂ ਕਿਸੇ ਖਾਸ ਪਦਾਰਥ ਜਾਂ ਪਦਾਰਥਾਂ ਦਾ ਬੋਧ ਨਹੀਂ ਹੁੰਦਾ ; ਜਿਵੇਂ—ਕੋਈ, ਕੁਝ, ਇਕ, ਸਭ, ਸਰਬੱਤ, ਸਾਰੇ, ਹੋਰ, ਦੂਜਾ, ਬਾਜ਼ੇ, ਵਿਰਲੇ, ਬਹੁਤੇ, ਅਨੇਕ, ਬਹੁਤੇਰੇ (ਬਥੇਰੇ)।

(ਖ) ਰੂਪਾਂਤਰ

ਕੋਈ

| ਰੂਪ | ਇਕ ਵਚਨ | ਬਹੁ ਵਚਨ |
|---|---|---|
| ਸਾਧਾਰਣ | ਕੋਈ | ਕੋਈ, ਕਈ, ਕੇਈ |
| ਸੰਬੰਧਕੀ | ਕਿਸੇ (ਨੂੰ, ਨੇ) | ਕਈਆਂ (ਨੂੰ, ਨੇ) |

Digitized by Panjab Digital Library | www.panjabdigilib.org

'ਕਾਈ' ਇਸਤ੍ਰੀਲਿੰਗ ਦਾ ਰੂਪ ਮੁਕ਼ਬਿਲ ਦੀ ਹੀਰ ਅਤੇ ਪੁਰਾਣੀ ਪੰਜਾਬੀ ਵਿੱਚ ਵਰਤਿਆ ਗਿਆ ਹੈ ।

### ਕੁਝ

| ਰੂਪ | ਇਕ ਵਚਨ | ਬਹੁ ਵਚਨ |
|---|---|---|
| ਸਾਧਾਰਣ | ਕੁਝ | ਕੁਝ |

ਸਾਧਾਰਣ (ਉਦੇਸ਼)—**ਕੋਈ** ਮੰਨੇ, **ਕੋਈ** ਨਾ ਮੰਨੇ ।

" (ਕਰਮ)—ਤੁਸੀਂ ਕਿਹੜੀ ਧੋਤੀ ਲਓਗੇ ? **ਕੋਈ** ਦੇ ਦਿਓ ।

" (ਉਦੇਸ਼)—**ਕੁਝ** ਸੁੱਤੇ ਹਨ, **ਕੁਝ** ਜਾਗਦੇ ਹਨ ।

" (ਕਰਮ)—**ਕੁਝ** ਤੇ ਦੱਸੋ ।

### ਇਕ

| ਰੂਪ | ਇਕ ਵਚਨ | ਬਹੁ ਵਚਨ |
|---|---|---|
| ਸਾਧਾਰਣ | ਇਕ | ਇਕ |
| ਸੰਬੰਧਕੀ | ਇਕ (ਨੂੰ, ਨੇ, ਦਾ) | ਇਕਨਾਂ (ਨੂੰ, ਨੇ, ਦਾ) |

ਇਕ ਵਚਨ ; ਜਿਵੇਂ—

"**ਇਕ** ਕਹੇ ਅਬਧੂਤ ਭਬੂਤ ਮਲਕੇ,
ਵਾਂਗ ਭੂਤ ਦੇ ਲੋਗ ਡਰਾਵਣਾ ਜੀ ।
**ਇਕ** ਕਹੇ ਮੈਂ ਖ਼ੁਲਕ਼ ਥੀਂ ਪੇਸ਼ ਆਵਾਂ,
ਦੇਖੋ ਕਿਸ ਤਰ੍ਹਾਂ ਖਲਕ਼ ਝੁਕਾਉਨਾ ਜੀ ॥"

ਪੂਰਨ ਭਗਤ—ਕਾਲੀ ਦਾਸ ।

ਬਹੁ ਵਚਨ ; ਜਿਵੇਂ—

"**ਇਕ** ਰਾਜੇ, **ਇਕ** ਪਰਜਾ ਕੀਤੇ,
**ਇਕ** ਦਰਿਆ ਵਿੱਚ ਪਾਏ ।" ਹਾਤਮ ਨਾਮਾ

'**ਇਕਨਾਂ** ਦੇ ਘਰ ਪੁੱਤ, ਪੁੱਤਾਂ ਘਰ ਪੋਤਰੇ ।
**ਇਕਨਾਂ** ਦੇ ਘਰ ਧੀਆਂ, ਧੀਆਂ ਘਰ ਦੋਹਤਰੇ ।'

### ਸਭ

| | ਬਹੁਵਚਨ |
|---|---|
| ਸਾਧਾਰਣ | ਸਭ |
| ਸੰਬੰਧਕੀ | ਸਭਨਾਂ (ਨੂੰ, ਨੇ, ਦਾ) |

(ਗ) **ਅਨਿਸਚਿਤ ਸੰਜੁਗਤ ਸਰਬਨਾਂਵ**—ਸਭ ਕੋਈ, ਹਰ ਕੋਈ, ਕੋਈ ਕੋਈ, ਕੋਈ ਨਾ ਕੋਈ, ਕੋਈ ਇਕ, ਹਰ ਇਕ, ਸਭ ਕੁਝ, ਕੁਝ ਕੁਝ, ਕੁਝ ਨਾ ਕੁਝ ਆਦਿਕ ਅਨਿਸਚਿਤ ਸੰਜੁਗਤ ਸਰਬਨਾਂਵ ਹਨ ।

Digitized by Panjab Digital Library | www.panjabdigilib.org

## ਸੰਬੰਧਵਾਚਕ ਸਰਬਨਾਂਵ

੨੧੦. (ਕ) ਜਿਸ ਸਰਬਨਾਂਵ ਨਾਲ ਦੂਜੇ ਸ਼ਬਦ ਦੀ ਤਾਂਘ ਰਹਿੰਦੀ ਹੈ ਅਰਥਾਤ ਜਿਸ ਦੇ ਪਿੱਛੇ ਦੂਜਾ ਕੋਈ ਸ਼ਬਦ ਵਰਤਣਾ ਹੀ ਪੈਂਦਾ ਹੈ, ਉਸ ਨੂੰ **ਸੰਬੰਧ-ਵਾਚਕ** ਸਰਬਨਾਂਵ ਆਖਦੇ ਹਨ । 'ਜੋ' ਸ਼ਬਦ ਵਰਤੀਏ ਤਾਂ ਇਸ ਦੇ ਪਿੱਛੇ 'ਸੋ' ਜਾਂ 'ਉਹ' ਵਰਤਿਆ ਜਾਂਦਾ ਹੈ ; ਜਿਵੇਂ—**ਜੋ** ਕਰਦਾ ਹੈ, **ਸੋ** ਭਰਦਾ ਹੈ ; "**ਜਿਹੜੀ** ਆਹਣੀ ਹੈਂ, **ਸੋਈ** ਕਰਾਣੀਆਂ ਮੈਂ" (ਨਲਦਮਯੰਤੀ, ਚਾਤ੍ਰਿਕ) । ਇਥੇ 'ਜੋ' 'ਜਿਹੜੀ'—ਇਹ **ਸੰਬੰਧਵਾਚਕ ਸਰਬਨਾਂਵ** ਹਨ ਅਤੇ 'ਸੋ', 'ਸੋਈ' **ਅਨੁਸੰਬੰਧ-ਵਾਚਕ** ਸਰਬਨਾਂਵ ਹਨ ।

ਜੋ, ਜਿਹੜਾ—ਇਹ ਦੋ ਸੰਬੰਧਵਾਚਕ ਸਰਬਨਾਂਵ ਹਨ ।

(ਖ) ਇਨ੍ਹਾਂ ਦੇ ਰੂਪ ਹੇਠ ਦਿਤੇ ਗਏ ਹਨ—

**ਜੋ**

| ਰੂਪ | ਇਕਵਚਨ | ਬਹੁਵਚਨ |
|---|---|---|
| ਸਾਧਾਰਣ | ਜੋ | ਜੋ |
| ਸੰਬੰਧਕੀ | ਜਿਸ, ਜਿਹ (ਨੂੰ, ਨੇ) | ਜਿਨ੍ਹਾਂ (ਨੂੰ, ਨੇ,) |
| ਕਰਣ | ਜਿਨ | ਜਿਨ੍ਹਾਂ |

'ਜੋ' ਦੇ ਦੋਹਾਂ ਲਿੰਗਾਂ ਵਿੱਚ ਇੱਕੋ ਰੂਪ ਹੁੰਦੇ ਹਨ ।

**ਜਿਹੜਾ**

| | ਇਕ ਵਚਨ | ਬਹੁ ਵਚਨ |
|---|---|---|
| ਸਾਧਾਰਣ | ਜਿਹੜਾ | ਜਿਹੜੇ |
| ਸੰਬੰਧਕੀ | ਜਿਹੜੇ (ਨੂੰ, ਨੇ) | ਜਿਹੜਿਆਂ (ਨੂੰ, ਨੇ) |

ਜੋ, ਜਿਹੜਾ—ਇਨ੍ਹਾਂ ਦੇ ਅਨੁਸੰਬੰਧ ਵਾਚਕ ਸਰਵਨਾਂਵ 'ਸੋ' ਅਤੇ 'ਉਹ' ਹਨ । ਇਨ੍ਹਾਂ ਦੇ ਰੂਪ ਵੀ ਜੋ ਵਾਂਗਰ ਬਣਦੇ ਹਨ ।

| | ਇਕਵਚਨ | ਬਹੁਵਚਨ |
|---|---|---|
| ਸਾਧਾਰਣ | ਸੋ | ਸੋ |
| ਸੰਬੰਧਕੀ | ਤਿਸ | ਤਿਨ੍ਹਾਂ |
| ਕਰਣ | ਤਿਨ | ਤਿਨ੍ਹਾਂ |

'ਉਹ' ਦੇ ਰੂਪ ਲਈ ਦੇਖੋ § ੨੦੬.

ਜੋ ਘੜਿਆ, ਸੋ ਭੱਜਸੀ=ਜੋ ਘੜਿਆ, ਉਹ ਭੱਜਸੀ ।

(ਗ)—**ਸੰਜੁਗਤ ਸੰਬੰਧਵਾਚਕ ਸਰਬਨਾਂਵ** । ਜੋ ਜੋ, ਸੋ ਸੋ, ਸੋਈ ਸੋਈ, ਜੋ ਕੁਝ, ਸੋ ਕੁਝ, ਜੋ ਕੋਈ, ਜਿਹੜਾ ਕੋਈ, ਜਿਹੜਾ ਜਿਹੜਾ ਆਦਿ ਸੰਜੁਗਤ ਸੰਬੰਧਵਾਚਕ ਸਰਬਨਾਂਵ ਹਨ ; ਜਿਵੇਂ——**ਜੋ ਕੁਝ ਕਰੋ, ਸੋਚ ਕੇ ਕਰੋ** ।

Digitized by Panjab Digital Library | www.panjabdigilib.org

(ਘ) ਜਦ ਸੰਬੰਧਵਾਚਕ ਅਤੇ ਅਨੁਸੰਬੰਧਵਾਚਕ ਸਰਬਨਾਂਵ ਦੋਹਰਾਏ ਜਾਂਦੇ ਹਨ, ਤਦ ਇਹ 'ਸਭ ਕੁਝ' ਜਾਂ 'ਹਰ ਇਕ'—ਇਸ ਅਰਥ ਦਾ ਬੋਧ ਕਰਾਉਂਦੇ ਹਨ। ਉਦਾਹਰਣ—ਜੋ ਜੋ ਮੂੰਹੋਂ ਮੰਗੋਗੇ, ਸੋ ਸੋ ਮਿਲ ਜਾਏਗਾ।

## ਪ੍ਰਸ਼ਨਵਾਚਕ ਸਰਬਨਾਂਵ

੨੧੧. (ਕ) ਪ੍ਰਸ਼ਨਵਾਚਕ ਸਰਬਨਾਂਵ ਉਹ ਹਨ ਜੋ ਪ੍ਰਸ਼ਨ ਪੁੱਛਣ ਦੇ ਕੰਮ ਆਉਂਦੇ ਹਨ ; ਜਿਵੇਂ—ਕੀ ਹੋਇਆ ? ਕੌਣ ਕਹਿੰਦਾ ਹੈ ?

'ਕੌਣ' ਇਹ ਆਮ ਤੌਰ ਤੇ ਪੁਰਖਾਂ ਲਈ ਵਰਤਿਆ ਜਾਂਦਾ ਹੈ ; ਜਿਵੇਂ—

'ਬਾਪ ਦਾਦਿਓਂ ਜ਼ਾਤ ਦਾ ਕੌਣ ਹੈਂ ਤੂੰ,<br>
ਕਿਸ ਮਾਂ ਸਪੁਤੜੀ ਜਾਇਆ ਏਂ।' (ਹੀਰ—ਮੁਕਬਿਲ)

(ਖ) ਰੂਪਾਂਤਰ

ਕੌਣ

| | ਇਕਵਚਨ | ਬਹੁਵਚਨ |
|---|---|---|
| ਪਹਿਲੀ (ਉਦੇਸ਼-ਬੋਧਕ) | ਕੌਣ | ਕੌਣ |
| ਸੰਬੰਧਕੀ | ਕਿਸ, ਕਿਹ, (ਨੂੰ, ਨੇ, ਆਦਿ) | ਕਿਨ੍ਹਾਂ (ਨੂੰ, ਨੇ ਆਦਿ) |
| ਕਰਣ | ਕਿਨ | ਕਿਨ੍ਹਾਂ |

(ਗ) ਦੂਜੇ ਪ੍ਰਸ਼ਨਵਾਚਕ ਸਰਬਨਾਂਵ 'ਕੀ' ਦੇ ਇਕਵਚਨ ਦੇ ਹੀ ਇਹ ਰੂਪ ਹਨ।

| | ਇਕਵਚਨ |
|---|---|
| ਸਾਧਾਰਣ | ਕੀ |
| ਸੰਬੰਧਕੀ | ਕਾਸ, ਕਾਹ (ਨੂੰ, ਦਾ) |

ਕਦੇ ਕਦੇ 'ਕੀ' ਸੰਬੰਧਕੀ ਰੂਪ ਵਾਂਗ ਵੀ ਵਰਤਿਆ ਜਾਂਦਾ ਹੈ ; ਜਿਵੇਂ—ਉਹ ਕੀ ਤੋਂ ਕੀ ਬਣ ਗਿਆ ਹੈ।

## ਵਿਸ਼ੇਸ਼ਣ ਵਾਂਗ ਸਰਬਨਾਂਵ ਦੀ ਵਰਤੋਂ

੨੧੨. ਉੱਤਮ ਪੁਰਖ ਅਤੇ ਮੱਧਮ ਪੁਰਖ ਨੂੰ ਛੱਡ ਕੇ ਬਾਕੀ ਸਾਰੇ ਸਰਬਨਾਂਵ ਵਿਸ਼ੇਸ਼ਣਾਂ ਵਾਂਗ ਵਰਤੇ ਜਾ ਸਕਦੇ ਹਨ। ਉਦਾਹਰਣ—

ਉਹ ਫੁੱਲ ; ਇਹ ਪੱਤਾ ; ਜਿਹੜਾ ਬੰਦਾ ; ਕਿਹੜਾ ਮੁੰਡਾ ; ਸਭ ਗੱਲਾਂ ; ਕੋਈ ਕਵੀ ; ਕੁਝ ਲੇਖਕ।

## ਸਰਬਨਾਂਵਾਂ ਦੇ ਰੂਪਾਂ ਦੀ ਉਤਪੱਤੀ

੨੧੩. ਸਰਬਨਾਂਵਾਂ ਦੇ ਰੂਪ ਅਪਭ੍ਰੰਸ਼ ਅਤੇ ਪ੍ਰਾਕ੍ਰਿਤ ਦੀ ਰਾਹੀਂ ਸੰਸਕ੍ਰਿਤ ਤੋਂ ਨਿਕਲੇ ਹਨ ; ਜਿਵੇਂ—

Digitized by Panjab Digital Library | www.panjabdigilib.org

ਉੱਤਮ ਪੁਰਖ—ਪੰ੦ ਮੈਂ <अप० मइं <प्रा० मए <सं० मया ;
ਪੰ੦ ਅਸੀ <*अस्मके (ਤੁ੦ अप० अम्हए), (ਤੁ੦ वे०अस्मे);
ਪੰ੦ ਅਸਾਂ <*अस्साअं (ਤੁ੦ प्रा० अम्हाणं) <सं० अस्माकम्;
ਪੰ੦ ਮੇ-ਰਾ <प्रा० मह-केरो ;
ਪੰ੦ ਅਸਾ-ਡਾ, ਸਾ-ਡਾ=ਅਸਾਂ+ਡਾ ਪਿਛੇਤਰ ।
ਪੰ੦ ਸੰਬੰਧਕੀ ਮੈਂ <अप० मइ <प्रा० मइ <सं० मया, मयि ;
ਪੰ੦ ਸੰਬੰਧਕੀ ਅਸਾਂ <सं० अस्माकम् ।

ਮੱਧਮ ਪੁਰਖ—ਪੰ੦ ਤੂੰ <अप० तुहु <प्रा० तुवं <सं० त्वम् ,
ਪੰ੦ ਤੈਂ <अप० तइं <प्रा० तए <सं० त्वया ;
ਪੰ੦ ਤੁਸੀਂ <*तुष्मके (ਤੁ੦ अप० तुम्हइं) ;
ਪੰ੦ ਤੁਸਾਂ <*तुस्साअं<*तुष्माकम् (ਤੁ੦ अप० तुम्हहं);
ਪੰ੦ ਤੇਰਾ (=ਤੇ+ਰਾ) <*तअ- <अव० तुअ <सं०तव;
ਪੰ੦ ਤੁਸਾਡਾ, ਤੁਹਾਡਾ (=ਤੁਸਾ+ਡਾ);
ਪੰ੦ ਤੈ (ਸੰਬੰਧਕੀ) <अप० तइ <प्रा० तइ <सं० त्वया, त्वयि ;
ਪੰ੦ ਤੁਸਾ, ਤੁਹਾ, (ਸੰਬੰਧਕੀ)—ਇਹ ਵੀ ਤੁਸਾਂ ਦੇ ਹੀ ਦੂਜੇ ਰੂਪ ਹਨ ।

ਅੱਨ ਪੁਰਖ—ਪੰ੦ ਇਹ <अप० एहो, एह, एइ <प्रा० एसो, एस, एदे <सं० एषः, एषा, एते ;
ਪੰ੦ ਉਹ <प्रा० अमू ;
ਪੰ੦ ਸੋ <अप० सो <सं० सः;
ਪੰ੦ ਤਿਨ <प्रा० तेण <सं० तेन ;
ਪੰ੦ ਇਸ, ਇਹ (ਸੰਬੰਧਕੀ) <प्रा० अस्स, अस्सिं <सं० अस्मै, अस्य, अस्मिन् ।

ਬਾਕੀ—ਪੰ੦ਜਿਸ, ਜਿਹ (ਸੰਬੰਧਕੀ) <प्रा० जस्स, जस्सिं <सं० यस्मै , यस्य, यस्मिन् ;
ਪੰ੦ ਤਿਸ (ਸੰਬੰਧਕੀ) <प्रा० तस्स <सं० तस्य आदि ;
ਪੰ੦ ਆਪ <अप० अप्पु<सं० आत्मा;
ਪੰ੦ ਜੋ <सं० यः;
ਪੰ੦ ਜਿਨ <अप० जेण <सं० येन ;
ਪੰ੦ ਕੌਣ <प्रा०को उण <सं० कः पुन ;

Digitized by Panjab Digital Library | www.panjabdigilib.org

ਪੰ0 ਕੋਈ <सं० को ऽ पि ;
ਪੰ0 ਕਿਸ, ਕਿਹ <प्रा० कस्स
<सं० कस्य, कस्मात् , कस्मै, कस्मिन् ;
ਪੰ0 ਕੁਝ <सं० किञ्चित् ;
ਪੰ0 ਕਈ <सं० केचित् ।

## ਵਿਸ਼ੇਸ਼ਣ

੨੧੪. ਕਿਸੇ ਪਦ ਦੀ ਵਿਸ਼ੇਸ਼ਤਾ ਦੱਸਣ ਲਈ ਅਰਥਾਤ ਉਸਦੇ ਗੁਣ, ਅਵਸਥਾ, ਗਿਣਤੀ ਆਦਿ ਦਾ ਬੋਧ ਕਰਾਉਣ ਲਈ ਜਿਹੜਾ ਪਦ ਵਰਤਿਆ ਜਾਂਦਾ ਹੈ, ਉਸ ਨੂੰ **ਵਿਸ਼ੇਸ਼ਣ** ਆਖਦੇ ਹਨ; ਜਿਵੇਂ ਭੈੜਾ ਮਨੁੱਖ, ਤਿੱਖਾ ਨੱਕ, ਕਾਲਾ ਸੱਪ, ਕਾਲੀ ਰਾਤ, ਚਲਦੀ ਗੱਡੀ, ਪੰਦਰਾਂ ਸੇਉ ।

ਵਿਸ਼ੇਸ਼ਣ ਨਾਂਵ ਦੇ ਅਰਥ ਦਾ ਘੇਰਾ ਛੋਟਾ ਕਰ ਦਿੰਦਾ ਹੈ । 'ਕੁੱਤਾ' ਹਰ ਇਕ 'ਕੁੱਤੇ' ਵਾਸਤੇ ਵਰਤਿਆ ਜਾ ਸਕਦਾ ਹੈ ; ਪਰ 'ਕਾਲਾ ਕੁੱਤਾ' ਉਸੇ ਕੁੱਤੇ ਵਾਸਤੇ ਵਰਤਿਆ ਜਾ ਸਕਦਾ ਹੈ, ਜਿਸ ਵਿੱਚ ਕਾਲਾ ਹੋਣ ਦਾ ਗੁਣ ਹੋਵੇ, ਹਰ ਇਕ ਕੁੱਤੇ ਨੂੰ 'ਕਾਲਾ ਕੁੱਤਾ' ਨਹੀਂ ਕਿਹਾ ਜਾ ਸਕਦਾ ।

੨੧੫. ਉਸ ਨਾਂਵ ਜਾਂ ਸਰਬਨਾਂਵ ਨੂੰ ਜਿਸ ਦੀ ਵਿਸ਼ੇਸ਼ਤਾ ਦੱਸੀ ਜਾਵੇ, **ਵਿਸ਼ੇਸ਼** (ਕ) ਕਹਿੰਦੇ ਹਨ । ਕਾਲਾ ਕੁੱਤਾ ਵਿੱਚ 'ਕੁੱਤਾ' ਵਿਸ਼ੇਸ਼ ਹੈ ।

ਵਿਸ਼ੇਸ਼ਣ ਅਤੇ ਨਾਂਵ ਵਿੱਚ ਫਰਕ ਇਹ ਹੈ ਕਿ ਨਾਂਵ ਇਕੱਲਾ ਵੀ ਵਰਤਿਆ ਜਾ ਸਕਦਾ ਹੈ, ਪਰ ਵਿਸ਼ੇਸ਼ਣ ਦਾ ਸੰਬੰਧ ਜ਼ਰੂਰ ਹੀ ਕਿਸੇ ਨਾ ਕਿਸੇ ਨਾਂਵ ਆਦਿ ਨਾਲ ਹੁੰਦਾ ਹੈ, ਦੂਜਿਆਂ ਸ਼ਬਦਾਂ ਵਿੱਚ ਵਿਸ਼ੇਸ਼ਣ ਆਪਣੇ ਵਿਸ਼ੇਸ਼ ਨਾਲ ਵਰਤਿਆ ਜਾਂਦਾ ਹੈ ।

ਉਪਰ ਦੀ ਗੱਲ ਤੋਂ ਪਤਾ ਲਗਦਾ ਹੈ ਕਿ ਜਿੱਥੇ ਵਿਸ਼ੇਸ਼ਣ ਇਕੱਲਾ ਵਰਤਿਆ ਜਾਂਦਾ ਹੈ, ਉਥੇ ਨਾਂਵ ਦੀ ਥਾਂ ਵਰਤੇ ਜਾਣ ਕਰਕੇ ਉਹ ਨਾਂਵ ਹੀ ਕਹਾਉਂਦਾ ਹੈ । ਉਦਾਹਰਣ—'ਗਰੀਬਾਂ ਨੂੰ ਰੱਬ ਦੀ ਮਾਰ' । ਇਥੇ 'ਗਰੀਬਾਂ' ਨਾਂਵ ਹੈ ।

ਨਾਂਵ ਅਤੇ ਵਿਸ਼ੇਸ਼ਣ ਵਿੱਚ ਇਕ ਹੋਰ ਵੀ ਫਰਕ ਹੈ । ਹਰ ਇਕ ਨਾਂਵ ਦਾ ਆਪਣਾ ਆਪਣਾ ਲਿੰਗ ਹੁੰਦਾ ਹੈ । ਸਾਰੇ ਨਾਂਵ ਅਜਿਹੇ ਨਹੀਂ ਜਿਨ੍ਹਾਂ ਦੇ ਦੋਹਾਂ ਲਿੰਗਾਂ ਦੇ ਰੂਪ ਹੋਣ , ਇਸ ਵਾਸਤੇ ਬਹੁਤੇ ਨਾਂਵ ਪੁਲਿੰਗ ਜਾਂ ਇਸਤ੍ਰੀਲਿੰਗ ਹੀ ਹੁੰਦੇ ਹਨ । ਵਿਸ਼ੇਸ਼ਣ ਦੋਹਾਂ ਲਿੰਗਾਂ ਵਿੱਚ ਵਰਤੇ ਜਾ ਸਕਦੇ ਹਨ ।

੨੧੬. ਵਿਕਾਰੀ ਵਿਸ਼ੇਸ਼ਣ ਪੁਲਿੰਗ ਲਈ ਆਕਾਰਾਂਤ ਅਤੇ ਇਸਤ੍ਰੀਲਿੰਗ ਲਈ ਈਕਾਰਾਂਤ ਹੁੰਦੇ ਹਨ ਅਤੇ ਅਵਿਕਾਰੀ ਵਿਸ਼ੇਸ਼ਣ ਦੋਹਾਂ ਲਿੰਗਾਂ ਲਈ ਸਮਾਨ ਹੁੰਦੇ ਹਨ । ਉਦਾਹਰਣ—

(ਕ) सं० विशेष्य

Digitized by Panjab Digital Library | www.panjabdigilib.org

ਵਿਕਾਰੀ—ਠੰਡਾ ਪਾਣੀ । ਠੰਡੀ ਰੋਟੀ ।
ਅਵਿਕਾਰੀ—ਸਾਫ਼ ਪਾਣੀ । ਸਾਫ ਸਲੇਟ ।

ਚੇਤੇ ਰਹੇ ਕਿ ਵਿਸ਼ੇਸ਼ਣ ਦਾ ਲਿੰਗ ਆਪਣੇ ਵਿਸ਼ੇਸ਼ ਵਰਗਾ ਹੁੰਦਾ ਹੈ ।

## ਵਰਤੋਂ

੨੧੭. ਵਿਸ਼ੇਸ਼ਣ ਦੋ ਤਰ੍ਹਾਂ ਵਰਤੇ ਜਾਂਦੇ ਹਨ—

(੧) ਨਾਂਵ ਦੀ ਵਿਸ਼ੇਸ਼ਤਾ ਦੱਸਣ ਲਈ ; ਜਿਵੇਂ—ਸਸਤਾ ਸੌਦਾ ; ਹਰੇ ਪੱਤੇ ।

ਏਥੇ ਸਸਤਾ ਅਤੇ ਹਰੇ—ਇਹ ਦੋਵੇਂ ਵਿਸ਼ੇਸ਼-ਵਿਸ਼ੇਸ਼ਣ ਹਨ ।

(੨) ਵਿਧੇਯ ਦੀ ਵਿਸ਼ੇਸ਼ਤਾ ਦੱਸਣ ਲਈ ; ਜਿਵੇਂ—ਇਹ ਸੌਦਾ ਸਸਤਾ ਹੈ ; ਪੱਤੇ ਹਰੇ ਹਨ ।

ਇਨ੍ਹਾਂ ਵਾਕਾਂ ਵਿੱਚ ਸਸਤਾ ਅਤੇ ਹਰੇ ਵਿਧੇਯ-ਵਿਸ਼ੇਸ਼ਣ ਹਨ ।

ਉਪਰਲਿਆਂ ਉਦਾਹਰਣਾਂ ਤੋਂ ਸਾਫ਼ ਦਿਸਦਾ ਹੈ ਕਿ ਵਿਸ਼ੇਸ਼-ਵਿਸ਼ੇਸ਼ਣ ਨਾਂਵ ਤੋਂ ਪਹਿਲਾਂ ਆਉਂਦਾ ਹੈ ਅਤੇ ਵਿਧੇਯ-ਵਿਸ਼ੇਸ਼ਣ ਕ੍ਰਿਆ ਪਦ ਤੋਂ ਪਹਿਲਾਂ ਆਉਂਦਾ ਹੈ ।

੨੧੮. ਕੁਝ ਵਿਸ਼ੇਸ਼ਣ ਨਾਂਵ ਦੇ ਵਾਂਗ ਵੀ ਵਰਤੇ ਜਾਂਦੇ ਹਨ ; ਜਿਵੇਂ—

ਵਡਿਆਂ ਦਾ ਮਾਨ ਕਰੋ ; ਬੁਰਿਆਂ ਤੋਂ ਡਰੀਏ ।

"ਮੋਇਆਂ ਨੂੰ ਇਹ ਵਲ ਵਲ ਮਾਰੇ,
ਦਲਿਆਂ ਨੂੰ ਇਹ ਦਲਦਾ ।" ਬੁਲ੍ਹਾ, ਕਾਫ਼ੀ ੩੮ ।"

"ਰੱਜਿਆਂ ਨੂੰ ਦੇਖਕੇ ਨਾ ਰਾਜੀ ਜੱਗ ਹੋਂਵਦਾ ਏ,
ਭੁਖਿਆਂ ਨੂੰ ਕਿਸੇ ਨਾ ਬਖ਼ਸ਼ ਦਿੱਤਾ ਰਾਜ ਹੈ ।" ਦੌਲਤ ਰਾਮ ।

੨੧੯. ਜਦ ਵਿਸ਼ੇਸ਼ਣ ਨਾਂਵ ਦੀ ਥਾਂ ਵਰਤਿਆ ਜਾਂਦਾ ਹੈ ਤਦ ਉਸ ਦੇ ਰੂਪ ਵੀ ਨਾਂਵ ਵਾਂਗ ਬਣਾਏ ਜਾਂਦੇ ਹਨ ।

ਉਦਾਹਰਣ—

ਆਪੇ ਨੀ ਵਾਬੜੀਏ ! ਤੈਨੂੰ ਕੌਣ ਛੁਡਾਵੇ ?
ਅੰਨ੍ਹਾਂ ਵੰਡੇ ਰੇਉੜੀਆਂ ; ਮੁੜ ਮੁੜ ਘਰਦਿਆਂ ਨੂੰ ਦਏ ।
ਅੰਨ੍ਹੇ ਅੱਗੇ ਰੋਣਾ ਅੱਖੀਆਂ ਦਾ ਖ਼ੋ ।

੨੨੦. ਕਦੇ ਵਿਸ਼ੇਸ਼ਣ ਭਾਵਵਾਚਕ ਨਾਂਵ ਵਾਂਗਰ ਵੀ ਵਰਤਿਆ ਜਾਂਦਾ ਹੈ ; ਜਿਵੇਂ—

ਪਰ ਸਾਡੀ ਇਹ ਉਦਾਰਤਾ ਦੇਸ ਦੇ ਭਲੇ (=ਦੀ ਭਲਾਈ) ਵਾਸਤੇ ਸੀ, ਨ ਕਿ ਬੁਰੇ (=ਬੁਰਿਆਈ) ਵਾਸਤੇ । ਮਹਾਰਾਜਾ ਰੰਜੀਤ ਸਿੰਘ—(ਕ੍ਰਿਪਾ ਸਾਗਰ) ।

Digitized by Panjab Digital Library | www.panjabdigilib.org

੨੨੧. ਰੂਪ ਅਨੁਸਾਰ ਵਿਸ਼ੇਸ਼ਣ ਦੋ ਤਰ੍ਹਾਂ ਦੇ ਹਨ—ਵਿਕਾਰੀ ਅਤੇ ਅਵਿਕਾਰੀ।

੨੨੨. ਵਿਕਾਰੀ ਵਿਸ਼ੇਸ਼ਣ ਉਹ ਹਨ ਜਿਨ੍ਹਾਂ ਦਾ ਰੂਪ ਆਪਣੇ ਵਿਸ਼ੇਸ਼ ਅਨੁਸਾਰ ਬਦਲ ਜਾਂਦਾ ਹੈ । ਆਕਾਰਾਂਤ ਪੁਲਿੰਗ ਅਤੇ ਈਕਾਰਾਂਤ ਇਸਤ੍ਰੀਲਿੰਗ ਵਿਕਾਰੀ ਹਨ । ਉਦਾਹਰਣ—

| | ਉਦੇਸ਼ ਬੋਧਕ ਇਕਵਚਨ | ਸੰਬੰਧਕੀ ਇਕਵਚਨ | ਉਦੇਸ਼ਬੋਧਕ ਬਹੁਵਚਨ | ਸੰਬੰਧਕੀ ਬਹੁਵਚਨ |
|---|---|---|---|---|
| ਪੁਲਿੰਗ | **ਕਾਲਾ** ਘੋੜਾ | **ਕਾਲੇ** ਘੋੜੇ (ਨੂੰ ਆਦਿ) | **ਕਾਲੇ** ਘੋੜੇ | **ਕਾਲਿਆਂ** (ਘੋੜਿਆਂ ਨੂੰ ਆਦਿ) |
| ਇਸਤ੍ਰੀ-ਲਿੰਗ | **ਕਾਲੀ** ਘੋੜੀ | **ਕਾਲੀ** ਘੋੜੀ (ਨੂੰ ਆਦਿ) | **ਕਾਲੀਆਂ** ਘੋੜੀਆਂ | **ਕਾਲੀਆਂ** ਘੋੜੀਆਂ (ਨੂੰ ਆਦਿ) |

੨੨੩. ਉੱਪਰ ਦੱਸੇ ਗਏ ਵਿਕਾਰੀ ਵਿਸ਼ੇਸ਼ਣਾਂ ਤੋਂ ਛੁਟ ਬਾਕੀ ਸਭ ਵਿਸ਼ੇਸ਼ਣ ਅਵਿਕਾਰੀ ਹਨ ਅਰਥਾਤ ਉਨ੍ਹਾਂ ਦਾ ਰੂਪ ਆਪਣੇ ਵਿਸੇਸ਼ ਅਨੁਸਾਰ ਨਹੀਂ ਬਦਲਦਾ ; ਜਿਵੇਂ—

| ਇਕਵਚਨ | ਬਹੁਵਚਨ |
|---|---|
| ਪੁਲਿੰਗ—ਲਾਲ ਪੱਤਾ ; ਗਰਮ ਫੁਲਕਾ । | ਲਾਲ ਪੱਤੇ, ਗਰਮ ਫੁਲਕੇ । |
| ਲਾਲ ਪੱਤੀ, ਗਰਮ ਰੋਟੀ । | ਲਾਲ ਪੱਤੀਆਂ, ਗਰਮ ਰੋਟੀਆਂ |

ਇਥੇ 'ਲਾਲ' ਅਤੇ 'ਗਰਮ' ਆਪਣੇ ਵਿਸ਼ੇਸ਼ਾਂ ਅਨੁਸਾਰ ਨਹੀਂ ਬਦਲੇ ।

੨੨੪. (੧) ਆਕਾਰਾਂਤ (ਪੁਲਿੰਗ) ਅਤੇ ਈਕਾਰਾਂਤ( ਇਸਤ੍ਰੀਲਿੰਗ) ਵਿਸ਼ੇਸ਼ਣ, ਜਿਨ੍ਹਾਂ ਦੇ ਉਪਾਂਤ ਅੱਖਰ ਉਪਰ ਬਲ ਹੁੰਦਾ ਹੈ, **ਵਿਕਾਰੀ** (ਕ) ਹੁੰਦੇ ਹਨ; ਜਿਵੇਂ—

| ਪੁਲਿੰਗ | ਇਸਤ੍ਰੀਲਿੰਗ | ਪੁਲਿੰਗ | ਇਸਤ੍ਰੀਲਿੰਗ |
|---|---|---|---|
| ਸਾਵਾ | ਸਾਵੀ | ਪੀਲਾ | ਪੀਲੀ |
| ਚੰਗਾ | ਚੰਗੀ | ਮੰਦਾ | ਮੰਦੀ |
| ਛੋਟਾ | ਛੋਟੀ | ਵੱਡਾ | ਵੱਡੀ |

ਉਪੱਰਲਿਆਂ ਉਦਾਹਰਣਾਂ ਤੋਂ ਸਾਫ਼ ਦਿਸਦਾ ਹੈ ਕਿ ਆਕਾਰਾਂਤ ਵਿਸ਼ੇਸ਼ਣਾਂ ਦਾ ਇਸਤ੍ਰੀ-ਲਿੰਗ '-ਆ' ਦੀ ਥਾਂ '-ਈ' ਕਰਨ ਨਾਲ ਹੁੰਦਾ ਹੈ ।

ਚੇਤੇ ਰਹੇ ਕਿ ਸਭ ਤੋਂ ਵਧ ਵਿਕਾਰ ਉਨ੍ਹਾਂ ਵਿਸ਼ੇਸ਼ਣਾਂ ਵਿੱਚ ਹੁੰਦਾ ਹੈ, ਜਿਹੜੇ ਨਾਂਵਾਂ ਵਾਂਗ ਵਰਤੇ ਜਾਂਦੇ ਹਨ । ਉਨ੍ਹਾਂ ਦਾ ਰੂਪਾਂਤਰ ਉਹੋ ਜਿਹੇ ਨਾਂਵਾਂ ਵਾਂਗ ਹੁੰਦਾ ਹੈ ।

(ਕ) ਵਿਕਾਰੀ ਨੂੰ 'ਸਾਧ' ਅਤੇ 'ਅਵਿਕਾਰੀ' ਨੂੰ 'ਅਸਾਧ ਵੀ ਕਹਿੰਦੇ ਹਨ ।

Digitized by Panjab Digital Library | www.panjabdigilib.org

੨੨੫. ਵਿਸ਼ੇਸ਼ਣਾਂ ਦੀਆਂ ਵਿਭਕਤੀਆਂ ਹੇਠ ਦੱਸੀਆਂ ਗਈਆਂ ਹਨ :—

(ਕ) ਆਕਾਰਾਂਤ ਪੁਲਿੰਗਾਂ ਅਤੇ ਈਕਾਰਾਂਤ ਇਸਤ੍ਰੀਲਿੰਗਾਂ ਦੀਆਂ :—

| ਵਿਭਕਤੀ | ਆਕਾਰਾਂਤ ਪੁਲਿੰਗ | | ਈਕਾਰਾਂਤ ਇਸਤ੍ਰੀਲਿੰਗ | |
|---|---|---|---|---|
| | ਇਕਵਚਨ | ਬਹੁਵਚਨ | ਇਕਵਚਨ | ਬਹੁਵਚਨ |
| ਸਾਧਾਰਣ | -ਆ | -ਏ | -ਈ | -ਈਆਂ |
| ਸੰਬੰਧਕੀ | -ਏ | -ਇਆਂ | -ਈ | -ਈਆਂ |
| ਸਬੋਧਨ | -ਇਆ | -ਇਓ | -ਈਏ | -ਈਓ |

(ਖ) ਅਵਿਕਾਰੀ ਜਾਂ ਘਟ ਵਿਕਾਰੀ ਵਿਸ਼ੇਸ਼ਣਾਂ (ਗੋਲ, ਮੂਰਖ ਆਦਿ) ਦੀਆਂ—

| | ਪੁਲਿੰਗ | | ਇਸਤ੍ਰੀਲਿੰਗ | |
|---|---|---|---|---|
| | ਇਕਵਚਨ | ਬਹੁਵਚਨ | ਇਕਵਚਨ | ਬਹੁਵਚਨ |
| ਸਾਧਾਰਣ | — | — | — | — |
| ਸੰਬੰਧਕੀ | — | — | — | — |
| ਸੰਬੋਧਨ | —, -ਆ | -ਓ | —, -ਏ | -ਓ |

੨੨੬. ਹੇਠ ਕੁਝ ਆਕਾਰਾਂਤ ਵਿਸ਼ੇਸ਼ਣਾਂ ਦੇ ਰੂਪ ਦੱਸੇ ਜਾਂਦੇ ਹਨ—

**ਸਿੱਧਾ**

| | | |
|---|---|---|
| ਸਾਧਾਰਣ | ਸਿੱਧਾ (ਰਸਤਾ, ਬੰਦਾ) | ਸਿੱਧੇ (ਰਸਤੇ, ਬੰਦੇ) |
| ਸੰਬੰਧਕੀ | ਸਿੱਧੇ (ਰਸਤੇ) ਨੂੰ... (ਬੰਦੇ ਨੂੰ..) | ਸਿੱਧਿਆਂ (ਰਸਤਿਆਂ ਨੂੰ... ਬੰਦਿਆਂ ਨੂੰ...) |
| ਸੰਬੋਧਨ | ਸਿੱਧਿਆ (ਰਸਤਿਆ ! ਬੰਦਿਆ !) | ਸਿੱਧੇਓ (ਰਸਤਿਓ ! ਬੰਦਿਓ !) |

Digitized by Panjab Digital Library | www.panjabdigilib.org

ਚੇਤੇ ਰਹੇ ਕਿ ਆਕਾਰਾਂਤ ਗੁਣਵਾਚਕਾਂ ਦਾ ਰੂਪਾਂਤਰ ਆਕਾਰਾਂਤ ਨਾਂਵਾਂ ਵਰਗਾ ਹੀ ਹੁੰਦਾ ਹੈ ।

**ਦਾ**

| | ਇਕਵਚਨ | ਬਹੁਵਚਨ |
|---|---|---|
| ਸਾਧਾਰਣ | ਦਾ | ਦੇ |
| ਸੰਬੰਧਕੀ | ਦੇ | ਦਿਆਂ |
| ਸੰਬੋਧਨ | ਦਿਆ ! | ਦਿਓ ! |

**ਜਾਂਦਾ**

ਇਹ ਵਰਤਮਾਨ ਕਾਰਦੰਤਕ ਅਰਥਾਤ ਧਾਤੂ-ਸਾਧਿਤ ਵਿਸ਼ੇਸ਼ਣ ਹੈ । ਇਸ ਦੇ ਰੂਪ ਹੇਠ ਦੱਸੇ ਗਏ ਹਨ—

| | | |
|---|---|---|
| ਸਾਧਾਰਣ | ਜਾਂਦਾ | ਜਾਂਦੇ |
| ਸੰਬੰਧਕੀ | ਜਾਂਦੇ | ਜਾਂਦਿਆਂ |
| ਸੰਬੋਧਨ | ਜਾਂਦਿਆ ! | ਜਾਂਦਿਓ ! |

**ਆਪਣਾ**

| | | |
|---|---|---|
| ਸਾਧਾਰਣ | ਆਪਣਾ | ਆਪਣੇ |
| ਸੰਬੰਧਕੀ | ਆਪਣੇ | ਆਪਣਿਆਂ |

**ਮੂਰਖ**

| | | |
|---|---|---|
| ਸਾਧਾਰਣ | ਮੂਰਖ (ਬੰਦਾ) | ਮੂਰਖ (ਬੰਦੇ) |
| ਸੰਬੰਧਕੀ | ਮੂਰਖ (ਬੰਦੇ ਨੂੰ, ਨੇ) | ਮੂਰਖਾਂ (ਬੰਦਿਆਂ ਨੂੰ, ਨੇ) |
| ਸੰਬੋਧਨ | ਮੂਰਖਾ ਬੰਦਿਆ ! | |

੨੨੭. 'ਗਾ', ਜੋ ਸੰਭਾਵ ਭਵਿਖਤ ਨਾਲ ਮਿਲ ਕੇ ਸਾਧਾਰਣ ਭਵਿਖਤ ਕਾਲ ਬਣਾਉਂਦਾ ਹੈ, ਅਸਲ ਵਿੱਚ ਧਾਤੂਸਾਧਿਤ ਵਿਸ਼ੇਸ਼ਣ ਹੈ ; ਇਹ ਲਿੰਗਾਦਿ-ਬੋਧਕ ਕ੍ਰਿਆ ਹੈ ਅਤੇ ਇਸ ਕਰਕੇ ਇਸ ਦੇ ਥੋੜੇ ਹੀ ਹੇਠ ਦੱਸੇ ਰੂਪ ਵਰਤੋਂ ਵਿੱਚ ਆਉਂਦੇ ਹਨ—

| | ਇਕਵਚਨ | ਬਹੁਵਚਨ |
|---|---|---|
| ਪੁਲਿੰਗ | ਗਾ | ਗੇ |
| ਇਸਤ੍ਰੀਲਿੰਗ | ਗੀ | ਗੀਆਂ |

੨੨੮. ਵੰਨਗੀ ਲਈ ਕੁਝ ਈਕਾਰਾਂਤ ਵਿਸ਼ੇਸ਼ਣਾਂ ਦਾ ਰੂਪਾਂਤਰ ਹੇਠ ਦਸਿੱਆ ਜਾਂਦਾ ਹੈ—

Digitized by Panjab Digital Library | www.panjabdigilib.org

### ਸਿੱਧੀ

| | ਇਕਵਚਨ | ਬਹੁਵਚਨ |
|---|---|---|
| ਸਾਧਾਰਣ | ਸਿੱਧੀ | ਸਿੱਧੀਆਂ |
| ਸੰਬੰਧਕੀ | ਸਿੱਧੀ | ਸਿੱਧੀਆਂ |
| ਸੰਬੋਧਨ | ਸਿੱਧੀਏ ! | ਸਿੱਧੀਓ ! |

### ਆਪਣੀ

| | | |
|---|---|---|
| ਸਾਧਾਰਣ | ਆਪਣੀ | ਆਪਣੀਆਂ |
| ਸੰਬੰਧਕੀ | ਆਪਣੀ | ਆਪਣੀਆਂ |
| ਸੰਬੋਧਨ | ਆਪਣੀਏ ! | ਆਪਣੀਓ ! |

### ਦੀ

| | | |
|---|---|---|
| ਸਾਧਾਰਣ | ਦੀ | ਦੀਆਂ |
| ਸੰਬੰਧਕੀ | ਦੀ | ਦੀਆਂ |
| ਸੰਬੋਧਨ | ਦੀਏ ! | ਦੀਓ ! |

### ਜਾਂਦੀ

| | | |
|---|---|---|
| ਸਾਧਾਰਣ | ਜਾਂਦੀ | ਜਾਂਦੀਆਂ |
| ਸੰਬੰਧਕੀ | ਜਾਂਦੀ | ਜਾਂਦੀਆਂ |
| ਸੰਬੋਧਨ | ਜਾਂਦੀਏ ! | ਜਾਂਦੀਓ ! |

## ਅਰਥ ਅਨੁਸਾਰ ਵਿਸ਼ੇਸ਼ਣ-ਵੰਡ

੨੨੯. ਅਰਥ ਅਨੁਸਾਰ ਵਿਸ਼ੇਸ਼ਣ ੫ ਪ੍ਰਕਾਰ ਦੇ ਹਨ :—

(੧) ਗੁਣਵਾਚਕ ; (੨) ਸੰਖਿਅਕ ; (੩) ਮਿਣਤੀਵਾਚਕ ; (੪) ਨਿਸਚੇਵਾਚਕ ਅਤੇ (੫) ਸਰਬਨਾਂਵੀ।

੨੩੦. ਜਿਹੜਾ ਵਿਸ਼ੇਸ਼ਣ ਗੁਣ-ਔਗੁਣ ਜਾਂ ਅਵਸਥਾ ਦਾ ਬੋਧ ਕਰਾਏ ਉਸ ਨੂੰ **ਗੁਣ-ਵਾਚਕ** ਵਿਸ਼ੇਸ਼ਣ ਕਹਿੰਦੇ ਹਨ ; ਜਿਵੇਂ—**ਠੰਡਾ** ਪਾਣੀ, **ਗਰਮ** ਚਾਹ, **ਮਿੱਠਾ** ਅੰਬ, **ਚਲਦੀ** ਚੱਕੀ, **ਕਾਲੀ** ਬਿੱਲੀ, **ਸੁੱਕੀ** ਲੱਕੜ, **ਦੇਸੀ** ਕਪੜਾ, **ਕਸ਼ਮੀਰੀ** ਨਾਖ।

੨੩੧. ਸੰਖਿਅਕ ਵਿਸ਼ੇਸ਼ਣ ਦੋ ਤਰ੍ਹਾਂ ਦੇ ਹਨ :—

੧. ਨਿਸਚਿਤ ਸੰਖਿਅਕ ਅਤੇ ੨. ਅਨਿਸਚਿਤ।

੨੩੨. ਨਿਸਚਿਤ ਸੰਖਿਅਕ ਚਾਰ ਪ੍ਰਕਾਰ ਦੇ ਹਨ :—

ਗਿਣਤੀ-ਵਾਚਕ, ਕ੍ਰਮਵਾਚਕ, ਗੁਣਵਾਚਕ, ਅਤੇ ਨਿਖੇੜਵਾਚਕ।

੨੩੩. ਗਿਣਤੀ-ਵਾਚਕ ਦੋ ਪ੍ਰਕਾਰ ਦੇ ਹਨ :—

੧. ਪੂਰਣ ਅੰਕ-ਬੋਧਕ ਅਤੇ ੨. ਅਪੂਰਣ ਅੰਕ ਬੋਧਕ।

੨੩੪. (ਕ) ਇੱਕ ਤੋਂ ਲੈ ਕੇ ਸੌ ਤੀਕਰ ਪੂਰਣ ਅੰਕ ਹੇਠ ਦੱਸੇ ਜਾਂਦੇ ਹਨ :—

Digitized by Panjab Digital Library | www.panjabdigilib.org

| ਅੰਕ | ਨਾਂਵ | ਅੰਕ | ਨਾਂਵ |
|---|---|---|---|
| ੧ | ਇੱਕ | ੩੪ | ਚੌਂਤੀ |
| ੨ | ਦੋ | ੩੫ | ਪੈਂਤੀ |
| ੩ | ਤਿੰਨ | ੩੬ | ਛੱਤੀ |
| ੪ | ਚਾਰ | ੩੭ | ਸੈਂਤੀ |
| ੫ | ਪੰਜ | ੩੮ | ਅਠੱਤੀ |
| ੬ | ਛੇ | ੩੯ | ਉਣਤਾਲੀ |
| ੭ | ਸੱਤ | ੪੦ | ਚਾਲੀ |
| ੮ | ਅੱਠ | ੪੧ | ਇਕਤਾਲੀ |
| ੯ | ਨੌਂ | ੪੨ | ਬਤਾਲੀ |
| ੧੦ | ਦਸ | ੪੩ | ਤ੍ਰਿਤਾਲੀ |
| ੧੧ | ਯਾਰਾਂ | ੪੪ | ਚੌਤਾਲੀ, ਚੁਤਾਲੀ |
| ੧੨ | ਬਾਰਾਂ | ੪੫ | ਪੈਂਤਾਲੀ, ਪੰਤਾਲੀ |
| ੧੩ | ਤੇਰਾਂ | ੪੬ | ਛਿਤਾਲੀ |
| ੧੪ | ਚੌਦਾਂ | ੪੭ | ਸੈਂਤਾਲੀ |
| ੧੫ | ਪੰਦਰਾਂ | ੪੮ | ਅਠਤਾਲੀ |
| ੧੬ | ਸੋਲਾਂ | ੪੯ | ਉਣੰਜਾ |
| ੧੭ | ਸਤਾਰਾਂ | ੫੦ | ਪੰਜਾਹ |
| ੧੮ | ਅਠਾਰਾਂ | ੫੧ | ਇਕਵੰਜਾ |
| ੧੯ | ਉੱਨੀ | ੫੨ | ਬਵੰਜਾਂ |
| ੨੦ | ਵੀਹ | ੫੩ | ਤ੍ਰਿਵੰਜਾ |
| ੨੧ | ਇੱਕੀ | ੫੪ | ਚੁਰੰਜਾ |
| ੨੨ | ਬਾਈ | ੫੫ | ਪਚਵੰਜਾ |
| ੨੩ | ਤੇਈ | ੫੬ | ਛਿਪੰਜਾ |
| ੨੪ | ਚੌਵੀ | ੫੭ | ਸਤਵੰਜਾ |
| ੨੫ | ਪੰਝੀ | ੫੮ | ਅਠਵੰਜਾ |
| ੨੬ | ਛੱਬੀ | ੫੯ | ਉਣਾਹਠ |
| ੨੭ | ਸਤਾਈ | ੬੦ | ਸੱਠ |
| ੨੮ | ਅਠਾਈ | ੬੧ | ਇਕਾਹਠ |
| ੨੯ | ਉਣੱਤੀ | ੬੨ | ਬਾਹਠ |
| ੩੦ | ਤੀਹ | ੬੩ | ਤ੍ਰੇਹਠ |
| ੩੧ | ਇਕੱਤੀ | ੬੪ | ਚੌਹਠ |
| ੩੨ | ਬੱਤੀ | ੬੫ | ਪੈਂਠ |
| ੩੩ | ਤੇਤੀ | ੬੬ | ਛਿਆਹਠ |

Digitized by Panjab Digital Library | www.panjabdigilib.org

| | | | |
|---|---|---|---|
| ੬੭ | ਸਤਾਹਠ | ੮੪ | ਚੌਰਾਸੀ |
| ੬੮ | ਅਠਾਹਠ | ੮੫ | ਪੰਜਾਸੀ |
| ੬੯ | ਉਨਹੱਤਰ | ੮੬ | ਛਿਆਸੀ |
| ੭੦ | ਸੱਤਰ | ੮੭ | ਸਤਾਸੀ |
| ੭੧ | ਇਕਹੱਤਰ | ੮੮ | ਅਠਾਸੀ |
| ੭੨ | ਬਹੱਤ ਰ | ੮੯ | ਉਣਾਨਵੇ |
| ੭੩ | ਤਿਹੱਤਰ | ੯੦ | ਨੰਵੇ, ਨੱਬੇ |
| ੭੪ | ਚੌਹੱਤਰ | ੯੧ | ਇਕਾਨਵੇਂ |
| ੭੫ | ਪੰਜਹੱਤਰ | ੯੨ | ਬਾਨਵੇਂ |
| ੭੬ | ਛਿਹੱਤਰ | ੯੩ | ਤ੍ਰਿਆਨਵੇਂ |
| ੭੭ | ਸਤੱਤਰ | ੯੪ | ਚੌਰਾਨਵੇਂ |
| ੭੮ | ਅਠੱਤਰ | ੯੫ | ਪਚਾਨਵੇਂ |
| ੭੯ | ਉਣਾਸੀ | ੯੬ | ਛਿਆਨਵੇਂ |
| ੮੦ | ਅੱਸੀ | ੯੭ | ਸਤਾਨਵੇਂ |
| ੮੧ | ਇਕਾਸੀ | ੯੮ | ਅਠਾਨਵੇਂ |
| ੮੨ | ਬਿਆਸੀ | ੯੯ | ਨੜਿੰਨਵੇਂ |
| ੮੩ | ਤ੍ਰਿਆਸੀ | ੧੦੦ | ਸੌ |

(ਖ) ਹੇਠਲੀਆਂ ਸੰਖਿਆਵਾਂ ਦੇ ਵੱਖੋ ਵੱਖਰੇ ਨਾਂਵ ਹਨ :—

| | |
|---|---|
| ੧੦ ਸੌ = ਹਜਾਰ | ੧੦੦ ਅਰਬ = ਖਰਬ |
| ੧੦੦ ਹਜ਼ਾਰ = ਲੱਖ | ੧੦੦ ਖਰਬ = ਨੀਲ |
| ੧੦੦ ਲੱਖ = ਕਰੋੜ | ੧੦੦ ਨੀਲ = ਪਦਮ |
| ੧੦੦ ਕਰੋੜ = ਅਰਬ | ੧੦੦ ਪਦਮ = ਸੰਖ |

੨੩੫. ਸੌ ਤੋਂ ਉਪਰਲੀਆਂ ਸੰਖਿਆਵਾਂ ਇਸ ਤਰ੍ਹਾਂ ਦੱਸੀਆਂ ਜਾਂਦੀਆਂ ਹਨ :—

ਇੱਕ ਸੌ ਦੋ [੧੦੨], ਚਾਰ ਸੌ ਪੰਦਰਾਂ (੪੧੫), ਤਿੰਨ ਹਜ਼ਾਰ ਸੱਤ ਸੌ ਛੱਤੀ (੩੭੩੬)।

## ਪੂਰਣ ਅੰਕ ਬੋਧਕਾਂ ਦਾ ਰੂਪਾਂਤਰ

੨੩੬. ਪੂਰਣ-ਅੰਕ-ਬੋਧਕਾਂ ਦੇ ਤਿੰਨ ਰੂਪ ਹਨ ਃ—

ਸਾਧਾਰਣ, ਸੰਬੰਧਕੀ ਅਤੇ ਅਧਿਕਰਣ ਦੇ ; ਜਿਵੇਂ ਃ—

Digitized by Panjab Digital Library | www.panjabdigilib.org

| ਸਾਧਾਰਣ | ਸੰਬੰਧਕੀ | ਕਰਣ ਅਤੇ ਅਧਿਕਰਣ ਦਾ |
|---|---|---|
| ਇਕ | ਇਕ | ਇਕ |
| ਦੋ | ਦੋਵਾਂ, ਦੋਹਾਂ | ਦੋਵੀਂ, ਦੋਹੀਂ |
| ਤਿੰਨ | ਤਿੰਨਾਂ | ਤਿੰਨੀਂ |
| ਚਾਰ | ਚਾਰਾਂ, ਚੌਹਾਂ | ਚਾਰੀਂ |
| ਪੰਜ | ਪੰਜਾਂ | ਪੰਜੀਂ |
| ਛੇ | ਛੇਆਂ | ਛੇਈਂ |
| ਸੱਤ | ਸੱਤਾਂ | ਸੱਤੀਂ |

ਬਾਕੀਆਂ ਨਾਲ '-ਆਂ' ਲਗਾ ਕੇ ਸੰਬੰਧਕੀ ਰੂਪ ਬਣਾਇਆ ਜਾਂਦਾ ਹੈ ਅਤੇ '-ਈਂ' ਲਗਾਕੇ ਅਧਿਕਰਣ ਦਾ ਰੂਪ । ਜਿਨ੍ਹਾਂ ਦੇ ਅੰਤ ਵਿੱਚ '-ਆਂ' ਹੁੰਦਾ ਹੈ, ਉਨ੍ਹਾਂ ਦਾ ਸੰਬੰਧਕੀ ਸਾਧਾਰਣ ਵਰਗਾ ਹੀ ਹੁੰਦਾ ਹੈ ; ਜਿਵੇਂ :—

| ਸਾਧਾਰਣ | ਸੰਬੰਧਕੀ |
|---|---|
| ਪੰਦਰਾਂ | ਪੰਦਰਾਂ |

ਏਥੇ ਪੰਦਰਾਂ + ਆਂ = ਪੰਦਰਾਂ ।

ਇਨ੍ਹਾਂ ਵਿੱਚ ਲਿੰਗ-ਭੇਦ ਨਹੀਂ ਹੁੰਦਾ ; ਜਿਵੇਂ:—

| | ਸਾਧਾਰਣ | ਸੰਬੰਧਕੀ | ਕਰਣ ਜਾਂ ਅਧਿਕਰਣ ਦਾ ਰੂਪ |
|---|---|---|---|
| ਪੁਲਿੰਗ | ਪੰਜ ਮੁੰਡੇ | ਪੰਜਾਂ ਮੁੰਡਿਆਂ (ਨੂੰ) | ਪੰਜੀਂ ਰੁਪਈਂ |
| ਇਸਤ੍ਰੀਲਿੰਗ | ਪੰਜ ਕੁੜੀਆਂ | ਪੰਜਾਂ ਕੁੜੀਆਂ (ਨੂੰ) | ਪੰਜੀਂ ਕੌਡੀਂ |

੨੩੭. (ਕ) ਪੂਰਣ ਅੰਕ ਦੇ ਅੰਸ ਦੱਸਣ ਵਾਲੇ ਵਿਸ਼ੇਸ਼ਣ ਨੂੰ **ਅਪੂਰਣ-ਅੰਕ-ਬੋਧਕ** ਕਹਿੰਦੇ ਹਨ; ਜਿਵੇ :—

($\frac{1}{4}$) ਪਾ, ($\frac{1}{2}$) ਅੱਧਾ, ($\frac{3}{4}$) ਪੌਣਾ, ($1\frac{1}{2}$) ਡੇਢ, ($2\frac{1}{2}$) ਢਾਈ, ($7\frac{1}{2}$) ਸਾਢੇ ਸੱਤ ।

(ਖ) ਜੇ ਪੂਰਣ ਅੰਕ ਨਾਲੋਂ $\frac{1}{4}$ ਜਾਂ $\frac{1}{2}$ ਵੱਧ ਦੱਸਣਾ ਹੋਵੇ ਤਾਂ ਪੂਰਣ ਅੰਕ ਨਾਲ 'ਸਵਾ' ਅਤੇ 'ਸਾਢੇ' ਲਗਾਉਂਦੇ ਹਨ ; ਅਤੇ $\frac{1}{4}$ ਘਟ ਦੱਸਣਾ ਹੋਵੇ ਤਦ 'ਪੌਣਾ' ਲਗਾਇਆ ਜਾਂਦਾ ਹੈ ; ਜਿਵੇਂ—

$5+\frac{1}{4}=$**ਸਵਾ** ਪੰਜ ; $6+\frac{1}{2}=$**ਸਾਢੇ** ਛੇ , $8-\frac{1}{4}=$**ਪੌਣੇ** ਅੱਠ ।

ਚੇਤੇ ਰਹੇ ਕਿ 'ਸਵਾ' ਇਕੱਲਾ$=1\frac{1}{4}$ । 'ਡੇਢ'$=1\frac{1}{2}$ ਅਤੇ 'ਢਾਈ'$=2\frac{1}{2}$ —ਇਹ ਉਪਰ ਦੱਸੇ ਨੇਮ ਅਨੁਸਾਰ ਨਹੀਂ ਬਣੇ ।

(ਗ) 'ਪੌਣਾ' ਦੇ ਰੂਪ ਆਕਾਰਾਂਤ ਵਿਸ਼ੇਸ਼ਣ ਵਾਂਗ ਬਣਦੇ ਹਨ ঃ—

| | ਪੁਲਿੰਗ | | ਇਸਤ੍ਰੀਲਿੰਗ | |
|---|---|---|---|---|
| | ਇਕ ਵਚਨ | ਬਹੁ ਵਚਨ | ਇਕ ਵਚਨ | ਬਹੁ ਵਚਨ |
| ਸਾਧਾਰਣ | ਪੌਣਾ | ਪੌਣੇ | ਪੌਣੀ | ਪੌਣੀਆਂ |
| ਸੰਬੰਧਕੀ | ਪੌਣੇ | ਪੌਣਿਆਂ | ਪੌਣੀ | ਪੌਣੀਆਂ |

Digitized by Panjab Digital Library | www.panjabdigilib.org

+¼ ਸਵਾ—ਅਵਿਕਾਰੀ ਹੈ ; ਜਿਵੇਂ :—**ਸਵਾ** ਸੇਰ, **ਸਵਾ** ਦੋ 'ਸੇਰ **ਸਵਾ** ਚਾਰ ਛਟਾਂਕ ।

+½ ਸਾਢੇ—ਬਹੁ ਵਚਨ ਹੈ ; ਲਿੰਗ ਅਤੇ ਕਾਰਕ ਕਰਕੇ ਰੂਪ ਵਟਾਂਦਾ ਹੈ ; ਜਿਵੇਂ :—**ਸਾਢੇ** ਤਿੰਨ ਸੇਰ, **ਸਾਢੀਆਂ** ਪੰਜ ਛਟਾਂਕਾਂ, **ਸਾਢਿਆਂ** ਸੱਤਾਂ ਆਨਿਆਂ ਦਾ ।

1½ ਡੇਢ—ਇਕ-ਵਚਨ ਅਵਿਕਾਰੀ ਹੈ ।

2½ ਢਾਈ—ਬਹੁਵਚਨ ਅਤੇ ਅਵਿਕਾਰੀ ਹੈ ।

੨੩੮. ਉਹ ਵਿਸ਼ੇਸ਼ਣ ਜਿਸ ਤੋਂ ਦਰਜੇ ਵਾਰ ਗਿਣਤੀ ਦਾ ਬੋਧ ਹੋਵੇ **ਕ੍ਰਮਵਾਚਕ** ਕਿਹਾ ਜਾਂਦਾ ਹੈ ; ਜਿਵੇਂ —

ਪਹਿਲਾ, ਸਤਵਾਂ, ਅਠਵਾਂ ਆਦਿਕ ।

ਪਹਿਲੇ ਚੌਹਾਂ ਸਾਧਾਰਣਾਂ ਦੇ ਕ੍ਰਮਵਾਚਕ ਬੇਨੇਮੇ ਹਨ :—

| ਸਾਧਾਰਣ | ਕ੍ਰਮਵਾਚਕ |
|---|---|
| ਇਕ | ਪਹਿਲਾ |
| ਦੋ | ਦੂਜਾ |
| ਤਿੰਨ | ਤੀਜਾ |
| ਚਾਰ | ਚੌਥਾ |

ਪੰਜ ਤੋਂ ਲੈ ਕੇ ਅੱਗੇ ਦੇ ਸਾਧਾਰਣਾਂ ਨਾਲ -ਵਾਂ ਜੋੜ ਕੇ ਕ੍ਰਮਵਾਚਕ ਬਣਾਏ ਜਾਂਦੇ ਹਨ; ਪਰ ਜਿਨ੍ਹਾਂ ਦੇ ਅੰਤ ਵਿੱਚ ਆਂ ਹੁੰਦਾ ਹੈ, ਉਨ੍ਹਾਂ ਦੇ ਅੰਤਲੇ ਸੂਰ ਨੂੰ ਹ੍ਰਸ੍ਵ ਕਰਕੇ -ਵਾਂ ਲਗਾਇਆ ਜਾਂਦਾ ਹੈ ਅਤੇ ਜਿਨ੍ਹਾਂ ਦੇ ਅੰਤ ਵਿੱਚ -ਵੇਂ ਹੋਵੇ, ਉਨ੍ਹਾਂ ਦੇ -ਵੇਂ ਦੀ ਜਗਾ -ਵਾਂ ਕੀਤਾ ਜਾਂਦਾ ਹੈ ; ਜਿਵੇਂ :—

ਪੰਜ—ਪੰਜਵਾਂ, ਛੇ—ਛੇਵਾਂ, ਦਸ—ਦਸਵਾਂ, ਬਾਰਾਂ—ਬਾਰ੍ਹਵਾਂ, ਅਠਾਨਵੇਂ—ਅਠਾਨਵਾਂ ।

੨੩੯. ਕ੍ਰਮਵਾਚਕਾਂ ਦੇ ਰੂਪ ਆਕਾਰਾਂਤ ਅਤੇ ਈਕਾਰਾਂਤ ਵਿਸ਼ੇਸ਼ਣਾਂ ਵਾਂਗ ਬਦਲਦੇ ਹਨ ; ਜਿਵੇਂ :—

**ਪੰਜਵਾਂ** (ਇਕ ਵਚਨ)

| | ਪੁਲਿੰਗ | ਇਸਤ੍ਰੀਲਿੰਗ |
|---|---|---|
| ਸਾਧਾਰਣ | **ਪੰਜਵਾਂ** ਭਰਾ | **ਪੰਜਵੀਂ** ਭੈਣ |
| ਸੰਬੰਧਕੀ | **ਪੰਜਵੇਂ** ਭਰਾ (ਨੂੰ) | **ਪੰਜਵੀਂ** ਭੈਣ (ਨੂੰ) |
| ਸੰਬੋਧਨ | **ਪੰਜਵਿਆਂ** ਭਰਾਵਾ ! | **ਪੰਜਵੀਏ** ਭੈਣੇ ! |

## ਸਮੁੱਚਤਾ-ਬੋਧਕ

੨੪੦ (ਕ) ਜਿਹੜੇ ਵਿਸ਼ੇਸ਼ਣ ਪਦਾਰਥਾਂ ਦੇ ਸਮੁਦਾਯ ਅਰਥਾਤ ਸਾਰੀ ਦੀ ਸਾਰੀ ਗਿਣਤੀ ਦਾ ਬੋਧ ਕਰਾਉਂਦੇ ਹਨ, ਉਹ **ਸਮੁੱਚਤਾ-ਬੋਧਕ** ਕਹੇ ਜਾਂਦੇ ਹਨ ; ਜਿਵੇਂ :-

Digitized by Panjab Digital Library | www.panjabdigilib.org

ਦੋਵੇਂ, ਤਿੰਨੇ, ਪੰਜਾਹਾਂ ਦੇ ਪੰਜਾਹ ਆਦਿ ।

(ਖ) ਸਮੁੱਚਤਾ-ਬੋਧਕ ਬਣਾਉਣ ਦੇ ਜਾਂ ਸਮੁੱਚਤਾ ਪਰਗਟ ਕਰਨ ਦੇ ਇਹ ਢੰਗ ਹਨ ੩—

(੧) ਪੂਰਨ-ਅੰਕ ਬੋਧਕ ਦੇ ਪਿੱਛੇ '-ਏ' ਲਗਾਕੇ ; ਜਿਵੇਂ—ਦੋ—ਦੋਵੇਂ, ਤਿੰਨ—ਤਿੰਨੇ, ਚਾਰ—ਚਾਰੇ, ਪੰਜ—ਪੰਜੇ, ਛੇ—ਛੇਵੇ, ਸੱਤ—ਸੱਤੇ, ਅੱਠ– ਅੱਠੇ ।

'ਦੋਵੇਂ' ਅਤੇ 'ਛੇਵੇ ਵਿੱਚ ਖੰਡ-ਸੰਖਿਆ ੯੨ ਦੇ ਅਨੁਸਾਰ 'ਵ' ਦਾ ਆਗਮ ਹੋ ਗਿਆ ਹੈ ।

(ਗ) ਪੰਜਾਬੀ ਦੇ ਕੁਝ ਆਪਣੇ ਸਮੁੱਚਤਾ-ਬੋਧਕ **ਨਾਂਵ** ਹਨ ਅਤੇ ਕੁਝ ਵਿਦੇਸ਼ੀ ਭਾਸ਼ਾਵਾਂ ਤੋਂ ਲਏ ਗਏ ਹਨ ।

ਪੰਜਾਬੀ ਦੇ ਆਪਣੇ ; ਜਿਵੇਂ ੩—ਜੋੜਾ (=2 ਚੀਜ਼ਾਂ ਦਾ), ਗੰਡਾ (=4 ਕੌਡਾਂ ਦਾ) ਪਾਂਜਾ (=ਪੰਜਾਂ ਦਾ), ਕੋੜੀ (= 20 ਦਾ), ਸੈਂਕੜਾ (=ਸੌ) ।

ਅੰਗ੍ਰੇਜ਼ੀ ਤੋਂ ਲਏ ਗਏ—ਦਰਜਨ (=12), ਗੁਰਸ (=144) ।

ਤਾਸ਼ ਦੇ ਪੱਤਿਆਂ ਦੇ ਨਾਂਵ ਵੀ ਸਮੁੱਚਤਾ-ਬੋਧਕ ਹੀ ਹਨ ; ਜਿਵੇਂ :—

ਦੁੱਕੀ, ਚੌਕੀ, ਨਹਿਲਾ, ਦਹਿਲਾ ਆਦਿ ।

੨੪੧. **ਗੁਣਾ-ਵਾਚਕ ਵਿਸ਼ੇਸ਼ਣ**—ਇਹ ਪੂਰਣ-ਅੰਕ-ਬੋਧਕ ਦੇ ਪਿੱਛੇ 'ਗੁਣਾ' ਲਗਾਕੇ ਬਣਾਏ ਜਾਂਦੇ ਹਨ ; ਜਿਵੇਂ ੩—ਤਿੰਨ ਗੁਣਾ, ਚਾਰ ਗੁਣਾ, ਪੰਜ ਗੁਣਾ, ਸੌ ਗੁਣਾ ।

ਦੂਣਾ, ਤੀਣਾ, ਚੌਣਾ, ਆਦਿ ਗੁਣਾ-ਵਾਚਕਾਂ ਵਿੱਚ 'ਗੁਣਾ' ਦਾ 'ਗ' ਉਡ ਗਿਆ ਹੈ :—

ਦੋ ਗੁਣਾ=ਦੁਗੁਣਾ=ਦੂਣਾ, ਤ੍ਰੈ ਗੁਣਾ=ਤੀਣਾ, ਚਾਰ ਗੁਣਾ=ਚੌਣਾ, ਪੰਜ ਗੁਣਾ=ਪੰਜੌਣਾ ।

੨੪੨. (ਕ) **ਅਨਿਸਚਿਤ ਸੰਖਿਅਕ ਵਿਸ਼ੇਸ਼ਣ** ਉਹ ਹਨ, ਜਿਨ੍ਹਾਂ ਤੋਂ ਵਸਤਾਂ ਦੀ ਠੀਕ ਠੀਕ ਗਿਣਤੀ ਦਾ ਬੋਧ ਨਹੀਂ ਹੁੰਦਾ ; ਜਿਵੇਂ :—ਇਕ, ਬਹੁਤ, (ਬਹੁਤੇ, ਅਨੇਕ), ਥੋਹੜੇ, ਸਭ (ਸੱਭੇ, ਸਾਰੇ), ਚੋਖੇ, ਕਈ, ਹੋਰ, ਕੁਝ, ਕੋਈ, ਬਾਜ਼ੇ ।

(ਖ) ਪੂਰਣ ਅੰਕ ਨਾਲ 'ਕੁ' ਲਗਾਕੇ ਅਨਿਸਚਿਤ ਸੰਖਿਅਕ ਬਣਾਇਆ ਜਾਂਦਾ ਹੈ ; ਜਿਵੇਂ :—ਵੀਹ ਕੁ (=ਲਗ ਭਗ ਵੀਹ), ਸੌ ਕੁ (=ਲਗ ਭਗ ਸੌ) ।

੨੪੩. ਮਿਣਤੀ-ਵਾਚਕ ਵਿਸ਼ੇਸ਼ਣ ਕਿਸੇ ਚੀਜ਼ ਦਾ ਨਾਪ ਜਾਂ ਤੋਲ ਦੱਸਦੇ ਹਨ ; ਜਿਵੇਂ :—ਬਹੁਤਾ ਪਾਣੀ, ਥੋੜਾ ਦੁੱਧ, ਇਕ ਪਾ ਖੰਡ ।

ਇਹ ਦੋ ਤਰ੍ਹਾਂ ਦੇ ਹਨ ੩—

(੧) ਨਿਸਚਿਤ ਮਿਣਤੀ-ਵਾਚਕ ਉਹ ਹਨ ਜਿਹੜੇ ਪੂਰਾ ਪੂਰਾ ਨਾਪ ਜਾਂ ਤੋਲ ਦੱਸਦੇ ਹਨ ; ਜਿਵੇਂ ੩—ਪੰਜ ਗਜ ਕਪੜਾ ।

Digitized by Panjab Digital Library | www.panjabdigilib.org

(੨) ਅਨਿਸਚਿਤ ਮਿਣਤੀ-ਵਾਚਕ ਉਹ ਹਨ ਜੋ ਪੂਰਾ ਪੂਰਾ ਨਾਪ ਜਾਂ ਤੋਲ ਨਹੀਂ ਦੱਸਦੇ ; ਜਿਵੇਂ :—

**ਥੋੜੀ ਸ਼ੱਕਰ, ਬਹੁਤਾ ਅੰਨ, ਸਾਰਾ ਸੰਸਾਰ ।**

## ਤੁਲਨਾ

੨੪੪. ਮੁਕਾਬਲਾ ਕਰਨ ਨੂੰ ਅਰਥਾਤ ਵਾਧ-ਘਾਟ, ਚੰਗਾਈ-ਮੰਦਾਈ ਜਾਂ ਬਰਾਬਰੀ ਦਾ ਬੋਧ ਕਰਾਉਣ ਨੂੰ **ਤੁਲਨਾ** ਆਖਦੇ ਹਨ ।

੨੪੫. ਸੰਸਕ੍ਰਿਤ ਅਤੇ ਕਈਆਂ ਹੋਰਨਾਂ ਭਾਸ਼ਾਵਾਂ ਵਿਚ ਸਾਂਝੇ ਅੰਗ ਤੋਂ ਹੀ ਤੁਲਨਾ-ਬੋਧਕ ਅੰਗ ਬਣਦੇ ਹਨ । ਸੰਸਕ੍ਰਿਤ ਵਿੱਚ -ਤਰ -ਤਮ ਜਾਂ -ਈਯਸ੍ -ਇਸ਼ਠ ਪਿਛੇਤਰ ਲਗਾਕੇ ਤੁਲਨਾ ਦਾ ਬੋਧ ਕਰਾਇਆ ਜਾਂਦਾ ਹੈ । ਪੰਜਾਬੀ ਵਿੱਚ ਇਹ ਗੱਲ ਨਾਮ-ਮਾਤਰ ਹੀ ਰਹਿ ਗਈ ਹੈ । ਇਸ ਵਿੱਚ ਤੁਲਨਾ ਕਰਨ ਦਾ ਢੰਗ ਨਵਾਂ ਹੀ ਹੈ । ਜਿਵੇਂ ਸੰਸਕ੍ਰਿਤ ਵਿੱਚ ਤਿੰਨਾਂ ਅਵਸਥਾਵਾਂ ਲਈ ਰੂਪ ਬਦਲਦੇ ਹਨ, ਪੰਜਾਬੀ ਵਿੱਚ ਉਵੇਂ ਨਹੀਂ ਬਦਲਦੇ । ਇਸ ਵਿੱਚ ਹੋਰਨਾਂ ਸ਼ਬਦਾਂ ਦੀ ਸਹਾਇਤਾ ਨਾਲ ਭਿੰਨ ਭਿੰਨ ਅਵਸਥਾਵਾਂ ਦੇ ਅਰਥ ਪਰਗਟ ਕੀਤੇ ਜਾਂਦੇ ਹਨ ।

੨੪੬. ਤੁਲਨਾ ਦਾ ਖਿਆਲ ਕਰਦੇ ਹੋਏ ਗੁਣਵਾਚਕ ਵਿਸ਼ੇਸ਼ਣਾਂ ਦੀਆਂ ਤਿੰਨ ਅਵਸਥਾਵਾਂ ਮੰਨੀਆਂ ਗਈਆਂ ਹਨ —(੧) ਸਮਾਨ, (੨) ਅਧਿਕਤਰ ਅਤੇ (੩) ਅਧਿਕਤਮ ।

੨੪੭. ਜਦ ਤੁਲਨਾ ਨਾ ਕੀਤੀ ਜਾਏ, ਤਦ ਤਕ ਵਿਸ਼ੇਸ਼ਣ ਦੀ **ਸਮਾਨ ਅਵਸਥਾ** ਹੁੰਦੀ ਹੈ ; ਜਿਵੇਂ ਪਾਣੀ **ਗਰਮ** ਹੈ । ਏਥੇ 'ਗਰਮ' ਸਮਾਨ ਅਵਸਥਾ ਵਿੱਚ ਹੈ ।

੨੪੮. **ਅਧਿਕਤਰ ਅਵਸਥਾ** ਵਿੱਚ ਦੋਹਾਂ ਦਾ ਟਾਕਰਾ ਕੀਤਾ ਜਾਂਦਾ ਹੈ । ਇਸ ਵਿੱਚ ਇਕ ਨਾਲੋਂ ਦੂਜੇ ਦਾ ਘਾਟਾ-ਵਾਧਾ ਦਸਿਆ ਜਾਂਦਾ ਹੈ ਜਾਂ ਬਰਾਬਰੀ ਦਾ ਬੋਧ ਕਰਾਰਿਆ ਜਾਂਦਾ ਹੈ ; ਜਿਵੇਂ :—

ਵਾਧਾ—**ਪ੍ਰਾਣਾਂ ਨਾਲੋਂ** ਵੀ ਪਤ ਪਿਆਰੀ ਹੁੰਦੀ ਹੈ ।

**ਭੇਡ ਨਾਲੋਂ** ਗਊ **ਵੱਡੀ** ਹੁੰਦੀ ਹੈ । **ਬੁਲ੍ਹੇ ਨਾਲੋਂ** ਚੁਲ੍ਹਾ **ਚੰਗਾ**।

'ਦੁੱਖ-ਵਿਛੋੜਾ **ਮੌਤੋਂ ਡਾਢਾ** ।' ਨਲ-ਦਮਿਅੰਤੀ—ਚਾਤ੍ਰਿਕ ।

ਬਰਾਬਰੀ—ਇਹ ਰੱਸਾ ਓੱਨਾ ਲੰਮਾ ਹੈ, ਜਿਨਾ ਉਹ ।

ਘਾਟਾ—ਇਹ ਇੱਟ **ਉਸ ਤੋਂ ਘੱਟ ਪੱਕੀ** ਹੈ ।

**ਸੋਨੇ ਤੋਂ** ਚਾਂਦੀ **ਸਸਤੀ** ਹੈ ।

ਇਨ੍ਹਾਂ ਉਦਾਹਰਣਾਂ ਤੋਂ ਪਤਾ ਲਗਦਾ ਹੈ ਕਿ ਅਧਿਕਤਰ ਅਵਸਥਾ ਵਿੱਚ ਵਿਸ਼ੇਸ਼ਣ ਤੋਂ ਪਹਿਲਾਂ 'ਨਾਲੋਂ', 'ਕੋਲੋਂ' ਜਾਂ 'ਤੋਂ' ਆਉਂਦਾ ਹੈ ਜਾਂ ਵਿਸ਼ੇਸ਼ਣ ਤੋਂ ਪਹਿਲਾਂ ਅਪਾਦਾਨ ਦਾ ਰੂਪ ਹੁੰਦਾ ਹੈ ।

Digitized by Panjab Digital Library | www.panjabdigilib.org

੨੪੯. ਤੁਲਨਾ ਦੋ ਪ੍ਰਕਾਰ ਦੀ ਹੈ—**ਮੁਕਾਬਲੇ ਵਾਲੀ** ਅਤੇ **ਬਿਨਾਂ ਮੁਕਾਬਲੇ ਵਾਲੀ** ।

ਮੁਕਾਬਲੇ ਵਾਲੀ ; ਜਿਵੇਂ—ਪਾਪ **ਸਭ ਤੋਂ ਵੱਡਾ** ਵੈਰੀ ਹੈ ।

ਬਿਨਾਂ ਮੁਕਾਬਲੇ; ਜਿਵੇਂ—ਉਹ ਬਹੁਤ ਨਕਾਰਾ ਹੈ ।

੨੫੦. ਕਦੇ ਕਦੇ ਵਿਸ਼ੇਸ਼ਣ ਤੋਂ ਪਹਿਲਾਂ ਬਹੁਤ, ਵੱਧ, ਵਧੇਰੇ, ਬੜਾ, ਘੱਟ, ਬਹੁਤ ਹੀ, ਕਿਤੇ ਆਦਿ ਸ਼ਬਦ ਵਰਤੇ ਜਾਂਦੇ ਹਨ ; ਜਿਵੇਂ—**ਬਹੁਤ ਡੂੰਘਾ** ਤਲਾ, **ਵਧੇਰੇ ਸਸਤਾ** ਕਪੜਾ, **ਬੜਾ** ਲੰਮਾ ਸੱਪ, **ਘੱਟ** ਮਹਿੰਗਾ ਅਨਾਜ, **ਬਹੁਤ ਹੀ ਸੋਹਣਾ** ਜਵਾਨ, ਉਸ ਤੋਂ **ਕਿਤੇ ਚੰਗਾ** !

ਏਸੇ ਤਰ੍ਹਾਂ 'ਪਰਲੇ ਦਰਜੇ ਦਾ', 'ਪਰਲੇ ਸਿਰੇ ਦਾ' ਆਦਿ ਵੀ ਇਹੋ ਕੰਮ ਦਿੰਦੇ ਹਨ ; ਜਿਵੇਂ—**ਪਰਲੇ ਦਰਜੇ** ਦਾ ਮੂਰਖ, **ਪਰਲੇ ਸਿਰੇ ਦਾ** ਬੇਵਕੂਫ ਆਦਿ ।

੨੫੧. ਜਦ ਦੋ ਤੋਂ ਵਧੀਕ ਵਸਤਾਂ ਦੀ ਤੁਲਨਾ ਕੀਤੀ ਜਾਵੇ, ਤਦ **ਵਿਸ਼ੇਸ਼ਣ ਦੀ ਅਧਿਕਤਮ ਅਵਸਥਾ** ਕਹੀ ਜਾਂਦੀ ਹੈ ।

(ਕ) ਅਧਿਕਤਮ ਅਵਸਥਾ ਦੱਸਣ ਲਈ ਮੂਲ ਵਿਸ਼ੇਸ਼ਣ ਤੋਂ ਪਹਿਲਾਂ 'ਸੱਭ ਤੋਂ' ਸ਼ਬਦ ਜੋੜੇ ਜਾਂਦੇ ਹਨ ; ਜਿਵੇਂ—**ਸਭ ਤੋਂ** ਲੰਮੀ ਨਦੀ ਮਿਸਿਸਿਪੀ !

ਬਿਸਤ ਜਾਲੰਧਰ **ਸਭ ਤੋਂ ਛੋਟਾ** ਦੁਆਬਾ ਹੈ । ਹਿਮਾਲਾ **ਸਭ ਤੋਂ ਉੱਚਾ** ਪਰਬਤ ਹੈ ।

(ਖ) ਕਦੇ ਸਮਾਨ-ਅਵਸਥਾ ਦੇ ਅਪਾਦਾਨ ਦੇ ਰੂਪ ਦੇ ਪਿੱਛੇ ਸਮਾਨ ਅਵਸਥਾ ਦਾ ਰੂਪ ਵਰਤ ਕੇ ਵੀ ਅਧਿਕਤਮ ਦਾ ਅਰਥ ਪਰਗਟ ਕੀਤਾ ਜਾਂਦਾ ਹੈ; ਜਿਵੇਂ :—

ਚੰਗਿਓਂ ਚੰਗਾ, ਵਡਿਓਂ ਵੱਡਾ ਆਦਿ ਜਾਂ ਭੈੜੇ ਤੋਂ ਭੈੜਾ, ਵਧੀਆ ਤੋਂ ਵਧੀਆ, ਘਟੀਆ ਤੋਂ ਘਟੀਆ ਆਦਿ ।

੨੫੨. ਪੰਜਾਬੀ ਵਿੱਚ ਅਜ ਵੀ ਕੁਝ ਅਜਿਹੇ ਸ਼ਬਦ ਮਿਲਦੇ ਹਨ, ਜਿਹੜੇ ਸੰਸਕ੍ਰਿਤ -ਤਰ ਜਾਂ -ਇਸ਼੍ਠ ਲਗਾਕੇ ਬਣੇ ਹੋਇਆਂ ਰੂਪਾਂ ਤੋਂ ਨਿਕਲੇ ਹਨ । ਉਦਾਹਰਣ:-

੧. -ਤਰ- ਸੰਬੰਧੀ :—

| ਅਧਿਕਤਰ | ਸਾਧਾਰਣ |
|---|---|
| ਉਚੇਰਾ | ਉੱਚਾ |
| ਅਗਲੇਰਾ | ਅਗਲਾ |
| ਸੁਰੇੜਾ | ਸੌੜਾ |
| ਕਸੇਰਾ | ਕੱਸਾ |
| ਘਨੇਰਾ | ਘਨਾ |

Digitized by Panjab Digital Library | www.panjabdigilib.org

| | |
|---|---|
| ਚੰਗੇਰਾ | ਚੰਗਾ |
| ਛੁਟੇਰਾ | ਛੋਟਾ |
| ਜਿਠੇਰਾ | ਜੇਠਾ |
| ਦੁਰੇਡਾ | ਦੂਰ |
| ਪਤਲੇਰਾ | ਪਤਲਾ |
| ਬਥੇਰਾ | ਬਹੁਤ |
| ਮੁਕਲੇਰਾ | ਮੋਕਲਾ |
| ਲੰਮੇਰਾ | ਲੰਮਾ |
| ਵਡੇਰਾ | ਵੱਡਾ |
| ਵਧੇਰਾ | ਵੱਧ |

ਸਾਫ਼ ਦਿਸ ਰਿਹਾ ਹੈ ਕਿ ਸਾਧਾਰਣ ਰੂਪ ਦੇ ਅੰਤਲੇ '-ਆ' ਨੂੰ '-ਏਰਾ' ਵਿੱਚ ਬਦਲ ਕੇ ਅਧਿਕਤਰ ਰੂਪ ਬਣਾਏ ਗਏ ਹਨ।

'ਅਗੇਤਰਾ' ਅਤੇ 'ਪਿਛੇਤਰਾ' ਨਵੇਂ ਤਦਭਵ ਜਾਪਦੇ ਹਨ, ਕਿਉਂਕਿ ਇਨ੍ਹਾਂ ਦੇ 'ਤ' ਦਾ ਲੋਪ ਨਹੀਂ ਹੋਇਆ।

੨੫੩. ਪੰ੦ ਜੇਠ (<ਸੰ੦ ज्येष्ठ), ਬਲ੍ਹੇਟ (ਪੰ੦ ਬੁੱਢ-**ਬਲ੍ਹੇਟ**) ਅਤੇ ਪਲੇਠੀ—ਇਹ ਸੰ੦ -इष्ठ ਨਾਲ ਬਣੇ ਹੋਏ ਰੂਪਾਂ ਤੋਂ ਨਿਕਲੇ ਹੋਏ ਹਨ।

੨੫੪. '**ਜਠੇਰਾ**' ਜੇਠ ਤੋਂ ਬਣਾਇਆ ਗਿਆ ਅਧਿਕਤਰ ਅਵਸਥਾ ਦਾ ਰੂਪ ਹੈ। ਭਾਵੇਂ 'ਜੇਠ' ਅਸਲੋਂ ਅਧਿਕਤਮ ਅਵਸਥਾ ਦਾ ਰੂਪ ਹੈ, ਪਰ ਇਸ ਦੇ ਨਾਲ '-ਏਰਾ' ਪਿਛੇਤਰ ਦਾ ਲਗਣਾ ਦੱਸਦਾ ਹੈ ਕਿ ਇਹ ਸਮਾਨ ਅਵਸਥਾ ਦਾ ਰੂਪ ਹੀ ਬਣ ਚੁਕਿਆ ਸੀ।

੨੫੫. ਕੁਝ ਵਿਸ਼ੇਸ਼ਣ ਅਜਿਹੇ ਗੁਣ ਦਾ ਬੋਧ ਕਰਾਉਂਦੇ ਹਨ, ਜਿਸ ਦਾ ਘਾਟਾ-ਵਾਧਾ ਹੋ ਨਹੀਂ ਸਕਦਾ ; ਜਿਵੇਂ :—ਦੂਣਾ ਦੋ ਗੁਣਾ ਹੀ ਹੁੰਦਾ ਹੈ, ਨਾ ਘੱਟ, ਨਾ ਵੱਧ ; ਇਸ ਕਰਕੇ ਇਸ ਦੀ ਤੁਲਨਾ ਨਹੀਂ ਹੋ ਸਕਦੀ। ਏਸੇ ਤਰ੍ਹਾਂ ਦੇ ਕੁਝ ਹੋਰ ਵਿਸ਼ੇਸ਼ਣ ਇਹ ਹਨ :—

ਪਹਿਲਾ, ਪਿਛਲਾ, ਗੋਲ, ਤੀਣਾ, ਚੌਣਾ ਆਦਿ।

੨੫੬. ਜਦ ਕੋਈ ਮੂਲ ਸਰਬਨਾਂਵ ਜਾਂ ਸਰਬਨਾਂਵ ਤੋਂ ਬਣਿਆ ਹੋਇਆ ਪਦ ਨਾਂਵ ਤੋਂ ਪਹਿਲਾਂ ਵਿਸ਼ੇਸ਼ਣ ਵਾਂਗ ਵਰਤਿਆ ਜਾਂਦਾ ਹੈ, ਤਦ ਉਸ ਨੂੰ **ਸਰਬਨਾਂਵੀਵਿਸ਼ੇਸ਼ਣ** ਆਖਦੇ ਹਨ ; ਜਿਵੇਂ :—**ਇਹ** ਚਿੜੀ, **ਉਹ** ਕਾਂ, **ਕੋਈ** ਰਾਹੀ ; **ਜਿਹਾ** ਮੂੰਹ, **ਕਿਹੜਾ** ਬੰਦਾ, **ਇੱਡਾ** ਪਾਪ, **ਜਿੰਨੇ** ਗੰਨੇ।

Digitized by Panjab Digital Library | www.panjabdigilib.org

੧੫੭. ਕੁਝ **ਸਰਬਨਾਂਵੀ ਵਿਸ਼ੇਸ਼ਣ** ਹੋਰਨਾਂ ਮੂਲ ਸਰਬਨਾਂਵਾਂ ਤੋਂ ਬਣੇ ਹੋਏ ਹਨ ; ਇਨ੍ਹਾਂ ਨੂੰ **ਸਾਧਿਤ ਸਰਬਨਾਂਵੀ ਵਿਸ਼ੇਸ਼ਣ** ਕਹਿੰਦੇ ਹਨ । ਇਹ ਕਈ ਤਰ੍ਹਾਂ ਦੇ ਹਨ :—

| ਮੂਲ ਸਰਬਨਾਂਵ | ਸਾਧਿਤ ਸਰਬਨਾਂਵੀ ਵਿਸ਼ੇਸ਼ਣ | | | | |
|---|---|---|---|---|---|
| | ਪ੍ਰਕਾਰ ਵਾਚਕ | ਸੰਬੰਧ-ਵਾਚਕ | ਅਕਾਰ-ਬੋਧਕ | ਮਿਣਤੀ-ਵਾਚਕ | ਗਿਣਤੀ-ਵਾਚਕ |
| ਇਹ | | | ਇੱਡਾ | ਇੰਨਾ | ਇੰਨੇ |
| ਉਹ | | | ਓਡਾ | ਓਨਾ | ਓਨੇ |
| ਜੋ | ਜਿਹਾ | ਜਿਹੜਾ | ਜਿੱਡਾ | ਜਿੰਨਾ | ਜਿੰਨੇ |
| ਸੋ | | | | | |
| ਕੌਣ | ਕਿਹਾ | ਕਿਹੜਾ | ਕਿੱਡਾ | ਕਿੰਨਾ | ਕਿੰਨੇ |

੨੫੮. ਸਰਬਨਾਂਵ ਅਤੇ ਸਰਬਨਾਂਵੀ ਵਿਸ਼ੇਸ਼ਣ ਵਿੱਚ ਵੱਡਾ ਫਰਕ ਇਹ ਹੈ ਕਿ ਸਰਬਨਾਂਵ ਇਕੱਲਾ ਵਰਤਿਆ ਜਾਂਦਾ ਹੈ ਅਤੇ ਸਰਬਨਾਂਵੀ ਵਿਸ਼ੇਸ਼ਣ ਨਾਂਵ ਤੋਂ ਪਹਿਲਾਂ ਆਉਂਦਾ ਹੈ ; ਜਿਵੇਂ :—

| ਸਰਬਨਾਂਵ | ਸਰਬਨਾਂਵੀ ਵਿਸ਼ੇਸ਼ਣ |
|---|---|
| ਉਹ ਕੱਲ ਆਏਗਾ । | ਉਹ ਰਾਤ ਭਾਗਾਂ ਵਾਲੀ ਸੀ । |
| ਇਹ ਪੜ੍ਹਦਾ ਹੀ ਨਹੀਂ । | ਇਹ ਮੁੰਡਾ ਸੁਚੇਤ ਹੈ । |
| ਕੋਈ ਕੁਝ ਕਹੇ, ਮੈਨੂੰ ਕੀ । | ਕੋਈ ਰਾਹੀ ਆਖ ਰਿਹਾ ਸੀ । |
| ਕੀ ਹੋਇਆ ਹੈ ? | ਕੀ ਗੱਲ ਹੋਈ ਹੈ ? |

## ਵਿਸ਼ੇਸ਼ਣਾਂ ਦੀ ਰਚਨਾ

੨੫੯. ਪੰਜਾਬੀ ਦੇ ਵਿਸ਼ੇਸ਼ਣ ਦੋ ਤਰਾਂ ਦੇ ਹਨ :—

੧. ਮੂਲ ਵਿਸ਼ੇਸ਼ਣ ; ਜਿਵੇਂ :—ਲਾਲ, ਸੁੰਦਰ, ਬਹੁੰ, ਚਾਰ ਆਦਿ ।

੨. ਸਾਧਿਤ ਵਿਸ਼ੇਸ਼ਣ ਜੋ ਹੋਰਨਾਂ ਸ਼ਬਦਾਂ ਤੋਂ ਬਣੇ ਹਨ । ਇਹ ਮੂਲ ਸ਼ਬਦ ਜਾਂ ਧਾਤੂ ਨਾਲ ਅਗੇਤਰ ਜਾਂ ਪਿਛੇਤਰ ਜਾਂ ਦੋਵੇਂ ਲਗਾ ਕੇ ਬਣਾਏ ਗਏ ਹਨ । ਉਦਾਹਰਣ :—

Digitized by Panjab Digital Library | www.panjabdigilib.org

(ਕ) ਨਾਂਵਾਂ ਤੋਂ—ਧਨ—ਧਨੀ, ਠੰਡ—ਠੰਡਾ, ਦਇਆ—ਦਇਆਲ, ਹੋਸ਼—ਬੇ-ਹੋਸ਼।

(ਖ) ਸਰਬਨਾਂਵਾਂ ਤੋਂ :—ਜੋ—ਜਿਹਾ।

(ਗ) ਵਿਸ਼ੇਸ਼ਣਾਂ ਤੋਂ :—ਪੰਜ—ਪੰਜਵਾਂ।

(ਘ) ਕ੍ਰਿਆਵਾਂ ਤੋਂ :—ਚਲ—ਚਲਦੀ, ਗਵਾ—ਗਵਾਊ।

(ਙ) ਅਵਿਆਂ ਤੋਂ :—ਦੂਰ—ਦੁਰਾਡਾ, ਹੇਠ—ਹੇਠਲਾ, ਵਿੱਚ ਵਿਚਲਾ।

## ਕ੍ਰਿਆਪਦ

੨੬੦. ਜਿਹੜੇ ਪਦ ਨਾਲ ਕਿਸੇ ਪਦਾਰਥ ਦੀ ਹਾਲਤ ਦਾ, ਉਸ ਦੇ ਕੰਮ ਦਾ ਜਾਂ ਬਦਲਨ ਦਾ ਬੋਧ ਕਰਾਇਆ ਜਾਂਦਾ ਹੈ, ਉਸ ਨੂੰ **ਕ੍ਰਿਆਪਦ** ਆਖਦੇ ਹਨ ; ਜਿਵੇਂ :—"ਸੋਹਨ ਸੌਂ ਰਿਹਾ ਹੈ" ਤੋਂ ਹਾਲਤ ਦਾ, "ਮੋਹਨ ਰੋਟੀ ਖਾ ਰਿਹਾ ਹੈ" ਤੋਂ ਕੰਮ ਦਾ ਅਤੇ "ਪਾਣੀ ਭਾਫ ਬਣ ਗਿਆ" ਤੋਂ ਬਦਲਣ ਦਾ ਪਤਾ ਲਗਦਾ ਹੈ। ਕ੍ਰਿਆਪਦ ਕਾਲ ਦਾ ਵੀ ਬੋਧ ਕਰਾਉਂਦਾ ਹੈ ; ਜਿਵੇਂ :—ਚਿੱਠੀ ਲਿਖੀ ਗਈ ; ਗੱਡੀ ਚਲ ਰਹੀ ਹੈ ; ਮੀਂਹ ਵਰ੍ਹੇਗਾ।

ਕ੍ਰਿਆਪਦ ਵਾਕ ਦੀ ਜਾਨ ਹੈ। ਆਮ ਤੌਰ ਤੇ ਹਰ ਇਕ ਵਾਕ ਵਿੱਚ ਕ੍ਰਿਆਪਦ ਹੁੰਦਾ ਹੈ। ਹਾਂ, ਕਵਿਤਾ ਅਤੇ ਅਖਾਣਾਂ ਵਿੱਚ ਜਾਂ ਸਮਾਚਾਰ-ਪਤਰਾਂ ਦੇ ਸਿਰਲੇਖਾਂ ਵਿੱਚ ਬਿਨਾਂ ਕ੍ਰਿਆਪਦ ਵੀ ਵਾਕ ਹੁੰਦੇ ਹਨ ; ਜਿਵੇਂ :—

ਨਾਨਕ ਦੁਖੀਆ ਸਬ ਸੰਸਾਰੁ।

ਧੋਬੀ ਦਾ ਕੁੱਤਾ ਨਾ ਘਰ ਦਾ ਨਾ ਘਾਟ ਦਾ।

੨੬੧. ਜਿਸ ਪਦ ਜਾਂ ਪਦਾਂ ਨਾਲ ਗੱਲ ਪੂਰੀ ਤਰ੍ਹਾਂ ਸਮਝ ਵਿੱਚ ਆ ਜਾਏ, ਉਸ ਨੂੰ **ਵਾਕ** ਕਹਿੰਦੇ ਹਨ ; ਜਿਵੇਂ—ਸੋਹਣ ਸਿਆਣਾ ਹੈ।

੨੬੨. ਵਾਕ ਦੇ ਦੋ ਅੰਗ ਹੁੰਦੇ ਹਨ—**ਉਦੇਸ਼** ਅਤੇ **ਵਿਧੇਅ**।

ਜਿਸ ਦੀ ਬਾਬਤ ਕੁਝ ਕਿਹਾ ਜਾਂਦਾ ਹੈ, ਉਸ ਨੂੰ **ਉਦੇਸ਼** ਆਖਦੇ ਹਨ।

ਉਦੇਸ਼ ਦੀ ਬਾਬਤ ਜੋ ਕੁਝ ਆਖਿਆ ਜਾਂਦਾ ਹੈ, ਉਸ ਨੂੰ **ਵਿਧੇਅ** ਕਹਿੰਦੇ ਹਨ।

ਰਾਗੀ ਗਾਉਂਦਾ ਹੈ—ਇਸ ਵਾਕ ਵਿੱਚ 'ਰਾਗੀ' ਉਦੇਸ਼ ਹੈ ਅਤੇ 'ਗਾਉਂਦਾ ਹੈ' ਵਿਧੇਅ ਹੈ।

੨੬੩. ਕ੍ਰਿਆਵਾਂ ਤਿੰਨ ਤਰ੍ਹਾਂ ਦੀਆਂ ਹਨ :—

**ਸਕਰਮਕ, ਅਕਰਮਕ, ਅਤੇ ਸਹਾਇਕ।**

ਜਿਸ ਕ੍ਰਿਆ ਦਾ ਕਰਮ ਹੋਵੇ, ਉਸ ਨੂੰ **ਸਕਰਮਕ ਕ੍ਰਿਆ** ਕਹਿੰਦੇ ਹਨ; ਜਿਵੇਂ:—ਬੱਚਾ ਦੁੱਧ **ਪੀਂਦਾ ਹੈ**। ਏਥੇ 'ਪੀਂਦਾ ਹੈ' ਸਕਰਮਕ ਕ੍ਰਿਆ ਹੈ ਅਤੇ 'ਦੁੱਧ' ਇਸ ਦਾ ਕਰਮ ਹੈ।

Digitized by Panjab Digital Library | www.panjabdigilib.org

੨੬੪. ਜਿਸ ਕ੍ਰਿਆ ਦਾ ਕਰਮ ਨਾ ਹੋਵੇ, ਉਸ ਨੂੰ **ਅਕਰਮਕ** ਕ੍ਰਿਆ ਆਖਦੇ ਹਨ ; ਜਿਵੇਂ :—ਬੱਚਾ '**ਹੱਸਦਾ ਹੈ**' ਇਹ ਅਕਰਮਕ ਕ੍ਰਿਆ ਹੈ, ਕਿਉਂਕਿ ਬੱਚਾ ਇਸ ਦਾ ਕਰਤਾ ਤਾਂ ਹੈ, ਪਰ ਇਸ ਦਾ ਕਰਮ ਕੋਈ ਨਹੀਂ ਹੈ ।

੨੬੫. ਜਿਹੜੀ ਕ੍ਰਿਆ ਕਿਸੇ ਦੂਜੀ (ਮੁੱਖ) ਕ੍ਰਿਆ ਨਾਲ ਮਿਲ ਕੇ ਉਸ ਦਾ ਕਾਲ ਜਾਂ ਅਰਥ ਬਣਾਵੇ, ਉਸ ਨੂੰ **ਸਹਾਇਕ ਕ੍ਰਿਆ** ਕਹਿੰਦੇ ਹਨ ; ਜਿਵੇਂ :—

ਉਹ ਹਰਦਵਾਰ ਗਿਆ ਹੈ ।

ਏਥੇ 'ਹੈ' ਸਹਾਇਕ ਕ੍ਰਿਆ ਹੈ ।

੨੬੬. ਜਦ 'ਹੈ', 'ਸੀ' ਆਦਿ ਕ੍ਰਿਆਵਾਂ ਇਕੱਲੀਆਂ ਵਰਤੋਂ ਵਿੱਚ ਆਉਂਦੀਆਂ ਹਨ , ਤਦ ਇਨ੍ਹਾਂ ਨੂੰ **ਸੰਸਰਗੀ** ਕ੍ਰਿਆ ਆਖਦੇ ਹਨ ; ਜਿਵੇਂ :—

ਹਰਦਵਾਰ ਤੀਰਥ-ਸਥਾਨ ਹੈ ।

੨੬੭. ਨਾਂਵ ਜਾਂ ਉਹ ਪਦ ਜਿਹੜੇ ਨਾਂਵ ਵਾਂਗਰ ਵਰਤੇ ਜਾ ਸੱਕਣ ਕਰਮ ਹੋ ਸਕਦੇ ਹਨ ; ਜਿਵੇਂ : —

ਨਾਂਵ—ਮੋਹਨ **ਪੋਥੀ** ਪੜ੍ਹਦਾ ਹੈ ।

ਸਰਬਨਾਂਵ—ਸੋਹਨ **ਮੈਨੂੰ** ਮਾਰਦਾ ਹੈ ।

ਵਿਸ਼ੇਸ਼ਣ (ਨਾਂਵ ਦੀ ਜਗ੍ਹਾ)—**ਗਰੀਬ** ਨੂੰ ਨਾ ਮਾਰ ।

ਭਾਵਾਰਥ—ਮੈਂ **ਲਿਖਣਾ-ਪੜ੍ਹਨਾ** ਸਿੱਖ ਰਿਹਾ ਹਾਂ।

ਕਾਰਦੰਤਕ—ਉਸ ਦਾ **ਕਿਹਾ** ਮੰਨ ।

ਵਾਕ-ਅੰਸ—**ਮੇਰਾ ਕੰਮ** ਕਰ ।

੨੬੮. ਕੁਝ ਧਾਤੂ ਸਕਰਮਕ ਵੀ ਹੁੰਦੇ ਹਨ ਅਤੇ ਅਕਰਮਕ ਵੀ ਹਨ ; ਜਿਵੇਂ :—

| ਸਕਰਮਕ | ਅਕਰਮਕ |
|---|---|
| ਨੌਕਰ ਪਾਣੀ **ਭਰ ਰਿਹਾ ਹੈ** । | ਘੜਾ **ਭਰ ਗਿਆ ਹੈ** । |
| ਉਹ ਆਪਣੀ ਪੁਸਤਕ **ਭੁਲ ਆਇਆ ਹੈ** । | ਮੈਂ **ਭੁਲ ਗਿਆ** । |
| ਉਹ ਘਰ **ਬਦਲ ਰਿਹਾ ਹੈ** । | ਉਹ **ਬਦਲ ਗਿਆ ਹੈ** । |
| ਗੁੱਜਰ ਮੱਝਾਂ **ਚੋਂਦਾ ਹੈ** । | ਛੱਤ **ਚੋਂਦੀ ਹੈ** । |
| ਉਹ ਮੁੰਡੇ ਹੀ **ਜੰਮਦੀ ਹੈ** । | ਉਸ ਦੇ ਘਰ ਮੁੰਡਾ **ਜੰਮਿਆ ਹੈ** । |
| ਉਹ ਝੂਠ **ਬਕਦਾ ਹੈ** । | ਉਹ ਐਵੇਂ **ਬਕ ਰਿਹਾ ਹੈ** । |

੨੬੯. (ਕ) ਕੁਝ ਅਕਰਮਕ ਕ੍ਰਿਆਵਾਂ ਅਜਿਹੀਆਂ ਹਨ ਕਿ ਉਹ ਅਤੇ ਉਦੇਸ਼ ਮਿਲ ਕੇ ਵਾਕ ਪੂਰਾ ਨਹੀਂ ਕਰ ਸਕਦੇ । ਉਦੇਸ਼ ਦੀ ਬਾਬਤ ਗੱਲ ਪੂਰੀ ਕਰਨ ਲਈ ਕਿਸੇ ਨਾਂਵ ਜਾਂ ਵਿਸ਼ੇਸ਼ਣ ਦੀ ਲੋੜ ਪੈਂਦੀ ਹੈ । ਅਜਿਹੀਆਂ ਕ੍ਰਿਆਵਾਂ ਨੂੰ **ਅਪੂਰਣ ਅਕਰਮਕ ਕ੍ਰਿਆਵਾਂ** ਆਖਦੇ ਹਨ । ਵਾਕ ਨੂੰ ਪੂਰਾ ਕਰਨ ਲਈ ਜੋ ਸ਼ਬਦ ਵਰਤਿਆ

Digitized by Panjab Digital Library | www.panjabdigilib.org

ਜਾਂਦਾ ਹੈ, ਉਸ ਨੂੰ **ਪੂਰਕ** ਕਹਿੰਦੇ ਹਨ । ਪੂਰਕ ਕਈ ਭਿੰਨ ਭਿੰਨ ਰੂਪਾਂ ਵਿੱਚ ਦਿਸਦਾ ਹੈ :—ਕਦੇ ਨਾਂਵ ਹੁੰਦਾ ਹੈ, ਕਦੇ ਵਿਸ਼ੇਸ਼ਣ, ਕਦੇ ਕਾਰਦੰਤਕ ਅਤੇ ਕਦੇ ਉਪਵਾਕ । ਉਦਾਹਰਣ :—

(੧) ਨਾਂਵ
- ਉਹ ਮੇਰਾ **ਸਰਬੰਧੀ** ਹੈ ।
- ਉਹ **ਠੱਗ** ਦਿਸਦਾ ਹੈ ।
- ਤੂੰ **ਅਫਸਰ** ਬਣ ਗਿਆ ਹੈਂ ।

(੨) ਵਿਸ਼ੇਸ਼ਣ
- ਤੁਸੀਂ **ਸਿਆਣੇ** ਹੋ ।
- ਭਾਗ ਭਰੀ **ਬੇਹੋਸ਼** ਹੋ ਗਈ ।
- ਦੁਨੀਆਂ **ਡਾਢੀ ਕੋਰੀ** ਹੈ ।

ਏਥੇ ਹੈ, ਹੋ, ਦਿਸਦਾ ਹੈ, ਹੋ ਗਈ, ਬਣ ਗਿਆ ਹੈ, ਆਦਿ ਅਪੂਰਣ ਅਕਰਮਕ ਕ੍ਰਿਆਵਾਂ ਹਨ ।

(ਖ) ਕਦੇ ਕਦੇ ਮੰਨ, ਸਮਝ, ਬਣਾ ਆਦਿ ਸਕਰਮਕ ਕ੍ਰਿਆਵਾਂ ਕਰਮ ਦੇ ਹੁੰਦੇ-ਸੁੰਦੇ ਵੀ ਵਾਕ ਪੂਰਾ ਨਹੀਂ ਕਰਦੀਆਂ; ਕਰਮ ਦੇ ਬਾਰੇ ਗੱਲ ਨੂੰ ਪੂਰਾ ਕਰਨ ਲਈ ਕਿਸੇ ਹੋਰ ਨਾਂਵ ਜਾਂ ਵਿਸ਼ੇਸ਼ਣ ਦਾ ਹੋਣਾ ਜ਼ਰੂਰੀ ਹੁੰਦਾ ਹੈ । ਅਜਿਹੀਆਂ ਕ੍ਰਿਆਵਾਂ ਨੂੰ **ਅਪੂਰਣ ਸਕਰਮਕ ਕ੍ਰਿਆਵਾਂ** ਕਹਿੰਦੇ ਹਨ ਅਤੇ ਗੱਲ ਪੂਰੀ ਕਰਨ ਲਈ ਜੋ ਸ਼ਬਦ ਵਰਤੇ ਜਾਂਦੇ ਹਨ, ਉਨ੍ਹਾਂ ਨੂੰ **ਕਰਮ-ਪੂਰਕ** ਆਖਦੇ ਹਨ ; ਉਦਾਹਰਣ :—

ਅਸੀਂ ਮੋਹਣ ਨੂੰ **ਸਿਆਣਾ** ਸਮਝਦੇ ਹਾਂ ।

੨੭੦ (ਕ) ਅਕਰਮਕ ਕ੍ਰਿਆ ਦੇ ਪੂਰਕ ਦਾ ਸੰਬੰਧ ਉਦੇਸ਼ ਨਾਲ ਹੁੰਦਾ ਹੈ, ਇਸ ਕਰਕੇ ਇਸ ਨੂੰ **ਉਦੇਸ਼-ਪੂਰਕ** ਆਖਦੇ ਹਨ ; ਜਿਵੇਂ :—

ਕਰਮ ਸਿੰਘ **ਸਿਆਣਾ** ਹੈ ।

(ਖ) ਸਕਰਮਕ ਕ੍ਰਿਆ ਦੇ ਪੂਰਕ ਨੂੰ **ਕਰਮ-ਪੂਰਕ** ਆਖਦੇ ਹਨ, ਕਿਉਂਕਿ ਇਸ ਦਾ ਸੰਬੰਧ ਕਰਮ ਨਾਲ ਹੁੰਦਾ ਹੈ ; ਜਿਵੇਂ ਉਪਰਲੇ ਵਾਕ ਵਿੱਚ 'ਸਿਆਣਾ' ਪਦ ਦਾ ਸੰਬੰਧ ਮੋਹਣ ਨਾਲ ਹੈ ।

'ਤੂੰ **ਅਫਸਰ** ਬਣ ਗਿਆ ਹੈਂ' ਵਿੱਚ 'ਅਫਸਰ' ਉਦੇਸ਼-ਪੂਰਕ ਹੈ ।

੨੭੧. **ਸਜਾਤੀ ਕਰਮ**—ਜਦ ਕ੍ਰਿਆ ਅਤੇ ਕਰਮ ਇੱਕੋ ਧਾਤੂ ਤੋਂ ਬਣੇ ਹੋਣ, ਤਦ ਉਹ ਅਕਰਮਕ ਕ੍ਰਿਆ ਵੀ ਸਕਰਮਕ ਹੋ ਜਾਂਦੀ ਹੈ ; ਜਿਵੇਂ —

"ਕੁਦਰਤ ਮਾਨੋ ਆਪ **ਨਚ ਰਹੀ ਨਾਚ ਹੈ ।**"

ਮਟਕ ਹੁਲਾਰੇ ।

ਉਹ ਭੈੜੀ **ਚਾਲ ਚਲਦਾ** ਹੈ ।

ਤੂੰ ਕਿਹੜੀ **ਖੇਡ** ਨਹੀਂ **ਖੇਡੀ** ?

"ਡਿੱਠਾ ਥਾਉਂ ਕੁਥਾਉਂ, ਨਾ **ਸੋਚ ਸੋਚੀ**, ਸੱਭੋ ਇਕਸੇ ਰਾਹ ਲੰਘਾਇਓ ਈ ।"

ਨਲ ਦਮਿਅੰਤੀ ।

ਇਨ੍ਹਾਂ ਵਾਕਾਂ ਵਿੱਚ 'ਨਾਚ', 'ਚਾਲ', 'ਖੇਡ' ਅਤੇ 'ਸੋਚ' **ਸਜਾਤੀ ਕਰਮ** ਹਨ, ਕਿਉਂਕਿ ਇਨ੍ਹਾਂ ਦੀ ਕ੍ਰਿਆ ਅਤੇ ਕਰਮ ਇੱਕੋ ਧਾਤੂ ਤੋਂ ਬਣੇ ਹਨ ।

Digitized by Panjab Digital Library | www.panjabdigilib.org

੨੭੨. **ਦੁਕਰਮਕ ਕ੍ਰਿਆਵਾਂ** ਦੱਸ, ਸੁਣਾ, ਪੜ੍ਹਾ, ਸੌਂਪ, ਦੇ, ਭੇਜ, ਆਖ ਅਤੇ ਇਨ੍ਹਾਂ ਦੇ ਸਮਾਨ ਅਰਥ ਪਰਗਟ ਕਰਨ ਵਾਲੀਆਂ **ਦੁਕਰਮਕ ਕ੍ਰਿਆਵਾਂ** ਦੇ ਦੋ ਕਰਮ ਹੁੰਦੇ ਹਨ —ਇੱਕ **ਪਰਧਾਨ ਕਰਮ** ਅਤੇ ਦੂਜਾ **ਅਪਰਧਾਨ ਕਰਮ**। ਪਰਧਾਨ ਕਰਮ ਦਾ ਸਾਧਾਰਣ ਰੂਪ ਹੁੰਦਾ ਹੈ ਅਤੇ ਅਪਰਧਾਨ ਕਰਮ ਦਾ ਸੰਬੰਧਕੀ ਰੂਪ। ਆਮ ਤੌਰ ਤੇ ਪਰਧਾਨ ਕਰਮ ਪਦਾਰਥ ਦਾ ਬੋਧ ਕਰਾਉਂਦਾ ਹੈ ਅਤੇ ਅਪਰਧਾਨ ਕਰਮ ਕਿਸੇ ਜੀਵ ਦਾ।

ਰੋਗੀ **ਵੈਦ ਨੂੰ** ਆਪਣਾ **ਰੋਗ** ਦੱਸਦਾ ਹੈ।
**ਮੈਨੂੰ** ਸਾਰੀ **ਗੱਲ** ਸੁਣਾਓ।
**ਮੁੰਡਿਆਂ ਨੂੰ ਕੁਝ** ਸਿਖਾਓ-ਪੜ੍ਹਾਓ।
ਉਹ **ਅਨਾਥਾਂ ਨੂੰ ਦਾਨ** ਦੇਂਦਾ ਹੈ।

ਕਦੇ ਦੋਵਾਂ ਹੀ ਕਰਮਾਂ ਦੇ ਸੰਬੰਧਕੀ ਰੂਪ ਹੁੰਦੇ ਹਨ ; ਜਿਵੇਂ :—

**ਮੈਨੂੰ ਸੌਂਪ ਕੇ ਰੱਬ ਨੂੰ** ਜਾਓ ਡੇਰੇ। 'ਹੀਰ'—ਮੁਕਬਿਲ।

ਕਦੇ ਪਦਾਰਥ ਦਾ ਬੋਧ ਕਰਾਉਣ ਵਾਲੇ ਕਰਮ ਨਾਲ ਵੀ 'ਨੂੰ' ਵਰਤਿਆ ਜਾਂਦਾ ਹੈ; ਜਿਵੇਂ :—

"ਹੇ ਹੁਕਮ ਨੂੰ ਛੋੜ ਫਕੀਰ ਹੋਇਆ,
ਇਬਰਾਹੀਮ ਅਦਹਮ ਸੁਲਤਾਨ ਮੀਆਂ।"
ਸੀ-ਹਰਫ਼ੀ—ਹਿਦਾਯਤੁੱਲਾ।

੨੭੩. ਕ੍ਰਿਆ-ਪਦ ਦੇ ਮੁੱਢ ਨੂੰ, ਅਰਥਾਤ ਰੂਪਾਂ ਦੇ ਉਸ ਸਾਂਝੇ ਅੰਸ਼ ਨੂੰ, ਜੋ ਕ੍ਰਿਆਪਦ ਦੇ ਅਰਥ ਦਾ ਬੋਧ ਕਰਾਉਂਦਾ ਹੈ, **ਧਾਤੂ** ਆਖਦੇ ਹਨ; ਜਿਵੇਂ :—ਬੋਲੋ ਬੋਲਾਂ, ਬੋਲਿਆ, ਬੋਲਦਾ—ਇਨ੍ਹਾਂ ਸਭਣਾਂ ਰੂਪਾਂ ਵਿੱਚ 'ਬੋਲ' ਅੰਸ਼ ਸਾਂਝਾ ਹੈ ਅਤੇ ਇਹ ਹੀ ਇਨ੍ਹਾਂ ਰੂਪਾਂ ਦਾ ਮੂਲ-ਮੁੱਢ ਹੈ। ਦੂਜੇ ਸ਼ਬਦਾਂ ਵਿੱਚ ਇਹ ਰੂਪ 'ਬੋਲ' ਧਾਤੂ (ਕ) ਤੋਂ ਬਣੇ ਹਨ।

ਚੇਤੇ ਰਹੇ ਕਿ ਪੰਜਾਬੀ ਕ੍ਰਿਆ ਦਾ ਧਾਤੂ ਸਦਾ ਆਗਿਆਰਥ ਦੇ ਮੱਧਮ ਪੁਰਖ, ਇਕ ਵਚਨ ਨਾਲ ਮਿਲਦਾ ਹੈ।

੨੭੪. ਕ੍ਰਿਆਪਦ ਦੇ ਦੋ ਅੰਗ ਹੁੰਦੇ ਹਨ—**ਧਾਤੂ** ਅਤੇ **ਵਿਭਕਤੀ**।

ਧਾਤੂ ਦੇ ਪਿੱਛੇ ਜਿਹੜੀ ਵਿਭਕਤੀ ਜੁੜੀ ਹੋਵੇ, ਉਸ ਨੂੰ **ਕ੍ਰਿਆ-ਵਿਭਕਤੀ** ਆਖਦੇ ਹਨ। ਦੂਜਿਆਂ ਸ਼ਬਦਾਂ ਵਿੱਚ ਇਕ ਜਾਂ ਬਹੁਤੇ ਅੱਖਰ ਜੋ ਧਾਤੂ ਦੇ ਅੰਤ ਵਿੱਚ

(ਕ) ਕਈਆਂ ਵਿਆਕਰਣਾਂ ਵਿੱਚ ਚਲਣਾ, ਸੌਣਾ, ਜਾਗਣਾ ਆਦਿ ਹੀ ਧਾਤੂ ਦੱਸੇ ਗਏ ਹਨ, ਪਰ ਅਸਲ ਵਿੱਚ ਇਹ ਕਾਰਦੰਤਕ ਹਨ ਅਤੇ ਚਲ, ਸੌਂ, ਜਾਗ ਆਦਿ ਨਾਲ -ਣਾ ਜੋੜ ਕੇ ਬਣਾਏ ਗਏ ਹਨ। ਕਈਆਂ ਕੋਸ਼ਾਂ ਵਿੱਚ ਵੀ ਇਹੋ ਭੁੱਲ ਦਿਸਦੀ ਹੈ।

Digitized by Panjab Digital Library | www.panjabdigilib.org

ਜੋੜੇ ਜਾਂਦੇ ਹਨ, ਕ੍ਰਿਆ-ਵਿਭਕਤੀ ਕਹਾਉਂਦੇ ਹਨ ; ਜਿਵੇਂ :—'ਪੜ੍ਹਾਂ' ਵਿੱਚ 'ਪੜ੍ਹ' ਧਾਤੂ ਹੈ ਅਤੇ '-ਆਂ' ਵਿਭਕਤੀ ਹੈ ਜੋ ਉੱਤਮ ਪੁਰਖ, ਇਕ ਵਚਨ ਦਾ ਬੋਧ ਕਰਾਉਂਦੀ ਹੈ ।

ਕ੍ਰਿਆ ਦਾ ਬੋਧ ਕਰਾਉਣ ਲਈ ਧਾਤੂ ਨਾਲ ਅਨੇਕ ਵਿਭਕਤੀਆਂ ਜੋੜ ਕੇ ਭਾਂਤ ਭਾਂਤ ਦੇ ਰੂਪ ਬਣਾਏ ਜਾਂਦੇ ਹਨ ; ਜਿਵੇਂ :—

ਕਰ—ਆਂ=ਕਰਾਂ, ਕਰ—ਏ=ਕਰੇ,
ਕਰ—ਦਾ=ਕਰਦਾ, ਕਰ—ਨਾ=ਕਰਨਾ ।
ਏਥੇ '-ਆਂ' '-ਏ', '-ਦਾ', '-ਨਾ' ਇਹ ਕ੍ਰਿਆ-ਵਿਭਕਤੀਆਂ ਹਨ ।

੨੭੫. ਉਤਪੱਤੀ ਦੇ ਅਨੁਸਾਰ ਧਾਤੂ ਦੋ ਤਰ੍ਹਾਂ ਦੇ ਹਨ :—
(੧) ਮੂਲ ਅਤੇ (੨) ਸਾਧਿਤ ।

੨੭੬. ਜਿਹੜੇ ਧਾਤੂ ਹੋਰ ਕਿਸੇ ਧਾਤੂ ਤੋਂ ਨਹੀਂ ਬਣੇ ਹੁੰਦੇ, ਉਹ **ਮੂਲ ਧਾਤੂ** ਕਹੇ ਜਾਂਦੇ ਹਨ ; ਜਿਵੇਂ :—ਜਾ, ਚਲ, ਆ, ਪੀ, ਸੁਣ, ਆਦਿ ।

੨੭੭. ਜਿਹੜੇ ਧਾਤੂ ਹੋਰਨਾਂ ਸ਼ਬਦਾਂ ਤੋਂ ਬਣੇ ਹੁੰਦੇ ਹਨ, ਉਹ **ਸਾਧਿਤ ਧਾਤੂ** ਕਹੇ ਜਾਂਦੇ ਹਨ । ਇਹ ਸਾਧਿਤ ਧਾਤੂ ਤਿੰਨ ਤਰ੍ਹਾਂ ਦੇ ਹਨ :—

(੧) ਪ੍ਰੇਰਣਾਰਥਕ ਧਾਤੂ—ਲਿਖਾ, ਪੜ੍ਹਾ, ਚਲਾ, ਖਲ੍ਹਾਰ । ਇਹ ਲਿਖ, ਪੜ੍ਹ, ਚਲ ਅਤੇ ਖਲੋ ਧਾਤੂਆਂ ਤੋਂ ਬਣਾਏ ਗਏ ਹਨ ।

(੨) ਨਾਂਵ-ਧਾਤੂ—ਦੁਖਾ, ਸੁਖਾ, ਕਮਾ, ਪਿਆਰ, ਖਰਚ । ਇਹ ਦੁੱਖ, ਸੁਖ, ਕੰਮ, ਪਿਆਰ ਅਤੇ ਖਰਚ—ਇਨ੍ਹਾਂ ਨਾਂਵਾਂ ਤੋਂ ਬਣੇ ਹਨ ।

(੩) ਧੁਨੀ-ਆਤਮਕ—ਭੌਂ-ਕ, ਛੂ-ਕ, ਸੂ-ਕ, ਗੜ-ਕ, ਛਣ-ਕ । ਇਹ ਧਾਤੂ ਭੌਂ, ਛੂ, ਸੂ, ਗੜ, ਅਤੇ ਛਣ ਧੁਨੀਆਂ ਜਾਂ ਅਵਾਜ਼ਾਂ ਦੇ ਨਾਲ -ਕ ਜੋੜਨ ਤੇ ਬਣੇ ਹਨ ।

੨੭੮. ਹੇਠ ਸੰਖੇਪ ਨਾਲ ਦਸਿਆ ਜਾਂਦਾ ਹੈ ਕਿ ਕਿਵੇਂ ਪੰਜਾਬੀ ਦੇ ਧਾਤੂਆਂ ਦੀ ਉਤਪੱਤੀ ਹੋਈ ਹੈ :—

(੧) ਪੰਜਾਬੀ ਦੇ ਕੁਝ ਧਾਤੂਆਂ ਦੀ ਉਤਪੱਤੀ ਕ੍ਰਿਆਪਦ ਦੇ ਉਸ ਅੰਗ ਤੋਂ ਹੋਈ ਹੈ ਜਿਹੜਾ ਸਰਬਧਾਤੁਕ ਪਿਛੇਤਰ ਤੋਂ ਪਹਿਲਾਂ ਹੁੰਦਾ ਹੈ; ਜਿਵੇਂ :—

ਪੰ० √ਪੁੱਛ <ਸੰ० पृच्छति ।

(੨) ਸੰਸਕ੍ਰਿਤ ਦੇ ਉਪਸਰਗ-ਸਹਿਤ ਅੰਗ ਤੋਂ ਵੀ ਪੰਜਾਬੀ ਦੇ ਕੁਝ ਧਾਤੂ ਨਿਕਲੇ ਹਨ ; ਜਿਵੇਂ :—ਪੰ० √ਪਸਰ <प्रसर-ति ।

(੩) ਪੰਜਾਬੀ ਦੇ ਕੁਝ ਧਾਤੂਆਂ ਦਾ ਵਿਕਾਸ ਵਿਕਰਣ-ਸਹਿਤ ਸੰਸਕ੍ਰਿਤ ਧਾਤੂਆਂ ਤੋਂ ਹੋਇਆ ਹੈ ; ਜਿਵੇਂ :—

ਪੰ० √ਨੱਚ <ਸੰ० नृत्य-ति, ਪੰ० √ਸੁਣ <ਸੰ० शृणु ।

Digitized by Panjab Digital Library | www.panjabdigilib.org

(੪) ਸੰਸਕ੍ਰਿਤ ਦੇ ਭੂਤ ਕਾਰਦੰਤਕ ਤੋਂ; ਜਿਵੇਂ :—

ਸੰ० नष्ट > ਪੰ० √ਨੱਠ,

ਸੰ० उपविष्ट > ਪੰ० √ਬੈਠ,

ਸੰ० जित > ਪੰ० √ਜਿੱਤ,

ਸੰ० भुक्त > ਪੰ० √ਭੁਗਤ ।

(੫) ਸੰਸਕ੍ਰਿਤ ਦੇ ਦੂਜਿਆਂ ਕਾਲਾਂ ਦੇ ਅੰਗਾਂ ਤੋਂ ; ਜਿਵੇਂ :—

ਪੰ० √ਦੇਖ < ਸੰ० द्रक्ष्य-ति ।

(੬) ਸੰਸਕ੍ਰਿਤ ਦੇ ਕਰਮ-ਵਾਚ ਦੇ ਅੰਗ ਤੋਂ; ਜਿਵੇਂ :—

ਸੰ० दृश्य-ते > ਪੰ० √ਦਿਸ,

ਸੰ० उत्पद्य-ते > ਪੰ० √ਉਪਜ,

ਸੰ० बध्य-ते > ਪੰ० √ਬੱਝ,

ਸੰ० तप्य-ते > ਪੰ० √ਤਪ,

ਸੰ० पच्य-ते > ਪੰ० √ਪਚ ।

(੭) ਸੰਸਕ੍ਰਿਤ ਦੇ ਕੁਝ ਪ੍ਰੇਰਣਾਰਥਕ ਧਾਤੂ ਪੰਜਾਬੀ ਵਿੱਚ ਮੂਲ-ਧਾਤੂ ਬਣ ਗਏ ਹਨ ; ਜਿਵੇਂ :—

ਸੰ० मारयति > ਪੰ० ਮਾਰੇ—√ਮਾਰ,

ਸੰ० दर्शयति > ਪੰ० ਦੱਸੇ—ਦੱਸ ।

(੮) ਪੰਜਾਬੀ ਦੇ ਕੁਝ ਧਾਤੂ ਅਜਿਹੇ ਹਨ ਜੋ ਧਾਤੂਆਂ ਜਾਂ ਮੂਲ ਸ਼ਬਦਾਂ ਦੇ ਪਿੱਛੇ -ਕ, -ਗ, -ਕਾਰ ਲਗਾਕੇ ਬਣਾਏ ਗਏ ਹਨ ।

ਕੁਦਰਤੀ ਅਵਾਜ਼ਾਂ ਪਿੱਛੇ -ਕ ਲਗਾਕੇ :—

ਸ਼ੂ-ਕ, ਸੂ-ਕ, ਹੌਂ-ਕ, ਹਿਣ-ਕ, ਹੂ-ਕ, ਕੂ-ਕ, ਖੜ-ਕ, ਗੜ-ਕ, ਚੂਹ-ਕ, ਛਣ-ਕ, ਟਣ-ਕ, ਟੌਂ-ਕ, ਭੁਸ-ਕ, ਬੁਸ-ਕ, ਭਿਣ-ਕ, ਭੌਂ-ਕ ।

ਧਾਤੂਆਂ ਜਾਂ ਮੂਲ ਸ਼ਬਦਾਂ ਦੇ ਪਿੱਛੇ -ਕ ਲਗਾ ਕੇ; ਜਿਵੇਂ :- ਅਟ-ਕ, ਸਰ-ਕ, ਹਟ-ਕ, ਖਿਸ-ਕ, ਧਸ-ਕ, ਮੁੜ-ਕ, ਲਿਸ਼-ਕ ।

-ਗ ਜਾਂ-ਘ ਲਗਾਕੇ ; ਜਿਵੇਂ—ਖੰ-ਘ, ਹੀਂ-ਗ, ਹੂੰ-ਗ ।

-ਕਾਰ ਲਗਾ ਕੇ ; ਜਿਵੇਂ :—ਪੁਚ-ਕਾਰ, ਦੁਰ-ਕਾਰ, ਚਮ-ਕਾਰ, ਫਿਟ-ਕਾਰ ।

(੯) (ਕ) ਪੰਜਾਬੀ ਦੇ ਕੁਝ ਧਾਤੂ ਸੰਸਕ੍ਰਿਤ ਦੇ ਦੋ ਧਾਤੂਆਂ ਦੇ ਮੇਲ ਤੋਂ ਬਣੇ ਹਨ; ਜਿਵੇਂ :—

ਸੰ० रुध् + कृ > ਪੰ० √ਰੁਕ,

ਸੰ० लम्ब् + कृ > ਪੰ० ਲਮਕ ।

Digitized by Panjab Digital Library | www.panjabdigilib.org

(ਖ) ਕਦੇ ਦੋ ਧਾਤੂ ਮਿਲ ਕੇ ਇਕ ਹੋਏ ਨਜ਼ਰ ਆਉਂਦੇ ਹਨ; ਜਿਵੇਂ :—
ਪਾਲ-ਪੋਸ > ਪਲੋਸ (ਕ)।

(੧੦) ਨਾਂਵਾਂ ਤੋਂ ਵੀ ਧਾਤੂ ਬਣਾਏ ਜਾਂਦੇ ਹਨ। ਇਸ ਲਈ ਦੇਖੋ ਖੰਡ ਸੰਖਿਆ ੨੮੫।

੨੭੯. ਜਿਸ ਕ੍ਰਿਆ ਦਾ ਕਰਤਾ ਆਪ ਉਸ ਕੰਮ ਨੂੰ ਨਹੀਂ ਕਰਦਾ, ਕਿਸੇ ਦੂਜੇ ਕੋਲੋਂ ਇਹ ਕੰਮ ਕਰਾਉਂਦਾ ਹੈ ਜਾਂ ਕੰਮ ਕਰਾਉਣ ਦੀ ਪ੍ਰੇਰਨਾ ਕਰਦਾ ਹੈ, ਉਸ ਕ੍ਰਿਆ ਨੂੰ **ਪ੍ਰੇਰਣਾਰਥਕ** ਕ੍ਰਿਆ ਕਹਿੰਦੇ ਹਨ ; ਜਿਵੇਂ :—

ਉਹ ਲਾਂਗਰੀ ਕੋਲੋਂ ਰੋਟੀ **ਪਕਵਾਂਦਾ ਹੈ**।
ਰਾਮ ਮੁੰਡੇ ਤੋਂ ਚਿੱਠੀ **ਲਿਖਵਾਂਦਾ ਹੈ**।

੨੮੦. ਸਭ ਪ੍ਰੇਰਣਾਰਥਕ ਧਾਤੂ ਸਕਰਮਕ ਹੁੰਦੇ ਹਨ, ਭਾਵੇਂ ਅਕਰਮਕ ਧਾਤੂਆਂ ਤੋਂ ਬਣੇ ਹੋਣ ਅਤੇ ਭਾਵੇਂ ਸਕਰਮਕਾਂ ਤੋਂ ; ਜਿਵੇਂ :—ਮੁੰਡਾ **ਦੌੜਦਾ ਹੈ** ; ਉਹ ਮੁੰਡੇ ਨੂੰ ਦੌੜਾਂਦਾ (ਦੁੜਾਂਦਾ) ਹੈ।

੨੮੧. ਸਕਰਮਕ ਧਾਤੂ ਤੋਂ ਬਣੀ ਪ੍ਰੇਰਣਾਰਥਕ ਕ੍ਰਿਆ ਦੁਕਰਮਕ ਹੁੰਦੀ ਹੈ ; ਜਿਵੇਂ :—ਰਾਮ ਪਾਣੀ ਪੀਂਦਾ ਹੈ। ਰਾਮ **ਸ਼ਾਮ ਨੂੰ ਪਾਣੀ** ਪਿਲਾਂਦਾ ਹੈ। ਏਥੇ ਦੂਜੇ ਵਾਕ ਵਿੱਚ 'ਪਿਲਾਂਦਾ ਹੈ' ਦੇ ਦੋ ਕਰਮ ਹਨ—'ਸ਼ਾਮ ਨੂੰ' ਅਤੇ 'ਪਾਣੀ'। ਦੁਕਰਮਕ ਧਾਤੂ ਤੋਂ ਬਣੀ ਪ੍ਰੇਰਣਾਰਥਕ ਕ੍ਰਿਆ ਦੁਕਰਮਕ ਹੀ ਰਹਿੰਦੀ ਹੈ; ਜਿਵੇਂ :—ਰਾਮ ਸ਼ਾਮ ਤੋਂ ਬੱਚੇ ਨੂੰ ਪਾਣੀ ਪਿਲਵਾਂਦਾ ਹੈ।

੨੮੨. ਚਾਹ, ਸਕ, ਆ, ਜਾ ਆਦਿ ਕੁਝ ਧਾਤੂਆਂ ਦੇ ਪ੍ਰੇਰਣਾਰਥਕ ਰੂਪ ਨਹੀਂ ਹੁੰਦੇ।

੨੮੩. ਪੰਜਾਬੀ ਦੇ ਪ੍ਰੇਰਣਾਰਥਕ ਧਾਤੂ ਇਸ ਤਰ੍ਹਾਂ ਬਣਾਏ ਜਾਂਦੇ ਹਨ :—

(੧) ਵਿਅੰਜਨਾਂਤ ਮੂਲ ਧਾਤੂ ਦੇ ਪਿੱਛੇ -ਆ ਲਗਾ ਕੇ ; ਜਿਵੇਂ :—ਡਰ—ਡਰਾ, ਲਿਖ—ਲਿਖਾ, ਪੜ੍ਹ—ਪੜ੍ਹਾ ਆਦਿ।

ਇਹ '-ਆ' ਪਿਛੇਤਰ ਬਲ ਵਾਲਾ ਹੁੰਦਾ ਹੈ, ਇਸ ਕਰਕੇ ਮੂਲ ਧਾਤੂ ਦੀ ਅਧਕ ਜਾਂ ਟਿੱਪੀ ਜਾਂਦੀ ਰਹਿੰਦੀ ਹੈ ਅਤੇ ਧਾਤੂ ਦਾ ਲੰਮਾ ਸੂਰ ਵੀ ਹ੍ਰਸ੍ਵ (=ਛੋਟਾ) ਹੋ ਜਾਂਦਾ ਹੈ ; ਜਿਵੇਂ :—

ਪੁੱਛ—ਪੁਛਾ, ਲੁੱਟ—ਲੁਟਾ, ਕੱਟ—ਕਟਾ, ਉੱਠ—ਉਠਾ, ਜਾਗ—ਜਗਾ, ਚੀਰ—ਚਿਰਾ, ਪੀ—ਪਿਆ, ਧੋ—ਧੁਆ, ਕੂ—ਕੁਆ, ਬੈਠ—ਬਿਠਾ, ਬੋਲ—ਬੁਲਾ, ਦੌੜ—ਦੁੜਾ ਆਦਿ।

(੨) ਆਕਾਰਾਂਤ ਪ੍ਰੇਰਣਾਰਥਕ ਧਾਤੂਆਂ ਵਿੱਚੋਂ ਕਈ ਅਜਿਹੇ ਵੀ ਹਨ ਜਿਨ੍ਹਾਂ ਦੇ ਅੰਤ ਵਿੱਚ ਨਿਰਰਥਕ -ਲ ਲੱਗਾ ਹੋਇਆ ਹੈ ; ਜਿਵੇਂ :—

(ਕ) A Phonology of Panjabi—Banarsi Dass Jain.

Digitized by Panjab Digital Library | www.panjabdigilib.org

ਉਠਾ—ਉਠਾਲ, ਖੁਆ—ਖੁਆਲ, ਸੁਆ—ਸੁਆਲ, ਪਿਆ—ਪਿਆਲ, ਬਿਠਾ—ਬਿਠਾਲ, ਵਿਖਾ—ਵਿਖਾਲ।

ਇਨ੍ਹਾਂ ਧਾਤੂਆਂ ਦੇ ਪਿੱਛੇ ਦੋ ਪਿਛੇਤਰ 'ਆ' ਅਤੇ '-ਲ' ਪਹਿਲਾਂ ਹੀ ਲੱਗੇ ਹੋਏ ਹਨ। ਕਈ ਵਾਰੀ ਇਨ੍ਹਾਂ ਦੇ ਪਿੱਛੇ ਇਕ ਹੋਰ '-ਆ' ਜੋੜ ਕੇ ਪ੍ਰੇਰਣਾਰਥਕ ਧਾਤੂ ਬਣਾਇਆ ਜਾਂਦਾ ਹੈ ; ਜਿਵੇਂ ੩—

ਬਿਠਾਲ -ਆ > *ਬਿਠਾਲਾ > ਬਿਠਲਾ,

ਵਿਖਾਲ -ਆ > *ਵਿਖਾਲਾ > ਵਿਖਲਾ,

ਸਿਖਾਲ -ਆ > ਸਿਖਲਾ ਆਦਿ।

ਇਨ੍ਹਾਂ ਦੀ ਰੀਸੇ ਕਈਆਂ ਹੋਰਨਾਂ ਪ੍ਰੇਰਣਾਰਥਕਾਂ ਦੇ ਪਿੱਛੇ ਵੀ -ਲਾ ਜੋੜਿਆ ਗਿਆ ਹੈ ; ਜਿਵੇਂ :—

ਪੀ—ਪਿ-ਲਾ, ਧੋ—ਧੁਲਾ, ਖਾ—ਖਲ਼ਾ।

(੩) ਪਹਿਲੇ ਪ੍ਰੇਰਣਾਰਥਕ ਧਾਤੂ ਦੇ ਅੰਤ ਵਿੱਚ -ਆ ਲਗਾ ਕੇ ਦੂਜਾ ਪ੍ਰੇਰਣਾਥਕ ਬਣਾਇਆ ਜਾਂਦਾ ਹੈ; ਜਿਵੇਂ :—

ਕਰਾ-ਆ> ਕਰਵਾ, ਚਲਾ-ਆ > ਚਲਵਾ, ਲਿਖਾ-ਆ> ਲਿਖਵਾ, ਪੜ੍ਹਾ-ਆ>ਪੜ੍ਹਵਾ, ਲੁਟਾ-ਆ > ਲੁਟਵਾ, ਕਟਾ-ਆ > ਕਟਵਾ ਆਦਿ।

ਦੂਜੇ '-ਆ' ਉਪਰ ਬਲ ਹੋਣ ਦੇ ਕਾਰਨ ਪਹਿਲੇ 'ਆ' ਦੀ ਥਾਂ 'ਅ' ਹੋ ਜਾਂਦਾ ਹੈ ਅਤੇ ਨਾਲੇ ਹੀ 'ਵ' ਦਾ ਆਗਮ ਹੁੰਦਾ ਹੈ।

(੪) ਜਿਨ੍ਹਾਂ ਦੁਅੱਖਰੇ ਵਿਅੰਜਨਾਂਤ ਧਾਤੂਆਂ ਦੇ ਦੂਜੇ ਅੱਖਰ ਦਾ ਸੁਰ ਹ੍ਰਸ੍ਵ (ਛੋਟਾ) ਹੁੰਦਾ ਹੈ, ਉਨ੍ਹਾਂ ਦਾ ਪ੍ਰੇਰਣਾਰਥਕ 'ਆ' ਲਗਾ ਕੇ ਬਣਾਇਆ ਜਾਂਦਾ ਹੈ; ਜਿਵੇਂ ੩—

ਸਮਝ—ਸਮਝਾ, ਉਲਟ—ਉਲਟਾ।

੨੮੪. ਅਕਰਮਕ ਧਾਤੂਆਂ ਤੋਂ ਸਕਰਮਕ ਧਾਤੂ ਇਸ ਤਰ੍ਹਾਂ ਬਣਾਏ ਜਾਂਦੇ ਹਨ :—

(੧) ਮੂਲ ਧਾਤੂ ਦੇ 'ਅ' ਦੀ ਥਾਂ '-ਆ ਕਰਕੇ; ਜਿਵੇਂ :—

ਠਰ (=ਠਰ੍)—ਠਾਰ, ਟਲ—ਟਾਲ, ਸੜ—ਸਾੜ, ਕੜ੍ਹ—ਕਾੜ੍ਹ, ਮਰ—ਮਾਰ, ਪਲ—ਪਾਲ, ਤਰ—ਤਾਰ, ਬਲ—ਬਾਲ, ਉੱਤਰ—ਉੱਤਾਰ, ਜਲ—ਜਾਲ।

(੨) ਮੂਲ ਧਾਤੂ ਦੇ ਹ੍ਰਸ੍ਵ ਸੁਰ ਦੀ ਥਾਂ ਗੁਣ ਕਰਕੇ; ਜਿਵੇਂ ੩—

ਸਿਕ—ਸੇਕ, ਟਿਕ—ਟੇਕ, ਗਿੜ—ਗੇੜ, ਮਿਲ—ਮੇਲ, ਮਿਟ—ਮੇਟ, ਡਿਗ—ਡੇਗ, ਤੁਰ—ਤੋਰ, ਘੁਲ—ਘੋਲ, ਤੁਲ—ਤੋਲ, ਡੁਬ—ਡੋਬ, ਜੁੜ—ਜੋੜ ਆਦਿ।

Digitized by Panjab Digital Library | www.panjabdigilib.org

(੩) ਕੁਝ ਅਜਿਹੇ ਅਕਰਮਕ ਵੀ ਹਨ, ਜਿਨ੍ਹਾਂ ਤੋਂ ਸਕਰਮਕ ਧਾਤੂ ਬਣਾਉਣ ਵੇਲੇ ਮੂਲ ਧਾਤੂ ਦਾ ਸ੍ਵਰ ਅਤੇ ਅੰਤਲਾ ਵਿਅੰਜਨ ਦੋਵੇਂ ਬਦਲ ਜਾਂਦੇ ਹਨ; ਜਿਵੇਂ :—

| ਅਕਰਮਕ | ਸਕਰਮਕ | ਅਕਰਮਕ | ਸਕਰਮਕ |
|---|---|---|---|
| ਵਿਕ | ਵੇਚ, | ਪਿਸ | ਪੀਹ, |
| ਖੁੱਸ | ਖੋਹ, | ਫਿੱਸ | ਫੇਹ । |

(੪) ਕੁਝ ਸਕਰਮਕ ਧਾਤੂ ਬੇਨੇਮੇ ਬਣੇ ਹਨ; ਜਿਵੇਂ :—

ਭੱਜ—ਭੰਨ, ਪੈ—ਪਾ, ਗਹਿ—ਗਾਹ, ਢਹਿ—ਢਾਹ, ਛੁਟ—ਛੱਡ, ਲੱਗ—ਲਾ, ਗੁਵਾਚ—ਗੁਵਾ, ਰਹਿ—ਰੱਖ, ਦਿਸ—ਦੇਖ, ਤਪ—ਤਾ, ਵਿੱਝ—ਵਿੰਨ੍ਹ ।

ਜਿਨ੍ਹਾਂ ਮੂਲ ਧਾਤੂਆਂ ਉਪਰ ਅਧਕ ਹੈ, ਉਹ ਉੱਡ ਗਈ ਹੈ, ਕਿਉਂ ਜੁ ਹ੍ਰਸ੍ਵ ਸ੍ਵਰ ਦੀ ਥਾਂ ਦੀਰਘ ਜਾਂ ਗੁਣ ਹੋ ਗਿਆ ਹੈ ।

ਉਪਰਲਿਆਂ ਉਦਾਹਰਣਾਂ ਤੋਂ ਸਾਫ ਦਿਸਦਾ ਹੈ ਕਿ ਵਿਅੰਜਨ ਦੀ ਥਾਂ ਉਸ ਦੇ ਸੰਬੰਧੀ ਵਿਅੰਜਨ ਨੇ ਹੀ ਲਈ ਹੈ; ਜਿਵੇਂ :—'ਕ' ਦੀ ਥਾਂ 'ਚ' ਨੇ ਅਤੇ 'ਸ' ਦੀ ਥਾਂ 'ਹ' ਨੇ ।

## ਨਾਂਵ-ਧਾਤੂ

੨੯੫. ਨਾਂਵ ਜਾਂ ਵਿਸ਼ੇਸ਼ਣ ਤੋਂ ਜੋ ਧਾਤੂ ਬਣਾਏ ਜਾਂਦੇ ਹਨ, ਉਨ੍ਹਾਂ ਨੂੰ **ਨਾਂਵ-ਧਾਤੂ** ਆਖਦੇ ਹਨ ।

ਇਹ ਤਿੰਨ ਤਰ੍ਹਾਂ ਬਣਾਏ ਜਾਂਦੇ ਹਨ :—

(੧) ਨਾਂਵ ਬਦਲਣ ਬਿਨਾ ਹੀ ਨਾਂਵ-ਧਾਤੂ ਦਾ ਕੰਮ ਦੇਂਦਾ ਹੈ; ਜਿਵੇਂ :— ਮੂਤ, ਫਾਹ, ਪਿਆਰ, ਛੱਤ, ਸੰਗਾਰ, ਬੀਜ, ਵਣਜ, ਭੋਗ, ਸੱਲ ।

(੨) ਵਿਸ਼ੇਸ਼ਣ ਹੀ ਨਾਂਵ-ਧਾਤੂ ਵਾਂਗ ਵਰਤਿਆ ਜਾਂਦਾ ਹੈ; ਜਿਵੇਂ :—
ਸੁੱਕ (< ਸੰ० शुष्क), ਪੱਕ (< ਸੰ० पक्व) ।

ਦੋਹਰਾ ਤੋਂ √ਦੋਹਰਾ ਬਣਾਉਣ ਲੱਗੇ ਬਲ ਦਾ ਟਿਕਾਣਾ ਬਦਲ ਗਿਆ ਹੈ ।

(੩) ਨਾਂਵ ਜਾਂ ਵਿਸ਼ੇਸ਼ਣ ਦੇ ਪਿੱਛੇ -ਆ ਪਿਛੇਤਰ ਲਗਾਕੇ; ਜਿਵੇਂ :—
ਕੰਮ ਤੋਂ ਕਮਾ, ਸ਼ਰਮ ਤੋਂ ਸ਼ਰਮਾ, ਚੱਕਰ ਤੋਂ ਚਕਰਾ ਆਦਿ ਨਾਂਵਾਂ ਤੋਂ ਬਣੇ ਹਨ ।

ਗਰਮ ਤੋਂ ਗਰਮਾ, ਲੰਗੜਾ ਤੋਂ ਲੰਗੜਾ, ਵੱਡਾ ਤੋਂ ਵਡਿਆ—ਇਹ ਵਿਸ਼ੇਸ਼ਣਾਂ ਤੋਂ ਬਣਾਏ ਗਏ ਹਨ ।

-ਆ ਪਿਛੇਤਰ ਦੇ ਲੱਗਣ ਕਰਕੇ ਬਲ ਨਾਂਵ-ਧਾਤੂ ਦੇ ਅੰਤਲੇ ਅੱਖਰ ਉੱਪਰ ਦਿੱਤਾ ਜਾਂਦਾ ਹੈ ।

Digitized by Panjab Digital Library | www.panjabdigilib.org

ਚੇਤੇ ਰਹੇ ਕਿ ਦੁਖਾ, ਸੁਕਾ, ਪਕਾ—ਇਹ ਪ੍ਰੇਰਣਾਰਥਕ ਧਾਤੂ ਹਨ ਜੋ √ਦੁਖ, √ਸੁਕ, √ਪੱਕ ਮੂਲ ਧਾਤੂਆਂ ਤੋਂ ਬਣਾਏ ਗਏ ਹਨ।

ਕੁਝ ਨਾਂਵ-ਧਾਤੂ ਵਿਦੇਸ਼ੀ ਸ਼ਬਦਾਂ ਤੋਂ ਵੀ ਬਣਾਏ ਗਏ ਹਨ; ਜਿਵੇਂ :—

ਫ਼ਾ੦ ਦਾਗ਼ ਤੋਂ √ਦਾਗ,
ਅ੦ ਨੱਸ਼ ਤੋਂ √ ਨਸ਼ਿਆ,
ਅ੦ ਕ਼ਬੂਲ ਤੋਂ √ਕਬੂਲ,
ਫ਼ਾ੦ ਗਰਮ ਤੋਂ ਗਰਮਾ।

## ਕ੍ਰਿਆ ਦਾ ਰੂਪਾਂਤਰ

੨੮੬. ਕ੍ਰਿਆ ਦੇ ਰੂਪ ਪੁਰਖ, ਲਿੰਗ, ਵਚਨ, ਕਾਲ, ਅਰਥ ਅਤੇ ਵਾਚ ਦੇ ਕਾਰਨ ਬਦਲਦੇ ਹਨ।

(੧) ਪੁਰਖ ਤਿੰਨ ਹਨ—ਉੱਤਮ, ਮੱਧਮ ਅਤੇ ਅੱਨ ; ਜਿਵੇਂ :—
ਮੈਂ ਜਾਵਾਂ ; ਤੂੰ ਜਾ ; ਉਹ ਜਾਵੇ।
ਪੁਰਖਭੇਦ ਪੁਰਖਾਦਿਬੋਧਕ ਰੂਪਾਂ ਵਿੱਚ ਹੀ ਦਿਸਦਾ ਹੈ।

(੨) ਲਿੰਗ ਦੋ ਹਨ—ਪੁਲਿੰਗ ਅਤੇ ਇਸਤ੍ਰੀਲਿੰਗ ; ਜਿਵੇਂ :—
ਮੈਂ ਗਿਆ ; ਮੈਂ ਗਈ।
ਕਾਂ ਉਡਿਆ ; ਚਿੜੀ ਉੱਡੀ।
ਲਿੰਗਭੇਦ ਲਿੰਗਾਦਿਬੋਧਕ ਰੂਪਾਂ ਵਿੱਚ ਹੀ ਨਜ਼ਰ ਆਉਂਦਾ ਹੈ।

(੩) ਵਚਨ ਦੋ ਹਨ—ਇਕਵਚਨ ਅਤੇ ਬਹੁਵਚਨ ; ਜਿਵੇਂ :—

| | ਪੁਰਖਾਦਿਬੋਧਕ | ਲਿੰਗਾਦਿਬੋਧਕ |
|---|---|---|
| ਇਕਵਚਨ | ਤੂੰ ਜਾ | ਤੂੰ ਗਿਆ |
| ਬਹੁਵਚਨ | ਤੁਸੀਂ ਜਾਓ | ਤੁਸੀਂ ਗਏ |

ਵਚਨ-ਭੇਦ ਪੁਰਖਾਦਿਬੋਧਕ ਅਤੇ ਲਿੰਗਾਦਿਬੋਧਕ—ਦੋਹਾਂ ਤਰਾਂ ਦੇ—ਰੂਪਾਂ ਵਿੱਚ ਹੁੰਦਾ ਹੈ।

(੪) ਕਾਲ ਤਿੰਨ ਹਨ :—
ਭੂਤ ਕਾਲ : ਜਿਵੇਂ :—ਨੌਕਰ ਆਇਆ।
ਵਰਤਮਾਨ ਕਾਲ ; ਨੌਕਰ ਆਉਂਦਾ ਹੈ।
ਭਵਿੱਖਤ ਕਾਲ ; ਜਿਵੇਂ—ਨੌਕਰ ਆਏਗਾ।

Digitized by Panjab Digital Library | www.panjabdigilib.org

(ਪ) ਅਰਥ ਪੰਜ ਹਨ :—

(੧) ਸ੍ਵਾਰਥ—ਇਸ ਤੋਂ ਨਿਸਚੇ ਦਾ ਬੋਧ ਹੁੰਦਾ ਹੈ ; ਜਿਵੇਂ :—
ਮੁੰਡਾ **ਪੜ੍ਹਦਾ ਹੈ** ।

(੨) ਆਗਿਆਰਥ—ਇਸ ਤੋਂ ਆਗਿਆ ਦਾ ਬੋਧ ਹੁੰਦਾ ਹੈ ; ਜਿਵੇਂ :—
**ਜਾਓ** ਅਤੇ ਛੇਤੀ ਕੰਮ **ਮੁਕਾਓ** ।

(੩) ਸੰਭਾਵਨਾਰਥ—ਇਸ ਤੋਂ ਸੰਭਾਵਨਾ, ਅਨੁਮਾਨ ਆਦਿ ਦਾ ਬੋਧ ਹੁੰਦਾ ਹੈ ; ਜਿਵੇਂ :—

**ਕੀ** ਪਤਾ, ਉਹ **ਆ** ਹੀ **ਜਾਏ** ।

(੪) ਸੰਕੇਤਾਰਥ—ਇਸ ਤੋਂ ਸ਼ਰਤ ਦਾ ਬੋਧ ਹੁੰਦਾ ਹੈ । ਸੰਕੇਤਾਰਥਕ ਵਾਕਾਂ ਵਿੱਚ ਬਹੁਤ ਵਾਰ 'ਜੇ' —'ਤਾਂ' ਯੋਜਕ ਵਰਤੇ ਜਾਂਦੇ ਹਨ । ਉਦਾਹਰਣ—ਜੇ ਮੈਂ ਉਸ ਦੇ ਕੋਲ **ਜਾਂਦਾ**, ਤਾਂ ਉਹ ਜ਼ਰੂਰ ਹੀ ਮੇਰੀ ਮਦਦ **ਕਰਦਾ** ; ਜੇ ਮੈਂ ਜਾਣਦਾ ਛਵੀ ਨੇ ਟੁੱਟ **ਜਾਣਾ**, ਇੱਕ ਦੀਆਂ ਦੋ **ਰੱਖਦਾ** ।

(ਪ) ਸੰਦੇਹਾਰਥ—ਇਸ ਕ੍ਰਿਆ ਤੋਂ ਸੰਦੇਹ ਜਾਂ ਸ਼ੱਕ ਦਾ ਬੋਧ ਹੁੰਦਾ ਹੈ ; ਜਿਵੇਂ : –ਸ਼ੇਤ ਆਇਆ ਹੋਏ ; ਗਿਆ ਹੋਏਗਾ ।

(੬) ਵਾਚ ਤਿੰਨ ਹਨ :—

੧. ਕਰਤ੍ਰੀ-ਵਾਚ ; ਜਿਵੇਂ :—ਉਹ ਪੋਥੀ **ਪੜ੍ਹਦਾ ਹੈ**।

੨. ਕਰਮ-ਵਾਚ ; ਜਿਵੇਂ—ਉਸ ਨੇ ਮੇਰੀ ਗੱਲ ਨਹੀਂ **ਸੁਣੀ** ।
ਇਹ ਗੱਲ ਵੀ **ਸੁਣੀ ਗਈ ਹੈ** ।

੩. ਭਾਵ-ਵਾਚ ; ਜਿਵੇਂ :—ਮੈਥੋਂ **ਬੈਠਿਆ** ਨਹੀਂ **ਜਾਂਦਾ** ।

**੨੯੭.** ਧਾਤੂ ਦੇ ਅੰਤ ਵਿੱਚ ਭਾਂਤ-ਭਾਂਤ ਦੇ ਪਿਛੇਤਰ ਜਾਂ ਵਿਭਕਤੀਆਂ ਲਗਾਕੇ ਕ੍ਰਿਆ ਦੇ ਬੋਧ ਕਰਾਉਣ ਵਾਲੇ ਰੂਪ ਬਣਾਏ ਜਾਂਦੇ ਹਨ ; ਜਿਵੇਂ :—ਜਾ -ਆਂ > ਜਾਵਾਂ, ਕਰ -ਏ > ਕਰੇ, ਭਰ -ਇਆ > ਭਰਿਆ ।

੨੯੮. ਕ੍ਰਿਆ ਦੇ ਸੱਭੇ ਰੂਪ ਧਾਤੂਆਂ ਤੋਂ ਬਣੇ ਹੁੰਦੇ ਹਨ ਅਤੇ ਉਹ ਤਿੰਨ ਤਰ੍ਹਾਂ ਦੇ ਹਨ :—

(੧) **ਪੁਰਖਾਦਿਬੋਧਕ**, (੨) **ਲਿੰਗਾਦਿਬੋਧਕ** ਅਤੇ (੩) **ਅੱਵੈ** ।

੨੯੯. ਪੁਰਖਾਦਿਬੋਧਕ ਰੂਪ ਪੁਰਖ ਦਾ ਬੋਧ ਕਰਾਉਂਦੇ ਹਨ, ਅਰਥਾਤ ਇਨ੍ਹਾਂ ਦਾ ਪੁਰਖ ਅਤੇ ਵਚਨ ਉਦੇਸ਼ ਦੇ ਪੁਰਖ ਅਤੇ ਵਚਨ ਅਨੁਸਾਰ ਹੁੰਦਾ ਹੈ ; ਜਿਵੇਂ :—'ਜਾਵਾਂ' ਰੂਪ ਦੱਸਦਾ ਹੈ ਕਿ ਇਹ 'ਮੈਂ' ਵਾਸਤੇ ਵਰਤਿਆ ਗਿਆ ਹੈ । ਇਸ ਦੀ ਵਿਭਕਤੀ '-ਆਂ' ਉੱਤਮ ਪੁਰਖ ਇਕ ਵਚਨ ਦਾ ਬੋਧ ਕਰਾਉਂਦੀ ਹੈ । 'ਜਾਏਂ' 'ਤੂੰ' ਨਾਲ ਹੀ ਵਰਤਿਆ ਜਾਂਦਾ ਹੈ ; 'ਜਾਏ' 'ਉਹ' ਨਾਲ ਅਰਥਾਤ ਅੱਨਪੁਰਖ ਇਕ ਵਚਨ ਨਾਲ । ਇਹੋ ਕਾਰਣ ਹੈ ਜੋ ਇਨ੍ਹਾਂ ਨੂੰ **ਪੁਰਖਾਦਿਬੋਧਕ** ਰੂਪ ਕਹਿੰਦੇ ਹਨ ।

Digitized by Panjab Digital Library | www.panjabdigilib.org

੨੯੦. ਲਿੰਗਾਦਿਬੋਧਕ ਰੂਪ ਉਹ ਹਨ, ਜਿਨ੍ਹਾਂ ਤੋਂ ਪੁਰਖ ਦਾ ਤੇ ਕੋਈ ਪਤਾ ਨਹੀਂ ਲਗਦਾ, ਪਰ ਲਿੰਗ ਦਾ ਪਤਾ ਲਗਦਾ ਹੈ ; ਜਿਵੇਂ :—'ਗਿਆ' ਕਹਿਣ ਨਾਲ ਪੁਲਿੰਗ ਇਕ ਵਚਨ ਦਾ ਬੋਧ ਹੁੰਦਾ ਹੈ, ਪਰ ਇਹ ਪਤਾ ਨਹੀਂ ਲਗਦਾ ਕਿ ਕੌਣ ਗਿਆ—ਮੈਂ, ਤੂੰ, ਜਾਂ ਉਹ। ਇਸੇ ਤਰ੍ਹਾਂ 'ਜਾਂਦੀ' ਇਹ ਰੂਪ ਵੀ 'ਮੈਂ', 'ਤੂੰ', 'ਉਹ' ਨਾਲ ਵਰਤਿਆ ਜਾਂਦਾ ਹੈ ਅਤੇ ਇਸਤ੍ਰੀਲਿੰਗ, ਇਕ ਵਚਨ ਦਾ ਬੋਧ ਕਰਾਂਦਾ ਹੈ। ਇਨ੍ਹਾਂ ਰੂਪਾਂ ਤੋਂ ਪੁਰਖ ਦਾ ਬੋਧ ਨਹੀਂ ਹੁੰਦਾ, ਪਰ ਲਿੰਗਾਦਿ ਦਾ ਬੋਧ ਹੁੰਦਾ ਹੈ ; ਇਸ ਲਈ ਇਨ੍ਹਾਂ ਨੂੰ **ਲਿੰਗਾਦਿਬੋਦਕ** ਰੂਪ ਆਖਦੇ ਹਨ।

੨੯੧. ਲਿੰਗਾਦਿਬੋਧਕ ਕ੍ਰਿਆਵਾਂ ਦੇ ਲਿੰਗ ਅਤੇ ਵਚਨ ਉਨ੍ਹਾਂ ਦੇ ਉਦੇਸ਼ ਦੇ ਲਿੰਗ ਅਤੇ ਵਚਨ ਅਨੁਸਾਰ ਹੁੰਦੇ ਹਨ ; ਜਿਵੇਂ :—

| | |
|---|---|
| ਮੁੰਡਾ **ਗਿਆ**, | ਮੁੰਡੇ **ਗਏ**, |
| ਕੁੜੀ **ਗਈ**, | ਕੁੜੀਆਂ **ਗਈਆਂ**, |
| ਗੱਡਾ **ਜਾਂਦਾ** ਹੈ, | ਗੱਡੀ **ਜਾਂਦੀ** ਹੈ। |

ਸੰਸਕ੍ਰਿਤ ਵਿੱਚ ਕਾਲ ਅਤੇ ਅਰਥ ਦਸ ਹਨ। ਇਨ੍ਹਾਂ ਨੂੰ **ਲਕਾਰ** ਵੀ ਆਖਦੇ ਹਨ। ਇਨ੍ਹਾਂ ਲਕਾਰਾਂ ਦੇ ਰੂਪ ਪੁਰਖ ਕਰਕੇ ਬਦਲਦੇ ਹਨ, ਲਿੰਗ ਕਰਕੇ ਨਹੀਂ ; ਇਸ ਕਾਰਨ ਇਨ੍ਹਾਂ ਤੋਂ ਵਿਗਸੇ ਹੋਏ ਕ੍ਰਿਆ-ਰੂਪ ਵੀ ਪੁਰਖ ਕਰਕੇ ਹੀ ਬਦਲਦੇ ਹਨ, ਲਿੰਗ ਕਰਕੇ ਨਹੀਂ। ਪਰ ਸੰਸਕ੍ਰਿਤ ਦੇ ਕ੍ਰਿਦੰਤਾਂ ਤੋਂ ਨਿਕਲੇ ਹੋਏ ਕਾਰਦੰਤਕ ਇਕ ਤਰ੍ਹਾਂ ਦੇ ਵਿਸ਼ੇਸ਼ਣ ਹਨ, ਇਸ ਕਰਕੇ ਉਨ੍ਹਾਂ ਦੇ ਰੂਪ ਲਿੰਗ ਅਨੁਸਾਰ ਬਦਲਦੇ ਹਨ।

ਪੁਰਖਾਦਿਬੋਧਕ ਰੂਪ ਸੰਸਕ੍ਰਿਤ ਦੇ ਲਕਾਰਾਂ ਦੀ ਸੰਤਾਨ ਹਨ ਅਤੇ ਲਿੰਗਾਦਿਬੋਧਕ ਰੂਪ ਸੰਸਕ੍ਰਿਤ ਦੇ ਕ੍ਰਿਦੰਤਾਂ ਤੋਂ ਨਿਕਲੇ ਹਨ।

੨੯੨. **ਅੱਵੈ**—ਅਵਿਕਾਰੀ ਕਾਰਦੰਤਕ ਨੂੰ **ਅੱਵੈ** ਆਖਦੇ ਹਨ। ਇਹ ਕਾਰਦੰਤਕੀ ਵਾਕ-ਅੰਸ ਹਨ ਅਤੇ ਅਵਿਆਂ ਵਾਂਗ ਵਰਤੇ ਜਾਂਦੇ ਹਨ; ਜਿਵੇਂ :—

ਉਠ ਕੇ, ਹੁੰਦੇ-ਸੁੰਦੇ, ਰੋਂਦਿਆਂ-ਚੀਕਦਿਆਂ ਆਦਿ।

## ਕਾਰਦੰਤਕ

੨੯੩. ਰੂਪ ਅਨੁਸਾਰ ਕਾਰਦੰਤਕ ਦੋ ਤਰ੍ਹਾਂ ਦੇ ਹਨ - ਵਿਕਾਰੀ ਅਤੇ ਅੱਵੈ।

੨੯੪. ਵਿਕਾਰੀ ਕਾਰਦੰਤਕ ਇਹ ਹਨ :—

(੧) ਭਾਵਾਰਥ—ਇਹ ਧਾਤੂ ਤੋਂ ਬਣਿਆ ਨਾਂਵ ਹੈ।
(੨) ਵਰਤਮਾਨ ਕਾਰਦੰਤਕ,
(੩) ਭੂਤ ਕਾਰਦੰਤਕ,
(੪) ਵਿਧਿਅਰਥਕ ਕਾਰਦੰਤਕ।

} ਇਹ ਤਿੰਨੇ ਧਾਤੂ ਤੋਂ ਬਣੇ ਵਿਸ਼ੇਸ਼ਣ ਹਨ। [(੨)–(੪)]

੨੯੫. ਅਵਿਕਾਰੀ ਕਾਰਦੰਤਕ ਇਹ ਹਨ :—

Digitized by Panjab Digital Library | www.panjabdigilib.org

(੧) ਪੂਰਬ ਪੂਰਣ ਕਾਰਦੰਤਕ ।

(੨) ਕਾਰਦੰਤਕਾਂ ਦੀਆਂ ਸੁਤੰਤਰ ਰਚਨਾਵਾਂ ।

੨੯੬. ਧਾਤੂ ਤੋਂ ਬਣੇ ਵਿਸ਼ੇਸ਼ਣ ਤਿੰਨ ਤਰ੍ਹਾਂ ਦੇ ਹਨ :—

(੧) ਵਰਤਮਾਨ ਕਾਰਦੰਤਕ, (੨) ਭੂਤਕਾਰਦੰਤਕ ਅਤੇ (੩) ਵਿਧਿਅਰਥਕ ਕਾਰਦੰਤਕ ।

ਇਹ ਤਿੰਨ ਕਾਰਦੰਤਕ ਲਿੰਗਾਦਿ-ਬੋਧਕ ਹਨ ।

੨੯੭. ਵਰਤਮਾਨ ਕਾਰਦੰਤਕ ਦੋ ਤਰ੍ਹਾਂ ਬਣਦਾ ਹੈ :—

(੧) ਵਿਅੰਜਨਾਂਤ ਧਾਤੂ ਦੇ ਪਿੱਛੇ 'ਦਾ' ਲਗਾ ਕੇ; ਜਿਵੇਂ :—

√ਕਰ ਤੋਂ ਕਰਦਾ, √ਬੋਲ ਤੋਂ ਬੋਲਦਾ, ਅਤੇ

(੨) ਸ੍ਵਰਾਂਤ ਧਾਤੂ ਦੇ ਸ੍ਵਰ ਨੂੰ ਪਹਿਲਾਂ ਅਨੁਨਾਸਿਕ ਕਰਕੇ '-ਦਾ' ਲਗਾਉਣ ਨਾਲ; ਜਿਵੇਂ :—

√ਜਾ ਤੋਂ ਜਾਂਦਾ, √ਪੀ ਤੋਂ ਪੀਂਦਾ, √ਰੋ ਤੋਂ ਰੋਂਦਾ ।

ਪੁਲਿੰਗ-ਵਾਚੀ '-ਆ' ਪਿਛੇਤਰ ਦੀ ਥਾਂ ਇਸਤਰੀਲਿੰਗ-ਵਾਚੀ '-ਈ' ਪਿਛੇਤਰ ਲਗਾਉਣ ਨਾਲ ਇਸਤਰੀਲਿੰਗ ਦੇ ਰੂਪ ਬਣਾਏ ਜਾਂਦੇ ਹਨ; ਜਿਵੇਂ :—

ਕਰਦੀ, ਬੋਲਦੀ, ਜਾਂਦੀ, ਪੀਂਦੀ ।

ਉੱਪਰ ਦੱਸੇ ਰੂਪ ਕਰਤ੍ਰੀਵਾਚ ਦੇ ਹਨ । ਵਰਤਮਾਨ ਕਾਰਦੰਕ ਕਰਤ੍ਰੀਵਾਚ ਹੈ । ਇਸ ਦਾ ਕਰਮ ਵਾਚ ਜਾਂ ਭਾਵਵਾਚ ਦਾ ਰੂਪ ਧਾਤੂ ਦੇ ਪਿਛੇ -ਈ ਲਗਾਣ ਨਾਲ ਬਣਾਇਆ ਜਾਂਦਾ ਹੈ; ਜਿਵੇਂ :—

ਕਰ—ਕਰੀਦਾ, ਸੁਣ—ਸੁਣੀਦਾ, ਪਾ—ਪਾਈਦਾ, ਜਾ—ਜਾਈਦਾ ਆਦਿ ।

ਪੁ੦ ਪੰ੦ **ਪਾਈਤੀ**, ਇਸਤ੍ਰੀਲਿੰਗ ਰੂਪ ਮਿਲਦਾ ਹੈ । [ਦੇ੦ ਪੁ੦ ਜ੦, ਸ੦ ੮੯]

## ਭੂਤ ਕਾਰਦੰਤਕ

੨੯੮. ਭੂਤਕਾਰਦੰਤਕ ਧਾਤੂ ਦੇ ਪਿੱਛੇ -ਇਆ ਲਗਾਕੇ ਬਣਾਇਆ ਜਾਂਦਾ ਹੈ; ਜਿਵੇਂ :—√ਮਾਰ ਤੋਂ ਮਾਰਿਆ, √ਆਖ ਤੋਂ ਆਖਿਆ । ਜਿਹੜੇ ਭੂਤਕਾਰ-ਦੰਤਕ -ਇਆ ਲਗਾਉਣ ਨਾਲ ਬਣਦੇ ਹਨ, ਉਨ੍ਹਾਂ ਨੂੰ **ਨਿਯਮਾਨੁਸਾਰੀ** ਆਖਦੇ ਹਨ । ਜਿਹੜੇ ਇਸ ਤਰ੍ਹਾਂ ਨਹੀਂ ਬਣਦੇ, ਹੋਰ ਤਰ੍ਹਾਂ ਬਣਦੇ ਹਨ, ਉਨ੍ਹਾਂ ਨੂੰ **ਅਨਿਯ-ਮਿਤ** ਜਾਂ **ਕੁਰੀਤੇ** ਕਹਿੰਦੇ ਹਨ; ਜਿਵੇਂ :—√ਦੇ ਤੋਂ ਦਿੱਤਾ, √ਸੌਂ ਤੋਂ ਸੁੱਤਾ । ਹੇਠ ਕੁਰੀਤੇ ਭੂਤਕਾਰਦੰਤਕਾਂ ਦੀ ਸੂਚੀ ਦਿੱਤੀ ਹੈ । ਇਸ ਤੋਂ ਸਾਫ਼ ਦਿਸਦਾ ਹੈ ਕਿ ਕਈਆਂ ਧਾਤੂਆਂ ਤੋਂ ਨਿਯਮਾਨੁਸਾਰੀ ਅਤੇ ਕੁਰੀਤੇ, ਦੋਹਾਂ ਤਰ੍ਹਾਂ ਦੇ ਰੂਪ ਬਣੇ ਹੋਏ

Digitized by Panjab Digital Library | www.panjabdigilib.org

ਹਨ ਅਤੇ ਦੋਵੇਂ ਹੀ ਵਰਤੋਂ ਵਿੱਚ ਆ ਰਹੇ ਹਨ। ਜਿਹੜੇ ਰੂਪਾਂ ਦੇ ਨਾਲ ਇਹ'[*] ਚਿੰਨ੍ਹ ਹੈ, ਉਹ ਅਜ ਕਲ ਕ੍ਰਿਆ ਬਣਾਉਣ ਲਈ ਨਹੀਂ ਵਰਤੇ ਜਾਂਦੇ; ਉਹ ਧਾਤੂ ਤੋਂ ਬਣੇ ਵਿਸ਼ੇਸ਼ਣ-ਸਮਾਨ ਹੀ ਵਰਤੇ ਜਾਂਦੇ ਹਨ।

## ੨੯੯. ਕ੍ਰੀਤੇ ਭੂਤ ਕਾਰਦੰਤਕ

| | | | |
|---|---|---|---|
| ਆਣ | ਆਂਦਾ | ਤਪ | ਤੱਤਾ |
| ਸਮਾ | ਸਮਾਣਾ | ਤ੍ਰੁਹਿ | ਤ੍ਰੱਠਾ |
| ਸਿਊਂ | ਸੀਤਾ | ਦਿਸ, ਦੇਖ | ਡਿੱਠਾ |
| ਸਿਆਣ | ਸਿਆਤਾ | ਦੇ | ਦਿੱਤਾ |
| ਸਿੱਝ | ਸਿੱਧਾ | ਧਾ | ਧਾਨਾ |
| ਸੁਕ | ਸੁੱਕਾ | ਧੋ | ਧੋਤਾ |
| ਸੌਂ | ਸੁੱਤਾ | ਨਸ | ਨੱਠਾ |
| ਸੇਂ | ਸਿੰਨਾ | ਨਹਾ | ਨਹਾਤਾ |
| ਕਰ | ਕੀਤਾ | ਪਹੁੰਚ | ਪਹੁਤਾ |
| ਕਹਿ | ਕਹਿਆ | ਪਛਾਣ | ਪਛਾਤਾ |
| ਕੋਹ | ਕੁੱਠਾ | ਪੀ | ਪੀਤਾ |
| ਖਹਿ | ਖਿਹਾ | ਪੀਹ | ਪੀਠਾ |
| ਖਲੋ | ਖਲੋਤਾ | ਪੁਰੋ | ਪੁਰੋਤਾ |
| ਖੜੋ | ਖੜੋਤਾ | ਪੂਰ | ਪੁੰਨਾ |
| ਖਾ | ਖਾਧਾ | ਪੈ | ਪਿਆ |
| ਖੁਸ, ਖੋਹ | ਖੁੱਥਾ | ਪੋਹ | ਪੋਹਤਾ |
| ਗਵਾ | ਗਵਾਤਾ | ਫਸ, ਫਾਹ | ਫਾਥਾ |
| | ਗਵਾਚਾ | ਬਹਿ | ਬੈਠਾ |
| ਗੁੰਨ੍ਹ | ਗੁੱਧਾ | ਬੰਨ੍ਹ | ਬੱਧਾ |
| ਘੁਸ | ਘੁੱਥਾ | ਬਉਰਾ | ਬਉਰਾਨਾ ਪੁ੦ ਪੰ੦ |
| ਛਾਣ | ਛਾਤਾ | ਬਿਗੋ | ਬਿਗੁਤਾ |
| ਛੂਹ | ਛੂਤਾ ? ਛੁੱਥਾ | ਬੈਠ | ਬੈਠਾ |
| ਜਾ | ਗਿਆ | ਭਿਜ | ਭਿੰਨਾ, ਭਿੱਜਾ |
| ਜਾਣ | ਜਾਤਾ | ਭੁਜ | (ਕ) ਭੜਥਾ, |
| ਜੋ | ਜੁੱਤਾ | ਭੁੰਨ | ਭਲੱਤਾ*, ਭੁੰਨਾ |
| ਝੁਲਾ | ਝੁਲਾਣਾ | ਭੱਜ, ਭੰਨ | ਭੰਨਾ, ਭੱਜਾ |
| ਡੁਬ | ਡੁੱਬਾ | ਭੁਲਾ | ਭੁਲਾਣਾ ਪੁ੦ ਪੰ੦ |

(ਕ) 'ਭੜਥਾ' ਨਾਂ ਹੀ ਭੂਤਕਾਰਦੰਤਕ ਵਾਂਗ ਵਰਤਿਆ ਜਾਂਦਾ ਹੈ ਅਤੇ ਨਾਂ ਹੀ ਵਿਸ਼ੇਸ਼ਣ ਵਾਂਗ। ਇਹ 'ਨਾਂਵ' ਬਣ ਗਿਆ ਹੈ।

Digitized by Panjab Digital Library | www.panjabdigilib.org

| | | | |
|---|---|---|---|
| ਮਰ | ਮਰਿਆ, ਮੜਾ ਮੋਇਆ | ਲਹਿ, ਲੱਬ ਲੱਭ | ਲੱਥਾ ਲੱਧਾ, ਲੱਭਾ, ਲੱਝਾ |
| ਮੁੱਛ | ਮੁਛਿਆ, ਮੁੱਠਾ | ਲੁਸ, ਲੁਹ | ਲੁੱਠਾ |
| ਰਹਿ | ਰਿਹਾ, ਰਹਿਆ | ਲੈ | ਲਿਆ, ਲੀਤਾ |
| ਰਾਹ | ਰਾਧਾ | ਲੋਭਾ | ਲੋਭਾਣਾ |
| ਰਿੰਨ੍ਹ | ਰਿੱਧਾ | ਵਧ | ਵੱਡਾ*, ਬੁਢਾ* |
| ਰੁੱਸ | ਰੁੱਠਾ | ਵੱਸ, ਵਠੁ | ਵੁੱਠਾ |
| ਰੁਝ | ਰੁੱਧਾ | ਵਿਹਾ | ਵਿਹਾਨਾ |
| ਰੋ | ਰੁੰਨਾ | ਵਿਗੋ | ਵਿਗੁੱਤਾ, ਵਿਗੂਤਾ |
| ਲਗ | ਲੱਗਾ | ਵਿੰਨ੍ਹ | ਵਿੱਧਾ |

੩੦੦. ਵਰਤਮਾਨ ਕਾਰਦੰਤਕ ਅਤੇ ਭੂਤ ਕਾਰਦੰਤਕ—ਇਨ੍ਹਾਂ ਦੋਹਾਂ ਦੇ ਰੂਪ ਆਕਾਰਾਂਤ ਵਿਸ਼ੇਸ਼ਣਾਂ ਵਾਂਗ ਵੱਟਦੇ ਹਨ ; ਜਿਵੇਂ :—

**ਪੁਲਿੰਗ**

| | ਇਕਵਚਨ | ਬਹੁਵਚਨ |
|---|---|---|
| ਵਰਤਮਾਨ ਕਾਰਦੰਤਕ | ਚਲਦਾ, ਆਖਦਾ, ਕਰਦਾ | ਚਲਦੇ, ਆਖਦੇ, ਕਰਦੇ |
| ਭੂਤ ਕਾਰਦੰਤਕ | ਚਲਿਆ, ਆਖਿਆ, ਕੀਤਾ | ਚਲੇ, ਆਖੇ, ਕੀਤੇ |

**ਇਸਤ੍ਰੀਲਿੰਗ**

| | ਇਕਵਚਨ | ਬਹੁਵਚਨ |
|---|---|---|
| ਵਰਤਮਾਨ ਕਾਰਦੰਤਕ | ਚਲਦੀ, ਆਖਦੀ, ਕਰਦੀ | ਚਲਦੀਆਂ, ਆਖਦੀਆਂ, ਕਰਦੀਆਂ |
| ਭੂਤ ਕਾਰਦੰਤਕ | ਚਲੀ, ਆਖੀ, ਕੀਤੀ | ਚਲੀਆਂ, ਆਖੀਆਂ, ਕੀਤੀਆਂ |

੩੦੧. ਵਿਧਿਅਰਥਕ ਕਾਰਦੰਤਕ ਧਾਤੂ ਦੇ ਅੰਤ ਵਿੱਚ -ਣਾ ਜਾਂ -ਨਾ ਜੋੜਕੇ ਬਣਾਇਆ ਜਾਂਦਾ ਹੈ ; ਜਿਵੇਂ :—

ਲਿਖ—ਲਿਖਣਾ, ਪੜ੍ਹ—ਪੜ੍ਹਨਾ ।

ਚੇਤੇ ਰਹੇ ਕਿ ਭਾਵਾਰਥ ਵੀ ਧਾਤੂ ਦੇ ਪਿੱਛੇ -ਣਾ ਜਾਂ -ਨਾ ਲਗਾਕੇ ਹੀ ਬਣਾਇਆ ਜਾਂਦਾ ਹੈ ; ਜਿਵੇਂ :—ਕਹਿਣਾ, ਕਰਨਾ ।

ਇਨ੍ਹਾਂ ਦੋਹਾਂ ਵਿਚ ਫਰਕ ਅੱਗੇ ਚਲਕੇ ਦਸਿਆ ਜਾਏਗਾ ।

੩੦੨. ਵਿਸ਼ੇਸ਼ਣਾਂ ਦੀ ਦੋ ਤਰ੍ਹਾਂ ਦੀ ਵਰਤੋਂ ਹੁੰਦੀ ਹੈ—ਉਹ ਵਿਸ਼ੇਸ਼-ਵਿਸ਼ੇਸ਼ਣ ਵੀ ਹੋ ਸਕਦੇ ਹਨ ਅਤੇ ਵਿਧੇਅ-ਵਿਸ਼ੇਸ਼ਣ ਵੀ । ਕਾਰਦੰਤਕਾਂ ਦੀਆਂ ਅਜਿਹੀਆਂ ਦੋਵੇਂ ਵਰਤੋਂ ਹੇਠ ਦੱਸੀਆਂ ਜਾਂਦੀਆਂ ਹਨ :—

Digitized by Panjab Digital Library | www.panjabdigilib.org

## ੧. ਵਰਤਮਾਨ ਕਾਰਦੰਤਕ

| ਵਿਸ਼ੇਸ਼- ਵਿਸ਼ੇਸ਼ਣ | ਵਿਧੇਅ-ਵਿਸ਼ੇਸ਼ਣ |
|---|---|
| **ਚਲਦੀ** ਗੱਡੀ । | ਗੱਡੀ **ਚਲਦੀ** ਹੈ । |
| **ਵਗਦਾ** ਪਾਣੀ । | ਪਾਣੀ **ਵਗਦਾ** ਹੈ । |
| **ਤਪਦੀ** ਦੇਹ । | ਦੇਹ **ਤਪਦੀ** ਹੈ । |
| "**ਵਸਦਾ ਰਸਦਾ**, **ਹਸਦਾ** ਬੰਦਾ । | ਉਹ ਕਿੱਥੇ **ਵਸਦਾ** ਹੈ । |
| ਛਡ ਖੇਸ਼ਾਂ ਕਿਓਂ ਨੱਸੇ ?" | ਤੂੰ ਕਿਓਂ **ਹਸਦਾ** ਹੈਂ ? |
| ਹਾਤਮ-ਨਾਮਾ, ਪੰਜਾਬੀ | |
| **ਜਾਂਦਿਆਂ** ਰਾਹੀਆਂ ਨੂੰ ਨਾ ਛੇੜੋ । | ਰਾਹੀ ਰਾਹੇ ਰਾਹੇ **ਜਾਂਦੇ** ਪਏ ਹਨ । |

## ੨. ਭੂਤ ਕਾਰਦੰਤਕ

| ਵਿਸ਼ੇਸ਼-ਵਿਸ਼ੇਸ਼ਣ | ਵਿਧੇਅ-ਵਿਸ਼ੇਸ਼ਣ |
|---|---|
| '**ਗਿਆ** ਵਕਤ ਨਾ ਕਿਸੇ ਮੋੜਿਆ ਜੇ ।' ਹੀਰ ਵਾਰਿਸ | ਉਹ ਹੁਣੇ **ਗਿਆ** ਹੈ । |
| **ਸੁੱਤੀਆਂ** ਕਥਾ ਜਗਾ ਨਾਹੀਂ । | ਕੁੜੀਆਂ **ਸੁਤੀਆਂ** ਹਨ । |
| **ਲੱਭੀ** ਚੀਜ ਖੁਦਾ ਦੀ । | ਮੈਂ ਇਕ ਚੀਜ਼ **ਲੱਭੀ** ਹੈ । |
| **ਭੁੱਲੀ ਹੋਈ** ਗੱਲ ਚੇਤੇ ਆ ਗਈ ਹੈ । | ਇਹ ਗੱਲ ਉੱਕੀ **ਭੁੱਲੀ ਹੋਈ** ਸੀ । |
| ਗੰਗਾ **ਗਈਆਂ** ਹੱਡੀਆਂ ਨਹੀਂ ਮੁੜਦੀਆਂ । | "ਅਸੀਂ ਰੱਬ ਨੇ **ਘੱਲੇ** ਹਾਂ ਦੁਆਰ ਤੇਰੇ ।" ਹੀਰ ਵਾਰਸ । |

ਉਪਰਲੇ ਉਦਾਹਰਣਾਂ ਤੋਂ ਸਿੱਧ ਹੁੰਦਾ ਹੈ ਕਿ :—

੧. ਵਰਤਮਾਨ ਕਾਰਦੰਤਕ **ਕਰਤ੍ਰੀ-ਵਾਚ** ਹੁੰਦਾ ਹੈ ।

੨. ਅਕਰਮਕ ਧਾਤੂ ਤੋਂ ਬਣਿਆ ਹੋਇਆ ਭੂਤ ਕਾਰਦੰਤਕ **ਕਰਤ੍ਰੀ-ਵਾਚ** ਹੁੰਦਾ ਹੈ ਅਤੇ ਸਕਰਮਕ ਧਾਤੂ ਤੋਂ ਬਣਿਆ ਹੋਇਆ **ਕਰਮ-ਵਾਚ** ਹੁੰਦਾ ਹੈ ।

੩. ਅਕਰਮਕ ਧਾਤੂ ਤੋਂ ਬਣਿਆ ਹੋਇਆ ਵਿਧਿਅਰਥਕ ਕਾਰਦੰਤਕ **ਭਾਵ-ਵਾਚ** ਦਾ ਰੂਪ ਹੁੰਦਾ ਹੈ ਅਤੇ ਸਕਰਮਕ ਧਾਤੂ ਤੋਂ ਬਣਿਆ ਹੋਇਆ **ਕਰਮ-ਵਾਚ** ਦਾ ।

੩੦੩. ਵਰਤਮਾਨ ਕਾਰਦੰਤਕ, ਭੂਤ ਕਾਰਦੰਤਕ ਅਤੇ ਵਿਧਿਅਰਥਕ ਕਾਰਦੰਤਕ ਇਕੱਲੇ ਵੀ ਕ੍ਰਿਆਪਦ ਦਾ ਕੰਮ ਦੇਂਦੇ ਹਨ ; ਜਿਵੇਂ :—

ਵਰਤਮਾਨ ਕਾਰਦੰਤਕ—ਜੇ ਮੈਂ **ਜਾਣਦਾ** ਛਵੀ ਨੇ ਟੁਟ ਜਾਣਾ, ਇਕ ਦੀਆਂ ਦੋ **ਰਖਦਾ** ।

Digitized by Panjab Digital Library | www.panjabdigilib.org

ਭੂਤ ਕਾਰਦੰਤਕ—'ਜਦ ਉਸ ਦੀ ਨਜ਼ਰ ਬਰਕਤ ਤੇ **ਪਈ** ਤੇ ਚੀਕ ਮਾਰ ਕੇ ਉਸ ਦੇ ਗਲ **ਲੱਗਾ**, ਤਾਂ ਫਿਰ ਗਸ਼ ਖਾ ਕੇ ਧੈਂ **ਡਿੱਗਾ**।' ਨਵਾਬ ਖ਼ਾਨ

ਵਿਧਿਅਰਥਕ ਕਾਰਦੰਤਕ—ਓਥੇ ਛੇਤੀ **ਜਾਣਾ**, ਦੇਰ ਨਾ **ਕਰਨੀ**।

੩੦੪. ਭਾਵਾਰਥ ਧਾਤੂ ਦੇ ਪਿੱਛੇ '-ਨ', '-ਣ', '-ਅਨ', '-ਅਣ', ਜਾਂ '-ਨਾ', '-ਣਾ', ਲਗਾਕੇ ਬਣਾਇਆ ਜਾਂਦਾ ਹੈ ; ਜਿਵੇਂ :—

ਪੜ੍ਹ—ਪੜ੍ਹਨ, ਜਾ—ਜਾਣ, ਸੌਂ—ਸੌਂਣ, ਖੇਡ—ਖੇਡਣ, ਪੜ੍ਹ—ਪੜ੍ਹਨਾ, ਖਾ—ਖਾਣਾ, ਪੀ—ਪੀਣਾ, ਆਦਿ।

ਭਾਵਾਰਥ ਇਕ ਤਰ੍ਹਾਂ ਦਾ **ਨਾਂਵ** ਹੈ, ਇਸ ਕਰਕੇ ਇਸ ਦੇ ਰੂਪ ਨਾਂਵ ਵਾਂਗਰ ਵਟਦੇ ਹਨ।

ਪੜ੍ਹਨ, ਸੌਂਣ, ਖੇਡਣ—ਇਹ ਛੋਟੇ ਰੂਪ ਹਨ ਅਤੇ ਪੜ੍ਹਨਾ, ਸੌਣਾ, ਖੇਡਣਾ ਆਦਿ ਵੱਡੇ ਰੂਪ ਹਨ।

ਭਾਵਾਰਥ ਦੇ ਕਿਸੇ ਕਿਸੇ ਵੱਡੇ ਰੂਪ ਦਾ ਇਸਤ੍ਰੀਲਿੰਗ ਵੀ ਮਿਲਦਾ ਹੈ ; ਜਿਵੇਂ :—

| ਪੁਲਿੰਗ | ਇਸਤ੍ਰੀਲਿੰਗ |
|---|---|
| ਕਰਨਾ | ਕਰਨੀ |
| ਹੋਣਾ | ਹੋਣੀ |
| ਕਹਿਣਾ | ਕਹਿਣੀ |
| ਰਹਿਣਾ | ਰਹਿਣੀ |
| ਬਹਿਣਾ | ਬਹਿਣੀ |

**ਖਾਣ**

| | | | |
|---|---|---|---|
| ਸਧਾਰਨ | ਪਹਿਲੀ | ਖਾਣ | |
| | ਦੂਜੀ | ਖਾਣ | |
| | ਸੰਬੰਧਕੀ | ਖਾਣ | (ਨੂੰ ਆਦਿ) |

**ਕਰਾਉਣਾ**

| | | |
|---|---|---|
| ਸਧਾਰਨ | ਪਹਿਲੀ | ਕਰਾਉਣਾ |
| | ਦੂਜੀ | ਕਰਾਉਣਾ |
| | ਸੰਬੰਧਕੀ | ਕਰਾਉਣੇ (ਨੂੰ ਆਦਿ) |

੩੦੫. ਵਿਧਿਅਰਥਕ ਕਾਰਦੰਤਕ ਲਿੰਗਾਦਿ-ਬੋਧਕ ਕ੍ਰਿਆ ਵਾਂਗਰ ਵਰਤਿਆ ਜਾਂਦਾ ਹੈ, ਪਰ ਭਾਵਾਰਥ ਨਾਂਵ ਹੋਣ ਕਰਕੇ ਨਾ ਹੀ ਵਿਸ਼ੇਸ਼ਣ ਵਾਂਗਰ ਅਤੇ ਨਾ ਹੀ ਕ੍ਰਿਆ ਵਾਂਗਰ ਵਰਤਿਆ ਜਾ ਸਕਦਾ ਹੈ। ਇਹ ਨਾਂਵ ਹੈ ਅਤੇ ਇਸ ਦੀ ਵਰਤੋਂ ਵੀ ਨਾਂਵ ਵਾਂਗਰ ਹੀ ਹੁੰਦੀ ਹੈ। ਦੋਹਾਂ ਵਿੱਚ ਫਰਕ ਦੱਸਣ ਲਈ ਕੁਝ ਉਦਾਹਰਣ ਦਿੱਤੇ ਜਾਂਦੇ ਹਨ :—

Digitized by Panjab Digital Library | www.panjabdigilib.org

| ਵਿਧਿਅਰਥਕ ਕਾਰਦੰਤਕ | ਭਾਵਾਰਥ |
|---|---|
| ਨਾ **ਦੇਣੀ** ਵਧਾਈ ਹੈ ਜੰਮਣੇ ਦੀ । 'ਹੀਰ'—ਵਾਰਿਸ । | ਕਿਹੋ ਲਾਉਣਾ ਨਿੰਮ ਦਾ **ਪੀਵਣਾ** ਹੈ । 'ਹੀਰ'—ਵਾਰਿਸ । |
| ਮੈਂ ਰੋਟੀ **ਖਾਣੀ** ਹੈ । | ਬਹੁਤਾ **ਖਾਣਾ** ਠੀਕ ਨਹੀਂ । |
| ਮੈਂ ਪ੍ਰੌਠੇ **ਖਾਣੇ** ਹਨ । | "ਮੁਕਬਿਲ ਆਪ ਤੇ **ਆਉਣਾ** ਛਡਿਆ ਈ, ਕਦੇ ਯਾਦ ਕਰ ਖਤ ਦੇ ਨਾਲ ਮੀਆਂ ।" ਹੀਰ ਮੁਕਬਿਲ |
| ਓੜਕ ਸਭ ਨੇ **ਮਰਨਾ** ਹੈ । | ਉਹ **ਖਾਣ ਪੀਣ** ਨੂੰ ਵਖੋਵਖਰੇ, **ਲੜਨ ਭਿੜਨ** ਨੂੰ ਇਕੱਠੇ ਹਨ । |
| "ਹੈ ਉਧਰ **ਜਾਵਣਾ** ਇਸ ਨੇ ਜ਼ਰੂਰੀ ।" ਨਲ ਦਮਿਅੰਤੀ—ਚਾਤ੍ਰਿਕ । | ਇਹ ਰੱਜ ਕੇ **ਖਾਣ** ਦੀਆਂ ਮਸਤੀਆਂ ਨੀ । 'ਹੀਰ'—ਵਾਰਿਸ |
| | ਮੰਗਣੋਂ ਕੋਈ ਵਧਾਨ ਹੋਵੇ । 'ਹੀਰ—ਵਾਰਿਸ । |

ਉਪਰਲਿਆਂ ਉਦਾਹਰਣਾਂ ਤੋਂ ਸਾਫ ਦਿਸਦਾ ਹੈ ਕਿ ਭਾਵਾਰਥ ਦੇ ਰੂਪ ਉਦੇਸ਼, ਕਰਮ ਜਾਂ ਸੰਬੰਧਕੀ ਆਦਿ ਹੁੰਦੇ ਹਨ ; ਪਰ ਵਿਧਿਅਰਥਕ ਕਾਰਦੰਤਕ ਨਾ ਹੀ ਉਦੇਸ਼ ਹੋ ਸਕਦਾ ਹੈ ਅਤੇ ਨਾ ਹੀ ਕਰਮ । ਜਦ ਵਿਧਿਅਰਥਕ ਸਕਰਮਕ ਧਾਤੂ ਤੋਂ ਬਣਿਆ ਹੁੰਦਾ ਹੈ, ਤਦ ਇਸ ਦਾ ਉਦੇਸ਼ ਹੁੰਦਾ ਹੈ, ਜਿਵੇਂ ਪਹਿਲੇ ਵਾਕ ਵਿੱਚ "ਵਧਾਈ" ਉਦੇਸ਼ ਹੈ । ਜਦ ਇਸ ਦਾ ਧਾਤੂ ਅਕਰਮਕ ਹੁੰਦਾ ਹੈ ਤਦ ਇਹ ਭਾਵ-ਵਾਚ ਹੁੰਦਾ ਹੈ । ਇਸ ਕਰਕੇ ਇਸ ਦਾ ਉਦੇਸ਼ ਹੋ ਹੀ ਨਹੀਂ ਸਕਦਾ । ਚੌਥੇ ਅਤੇ ਪੰਜਵੇਂ ਵਾਕਾਂ ਵਿੱਚ "ਮਰਨਾ" ਅਤੇ "ਜਾਵਣਾ" ਭਾਵ-ਵਾਚ ਹਨ ।

੩੦੬. **ਪੂਰਬ ਪੂਰਣ ਕਾਰਦੰਤਕ** ਦੋ ਤਰ੍ਹਾਂ ਦਾ ਹੈ :—

(੧) ਨਿਰਾ ਧਾਤੂ ਬਿਨਾਂ ਪਿਛੇਤਰ ਹੀ ਪੂਰਬ ਪੂਰਣ ਕਾਰਦੰਤਕ ਦਾ ਕੰਮ ਦੇਂਦਾ ਹੈ ; ਜਿਵੇਂ :—

'**ਦੇਖ** (=ਦੇਖ ਕੇ) ਬਗਾਣੀ ਚੋਪੜੀ ਨਾ ਤਰਸਾਵੀਂ ਜੀ ।'

"ਗਲ ਪਾ ਕੇ ਸੇਲੀਆਂ **ਲਾਹ** ਟੋਪੀ,
**ਪਕੜ** ਜੁੰਡੀਆਂ ਸੰਘ ਨੂੰ ਘੁਟਿਆ ਨੇ ।" ਹੀਰ—ਵਾਰਿਸ

'ਕੋਈ ਨਾ ਸੁਣੇ ਪੁਕਾਰ ਕੌਣ ਹੁਣ **ਆਣ** ਛੁਡਾਵੇ ।

ਏਥੇ 'ਆਣ'=ਆਣ ਕੇ=ਆਕੇ । ਨਲ ਦਮਿਅੰਤੀ—ਚਾਤ੍ਰਿਕ ।

ਦਿਲ ਚਾਹੁੰਦਾ ਹੈ—ਜ਼ਹਿਰ **ਖਾ** (=ਖਾਕੇ) ਮਰੀਏ ।

• ਪੁਰਾਣੀ ਪੰਜਾਬੀ ਵਿੱਚ '-ਇ' ਲਗਾਕੇ ਇਹ ਕਾਰਦੰਤਕ ਬਣਾਇਆ ਜਾਂਦਾ ਸੀ ; ਜਿਵੇਂ :—

ਸੁਣਿ (=ਸੁਣਕੇ), ਦੇਖਿ, ਜਾਣਿ ਆਦਿ ।

'ਫਰੀਦਾ **ਦੇਖਿ** (=ਦੇਖਕੇ) ਪਰਾਈ ਚੋਪੜੀ ਨਾ ਤਰਸਾਈਂ ਜੀਉ ।

Digitized by Panjab Digital Library | www.panjabdigilib.org

ਸਾਫ ਦਿਸਦਾ ਹੈ ਕਿ ਨਵਾਂ ਰੂਪ ਪੁਰਾਣੇ ਰੂਪ ਦੀ 'ਇ' ਦੇ ਉੱਡ ਜਾਣ ਨਾਲ ਬਣਿਆ ਹੈ।

੨. ਧਾਤੂ ਨਾਲ 'ਕੇ' ਜੋੜ ਕੇ ਬਣਾਇਆ ਹੋਇਆ ; ਜਿਵੇਂ :—ਖਾ ਕੇ, ਪੀ ਕੇ, ਸੌਂਕੇ, ਹੱਸ ਕੇ, ਨੱਸ ਕੇ ਆਦਿ।

ਮਿੱਸੀ-ਤਿੱਸੀ **ਖਾ ਕੇ** ਠੰਡਾ ਪਾਣੀ ਪੀ।

**ਦੱਬ ਕੇ** ਵਾਹ ਤੇ **ਰੱਜ ਕੇ** ਖਾਹ।

ਪੁਰਾਣੀ ਪੰਜਾਬੀ ਵਿੱਚ ਪੂਰਬ ਪੂਰਣ ਕਾਰਦੰਤਕ ਨਾਲ 'ਕੇ' ਜਾਂ 'ਕੈ' ਵੀ ਜੋੜਿਆ ਜਾਂਦਾ ਸੀ ; ਜਿਵੇਂ :—ਖਾਇ ਕੈ, ਹੋਇ ਕੈ।

੩੦੭. ਪੂਰਬ ਪੂਰਣ ਕਾਰਦੰਤਕ ਨੂੰ ਦੁਹਰਾਉਣ ਲੱਗੇ ਅਸਲੀ (ਧਾਤੂ ਵਰਗਾ) ਮੂਲ ਰੂਪ ਹੀ ਦੁਹਰਾਇਆ ਜਾਂਦਾ ਹੈ ; ਜਿਵੇਂ :—

ਨੀ ਮੈਂ **ਉਠ ਉਠ**, **ਬਹਿ ਬਹਿ**, **ਰੋ ਰੋ**, ਰਾਤ ਗੁਜ਼ਾਰਾਂ।

ਉਹ **ਸੁੱਕ ਸੁਕ ਕੇ** ਹਾਥੀ ਹੋ ਗਿਆ ਹੈ। ਅਸੀਂ **ਲੱਭ ਲੱਭ ਕੇ** ਥਕ ਗਏ ਹਾਂ। **ਖਾ ਪੀ ਕੇ** ਆਰਾਮ ਕਰੋ।

ਉਪਰਲਿਆਂ ਉਦਾਹਰਣਾਂ ਵਿੱਚ 'ਕੇ' ਨਾ ਹੀ ਪਹਿਲੇ 'ਸੁੱਕ' ਦੇ ਪਿੱਛੇ ਆਇਆ ਹੈ, ਨਾ ਹੀ ਪਹਿਲੇ 'ਲੱਭ' ਦੇ ਮਗਰ ਅਤੇ ਨਾ ਹੀ 'ਖਾ' ਦੇ ਪਿੱਛੇ।

੩੦੮. ਪੰਜਾਬੀ ਵਿੱਚ ਕ੍ਰਿਆ ਦੇ ਰੂਪ ਤਿੰਨ ਤਰ੍ਹਾਂ ਦੇ ਹਨ :—

੧. ਪੁਰਖਾਦਿਬੋਧਕ, ੨. ਲਿੰਗਾਦਿਬੋਧਕ ਅਤੇ ੩. ਕ੍ਰਿਆਬੋਧਕ ਅੱਵੈ। ਇਨ੍ਹਾਂ ਵਿੱਚੋਂ ਪਹਿਲੇ ਦੋ ਕਦੇ ਇਕੱਲੇ ਵਰਤੇ ਜਾਂਦੇ ਹਨ ਅਤੇ ਕਦੇ ਬਾਕੀਆਂ ਵਿੱਚੋਂ ਇਕ ਜਾਂ ਦੋਹਾਂ ਨਾਲ ਮਿਲਕੇ। ਜਦ ਇਹ ਇਕੱਲੇ ਹੁੰਦੇ ਹਨ, ਤਦ **ਸ਼ੁੱਧ ਰੂਪ** ਕਹੇ ਜਾਂਦੇ ਹਨ ; ਜਿਵੇਂ :—ਲਿਖੇ, ਲਿਖਣ, ਲਿਖੋ, ਲਿਖਾਂ, ਲਿਖੀਏ (ਪੁਰਖਾਦਿਬੋਧਕ) ਅਤੇ ਗਿਆ, ਗਏ, ਗਈ, ਗਈਆਂ, (ਲਿੰਗਾਦਿਬੋਧਕ) ਸ਼ੁਧ ਰੂਪ ਹਨ। ਜਦ ਇਹ ਦੂਜਿਆਂ ਨਾਲ ਮਿਲ ਕੇ ਵਰਤੇ ਜਾਂਦੇ ਹਨ, ਤਦ ਇਨ੍ਹਾਂ ਨੂੰ ਮਿਲਾਉਟੀ ਰੂਪ ਆਖਦੇ ਹਨ ; ਜਿਵੇਂ :— [1]ਲਿਖੇ [2]ਗਾ (੧ ਪੁਰਖਾਦਿਬੋਧਕ + ੨ ਲਿੰਗਾਦਿਬੋਧਕ), [1]ਲਿਖਦਾ [2]ਸੀ (੧ ਲਿੰਗਾਦਿਬੋਧਕ + ੨ ਪੁਰਖਾਦਿਬੋਧਕ), [2]ਲਿਖਦਾ [2]ਹੋਏ [3]ਗਾ (੧ ਲਿੰਗਾਦਿਬੋਧਕ +੨ ਪੁਰਖਾਦਿਬੋਧਕ + ੩ ਲਿੰਗਾਦਿਬੋਧਕ), [1]ਲਿਖ [2]ਹਟਿਆ [3]ਹੈ (੧ ਕ੍ਰਿਆਬੋਧਕ ਅੱਵੈ+੨ ਲਿੰਗਾਦਿਬੋਧਕ+੩ ਪੁਰਖਾਦਿਬੋਧਕ)।

੩੦੯. ਰਚਨਾ ਦੇ ਅਨੁਸਾਰ ਪੰਜਾਬੀ ਦੇ ਕਾਲ ਦੋ ਤਰ੍ਹਾਂ ਦੇ ਹਨ—**ਸ਼ੁੱਧ** ਅਤੇ **ਮਿਲਾਉਟੀ**।

ਸ਼ੁਧ ਕਾਲ ਧਾਤੂ ਨਾਲ ਵਿਭਕਤੀਆਂ ਜੋੜ ਕੇ ਬਣਾਏ ਜਾਂਦੇ ਹਨ ; ਜਿਵੇਂ :—

ਕਰ -ਏ = **ਕਰੇ**, ਸੁਣ -ਇਆ = ਸੁਣਿਆ।

ਮਿਲਾਉਟੀ ਕਾਲ ਵਿੱਚ ਘੱਟ ਤੋਂ ਘੱਟ ਦੋ ਕ੍ਰਿਆਵਾਂ ਮਿਲੀਆਂ ਹੁੰਦੀਆਂ ਹਨ ; ਜਿਵੇਂ :—ਸੁਣਦਾ ਹੈ, ਕਰੇ ਗਾ, ਕੀਤੇ ਹੋਣ ਗੇ।

Digitized by Panjab Digital Library | www.panjabdigilib.org

੩੧੦. ਪੰਜਾਬੀ ਵਿੱਚ ਦੋ ਤਰ੍ਹਾਂ ਦੇ ਸ਼ੁੱਧ ਕਾਲ ਮਿਲਦੇ ਹਨ—ਪੁਰਖਾਦਿਬੋਧਕ ਅਤੇ ਲਿੰਗਾਦਿਬੋਧਕ ।

੩੧੧. ਮਿਲਾਉਟੀ ਕਾਲਾਂ ਨੂੰ ਬਣਾਉਣ ਲਈ 'ਹ' ਅਤੇ 'ਸ' ਧਾਤੂਆਂ ਦੀ ਸਹਾਇਤਾ ਲੈਣੀ ਪੈਂਦੀ ਹੈ ; ਇਸ ਕਰਕੇ ਪਹਿਲਾਂ ਇਨ੍ਹਾਂ ਦੀ ਰੂਪ-ਰਚਨਾ ਦੱਸੀ ਜਾਂਦੀ ਹੈ । 'ਹ' ਅਤੇ 'ਸ' ਇਹ ਦੋਵੇਂ ਧਾਤੂ ਅਧੂਰੇ ਹਨ, ਕਿਉਂਕਿ ਇਨ੍ਹਾਂ ਦੇ ਥੋੜ੍ਹੇ ਰੂਪ ਹੀ ਬਚੇ ਹਨ ; ਬਾਕੀਆਂ ਲਈ 'ਹੋ' ਧਾਤੂ ਤੋਂ ਕੰਮ ਲਿਆ ਜਾਂਦਾ ਹੈ ।

'ਹ' ਧਾਤੂ ਦੇ ਵਰਤਮਾਨ ਕਾਲ ਦੇ ਰੂਪ ਹੇਠ ਦੱਸੇ ਜਾਂਦੇ ਹਨ :—

| ਪੁਰਖ | ਇਕ ਵਚਨ | ਬਹੁ ਵਚਨ |
|---|---|---|
| ਉੱਤਮ | (ਮੈਂ) ਹਾਂ | (ਅਸੀਂ) ਹਾਂ |
| ਮੱਧਮ | (ਤੂੰ) ਹੈਂ | (ਤੁਸੀਂ) ਹੋ, ਹਓ |
| ਅੱਨ | (ਉਹ) ਹੈ | (ਉਹ) ਹਨ |

ਪੰਜਾਬੀ ਦੇ ਵਿਆਕਰਣਾਂ ਵਿੱਚ ਭਾਵੇਂ ਉਪਰ-ਲਿਖੇ ਰੂਪ ਹੀ ਮਿਲਦੇ ਹਨ ; ਪਰ ਪੰਜਾਬੀ ਸਾਹਿੱਤ ਵਿੱਚ ਇਨ੍ਹਾਂ ਤੋਂ ਭਿੰਨ ਹੋਰ ਰੂਪ ਵੀ ਵਰਤੇ ਜਾਂਦੇ ਹਨ, ਜੋ ਬੋਲਣ ਵਿੱਚ ਆਮ ਆਉਂਦੇ ਹਨ । ਇਹ ਵੀ ਹੇਠ ਦੱਸੇ ਜਾਂਦੇ ਹਨ :—

| ਪੁਰਖ | ਇਕ ਵਚਨ | ਬਹੁ ਵਚਨ |
|---|---|---|
| ਉੱਤਮ | ਆਂ | ਆਂ |
| ਮੱਧਮ | ਏਂ | ਓ |
| ਅੱਨ | ਏ | ਨੇ |

੩੧੨. 'ਸ' ਧਾਤੂ ਦੇ ਭੂਤ ਕਾਲ ਦੇ ਰੂਪ ਇਹ ਹਨ :—

| ਪੁਰਖ | ਇਕ ਵਚਨ | ਬਹੁ ਵਚਨ |
|---|---|---|
| ਉੱਤਮ | (ਮੈਂ) ਸਾਂ | (ਅਸੀਂ) ਸਾਂ |
| ਮੱਧਮ | (ਤੂੰ) ਸੈਂ | (ਤੁਸੀਂ) ਸਓ, ਸਾਓ |
| ਅੱਨ | (ਉਹ) ਸੀ | (ਉਹ) ਸਨ |

੩੧੩. ਪੁਰਖਾਦਿਬੋਧਕ ਕਾਲ ਅਤੇ ਅਰਥ ਦੋ ਹਨ :—

੧. ਸੰਭਾਵ ਭਵਿੱਖਤ ਅਤੇ ੨. ਆਗਿਆਰਥ ।

ਇਨ੍ਹਾਂ ਦੋਹਾਂ ਦੀਆਂ ਵਿਭਕਤੀਆਂ ਹੇਠ ਦਸੀਆਂ ਜਾਂਦੀਆਂ ਹਨ :—

ਸੰਭਾਵ ਭਵਿਖਤ

| ਪੁਰਖ | ਇਕ ਵਚਨ | ਬਹੁ ਵਚਨ |
|---|---|---|
| ਉੱਤਮ | -ਆਂ | -ਈਏ |
| ਮੱਧਮ | -ਏਂ | -ਓ |
| ਅੱਨ | -ਏ | -ਅਣ, -ਅਨ |

Digitized by Panjab Digital Library | www.panjabdigilib.org

ਆਗਿਆਰਥ

| ਪੁਰਖ | ਇਕ ਵਚਨ | ਬਹੁ ਵਚਨ |
|---|---|---|
| ਉੱਤਮ | -ਆਂ | -ਈਏ |
| ਮੱਧਮ | — | ੳ |
| ਅੱਨ | -ਏ | -ਅਣ,- ਅਨ |

ਲਹਿੰਦੇ ਦੀ ਬੋਲੀ ਵਿੱਚ ਪੁਰਖਾਦਿਬੋਧਕ ਸ਼ੁਧ ਭਵਿੱਖਤ ਵੀ ਮਿਲਦਾ ਹੈ। ਇਸ ਦੀਆਂ ਵਿਭਕਤੀਆਂ ਇਹ ਹਨ ਃ—

**ਸਾਧਾਰਣ ਭਵਿੱਖਤ**

| ਪੁਰਖ | ਇਕ ਵਚਨ | ਬਹੁ ਵਚਨ |
|---|---|---|
| ਉੱਤਮ | -ਸਾਂ | -ਸੂੰ |
| ਮੱਧਮ | -ਸੇਂ | -ਸੋ |
| ਅੱਨ | -ਸੀ | -ਸਨ |

੩੧੪. (ਕ) 'ਲਿਖ' ਦਾ ਰੂਪਾਂਤਰ ਦਸਿਆ ਜਾਂਦਾ ਹੈ :—

**ਸੰਭਾਵ ਭਵਿੱਖਤ**

| ਪੁਰਖ | ਇਕ ਵਚਨ | ਬਹੁ ਵਚਨ |
|---|---|---|
| ਉੱਤਮ | ਲਿਖਾਂ | ਲਿਖੀਏ |
| ਮੱਧਮ | ਲਿਖੇਂ | ਲਿਖੋ |
| ਅੱਨ | ਲਿਖੇ | ਲਿਖਣ |

ਆਗਿਆਰਥ

| ਪੁਰਖ | ਇਕ ਵਚਨ | ਬਹੁ ਵਚਨ |
|---|---|---|
| ਉੱਤਮ | ਲਿਖਾਂ | ਲਿਖੀਏ |
| ਲਿਖ | ਲਿਖ | ਲਿਖੋ |
| ਅੱਨ | ਲਿਖੇ | ਲਿਖਣ |

(ਖ) ਲਹਿੰਦੀ ਦਾ ਸਾਧਾਰਣ ਭਵਿੱਖਤ

**ਸ਼ੁਧ**

ਹੋ ਧਾਤੂ

| ਪੁਰਖ | ਇਕ ਵਚਨ | ਬਹੁ ਵਚਨ |
|---|---|---|
| ਉੱਤਮ | ਹੋਸਾਂ | ਹੋਸੂੰ |
| ਮੱਧਮ | ਹੋਸੇਂ | ਹੋਸੋ |
| ਅੱਨ | ਹੋਸੀ | ਹੋਸਨ |

੩੧੫. **'ਹੋ' ਦੇ ਸ਼ੁਧ ਕਾਲ :—**

ਸੰਭਾਵ ਭਵਿੱਖਤ

| | | |
|---|---|---|
| ਉੱਤਮ | ਮੈਂ ਹੋਵਾਂ | ਅਸੀਂ ਹੋਵੀਏ |
| ਮੱਧਮ | ਤੂੰ ਹੋਵੇਂ | ਤੁਸੀਂ ਹੋਵੋ |
| ਅੱਨ | ਉਹ ਹੋਵੇ | ਉਹ ਹੋਵਣ |

Digitized by Panjab Digital Library | www.panjabdigilib.org

### ਆਗਿਆਰਥ=(ਹੁਕਮੀ ਭਵਿੱਖਤ)

| ਪੁਰਖ | ਇਕਵਚਨ | ਬਹੁਵਚਨ |
| --- | --- | --- |
| ਉੱਤਮ | ਮੈਂ ਹੋਵਾਂ | ਅਸੀਂ ਹੋਵੀਏ |
| ਮੱਧਮ | ਤੂੰ ਹੋ | ਤੁਸੀਂ ਹੋਵੋ |
| ਅੱਨ | ਉਹ ਹੋਵੇ | ਉਹ ਹੋਵਣ |

### ਲਿੰਗਾਦਿਬੋਧਕ ਸ਼ੁੱਧ ਕਾਲ

੩੧੬. ਲਿੰਗਾਦਿਬੋਧਕ ਸ਼ੁੱਧ ਕਾਲਾਂ ਦੇ ਪਿਛੇਤਰ ਲਿੰਗ, ਵਚਨ ਅਤੇ ਕਾਲ ਆਦਿ ਦਾ ਬੋਧ ਕਰਾਉਂਦੇ ਹਨ। ਇਹ ਕਾਲ ਪੁਰਖ-ਭੇਦ ਪ੍ਰਗਟ ਨਹੀਂ ਕਰਦੇ। ਪੰਜਾਬੀ ਵਿੱਚ ਅਜਿਹੇ ਤਿੰਨ ਕਾਲ ਹਨ––ਸ਼ਰਤੀ ਭੂਤ ਕਾਲ, ਅਨਿਸਚਿਤ ਭੂਤਕਾਲ ਅਤੇ ਵਿਧਿਅਰਥਕ।

ਇਨ੍ਹਾਂ ਦੇ ਪਿਛੇਤਰ ਇਹ ਹਨ:—

### ਸ਼ਰਤੀ ਭੂਤ ਕਾਲ

| ਲਿੰਗ | ਇਕ ਵਚਨ | ਬਹੁ ਵਚਨ |
| --- | --- | --- |
| ਪੁਲਿੰਗ | -ਦਾ | -ਦੇ |
| ਇਸਤ੍ਰੀਲਿੰਗ | -ਦੀ | -ਦੀਆਂ |

### ਅਨਿਸਚਿਤ ਭੂਤ ਕਾਲ

| | | |
| --- | --- | --- |
| ਪੁਲਿੰਗ | -ਇਆ | -ਏ |
| ਇਸਤ੍ਰੀ ਲਿੰਗ | -ਈ | -ਈਆਂ |

### ਵਿਧਿਅਰਥਕ

| | ਇਕਵਚਨ | ਬਹੁਵਚਨ |
| --- | --- | --- |
| ਪੁਲਿੰਗ | -ਣਾ | -ਣੇ |
| ਇਸਤ੍ਰੀਲਿੰਗ | -ਣੀ | -ਣੀਆਂ |

੩੧੭. 'ਹੋ' ਧਾਤੂ ਦਾ ਰੂਪਾਂਤਰ:—

### ਸ਼ਰਤੀ ਭੂਤ ਕਾਲ

| | ਇਕ ਵਚਨ | ਬਹੁ ਵਚਨ |
| --- | --- | --- |
| ਪੁਲਿੰਗ | ਹੁੰਦਾ | ਹੁੰਦੇ |
| ਇਸਤ੍ਰੀਲਿੰਗ | ਹੁੰਦੀ | ਹੁੰਦੀਆਂ |

### ਅਨਿਸਚਿਤ ਭੂਤ ਕਾਲ

| | | |
| --- | --- | --- |
| ਪੁਲਿੰਗ | ਹੋਇਆ | ਹੋਏ |
| ਇਸਤ੍ਰੀਲਿੰਗ | ਹੋਈ | ਹੋਈਆਂ |

### ਵਿਧਿਅਰਥਕ

| | | |
| --- | --- | --- |
| ਪੁਲਿੰਗ | ਹੋਣਾ | ਹੋਣੇ |
| ਇਸਤ੍ਰੀਲਿੰਗ | ਹੋਣੀ | ਹੋਣਆਂ |

Digitized by Panjab Digital Library | www.panjabdigilib.org

੩੧੮. 'ਗਾ' ਦੇ ਰੂਪ :—

| | | |
|---|---|---|
| ਪੁ੦ | ਗਾ | ਗੇ |
| ਇਸਤ੍ਰੀ੦ | ਗੀ | ਗੀਆਂ |

'ਗਾ' ਆਦਿ ਰੂਪ ਮਿਲਾਉਟੀ ਕਾਲਾਂ ਵਿੱਚ ਵਰਤੇ ਜਾਂਦੇ ਹਨ ; ਜਿਵੇਂ :—
**ਕਰੇ ਗਾ, ਹੈ ਗੀ, ਕਰਨ ਗੇ, ਹਨ ਗੀਆਂ, ਲੜੂਗੀ, ਸੀ ਗੀ।**

ਇਨ੍ਹਾਂ ਉਦਾਹਰਣਾਂ ਤੋਂ ਮਲੂਮ ਹੁੰਦਾ ਹੈ ਕਿ 'ਗਾ' **ਲਿੰਗ ਦਾ ਬੋਧ ਕਰਾਉਣ ਲਈ ਹੀ** ਵਰਤੋਂ ਵਿੱਚ ਲਿਆਇਆ ਗਿਆ। 'ਇਹ ਮੇਰੇ ਹੱਥਾਂ ਦਾ ਸਾੜ ਹੈ ਗਾ ਜੇ' [ਸਾ੦ ਵਾ੦ ਸਾ੦ ੯੬] ਵਿੱਚ 'ਹੈ ਗਾ' 'ਹੈ' ਦੀ ਥਾਂ ਹੀ ਵਰਤਿਆਂ ਗਿਆ ਹੈ।

## ਮਿਲਾਉਟੀ ਕਾਲ

੩੧੯ (ਕ) ਪੰਜਾਬੀ ਵਿੱਚ ਸ਼ੁੱਧ ਕਾਲਾਂ ਨਾਲੋਂ ਮਿਲਾਉਟੀ ਕਾਲ ਵਧੇਰੇ ਚਾਲੂ ਹਨ। ਇਹ ਕਾਲ ਮੁੱਖ ਕ੍ਰਿਆ ਦੇ ਨਾਲ 'ਗਾ', 'ਸ', ਜਾਂ 'ਹੋ' ਦੇ ਭਿੰਨ ਭਿੰਨ ਰੂਪ ਲਗਾ ਕੇ ਬਣਾਏ ਜਾਂਦੇ ਹਨ; ਇਸ ਕਰਕੇ ਇਹ 'ਗਾ' ਆਦਿ ਦੇ ਰੂਪ ਸਹਾਇਕ ਕ੍ਰਿਆ ਦੇ ਰੂਪ ਕਹੇ ਜਾਂਦੇ ਹਨ।

ਸਹਾਇਕ ਕ੍ਰਿਆ ਕਿਸੇ ਪਰਧਾਨ ਕ੍ਰਿਆ ਦੇ ਕਾਲ ਅਤੇ ਅਰਥ ਬਣਾਉਣ ਲਈ ਸਹਾਇਤਾ ਦੇਂਦੀ ਹੈ ; ਏਸੇ ਕਰਕੇ ਇਸ ਦਾ ਆਪਣਾ ਅਰਥ ਜਾਂਦਾ ਰਹਿੰਦਾ ਹੈ।

੩੨੦. ਭੂਤ, ਵਰਤਮਾਨ ਅਤੇ ਭਵਿੱਖਤ ਦੇ ਮਿਲਾਉਟੀ ਕਾਲ ਇਹ ਹਨ :-

| | | |
|---|---|---|
| ਲਿਖੇ + (ਗਾ) | ੧. ਸਾਧਾਰਣ ਭਵਿੱਖਤ | **ਉਹ ਲਿਖੇਗਾ।** |
| ਲਿਖਿਆ + ਸਹਾਇਕ | ੧. ਸਮੀਪੀ ਭੂਤ | ਪੱਤਰ **ਲਿਖਿਆ ਹੈ।** |
| | ੨. ਪੂਰਣ ਭੂਤ | ਪੱਤਰ **ਲਿਖਿਆ ਸੀ।** |
| | ੩. ਸੰਭਾਵ ਭੂਤ | ਪੱਤਰ **ਲਿਖਿਆ ਹੋਏ।** |
| | ੪. ਸੰਦਿਗਧ ਭੂਤ | ਪੱਤਰ **ਲਿਖਿਆ ਹੋਏਗਾ।** |
| | ੫. ਸ਼ਰਤੀ ਭੂਤ | ਜੇ ਪੱਤਰ **ਲਿਖਿਆ ਹੁੰਦਾ।** |
| ਲਿਖਦਾ + ਸਹਾਇਕ | ੧. ਵਰਤਮਾਨ | **ਉਹ ਲਿਖਦਾ ਹੈ।** |
| | ੨. ਅਪੂਰਣ ਭੂਤ | ਉਹ **ਲਿਖਦਾ ਸੀ।** |
| | ੩. ਸੰਭਾਵ ਵਰਤਮਾਨ | **ਉਹ ਲਿਖਦਾ ਹੋਏ।** |
| | ੪. ਸੰਦਿਗਧ ਵਰਤਮਾਨ | **ਉਹ ਲਿਖਦਾ ਹੋਏਗਾ।** |
| | ਅਪੂਰਣ ਸ਼ਰਤੀ | **ਜੇ ਉਹ ਲਿਖਦਾ ਹੁੰਦਾ।** |
| ਲਿਖਣਾ + ਸਹਾਇਕ | ੧. ਸਮੀਪੀ ਵਿਧਿਅਰਥਕ | ਪੱਤਰ **ਲਿਖਣਾ ਹੈ।** |
| | ੨. ਪੂਰਣ ਵਿਧਿਅਰਥਕ | ਪੱਤਰ **ਲਿਖਣਾ ਸੀ।** |
| | ੩. ਸੰਭਾਵ ਵਿਧਿਅਰਥਕ | ਪੱਤਰ **ਲਿਖਣਾ ਹੋਏ।** |
| | ੪. ਸੰਦਿਗਧ ਵਿਧਿਅਰਥਕ | ਪੱਤਰ **ਲਿਖਣਾ ਹੋਏਗਾ।** |
| | ੫. ਸ਼ਰਤੀ ਵਿਧਿਅਰਥਕ | ਜੇ ਪੱਤਰ **ਲਿਖਣਾ ਹੁੰਦਾ।** |

Digitized by Panjab Digital Library | www.panjabdigilib.org

## ਕਾਲ

੩੨੧. ਕ੍ਰਿਆ ਦੇ ਸਮੇਂ ਨੂੰ **ਕਾਲ** ਕਹਿੰਦੇ ਹਨ।

ਕਾਲ ਤਿੰਨ ਹਨ—ਭੂਤ, ਵਰਤਮਾਨ ਅਤੇ ਭਵਿੱਖਤ।

੩੨੨. ਜੋ ਕ੍ਰਿਆ ਪਹਿਲਾਂ ਹੋ ਚੁਕੀ ਹੈ, ਉਸ ਦੇ ਕਾਲ ਨੂੰ **ਭੂਤ-ਕਾਲ** ਕਹਿੰਦੇ ਹਨ; ਜਿਵੇਂ :—ਉਸ ਲਿਖਿਆ ਸੀ।

੩੨੩. ਜੋ ਕ੍ਰਿਆ ਹੋ ਰਹੀ ਹੈ, ਉਸ ਦੇ ਸਮੇਂ ਨੂੰ **ਵਰਤਮਾਨ ਕਾਲ** ਆਖਦੇ ਹਨ; ਜਿਵੇਂ ਃ—ਉਹ ਲਿਖਦਾ ਹੈ।

੩੨੪. ਜੋ ਕ੍ਰਿਆ ਹੋਣ ਵਾਲੀ ਹੈ, ਉਸ ਦੇ ਕਾਲ ਨੂੰ **ਭਵਿੱਖਤ ਕਾਲ** ਕਹਿੰਦੇ ਹਨ; ਜਿਵੇਂ ਃ—ਉਹ ਲਿਖੇਗਾ।

## ਅੰਰਥ

੩੨੫. ਕ੍ਰਿਆ ਦੇ ਜਿਸ ਰੂਪਾਂਤਰ ਤੋਂ ਕ੍ਰਿਆ ਦੇ ਹੋਣ ਦੇ ਬਾਰੇ ਮਨ ਦਾ ਭਾਵ ਪਰਗਟ ਹੋਏ, ਉਸ ਨੂੰ **ਅਰਥ** (ਕ) ਕਹਿੰਦੇ ਹਨ; ਜਿਵੇਂ :—

ਮੋਹਨ **ਪੜ੍ਹਦਾ** ਹੈ (ਸ੍ਵਾਰਥ), ਮੋਹਨ **ਪੜ੍ਹੇ** (ਸੰਭਾਵਨਾਰਥ), ਤੁਸੀਂ **ਪੜ੍ਹੋ** (ਆਗਿਆਰਥ), ਜੇ ਮੋਹਨ **ਪੜ੍ਹਦਾ** ਤਾਂ ਪਾਸ ਹੋ **ਜਾਂਦਾ** (ਸੰਕੇਤਾਰਥ), ਮੋਹਨ ਨੇ ਚਿੱਠੀ **ਪੜ੍ਹੀ ਹੋਏਗੀ** (ਸੰਦੇਹਾਰਥ)।

੩੨੬. ਪੰਜਾਬੀ ਵਿੱਚ ਪੰਜ ਪਰਕਾਰ ਦੇ ਅਰਥ ਹਨ ਃ—

(੧) ਜਦ ਕ੍ਰਿਆ ਦੇ ਰੂਪ ਨਾਲ ਕਿਸੇ ਕੰਮ ਦੇ ਹੋਣ ਦੀ ਗੱਲ ਸਾਧਾਰਣ ਤੌਰ ਤੇ ਦੱਸੀ ਜਾਂਦੀ ਹੈ, ਤਦ ਉਹ ਕ੍ਰਿਆ **ਸ੍ਵਾਰਥ** ਕਹੀ ਜਾਂਦੀ ਹੈ ; ਜਿਵੇਂ ਃ—

ਬੱਚਾ ਦੁੱਧ **ਪੀਂਦਾ ਹੈ**।

ਸ੍ਵਾਰਥ ਅਰਥਾਤ ਇਹ ਆਪਣਾ ਸੁਭੌਕੀ ਅਰਥ ਹੀ ਦੇਂਦਾ ਹੈ, ਨਵਾਂ ਖਾਸ ਅਰਥ ਨਹੀਂ ਦੱਸਦਾ ; ਏਸੇ ਲਈ ਇਸ ਨੂੰ ਸ੍ਵਾਰਥ ਕਹਿੰਦੇ ਹਨ।

(੨) ਜਦ ਕ੍ਰਿਆ ਦੇ ਰੂਪ ਤੋਂ ਅਨੁਮਾਨ, ਅਸੀਸ, ਇੱਛਾ, ਫਰਜ ਆਦਿ ਦਾ ਬੋਧ ਹੁੰਦਾ ਹੈ, ਤਦ ਉਹ **ਸੰਭਾਵਨਾਰਥ** ਕਹੀ ਜਾਂਦੀ ਹੈ ; ਜਿਵੇਂ :—

---

(ਕ) ਹਿੰਦੀ, ਮਰਾਠੀ ਅਤੇ ਗੁਜਰਾਤੀ ਦੇ ਪ੍ਰਸਿਧ ਵਿਆਕਰਣਾਂ ਵਿੱਚ mood ਲਈ 'ਅਰਥ' ਸ਼ਬਦ ਹੀ ਵਰਤਿਆ ਗਿਆ ਹੈ। ਬੰਗਾਲੀ ਵਿਆਕਰਣਾਂ ਵਿੱਚ 'ਪ੍ਰਕਾਰ' ਜਾਂ ਭਾਵ-ਪ੍ਰਕਾਸ਼ਕ 'ਪ੍ਰਕਾਰ' ਸ਼ਬਦ ਵਰਤਿਆ ਗਿਆ ਹੈ ਅਤੇ 'ਪੰਜਾਬੀ ਦੁਨੀਆਂ', ਅਗਸਤ, ੧੯੫੧ ਵਿੱਚ ਵਿਆਕਰਣ ਕਮੇਟੀ ਨੇ ਇਸ ਲਈ 'ਲਕਾਰ' ਸ਼ਬਦ ਦਸਿਆ ਹੈ। ਭਾਵੇਂ 'ਅਰਥ' ਸੌ ਫੀ ਸਦੀ ਠੀਕ ਨਾ ਕਿਹਾ ਜਾ ਸਕੇ, ਪਰ ਇਹ ਪ੍ਰਚਲਿਤ ਹੈ ਅਤੇ 'ਪ੍ਰਕਾਰ' ਅਤੇ 'ਲਕਾਰ' ਨਾਲੋਂ ਚੰਗਾ ਵੀ ਜਾਪਦਾ ਹੈ। Mood ਮਨ ਦਾ ਭਾਵ ਹੀ ਦਸਦਾ ਹੈ ਅਤੇ ਭਾਵ ਤੇ 'ਅਰਥ' ਇਕ ਦੂਜੇ ਦੇ ਵਧੇਰੇ ਨੇੜੇ ਹਨ। 'ਪ੍ਰਕਾਰ' 'ਭਾਵ' ਤੋਂ ਬਹੁਤ ਦੂਰ ਹੈ ਅਤੇ 'ਭਾਵ-ਪ੍ਰਕਾਸ਼ਕ ਪ੍ਰਕਾਰ' ਬਹੁਤ ਲੰਮਾ ਵਾਕ-ਅੰਸ਼ ਹੈ। ਸੰਸਕ੍ਰਿਤ ਵਿਆਕਰਣ ਦੇ 'ਲਕਾਰ' ਪੁਰਖਾਦਿਬੋਧਕ ਵਿਭਕਤੀਆਂ ਲਗਾਕੇ ਬਣਾਏ ਜਾਂਦੇ ਹਨ ਅਤੇ ਸ਼ੁੱਧ ਕਾਲਾਂ ਅਤੇ ਅਰਥਾਂ ਦਾ ਬੋਧ ਕਰਾਉਂਦੇ ਹਨ; ਇਸ ਲਈ 'ਲਕਾਰ' ਵੀ mood ਲਈ ਠੀਕ ਨਹੀਂ।

Digitized by Panjab Digital Library | www.panjabdigilib.org

"ਰੱਬ ਆਪਣੀ ਮਿਹਰ ਕਰਕੇ ਸਾਡੇ ਦੇਸ਼ ਵਿੱਚੋਂ ਇਹ ਮੂਰਖਤਾ ਦੂਰ ਕਰੇ।"
(ਨਵਾਬ ਖ਼ਾਨ)

(੩) ਜਦ ਕ੍ਰਿਆ ਦੇ ਰੂਪ ਤੋਂ ਆਗਿਆ, ਬੇਨਤੀ ਉਪਦੇਸ਼ ਆਦਿ ਦਾ ਬੋਧ ਹੁੰਦਾ ਹੈ, ਤਦ ਉਹ ਕ੍ਰਿਆ **ਆਗਿਆਰਥ** ਕਹੀ ਜਾਂਦੀ ਹੈ ; ਜਿਵੇਂ :—

ਉਠੋ ਅਤੇ ਕੰਮ ਵਿੱਚ ਜੁਟ ਜਾਓ।

(੪) ਕ੍ਰਿਆ ਦੇ ਜਿਸ ਰੂਪ ਤੋਂ ਸੰਕੇਤ ਜਾਂ ਸ਼ਰਤ ਦਾ ਬੋਧ ਹੁੰਦਾ ਹੈ, ਉਸਨੂੰ **ਸੰਕੇਤਾਰਥ** ਕਹਿੰਦੇ ਹਨ ; ਜਿਵੇਂ ः—

'ਸਾਰੀ ਜਾਂਦੀ ਵੇਖੀਏ, ਤਾਂ ਅੱਧੀ ਦੇਈਏ ਵੰਡ।' (ਨਵਾਬ ਖਾਨ)

(੫) ਕ੍ਰਿਆ ਦੇ ਜਿਸ ਰੂਪ ਤੋਂ ਸੰਦੇਹ ਅਰਥਾਤ ਸ਼ਕ ਪ੍ਰਗਟ ਹੋਏ, ਉਸਨੂੰ **ਸੰਦੇਹਾਰਥ** ਕਹਿੰਦੇ ਹਨ ; ਜਿਵੇਂ :—ਉਹ ਗਿਆ ਹੋਏਗਾ।

੩੨੧. 'ਨੱਸ' ਅਕਰਮਕ ਧਾਤੂ ਦੀ ਰੂਪ-ਰਚਨਾ :—

## ਸ਼ੁੱਧ ਕਾਲ

### (੧) ਪੁਰਖਾਦਿਬੋਧਕ ਸ਼ੁੱਧ ਕਾਲ

| ਪੁਰਖ | ਸੰਭਾਵ ਭਵਿੱਖਤ: ਇਕ ਵਚਨ | ਸੰਭਾਵ ਭਵਿੱਖਤ: ਬਹੁ ਵਚਨ | ਆਗਿਆਰਥ: ਇਕ ਵਚਨ | ਆਗਿਆਰਥ: ਬਹੁ ਵਚਨ |
|---|---|---|---|---|
| ਉੱਤਮ | ਮੈਂ ਨੱਸਾਂ | ਅਸੀਂ ਨੱਸੀਏ | ਮੈਂ ਨੱਸਾਂ | ਅਸੀਂ ਨੱਸੀਏ |
| ਮੱਧਮ | ਤੂੰ ਨੱਸੇਂ | ਤੁਸੀਂ ਨੱਸੋ | ਤੂੰ ਨੱਸ | ਤੁਸੀਂ ਨੱਸੋ |
| ਅੱਨ | ਉਹ ਨੱਸੇ | ਉਹ ਨੱਸਣ | ਉਹ ਨੱਸੇ | ਉਹ ਨੱਸਣ |

### ੨. ਲਿੰਗਾਦਿ ਬੋਧਕ ਸ਼ੁੱਧ ਕਾਲ

## ਸ਼ਰਤੀ ਭੂਤ ਕਾਲ

| | ਇਕ ਵਚਨ | ਬਹੁ ਭਤਨ |
|---|---|---|
| ਪੁਲਿੰਗ | (ਜੇ) ਮੈਂ, ਤੂੰ ਜਾਂ ਉਹ ਨੱਸਦਾ | (ਜੇ) ਅਸੀਂ, ਤੁਸੀਂ ਜਾਂ ਉਹ ਨੱਸਦੇ |
| ਇਸਤ੍ਰੀ० | (ਜੇ) ” ” ਨਦਸੀ | (ਜੇ) ” ” ਨੱਸਦੀਆਂ |

# ਮਿਲਾਉਟੀ ਕਾਲ

## ਸਾਧਾਰਣ ਭਵਿੱਖਤ

ਸੰਭਾਵ ਭਵਿੱਖਤ ਦੇ ਰੂਪ ਨਾਲ 'ਗਾ' ਦੇ ਰੂਪ ਲਗਾਉਣ ਨਾਲ ਸਾਧਾਰਣ ਭਵਿੱਖਤ ਦੇ ਰੂਪ ਬਣਦੇ ਹਨ ः—

| | | ਇਕ ਵਚਨ | ਬਹੁ ਵਚਨ |
|---|---|---|---|
| ਪੁਲਿੰਗ | ਉੱਤਮ | ਮੈਂ ਨੱਸਾਂ ਗਾ | ਅਸੀਂ ਨੱਸਾਂ ਗੇ |
| | ਮੱਧਮ | ਤੂੰ ਨੱਸੇਂ ਗਾ | ਤੁਸੀਂ ਨੱਸੋ ਗੇ |
| | ਅੱਨ | ਉਹ ਨੱਸੇ ਗਾ | ਉਹ ਨੱਸਣ ਗੇ |
| ਇਸਤ੍ਰੀਲਿੰਗ | ਉੱਤਮ | ਮੈਂ ਨੱਸਾਂ ਗੀ | ਅਸੀਂ ਨੱਸਾਂ ਗੀਆਂ |
| | ਮੱਧਮ | ਤੂੰ ਨੱਸੇਂ ਗੀ | ਤੁਸੀਂ ਨੱਸੋ ਗੀਆਂ |
| | ਅੱਨ | ਉਹ ਨੱਸੇ ਗੀ | ਉਹ ਨੱਸਣ ਗੀਆਂ |

Digitized by Panjab Digital Library | www.panjabdigilib.org

## ਚਾਲੂ ਵਰਤਮਾਨ--ਲਿੰਗਾਦਿਬੋਧਕ + ਪੁਰਖਾਦਿਬੋਧਕ

ਵਰਤਮਾਨ ਕਾਲ ਵੀ ਮਿਲਾਉਂਟੀ ਕਾਲ ਹੈ। ਵਰਤਮਾਨ ਕਾਰਦੰਤਕ ਨਾਲ 'ਹ' ਦੇ ਰੂਪ ਲਗਾਇਆਂ ਇਹ ਕਾਲ ਬਣਦਾ ਹੈ ; ਜਿਵੇਂ :—

| | ਪੁਰਖ | ਇਕ ਵਚਨ | ਬਹੁ ਵਚਨ |
|---|---|---|---|
| ਪੁਲਿੰਗ | ਉੱਤਮ | ਮੈਂ ਨਸਦਾ ਹਾਂ | ਅਸੀਂ ਨਸਦੇ ਹਾਂ |
| | ਮੱਧਮ | ਤੂੰ ਨਸਦਾ ਹੈਂ | ਤੁਸੀਂ ਨਸਦੇ ਹੋ |
| | ਅੱਨ | ਉਹ ਨਸਦਾ ਹੈ | ਉਹ ਨਹਦੇ ਹਨ |
| ਇਸਤ੍ਰੀ० | ਉੱਤਮ | ਮੈਂ ਨਸਦੀ ਹਾਂ | ਅਸੀਂ ਨਸਦੀਆਂ ਹਾਂ |
| | ਮੱਧਮ | ਤੂੰ ਨਸਦੀ ਹੈਂ | ਤੁਸੀਂ ਨਸਦੀਆਂ ਹੋ |
| | ਅੱਨ | ਉਹ ਨਸਦੀ ਹੈ | ਉਹ ਨਸਦੀਆਂ ਹਨ |

## ਚਾਲੂ ਜਾਂ ਅਪੂਰਣ ਭੂਤ ਕਾਲ

ਲਿੰਗਾਦਿਬੋਧਕ + ਪੁਰਖਾਦਿਬੋਧਕ

| | ਪੁਰਖ | ਇਕ ਵਚਨ | ਬਹੁ ਵਚਨ |
|---|---|---|---|
| ਪੁਲਿੰਗ | ਉੱਤਮ | ਮੈਂ ਨਸਦਾ ਸਾਂ | ਅਸੀਂ ਨਸਦੇ ਸਾਂ |
| | ਮੱਧਮ | ਤੂੰ ਨਸਦਾ ਸੈਂ | ਤੁਸੀਂ ਨਸਦੇ ਸਓ |
| | ਅੱਨ | ਉਹ ਨਸਦਾ ਸੀ | ਉਹ ਨਸਦੇ ਸਨ |
| ਇਸਤ੍ਰੀ० | ਉੱਤਮ | ਮੈਂ ਨਸਦੀ ਸਾਂ | ਅਸੀਂ ਨਸਦੀਆਂ ਸਾਂ |
| | ਮੱਧਮ | ਤੂੰ ਨਸਦੀ ਸੈਂ | ਤੁਸੀਂ ਨਸਦੀਆਂ ਸਓ |
| | ਅੱਨ | ਉਹ ਨਸਦੀ ਸੀ | ਉਹ ਨਸਦੀਆਂ ਸਨ |

## ਸਮੀਪੀ ਭੂਤ ਕਾਲ

| | | |
|---|---|---|
| ਪੁਲਿੰਗ | ਮੈਂ ਨਸਿਆ ਹਾਂ | ਅਸੀਂ ਨੱਸੇ ਹਾਂ |
| | ਤੂੰ ਨਸਿਆ ਹੈਂ | ਤੁਸੀਂ ਨੱਸੇ ਹੋ |
| | ਉਹ ਨਸਿਆ ਹੈ | ਉਹ ਨੱਸੇ ਹਨ |
| ਇਸਤ੍ਰੀਲਿੰਗ | ਮੈਂ ਨੱਸੀ ਹਾਂ | ਅਸੀਂ ਨਸੀਆਂ ਹਾਂ |
| | ਤੂੰ ਨੱਸੀ ਹੈਂ | ਤੁਸੀਂ ਨਸੀਆਂ ਹੋ |
| | ਉਹ ਨੱਸੀ ਹੈ | ਉਹ ਨਸੀਆਂ ਹਨ |

## ਪੂਰਣ ਭੂਤ ਕਾਲ

| | ਇਕ ਵਚਨ | ਬਹੁ ਵਚਨ | |
|---|---|---|---|
| ਉੱਤਮ | ਮੈਂ ਨਸਿਆ ਸਾਂ | ਅਸੀਂ ਨੱਸੇ ਸਾਂ | ਪੁਲਿੰਗ |
| ਮੱਧਮ | ਤੂੰ ਨਸਿਆ ਸੈਂ | ਤੁਸੀਂ ਨੱਸੇ ਸਾਓ | |
| ਅੱਨ | ਉਹ ਨਸਿਆ ਸੀ | ਉਹ ਨੱਸੇ ਸਨ | |

Digitized by Panjab Digital Library | www.panjabdigilib.org

| ਪੁਰਖ | ਇਕਵਚਨ | ਬਹੁਵਚਨ | |
|---|---|---|---|
| ਉੱਤਮ | ਮੈਂ ਨੱਸੀ ਸਾਂ | ਅਸੀਂ ਨੱਸੀਆਂ ਸਾਂ | ਇਸਤ੍ਰੀਲਿੰਗ |
| ਮੱਧਮ | ਤੂੰ ਨੱਸੀ ਸੈਂ | ਤੁਸੀਂ ਨੱਸੀਆਂ ਸਾਓ | |
| ਅੱਨ | ਉਹ ਨੱਸੀ ਸੀ | ਉਹ ਨੱਸੀਆਂ ਸਨ | |

## ਪੂਰਣ ਸ਼ਰਤੀ

| | ਇਕ ਵਚਨ | ਬਹੁ ਵਚਨ |
|---|---|---|
| ਪੁਲਿੰਗ | ਮੈਂ, ਤੂੰ ਜਾਂ ਉਹ ਨਸਿਆ ਹੁੰਦਾ | ਅਸੀਂ, ਤੁਸੀਂ ਜਾਂ ਉਹ ਨੱਸੇ ਹੁੰਦੇ |
| ਇਸਤ੍ਰੀਲਿੰਗ | ਮੈਂ, ਤੂੰ ਜਾਂ ਉਹ ਨੱਸੀ ਹੁੰਦੀ | ਅਸੀਂ, ਤੁਸੀ ਜਾਂ ਉਹ ਨਸੀਆਂ ਹੁੰਦੀਆਂ |

## ਸੰਦਿਗਧ ਭੂਤ ਕਾਲ

ਭੂਤ ਕਾਰਦੰਤਕ ਦੇ ਰੂਪਾਂ ਨਾਲ 'ਹੋ' ਧਾਤੂ ਦੇ ਸਾਧਾਰਣ ਭਵਿੱਖਤ ਦੇ ਰੂਪ ਜੋੜ ਕੇ ਇਸ ਦੇ ਰੂਪ ਬਣਾਏ ਜਾਂਦੇ ਹਨ ।

| ਪੁਰਖ | ਇਕ ਵਚਨ | ਬਹੁ ਵਚਨ | |
|---|---|---|---|
| ਉੱਤਮ | ਨੱਸਿਆ ਹੋਵਾਂ ਗਾ | ਨੱਸੇ ਹੋਵਾਂ ਗੇ | ਪੁਲਿੰਗ |
| ਮੱਧਮ | ਨੱਸਿਆ ਹੋਵੇਂ ਗਾ | ਨੱਸੇ ਹੋਵੋ ਗੇ | |
| ਅੱਨ | ਨੱਸਿਆ ਹੋਵੇ ਗਾ<br>ਜਾਂ ਨੱਸਿਆ ਹੋਏ ਗਾ | ਨੱਸੇ ਹੋਵਣ ਗੇ<br>ਜਾਂ ਨੱਸੇ ਹੋਣ ਗੇ | |
| ਉੱਤਮ | ਨੱਸੀ ਹੋਵਾਂ ਗੀ | ਨਸੀਆਂ ਹੋਵਾਂ ਗੀਆਂ | ਇਸਤ੍ਰੀ੦ |
| ਮੱਧਮ | ਨੱਸੀ ਹੋਵੇਂ ਗੀ | ਨੱਸੀਆਂ ਹੋਵੋ ਗੀਆਂ | |
| ਅੱਨ | ਨੱਸੀ ਹੋਏ ਗੀ | ਨੱਸੀਆਂ ਹੋਣ ਗੀਆਂ<br>ਜਾਂ ਨੱਸੀਆਂ ਹੋਵਣ ਗੀਆਂ | |

## ਸੰਭਾਵ ਭੂਤ

| | | | |
|---|---|---|---|
| ਉੱਤਮ | ਨੱਸਿਆ ਹੋਵਾਂ | ਨੱਸੇ ਹੋਈਏ | ਪੁਲਿੰਗ |
| ਮੱਧਮ | ਨਸਿਆ ਹੋਵੇਂ<br>ਜਾਂ ਨੱਸਿਆ ਹੋਏਂ | ਨੱਸੇ ਹੋਵੋ | |
| ਅੱਨ | ਨਸਿਆ ਹੋਵੇ<br>ਜਾਂ ਨਸਿਆ ਹੋਏ | ਨੱਸੇ ਹੋਵਣ<br>ਜਾਂ ਨੱਸੇ ਹੋਣ | |

Digitized by Panjab Digital Library | www.panjabdigilib.org

| | ਇਕਵਚਨ | ਬਹੁਵਚਨ | |
|---|---|---|---|
| ਉੱਤਮ | ਨੱਸੀ ਹੋਵਾਂ | ਨੱਸੀਆਂ ਹੋਈਏ | ਇਸਤ੍ਰੀ० |
| ਮੱਧਮ | ਨੱਸੀ ਹੋਏਂ | ਨੱਸੀਆਂ ਹੋਵੋ | |
| ਅੱਨ | ਨੱਸੀ ਹੋਏ | ਨੱਸੀਆਂ ਹੋਣ | |
| | ਜਾਂ ਨੱਸੀ ਹੋਵੇ | ਜਾਂ ਨੱਸੀਆਂ ਹੋਵਨ | |

## ਅਪੂਰਣ ਸ਼ਰਤੀ

| | | |
|---|---|---|
| ਲਿੰਗ | ਮੈਂ, ਤੂੰ ਜਾਂ ਉਹ ਨਸਦਾ ਹੁੰਦਾ | ਅਸੀਂ, ਤੁਸੀਂ ਜਾਂ ਉਹ ਨਸਦੇ ਹੁੰਦੇ |
| ਇਸਤ੍ਰੀਲਿੰਗ | ਮੈਂ, ਤੂੰ ਜਾਂ ਉਹ ਨਸਦੀ ਹੁੰਦੀ | ਅਸੀਂ, ਤੁਸੀਂ ਜਾਂ ਉਹ ਨਸਦੀਆਂ ਹੁੰਦੀਆਂ |

## ਸੰਦਿਗਧ ਵਰਤਮਾਨ

| | | | |
|---|---|---|---|
| ਉੱਤਮ | ਨਸਦਾ ਹੋਵਾਂ ਗਾ | ਨਸਦੇ ਹੋਵਾਂ ਗੇ | ਪੁਲਿੰਗ |
| ਮੱਧਮ | ਨਸਦਾ ਹੋਵੇਂ ਗਾ | ਨਸਦੇ ਹੋਵੋ ਗੇ | |
| ਅੱਨ | ਨਸਦਾ ਹੋਵੇ ਗਾ | ਨਸਦੇ ਹੋਵਣ ਗੇ | |
| ਉੱਤਮ | ਨਸਦੀ ਹੋਵਾਂਗੀ | ਨਸਦੀਆਂ ਹੋਵਾਂ ਗੀਆਂ | ਇਸਤ੍ਰੀ० |
| ਮੱਧਮ | ਨਸਦੀ ਹੋਵੇਂ ਗੀ | ਨਸਦੀਆਂ ਹੋਵੋ ਗੀਆਂ | |
| ਅੱਨ | ਨਸਦੀ ਹੋਵੇ ਗੀ | ਨਸਦੀਆਂ ਹੋਵਣ ਗੀਆਂ | |

——

## ਸੰਭਾਵ ਵਰਤਮਾਨ

| | | | |
|---|---|---|---|
| ਉੱਤਮ | ਨਸਦਾ ਹੋਵਾਂ | ਨਸਦੇ ਹੋਈਏ | ਪੁਲਿੰਗ |
| ਮੱਧਮ | ਨਸਦਾ ਹੋਵੇਂ | ਨਸਦੇ ਹੋਵੋ | |
| ਅੱਨ | ਨਸਦਾ ਹੋਵੇ | ਨਸਦੇ ਹੋਣ | |
| ਉੱਤਮ | ਨਸਦੀ ਹੋਵਾਂ | ਨਸਦੀਆਂ ਹੋਈਏ | ਇਸਤ੍ਰੀ० |
| ਮੱਧਮ | ਨਸਦੀ ਹੋਵੇਂ | ਨਸਦੀਆਂ ਹੋਵੋ | |
| ਅੱਨ | ਨਸਦੀ ਹੋਵੇ | ਨਸਦੀਆਂ ਹੋਣ | |

੩੨੮. ਹੋ ਧਾਤੂ ਦੀ ਰੂਪ-ਰਚਨਾ :—

## ਮਿਲਾਉਟੀ ਕਾਲ

ਸਾਧਾਰਣ ਭਵਿੱਖਤ—ਪੁਰਖਾਦਿਬੋਧਕ + ਲਿੰਗਾਦਿਬੋਧਕ

| | | | |
|---|---|---|---|
| ਉੱਤਮ | ਮੈਂ ਹੋਵਾਂ ਗਾ | ਅਸੀਂ ਹੋਵਾਂ ਗੇ | ਪੁਲਿੰਗ |
| ਮੱਧਮ | ਤੂੰ ਹੋਵੇਂ ਗਾ | ਤੁਸੀਂ ਹੋਵੋ ਗੇ | |
| ਅੱਨ | ਉਹ ਹੋਵੇ ਗਾ | ਉਹ ਹੋਵਣ ਗੇ | |

Digitized by Panjab Digital Library | www.panjabdigilib.org

### ਵਰਤਮਾਨ ਕਾਲ—ਲਿੰਗਾਦਿਬੋਧਕ+ਪੁਰਖਾਦਿਬੋਧਕ

| ਪੁਰਖ | ਇਕਵਚਨ | ਬਹੁਵਚਨ | |
|---|---|---|---|
| ਉੱਤਮ | ਹੁੰਦਾ ਹਾਂ | ਹੁੰਦੇ ਹਾਂ | ਪੁਲਿੰਗ |
| ਮੱਧਮ | ਹੁੰਦਾ ਹੈਂ | ਹੁੰਦੇ ਹੋ | |
| ਅੱਨ | ਹੁੰਦਾ ਹੈ | ਹੁੰਦੇ ਹਨ | |

### ਅਪੂਰਣ ਭੂਤਕਾਲ—ਲਿੰਗਾਦਿ੦+ਪੁਰਖਾਦਿ੦

| | | | |
|---|---|---|---|
| ਉੱਤਮ | ਹੁੰਦਾ ਸਾਂ | ਹੁੰਦੇ ਸਾਂ | ਪੁਲਿੰਗ |
| ਮੱਧਮ | ਹੁੰਦਾ ਸੈਂ | ਹੁੰਦੇ ਸਓ | |
| ਅੱਨ | ਹੁੰਦਾ ਸੀ | ਹੁੰਦੇ ਸਨ | |

### ਸਮੀਪੀ ਭੂਤਕਾਲ—ਲਿੰਗਾਦਿ + ਪੁਰਖਾਦਿ੦

| | | | |
|---|---|---|---|
| ਉੱਤਮ | ਹੋਇਆ ਹਾਂ | ਹੋਏ ਹਾਂ | ਪੁਲਿੰਗ |
| ਮੱਧਮ | ਹੋਇਆ ਹੈਂ | ਹੋਏ ਹੋ | |
| ਅੱਨ | ਹੋਇਆ ਹੈ | ਹੋਏ ਹਨ | |

### ਪੂਰਣ ਭੂਤ ਕਾਲ—ਲਿੰਗਾਦਿ੦+ਪੁਰਖਾਦਿ੦

| | | | |
|---|---|---|---|
| ਉੱਤਮ | ਹੋਇਆ ਸਾਂ | ਹੋਏ ਸਾਂ | ਪੁਲਿੰਗ |
| ਮੱਧਮ | ਹੋਇਆ ਸੈਂ | ਹੋਏ ਸਾਓ | |
| ਅੱਨ | ਹੋਇਆ ਸੀ | ਹੋਏ ਸਨ | |

ਚੇਤੇ ਰਹੇ ਕਿ ਇਕ ਵਚਨ ਦੇ -ਆ ਅਤੇ -ਇਆ ਦੀ ਥਾਂ -ਈ ਕਰਕੇ ਅਤੇ ਬਹੁਵਚਨ ਦੇ -ਏ ਦੀ ਜਗਾ -ਈਆਂ ਕਰਕੇ ਇਸਤ੍ਰੀਲਿੰਗ ਦੇ ਰੂਪ ਬਣਾਏ ਜਾਂਦੇ ਹਨ। ਉਦਾਹਰਣ ਲਈ, ਹੁੰਦੀ ਹਾਂ, ਹੋਈ ਹਾਂ, ਹੁੰਦੀਆਂ ਹਨ, ਹੋਈਆਂ ਸਨ ਆਦਿ ਇਸਤ੍ਰੀਲਿੰਗ ਦੇ ਰੂਪ ਹਨ।

### ਸੰਦਿਗਧ ਭੂਤਕਾਲ

| | | | |
|---|---|---|---|
| ਉੱਤਮ | ਹੋਇਆ ਹੋਵਾਂ ਗਾ | ਹੋਏ ਹੋਵਾਂ ਗੇ | ਪੁਲਿੰਗ |
| ਮੱਧਮ | ਹੋਇਆ ਹੋਏਂ ਗਾ | ਹੋਏ ਹੋਵੋ ਗੇ | |
| ਅੱਨ | ਹੋਇਆ ਹੋਵੇ ਗਾ | ਹੋਏ ਹੋਣ ਗੇ | |
| ਉੱਤਮ | ਹੋਈ ਹੋਵਾਂ ਗੀ | ਹੋਈਆਂ ਹੋਵਾਂ ਗੀਆਂ | ਇਸਤ੍ਰੀ੦ |
| ਮੱਧਮ | ਹੋਈ ਹੋਵੇਂ ਗੀ | ਹੋਈਆਂ ਹੋਵੋ ਗੀਆਂ | |
| ਅੱਨ | ਹੋਈ ਹੋਵੇ ਗੀ | ਹੋਈਆਂ ਹੋਣ ਗੀਆਂ | |

### ਸੰਭਾਵ ਭੂਤਕਾਲ

| | | | |
|---|---|---|---|
| ਉੱਤਮ | ਹੋਇਆ ਹੋਵਾਂ | ਹੋਏ ਹੋਈਏ | ਪੁਲਿੰਗ |
| ਮੱਧਮ | ਹੋਇਆ ਹੋਏਂ | ਹੋਏ ਹੋਓ | |
| ਅੱਨ | ਹੋਇਆ ਹੋਏ | ਹੋਏ ਹੋਣ | |

Digitized by Panjab Digital Library | www.panjabdigilib.org

| | | | |
|---|---|---|---|
| ਉੱਤਮ | ਹੋਈ ਹੋਵਾਂ | ਹੋਈਆਂ ਹੋਵੀਏ | ਇਸਤ੍ਰੀ੦ |
| ਮੱਧਮ | ਹੋਈ ਹੋਵੇਂ | ਹੋਈਆਂ ਹੋਵੋ | |
| ਅੱਨ | ਹੋਈ ਹੋਏ | ਹੋਈਆਂ ਹੋਣ | |

੩੨੯. ਅਕਰਮਕ ਸ੍ਵਰਾਂਤ ਧਾਤੂ 'ਜਾ' ਦਾ ਰੂਪਾਂਤਰ :—

ਭਾਵਾਰਥ—ਜਾਣਾ, ਵਰਤਮਾਨ ਕਾਰਦੰਤਕ—ਜਾਂਦਾ,

ਭੂਤ ਕਾਰਦੰਤਕ——ਗਿਆ, ਪੂਰਬ ਪੂਰਣ ਕਾਰਦੰਤਕ—ਜਾ ਕੇ ।

## ਸ਼ੁੱਧ ਕਾਲ

### (੧) ਪੁਰਖਾਦਿਬੋਧਕ ਸ਼ੁੱਧ ਕਾਲ

| | ਸੰਭਾਵ ਭਵਿੱਖਤ | | ਆਗਿਆਰਥ | |
|---|---|---|---|---|
| ਪੁਰਖ | ਇਕਵਚਨ | ਬਹੁਵਚਨ | ਇਕਵਚਨ | ਬਹੁਵਚਨ |
| ਉੱਤਮ | ਮੈਂ ਜਾਵਾਂ | ਅਸੀਂ ਜਾਈਏ | — | — |
| ਮੱਧਮ | ਤੂੰ ਜਾਵੇਂ | ਤੁਸੀਂ ਜਾਓ | ਤੂੰ ਜਾ | ਤੁਸੀਂ ਜਾਓ |
| ਅੱਨ | ਉਹ ਜਾਵੇ | ਉਹ ਜਾਣ | — | — |

### (੨) ਲਿੰਗਾਦਿਬੋਧਕ ਸ਼ੁੱਧ ਕਾਲ

#### ਸ਼ਰਤੀ ਭੂਤਕਾਲ

#### ਕਰਤ੍ਰੀ-ਵਾਚ

| | ਇਕਵਚਨ | ਬਹੁਵਚਨ |
|---|---|---|
| ਪੁਲਿੰਗ | ਮੈਂ ਤੂੰ ਜਾਂ ਉਹ ਜਾਂਦਾ | ਅਸੀਂ, ਤੁਸੀਂ ਜਾਂ ਉਹ ਜਾਂਦੇ |
| ਇਸਤ੍ਰੀਲਿੰਗ | ਮੈਂ, ਤੂੰ ਜਾਂ ਉਹ ਜਾਂਦੀ | ਅਸੀਂ, ਤੁਸੀਂ ਜਾਂ ਉਹ ਜਾਂਦੀਆਂ |

#### ਅਨਿਸਚਿਤ ਭੂਤ ਕਾਲ

#### ਕਰਤ੍ਰੀ-ਵਾਚ

| | ਇਕਵਚਨ | ਬਹੁਵਚਨ |
|---|---|---|
| ਪੁਲਿੰਗ | ਮੈਂ, ਤੂੰ ਜਾਂ ਉਹ ਗਿਆ | ਅਸੀਂ, ਤੁਸੀਂ ਜਾਂ ਉਹ ਗਏ |
| ਇਸਤ੍ਰੀਲਿੰਗ | ਮੈਂ, ਤੂੰ ਜਾਂ ਉਹ ਗਈ | ਅਸੀਂ, ਤੁਸੀਂ ਜਾਂ ਉਹ ਗਈਆਂ |

## ਮਿਲਾਉਟੀ ਕਾਲ

### ਸਾਧਾਰਨ ਭਵਿੱਖਤ

#### ਪੁਰਖਾਦਿਬੋਧਕ + ਲਿੰਗਾਦਿਬੋਧਕ

| | ਪੁਰਖ | ਇਕਵਚਨ | ਬਹੁਵਚਨ |
|---|---|---|---|
| ਪੁਲਿੰਗ | ਉੱਤਮ | ਮੈਂ ਜਾਵਾਂ ਗਾ | ਅਸੀਂ ਜਾਵਾਂ ਗੇ |
| | ਮੱਧਮ | ਤੂੰ ਜਾਵੇਂ ਗਾ | ਤੁਸੀਂ ਜਾਓ ਗੇ |
| | ਅੱਨ | ਉਹ ਜਾਵੇ (ਜਾਏ) ਗਾ | ਉਹ (ਜਾਣ) ਜਾਵਣ ਗੇ |
| ਇਸਤ੍ਰੀਲਿੰਗ | ਉੱਤਮ | ਮੈਂ ਜਾਵਾਂ ਗੀ | ਅਸੀਂ ਜਾਵਾਂ ਗੀਆਂ |
| | ਮੱਧਮ | ਤੂੰ ਜਾਵੇਂ (ਜਾਏਂ) ਗੀ | ਤੁਸੀਂ ਜਾਓ ਗੇ |
| | ਅੱਨ | ਉਹ ਜਾਵੇ ਗੀ ਜਾਂ ਉਹ ਜਾਏ ਗੀ | ਉਹ ਜਾਣ (ਜਾਵਣ) ਗੀਆਂ |

Digitized by Panjab Digital Library | www.panjabdigilib.org

## ਵਰਤਮਾਨ ਕਾਲ

ਲਿੰਗਾਦਿਬੋਧਕ + ਪੁਰਖਾਦਿਬੋਧਕ

### ਕਰਤ੍ਰੀ-ਵਾਚ

| | ਪੁਰਖ | ਇਕਵਚਨ | ਬਹੁਵਚਨ |
|---|---|---|---|
| ਪੁਲਿੰਗ | ਉੱਤਮ | ਮੈਂ ਜਾਂਦਾ ਹਾਂ | ਅਸੀਂ ਜਾਂਦੇ ਹਾਂ |
| | ਮੱਧਮ | ਤੂੰ ਜਾਂਦਾ ਹੈਂ | ਤੁਸੀਂ ਜਾਂਦੇ ਹੋ |
| | ਅੱਨ | ਉਹ ਜਾਂਦਾ ਹੈ | ਉਹ ਜਾਂਦੇ ਹਨ |
| ਇਸਤ੍ਰੀਲਿੰਗ | ਉੱਤਮ | ਮੈਂ ਜਾਂਦੀ ਹਾਂ | ਅਸੀਂ ਜਾਂਦੀਆਂ ਹਾਂ |
| | ਮੱਧਮ | ਤੂੰ ਜਾਂਦੀ ਹੈਂ | ਤੁਸੀਂ ਜਾਂਦੀਆਂ ਹੋ |
| | ਅੱਨ | ਉਹ ਜਾਂਦੀ ਹੈ | ਉਹ ਜਾਂਦੀਆਂ ਹਨ |

## ਚਾਲੂ ਜਾਂ ਅਪੂਰਣ ਭੂਤ ਕਾਲ

ਲਿੰਗਾਦਿਬੋਧਕ + ਪੁਰਖਾਦਿਬੋਧਕ

### ਕਰਤ੍ਰੀ-ਵਾਚ

| | ਪੁਰਖ | ਇਕਵਚਨ | ਬਹੁਵਚਨ |
|---|---|---|---|
| ਪੁਲਿੰਗ | ਉੱਤਮ | ਮੈਂ ਜਾਂਦਾ ਸਾਂ | ਅਸੀਂ ਜਾਂਦੇ ਸਾਂ |
| | ਮੱਧਮ | ਤੂੰ ਜਾਂਦਾ ਸੈਂ | ਤੁਸੀਂ ਜਾਂਦੇ ਸਓ |
| | ਅੱਨ | ਉਹ ਜਾਂਦਾ ਸੀ | ਉਹ ਜਾਂਦੇ ਸਨ |
| ਇਸਤ੍ਰੀਲਿੰਗ | ਉੱਤਮ | ਮੈਂ ਜਾਂਦੀ ਸਾਂ | ਅਸੀਂ ਜਾਂਦੀਆਂ ਸਾਂ |
| | ਮੱਧਮ | ਤੂੰ ਜਾਂਦੀ ਸੈਂ | ਤੁਸੀਂ ਜਾਂਦੀਆਂ ਸਓ |
| | ਅੱਨ | ਉਹ ਜਾਂਦੀ ਸੀ | ਉਹ ਜਾਂਦੀਆਂ ਸਨ |

## ਸਮੀਪੀ ਭੂਤ ਕਾਲ

ਲਿੰਗਾਦਿਬੋਧਕ + ਪੁਰਖਾਦਿਬੋਧਕ

### ਕਰਤ੍ਰੀ-ਵਾਚ

| | ਪੁਰਖ | ਇਕਵਚਨ | ਬਹੁਵਚਨ |
|---|---|---|---|
| ਪੁਲਿੰਗ | ਉੱਤਮ | ਮੈਂ ਗਿਆ ਹਾਂ | ਅਸੀਂ ਗਏ ਹਾਂ |
| | ਮੱਧਮ | ਤੂੰ ਗਿਆ ਹੈਂ | ਤੁਸੀਂ ਗਏ ਹੋ |
| | ਅੱਨ | ਉਹ ਗਿਆ ਹੈ | ਉਹ ਗਏ ਹਨ |
| ਇਸਤ੍ਰੀਲਿੰਗ | ਉੱਤਮ | ਮੈਂ ਗਈ ਹਾਂ | ਅਸੀਂ ਗਈਆਂ ਹਾਂ |
| | ਮੱਧਮ | ਤੂੰ ਗਈ ਹੈਂ | ਤੁਸੀਂ ਗਈਆਂ ਹੋ |
| | ਅੱਨ | ਉਹ ਗਈ ਹੈ | ਉਹ ਗਈਆਂ ਹਨ |

Digitized by Panjab Digital Library | www.panjabdigilib.org

## ਪੂਰਨ ਭੂਤ ਕਾਲ

### ਲਿੰਗਾਦਿਬੋਧਕ + ਪੁਰਖਾਦਿਬੋਧਕ

### ਕਰਤ੍ਰੀ-ਵਾਚ

| | ਪੁਰਖ | ਇਕਵਚਨ | ਬਹੁਵਚਨ |
|---|---|---|---|
| ਪੁਲਿੰਗ | ਉੱਤਮ | ਮੈਂ ਗਿਆ ਸਾਂ | ਅਸੀਂ ਗਏ ਸਾਂ |
| | ਮੱਧਮ | ਤੂੰ ਗਿਆ ਸੈਂ | ਤੁਸੀਂ ਗਏ ਸਓ |
| | ਅੱਨ | ਉਹ ਗਿਆ ਸੀ | ਉਹ ਗਏ ਸਨ |
| ਇਸਤ੍ਰੀਲਿੰਗ | ਉੱਤਮ | ਮੈਂ ਗਈ ਸਾਂ | ਅਸੀਂ ਗਈਆਂ ਸਾਂ |
| | ਮੱਧਮ | ਤੂੰ ਗਈ ਸੈਂ | ਤੁਸੀਂ ਗਈਆਂ ਸਓ |
| | ਅੱਨ | ਉਹ ਗਈ ਸੀ | ਉਹ ਗਈਆਂ ਸਨ |

### ਪੂਰਨ ਸ਼ਰਤੀ

| | ਇਕਵਚਨ | ਬਹੁਵਚਨ |
|---|---|---|
| ਪੁਲਿੰਗ | ਗਿਆ ਹੁੰਦਾ | ਗਏ ਹੁੰਦੇ |
| ਇਸਤ੍ਰੀਲਿੰਗ | ਗਈ ਹੁੰਦੀ | ਗਈਆਂ ਹੁੰਦੀਆਂ |

### ਸੰਦਿਗਧ ਭੂਤ ਕਾਲ

| | | | |
|---|---|---|---|
| ਪੁਲਿੰਗ | ਉੱਤਮ | ਗਿਆ ਹੋਵਾਂ ਗਾ | ਗਏ ਹੋਵਾਂ ਗੇ |
| | ਮੱਧਮ | ਗਿਆ ਹੋਏਂ ਗਾ | ਗਏ ਹੋਵੋ ਗੇ |
| | ਅੱਨ | ਗਿਆ ਹੋਏ ਗਾ | ਗਏ ਹੋਣ ਗੇ |
| ਇਸਤ੍ਰੀਲਿੰਗ | ਉੱਤਮ | ਗਈ ਹੋਵਾਂ ਗੀ | ਗਈਆਂ ਹੋਵਾਂ ਗੀਆਂ |
| | ਮੱਧਮ | ਗਈ ਹੋਵੇਂ ਗੀ | ਗਈਆਂ ਹੋਵੋ ਗੀਆਂ |
| | ਅੱਨ | ਗਈ ਹੋਏ ਗੀ | ਗਈਆਂ ਹੋਣ ਗੀਆਂ |

### ਸੰਭਾਵ ਭੂਤ

| | | | |
|---|---|---|---|
| ਪੁਲਿੰਗ | ਉੱਤਮ | ਗਿਆ ਹੋਵਾਂ | ਗਏ ਹੋਈਏ |
| | ਮੱਧਮ | ਗਿਆ ਹੋਏਂ | ਗਏ ਹੋਵੋ |
| | ਅੱਨ | ਗਿਆ ਹੋਏ | ਗਏ ਹੋਣ |
| ਇਸਤ੍ਰੀਲਿੰਗ | ਉੱਤਮ | ਗਈ ਹੋਵਾਂ | ਗਈਆਂ ਹੋਈਏ |
| | ਮੱਧਮ | ਗਈ ਹੋਵੇਂ | ਗਈਆਂ ਹੋਵੋ |
| | ਅੱਨ | ਗਈ ਹੋਏ | ਗਈਆਂ ਹੋਣ |

### ਅਪੂਰਨ ਸ਼ਰਤੀ

| | | |
|---|---|---|
| ਪੁਲਿੰਗ | ਜਾਂਦਾ ਹੁੰਦਾ | ਜਾਂਦੇ ਹੁੰਦੇ |
| ਇਸਤ੍ਰੀਲਿੰਗ | ਜਾਂਦੀ ਹੁੰਦੀ | ਜਾਂਦੀਆਂ ਹੁੰਦੀਆਂ |

### ਸੰਭਾਵ ਵਰਤਮਾਨ

| | | | |
|---|---|---|---|
| ਪੁਲਿੰਗ | ਉੱਤਮ | ਜਾਂਦਾ ਹੋਵਾਂ | ਜਾਂਦੇ ਹੋਈਏ |
| | ਮੱਧਮ | ਜਾਂਦਾ ਹੋਵੇਂ | ਜਾਂਦੇ ਹੋਵੋ |
| | ਅੱਨ | ਜਾਂਦਾ ਹੋਵੇ ਜਾਂ | ਜਾਂਦੇ ਹੋਵਣ |

Digitized by Panjab Digital Library | www.panjabdigilib.org

| | | | |
|---|---|---|---|
| | ਅੱਨ | ਜਾਂਦਾ ਹੋਏ | ਜਾਂ ਜਾਂਦੇ ਹੋਣ |
| ਇਸਤ੍ਰੀਲਿੰਗ | ਉੱਤਮ | ਜਾਂਦੀ ਹੋਵਾਂ | ਜਾਂਦੀਆਂ ਹੋਈਏ |
| | ਮੱਧਮ | ਜਾਂਦੀ ਹੋਏਂ | ਜਾਂਦੀਆਂ ਹੋਵੋ |
| | ਅੱਨ | ਜਾਂਦੀ ਹੋਏ | ਜਾਂਦੀਆਂ ਹੋਣ ਜਾਂ ਜਾਂਦੀਆਂ ਹੋਵਣ |

## ਸੰਦਿਗਧ ਵਰਤਮਾਨ

| | | | |
|---|---|---|---|
| ਪੁਲਿੰਗ | ਉੱਤਮ | ਜਾਂਦਾ ਹੋਵਾਂ ਗਾ | ਜਾਂਦੇ ਹੋਵਾਂ ਗੇ |
| | ਮੱਧਮ | ਜਾਂਦਾ ਹੋਵੇਂ ਗਾ | ਜਾਂਦੇ ਹੋਵੋ ਗੇ |
| | ਅੱਨ | ਜਾਂਦਾ ਹੋਵੇ ਗਾ | ਜਾਂਦੇ ਹੋਣ ਗੇ |
| ਇਸਤ੍ਰੀਲਿੰਗ | ਉੱਤਮ | ਜਾਂਦੀ ਹੋਵਾਂ ਗੀ | ਜਾਂਦੀਆਂ ਹੋਵਾਂ ਗੀਆਂ |
| | ਮੱਧਮ | ਜਾਂਦੀ ਹੋਵੇਂ ਗੀ | ਜਾਂਦੀਆਂ ਹੋਵੋ ਗੀਆਂ |
| | ਅੱਨ | ਜਾਂਦੀ ਹੋਵੇ ਗੀ | ਜਾਂਦੀਆਂ ਹੋਣ ਗੀਆਂ |

## ੩੩੦. 'ਕਰ' ਸਕਰਮਕ ਧਾਤੂ ਦੀ ਰੂਪ-ਰਚਨਾ

### ਸ਼ੁੱਧ ਕਾਲ

(੧) ਪੁਰਖਾਦਿਬੋਧਕ ਸ਼ੁੱਧ ਕਾਲ

| | ਸੰਭਾਵ ਭਵਿੱਖਤ | | ਆਗਿਆਰਥ | |
|---|---|---|---|---|
| | ਇਕਵਚਨ | ਬਹੁਵਚਨ | ਇਕਵਚਨ | ਬਹੁਵਚਨ |
| ਉੱਤਮ ਪੁਰਖ | ਮੈਂ ਕਰਾਂ | ਅਸੀਂ ਕਰੀਏ | — | — |
| ਮੱਧਮ ਪੁਰਖ | ਤੂੰ ਕਰੇਂ | ਤੁਸੀਂ ਕਰੋ | ਤੂੰ ਕਰ | ਤੁਸੀਂ ਕਰੋ |
| ਅੱਨ ਪੁਰਖ | ਉਹ ਕਰੇ | ਉਹ ਕਰਨ | — | — |

(੨) ਲਿੰਗਾਦਿਬੋਧਕ ਸ਼ੁੱਧ ਕਾਲ

### ਸ਼ਰਤੀ ਭੂਤ ਕਾਲ

### ਕਰਤ੍ਰੀਵਾਚ

| | ਇਕਵਚਨ | ਬਹੁਵਚਨ |
|---|---|---|
| ਪੁਲਿੰਗ | ਮੈਂ, ਤੂੰ ਜਾਂ ਉਹ ਕਰਦਾ | ਅਸੀਂ, ਤੁਸੀਂ ਜਾਂ ਉਹ ਕਰਦੇ |
| ਇਸਤ੍ਰੀਲਿੰਗ | ” ” ਕਰਦੀ | ” ” ” ਕਰਦੀਆਂ |

### ਅਨਿਸਚਿਤ ਭੂਤ ਕਾਲ

### ਕਰਮ-ਵਾਚ

| | | |
|---|---|---|
| ਪੁਲਿੰਗ | ਮੈਂ, ਤੂੰ ਜਾਂ ਉਸਨੇ ਤਰਲਾ ਕੀਤਾ | ਅਸਾਂ, ਤੁਸਾਂ ਜਾਂ ਉਨ੍ਹਾਂ ਤਰਲੇ ਕੀਤੇ |
| ਇਸਤ੍ਰੀਲਿੰਗ | ਮੈਂ, ਤੂੰ ਜਾਂ ਉਸ ਨੇ ਬੇਨਤੀ ਕੀਤੀ | ਅਸਾਂ, ਤੁਸਾਂ ਜਾਂ ਉਨ੍ਹਾਂ ਬੇਨਤੀਆਂ ਕੀਤੀਆਂ |

Digitized by Panjab Digital Library | www.panjabdigilib.org

## ਮਿਲਾਉਟੀ ਕਾਲ

### ਸਾਧਾਰਣ ਭਵਿੱਖਤ—ਪੁਰਖਾਦਿਬੋਧਕ + ਲਿੰਗਾਦਿਬੋਧਕ

| | ਪੁਰਖ | ਇਕਵਚਨ | ਬਹੁਵਚਨ |
|---|---|---|---|
| ਪੁਲਿੰਗ | ਉੱਤਮ | ਮੈਂ ਕਰਾਂ ਗਾ | ਅਸੀਂ ਕਰਾਂ ਗੇ |
| | ਮੱਧਮ | ਤੂੰ ਕਰੇਂ ਗਾ | ਤੁਸੀਂ ਕਰੋਗੇ |
| | ਅੱਨ | ਉਹ ਕਰੇ ਗਾ | ਉਹ ਕਰਨ ਗੇ |
| ਇਸਤ੍ਰੀਲਿੰਗ | ਉੱਤਮ | ਮੈਂ ਕਰਾਂ ਗੀ | ਅਸੀਂ ਕਰਾਂ ਗੀਆਂ |
| | ਮੱਧਮ | ਤੂੰ ਕਰੇਂ ਗੀ | ਤੁਸੀਂ ਕਰੋ ਗੀਆਂ |
| | ਅੱਨ | ਉਹ ਕਰੇ ਗੀ | ਉਹ ਕਰਨ ਗੀਆਂ |

### ਵਰਤਮਾਨ ਕਾਲ—ਲਿੰਗਾਦਿਬੋਧਕ + ਪੁਰਖਾਦਿਬੋਧਕ

#### ਕਰਤ੍ਰੀ-ਵਾਚ

| | ਪੁਰਖ | ਇਕਵਚਨ | ਬਹੁਵਚਨ |
|---|---|---|---|
| ਪੁਲਿੰਗ | ਉੱਤਮ | ਮੈਂ ਕਰਦਾ ਹਾਂ | ਅਸੀਂ ਕਰਦੇ ਹਾਂ |
| | ਮੱਧਨ | ਤੂੰ ਕਰਦਾ ਹੈਂ | ਤੁਸੀਂ ਕਰਦੇ ਹੋ |
| | ਅੱਨ | ਉਹ ਕਰਦਾ ਹੈ | ਉਹ ਕਰਦੇ ਹਨ |
| ਇਸਤ੍ਰੀਲਿੰਗ | ਉੱਤਮ | ਮੈਂ ਕਰਦੀ ਹਾਂ | ਅਸੀਂ ਕਰਦੀਆਂ ਹਾਂ |
| | ਮੱਧਮ | ਤੂੰ ਕਰਦੀ ਹੈਂ | ਤੁਸੀਂ ਕਰਦੀਆਂ ਹੋ |
| | ਅੱਨ | ਉਹ ਕਰਦੀ ਹੈ | ਉਹ ਕਰਦੀਆਂ ਹਨ |

### ਚਾਲੂ ਜਾਂ ਅਪੂਰਣ ਭੂਤ ਕਾਲ

ਲਿੰਗਾਦਿਬੋਧਕ + ਪੁਰਖਾਦਿਬੋਧਕ

#### ਕਰਤ੍ਰੀ ਵਾਚ

| | ਪੁਰਖ | ਇਕਵਚਨ | ਬਹੁਵਚਨ |
|---|---|---|---|
| ਪੁਲਿੰਗ | ਉੱਤਮ | ਮੈਂ ਕਰਦਾ ਸਾਂ | ਅਸੀਂ ਕਰਦੇ ਸਾਂ |
| | ਮੱਧਮ | ਤੂੰ ਕਰਦਾ ਸੈਂ | ਤੁਸੀਂ ਕਰਦੇ ਸਓ |
| | ਅੱਨ | ਉਹ ਕਰਦਾ ਸੀ | ਉਹ ਕਰਦੇ ਸਨ |
| ਇਸਤ੍ਰੀ ਲਿੰਗ | ਉੱਤਮ | ਮੈਂ ਕਰਦੀ ਸਾਂ | ਅਸੀਂ ਕਰਦੀਆਂ ਸਾਂ |
| | ਮੱਧਮ | ਤੂੰ ਕਰਦੀ ਸੈਂ | ਤੁਸੀਂ ਕਰਦੀਆਂ ਸਓ |
| | ਅੱਨ | ਉਹ ਕਰਦੀ ਸੀ | ਉਹ ਕਰਦੀਆਂ ਸਨ |

Digitized by Panjab Digital Library | www.panjabdigilib.org

## ਸਮੀਪੀ ਭੂਤ ਕਾਲ

ਲਿੰਗਾਦਿਬੋਧਕ+ਪੁਰਖਾਦਿਬੋਧਕ

### ਕਰਮ-ਵਾਚ

| | ਇਕਵਚਨ | ਬਹੁਵਚਨ |
|---|---|---|
| ਪੁਲਿੰਗ | ਕੀਤਾ ਹੈ | ਕੀਤੇ ਹਨ |
| ਇਸਤ੍ਰੀਲਿੰਗ | ਕੀਤੀ ਹੈ | ਕੀਤੀਆਂ ਹਨ |

## ਪੂਰਣ ਭੂਤ ਕਾਲ

ਲਿੰਗਾਦਿਬੋਧਕਪੁਰਖਾਦਿਬੋਧਕ

### ਕਰਮ-ਵਾਚ

| | ਇਕਵਚਨ | ਬਹੁਵਚਨ |
|---|---|---|
| ਪੁਲਿੰਗ | ਕੀਤਾ ਸੀ | ਕੀਤੇ ਸਨ |
| ਇਸਤ੍ਰੀਲਿੰਗ | ਕੀਤੀ ਸੀ | ਕੀਤੀਆਂ ਸਨ |

### ਪੂਰਣ ਸ਼ਰਤੀ (ਕਰਮ-ਵਾਚ)

| | | |
|---|---|---|
| ਪੁਲਿੰਗ | ਕੀਤਾ ਹੁੰਦਾ | ਕੀਤੇ ਹੁੰਦੇ |
| ਇਸਤ੍ਰੀ੦ | ਕੀਤੀ ਹੁੰਦੀ | ਕੀਤੀਆਂ ਹੁੰਦੀਆਂ |

### ਸੰਭਾਵ ਭੂਤ (ਕਰਮ-ਵਾਚ)

| | | |
|---|---|---|
| ਪੁਲਿੰਗ | ਕੀਤਾ ਹੋਏ | ਕੀਤੇ ਹੋਣ |
| ਇਸਤ੍ਰੀ੦ | ਕੀਤੀ ਹੋਏ | ਕੀਤੀਆਂ ਹੋਣ |

### ਸੰਦਿਗਧ ਭੂਤ (ਕਰਮ-ਵਾਚ)

| | | |
|---|---|---|
| ਪੁਲਿੰਗ | ਕੀਤਾ ਹੋਏ ਗਾ | ਕੀਤੇ ਹੋਣ ਗੇ |
| ਇਸਤ੍ਰੀ੦ | ਕੀਤੀ ਹੋਏ ਗੀ | ਕੀਤੀਆਂ ਹੋਣ ਗੀਆਂ |

### ਅਪੂਰਣ ਸ਼ਰਤੀ (ਕਰਤ੍ਰੀ-ਵਾਚ)

| | | |
|---|---|---|
| ਪੁਲਿੰਗ | ਕਰਦਾ ਹੁੰਦਾ | ਕਰਦੇ ਹੁੰਦੇ |
| ਇਸਤ੍ਰੀ੦ | ਕਰਦੀ ਹੁੰਦੀ | ਕਰਦੀਆਂ ਹੁੰਦੀਆਂ |

### ਸੰਭਾਵ ਵਰਤਮਾਨ (ਕਰਤ੍ਰੀ-ਵਾਚ)

| | ਉੱਤਮ ਪੁਰਖ | ਮੱਧਮ ਪੁਰਖ | ਅੱਨ ਪੁਰਖ | |
|---|---|---|---|---|
| ਪੁਲਿੰਗ | ਕਰਦਾ ਹੋਵਾਂ | ਕਰਦਾ ਹੋਵੇਂ | ਕਰਦਾ ਹੋਵੇ | ਇਕਵਚਨ |
| ਇਸਤ੍ਰੀ੦ | ਕਰਦੀ ਹੋਵਾਂ | ਕਰਦੀ ਹੋਵੇਂ | ਕਰਦੀ ਹੋਵੇ | |

### ਸੰਦਿਗਧ ਵਰਤਮਾਨ (ਕਰਤ੍ਰੀ-ਵਾਚ)

| | ਉੱਤਮ | ਮੱਧਮ | ਅੱਨ | |
|---|---|---|---|---|
| ਪੁਲਿੰਗ | ਕਰਦਾ ਹੋਵਾਂ ਗਾ | ਕਰਦਾ ਹੋਵੇਂ ਗਾ | ਕਰਦਾ ਹੋਵੇ ਗਾ | ਇਕਵਰਨ |
| ਇਸਤ੍ਰੀ੦ | ਕਰਦੀ ਹੋਵਾਂ ਗੀ | ਕਰਦੀ ਹੋਵੇਂ ਗੀ | ਕਰਦੀ ਹੋਵੇ ਗੀ | |

Digitized by Panjab Digital Library | www.panjabdigilib.org

## ਕਰਮ-ਵਾਚ

੩੩੧. ਸੰਸਕ੍ਰਿਤ ਵਿੱਚ ਸਭਨਾਂ ਲਕਾਰਾਂ (ਕਾਲਾਂ ਅਤੇ ਅਰਥਾਂ) ਦੇ ਕਰਮ-ਵਾਚ ਦੇ ਸ਼ੁੱਧ ਰੂਪ ਹੁੰਦੇ ਹਨ ; ਪਰ ਪੰਜਾਬੀ ਵਿੱਚ ਕਰਮ-ਵਾਚ ਦੇ ਸ਼ੁੱਧ ਰੂਪ ਨਿਰੇ ਸਕਰਮਕ ਕ੍ਰਿਆਵਾਂ ਦੇ ਵਰਤਮਾਨ, ਭੂਤ ਅਤੇ ਵਿਧਿਅਰਥਕ ਕਾਰਦੰਤਕਾਂ ਦੇ ਹਨ। ਇਸ ਥੁੜ ਨੂੰ ਪੂਰਾ ਕਰਨ ਲਈ ਪੰਜਾਬੀ ਵਿੱਚ ਸ਼ੁਧ ਕ੍ਰਿਆਵਾਂ ਦੀ ਥਾਂ ਮਿਲਾਉਟੀ ਕਾਲਾਂ ਨੇ ਲੈ ਲਈ ਹੈ। ਹੇਠ ਲਿਖਿਆਂ ਉਦਾਹਰਣਾਂ ਨਾਲ ਏਸੇ ਗੱਲ ਨੂੰ ਸਿੱਧ ਕੀਤਾ ਜਾਂਦਾ ਹੈ।

| ਸੰਸਕ੍ਰਿਤ ਕਰਮਵਾਚ ਦੇ ਸ਼ੁੱਧ ਰੂਪ | ਪੰਜਾਬੀ ਕਰਮਵਾਚ ਦੇ ਸ਼ੁੱਧ ਰੂਪ | ਪੰਜਾਬੀ ਕਰਮਵਾਚ ਦੇ ਮਿਲਾਉਟੀ ਕਾਲ |
|---|---|---|
| तेन सर्पो दृष्टः। | ਤਿਨ (ਉਸ) ਸੱਪ ਡਿੱਠਾ। | |
| मया कर्म कृतम्। | ਮੈਂ ਕੰਮ ਕੀਤਾ। | ਇਹ ਕੰਮ ਕੀਤਾ ਗਿਆ। |
| इदं कर्म करणीयम्। | ਇਹ ਕੰਮ ਕਰਣਾ। | ਇਹ ਕੰਮ ਕੀਤਾ ਜਾਣਾ ਚਾਹੀਦਾ ਹੈ। |
| पठ्यते | ਪੜ੍ਹੀਏ | ਪੜ੍ਹਿਆ ਜਾਂਦਾ ਹੈ। |
| पठिष्यते | — | ਪੜ੍ਹਿਆ ਜਾਏ ਗਾ। |

'ਇਹ ਕੰਮ ਨਹੀਂ ਕਰੀਦਾ' ਵਿੱਚ 'ਕਰੀਦਾ' ਵਰਤਮਾਨ ਕਾਰਦੰਤਕ, ਕਰਮ-ਵਾਚ ਦਾ ਸ਼ੁੱਧ ਰੂਪ ਹੈ।

ਪੁਰਾਣੀ ਪੰਜਾਬੀ ਵਿੱਚ ਕੁਝ ਵਧੇਰੇ ਰੂਪ ਦਿਸਦੇ ਹਨ ; ਜਿਵੇਂ :— ਘੜੀਐ (=ਘੜੀ ਜਾਂਦੀ ਹੈ), ਮਾਰੀਅਨਿ (=ਮਾਰੇ ਜਾਂਦੇ ਹਨ)। ਲਹਿੰਦੀ ਵਿੱਚ 'ਮਰੀਜਾਂ' (=ਮਾਰਿਆ ਜਾਵਾਂ), ਸਿਞਾਪਸਨਿ (=ਪਛਾਣੇ ਜਾਣ ਗੇ) ਆਦਿ ਹੋਰ ਵੀ ਰੂਪ ਮਿਲਦੇ ਹਨ।

## ਕਰਮ-ਵਾਚ ਦੇ ਮਿਲਾਉਟੀ ਕਾਲ

੩੩੨. ਸਕਰਮਕ ਧਾਤੂ ਦੇ ਭੂਤ ਕਾਰਦੰਤਕ ਦੇ ਨਾਲ 'ਜਾ' ਧਾਤੂ ਦੇ ਭਿੰਨ ਭਿੰਨ ਕਾਲਾਂ ਅਤੇ ਅਰਥਾਂ ਦੇ ਰੂਪ ਜੋੜਨ ਨਾਲ ਕਰਮ-ਵਾਚ ਕ੍ਰਿਆ ਬਣਾਈ ਜਾਂਦੀ ਹੈ; ਜਿਵੇਂ :—

| | | |
|---|---|---|
| ਪੁ0 | ਮੈਂ ਵੇਖਿਆ ਜਾਵਾਂ, | ਉਹ ਵੇਖੇ ਗਏ। |
| ਇਸਤ੍ਰੀ0 | ਮੈਂ ਵੇਖੀ ਜਾਵਾਂ, | ਉਹ ਵੇਖੀਆਂ ਗਈਆਂ। |

ਚੇਤੇ ਰਹੇ ਕਿ ਜੇ ਕਿਸੇ ਸਕਰਮਕ ਧਾਤੂ ਦੇ ਕਿਸੇ ਕਾਲ, ਪੁਰਖ, ਲਿੰਗ, ਵਚਨ ਦਾ ਕਰਮ-ਵਾਚ ਬਣਾਉਣਾ ਹੋਏ, ਤਾਂ 'ਜਾ' ਧਾਤੂ ਦੇ ਉਸੇ ਕਾਲ, ਪੁਰਖ, ਲਿੰਗ, ਵਚਨ ਦਾ ਰੂਪ ਉਸ ਸਕਰਮਕ ਧਾਤੂ ਦੇ ਭੂਤ ਕਾਰਦੰਤਕ ਦੇ ਨਾਲ ਲਗਾਣਾ ਚਾਹੀਦਾ ਹੈ।

੩੩੩. ਹੇਠ 'ਵੇਖ' ਧਾਤੂ ਦੇ ਕਰਮ-ਵਾਚ ਦੇ ਰੂਪ ਦੱਸੇ ਜਾਂਦੇ ਹਨ :—

Digitized by Panjab Digital Library | www.panjabdigilib.org

## ਕਰਮ-ਵਾਚ

### ਸੰਭਾਵ ਭਵਿੱਖਤ

ਲਿੰਗਾਦਿਬੋਧਕ + ਪੁਰਖਾਦਿਬੋਧਕ

| | | ਇਕਵਚਨ | ਬਹੁਵਚਨ |
|---|---|---|---|
| ਪੁ੦ | ਉੱਤਮ | ਵੇਖਿਆ ਜਾਵਾਂ | ਵੇਖੇ ਜਾਈਏ |
| | ਮੱਧਮ | ਵੇਖਿਆ ਜਾਵੇਂ | ਵੇਖੇ ਜਾਓ |
| | ਅੱਨ | ਵੇਖਿਆ ਜਾਏ | ਵੇਖੇ ਜਾਣ |
| ਇਸਤ੍ਰੀ੦ | ਉੱਤਮ | ਵੇਖੀ ਜਾਵਾਂ | ਵੇਖੀਆਂ ਜਾਈਏ |
| | ਮੱਧਮ | ਵੇਖੀ ਜਾਵੇਂ | ਵੇਖੀਆਂ ਜਾਓ |
| | ਅੱਨ | ਵੇਖੀ ਜਾਏ | ਵੇਖੀਆਂ ਜਾਣ |

### ਆਗਿਆਰਥ

ਲਿੰਗਾਦਿਬੋਧਕ + ਪੁਰਖਾਦਿਬੋਧਕ

| | | | |
|---|---|---|---|
| ਪੁ੦ | ਉੱਤਮ | ਵੇਖਿਆ ਜਾਵਾਂ | ਵੇਖੇ ਜਾਈਏ |
| | ਮੱਧਮ | ਵੇਖਿਆ ਜਾ | ਵੇਖੇ ਜਾਓ |
| | ਅੱਨ | ਵੇਖਿਆ ਜਾਏ | ਵੇਖੇ ਜਾਣ |
| ਇਸਤ੍ਰੀ੦ | ਉੱਤਮ | ਵੇਖੀ ਜਾਵਾਂ | ਵੇਖੀਆਂ ਜਾਈਏ |
| | ਮੱਧਮ | ਵੇਖੀ ਜਾ | ਵੇਖੀਆਂ ਜਾਓ |
| | ਅੱਨ | ਵੇਖੀ ਜਾਏ | ਵੇਖੀਆਂ ਜਾਣ |

### ਸਾਧਾਰਣ ਭਵਿੱਖਤ

ਲਿੰਗਾਦਿਬੋਧਕ + ਪੁਖਾਦਿਬੋਧਕ + ਲਿੰਗਾਦਿਬੋਧਕ

| | | | |
|---|---|---|---|
| ਪੁ੦ | ਉੱਤਮ | ਵੇਖਿਆ ਜਾਵਾਂ ਗਾ | ਵੇਖੇ ਜਾਵਾਂ ਗੇ |
| | ਮੱਧਮ | ਵੇਖਿਆ ਜਾਵੇਂ ਗਾ | ਵੇਖੇ ਜਾਓ ਗੇ |
| | ਅੱਨ | ਵੇਖਿਆ ਜਾਏ ਗਾ | ਵੇਖੇ ਜਾਣ ਗੇ |
| ਇਸਤ੍ਰੀ੦ | ਉੱਤਮ | ਵੇਖੀ ਜਾਵਾਂ ਗੀ | ਵੇਖੀਆਂ ਜਾਵਾਂ ਗੀਆਂ |
| | ਮੱਧਮ | ਵੇਖੀ ਜਾਵੇਂ ਗੀ | ਵੇਖੀਆਂ ਜਾਓ ਗੀਆਂ |
| | ਅੱਨ | ਵੇਖੀ ਜਾਏ ਗੀ | ਵੇਖੀਆਂ ਜਾਣ ਗੀਆਂ |

### ਵਰਤਮਾਨ

ਲਿੰਗਾਦਿਬੋਧਕ + ਲਿੰਗਾਦਿਬੋਧਕ + ਪੁਰਖਾਦਿਬੋਧਕ

| | | ਇਕਵਚਨ | ਬਹੁਵਚਨ |
|---|---|---|---|
| ਪੁ੦ | ਉੱਤਮ | ਵੇਖਿਆ ਜਾਂਦਾ ਹਾਂ | ਵੇਖੇ ਜਾਂਦੇ ਹਾਂ |
| | ਮੱਧਮ | ਵੇਖਿਆ ਜਾਂਦਾ ਹੈਂ | ਵੇਖੇ ਜਾਂਦੇ ਹੋ |
| | ਅੱਨ | ਵੇਖਿਆ ਜਾਂਦਾ ਹੈ | ਵੇਖੇ ਜਾਂਦੇ ਹਨ |

Digitized by Panjab Digital Library | www.panjabdigilib.org

| | | | |
|---|---|---|---|
| ਇਸਤ੍ਰੀ੦ | ਉੱਤਮ | ਵੇਖੀ ਜਾਂਦੀ ਹਾਂ | ਵੇਖੀਆਂ ਜਾਂਦੀਆਂ ਹਾਂ |
| | ਮੱਧਮ | ਵੇਖੀ ਜਾਂਦੀ ਹੈਂ | ਵੇਖੀਆਂ ਜਾਂਦੀਆਂ ਹੋ |
| | ਅੱਨ | ਵੇਖੀ ਜਾਂਦੀ ਹੈ | ਵੇਖੀਆਂ ਜਾਂਦੀਆਂ ਹਨ |

## ਸ਼ਰਤੀ ਭੂਤ ਕਾਲ

ਲਿੰਗਾਦਿਬੋਧਕ + ਲਿੰਗਾਦਿਬੋਧਕ

| | | |
|---|---|---|
| ਪੁ੦ | ਮੈਂ, ਤੂੰ ਜਾਂ ਉਹ ਵੇਖਿਆ ਜਾਂਦਾ | ਅਸੀਂ, ਤੁਸੀਂ ਜਾਂ ਉਹ ਵੇਖੇ ਜਾਂਦੇ |
| ਇਸਤ੍ਰੀ੦ | ਮੈਂ, ਤੂੰ ਜਾਂ ਉਹ ਵੇਖੀ ਜਾਂਦੀ | ਅਸੀਂ, ਤੁਸੀਂ ਜਾਂ ਉਹ ਵੇਖੀਆਂ ਜਾਂਦੀਆਂ |

## ਅਪੂਰਣ ਭੂਤ ਕਾਲ

ਲਿੰਗਾਦਿਬੋਧਕ + ਲਿੰਗਾਦਿਬੋਧਕ + ਪੁਰਖਾਦਿਬੋਧਕ

| | | ਇਕਵਚਨ | ਬਹੁਵਚਨ |
|---|---|---|---|
| ਪੁ੦ | ਉੱਤਮ | ਵੇਖਿਆ ਜਾਂਦਾ ਸਾਂ | ਵੇਖੇ ਜਾਂਦੇ ਸਾਂ |
| | ਮੱਧਮ | ਵੇਖਿਆ ਜਾਂਦਾ ਸੈਂ | ਵੇਖੇ ਜਾਂਦੇ ਸਾਓ |
| | ਅੱਨ | ਵੇਖਿਆ ਜਾਂਦਾ ਸੀ | ਵੇਖੇ ਜਾਂਦੇ ਸਨ |
| ਇਸਤ੍ਰੀ੦ | ਉੱਤਮ | ਵੇਖੀ ਜਾਂਦੀ ਸਾਂ | ਵੇਖੀਆਂ ਜਾਂਦੀਆਂ ਸਾਂ |
| | ਮੱਧਮ | ਵੇਖੀ ਜਾਂਦੀ ਸੈਂ | ਵੇਖੀਆਂ ਜਾਂਦੀਆਂ ਸਾਓ |
| | ਅੱਨ | ਵੇਖੀ ਜਾਂਦੀ ਸੀ | ਵੇਖੀਆਂ ਜਾਂਦੀਆਂ ਸਨ |

## ਅਪੂਰਣ ਸ਼ਰਤੀ ਭੂਤਕਾਲ

| | ਇਕ ਵਚਨ | ਬਹੁਵਚਨ |
|---|---|---|
| ਪੁ੦ | ਮੈਂ, ਤੂੰ ਜਾਂ ਉਹ ਵੇਖਿਆ ਜਾਂਦਾ ਹੁੰਦਾ | ਅਸੀਂ, ਤੁਸੀਂ ਜਾਂ ਉਹ ਵੇਖੇ ਜਾਂਦੇ ਹੁੰਦੇ |
| ਇਸਤ੍ਰੀ੦ | ਮੈਂ, ਤੂੰ ਜਾਂ ਉਹ ਵੇਖੀ ਜਾਂਦੀ ਹੁੰਦੀ | ਅਸੀਂ, ਤੁਸੀਂ ਜਾਂ ਉਹ ਵੇਖੀਆਂ ਜਾਂਦੀਆਂ ਹੁੰਦੀਆਂ |

## ਅਨਿਸਚਿਤ ਭੂਤਕਾਲ

ਲਿੰਗਾਦਿਬੋਧਕ + ਲਿੰਗਾਦਿਬੋਧਕ

| | ਇਕਵਚਨ | ਬਹੁਵਚਨ |
|---|---|---|
| ਪੁ੦ | ਮੈਂ, ਤੂੰ ਜਾਂ ਉਹ ਵੇਖਿਆ ਗਿਆ | ਅਸੀਂ, ਤੁਸੀਂ ਜਾਂ ਉਹ ਵੇਖੇ ਗਏ |
| ਇਸਤ੍ਰੀ੦ | ਮੈਂ, ਤੂੰ ਜਾਂ ਉਹ ਵੇਖੀ ਗਈ | ਅਸੀਂ, ਤੁਸੀਂ ਜਾਂ ਉਹ ਵੇਖੀਆਂ ਗਈਆਂ |

Digitized by Panjab Digital Library | www.panjabdigilib.org

### ਸਮੀਪੀ ਭੂਤ ਕਾਲ

| | | |
|---|---|---|
| ਪੁ੦ | ਮੈਂ ਵੇਖਿਆ ਗਿਆ ਹਾਂ | ਅਸੀਂ ਵੇਖੇ ਗਏ ਹਾਂ |
| | ਤੂੰ ਵੇਖਿਆ ਗਿਆ ਹੈਂ | ਤੁਸੀਂ ਵੇਖੇ ਗਏ ਹੋ |
| | ਉਹ ਵੇਖਿਆ ਗਿਆ ਹੈ | ਉਹ ਵੇਖੇ ਗਏ ਹਨ |
| ਇਸਤ੍ਰੀ੦ | ਮੈਂ ਵੇਖੀ ਗਈ ਹਾਂ | ਅਸੀਂ ਵੇਖੀਆਂ ਗਈਆਂ ਹਾਂ |
| | ਤੂੰ ਵੇਖੀ ਗਈ ਹੈਂ | ਤੁਸੀਂ ਵੇਖੀਆਂ ਗਈਆਂ ਹੋ |
| | ਉਹ ਵੇਖੀ ਗਈ ਹੈ | ਉਹ ਵੇਖੀਆਂ ਗਈਆਂ ਹਨ |

### ਪੂਰਣ ਭੂਤ ਕਾਲ

| | | |
|---|---|---|
| ਪੁ੦ | ਮੈਂ ਵੇਖਿਆ ਗਿਆ ਸਾਂ | ਅਸੀਂ ਵੇਖੇ ਗਏ ਸਾਂ |
| | ਤੂੰ ਵੇਖਿਆ ਗਿਆ ਸੈਂ | ਤੁਸੀਂ ਵੇਖੇ ਗਏ ਸਓ |
| | ਉਹ ਵੇਖਿਆ ਗਿਆ ਸੀ | ਉਹ ਵੇਖੇ ਗਏ ਸਨ |
| ਇਸਤ੍ਰੀ੦ | ਮੈਂ ਵੇਖੀ ਗਈ ਸਾਂ | ਅਸੀਂ ਵੇਖੀਆਂ ਗਈਆਂ ਸਾਂ |
| | ਤੂੰ ਵੇਖੀ ਗਈ ਸੈਂ | ਤੁਸੀਂ ਵੇਖੀਆਂ ਗਈਆਂ ਸਓ |
| | ਉਹ ਵੇਖੀ ਗਈ ਸੀ | ਉਹ ਵੇਖੀਆਂ ਗਈਆਂ ਸਨ |

### ਪੂਰਣ ਸ਼ਰਤੀ

| | ਇਕਵਚਨ | ਬਹੁਵਚਨ |
|---|---|---|
| ਪੁਲਿੰਗ | ਮੈਂ, ਤੂੰ ਜਾਂ ਉਹ ਵੇਖਿਆ ਗਿਆ ਹੁੰਦਾ | ਅਸੀਂ, ਤੁਸੀਂ ਜਾਂ ਉਹ ਵੇਖੇ ਗਏ ਹੁੰਦੇ। |
| ਇਸਤ੍ਰੀਲਿੰਗ | ਮੈਂ, ਤੂੰ ਜਾਂ ਉਹ ਵੇਖੀ ਗਈ ਹੁੰਦੀ | ਅਸੀਂ, ਤੁਸੀਂ ਜਾਂ ਉਹ ਵੇਖੀਆਂ ਗਈਆਂ ਹੁੰਦੀਆਂ। |

### ਸੰਭਾਵ ਵਰਤਮਾਨ—

ਲਿੰਗਾਦਿਬੋਧਕ+ਲਿੰਗਾਦਿਬੋਧ+ਪੁਰਖਾਦਿਕਬੋਧਕ।

| | | |
|---|---|---|
| ਪੁਲਿੰਗ | ਮੈਂ ਵੇਖਿਆ ਜਾਂਦਾ ਹੋਵਾਂ | ਅਸੀਂ ਵੇਖੇ ਜਾਂਦੇ ਹੋਈਏ |
| | ਤੂੰ ਵੇਖਿਆ ਜਾਂਦਾ ਹੋਏਂ | ਤੁਸੀਂ ਵੇਖੇ ਜਾਂਦੇ ਹੋਵੋ |
| | ਉਹ ਵੇਖਿਆ ਜਾਂਦਾ ਹੋਏ | ਉਹ ਵੇਖੇ ਜਾਂਦੇ ਹੋਣ |
| ਇਸਤ੍ਰੀ੦ | ਮੈਂ ਵੇਖੀ ਜਾਂਦੀ ਹੋਵਾਂ | ਅਸੀਂ ਵੇਖੀਆਂ ਜਾਂਦੀਆਂ ਹੋਈਏ |
| | ਤੂੰ ਵੇਖੀ ਜਾਂਦੀ ਹੋਵੇਂ | ਤੁਸੀਂ ਵੇਖੀਆਂ ਜਾਂਦੀਆਂ ਹੋਵੋ |
| | ਉਹ ਵੇਖੀ ਜਾਂਦੀ ਹੋਵੇ | ਉਹ ਵੇਖੀਆਂ ਜਾਂਦੀਆਂ ਹੋਣ |

### ਸੰਦਿਗਧ ਵਰਤਮਾਨ

| | | |
|---|---|---|
| ਪੁਲਿੰਗ | ਮੈਂ ਵੇਖਿਆ ਜਾਂਦਾ ਹੋਵਾਂ ਗਾ | ਅਸੀਂ ਵੇਖੇ ਜਾਂਦੇ ਹੋਵਾਂ ਗੇ |
| | ਤੂੰ ਵੇਖਿਆ ਜਾਂਦਾ ਹੋਏਂ ਗਾ | ਤੁਸੀਂ ਵੇਖੇ ਜਾਂਦੇ ਹੋਵੋ ਗੇ |
| | ਉਹ ਵੇਖਿਆ ਜਾਂਦਾ ਹੋਏ ਗਾ | ਉਹ ਵੇਖੇ ਜਾਂਦੇ ਹੋਣ ਗੇ |

Digitized by Panjab Digital Library | www.panjabdigilib.org

| | | |
|---|---|---|
| ਇਸਤ੍ਰੀ० | ਮੈਂ ਵੇਖੀ ਜਾਂਦੀ ਹੋਵਾਂਗੀ | ਅਸੀਂ ਵੇਖੀਆਂ ਜਾਂਦੀਆਂ ਹੋਵਾਂ ਗੀਆਂ । |
| | ਤੂੰ ਵੇਖੀ ਜਾਂਦੀ ਹੋਏਂਗੀ | ਤੁਸੀਂ ਵੇਖੀਆਂ ਜਾਂਦੀਆਂ ਹੋਵੋ ਗੀਆਂ । |
| | ਉਹ ਵੇਖੀ ਜਾਂਦੀ ਹੋਏ ਗੀ | ਉਹ ਵੇਖੀਆਂ ਜਾਂਦੀਆਂ ਹੋਣ ਗੀਆਂ । |

## ਸੰਭਾਵ ਭੂਤ

| | | |
|---|---|---|
| ਪੁਲਿੰਗ | ਮੈਂ ਵੇਖਿਆ ਗਿਆ ਹੋਵਾਂ | ਅਸੀਂ ਵੇਖੇ ਗਏ ਹੋਈਏ |
| | ਤੂੰ ਵੇਖਿਆ ਗਿਆ ਹੋਵੇਂ | ਤੁਸੀਂ ਵੇਖੇ ਗਏ ਹੋਵੋ |
| | ਉਹ ਵੇਖਿਆ ਗਿਆ ਹੋਵੇ । | ਉਹ ਵੇਖੇ ਗਏ ਹੋਣ |
| ਇਸਤ੍ਰੀ० | ਮੈਂ ਵੇਖੀ ਗਈ ਹੋਵਾਂ | ਅਸੀਂ ਵੇਖੀਆਂ ਗਈਆਂ ਹੋਈਏ |
| | ਤੂੰ ਵੇਖੀ ਗਈ ਹੋਵੇਂ | ਤੁਸੀਂ " ਹੋਵੋ |
| | ਉਹ ਵੇਖੀ ਗਈ ਹੋਵੇ । | ਉਹ ਵੇਖੀਆਂ ਗਈਆਂ ਹੋਣ । |

## ਸੰਦਿਗਧ ਭੂਤ

| | | |
|---|---|---|
| ਪੁਲਿੰਗ | ਮੈਂ ਵੇਖਿਆ ਗਿਆ ਹੋਵਾਂ ਗਾ | ਅਸੀਂ ਵੇਖੇ ਗਏ ਹੋਵਾਂ ਗੇ |
| | ਤੂੰ ਵੇਖਿਆ ਗਿਆ ਹੋਵੇਂ ਗਾ | ਤੁਸੀਂ ਵੇਖੇ ਗਏ ਹੋਵੋ ਗੇ |
| | ਉਹ ਵੇਖਿਆ ਗਿਆ ਹੋਵੇਗਾ । | ਉਹ ਵੇਖੇ ਗਏ ਹੋਣ ਗੇ |
| ਇਸਤ੍ਰੀ० | ਮੈਂ ਵੇਖੀ ਗਈ ਹੋਵਾਂ ਗੀ | ਅਸੀਂ ਵੇਖੀਆਂ ਗਈਆਂ ਹੋਵਾਂ ਗੀਆਂ |
| | ਤੂੰ ਵੇਖੀ ਗਈ ਹੋਵੇਂ ਗੀ | ਤੁਸੀਂ ਵੇਖੀਆਂ ਗਈਆਂ ਹੋਵੋ ਗੀਆਂ |
| | ਉਹ ਵੇਖੀ ਗਈ ਹੋਵੇ ਗੀ । | ਉਹ ਵੇਖੀਆਂ ਗਈਆਂ ਹੋਣ ਗੀਆਂ । |

## ਭਾਵ-ਵਾਚ

੩੩੪. ਭਾਵ-ਵਾਚ ਕ੍ਰਿਆ ਵਾਕ ਦੇ ਕਿਸੇ ਵੀ ਪਦ ਦੇ ਅਨੁਸਾਰ ਨਹੀਂ ਬਦਲਦੀ, ਕਿਉਂਕਿ ਇਸ ਦਾ ਸਾਈਂ—ਉਦੇਸ਼—ਵਾਕ ਵਿੱਚ ਹੁੰਦਾ ਹੀ ਨਹੀਂ। ਉਦੇਸ਼ ਦੇ ਨਾ ਹੋਣ ਕਰਕੇ ਕ੍ਰਿਆ ਸਦਾ ਅੱਨ ਪੁਰਖ, ਇਕ ਵਚਨ, ਜਾਂ ਪੁਲਿੰਗ, ਇਕ ਵਚਨ ਹੁੰਦੀ ਹੈ ; ਜਿਵੇਂ ਃ—ਮੈਥੋਂ ਤੁਰਿਆ ਨਹੀਂ ਜਾਂਦਾ । 'ਤੁਰਿਆ ਜਾਂਦਾ' ਪੁਲਿੰਗ, ਇਕ ਵਚਨ ਹੈ ।

ਜਦ ਲਿੰਗਾਦਿਬੋਧਕ ਅਤੇ ਪੁਰਖਾਦਿਬੋਧਕ ਰੂਪ ਇਕੱਠੇ ਆਉਂਦੇ ਹਨ, ਤਦ ਪਹਿਲਾ ਪੁਲਿੰਗ, ਇਕ ਵਚਨ ਅਤੇ ਦੂਜਾ ਅੱਨ ਪੁਰਖ, ਇਕ ਵਚਨ ਹੁੰਦਾ ਹੈ ; ਜਿਵੇਂ ਃ—ਜੇ ਉਸ ਤੋਂ ਨਾ ਤੁਰਿਆ ਜਾਏ, ਤਾਂ ਉਹ ਵਿਚਾਰਾ ਕੀ ਕਰੇ । ਏਥੇ 'ਤੁਰਿਆ' ਪੁਲਿੰਗ, ਇਕ ਵਚਨ ਹੈ ਅਤੇ 'ਜਾਏ' ਅੱਨ ਪੁਰਖ, ਇਕ ਵਚਨ ਹੈ ।

੩੩੫. ਕਰਮ-ਵਾਚ ਅਤੇ ਭਾਵ-ਵਾਚ ਦੇ ਰੂਪ ਇੱਕੋ ਜਿਹੇ ਹੁੰਦੇ ਹਨ, ਇਸ ਕਰਕੇ ਸਾਰੀ ਕਾਲ-ਰਚਨਾ ਦੇਣ ਤੋਂ ਕੁਝ ਲਾਭ ਨਹੀਂ । ਸਿਰਫ ਦੋਵਾਂ ਮਿਲਾਉਣੀ ਕਾਲਾਂ ਦੇ ਰੂਪ ਦੱਸੇ ਜਾਂਦੇ ਹਨ :—

ਅਕਰਮਕ—'ਨੱਸ' ਧਾਤੂ

Digitized by Panjab Digital Library | www.panjabdigilib.org

### ਸੰਭਾਵ ਭਵਿੱਖਤ

ਮੈਥੋਂ, ਤੈਥੋਂ, ਉਸ ਤੋਂ, ਅਸਾਂ ਤੋਂ, ਤੁਸਾਥੋਂ ਜਾਂ ਉਨ੍ਹਾਂ ਤੋਂ ਸ਼ੈਦ ਨਾ ] ਨਸਿਆ ਜਾਏ ।

### ਅਪੂਰਣ ਭੂਤ

ਮੈਥੋਂ, ਤੈਥੋਂ, ਉਸ ਤੋਂ, ਅਸਾਂ ਤੋਂ, ਤੁਸਾਥੋਂ ਜਾਂ ਉਨ੍ਹਾਂ ਤੋਂ ] ਨਸਿਆ ਜਾਂਦਾ ਸੀ ।

੩੩੬. ਜਿਵੇਂ ਪਹਿਲਾਂ ਦਸਿਆ ਗਿਆ ਹੈ, ਕਾਰਦੰਤਕ ਦੋ ਪ੍ਰਕਾਰ ਦੇ ਹਨ—(੧) ਵਿਕਾਰੀ ਅਤੇ (੨) ਅਵਿਕਾਰੀ । ਸ਼ੁੱਧ ਵਿਕਾਰੀ ਕਾਰਦੰਤਕਾਂ ਉਪਰ ਵਿਚਾਰ ਕੀਤਾ ਗਿਆ ਹੈ । ਹੁਣ ਸੰਯੁਕਤ ਕਾਰਦੰਤਕ ਅਤੇ ਅਵਿਕਾਰੀ ਕਾਰਦੰਤਕਾਂ ਦਾ ਵਰਣਨ ਕੀਤਾ ਜਾਇਗਾ ।

੩੩੭. ਕਰਤ੍ਰੀ-ਵਾਚਕ ਸੰਯੁਕਤ ਕਾਰਦੰਤਕ—ਇਹ ਭਾਵਾਰਥ ਦੇ ਸੰਬੰਧਕੀ ਰੂਪ ਨਾਲ 'ਵਾਲਾ' ਜੋੜ ਕੇ ਬਣਾਇਆ ਜਾਂਦਾ ਹੈ । ਵਿਸ਼ੇਸ਼ਣ ਹੋਣ ਕਰਕੇ ਇਹ ਲਿੰਗਾਦਿਬੋਧਕ ਹੈ । ਇਹ ਕਦੇ ਕਰਤ੍ਰੀਵਾਚਕ ਹੁੰਦਾ ਹੈ ਅਤੇ ਕਦੇ ਭਵਿੱਖਤ ਦਾ ਬੋਧ ਕਰਾਉਂਦਾ ਹੈ; ਜਿਵੇਂ :—

ਕਰਤ੍ਰੀਵਾਚਕ—ਮੈਦਾਨ ਵਿੱਚ **ਲੜਨ ਵਾਲਾ** ਵੀਰ ਆਦਰ ਪਾਉਂਦਾ ਹੈ ।

ਭਵਿੱਖਤ-ਬੋਧਕ—ਮੈਂ ਚੰਡੀਗੜ੍ਹ **ਜਾਣ ਵਾਲਾ** ਹਾਂ । ਗੱਡੀ **ਆਉਣ ਵਾਲੀ** ਹੈ ।

## ਅਵਿਕਾਰੀ ਕਾਰਦੰਤਕ

੩੩੮. ਜਿਨ੍ਹਾਂ ਕਾਰਦੰਤਕਾਂ ਦੇ ਰੂਪ ਨਹੀਂ ਬਦਲਦੇ, ਉਨ੍ਹਾਂ ਨੂੰ **ਅਵਿਕਾਰੀ ਕਾਰਦੰਤਕ** ਆਖਦੇ ਹਨ ।

੩੩੯. ਅਵਿਕਾਰੀ ਕਾਰਦੰਤਕ ਤਿੰਨ ਪ੍ਰਕਾਰ ਦੇ ਹਨ :—

੧. ਪੂਰਬ ਪੂਰਣ ਕਾਰਦੰਤਕ; ੨. ਅਪੂਰਣ-ਕ੍ਰਿਆ-ਬੋਧਕ ਕਾਰਦੰਤਕ ਅਤੇ ੩. ਪੂਰਣ-ਕ੍ਰਿਆ-ਬੋਧਕ ਕਾਰਦੰਤਕ ।

੩੪੦. **ਪੂਰਬ ਪੂਰਣ ਕਾਰਦੰਤਕ,**—ਇਹ ਧਾਤੂ ਦੇ ਪਿੱਛੇ 'ਕੇ' ਲਗਾ ਕੇ ਜਾਂ ਬਿਨਾਂ ਪਿਛੇਤਰ ਲਗਾਇਆਂ ਬਣਾਇਆ ਜਾਂਦਾ ਹੈ [ਦੇਖੋ § ੩੦੬) । ਇਹ ਕਾਰਦੰਤਕ ਅਵਿਕਾਰੀ ਹੈ । ਵਾਕ ਦਾ ਕ੍ਰਿਆ ਪਦ ਜਿਸ ਕ੍ਰਿਆ ਦਾ ਬੋਧ ਕਰਾਉਂਦਾ ਹੈ, ਉਸ ਤੋਂ ਪਹਿਲਾਂ ਹੋਈ ਕ੍ਰਿਆ ਨੂੰ ਇਹ ਕਾਰਦੰਤਕ ਦੱਸਦਾ ਹੈ; ਜਿਵੇਂ :—

'ਆਸ਼ਕ **ਦੇਖ** ਮਾਸ਼ੂਕ ਦੀ ਮਿਹਰਬਾਨੀ,
ਕਰਦਾ ਇਜਜ਼, ਨਿਆਜ਼ ਤੇ ਉਜ਼ਰਖਾਹੀ ।' (ਹੀਰ ਮੁਕਬਿਲ)

Digitized by Panjab Digital Library | www.panjabdigilib.org

"ਅਸੀਂ ਕਾਲਜਾ ਘੁੱਟ ਕੇ ਬਹਿ ਗਏ ਸਾਂ,
ਮੁੜ ਕੇ ਸੁੱਤੀਆਂ ਕਲਾ ਜਗਾਈਆਂ ਨੀਂ ।"

"ਭੂਆ ਮੈਨੂੰ ਉਂਗਲੀ ਲਾ ਕੇ, ਪਿਆਰ-ਪੁਚਕਾਰ ਕੇ ਸਕੂਲ ਛੱਡਣ ਜਾਂਦੀ ਹੁੰਦੀ ਸੀ ।" ਭਾ੦ ਨਾਨਕ ਸਿੰਘ

ਪੂਰਬ ਪੂਰਣ ਕਾਰਦੰਤਕ ਅਤੇ ਕ੍ਰਿਆ ਪਦ ਦਾ ਕਰਤਾ ਆਮ ਕਰਕੇ ਇੱਕੋ ਹੁੰਦਾ ਹੈ; ਜਿਵੇਂ ੪—

"ਸੁਣ ਰਾਣੀ ਦੇ ਬੈਣ ਬੋਲੀ ਸੰਤਣੀ ।" (ਰਾਣਾ ਸੂਰਤ ਸਿੰਘ)

"ਪਾਤੀ ਫੇਰ ਕਾਤੀ ਗਈ ਚੀਰ ਛਾਤੀ,
ਲਿਆ ਸਬਰ-ਕਰਾਰ ਨੂੰ ਖੱਸ, ਚੰਦਾ !" ਨਲਦਮਿਅੰਤੀ—ਚਾਤ੍ਰਿਕ

੩੪੧. ਅਪੂਰਣ ਕ੍ਰਿਆ ਬੋਧਕ ਕਾਰਦੰਤਕ—ਇਹ ਹੈ ਤੇ ਵਰਤਮਾਨ ਕਾਰਦੰਤਕ ਦਾ ਹੀ ਰੂਪ, ਪਰ ਇਹ ਅਵਿਕਾਰੀ ਹੈ ; ਜਿਵੇਂ ੪—

'ਭੁਣ ਰੋਂਦਿਆਂ ਹੀ ਹੋਸੀ ਸ਼ਾਮ ਮੇਰੀ ।'

## ਸੰਯੁਕਤ ਕ੍ਰਿਆਵਾਂ

੩੪੨. ਭਾਰਤ ਦੀਆਂ ਸਾਰੀਆਂ ਵਰਤਮਾਨ ਆਰਯ ਭਾਸ਼ਾਵਾਂ ਵਿੱਚ ਸੰਯੁਕਤ ਕ੍ਰਿਆਵਾਂ ਮਿਲਦੀਆਂ ਹਨ । ਪੰਜਾਬੀ ਵਿੱਚ ਵੀ ਇਨ੍ਹਾਂ ਦਾ ਚੋਖਾ ਪਰਚਾਰ ਹੈ । ਅਰਥ ਦਾ ਖਿਆਲ ਕਰਕੇ ਲਗਪਗ ਸੋਲਾਂ ਤਰ੍ਹਾਂ ਦੀਆਂ ਸੰਯੁਕਤ ਕ੍ਰਿਆਵਾਂ ਵੇਖਣ ਵਿੱਚ ਆਉਂਦੀਆਂ ਹਨ ।

੩੪੩. ਜਦ ਕਿਸੇ ਖਾਸ ਅਰਥ ਦਾ ਬੋਧ ਕਰਾਉਣ ਲਈ ਕਾਰਦੰਤਕ ਅਤੇ ਕ੍ਰਿਆ ਜਾਂ ਦੋ ਕ੍ਰਿਆਵਾਂ ਮਿਲ ਕੇ ਇਕ ਹੋ ਜਾਂਦੀਆਂ ਹਨ, ਤਦ ਉਨ੍ਹਾਂ ਨੂੰ **ਸੰਯੁਕਤ ਕ੍ਰਿਆ** ਕਹਿੰਦੇ ਹਨ ; ਜਿਵੇਂ :—ਜੁੱਧ **ਛਿੜ ਪਿਆ ਹੈ** ; ਖੂਹ **ਗਿੜ ਰਿਹਾ ਹੈ** ; ਪੰਛੀ **ਉੱਡਣ ਲੱਗੇ ਹਨ** ।

ਏਥੇ ਇਨ੍ਹਾਂ ਵਾਕਾਂ ਦੀਆਂ ਕ੍ਰਿਆਵਾਂ ਸੰਯੁਕਤ ਹਨ ।

ਸੰਯੁਕਤ ਕ੍ਰਿਆਵਾਂ ਵਿੱਚ ਪਰਧਾਨ ਕ੍ਰਿਆ ਦਾ ਕਾਰਦੰਤਕ ਵਰਤਿਆ ਜਾਂਦਾ ਹੈ ਅਤੇ ਕਾਲ ਦੇ ਰੂਪ ਜੁੜਵੀਂ ਕ੍ਰਿਆ ਦੇ ਬਣਾਏ ਜਾਂਦੇ ਹਨ ।

ਜਿਵੇਂ ਸੰਸਕ੍ਰਿਤ ਵਿੱਚ ਉਪਸਰਗ ਲਾਇਆਂ ਕ੍ਰਿਆ ਦਾ ਅਰਥ ਬਦਲ ਜਾਂਦਾ ਹੈ, ਜਾਂ ਜਿਵੇਂ ਅੰਗ੍ਰੇਜ਼ੀ ਵਿੱਚ Preposition ਕ੍ਰਿਆ ਤੋਂ ਪਹਿਲਾਂ ਜਾਂ ਪਿੱਛੇ ਲਗਾਇਆਂ ਉਸ ਦਾ ਅਰਥ ਕੁਝ ਵੱਟ ਜਾਂਦਾ ਹੈ, ਇਵੇਂ ਹੀ ਪੰਜਾਬੀ ਵਿੱਚ ਦੂਜੀ ਕ੍ਰਿਆ ਦੇ ਮੇਲ ਨਾਲ ਅਰਥ ਕਿਸੇ ਹੱਦ ਤੀਕ ਬਦਲ ਜਾਂਦਾ ਹੈ ।

੩੪੪. ਜੇਕਰ ਸਹਾਇਕ ਕ੍ਰਿਆ ਅਕਰਮਕ ਹੋਵੇ, ਤਾਂ ਸੰਯੁਕਤ ਕ੍ਰਿਆ ਅਕਰਮਕ ਹੁੰਦੀ ਹੈ ਅਤੇ ਜੇ ਸਹਾਇਕ ਕ੍ਰਿਆ ਸਕਰਮਕ ਹੋਵੇ, ਤਦ ਸੰਯੁਕਤ ਕ੍ਰਿਆ ਵੀ ਸਕਰਮਕ ਹੁੰਦੀ ਹੈ ।

**ਉਦਾਹਰਣ—**

Digitized by Panjab Digital Library | www.panjabdigilib.org

ਉਸ ਦਾ ਪਾਪ ਹੀ ਉਸ ਨੂੰ **ਲੈ ਡੁਬਿਆ** । ਏਥੇ 'ਲੈ ਡੁਬਿਆ' ਅਕਰਮਕ ਹੈ ।

ਠੂਠਾ **ਭੱਜ ਪਿਆ** ।

'ਉਹ ਮੰਜਾ **ਉਣ ਚੁਕਿਆ ਹੈ** ।' ਏਥੇ 'ਉਣ ਚੁਕਿਆ ਹੈ' ਅਕਰਮਕ ਹੈ ।

'ਜੇ ਉਹ ਜਾਂਦਾ ਹੈ, ਤਾਂ ਉਸ ਨੂੰ **ਜਾਣ ਦਿਓ** ।' ਏਥੇ ਜਾਣ ਦਿਓ' ਸਕਰਮਕ ਹੈ ।

੩੪੫. ਰੂਪ ਅਨੁਸਾਰ ਸੰਯੁਕਤ ਕ੍ਰਿਆਵਾਂ ਸੱਤ ਪਰਕਾਰ ਦੀਆਂ ਹਨ :—

(੧) ਭਾਵਾਰਥ ਦੇ ਮੇਲ ਨਾਲ ਬਣੀਆਂ ਹੋਈਆਂ,
(੨) ਭੂਤ ਕਾਰਦੰਤਕ ਦੇ ਮੇਲ ਨਾਲ ਬਣੀਆਂ ਹੋਈਆਂ,
(੩) ਵਰਤਮਾਨ ਕਾਰਦੰਤਕ ਦੇ ਮੇਲ ਨਾਲ ਬਣਾਈਆਂ ਹੋਈਆਂ,
(੪) ਪੂਰਬ ਪੂਰਣ ਕਾਰਦੰਤਕ ਦੇ ਮੇਲ ਨਾਲ ਬਣੀਆਂ,
(੫) ਨਾਂਵ ਦੇ ਮੇਲ ਨਾਲ ਬਣੀਆਂ,
(੬) ਵਿਸ਼ੇਸ਼ਣ ਦੇ ਮੇਲ ਨਾਲ ਬਣੀਆਂ ਅਤੇ
(੭) ਪੁਨਰੁਕਤ ਕ੍ਰਿਆਵਾਂ ।

**੩੪੬. ੧. ਭਾਵਾਰਥ ਦੇ ਮੇਲ ਨਾਲ ਬਣੀਆਂ ਕ੍ਰਿਆਵਾਂ :—**

ਭਾਵਾਰਥ ਦੇ ਮੇਲ ਨਾਲ ਬਣੀਆਂ ਕ੍ਰਿਆਵਾਂ ਵਿੱਚ ਭਾਵਾਰਥ ਦੇ ਦੋ ਰੂਪ ਵਰਤੋਂ ਵਿੱਚ ਆਉਂਦੇ ਹਨ—ਸਾਧਾਰਣ ਅਤੇ ਸੰਬੰਧਕੀ ।

(ੳ) ਭਾਵਾਰਥ ਦੇ ਸਾਧਾਰਣ ਰੂਪ ਨਾਲ ਪੈਣਾ, ਬਣਨਾ, ਆਉਣਾ ਜਾਂ ਚਾਹੀਦਾ ਦੇ ਭਿੰਨ ਭਿੰਨ ਰੂਪ ਜੋੜਨ ਨਾਲ ਸੰਯੁਕਤ ਕ੍ਰਿਆਵਾਂ ਬਣਦੀਆਂ ਹਨ; ਜਿਵੇਂ :—

ਉਸ ਨੂੰ ਰੋਜ ਦਵਾ **ਖਾਣੀ ਪੈਂਦੀ ਹੈ** ; ਤੈਨੂੰ ਓਥੇ **ਜਾਣਾ ਪਏ ਗਾ** ।

ਸਹੁਰੇ ਘਰ ਜਵਾਈ ਦਾ ਬਹੁਤਾ ਚਿਰ **ਰਹਿਣਾ ਨਹੀਂ ਬਣਦਾ** । ਤੈਨੂੰ **ਲਿਖਣਾ ਨਹੀਂ ਆਉਂਦਾ** ।

ਖੋਟੇ ਕੰਮ ਤੋਂ **ਬਚਣਾ ਚਾਹੀਦਾ ਹੈ** ।

ਚੰਗੇ ਕੰਮ **ਕਰਨੇ ਹੀ ਚਾਹੀਦੇ ਹਨ** ।

(ਅ) ਭਾਵਾਰਥ ਦੇ ਸੰਬੰਧਕੀ ਰੂਪ ਨਾਲ ਦੋ ਤਰ੍ਹਾਂ ਦੀਆਂ ਸੰਯੁਕਤ ਕ੍ਰਿਆਵਾਂ ਬਣਦੀਆਂ ਹਨ—ਅਰੰਭ-ਬੋਧਕ ਅਤੇ ਆਗਿਆ-ਬੋਧਕ ।

ਅਰੰਭ-ਬੋਧਕ ਕ੍ਰਿਆ 'ਲਗਣਾ' ਦੇ ਮੇਲ ਨਾਲ ਬਣਦੀ ਹੈ ; ਜਿਵੇਂ :—
ਚਿੱਠੀ **ਲਿਖਣ ਲੱਗਾ ਹਾਂ** ; ਉਹ ਪੁਸਤਕ **ਪੜ੍ਹਨ ਲੱਗੇ ਹਨ** ।

ਆਗਿਆ-ਬੋਧਕ 'ਦੇਣਾ' ਦੇ ਮੇਲ ਨਾਲ ਬਣਦੀ ਹੈ ; ਜਿਵੇਂ :—ਉਸ ਨੂੰ ਕੰਮ **ਕਰਨ ਦੇ** ; ਇਸ ਨੂੰ ਨਾ **ਆਉਣ ਦੇਣਾ** ।

**੩੪੭. (੨) ਭੂਤ ਕਾਰਦੰਤਕ ਦੇ ਮੇਲ ਨਾਲ ਬਣੀਆਂ ਹੋਈਆਂ :—**

Digitized by Panjab Digital Library | www.panjabdigilib.org

ਅਕਰਮਕ ਕ੍ਰਿਆ ਦੇ ਭੂਤ ਕਾਰਦੰਤਕ ਦੇ ਅੱਗੇ 'ਜਾਣਾ' ਆਦਿ ਕ੍ਰਿਆਵਾਂ ਦੇ ਰੂਪ ਜੋੜਨ ਨਾਲ ਸੰਯੁਕਤ ਕ੍ਰਿਆ ਬਣਦੀ ਹੈ ; ਜਿਵੇਂ :—ਉਹ **ਦੌੜਿਆ ਜਾਂਦਾ** ਸੀ ; ਤੁਸੀਂ ਏਥੋਂ **ਚਲੇ ਜਾਓ** ; ਚੰਗੇ ਕੰਮ **ਕਰਿਆ ਕਰੋ** ; ਕਦੇ ਕਦੇ **ਆਇਆ ਕਰੋ** ।

### ੩੪੮. (੩) ਵਰਤਮਾਨ ਕਾਰਦੰਤਕ ਦੇ ਮੇਲ ਨਾਲ ਬਣੀਆਂ ਸੰਯੁਕਤ ਕ੍ਰਿਆਵਾਂ

ਵਰਤਮਾਨ ਕਾਰਦੰਤਕ ਦੇ ਅੱਗੇ ਰਹਿਣਾ, ਜਾਣਾ, ਆਣਾ ਦੇ ਰੂਪ ਜੋੜ ਕੇ ਵੀ ਸੰਯੁਕਤ ਕ੍ਰਿਆਵਾਂ ਬਣਦੀਆਂ ਹਨ ; ਜਿਵੇਂ :—

ਸੋਹਣ ਸਾਰਾ ਦਿਨ **ਪੜ੍ਹਦਾ ਰਹਿੰਦਾ ਹੈ** ; ਦਰਿਆ **ਵਗਦੇ ਰਹਿੰਦੇ ਹਨ** ; ਪਾਣੀ **ਚੜ੍ਹਦਾ ਹੀ ਗਿਆ** ; ਇਹ ਗੱਲ ਸਦਾ ਤੋਂ **ਹੁੰਦੀ ਆਈ ਹੈ** । ਇਨ੍ਹਾਂ ਕ੍ਰਿਆਵਾਂ ਤੋਂ ਨਿਰੰਤਰਤਾ ਜਾਂ ਚਾਲੂ ਰਹਿਣ ਦਾ ਭਾਵ ਪ੍ਰਗਟ ਹੁੰਦਾ ਹੈ ।

### ੩੪੯. (੪) ਪੂਰਬ ਪੂਰਣ ਕਾਰਦੰਤਕ ਦੇ ਮੇਲ ਨਾਲ ਬਣੀਆਂ ਸੰਯੁਕਤ ਕ੍ਰਿਆਵਾਂ

ਪੂਰਬ ਪੂਰਣ ਕਾਰਦੰਤਕ ਦੇ ਮੇਲ ਨਾਲ ਬਣੀਆਂ ਹੋਈਆਂ ਸੰਯੁਕਤ ਕ੍ਰਿਆਵਾਂ ਵਿੱਚ ਪੂਰਬ ਪੂਰਣ ਕਾਰਦੰਤਕ ਪਹਿਲਾਂ ਆਉਂਦਾ ਹੈ ਅਤੇ ਇਸ ਦਾ ਨਿਰੇ ਧਾਤੂ ਵਰਗਾ ਰੂਪ ਹੀ ਵਰਤਿਆ ਜਾਂਦਾ ਹੈ ; ਜਿਵੇਂ :—**ਵਿਖਾ** ਦੇ, **ਕਰ** ਸਕਦਾ ਹਾਂ ।

੩੫੦. ਇਸ ਕਾਰਦੰਤਕ ਦੇ ਮੇਲ ਨਾਲ ਤਿੰਨ ਤਰ੍ਹਾਂ ਦੀਆਂ ਸੰਯੁਕਤ ਕ੍ਰਿਆਵਾਂ ਬਣਦੀਆਂ ਹਨ :—

(੧) ਜੋ ਨਿਸਚਾ, ਬਲ, ਤੇਜ਼ੀ ਆਦਿ ਦਾ ਬੋਧ ਕਰਾਂਦੀਆਂ ਹਨ,

(੨) ਜੋ ਸ਼ਕਤੀ ਦਾ ਬੋਧ ਕਰਾਂਦੀਆਂ ਹਨ

ਅਤੇ (੩) ਜੋ ਪੂਰਣਤਾ ਦਸਦੀਆਂ ਹਨ ।

### ੩੫੧. ਨਿਸਚਾ, ਬਲ, ਤੇਜ਼ੀ ਆਦਿ ਦਾ ਬੋਧ ਕਰਾਉਣ ਵਾਲੀਆਂ ਸੰਯੁਕਤ ਕ੍ਰਿਆਵਾਂ

ਇਹ ਸੰਯੁਕਤ ਕ੍ਰਿਆਵਾਂ ਪੂਰਬ ਪੂਰਣ ਕਾਰਦੰਤਕ ਦੇ ਅੱਗੇ ਉੱਠ ਆ, ਸੁੱਟ, ਘੱਤ, ਛੱਡ, ਜਾ, ਦੇ, ਨਿਕਲ, ਪੈ, ਬੈਠ, ਰਹਿ, ਰਖ, ਲੈ—ਇਨ੍ਹਾਂ ਧਾਤੂਆਂ ਤੋਂ ਬਣੀਆਂ ਕ੍ਰਿਆਵਾਂ ਦੇ ਰੂਪ ਜੋੜਨ ਨਾਲ ਬਣਦੀਆਂ ਹਨ । ਕੁਝ ਉਦਾਹਰਣ ਹੇਠ ਦਿਤੇ ਜਾਂਦੇ ਹਨ :—

ਉਠ—ਰੋ ਉਠਿਆ, ਪਿੱਟ ਉਠਿਆ, ਚੀਕ ਉਠਿਆ ।

ਆ—ਸੁਣ ਆ, ਦੱਸ ਆ, ਕਰ ਆ, ਦੇ ਆ, ਛੱਡ ਆ, ਨਿਕਲ ਆ, ਆਦਿ ।

ਪੁਟਿਆ ਪਹਾੜ ਤੇ ਨਿਕੱਲ ਆਇਆ ਚੂਹਾ ।

ਸੁੱਟ—ਕਰ ਸੁੱਟ, ਤੋੜ ਸੁੱਟ, ਭੰਨ ਸੁੱਟ, ਮਾਰ ਸੁੱਟ ।

Digitized by Panjab Digital Library | www.panjabdigilib.org

ਘੱਤ—ਘੁੱਟ ਘੱਤ, ਕੁੱਟ ਘੱਤ, ਸੁੱਟ ਘੱਤ ।

ਛੱਡ—ਸੁੱਟ ਛੱਡ, ਕਰ ਛੱਡ, ਪੜ੍ਹ ਛੱਡ, ਲੈ ਛੱਡ ।

ਜਾ,—ਨੱਸ ਜਾ, ਬਹਿ ਜਾ, ਵਗ ਜਾ, ਲੈ ਜਾ, ਭੁਲ ਜਾ, ਮੁੱਕ ਜਾ, ਸੁੱਕ ਜਾ, ਟੁੱਟ ਜਾ, ਰੁਲ ਜਾ ।

ਦੇ—ਸੁੱਟ ਦੇ, ਹਟਾ ਦੇ, ਹੂੰਝ ਦੇ, ਕਰ ਦੇ, ਛੱਡ ਦੇ, ਦੇ ਦੇ, ਮਾਰ ਦੇ, ਛੰਨ ਦੇ ।

ਨਿਕਲ—ਆ ਨਿਕਲ, ਜਾ ਨਿਕਲ ਆਦਿ ।

ਅਸੀਂ ਗੱਲਾਂ ਕਰਦੇ ਕਰਦੇ ਦੂਜੇ ਬਜਾਰ **ਜਾ ਨਿਕਲੇ** ।

ਪੈ—ਜੰਮ ਪੈ, ਟੁੱਟ ਪੈ, ਡਿਗ ਪੈ, ਦਿਸ ਪੈ, ਲੜ ਪੈ, ਸੁੱਝ ਪੈ ਆਦਿ ।

ਉਸ ਨੂੰ ਵੇਲੇ ਸਿਰ ਗੱਲ **ਸੁੱਝ ਪਈ** ।

ਬੈਠ—ਬਣ ਬੈਠ, ਕਰ ਬੈਠ, ਦਬਾ ਬੈਠ, ਖਾ ਬੈਠ, ਮੁਕਾ ਬੈਠ ਆਦਿ ।

ਉਹ ਸਾਰੇ ਕੰਮ **ਮੁਕਾ ਬੈਠਾ ਹੈ** ।

ਰਹਿ—ਬਹਿ ਰਹਿ, ਸੌਂ ਰਹਿ, ਪੈ ਰਹਿ ਆਦਿ ।

ਤੂੰ ਏਥੇ ਹੀ **ਬਹਿ ਰਹਿ** ।

ਰਖ—ਸਮਝ ਰਖ, ਕਰ ਰਖ, ਡੱਕ ਰੱਖ ਆਦਿ ।

ਸ਼ਾਮ ਨੇ ਹਰਨਾਮ ਨੂੰ ਕੀ **ਸਮਝ ਰਖਿਆ ਹੈ** ?

ਲੈ—ਕਰ ਲੈ, ਸੁਣ ਲੈ, ਖ਼ੱਟ ਲੈ, ਸਮਝ ਲੈ, ਰੱਖ ਲੈ, ਵੱਟ ਲੈ, ਪੁਛ ਲੈ ਆਦਿ ।

ਪਹਿਲਾਂ ਮੇਰੀ ਗੱਲ **ਸਮਝ ਲੈ**, ਫੇਰ ਜੋ ਜੀ ਆਏ, ਕਰੀਂ ।

### ੩੫੨. ਸ਼ਕਤੀ-ਬੋਧਕ ਸੰਯੁਕਤ ਕ੍ਰਿਆਵਾਂ

ਸ਼ਕਤੀ ਬੋਧਕ ਸੰਯੁਕਤ ਕ੍ਰਿਆਵਾਂ ਪੂ੦ ਪੂ੦ ਕਾਰਦੰਤਕ ਦੇ ਅੱਗੇ 'ਸਕ' ਧਾਤੂ ਦੇ ਰੂਪ ਜੋੜਨ ਨਾਲ ਬਣਦੀਆਂ ਹਨ ; ਜਿਵੇਂ :—ਕਰ ਸਕ, ਜਾ ਸਕ, ਦੇਖ ਸਕ, ਲਗ ਸਕ ਆਦਿ ।

ਨੀਤੀਵਾਨਾਂ ਦੀਆਂ ਨੀਤੀਆਂ ਕੁਦਰਤ ਦੀਆਂ ਹੱਦਾਂ ਨਹੀਂ **ਲਕੀਰ ਸਕਦੀਆਂ** ।

### ੩੫੩. ਪੂਰਣਤਾ-ਬੋਧਕ ਸੰਯੁਕਤ ਕ੍ਰਿਆਵਾਂ

ਇਹ ਕ੍ਰਿਆਵਾਂ 'ਚੁਕ' ਜਾਂ 'ਹੱਟ' ਦੇ ਰੂਪਾਂ ਦੇ ਮੇਲ ਨਾਲ ਬਣਦੀਆਂ ਹਨ ; ਕਰ ਚੁੱਕ, ਲੈ ਚੁਕ, ਵੇਚ ਚੁਕ, ਖਾ ਚੁਕ ਆਦਿ ਜਾਂ ਕਰ ਹਟ, ਸਮਝਾ ਹਟ, ਕਹਿ ਹਟ ਆਦਿ ।

### ੩੫੪. (੫) ਨਾਂਵ-ਬੋਧਕ ਅਰਥਾਤ ਨਾਂਵ ਦੇ ਮੇਲ ਨਾਲ ਬਣੀਆਂ ਸੰਯੁਕਤ ਕ੍ਰਿਆਵਾਂ

Digitized by Panjab Digital Library | www.panjabdigilib.org

ਕਦੇ ਕੋਈ ਨਾਂਵ ਕ੍ਰਿਆ ਨਾਲ ਮਿਲ ਕੇ ਕਿਸੇ ਖਾਸ ਅਰਥ ਦਾ ਬੋਧ ਕਰਾਉਂਦਾ ਹੈ। ਅਜਿਹੀ ਸੰਯੁਕਤ ਕ੍ਰਿਆ ਨੂੰ **ਨਾਂਵ-ਬੋਧਕ** ਆਖਦੇ ਹਨ। ਇਹ ਕ੍ਰਿਆਵਾਂ ਆਮ 'ਕਰ' ਅਤੇ 'ਹੋ' ਧਾਤੂਆਂ ਦੇ ਰੂਪਾਂ ਨਾਲ ਬਣਦੀਆਂ ਹਨ, ਪਰ 'ਦੇ', 'ਲੈ' ਆਦਿ ਦੇ ਰੂਪਾਂ ਨਾਲ ਵੀ ਬਣਾਈਆਂ ਜਾਂਦੀਆਂ ਹਨ।

'ਕਰ' ਨਾਲ ਬਣੀਆਂ ; ਜਿਵੇਂ :—ਉਧਾਰ ਕਰ, ਉਪਦੇਸ਼ ਕਰ, ਚਿੰਤਾ ਕਰ, ਪਾਲਣ ਕਰ, ਵਸ ਕਰ, ਬਸ ਕਰ, ਵਿਦਾ ਕਰ, ਪੂਜਾ ਕਰ, ਭਸਮ ਕਰ, ਨਿਰਾਦਰ ਕਰ, ਪਿੱਛਾ ਕਰ, ਅਰੰਭ ਕਰ, ਭਲਾ ਕਰ, ਬੁਰਾ ਕਰ, ਲਾਲਚ ਕਰ, ਸੇਵਾ ਕਰ, ਟਹਿਲ ਕਰ, ਕ੍ਰਿਪਾ ਕਰ, ਦਿਆ ਕਰ, ਹਾਸਾ-ਠੱਠਾ ਕਰ ਆਦਿ।

'ਹੋ' ਨਾਲ ਬਣੀਆਂ ; ਜਿਵੇਂ :—ਨਾਸ ਹੋ, ਅਰੰਭ ਹੋ, ਭਸਮ ਹੋ, ਵਿਦਾ ਹੋ, ਵੱਸ ਹੋ ਆਦਿ।

'ਦੇ' ਨਾਲ ਬਣੀਆਂ ; ਜਿਵੇਂ :—ਸੁਣਾਈ ਦੇ, ਫੜਾਈ ਦੇ, ਦਿਖਾਈ ਦੇ ਆਦਿ।

'ਲੈ' ਨਾਲ ਬਣੀਆਂ ; ਜਿਵੇਂ :—ਖਬਰ ਲੈ, ਮੁੱਲ ਲੈ।

ਹੋਰਨਾਂ ਧਾਤੂਆਂ ਨਾਲ ਬਣੀਆਂ ; ਜਿਵੇਂ :—ਡਰ ਲਗ, ਅੱਤ ਚੁਕ, ਹਵਾ ਖਾ, ਯਾਦ ਰਖ, ਅੱਗ ਲਾ ਆਦਿ।

**੩੫੫. (੬) ਵਿਸ਼ੇਸ਼ਣ ਨਾਲ ਮਿਲ ਕੇ ਬਣੀਆਂ ਸੰਯੁਕਤ ਕ੍ਰਿਆਵਾਂ**

ਕੁਝ ਸੰਯੁਕਤ ਕ੍ਰਿਆਵਾਂ ਵਿਸ਼ੇਸ਼ਣ ਦੇ ਮੇਲ ਨਾਲ ਬਣਦੀਆਂ ਹਨ ; ਜਿਵੇਂ :—ਨਸ਼ਟ ਕਰ, ਚੰਗਾ ਕਰ, ਠੀਕ ਹੋ, ਵੱਡਾ ਕਰ, ਖੜਾ ਕਰ, ਚੌੜਾ ਹੋ, ਲੰਮਾ ਪੈ ਆਦਿ।

**੩੫੬. (੭) ਪੁਨਰੁਕਤ ਸੰਯੁਕਤ ਕ੍ਰਿਆਵਾਂ**

ਮਿਲਦੀ-ਜੁਲਦੀ ਅਵਾਜ ਵਾਲੀਆਂ ਜਾਂ ਮਿਲਦੇ-ਜੁਲਦੇ ਅਰਥ ਵਾਲੀਆਂ ਕ੍ਰਿਆਵਾਂ ਦੇ ਮੇਲ ਨਾਲ ਕੁਝ ਸੰਯੁਕਤ ਕ੍ਰਿਆਵਾਂ ਬਣਦੀਆਂ ਹਨ, ਇਨ੍ਹਾਂ ਨੂੰ **ਪੁਨਰੁਕਤ** ਸੰਯੁਕਤ ਕ੍ਰਿਆਵਾਂ ਆਖਦੇ ਹਨ। ਉਦਾਹਰਣ :—ਸੋਚ-ਸਮਝ, ਹੱਸ-ਖੇਡ, ਖੇਡ-ਮਲ੍ਹ, ਤੁਰ-ਫਿਰ, ਨੱਚ-ਟੱਪ, ਖੱਟ-ਵੱਟ, ਪੁੱਛ-ਗਿੱਛ, ਲਿਖ-ਪੜ੍ਹ, ਖਾ-ਪੀ, ਦੇਖ-ਭਾਲ।

ਇਨ੍ਹਾਂ ਕ੍ਰਿਆਵਾਂ ਵਿੱਚ ਦੋਹਾਂ ਹੀ ਕ੍ਰਿਆਵਾਂ ਦੇ ਰੂਪ ਵਟਦੇ ਹਨ, ਪਰ ਸਹਾਇਕ ਕ੍ਰਿਆ ਅਖੀਰਲੀ ਕ੍ਰਿਆ ਨਾਲ ਹੀ ਆਉਂਦੀ ਹੈ ; ਜਿਵੇਂ :—ਉਹ ਕਿਸੇ ਨੂੰ ਪੁਛਦਾ-ਗਿਛਦਾ ਹੈ!

੩੫੭. ਸੰਯੁਕਤ ਕ੍ਰਿਆਵਾਂ ਤੋਂ ਅਨੇਕ ਅਰਥ ਪਰਗਟ ਹੁੰਦੇ ਹਨ। ਇਨ੍ਹਾਂ ਵਿੱਚੋਂ ਕੁਝ ਅਰਥ ਹੇਠ ਦੱਸੇ ਜਾਂਦੇ ਹਨ :—

(੧) ਅਰੰਭ ; ਜਿਵੇਂ :—ਉਹ **ਆਖਣ ਲੱਗਾ** ; ਮੈਂ **ਖਾਣ ਲੱਗਾ ਸਾਂ** ; ਹੀਰਾ ਫੀਰੇ ਨੂੰ **ਕੁੱਟਣ ਲੱਗਾ**।

Digitized by Panjab Digital Library | www.panjabdigilib.org

(੨) ਆਗਿਆ, ਅਨੁਮਤੀ ਦਾ ਅਰਥ ; ਜਿਵੇਂ :—ਨੌਕਰ ਨੂੰ **ਜਾਣ ਦੇ**; ਉਸ ਨੂੰ ਕੰਮ **ਕਰਨ ਦੇ** ।

(੩) ਨਿਰੰਤਰਤਾ—ਭੂਆ ਬਿਨਾਂ ਰੁਕਿਆਂ ਆਪਣੀ ਵਿਆਖਿਆ **ਕਰੀ ਜਾ ਰਹੀ ਸੀ** ।

(੪) ਪੂਰਣਤਾ :—

ਇਕ ਇਕ ਕਰਕੇ ਸਾਰੇ ਉਹ, ਜਿਹੜੇ ਮੈਨੂੰ ਕਾਕਾ, ਪੁੱਤਰ ਆਖਣ ਦਾ ਅਧਿਕਾਰ ਰਖਦੇ ਸਨ, ਮੌਤ ਦਾ ਖਾਜਾ **ਬਣ ਚੁੱਕੇ ਸਨ** ।

(੫) ਅਪੂਰਣਤਾ—ਉਹ ਪੋਥੀ **ਪੜ੍ਹ ਰਿਹਾ ਸੀ** ।

(੬) ਬੇਬਸੀ—ਤੈਨੂੰ ਓਥੇ **ਜਾਣਾ ਪਏਗਾ** ।

[੭) ਸ਼ਕਤੀ—ਨੀਤੀਵਾਨਾਂ ਦੀਆਂ ਨੀਤੀਆਂ ਕੁਦਰਤ ਦੀਆਂ ਹੱਦਾਂ ਨਹੀਂ **ਲਕੀਰ ਸਕਦੀਆਂ** ।

(੮) ਇੱਛਾ—ਠੱਗ ਭੋਲਿਆਂ ਨੂੰ **ਠਗਣਾ ਚਾਹੁੰਦੇ ਹਨ** ।

(੯) ਕਰਮ ਵਾਚ—

"**ਫੜਿਆ** ਨਹੀਂ ਜਹਾਨ ਦਾ ਮੂੰਹ **ਜਾਂਦਾ**,
ਕੋਈ ਕਹੇਗਾ—ਨੱਸਿਆ ਸੋਗ ਪਿੱਛੇ ।" ਗੋਪੀ ਚੰਦ—ਕਾਲੀ ਦਾਸ

## ਵਾਚ

੩੫੮. ਕ੍ਰਿਆ ਦਾ ਵਾਚ ਤਿੰਨ ਤਰ੍ਹਾਂ ਦਾ ਹੁੰਦਾ ਹੈ :—

੧. ਕਰਤ੍ਰੀ-ਵਾਚ—ਮੈਂ ਚਿੱਠੀ **ਲਿਖਦਾ ਹਾਂ** ।

(੨) ਕਰਮ-ਵਾਚ—ਮੈਥੋਂ ਚਿੱਠੀ **ਲਿਖੀ ਜਾਂਦੀ ਹੈ** ।

(੩) ਭਾਵ-ਵਾਚ—ਮੈਥੋਂ **ਉਠਿਆ ਨਹੀਂ ਜਾਂਦਾ** ।

ਜਿਵੇਂ ਲਿੰਗ, ਵਚਨ ਅਤੇ ਕਾਰਕ ਕਰਕੇ ਨਾਂਵ ਦੇ ਰੂਪ ਵਟਦੇ ਹਨ, ਤਿਵੇਂ ਹੀ ਕਾਲ, ਵਚਨ, ਪੁਰਖ ਜਾਂ/ਅਤੇ ਲਿੰਗ ਅਤੇ ਵਾਚ ਦੇ ਕਾਰਨ ਕ੍ਰਿਆ ਦੇ ਰੂਪ ਬਦਲਦੇ ਹਨ ।

੩੫੯. ਜਿਹੜੀ ਕ੍ਰਿਆ ਦਾ ਸੰਬੰਧ ਕਰਤਾ ਨਾਲ ਹੁੰਦਾ ਹੈ ਅਰਥਾਤ, ਜਿਸ ਦਾ ਰੂਪ ਕਰਤਾ ਦੇ ਅਨੁਸਾਰ ਹੁੰਦਾ ਹੈ ਜਾਂ ਇਹ ਕਹੋ ਕਿ ਜਿਸ ਦਾ ਕਰਤਾ ਹੀ ਉਦੇਸ਼ ਹੁੰਦਾ ਹੈ, ਉਹ ਕ੍ਰਿਆ **ਕਰਤ੍ਰੀ-ਵਾਚ** ਹੁੰਦੀ ਹੈ ; ਜਿਵੇਂ :—

ਮੁੰਡਾ **ਖੇਡੇ** । ਮੁੰਡੇ **ਖੇਡਣ** ।
ਉਹ **ਜਾਏ** । ਤੁਸੀਂ **ਜਾਓ** ।

੩੬੦. ਜਿਸ ਕ੍ਰਿਆ ਦਾ ਮੇਲ ਕਰਮ ਨਾਲ ਹੁੰਦਾ ਹੈ, ਅਰਥਾਤ ਜਿਸ ਦਾ ਕਰਮ ਹੀ ਉਦੇਸ਼ ਹੁੰਦਾ ਹੈ, ਉਹ ਕ੍ਰਿਆ **ਕਰਮ-ਵਾਚ** ਕਹੀ ਜਾਂਦੀ ਹੈ ; ਜਿਵੇਂ :—

ਮੈਥੋਂ **ਚਿੱਠੀ ਲਿਖੀ ਗਈ** । ਮੈਥੋਂ **ਚਿੱਠੀਆਂ ਲਿਖੀਆਂ ਗਈਆਂ** ।
ਮੈਥੋਂ **ਪੱਤਰ ਲਿਖਿਆ ਗਿਆ** । ਮੈਥੋਂ **ਪੱਤਰ ਲਿਖੇ ਗਏ** ।

Digitized by Panjab Digital Library | www.panjabdigilib.org

ਮੈਂ ਚਿਠੀ ਲਿਖੀ । ਮੈਂ ਚਿਠੀਆਂ ਲਿਖੀਆਂ ।

ਮੈਂ ਪੱਤਰ ਲਿਖਿਆ । ਮੈਂ ਪੱਤਰ ਲਿਖੇ ।

ਸਾਰੀ ਜਾਂਦੀ ਵੇਖੀਏ ਤਾਂ ਅੱਧੀ ਦੇਈਏ ਵੰਡ ।

ਸ਼ਾਹ ਜੀ ! ਕਦੀ ਬੁਕੀਂ ਵੀ ਵੜੇ ਤਲੀਂਦੇ ਨੇ ?

(ਤਲੀਂਦੇ ਨੇ=ਤਲੇ ਜਾਂਦੇ ਹਨ)

੩੬੧. 'ਸ਼ਾਮ ਆਏ'—ਇਸ ਵਾਕ ਵਿੱਚ 'ਆਏ' ਦਾ ਕਰਤਾ 'ਸ਼ਾਮ' ਹੈ ਅਤੇ ਇਹੋ ਇਸ ਦਾ ਉਦੇਸ਼ ਹੈ, ਕਿਉਂਕਿ 'ਆਏ' ਕ੍ਰਿਆ ਸ਼ਾਮ ਦੇ ਅਨੁਸਾਰ ਹੈ । [ਕ੍ਰਿਆ ਦਾ ਸਦਾ ਉਦੇਸ਼ ਨਾਲ ਮੇਲ ਹੁੰਦਾ ਹੈ] । ਏਸੇ ਤਰ੍ਹਾਂ 'ਰਾਮ ਪੋਥੀ ਪੜ੍ਹਦਾ ਹੈ'—ਏਥੇ 'ਰਾਮ' ਹੀ ਕਰਤਾ ਅਤੇ ਉਦੇਸ਼ ਹੈ । **ਜਦ ਕ੍ਰਿਆ ਦਾ ਕਰਤਾ ਹੀ ਉਸਦਾ ਉਦੇਸ਼ ਹੁੰਦਾ ਹੈ, ਤਦ ਉਹ ਕ੍ਰਿਆ ਕਰਤ੍ਰੀ-ਵਾਚ ਕਹੀ ਜਾਂਦੀ ਹੈ ।**

੩੬੨. 'ਉਸ ਤੋਂ ਪੋਥੀ ਪੜ੍ਹੀ ਗਈ', 'ਉਸ ਪੋਥੀ ਪੜ੍ਹੀ'—ਇਨ੍ਹਾਂ ਦੋਹਾਂ ਵਾਕਾਂ ਵਿੱਚ ਕ੍ਰਿਆ 'ਪੋਥੀ' ਦੇ ਅਨੁਸਾਰ ਹੈ ; ਪਰ 'ਪੋਥੀ' ਕਰਮ ਹੈ ਅਤੇ ਉਦੇਸ਼ ਵੀ ਹੈ, ਕਿਉਂਕਿ ਕ੍ਰਿਆ ਇਸ ਦੇ ਅਨੁਸਾਰ ਹੈ । **ਜਦ ਕਰਮ ਉਦੇਸ਼ ਹੋਏ ਤਦ ਕ੍ਰਿਆ ਕਰਮ-ਵਾਚ** ਕਹੀ ਜਾਂਦੀ ਹੈ । 'ਪੜ੍ਹੀ ਗਈ' ਅਤੇ 'ਪੜ੍ਹੀ' - ਇਹ ਦੋਵੇਂ ਕ੍ਰਿਆਵਾਂ ਕਰਮ-ਵਾਚ ਹਨ ।

'ਉਸ ਤੋਂ', 'ਉਸ'—ਇਹ ਕਰਤਾ ਹਨ, ਪਰ ਉਦੇਸ਼ ਨਹੀਂ, ਕਿਉਂਕਿ ਇਹ ਪਹਿਲੀ ਵਿਭਕਤੀ ਦੇ ਰੂਪ ਨਹੀਂ । ਪਹਿਲੀ ਦਾ ਰੂਪ 'ਉਹ' ਹੈ ।

੩੬੩. ਜਿਸ ਕ੍ਰਿਆ ਦਾ ਉਦੇਸ਼ ਨਾ ਹੀ ਉਸ ਕ੍ਰਿਆ ਦਾ ਕਰਤਾ ਅਤੇ ਨਾ ਹੀ ਕਰਮ ਹੋਵੇ, ਉਸ ਨੂੰ **ਭਾਵ-ਵਾਚ** ਆਖਦੇ ਹਨ ; ਜਿਵੇਂ :—

ਅਸਾਂ ਓਥੇ ਛੇਤੀ ਪੁਜਣਾ ਹੈ ।

ਤੁਸਾਂ ਓਥੇ ਛੇਤੀ ਪੁਜਣਾ ਹੈ ।

ਕੁੜੀ ਨੇ ਓਥੇ ਛੇਤੀ ਪੁਜਣਾ ਹੈ ।

ਮੁੰਡੇ ਨੇ ਓਥੇ ਛੇਤੀ ਪੁਜਣਾ ਹੈ ।

ਕੁੜੀਆਂ ਨੇ ਓਥੇ ਪੁਜਣਾ ਹੈ ।

ਮੁੰਡਿਆਂ ਨੇ ਓਥੇ ਛੇਤੀ ਪੁਜਣਾ ਹੈ ।

ਇਨ੍ਹਾਂ ਵਾਕਾਂ ਵਿੱਚ ਕ੍ਰਿਆ 'ਪੁਜਣਾ ਹੈ' ਸਮਾਨ ਹੈ । ਇਨ੍ਹਾਂ ਵਿੱਚ 'ਕਰਤਾ' ਦੇ ਲਿੰਗ , ਵਚਨ ਅਤੇ ਪੁਰਖ ਬਦਲਾਏ ਗਏ ਹਨ, ਪਰ 'ਪੁਜਣਾ ਹੈ' ਨਹੀਂ ਬਦਲਿਆ । ਬਦਲੇ ਵੀ ਕਿਉਂ ? ਕ੍ਰਿਆ ਦਾ ਉਦੇਸ਼, ਜਿਸ ਦੇ ਨਾਲ ਕ੍ਰਿਆ ਦਾ ਮੇਲ ਹੁੰਦਾ ਹੈ, ਉਹ ਤੇ ਵਾਕ ਵਿੱਚ ਹੈ ਹੀ ਨਹੀਂ ।

ਦੂਜਿਆਂ ਸ਼ਬਦਾਂ ਵਿੱਚ 'ਪੁਜਣਾ ਹੈ' ਉਦੇਸ਼-ਰਹਿਤ ਕ੍ਰਿਆ ਹੈ । ਉਦੇਸ਼-ਰਹਿਤ ਕ੍ਰਿਆ ਹੀ ਭਾਵ-ਵਾਚ ਹੁੰਦੀ ਹੈ ।

Digitized by Panjab Digital Library | www.panjabdigilib.org

## ਭਾਵ-ਵਾਚ

੩੬੪. ਜਦ ਕਿਸੇ ਵਾਕ ਦੀ ਕ੍ਰਿਆ ਦਾ ਉਦੇਸ਼ ਹੋਵੇ ਹੀ ਨਾ, ਤਦ ਉਹ ਕ੍ਰਿਆ ਭਾਵ-ਵਾਚ ਹੁੰਦੀ ਹੈ । ਅਕਰਮਕ ਕ੍ਰਿਆ ਦਾ ਕਰਮ ਨਹੀਂ ਹੁੰਦਾ, ਇਸ ਕਰਕੇ ਵਾਚ ਬਦਲਣ ਤੇ ਇਸ ਦਾ ਉਦੇਸ਼ ਨਹੀਂ ਰਹਿੰਦਾ ਅਤੇ ਉਹ ਕ੍ਰਿਆ ਭਾਵ-ਵਾਚ ਹੋ ਜਾਂਦੀ ਹੈ ; ਜਿਵੇਂ :—

| ਅਕਰਮਕ ਕਰਤ੍ਰੀ-ਵਾਚ | ਅਕਰਮਕ ਭਾਵ-ਵਾਚ |
|---|---|
| ਉਹ ਚੱਲੇ ਗਾ ? | ਉਸ ਤੋਂ ਚਲਿਆ ਜਾਏਗਾ ? |
| ਮੈਂ ਦੌੜਦਾ ਹਾਂ । | ਮੈਥੋਂ ਦੌੜਿਆ ਜਾਂਦਾ ਹੈ । |
| ਤੂੰ ਨਹੀਂ ਬੈਠਾ । | ਤੈਥੋਂ ਨਹੀਂ ਬੈਠਾ ਗਿਆ । |

੩੬੫. ਸਕਰਮਕ ਕ੍ਰਿਆ ਦਾ ਕਰਮ ਹੁੰਦਾ ਹੈ, ਇਸ ਕਰਕੇ ਵਾਚ ਦਾ ਵਟਾਂਦਰਾ ਕਰਨ ਲੱਗੇ ਕਰਮ ਉਦੇਸ਼ ਬਣ ਜਾਂਦਾ ਹੈ ਅਤੇ ਉਹ ਕ੍ਰਿਆ ਕਰਮ-ਵਾਚ ਹੋ ਜਾਂਦੀ ਹੈ । ਕਦੇ ਕਦੇ ਉਦੇਸ਼ ਵਾਕ ਵਿੱਚ ਦੱਸਿਆ ਹੀ ਨਹੀਂ ਜਾਂਦਾ, ਤਦ ਉਹ ਕ੍ਰਿਆ ਵੀ ਭਾਵ-ਵਾਚ ਹੋ ਜਾਂਦੀ ਹੈ ; ਜਿਵੇਂ :—

| | |
|---|---|
| ਸਕਰਮਕ ਕਰਤ੍ਰੀ-ਵਾਚ | ਰਾਮ ਪੋਥੀ ਪੜ੍ਹਦਾ ਹੈ । |
| ਸਕਰਮਕ ਕਰਮ-ਵਾਚ= | ਰਾਮ ਨੇ ਪੋਥੀ ਪੜ੍ਹੀ ।<br>ਰਾਮ ਤੋਂ ਪੋਥੀ ਪੜ੍ਹੀ ਗਈ । |
| ਸਕਰਮਕ ਭਾਵ-ਵਾਚ | ਫ਼ੌਜ ਨੇ ਸ਼ਹਿਰ ਨੂੰ ਬਚਾ ਲਿਆ । |

੩੬੬. ਪੁਰਾਣਾ ਕਰਮ-ਵਾਚ ਅਰਥਾਤ ਸ਼ੁੱਧ ਕਰਮ-ਵਾਚ ਲਹਿੰਦੀ ਵਿੱਚ ਅਜੇ ਵੀ ਕੁਝ ਬਚਿਆ ਹੋਇਆ ਹੈ ; ਜਿਵੇਂ :—ਮਰੀਜੇ, ਮਰੀਜਿਨ ਆਦਿ ਰੂਪ । ਪੰਜਾਬੀ ਵਿੱਚ ਇਸ ਦੇ ਬਹੁਤ ਘਟ ਰੂਪ ਬਚੇ ਹਨ । ਪੜ੍ਹੀਦਾ, ਸੁਣੀਦਾ ਆਦਿ ਕਰਮ-ਵਾਚ ਵਰਤਮਾਨ ਕਾਰਦੰਤਕ ਦੇ ਰੂਪ ਅਜੇ ਵੀ ਚਾਲੂ ਹਨ । ਸੰਭਾਵ ਭਵਿੱਖਤ ਦਾ ਉੱਤਮ ਪੁਰਖ ਬਹੁਵਚਨ ਦਾ ਰੂਪ ਅਸਲ ਵਿੱਚ ਕਰਮ-ਵਾਚ ਤੋਂ ਹੀ ਨਿਕਲਿਆ ਹੋਇਆ ਹੈ ।

ਪੁਰਾਣੀ ਪੰਜਾਬੀ ਵਿੱਚ ਵਧੇਰੇ ਰੂਪ ਮਿਲਦੇ ਹਨ ; ਜਿਵੇਂ :—

ਸਾੜੀਏਂ ਗੀ (=ਤੂੰ ਸਾੜੀ ਜਾਏਂ ਗੀ)—ਮੁਕਬਿਲ ।

ਪੀੜੀਅਨਿ (=ਪੀੜੇ ਜਾਂਦੇ ਹਨ) ਅਤੇ ਆਖੀਅਨਿ (=ਆਖੇ ਜਾਂਦੇ ਹਨ) ਆਦਿ ਰੂਪ ਭਾਈ ਗੁਰਦਾਸ ਨੇ ਵਰਤੇ ਹਨ ।

੩੬੭. ਪ੍ਰੇਰਣਾਰਥਕ ਧਾਤੂ ਦੇ ਕਾਲਾਂ ਦੇ ਰੂਪ ਮੂਲ ਧਾਤੂ ਦੇ ਰੂਪ ਵਾਂਗ ਹੀ ਬਣਾਏ ਜਾਂਦੇ ਹਨ । ਉਦਾਹਰਣ ਲਈ 'ਸੁਣਾ' ਧਾਤੂ ਦੇ ਸੰਭਾਵ ਭਵਿੱਖਤ ਆਦਿ ਕੁਝ ਕਾਲਾਂ ਦੇ ਰੂਪ ਹੇਠ ਦੱਸੇ ਜਾਂਦੇ ਹਨ :—

Digitized by Panjab Digital Library | www.panjabdigilib.org

## ਸੰਭਾਵ ਭਵਿੱਖਤ

| ਇਕ ਵਚਨ | ਬਹੁਵਚਨ |
|---|---|
| ਮੈਂ ਸੁਣਾਵਾਂ | ਅਸੀਂ ਸੁਣਾਈਏ |
| ਤੂੰ ਸੁਣਾਵੇਂ, ਸੁਣਾਏਂ | ਤੁਸੀਂ ਸੁਣਾਓ |
| ਉਹ ਸੁਣਾਵੇ, ਸੁਣਾਏ | ਉਹ ਸੁਣਾਵਣ |

ਚਾਲੂ ਵਰਤਮਾਨ ਕਾਲ

## ਲਿੰਗਾਦਿਬੋਧਕ+ਪੁਰਖਾਦਿਬੋਧਕ

| | ਇਕਵਚਨ | ਬਹੁਵਚਨ |
|---|---|---|
| ਪੁਲਿੰਗ | ਮੈਂ ਸੁਣਾਂਦਾ ਹਾਂ | ਅਸੀਂ ਸੁਣਾਂਦੇ ਹਾਂ |
| | ਤੂੰ ਸੁਣਾਂਦਾ ਹੈਂ | ਤੁਸੀਂ ਸੁਣਾਂਦੇ ਹੋ |
| | ਉਹ ਸੁਣਾਂਦਾ ਹੈ | ਉਹ ਸੁਣਾਂਦੇ ਹਨ |
| ਇਸਤ੍ਰੀਲਿੰਗ | ਮੈਂ ਸੁਣਾਂਦੀ ਹਾਂ | ਅਸੀਂ ਸੁਣਾਂਦੀਆਂ ਹਾਂ |
| | ਤੂੰ ਸੁਣਾਂਦੀ ਹੈਂ | ਤੁਸੀਂ ਸੁਣਾਂਦੀਆਂ ਹੋ |
| | ਉਹ ਸੁਣਾਂਦੀ ਹੈ | ਉਹ ਸੁਣਾਂਦੀਆਂ ਹਨ |

## ਅਨਿਸਚਿਤ ਭੂਤ ਕਾਲ

| | ਇਕਵਚਨ | ਬਹੁਵਚਨ |
|---|---|---|
| ਪੁਲਿੰਗ | ਸੁਣਾਇਆ | ਸੁਣਾਏ |
| ਇਸਤ੍ਰੀਲਿੰਗ | ਸੁਣਾਈ | ਸੁਣਾਈਆਂ |

## ਸਾਧਾਰਣ ਭਵਿੱਖਤ

| | ਇਕਵਚਨ | ਬਹੁਵਚਨ |
|---|---|---|
| ਪੁਲਿੰਗ | ਮੈਂ ਸੁਣਾਵਾਂ ਗਾ | ਅਸੀਂ ਸੁਣਾਵਾਂਗੇ |
| | ਤੂੰ ਸੁਣਾਏਂ (ਸੁਣਾਵੇਂ) ਗਾ | ਤੁਸੀਂ ਸੁਣਾਓ ਗੇ |
| | ਉਹ ਸੁਣਾਏ (ਸੁਣਾਵੇ) ਗਾ | ਉਹ ਸੁਣਾਉਣ ਗੇ |
| ਇਸਤ੍ਰੀਲਿੰਗ | ਮੈਂ ਸੁਣਾਵਾਂ ਗੀ | ਅਸੀਂ ਸੁਣਾਵਾਂ ਗੀਆਂ |
| | ਤੂੰ ਸੁਣਾਏਂ (ਸੁਣਾਵੇਂ) ਗੀ | ਤੁਸੀਂ ਸੁਣਾਓ ਗੀਆਂ |
| | ਉਹ ਸੁਣਾਏ (ਸੁਣਾਵੇ) ਗੀ | ਉਹ ਸੁਣਾਉਣ ਗੀਆਂ |

## ਕ੍ਰਿਆ ਦੇ ਰੂਪਾਂ ਦੀ ਉਤਪੱਤੀ

੩੬੮. ਪੰਜਾਬੀ ਕ੍ਰਿਆ ਦੇ ਰੂਪ ਜਾਂ ਤੇ ਸਿੱਧੇ ਸੰਸਕ੍ਰਿਤ ਜਾਂ ਪ੍ਰਾਕ੍ਰਿਤ ਤੋਂ ਨਿਕਲੇ ਹਨ ਜਾਂ ਪੁਰਾਣਿਆਂ ਰੂਪਾਂ ਦੇ ਮੇਲ ਨਾਲ ਬਣੇ ਹਨ।

੩੬੯. ਪ੍ਰੇਰਣਾਰਥਕ ਕ੍ਰਿਆ ਬਣਾਨ ਲਈ ਮੂਲ ਧਾਤੂ ਨਾਲ '-ਆ' ਲਗਾਇਆ ਜਾਂਦਾ ਹੈ। ਇਸ '-ਆ' ਦੀ ਉਤਪੱਤੀ ਇਉਂ ਹੋਈ ਹੈ :—

Digitized by Panjab Digital Library | www.panjabdigilib.org

ਸੰ॰ -आपय- >प्रा॰- आवे—>ਪੰ੦ -ਆ।

ਉਦਾਹਰਣ—

प्रा॰ पढावेइ>ਪੰ੦ ਪੜ੍ਹਾਵੇ, ਪੜ੍ਹਾਏ,

प्रा॰ हसावेइ>ਪੰ੦ ਹਸਾਏ।

੩੭੦. ਸੰਸਕ੍ਰਿਤ ਵਿੱਚ ਦਸ ਲਕਾਰ ਹਨ ਜਿਹੜੇ ਕਾਲ ਅਤੇ ਅਰਥ ਦਾ ਬੋਧ ਕਰਾਂਦੇ ਹਨ। ਪੰਜਾਬੀ ਦੇ ਸ਼ੁੱਧ ਕਾਲ ਅਰਥਾਤ ਪੁਰਖਾਦਿ-ਬੋਧਕ ਕਾਲ ਸੰਸਕ੍ਰਿਤ ਦੇ ਲਕਾਰਾਂ ਤੋਂ ਨਿਕਲੇ ਹਨ ਅਤੇ ਸ਼ੁਧ ਲਿੰਗਾਦਿ-ਬੋਧਕ ਕਾਲ ਸੰਸਕ੍ਰਿਤ ਲਿੰਗਾਦਿ ਬੋਧਕ ਕ੍ਰਿਦੰਤਾਂ (ਕਾਰਦੰਤਕਾਂ) ਤੋਂ।

੩੭੧. ਪੰਜਾਬੀ ਦਾ ਸੰਭਾਵ ਭਵਿੱਖਤ ਸ਼ੁੱਧ ਪੁਰਖਾਦਿਬੋਧਕ ਕਾਲ ਹੈ ਅਤੇ ਇਸ ਦੇ ਬਹੁਤੇ ਰੂਪ ਸੰਸਕ੍ਰਿਤ ਦੇ ਵਰਤਮਾਨ (ਲਟ੍ ਲਕਾਰ) ਤੋਂ ਨਿਕਲੇ ਹਨ। ਇਨ੍ਹਾਂ ਦਾ ਵਿਕਾਸ ਕਿਵੇਂ ਹੋਇਆ ਹੈ, ਇਸ ਦਾ ਪਤਾ ਹੇਠ ਦਸਿਆਂ ਰੂਪਾਂ ਤੋਂ ਲਗ ਜਾਏਗਾ :—

ਸੰ॰ चलति> अप॰ चलइ> ਪੰ੦ ਚੱਲੇ,

ਸੰ॰ चलन्ति>प्रा॰ चलन्ति> ਪੰ੦ ਚੱਲਨ,

ਸੰ॰ चलसि>अप॰ चलहि> ਪੰ੦ ਚੱਲੇਂ,

ਸੰ॰ चलथ> अप॰ चलहु> ਪੰ੦ ਚੱਲੋ,

ਸੰ॰ चलामि> अप॰ चलउं> ਪੰ੦ ਚੱਲਾਂ।

ਛੇਆਂ ਵਿੱਚੋਂ ਪੰਜ ਰੂਪ ਤੇ ਸੰਸਕ੍ਰਿਤ ਦੇ ਵਰਤਮਾਨ ਜਾਂ (ਲਟ੍ ਲਕਾਰ) ਤੋਂ ਨਿਕਲੇ ਹਨ ; ਪਰ ਉੱਤਮ ਪੁਰਖ ਬਹੁਵਚਨ ਦਾ ਰੂਪ ਵਰਤਮਾਨ ਦੇ ਕਰਮ ਵਾਚ (ਜਾਂ ਭਾਵ-ਵਾਚ) ਅੱਨ ਪੁਰਖ ਇਕ ਵਚਨ ਤੋਂ ਉਤਪੰਨ ਹੋਇਆ ਹੈ ; ਜਿਵੇਂ :—

ਸੰ॰ चल्यते> ਪੰ੦ ਚੱਲੀਏ।

੩੭੨. ਆਗਿਆਰਥ ਜਾਂ ਹੁਕਮੀ ਭਵਿੱਖਤ ਦੇ ਮੱਧਮ ਪੁਰਖ ਦੇ ਰੂਪ ਸੰਸਕ੍ਰਿਤ ਦੇ ਪਰਸਮੈਪੱਦ ਦੇ ਲੋਟ੍ ਲਕਾਰ ਤੋਂ ਨਿਕਲੇ ਹਨ। ਬਾਕੀ ਰੂਪ ਉਹੋ ਹਨ ਜੋ ਸੰਭਾਵ ਭਵਿੱਖਤ ਦੇ ਹਨ। ਮੱਧਮ ਪੁਰਖ ਦੇ ਰੂਪਾਂ ਦਾ ਵਿਕਾਸ ਇਉਂ ਹੋਇਆ ਹੈ ਃ—

ਸੰ॰ कुरु> अप॰ कर> ਪੰ੦ ਕਰ।

ਸੰ॰ कुरुत> अप॰ करहु> ਪੰ੦ ਕਰੋ।

### ੩੭੩. ਸਾਧਾਰਣ ਜਾਂ ਅਨਿਸਚਿਤ ਭਵਿੱਖਤ ਕਾਲ

ਪੰਜਾਬੀ ਸਾਹਿੱਤ ਵਿੱਚ ਦੋ ਤਰ੍ਹਾਂ ਦੇ ਸਾਧਾਰਣ ਭਵਿੱਖਤ ਮਿਲਦੇ ਹਨ :—

(੧) ਪੁਰਖਾਦਿ-ਬੋਧਕ ਕ੍ਰਿਆ ਅਤੇ ਲਿੰਗਾਦਿ-ਬੋਧਕ ਕਾਰਦੰਤਕ 'ਗਾ' ਦੇ ਮੇਲ ਨਾਲ ਬਣਿਆ ਹੋਇਆ ਪੂਰਬੀ ਪੰਜਾਬੀ ਦਾ ਨਵਾਂ ਭਵਿੱਖਤ ; ਜਿਵੇਂ ਪੜ੍ਹੇ ਗਾ; ਇਸ ਦੇ ਦੋਹਾਂ ਅੰਗਾਂ ਵਿਚੋਂ ਪਹਿਲਾ 'ਪੜ੍ਹੇ' ਸੰਭਾਵ ਭਵਿੱਖਤ ਦਾ ਰੂਪ ਹੈ ਅਤੇ ਦੂਜਾ 'ਗਾ' (=ਗਿਆ) ਭੂਤਕਾਰਦੰਤਕ ਹੈ ; (੨) ਲਹਿੰਦੀ ਦਾ ਕਾਲ ਹੈ ਅਤੇ ਸੰਸਕ੍ਰਿਤ ਦੇ (ਲ੍ਰਿਟ੍ ਲਕਾਰ) ਭਵਿੱਖਤ ਤੋਂ ਨਿਕਲਿਆ ਹੈ ; ਜਿਵੇਂ ਸੰ॰ करिष्यति>ਪੰ੦ ਕਰਸੀ।

Digitized by Panjab Digital Library | www.panjabdigilib.org

ਸੰਭਾਵ ਭਵਿੱਖਤ ਦੀ ਉਤਪੱਤੀ ਦੱਸੀ ਗਈ ਹੈ। 'ਗਾ' ਦੀ ਉਤਪੱਤੀ ਹੇਠ ਦੱਸੀ ਜਾਂਦੀ ਹੈ:—

ਸੰ० गतः > ਪ੍ਰਾ० गदो > ਅਪ० गउ > ਪੰ੦ ਗਾ।

੩੭੪. ਕਾਰਦੰਤਕਾਂ ਦੀ ਉਤਪੱਤੀ—

(੧) ਪੰਜਾਬੀ ਦੇ ਵਰਤਮਾਨ ਕਾਰਦੰਤਕ ਦਾ ਸੰਬੰਧ ਸੰਸਕ੍ਰਿਤ ਦੇ ਵਰਤਮਾਨ ਕਾਰਦੰਤਕ [शत्रन्त] ਨਾਲ ਹੈ; ਜਿਵੇਂ ঃ—

ਸੰ० गायन्- > ਪ੍ਰਾ० गाअंतो (गाअंतओ) > ਪੰ੦ ਗਾਉਂਦਾ;

ਸੰ० कुर्वन्- > ਪ੍ਰਾ० करेन्त- > ਅਪ० करंतउ > ਪੰ੦ ਕਰਦਾ।

(੨) ਭੂਤਕਾਰਦੰਤਕ ਸੰਸਕ੍ਰਿਤ ਦੇ ਭੂਤ ਕਾਰਦੰਤਕ [क्तान्त] ਤੋਂ ਨਿਕਲਿਆ ਹੈ; ਜਿਵੇਂ :—

ਸੰ० दृष्ट- > ਪ੍ਰਾ० दिट्ठओ > ਅਪ० दिट्ठउ > ਪੰ੦ ਡਿੱਠਾ।

ਸੰਸਕ੍ਰਿਤ ਦੇ ਕੁਝ ਭੂਤਕਾਰਦੰਤਕ '-न' '-ण' ਲਗਾਕੇ ਵੀ ਬਣਾਏ ਜਾਂਦੇ ਹਨ; ਜਿਵੇਂ :—भग्न, जीर्ण। ਪੰਜਾਬੀ ਵਿੱਚ ਵੀ ਕੁਝ ਅਜਿਹੇ ਰੂਪ ਮਿਲਦੇ ਹਨ; ਜਿਵੇਂ :-

ਸਿੰਨਾ, ਪੁੰਨਾ, ਰੁੰਨਾ ਆਦਿ। ਇਨ੍ਹਾਂ ਵਿੱਚੋਂ ਇਕ ਦਾ ਵਿਕਾਸ ਹੇਠ ਦਸਿਆ ਜਾਂਦਾ ਹੈ :—

ਸੰ੦ *रुद्-न- > ਅਪ० रुण्ण- > ਪੰ੦ ਰੁੰਨਾ।

(੩) ਪੰਜਾਬੀ ਦਾ ਵਿਧਿਅਰਥਕ ਕਾਰਦੰਤਕ ਸੰਸਕ੍ਰਿਤ ਦੇ -अनीय ਲਗਾਕੇ ਬਣਨ ਵਾਲੇ ਵਿਧਿਅਰਥਕ ਕਾਰਦੰਤਕ ਤੋਂ ਨਿਕਲਿਆ ਹੈ; ਜਿਵੇਂ :—

ਸੰ० करणीया > ਪੰ੦ ਕਰਨੀ;

ਸੰ० कथनीया > ਪੰ੦ ਕਹਿਣੀ।

ਇਉਂ ਜਾਪਦਾ ਹੈ ਕਿ ਇਸਤ੍ਰੀਲਿੰਗ ਦੇ ਰੂਪ ਤੋਂ ਪੁਲਿੰਗ ਦਾ ਰੂਪ ਬਣਾਇਆ ਗਿਆ, ਅਰਥਾਤ ਕਰਨੀ ਤੋਂ ਕਰਨਾ, ਕਹਿਣੀ ਤੋਂ ਕਹਿਣਾ।

੩੭੫. ਸੰਸਕ੍ਰਿਤ ਵਿੱਚ ਕ੍ਰਿਆ-ਬੋਧਕ ਨਾਂਵ ਧਾਤੂ ਦੇ ਪਿੱਛੇ '-न' ਜਾਂ '-अन' ਲਗਾ ਕੇ ਬਣਾਇਆ ਜਾਂਦਾ ਹੈ; ਜਿਵੇਂ :—दा—दान, कृ—करण ਆਦਿ। ਪੰਜਾਬੀ ਭਾਵਾਰਥ ਦੇ ਛੋਟੇ ਅਤੇ ਵੱਡੇ ਰੂਪ ਇੱਸੇ ਕ੍ਰਿਆ-ਬੋਧਕ ਨਾਂਵ ਤੋਂ ਨਿਕਲੇ ਹਨ। ਵਿਕਾਸ ਇਉਂ ਹੋਇਆ ਹੈ :—

ਸੰ० जल्पन- (क) > ਅਪ० जपणउ > ਪੰ੦ ਜਪਣਾ,

ਸੰ० मरण- > ਅਪ० मरणु > ਪੰ੦ ਮਰਨ।

੩੭੬. ਪੰਜਾਬੀ ਦੇ ਸ਼ੁੱਧ ਪੂਰਬ ਪੂਰਣ ਕਾਰਦੰਤਕ ਦਾ ਰੂਪ ਧਾਤੂ ਨਾਲ ਮਿਲਦਾ ਹੈ। ਇਸ ਦਾ ਵਿਕਾਸ ਇਉਂ ਹੋਇਆ ਜਾਪਦਾ ਹੈ :—

ਪ੍ਰਾ० पढि > ਅਪ० पढि > ਪੰ੦ ਪੜ੍ਹ; ਪ੍ਰਾ੦ सुणिअ > ਪੁ੦ ਪੰ੦ ਸੁਣਿ > ਪੰ੦ ਸੁਣ।

Digitized by Panjab Digital Library | www.panjabdigilib.org

## ਕਰਮ ਵਾਚ

੩੭੭. ਸੰਸਕ੍ਰਿਤ ਵਿੱਚ ਧਾਤੂ ਨਾਲ '-ਯ-' ਲਗਾਕੇ ਕਰਮਵਾਚ ਬਣਾਇਆ ਜਾਂਦਾ ਹੈ ; ਜਿਵੇਂ :—ਪਠ੍ਯਤੇ (=ਪੜ੍ਹਿਆ ਜਾਂਦਾ ਹੈ)> ਪੰ੦ ਪੜ੍ਹੀਏ ; ਪ੍ਰਾ० ਸੁਣੀਅਦਿ> ਪੰ੦ ਸੁਣੀਏ; ਸੰ० ਪ੍ਰਿਛ੍ਯਤੇ> ਪ੍ਰਾ० ਪੁੱਛੀਅਦਿ> ਪੰ੦ ਪੁਛੀਏ ।

ਇਹੋ -ਈ- ਸੁਣੀਦਾ, ਕਰੀਦਾ, ਆਦਿ ਕਰਮ ਵਾਚ ਦੇ ਵਰਤਮਾਨ ਕਾਰਦੰਤਕ ਬਣਾਉਣ ਲਈ ਕੰਮ ਆਉਂਦਾ ਹੈ ।

## ਅੱਵੈ

੩੭੮. ਵਿਕਾਰੀ ਪਦਾਂ ਬਾਬਤ ਅਰਥਾਤ ਉਨ੍ਹਾਂ ਪਦਾਂ ਦੇ ਬਾਰੇ, ਜਿਨ੍ਹਾਂ ਦਾ ਰੂਪ ਲਿੰਗ ਅਤੇ ਵਿਭਕਤੀ ਕਰਕੇ ਜਾਂ ਪੁਰਖ, ਵਚਨ, ਕਾਲ ਆਦਿਕ ਦੇ ਕਾਰਣ ਬਦਲ ਜਾਂਦਾ ਹੈ, ਵਿਚਾਰ ਕੀਤਾ ਗਿਆ ਹੈ । ਹੁਣ ਅਵਿਕਾਰੀ ਜਾਂ ਅੱਵੈ ਉਪਰ ਵਿਚਾਰ ਕੀਤਾ ਜਾਂਦਾ ਹੈ ।

੩੭੯. ਜਿਹੜੇ ਸ਼ਬਦ ਲਿੰਗ, ਵਚਨ, ਆਦਿ ਦਾ ਬੋਧ ਨਹੀਂ ਕਰਾਉਂਦੇ ਅਤੇ ਵਾਕ ਵਿੱਚ ਸਦਾ ਆਪਣੇ ਅਸਲੀ ਰੂਪ ਵਿੱਚ ਵਰਤੇ ਜਾਂਦੇ ਹਨ, ਉਨ੍ਹਾਂ ਨੂੰ **ਅਵਿਕਾਰੀ ਸ਼ਬਦ ਜਾਂ ਅੱਵੈ** ਆਖਦੇ ਹਨ ; ਜਿਵੇਂ :—

ਅੱਜ, ਸਦਾ, ਹੌਲੀ, ਝਟਪਟ, ਨਾਲ, ਵਿੱਚ, ਅਤੇ, ਜੇ, ਤਾਂ ।

੩੮੦. ਅਸਲੀ ਸ਼ੁਧ ਅੱਵੈ ਥੋੜੇ ਹਨ । ਇਨ੍ਹਾਂ ਵਿੱਚੋਂ ਚੋਖੇ ਅੱਵੈ ਵਿਭਕਤੀਆਂ ਵਾਲੇ ਰੂਪ ਹਨ ; ਜਿਵੇਂ :—

ਪਾਸੋਂ, ਉਪਰੋਂ, ਹੇਠੋਂ, ਮਗਰੋਂ—ਇਹ ਅਪਾਦਾਨ ਦੇ ਰੂਪ ਹਨ ਅਤੇ ਅੱਗੇ ਪਿੱਛੇ, ਮਗਰੇ, ਗੱਭੇ—ਇਹ ਅਧਿਕਰਣ ਦੇ ਰੂਪ ਹਨ ।

੩੮੧. ਅੱਵੈ ਤਿੰਨ ਤਰ੍ਹਾਂ ਦੇ ਹਨ :—

੧. ਕ੍ਰਿਆ-ਵਿਸ਼ੇਸ਼ਣ, ੨. ਸੰਬੰਧਕ, ਅਤੇ ੩. ਯੋਜਕ ।

## ਕ੍ਰਿਆ-ਵਿਸ਼ੇਸ਼ਣ

੩੮੨. ਕ੍ਰਿਆ-ਵਿਸ਼ੇਸ਼ਣ ਉਹ ਪਦ ਹੈ ਜੋ ਕ੍ਰਿਆ ਦੀ, ਵਿਸ਼ੇਸ਼ਣ ਦੀ ਜਾਂ ਕ੍ਰਿਆ-ਵਿਸੇਸ਼ਣ ਦੀ ਵਿਸ਼ੇਸ਼ਤਾ ਪਰਗਟ ਕਰੇ ; ਜਿਵੇਂ :—

ਉਹ **ਸੋਹਣਾ** ਲਿਖਦਾ ਹੈ ; ਘੋੜਾ **ਤੇਜ਼** ਦੌੜਦਾ ਹੈ ।

ਏਥੇ 'ਸੋਹਣਾ' ਅਤੇ 'ਤੇਜ' ਕ੍ਰਿਆ ਦੀ ਵਿਸ਼ੇਸ਼ਤਾ ਪਰਗਟ ਕਰ ਰਹੇ ਹਨ ।

ਤੂੰ **ਬਹੁਤ** ਡਾਢਾ ਹੈਂ । ਏਥੇ 'ਬਹੁਤ' ਵਿਸ਼ੇਸ਼ਣ ਦੀ ਵਿਸ਼ੇਸ਼ਤਾ ਦੱਸ ਰਿਹਾ ਹੈ ।

'ਦੇਖ ਇਹ ਹੈ **ਠੀਕ** ਸਾਡੇ ਸਾਮ੍ਹਣੇ ।' ਉਦੈਨ ਨਾਟਕ ।

ਏਥੇ 'ਠੀਕ' 'ਸਾਮ੍ਹਣੇ' ਦੀ ਵਿਸ਼ੇਸ਼ਤਾ ਪਰਗਟ ਕਰਦਾ ਹੈ ।

Digitized by Panjab Digital Library | www.panjabdigilib.org

ਕ੍ਰਿਆ-ਵਿਸ਼ੇਸ਼ਣ ਦਾ ਅਰਥ ਹੈ ਕ੍ਰਿਆ ਦੀ ਵਿਸ਼ਿਸ਼ਤਾ ਪਰਗਟ ਕਰਨ ਵਾਲਾ ਪਦ, ਨਾ ਕਿ ਵਿਸ਼ੇਸ਼ਣ ਅਤੇ ਕ੍ਰਿਆ-ਵਿਸ਼ੇਸ਼ਣ ਦੀ ਵਿਸ਼ਿਸ਼ਤਾ ਪਰਗਟ ਕਰਨ ਵਾਲਾ, ਪਰ ਕ੍ਰਿਆ-ਵਿਸ਼ੇਸ਼ਣ ਵਿਸ਼ੇਸ਼ਨ ਅਤੇ ਕ੍ਰਿਆ-ਵਿਸ਼ੇਸ਼ਣ ਦੀ ਵਿਸ਼ਿਸ਼ਤਾ ਵੀ ਪਰਗਟ ਕਰਦਾ ਹੈ। ਇਸ ਦੋਸ਼ ਨੂੰ ਦੇਖ ਕੇ ਕਈ ਵੈਯਾਕਰਣ ਕ੍ਰਿਆ-ਵਿਸ਼ੇਸ਼ਣ ਦੀ ਥਾਂ ਅੱਵੈ ਸ਼ਬਦ ਵਰਤਦੇ ਹਨ।

੩੮੩. ਰੂਪ ਅਨੁਸਾਰ ਕ੍ਰਿਆ-ਵਿਸ਼ੇਸ਼ਣ ਦੋ ਤਰ੍ਹਾਂ ਦੇ ਹਨ :—

੧. **ਅਸਾਧ** ਅਰਥਾਤ **ਅੱਵੈ** ਅਤੇ ੨. ਵਿਕਾਰੀ।

ਜਿਹੜਾ ਕ੍ਰਿਆ-ਵਿਸ਼ੇਸ਼ਣ ਅੱਵੈ ਹੁੰਦਾ ਹੈ, ਉਸ ਦਾ ਸੰਬੰਧ ਕ੍ਰਿਆ ਨਾਲ ਹੀ ਹੁੰਦਾ ਹੈ ; ਜਿਵੇਂ :—

'ਉਹ **ਪਰੇ** ਚਲਾ ਗਿਆ ਹੈ'—ਇਸ ਵਾਕ ਵਿੱਚ ਪਰੇ ਕ੍ਰਿਆ-ਵਿਸ਼ੇਸ਼ਣ ਅੱਵੈ ਹੈ। 'ਕਾਲੂ **ਮੂਧਾ** ਪਿਆ ਹੈ' ਅਤੇ 'ਬੱਚੇ ਲੰਮੇ **ਪਏ** ਹਨ' ਇਨ੍ਹਾਂ ਵਾਕਾਂ ਵਿੱਚ 'ਮੂਧਾ' ਅਤੇ 'ਲੰਮੇ' ਵਿਕਾਰੀ ਕ੍ਰਿਆ-ਵਿਸ਼ੇਸ਼ਣ ਹਨ—ਇਨ੍ਹਾਂ ਦਾ ਸੰਬੰਧ ਨਾਂਵ ਨਾਲ ਵੀ ਹੈ ਅਤੇ ਕ੍ਰਿਆ ਨਾਲ ਵੀ। ਚੇਤੇ ਰਹੇ ਕਿ ਆਕਾਰਾਂਤ ਵਿਸ਼ੇਸ਼ਣ ਵਿਕਾਰੀ ਹੁੰਦੇ ਹਨ।

੩੮੪. ਕ੍ਰਿਆ-ਵਿਸ਼ੇਸ਼ਣਾਂ ਦੀ ਵੰਡ ਦੋ ਤਰ੍ਹਾਂ ਕੀਤੀ ਜਾਂਦੀ ਹੈ :—੧. ਅਰਥ ਅਨੁਸਾਰ,੨. ਉਤਪੱਤੀ ਅਨੁਸਾਰ।

੩੮੫. ਅਰਥ ਅਨੁਸਾਰ ਕ੍ਰਿਆ-ਵਿਸ਼ੇਸ਼ਣ ਅਨੇਕ ਪ੍ਰਕਾਰ ਦੇ ਹਨ ; ਉਨ੍ਹਾਂ ਵਿੱਚੋਂ ਮੁੱਖ ਭੇਦ ਇਹ ਹਨ :—

(ਕ) **ਕਾਲ-ਵਾਚਕ**—ਅੱਜ, ਕੱਲ, ਪਰਸੋਂ, ਕਦ, ਕਦੇ-ਕਦੇ, ਜਦ, ਤਦ, ਸਦਾ, ਨਿੱਤ, ਅਕਸਰ, ਅਜ ਕਲ, ਝਟ-ਪਟ, ਹੁਣ, ਫੇਰ, ਪਹਿਲਾਂ, ਪਿੱਛੋਂ, ਪਿੱਛੇ, ਅੱਗੇ, ਤੜਕੇ, ਸਵੇਰੇ, ਕਵੇਲੇ, ਤੁਰਤ, ਓੜਕ, ਬਾਰੰਬਾਰ।

(ਖ) **ਸਥਾਨ-ਵਾਚਕ**—ਇਹ ਦੋ ਤਰ੍ਹਾਂ ਦੇ ਹਨ :—

(੧) -ਏਥੇ, ਉਥੇ, ਜਿੱਥੋਂ, ਕਿੱਥੇ, ਹੋਰਥੇ, ਨੇੜੇ, ਕੋਲ, ਪਾਸ, ਅੰਦਰ-ਬਾਹਰ, ਦੂਰ, ਉਰੇ, ਪਰੇ, ਆਲੇ-ਦੁਆਲੇ, ਸਾਹਮਣੇ।

(੨) ਦਿਸ਼ਾ-ਬੋਧਕ ; ਜਿਵੇਂ :—ਏਧਰ, ਓਧਰ, ਜਿੱਧਰ, ਕਿੱਧਰ, ਅੱਗੇ, ਸਾਹਮਣੇ, ਪਿੱਛੇ, ਉੱਪਰ, ਹੇਠਾਂ, ਖੱਬੇ, ਸੱਜੇ, ਚੁਪਾਸੇ।

(ਗ) **ਪਰਿਮਾਣ-ਵਾਚਕ**—

ਥੋੜਾ, ਬਹੁਤਾ, ਘੱਟ, ਵੱਧ, ਇਤਨਾ, ਇੰਨਾ, ਜਿੰਨਾ, ਕਿੰਨਾ, ਥੋੜਾ-ਥੋੜਾ।

(ਘ) **ਪਰਕਾਰ-ਵਾਚਕ** :—ਕਿਵੇਂ, ਜਿਵੇਂ, ਇਵੇਂ, ਓਵੇਂ, ਐਵੇਂ, ਇੱਦਾਂ, ਕਿੱਦਾਂ, ਇੱਕੁਰ, ਇਸ ਤਰ੍ਹਾਂ, ਹਰ ਤਰ੍ਹਾਂ, ਸਹਿਜੇ, ਅਚੰਚੇਤ, ਜਲਦੀ, ਹੌਲੀ ਹੌਲੀ, ਧੜਾਧੜ, ਝਟਪਟ, ਠੀਕ।

(ਙ) **ਕ੍ਰਮ-ਬੋਧਕ**; ਜਿਵੇਂ :—ਪਹਿਲਾਂ, ਫੇਰ, ਛੇਕੜੇ, ਅੰਤ ਵਿਚ, ਓੜਕ।

Digitized by Panjab Digital Library | www.panjabdigilib.org

(ਚ) **ਸੰਖਿਆ-ਵਾਚਕ**; ਜਿਵੇਂ :—ਇਕ ਵਾਰੀ, ਇਕੇਰਾਂ, ਦੋ ਵਾਰੀ, ਕਈ ਵਾਰ।

(ਛ) **ਨਿਸ਼ੇਧ-ਬੋਧਕ**; ਜਿਵੇਂ :—ਨਾ, ਨ, ਨਹੀਂ, ਨਿੱਜ, ਮਤੇ।

(ਜ) **ਨਿਸਚਾ-ਬੋਧਕ**; ਜਿਵੇਂ :—ਠੀਕ, ਜਰੂਰ, ਸਚਮੁਚ, ਬੇਸ਼ਕ, ਤੇ, ਤਾਂ।

(ਝ) **ਕਾਰਣ-ਵਾਚਕ** :—ਇਸ ਲਈ; ਇਸ ਕਰਕੇ, ਇਸ ਵਾਸਤੇ, ਕਿਸ ਕਰਕੇ, ਕਿਉਂ ਆਦਿ।

(ਞ) 'ਹੀ' ਜਾਂ 'ਈ'—ਇਹ ਨਿਸਚੇ ਦਾ ਬੋਧ ਕਰਾਉਂਦਾ ਹੈ ਜਾਂ ਜ਼ੋਰ ਦੇਣ ਲਈ ਵਰਤਿਆ ਜਾਂਦਾ ਹੈ।

੩੮੬. ਵਰਤੋਂ ਦੇ ਅਨੁਸਾਰ ਕ੍ਰਿਆ-ਵਿਸ਼ੇਸ਼ਣ ਤਿੰਨ ਪ੍ਰਕਾਰ ਦੇ ਹਨ :—
(੧) ਸਾਧਾਰਣ, (੨) ਯੋਜਕ, ਅਤੇ (੩) ਅਨੁਬੱਧ।

(੧) ਜਿਹੜਾ ਕ੍ਰਿਆ-ਵਿਸ਼ੇਸ਼ਣ ਵਾਕ ਵਿੱਚ ਸੁਤੰਤਰ ਰੂਪ ਵਿੱਚ ਵਰਤਿਆ ਜਾਂਦਾ ਹੈ, ਉਸ ਨੂੰ **ਸਾਧਾਰਣ** ਕ੍ਰਿਆ-ਵਿਸ਼ੇਸ਼ਣ ਕਹਿੰਦੇ ਹਨ ; ਜਿਵੇਂ :—

ਉਹ **ਛੇਤੀ** ਚਲਾ ਜਾਏਗਾ।

(੨) ਜਿਹੜੇ ਕ੍ਰਿਆ-ਵਿਸ਼ੇਸ਼ਣ ਵਿਸ਼ੇਸ਼ਤਾ ਵੀ ਦਸਦੇ ਹਨ ਅਤੇ ਵਾਕਾਂ ਨੂੰ ਵੀ ਮਿਲਾਂਦੇ ਹਨ, ਉਨ੍ਹਾਂ ਨੂੰ ਯੋਜਕ ਕ੍ਰਿਆ-ਵਿਸ਼ੇਸ਼ਣ ਕਹਿੰਦੇ ਹਨ ; ਜਿਵੇਂ :—

**ਜਦ** ਤੁਸੀਂ ਆਓਗੇ, **ਤਦ** ਮੈਂ ਜਾਵਾਂਗਾ।

(੩) ਜਿਹੜੇ ਕ੍ਰਿਆ-ਵਿਸ਼ੇਸ਼ਣ ਕਿਸੇ ਦੂਜੇ ਸ਼ਬਦ ਨਾਲ ਵਰਤੇ ਜਾਂਦੇ ਹਨ, **ਅਨੁਬੱਧ ਕ੍ਰਿਆ-ਵਿਸ਼ੇਸ਼ਨ** ਹੁੰਦੇ ਹਨ; ਜਿਵੇਂ :—

ਇਹ ਤੁਹਾਡਾ **ਹੀ** ਘਰ ਹੈ। ਤੁਸੀਂ ਤੇ ਭੱਜ **ਹੀ** ਗਏ।

੩੮੭. ਉਤਪੱਤੀ ਦੇ ਅਨੁਸਾਰ ਕ੍ਰਿਆ-ਵਿਸ਼ੇਸ਼ਣ ਦੋ ਤਰ੍ਹਾਂ ਦੇ ਹਨ :—
(੧) ਮੂਲ ਅਤੇ (੨) ਸਾਧਿਤ।

ਜਿਹੜੇ ਕ੍ਰਿਆ-ਵਿਸ਼ੇਸ਼ਨ ਕਿਸੇ ਹੋਰ ਸ਼ਬਦ ਤੋਂ ਨਹੀਂ ਬਣੇ, ਉਹ **ਮੂਲ ਕ੍ਰਿਆ-ਵਿਸ਼ੇਸ਼ਣ** ਕਹੇ ਜਾਂਦੇ ਹਨ ; ਜਿਵੇਂ :—ਸਦਾ, ਨਾ, ਤਾਂ, ਹੁਣ, ਆਦਿ।

(੨) ਜਿਹੜੇ ਕ੍ਰਿਆ-ਵਿਸ਼ੇਸ਼ਣ ਦੂਜਿਆਂ ਸ਼ਬਦਾਂ ਤੋਂ ਬਣਾਏ ਗਏ ਹਨ, ਉਨ੍ਹਾਂ ਨੂੰ ਸਾਧਿਤ ਕ੍ਰਿਆ-ਵਿਸ਼ੇਸ਼ਣ ਆਖਦੇ ਹਨ।

੩੮੮. ਸਾਧਿਤ ਕ੍ਰਿਆ-ਵਿਸ਼ੇਸ਼ਣ ਕਈਆਂ ਸ਼ਬਦ-ਭੇਦਾਂ ਤੋਂ ਬਣਾਏ ਜਾਂਦੇ ਹਨ ਅਰਥਾਤ ਨਾਂਵਾਂ, ਸਰਬਨਾਂਵਾਂ, ਵਿਸ਼ੇਸ਼ਣਾਂ ਆਦਿ ਤੋਂ।

(੧) ਨਾਂਵਾਂ ਤੋਂ ; ਜਿਵੇਂ :—ਸਵੇਰਾ ਤੋਂ ਸਵੇਰੇ, ਅੱਗਾ ਤੋਂ ਅੱਗੇ, ਮੂਲ ਤੋਂ ਮੂਲੋਂ।

Digitized by Panjab Digital Library | www.panjabdigilib.org

(੨) ਕੁਝ ਕ੍ਰਿਆ-ਵਿਸ਼ੇਸ਼ਣ ਸਰਬਨਾਂਵਾਂ ਤੋਂ ਬਣੇ ਹਨ ; ਜਿਵੇਂ :—

| | ਸੰਬੰਧਵਾਚਕ | ਪ੍ਰਸ਼ਨਵਾਚਕ | ਅਨੁਸੰਬੰਧ ਵਾਚਕ | ਨਿਸਚੇਵਾਚਕ ਨਿਕਟਵਰਤੀ | ਨਿਸਚੇਵਾਚਕ ਦੂਰ-ਵਰਤੀ |
|---|---|---|---|---|---|
| ਸਰਬਨਾਂਵ | ਜ- | ਕ- | ਤ- | ਏ- | ਓ- |
| | ਜਦ | ਕਦ | ਤਦ | | |
| | ਜਦੋਂ | ਕਦੋਂ | ਤਦੋਂ | | ਓਦੋਂ |
| | ਜਿੱਧਰ | ਕਿੱਧਰ | ਤਿੱਧਰ | ਏਧਰ | ਓਧਰ |
| | ਜਿੱਧਰੋਂ | ਕਿਧਰੋਂ | | ਏਧਰੋਂ | ਓਧਰੋਂ |
| | ਜਿੱਥੇ | ਕਿੱਥੇ | ਤਿੱਥੇ | ਏਥੇ | ਓਥੇ |
| | ਜਿੱਥੋਂ | ਕਿੱਥੋਂ | | ਇਥੋਂ | ਓਥੋਂ, ਉਥੋਂ |
| | ਜਿਉਂ | ਕਿਉਂ | | ਇਉਂ | |
| | ਜਿਵੇਂ | ਕਿਵੇਂ | ਤਿਵੇਂ | ਏਵੇਂ | ਓਵੇਂ |
| | | ਕਿਵ | | ਇਵ | ਉਵ |
| | ਜਿੱਦਾਂ | ਕਿੱਦਾਂ | | ਏਦਾਂ | ਓਦਾਂ |
| | ਜਿੱਕਰ | ਕਿੱਕੁਰ, ਕੀਕਣ | | ਏਕਰ | ਓਕਰ |
| | ਜਿਚਿਰ | ਕਿੱਚਰ | | ਇਚਰ | ਉਚਿਰ |
| | ਜੇਹਾ | ਕੇਹਾ | ਤੇਹਾ | ਏਹਾ | |
| | ਜਿਤਨਾ | ਕਿਤਨਾ | | ਇਤਨਾ | ਉਤਨਾ |
| | ਜਿੱਡਾ | ਕਿਡਾ | | ਏਡਾ | ਓਡਾ |

(੩) ਕੁਝ ਵਿਸ਼ੇਸ਼ਣਾਂ ਤੋਂ ਬਣੇ ਹਨ ; ਜਿਵੇਂ :—

'ਪਹਿਲਾ ਤੋਂ 'ਪਹਿਲਾਂ' ; 'ਦੂਜਾ' ਤੋਂ 'ਦੂਜੇ' ਆਦਿਕ ।

(੪) ਕ੍ਰਿਆ ਤੋਂ ; ਜਿਵੇਂ ਸੁਤਿਆਂ, ਜਾਗਦਿਆਂ, ਮੁੜਕੇ ।

(੫) ਹੋਰਨਾਂ ਸ਼ਬਦ-ਭੇਦਾਂ ਤੋਂ ਵੀ ਬਣਾਏ ਜਾਂਦੇ ਹਨ ; ਜਿਵੇਂ :—

'ਕਦ' ਤੋਂ 'ਕਦੇ, ਕਦੋਂ'; 'ਵਿੱਚ' ਤੋਂ 'ਵਿੱਚੋਂ'; ਪਿੱਛੇ—ਪਿਛਾਹਾਂ; ਦੂਰ—ਦੂਰੋਂ ਆਦਿਕ ।

੩੮੯. ਵਾਕ-ਅੰਸ਼ੀ ਕਰਣ-ਕਾਰਕ ਕ੍ਰਿਆ-ਵਿਸ਼ੇਸਣ ਵਾਂਗ ਵਰਤਿਆ ਜਾਂਦਾ ਹੈ ; ਜਿਵੇਂ :—

Digitized by Panjab Digital Library | www.panjabdigilib.org

ਜ਼ੋਰ ਨਾਲ, ਖ਼ੁਸ਼ੀ ਨਾਲ, ਮਾਨ ਨਾਲ, ਮਜੇ ਨਾਲ, ਅਰਾਮ ਨਾਲ, ਭਰ ਨਾਲ।

੩੯੦. ਕੁਝ ਅੱਵੇ ਸੰਸਕ੍ਰਿਤ ਦੀ ਸਤਵੀਂ ਵਿਭਕਤੀ (ਅਧਿਕਰਣ) ਦੇ ਵੱਟੇ ਹੋਏ ਰੂਪ ਹਨ ; ਜਿਵੇਂ :—

ਅੱਗੇ, ਉੱਪਰ, ਪਾਸ, ਨੇੜੇ, ਪਾਰ, ਸਵੇਰੇ, ਆਦਿ।

੩੯੧. ਕ੍ਰਿਆ-ਵਿਸ਼ੇਸ਼ਣ ਵਾਕ-ਅੰਸ਼ ਇਉਂ ਬਣਾਏ ਜਾਂਦੇ ਹਨ :—

੧. ਕਿਸੇ ਸ਼ਬਦ ਨਾਲ ਸੰਬੰਧਕ ਜੋੜ ਕੇ; ਜਿਵੇਂ :—

ਅੱਜ ਤੋਂ, ਕੱਲ ਨੂੰ, ਪਰਸੋਂ ਤੀਕ, ਚੌਥ ਦਾ, ਅੱਗੇ ਤੋਂ, ਪਿਛਾਂਹ ਨੂੰ, ਕਿੱਥੋਂ ਦਾ, ਕਦ ਦਾ।

੨. ਭਿੰਨ ਭਿੰਨ ਪਦਾਂ ਨੂੰ ਮੇਲ ਕੇ ; ਜਿਵੇਂ :—

ਰਾਤ-ਦਿਨ, ਅੱਜ-ਕੱਲ, ਉੱਪਰ-ਥੱਲੇ, ਜਿੱਥੇ-ਕਿੱਥੇ, ਜਿਵੇਂ-ਤਿਵੇਂ।

੩. ਕ੍ਰਿਆ-ਵਿਸ਼ੇਸ਼ਣਾਂ ਨੂੰ ਦੁਹਰਾਕੇ; ਜਿਵੇਂ :—

ਹੌਲੀ ਹੌਲੀ, ਪਾਸ ਪਾਸ, ਜਦ ਜਦ; ਕਦੇ ਕਦੇ, ਠੀਕ ਠੀਕ, ਸਾਫ਼ ਸਾਫ਼, ਘੜੀ ਘੜੀ, ਪਲ ਪਲ, ਦਿਨ ਦਿਨ,

੪. ਦੁਹਰੇ ਕ੍ਰਿਆ-ਵਿਸ਼ੇਸ਼ਣਾਂ ਵਿੱਚ 'ਨਾ' ਜੋੜ ਕੇ ; ਜਿਵੇਂ :—ਕਿਵੇਂ ਨਾ ਕਿਵੇਂ, ਕਦੇ ਨਾ ਕਦੇ, ਕਿਤੇ ਨਾ ਕਿਤੇ।

੩੯੨. ਕਾਲ-ਵਾਚਕ ਅਤੇ ਸਥਾਨ-ਵਾਚਕ ਕ੍ਰਿਆ-ਵਿਸ਼ੇਸ਼ਣ ਨਾਂਵਾਂ ਵਾਂਗ ਵੀ ਵਰਤੇ ਜਾਂਦੇ ਹਨ ; ਤਦ ਉਨ੍ਹਾਂ ਨਾਲ ਤੋਂ, ਤੀਕ ਆਦਿਕ ਸੰਬੰਧਕ ਵੀ ਆਉਂਦੇ ਹਨ ; ਜਿਵੇਂ :—ਅੱਜ ਤੋਂ, ਕਲ ਤੀਕ, ਪਰਸੋਂ ਨੂੰ; ਤਦ ਤੋਂ, ਏਥੋਂ ਤੀਕ।

੩੯੩. ਬਥੇਰੇ ਵਿਸ਼ੇਸ਼ਣ ਅਤੇ ਜਿਹਾ, ਕਿਹਾ, ਜਿੰਨਾ, ਕਿੰਨਾ ਆਦਿ ਸਰਬਨਾਂਵੀ ਵਿਸ਼ੇਸ਼ਣ ਕ੍ਰਿਆ-ਵਿਸ਼ੇਸ਼ਣ ਵਾਂਗ ਵੀ ਵਰਤੇ ਜਾਂਦੇ ਹਨ ; ਜਿਵੇਂ :—

ਸੋਹਨ **ਬਹੁਤ** ਡਰਦਾ ਹੈ।

ਉਹ **ਚੰਗਾ** ਲਿਖਦਾ ਹੈ।

ਮੈਂ **ਵਧੇਰੇ** ਦੁਖੀ ਹਾਂ।

**ਜੇਹਾ** ਕਰੋਗੇ, **ਤੇਹਾ** ਭਰੋਗੇ।

**ਜਿੰਨਾ** ਪੜ੍ਹੋਗੇ, **ਉੱਨਾ** ਹੀ ਵਧੋਗੇ।

## ਤੁਲਨਾ

੩੯੪. ਕ੍ਰਿਆ-ਵਿਸ਼ੇਸ਼ਣਾਂ ਦੀ ਤੁਲਨਾ ਵਿਸ਼ੇਸ਼ਣਾਂ ਵਾਂਗ ਹੁੰਦੀ ਹੈ—ਇਸ ਗੱਲ ਦਾ ਪਤਾ ਹੇਠ ਲਿਖੇ ਉਦਾਹਰਣਾਂ ਤੋਂ ਲਗ ਜਾਏਗਾ :—

ਬਲੂੰਗੜਾ ਕਤੂਰੇ **ਨਾਲੋਂ ਬਹੁਤਾ** ਭੱਜਦਾ ਹੈ।

ਉਹ **ਸਭ ਤੋਂ ਅੱਗੇ** ਲੰਘ ਗਿਆ ਹੈ।

ਕਰਤਾਰ ਸਿੰਘ **ਬਹੁਤ ਹੀ ਉੱਚਾ** ਬੋਲਦਾ ਹੈ।

Digitized by Panjab Digital Library | www.panjabdigilib.org

੩੯੫. ਕ੍ਰਿਆ-ਵਿਸ਼ੇਸ਼ਣਾਂ ਦੀ ਅਧਿਕਤਰ ਅਵਸਥਾ ਦੇ ਰੂਪ ਵੀ ਵਿਸ਼ੇਸ਼ਣਾਂ ਵਾਂਗ ਅੰਤਲੇ ਸੁਰ ਦੀ ਥਾਂ -ਏਰੇ ਲਗਾ ਕੇ ਬਣਾਏ ਜਾਂਦੇ ਹਨ ; ਜਿਵੇਂ :—

ਪਰੇ—ਪਰੇਰੇ, ਅੱਗੇ—ਅਗੇਰੇ, ਵਧ—ਵਧੇਰੇ ।

## ਸੰਬੰਧਕ

੩੯੬. ਇਹ ਦਸਿਆ ਗਿਆ ਹੈ [ਦੇਖੋ §੧੭੧] ਕਿ **ਪੰਜਾਬੀ ਵਿੱਚ ਸੰਬੰਧਕ ਤੋਂ ਪਹਿਲਾਂ ਸੰਬੰਧਕੀ ਰੂਪ ਹੀ ਆਉਂਦਾ ਹੈ ।** ਸੰਬੰਧਕੀ ਰੂਪ ਨਾਲ ਮਿਲ ਕੇ ਇਹ ਸੰਬੰਧਕ ਸੰਸਕ੍ਰਿਤ ਦੀਆਂ ਪੰਜਾਂ (ਤੀਜੀ ਤੋਂ ਸਤਵੀਂ) ਵਿਭਕਤੀਆਂ ਦੇ ਹੀ ਅਰਥ ਨਹੀਂ ਪਰਗਟ ਕਰਦੇ, ਸਗੋਂ ਹੋਰਨਾਂ ਵੀ ਅਰਥਾਂ ਦਾ ਬੋਧ ਕਰਾਉਂਦੇ ਹਨ ; ਜਿਵੇਂ :—ਮੁੰਡੇ ਨੂੰ, ਮੁੰਡਿਆਂ ਨੇ, ਖੰਡੇ ਨਾਲ, ਪੈਸੇ ਲਈ, ਘੋੜੇ ਤੋਂ, ਘੋੜੇ ਉੱਪਰ, ਮੰਜੇ ਕੋਲ, ਮੰਜੇ ਹੇਠੋਂ, ਨਹਿਰ ਤੀਕਰ, ਦਰਿਆ ਵਿੱਚੋਂ ।

੩੯੭. ਨਾਂਵ ਜਾਂ ਸਰਬਨਾਂਵ ਦੇ ਨਾਲ ਜਿਹੜੇ ਸ਼ਬਦ ਵਰਤੇ ਜਾਂਦੇ ਹਨ ਅਤੇ ਉਸ ਨਾਂਵ ਜਾਂ ਸਰਬਨਾਂਵ ਦਾ ਸੰਬੰਧ ਵਾਕ ਦੇ ਕਿਸੇ ਹੋਰ ਸ਼ਬਦ ਨਾਲ ਦੱਸਦੇ ਹਨ, ਉਨ੍ਹਾਂ ਨੂੰ **ਸੰਬੰਧਕ** ਕਹਿੰਦੇ ਹਨ ।

੩੯੮. ਸੰਬੰਧਕ ਬਹੁਤ ਵਾਰੀ ਨਾਂਵ ਜਾਂ ਸਰਬਨਾਂਵ ਦੇ ਪਿੱਛੇ ਹੀ ਆਉਂਦੇ ਹਨ ; ਪਰ ਕਦੇ ਕਦੇ ਪਹਿਲਾਂ ਵੀ ਵਰਤੇ ਜਾਂਦੇ ਹਨ ; ਜਿਵੇਂ :—

| ਪਿੱਛੇ | ਪਹਿਲਾਂ |
|---|---|
| ਪਤੀ **ਨਾਲ** ਨਾਰੀ ਨੂੰ ਦੁਖ ਵੀ ਸੁਖ ਜਾਪਦਾ ਹੈ । | '**ਨਾਲ** ਖੇੜਿਆਂ ਕਦੀ ਨਾ ਜਾਉਨੀ ਆਂ ।' ਹੀਰ—ਮੁਕਬਿਲ |
| 'ਤੁੱਧ **ਬਾਝ** ਨ ਪਾਣੀ ਪੀਂਵਦੀ ।' ਚਾਤ੍ਰਿਕ | '**ਬਾਝ** ਕੰਤ ਦੇ ਸੜੇ ਸੁਸਰਾਲ ਸੁਆਮੀ ।' ਨਲ ਦਮਿਅੰਤੀ—ਚਾਤ੍ਰਿਕ |
| 'ਬੇੜੀ **ਵਿੱਚ** ਕਿਉਂ ਓਸ ਨੇ ਛੇਜ ਪਾਈ ?' ਹੀਰ ਮੁਕਬਿਲ । | 'ਕੱਚਾ ਘੜਾ ਤਰੇ **ਵਿੱਚ** ਨੈਂ ਦੇ, ਪਾਣੀ ਵਿਚ ਪਤਾਸਾ ਹੈ ।' ਨਲ ਦਮਿਅੰਤੀ—ਚਾਤ੍ਰਿਕ |

੩੯੯. ਪੰਜਾਬੀ ਦੇ ਪ੍ਰਚਲਿਤ ਸੰਬੰਧਕ ਇਹ ਹਨ :—

ਨੇ, ਨੂੰ, ਤੋਂ; ਥੋਂ, ਥੀਂ, ਦਾ, ਦੀ, ਵਿੱਚ, ਵਿੱਚੋਂ, ਤੇ, ਉੱਤੇ, ਉੱਪਰ, ਉਪਰੋਂ, ਹੇਠ, ਹੇਠਾਂ, ਹੇਠੋਂ, ਸਾਹਮਣੇ, ਅੱਗੇ, ਅੱਗੋਂ, ਪਹਿਲਾਂ, ਅੰਦਰ, ਅੰਦਰੋਂ, ਬਾਹਰ, ਬਾਹਰੋਂ, ਪਿੱਛੇ, ਪਿਛੋਂ, ਉਪਰੰਤ, ਨਾਲ, ਸੰਗ, ਸਮੇਤ, ਸੇਤੀ , ਨਾਲੋਂ, ਕੋਲੋਂ, ਕੋਲ, ਪਾਸ, ਪਾਸੋਂ, ਨੇੜੇ, ਨਜੀਕ, ਦੂਰ, ਵਲ, ਤਰਫ਼, ਗਿਰਦੇ, ਦੁਆਲੇ, ਆਲੇ ਦੁਆਲੇ,

Digitized by Panjab Digital Library | www.panjabdigilib.org

ਪਾਰ, ਉਰਾਰ, ਲਈ, ਵਾਸਤੇ, ਖਾਤਰ, ਮਾਰੇ; ਕਾਰਨੇ, ਸਬਬ, ਸਹਾਰੇ, ਕਾਰਣ, ਦੁਆਰਾ, ਰਾਹੀਂ, ਹੱਥੀਂ, ਮਾਰਫ਼ਤ, ਜ਼ਬਾਨੀ, ਬਾਬਤ, ਬਿਨਾ, ਬਾਝ, ਬਗੈਰ, ਸਿਵਾ, ਇਲਾਵਾ, ਬਦਲੇ, ਵੱਟੇ, ਵਾਂਗੂ, ਵਰਗਾ, ਜਿਹਾ, ਸਮਾਨ, ਬਰਾਬਰ, ਜੋਗ, ਜੋਗਾ, ਲੈਕ, ਤੁੱਲ, ਤਰ੍ਹਾਂ, ਨਿਆਈਂ, ਅਨੁਸਾਰ, ਵਿਰੁੱਧ, ਤੀਕ, ਤੀਕਰ, ਪਰਜੰਤ ।

੪੦੦. ਵਰਤੋਂ ਦੇ ਅਨੁਸਾਰ ਸੰਬੰਧਕ ਤਿੰਨ ਤਰ੍ਹਾਂ ਦੇ ਹਨ :—

੧. ਜਿਹੜੇ ਇੱਕਲੇ ਸੰਬੰਧਕੀ ਰੂਪ ਦੇ ਪਿੱਛੇ ਆਉਂਦੇ ਹਨ, ਉਨ੍ਹਾਂ ਨੂੰ **ਪੂਰਣ ਸੰਬੰਧਕ** ਆਖਦੇ ਹਨ ; ਜਿਵੇਂ :—ਇੱਛਰਾਂ ਨੂੰ, ਸਾਲਵਾਹਨ ਨੇ, ਕੋਠੇ ਤੋਂ, ਕਿਸੇ ਦਾ, ਸੇਜਾਂ ਤੇ ।

ਏਥੇ ਨੂੰ, ਨੇ, ਤੋਂ, ਦਾ, ਤੇ, ਇਹ **ਪੂਰਣ ਸੰਬੰਧਕ** ਹਨ । ਇਨ੍ਹਾਂ ਤੋਂ ਛੁਟ ਤਾਈਂ, ਤਕ, ਤੀਕ, ਤੀਕਰ, ਤਾਕਰ, ਤੋੜੀ, ਥੋਂ, ਥੀਂ, ਪੁਰ, ਵੀ **ਪੂਰਣ ਸੰਬੰਧਕ** ਹਨ ।

੨. ਜਿਹੜੇ ਸੰਬੰਧਕ ਕਦੇ ਸੰਬੰਧਕੀ ਰੂਪ ਨਾਲ ਵਰਤੇ ਜਾਣ ਅਤੇ ਕਦੇ 'ਦੇ' ਜਾਂ 'ਤੋਂ' ਨਾਲ ਮਿਲਕੇ, ਉਨ੍ਹਾਂ ਨੂੰ **ਦੁਬਾਜਰੇ ਸੰਬੰਧਕ** ਕਹਿੰਦੇ ਹਨ ; ਜਿਵੇਂ :—

| ਸੰਬੰਧਕੀ ਰੂਪ ਨਾਲ | 'ਦੇ' ਜਾਂ 'ਤੋਂ' ਨਾਲ |
|---|---|
| ਜਿੱਤ ਨਾਲ । | 'ਹੱਥ ਧੋਇਕੇ ਮੁੱਲਾਂ ਦੇ ਨਾਲ ਬੈਠਾ ।' ਹੀਰ—ਮੁਕਬਿਲ |
| ਉਸ ਅੱਗੇ । | ਉਸ ਦੇ ਅੱਗੇ । |
| ਉਸ ਪਿੱਛੇ । | ਉਸ ਦੇ ਪਿੱਛੇ । |
| ਗੁਫਾ ਅੰਦਰ । | ਕੰਦਰਾ ਦੇ ਅੰਦਰ । |
| ਮੰਜੀ ਕੋਲ । | ਉਹ ਦੇ ਕੋਲ । |
| ਗੁਰੂ ਬਿਨ ਗਤ ਨਹੀਂ, ਸ਼ਾਹ ਬਿਨ ਪਤ ਨਹੀਂ । | ਇਸ ਤੋਂ ਬਿਨਾ । |
| 'ਰੱਤਾ ਪਲੰਘ ਡਿੱਠਾ ਰਾਂਝੇ ਵਿੱਚ ਬੇੜੀ ।' ਹੀਰ—ਮੁਕਬਿਲ । | 'ਰਾਂਝੇ ਰਾਹ ਦੇ ਵਿੱਚ ਮਸੀਤ ਡਿੱਠੀ ।' ਹੀਰ—ਮੁਕਬਿਲ । |

੩. ਜਿਹੜੇ ਸੰਬੰਧਕ ਕਿਸੇ ਪੂਰਣ ਸੰਬੰਧਕ ਨਾਲ ਮਿਲ ਕੇ ਆਉਣ ਜਾਂ ਸੰਬੰਧਕੀ ਰੂਪ ਤੋਂ ਵਖਰੀ ਕਿਸੇ ਵਿਭਕਤੀ ਨਾਲ, ਉਹ **ਅਪੂਰਣ ਸੰਬੰਧਕ** ਹੁੰਦੇ ਹਨ ;

ਅਪਾਦਾਨ ਨਾਲ—ਮਕਿਓਂ ਪਰੇ, ਘਰੋਂ ਦੂਰ ।

੪੦੧. ਕੁਝ ਸੰਬੰਧਕ ਵਿਭਕਤੀਆਂ ਦੀ ਥਾਂ ਵਰਤੇ ਜਾਂਦੇ ਹਨ ; ਜਿਵੇਂ :—

ਨੂੰ, ਨੇ, ਤੋਂ, ਵਿੱਚ । ਏਸੇ ਕੰਮ ਨੂੰ ਸਾਰਨ ਲਈ ਹੋਰ ਵੀ ਕਈ ਸੰਬੰਧਕ ਵਰਤੋਂ ਵਿੱਚ ਆਉਂਦੇ ਹਨ ; ਜਿਵੇਂ :—

(ੳ) ਕਰਣ ਕਾਰਕ ਜਾਂ ਤੀਜੀ ਵਿਭਕਤੀ ਦਾ ਅਰਥ ਦੱਸਣ ਲਈ—ਨਾਲ, ਦੇ ਨਾਲ, ਤੋਂ, ਦੁਆਰਾ, ਕਰਕੇ, ਸੰਗ ।

Digitized by Panjab Digital Library | www.panjabdigilib.org

(ਖ) ਸੰਪ੍ਰਦਾਨ ਜਾਂ ਚੌਥੀ ਵਿਭਕਤੀ ਦਾ ਅਰਥ ਪਰਗਟ ਕਰਨ ਲਈ—ਲਈ, ਦੇ ਵਾਸਤੇ, ਦੀ ਖ਼ਾਤਰ ।

(ਗ) ਅਪਾਦਾਨ ਜਾਂ ਪੰਜਵੀਂ ਦਾ ਅਰਥ ਦੱਸਣ ਲਈ—ਨਾਲੋਂ, ਕੋਲੋਂ, ਥੋਂ, ਥੀਂ, ਪਾਸੋਂ ।

(ਘ) ਸੰਬੰਧ ਕਾਰਕ ਜਾਂ ਛੇਵੀਂ ਦਾ ਅਰਥ ਦੱਸਣ ਲਈ—ਬਾਬਤ ।

(ਙ) ਅਧਿਕਰਣ ਜਾਂ ਸਤਵੀਂ ਦਾ ਅਰਥ ਪਰਗਟ ਕਰਨ ਵਾਸਤੇ—ਅੰਦਰ, ਉਪਰ, ਹੇਠਾਂ, ਅੱਗੇ, ਪਿੱਛੇ, ਕੋਲ, ਪਾਸ, ਵੱਲ ।

੪੦੨. ਕੁਝ ਸੰਬੰਧਕ ਅਸਲ ਵਿੱਚ ਨਾਂਵਾਂ ਤੋਂ ਨਿਕਲੇ ਹੋਏ ਹਨ ਅਤੇ ਅਪਾਦਾਨ (ਪੰਜਵੀਂ) ਜਾਂ ਅਧਿਕਰਣ (ਸਤਵੀਂ) ਵਿਭਕਤੀ ਦੇ ਰੂਪ ਹਨ ; ਜਿਵੇਂ :—

| ਨਾਂਵ | ਸੰਬੰਧਕ | |
|---|---|---|
| | ਅਪਾਦਾਨ | ਅਧਿਕਰਣ |
| ਅੱਗਾ | ਅੱਗੋਂ | ਅੱਗੇ |
| ਪਿੱਛਾ | ਪਿੱਛੋਂ | ਪਿੱਛੇ |
| ਨੇੜਾ | ਨੇੜਿਓਂ | ਨੇੜੇ |
| ਸਾਹਮਣਾ | ਸਾਹਮਣਿਓਂ | ਸਾਹਮਣੇ |
| ਪਾਸਾ | ਪਾਸਿਓਂ | ਪਾਸੇ |

੪੦੩. (ਕ) ਕੁਝ ਥੋੜੇ ਵਿਕਾਰੀ ਸੰਬੰਧਕ ਅਜਿਹੇ ਹਨ ਜੋ ਨਿਕਲੇ ਤੇ ਨਾਂਵਾਂ ਤੋਂ ਹਨ, ਪਰ ਉਨ੍ਹਾਂ ਦੇ ਨਾਂਵ ਵਰਤੋਂ ਵਿੱਚ ਨਹੀਂ ਆਉਂਦੇ ; ਜਿਵੇਂ :—

ਨਾਲ—ਨਾਲੋਂ, ਨਾਲੇ; ਹੇਠ—ਹੇਠੋਂ; ਵਿੱਚ—ਵਿੱਚੋਂ ; ਉੱਪਰ—ਉਪਰੋਂ; ਕੋਲ—ਕੋਲੋਂ ।

(ਖ) 'ਦਾ' ਵਿਕਾਰੀ ਸੰਬੰਧਕ ਹੈ। ਅਸਲ ਵਿੱਚ ਇਹ ਆਕਾਰਾਂਤ ਕਾਰਦੰਤਕ ਹੈ, ਇਸ ਕਰਕੇ ਇਸ ਦੇ ਰੂਪ ਆਕਾਰਾਂਤ ਕਾਰਦੰਤਕ ਵਾਂਗ ਵਟਦੇ ਹਨ ; ਜਿਵੇਂ :—

| | | | | |
|---|---|---|---|---|
| ਦਾ | ਦੇ | ਦਿਆਂ | ਦਿਆ ! | ਦਿਓ ! |
| ਦੀ | ਦੀ | ਦੀਆਂ | ਦੀਏ ! | ਦੀਓ ! |

੪੦੪. ਬਹੁਤ ਸਾਰਿਆਂ ਸੰਬੰਧਕਾਂ ਅਤੇ ਸੰਬੰਧਕੀ ਰੂਪਾਂ ਦੇ ਵਿਚਕਾਰ ਇਕ ਹੋਰ ਸੰਬੰਧਕ ਲਗਾਇਆ ਜਾਂਦਾ ਹੈ । ਆਮ ਤੌਰ ਤੇ ਇਹ 'ਦਾ' ਹੁੰਦਾ ਹੈ [ਦੇਖੋ § ੪੦੭] ਅਤੇ ਕਦੇ ਕਦੇ 'ਤੋਂ'; ਜਿਵੇਂ :—ਉਸ ਦੇ ਪਿੱਛੇ, ਉਸ ਤੋਂ ਪਿੱਛੇ ਆਦਿ । ਇਸ ਦਾ ਕਾਰਣ ਇਹ ਜਾਪਦਾ ਹੈ ਕਿ ਬਥੇਰੇ ਸੰਬੰਧਕ ਅਸਲ ਵਿਚ ਪੁਲਿੰਗ ਨਾਂਵ ਸਨ । ਇਨ੍ਹਾਂ ਵਿੱਚੋਂ ਕੁਝ ਤੇ ਅਜੇ ਵੀ ਨਾਂਵਾਂ ਵਾਂਗ ਵਰਤੇ ਜਾਂਦੇ ਹਨ । ਉਦਾਹਰਣ ਲਈ :—ਡੇੜਾ ਸੰਗ ਲੈ ਡੁੱਬਦਾ ਹੈ ।

ਖ਼ੂਨ ਦਾ ਬਦਲਾ ਖ਼ੂਨ ਹੁੰਦਾ ਹੈ ।

Digitized by Panjab Digital Library | www.panjabdigilib.org

ਜਦ ਇਹ ਨਾਵਾਂ ਵਾਂਗਰ ਵਰਤੇ ਜਾਂਦੇ ਹਨ ਤਦ ਇਨ੍ਹਾਂ ਦੇ ਪਿਛੇ ਵੀ ਤੋਂ, ਤੇ, ਵਿੱਚ ਆਦਿ ਸੰਬੰਧਕ ਆਉਂਦੇ ਹਨ ; ਜਿਵੇਂ :—ਵੱਟੇ ਵਿੱਚ, ਬਦਲੇ ਵਿੱਚ, ਤਰਫ਼ ਤੋਂ, ਸੰਗ ਤੋਂ, ਸੰਗ ਵਿੱਚ।

ਤੂੰ ਕਿਸ ਤਰਫ਼ ਤੋਂ ਆਇਆ ਹੈਂ ?
ਬੁਰੇ ਦੇ ਸੰਗ ਤੋਂ ਬਚੋ।

੪੦੫. ਪੂਰਨ ਸੰਬੰਧਕ ਇਹ ਹਨ :—

ਨੂੰ, ਨੇ, ਤੋਂ, ਦਾ, ਤੇ, ਥੀਂ, ਥੋਂ, ਪੁਰ, ਤਕ, ਤੀਕਰ।

੪੦੬. ਦੁਬਾਜਰੇ ਸੰਬੰਧਕ ਇਹ ਹਨ :—

ਹੇਠ, ਨਾਲ, ਅੱਗੇ, ਪਿੱਛੇ, ਅੰਦਰ, ਕੋਲ, ਬਿਨ, ਵਿੱਚ, ਪਾਰ, ਖਾਤਰ, ਵਾਸਤੇ।

੪੦੭. ਇਨ੍ਹਾਂ (ਦੁਬਾਜਰੇ) ਸੰਬੰਧਕਾਂ ਤੋਂ ਪਹਿਲਾਂ ਇੱਛਾ ਅਨੁਸਾਰ 'ਦੇ' ਵੀ ਵਰਤਿਆ ਜਾਂਦਾ ਹੈ :—

| | | | |
|---|---|---|---|
| ਅੰਦਰ | ਘਰ ਦੇ ਅੰਦਰ | ਦੁਆਰਾ | ਭਗਤੀ ਦੇ ਦੁਆਰਾ |
| ਅਨੁਸਾਰ | ਨਿਯਮ ਦੇ ਅਨੁਸਾਰ | ਨਜੀਕ | ਪੈਲੀ ਦੇ ਨਜੀਕ |
| ਅੱਗੇ | ਬੂਹੇ ਦੇ ਅੱਗੇ | ਨਾਲ | ਅਰਾਮ ਦੇ ਨਾਲ |
| ਉੱਪਰ | ਕੋਠੇ ਦੇ ਉੱਪਰ | ਨੇੜੇ | ਪਿੰਡ ਦੇ ਨੇੜੇ |
| ਸਮਾਨ | ਪੁੱਤਰ ਦੇ ਸਮਾਨ | ਪਾਸ | ਛੱਪੜ ਦੇ ਪਾਸ |
| ਸਾਹਮਣੇ | ਬਾਗ ਦੇ ਸਾਹਮਣੇ | ਪਿੱਛੇ | ਕਿਲੇ ਦੇ ਪਿੱਛੇ |
| ਹੇਠ | ਮੰਜੀ ਦੇ ਹੇਠ | ਬਦਲੇ | ਧਨ ਦੇ ਬਦਲੇ |
| ਕਾਰਣ - | ਬਰਖਾ ਦੇ ਕਾਰਣ | ਬਰਾਬਰ | ਦੁੱਧ ਦੇ ਬਰਾਬਰ |
| ਕੋਲ | ਹੱਟੀ ਦੇ ਕੋਲ | ਮਾਰੇ | ਭੁੱਖ ਦੇ ਮਾਰੇ |
| ਖਾਤਰ | ਦੇਸ਼ ਦੀ ਖਾਤਰ | ਲਾਗੇ | ਖੂਹ ਦੇ ਲਾਗੇ |
| ਗਿਰਦ | ਪਿੰਡ ਦੇ ਗਿਰਦ | ਲਈ | ਕਾਹਦੇ ਲਈ |
| ਤੁੱਲ | ਭਰਾ ਦੇ ਤੁੱਲ | ਵਿਰੁੱਧ | ਡਾਕੂ ਦੇ ਵਿਰੁੱਧ |

੪੦੮. ਹੇਠ ਲਿਖੇ ਸੰਬੰਧਕ ਮੁਢੋਂ ਇਸਤ੍ਰੀਲਿੰਗ ਨਾਂਵ ਹਨ; ਇਸ ਲਈ ਇਨ੍ਹਾਂ ਤੋਂ ਪਹਿਲਾਂ 'ਦੀ' ਇਸਤ੍ਰੀਲਿੰਗ ਵਰਤਣਾ ਪੈਂਦਾ ਹੈ; ਜਿਵੇਂ :—

ਅਸਾਡੀ ਵਲ, ਕਿਸ ਦੀ ਤਰਫ, ਸ਼ਾਮ ਸਿੰਘ ਦੀ ਬਾਬਤ, ਰਾਮ ਦਾਸ ਦੀ ਮਾਰਫ਼ਤ, ਉਸ ਦੀ ਜ਼ਬਾਨੀਂ, ਮਿੱਤਰ ਦੀ ਖਾਤਰ, ਅਮੀਰਾਂ ਦੀ ਤਰ੍ਹਾਂ।

੪੦੯. ਉਤਪੱਤੀ ਦੇ ਅਨੁਸਾਰ ਸੰਬੰਧਕ ਤਿੰਨ ਤਰ੍ਹਾਂ ਦੇ ਹਨ :—

੧. ਮੂਲ ਸੰਬੰਧਕ—ਨੂੰ, ਨੇ, ਤੇ, ਵਿੱਚ ਆਦਿ।

Digitized by Panjab Digital Library | www.panjabdigilib.org

੨. ਉਪਸਰਗ ਤੋਂ ਬਣੇ ਹੋਏ—ਪਰਤੀ [<ਸੰ० प्रति-];
ਜਿਵੇਂ—ਘਰ **ਪਰਤੀ** ਪੰਜ ਸੇਰ ਮਿਠਿਆਈ ਦੇਣੀ ਚਾਹੀਦੀ ਹੈ।

੩. ਸੰਬੰਧਕੀ ਵਾਕ-ਅੰਸ਼; ਜਿਵੇਂ—ਉਪਰ ਨੂੰ, ਦੇ ਲਈ, ਕੋਲੋਂ ਦੀ, ਵਿਚੋਂ ਦੀ ਆਦਿ।

੪. ਕਾਰਦੰਤਕ ਸੰਬੰਧਕ; ਜਿਵੇਂ—ਲਈ, ਕਰਕੇ, ਮਾਰੇ ਆਦਿ।

੪੧੦. ਉਹੋ ਸ਼ਬਦ ਕਦੇ ਕ੍ਰਿਆ-ਵਿਸ਼ੇਸ਼ਣਾਂ ਵਾਂਗ ਵਰਤੇ ਜਾਂਦੇ ਹਨ ਅਤੇ ਕਦੇ ਸੰਬੰਧਕਾਂ ਵਾਂਗ। ਉਨ੍ਹਾਂ ਦੀ ਵਰਤੋਂ ਤੋਂ ਹੀ ਉਨ੍ਹਾਂ ਦੀ ਪਛਾਣ ਕੀਤੀ ਜਾਂਦੀ ਹੈ। ਸੰਬੰਧਕ ਤੋਂ ਪਹਿਲਾਂ ਕੋਈ ਨਾ ਕੋਈ ਨਾਂਵ ਜਾਂ ਸਰਬਨਾਂਵ ਆਉਂਦਾ ਹੈ ਅਤੇ ਉਹ ਉਸ ਸੰਬੰਧਕ ਦੇ ਅਧੀਨ ਹੁੰਦਾ ਹੈ; ਪਰ ਕ੍ਰਿਆ-ਵਿਸ਼ੇਸ਼ਣ ਕ੍ਰਿਆ ਦੀ ਵਿਸ਼ੇਸ਼ਤਾ ਪਰਗਟ ਕਰਦਾ ਹੈ। ਉਦਾਹਰਣ:—

| ਕ੍ਰਿਆ-ਵਿਸ਼ੇਸ਼ਣ | ਸੰਬੰਧਕ |
|---|---|
| "ਪਰਾਇਆਂ ਪੁਤ੍ਰਾਂ ਉਸ ਨੂੰ **ਅੱਗੇ** ਲਾ ਲਿਆ" ਨਵਾਬ ਖਾਨ। | ਉੱਦਮ **ਅੱਗੇ** ਲੱਛਮੀ, ਪੱਖੇ **ਅਗੇ** ਪੌਣ॥ |
| ਖਲਕਤ ਆ **ਉਦਾਲੇ** ਹੋਈ। | ਕਿਲੇ ਦੇ **ਉਦਾਲੇ** ਘੇਰਾ ਪਾ ਲਿਆ। |
| **ਅੰਦਰ** ਵੜਦੀ ਐਂ ਨੀ! **ਸੋਚਾਂ** ਕਰਦੀ ਐਂ ਨੀ! | 'ਏਸ ਮੁਸਾਫਿਰਖ਼ਾਨੇ **ਅੰਦਰ** ਇਹੋ ਖੁਆਰੀ ਭਾਰੀ ਨੀ! ਨਲ ਦਮਿਅੰਤੀ—ਚਾਤ੍ਰਿਕ। |
| **ਹੇਠ ਆਓ** ਅਤੇ ਮੇਰੀ ਗੱਲ ਸੁਣੋ। | 'ਜ਼ਰਾ ਦੰਦਾਂ **ਹੇਠ** ਜੀਭ ਦੇਹ।' ਬਾਬਾ ਨੌਧ ਸਿੰਘ। |
| ਮੈਂ ਪਹਿਲਾਂ ਗਿਆ ਸਾਂ, ਤੂੰ **ਮਗਰੋਂ** ਗਿਆ ਸੈਂ। | 'ਇਸ ਦੇ **ਮਗਰੋਂ** ਮੀਰ ਮੰਨੂ ਨੇ ਓਹ ਓਹ ਦੁੱਖ ਸਿੰਘਾਂ ਨੂੰ ਦਿਤੇ ਹਨ ਕਿ ਕਲੇਜਾ ਕੰਬਦਾ ਹੈ।' ਸੁੰਦਰੀ। |

੪੧੧. ਕੁਝ ਸ਼ਬਦ ਸੰਬੰਧਕ ਵੀ ਹੁੰਦੇ ਹਨ ਅਤੇ ਨਾਂਵ ਜਾਂ ਹੋਰ ਸ਼ਬਦ-ਭੇਦ ਵੀ। ਇਨ੍ਹਾਂ ਦੀ ਵਰਤੋਂ ਤੋਂ ਹੀ ਇਨ੍ਹਾਂ ਦੇ ਸੰਬੰਧਕ ਜਾਂ ਨਾਂਵ ਆਦਿਕ ਹੋਣ ਦਾ ਪਤਾ ਲਗਦਾ ਹੈ। ਉਦਾਹਰਣ—

| ਸੰਬੰਧਕ | ਨਾਂਵ ਆਦਿਕ |
|---|---|
| ਬਿਮਾਰੀ ਦੇ **ਸਬੱਬ** ਉਹ ਆ ਨਹੀਂ ਸਕਦਾ। | ਰੱਬ ਲਾਇਆ **ਸਬੱਬ** ਗਰੀਬਾਂ ਲੋਕਾਂ ਨੂੰ। (ਨਾਂਵ) |
| ਮੇਰੇ **ਲਾਇਕ** ਕੋਈ ਸੇਵਾ ਦੱਸੋ। | ਗੋਪੀ **ਲਾਇਕ** ਲੜਕਾ ਹੈ। (ਵਿਸ਼ੇਸ਼ਣ) |

Digitized by Panjab Digital Library | www.panjabdigilib.org

## ਯੋਜਕ

੪੧੨. ਜਿਹੜਾ ਅੱਵੈ ਦੋ ਪਦਾਂ, ਵਾਕ-ਅੰਸ਼ਾਂ ਜਾਂ ਵਾਕਾਂ ਨੂੰ ਜੋੜੇ, ਉਸ ਨੂੰ **ਯੋਜਕ** ਕਹਿੰਦੇ ਹਨ; ਜਿਵੇਂ :—ਤੇ, ਅਤੇ, ਜੇ, ਤਾਂ, ਪਰ ਆਦਿ।

ਪੰਜ **ਤੇ** ਪੰਜ ਦਸ ਹੁੰਦੇ ਹਨ।

**ਜ਼ੈਲਦਾਰ ਤੇ ਚੌਕੀਦਾਰ** ਟੁਰੇ ਆਉਂਦੇ ਹਨ।

ਪੁਤਰ **ਰੋਟੀ ਦੇ ਟੁਕੜੇ ਅਤੇ ਚੱਪਾ ਚੱਪਾ** ਲੀਰ ਨੂੰ ਤਰਸਦੇ ਹਨ।

"ਲਾਈ ਏਸ ਨੂੰ ਕਿਸੇ **ਜੇ** ਛਟੀ ਫੁਲ ਦੀ,
ਜ਼ਹਿਰ ਖਾ ਮਰਸਾਂ—ਏਹੋ ਵਾਕ ਮੇਰਾ।" ਹੀਰ—ਮੁਕਬਿਲ

੪੧੩. ਵਾਕ ਵਿੱਚ ਯੋਜਕ ਜੋ ਕੰਮ ਸਾਰਦੇ ਹਨ, ਉਨ੍ਹਾਂ ਕੰਮਾਂ ਦੇ ਅਨੁਸਾਰ ਉਹ ਦੋ ਪ੍ਰਕਾਰ ਦੇ ਕਿਹੇ ਜਾਂਦੇ ਹਨ :—

੧. **ਸਮਾਨ ਯੋਜਕ** ਅਤੇ ੨. **ਅਧੀਨ ਯੋਜਕ**।

੪੧੪. ਵਾਕ ਤਿੰਨ ਪ੍ਰਕਾਰ ਦੇ ਹੁੰਦੇ ਹਨ :—

੧. ਜਿਸ ਵਾਕ ਵਿੱਚ ਇਕੋ ਉਦੇਸ਼ ਅਤੇ ਇਕੋ ਵਿਧੇਅ ਹੋਵੇ, ਉਸ ਨੂੰ **ਸਾਧਾਰਣ** ਵਾਕ ਆਖਦੇ ਹਨ; ਜਿਵੇਂ :—**ਬਿਜਲੀ ਲਿਸ਼ਕਦੀ ਹੈ।**

੨. ਜਿਸ ਵਾਕ ਵਿੱਚ ਦੋ ਜਾਂ ਵੱਧ ਮੁਖ ਵਾਕ ਹੋਣ, ਉਸ ਨੂੰ **ਸੰਜੁਗਤ** ਵਾਕ ਕਹਿੰਦੇ ਹਨ; ਜਿਵੇਂ :—

ਉਹ ਪੜ੍ਹ ਸਕਦਾ ਹੈ, ਪਰ ਲਿਖ ਨਹੀਂ ਸਕਦਾ।

੩. ਜਿਸ ਵਾਕ ਵਿੱਚ ਇਕ ਮੁੱਖ ਵਾਕ ਅਤੇ ਘੱਟ ਤੋਂ ਘੱਟ ਇਕ ਅਧੀਨ ਵਾਕ ਹੋਵੇ, ਉਸ ਨੂੰ **ਮਿਸ਼ਰਿਤ** ਵਾਕ ਆਖਦੇ ਹਨ; ਜਿਵੇਂ :—

ਦਿਲ ਨਹੀਂ ਮੰਨਦਾ ਕਿ ਭਰਾ ਭਰਾ ਨਾਲ ਧੋਖਾ ਕਰੇਗਾ।

੪੧੫. ਜਿਹੜੇ ਯੋਜਕ ਦੋ ਜਾਂ ਵਧੇਰਿਆਂ ਮੁੱਖ ਵਾਕਾਂ ਨੂੰ ਜੋੜਦੇ ਹਨ, ਉਨ੍ਹਾਂ ਨੂੰ **ਸਮਾਨ ਯੋਜਕ** ਆਖਦੇ ਹਨ; ਜਿਵੇਂ :—'ਰਾਮ ਪੋਥੀ ਪੜ੍ਹਦਾ ਹੈ **ਅਤੇ** ਸ਼ਾਮ ਚਿੱਠੀ ਲਿਖਦਾ ਹੈ' ਇਹ ਸੰਜੁਗਤ ਵਾਕ ਹੈ ਅਤੇ ਦੋ ਸੁਤੰਤਰ ਮੁਖ ਵਾਕਾਂ ਦੇ ਮੇਲ ਨਾਲ ਬਣਿਆ ਹੈ। ਏਥੇ 'ਅਤੇ' ਸਮਾਨ ਯੋਜਕ ਹੈ।

੪੧੬. ਜਿਹੜੇ ਅੱਵੈ ਕਿਸੇ ਮੁਖ ਵਾਕ ਨਾਲ ਇਕ ਜਾਂ ਬਹੁਤੇ ਅਧੀਨ ਵਾਕ ਜੋੜਨ, ਉਨ੍ਹਾਂ ਨੂੰ **ਅਧੀਨ ਯੋਜਕ** ਕਹਿੰਦੇ ਹਨ; ਜਿਵੇਂ :—

ਕਿਸਮਤ, **ਜਿਧਰ** ਚਾਹੇ, ਓਧਰ ਟੋਰ ਲੈ ਜਾਂਦੀ ਹੈ।

੪੧੭. ਸਮਾਨ ਯੋਜਕ ਚਾਰ ਪ੍ਰਕਾਰ ਦੇ ਹਨ :—

੧. ਸਮੁੱਚੀ, ੨. ਵਿਕਲਪੀ, ੩. ਵਿਰੋਧ-ਦੋਧਕ ਅਤੇ ੪. ਕਾਰਣ-ਕਾਰਜ-ਬੋਧਕ।

Digitized by Panjab Digital Library | www.panjabdigilib.org

੪੧੮. ਸਮੁੱਚੀ ਯੋਜਕ—ਇਹ ਦੋ ਪਦਾਂ ਜਾਂ ਵਾਕਾਂ ਨੂੰ ਜੋੜਦੇ ਹਨ; ਜਿਵੇਂ:
ਤੇ, ਅਤੇ, ਅਰ, ਵੀ, ਭੀ, ਨਾਲੇ, ਨਾਲੇ······ਨਾਲੇ, ਫੇਰ।

੪੧੯. ਕਦੇ ਸਮਾਨ ਯੋਜਕ ਇਕੱਲਾ ਅਤੇ ਕਦੇ ਦੋ ਜੋੜਾ ਬਣਾ ਕੇ ਵਰਤੋਂ ਵਿੱਚ ਆਉਂਦੇ ਹਨ। ਇਹ ਜੋੜਾ ਦੋ ਜਾਂ ਵਧੇਰੇ ਪਦਾਂ ਜਾਂ ਵਾਕਾਂ ਵਿੱਚੋਂ ਇਕ ਦਾ ਗ੍ਰਹਿਣ ਕਰਾਂਦਾ ਹੈ। ਅਜਿਹਿਆਂ ਯੋਜਕਾਂ ਨੂੰ **ਵਿਕਲਪੀ** ਆਖਦੇ ਹਨ; ਜਿਵੇਂ :—

| | |
|---|---|
| ਭਾਵੇਂ—ਭਾਵੇਂ; | ਚਾਹੇ—ਚਾਹੇ; |
| ਖ਼ਾਹੇ—ਖ਼ਾਹ; | ਨਾ—ਨਾ; |
| ਨ—ਨ; | ਇਕੇ—ਇਕੇ; |
| ਜਾਂ—ਜਾਂ | ਯਾ—ਯਾ |

ਉਦਾਹਰਣ :—

"ਮੈਂ ਤਾਂ ਆਪ ਸੈਦੀ ਟਹਿਲ ਵਾਲੜੀ ਹਾਂ,
ਖ਼ਾਹੇ ਮਾਰ ਤੇ ਖ਼ਾਹ ਜੁਆਲ ਸੁਆਮੀ !" ਨਲ-ਦਮਿਅੰਤੀ—ਚਾਤ੍ਰਿਕ
ਇਹ ਸੀ ਭੂਆ ਦੀ ਨੂੰਹ, ਜਿਸ ਨਾਲ **ਨਾ** ਬੋਲ **ਨਾ** ਚਾਲ।

੪੨੦. **ਵਿਰੋਧ-ਬੋਧਕ ਯੋਜਕ** ਉਹ ਹਨ ਜੋ ਦੋ ਵਾਕਾਂ ਦਾ ਟਾਕਰਾ ਕਰਕੇ ਪਹਿਲੇ ਨੂੰ ਘਟੋਆ ਦਸਦੇ ਹਨ; ਜਿਵੇਂ—ਪਰ, ਐਪਰ, ਸਗੋਂ, ਤਾਂ ਵੀ, ਪਰੰਤੂ, ਫੇਰ ਵੀ।

ਉਦਾਹਰਣ—

ਮੈਂ ਬਥੇਰੀ ਉਜਰਦਾਰੀ ਕੀਤੀ, **ਪਰ** ਉਥੇ ਸੁਣਾਈ ਕਾਹਨੂੰ ਹੋਣੀ ਸੀ।
"ਤੈਨੂੰ ਨਾਲ ਲੈ ਤੁਰਾਂ ਬੇਸ਼ਕ, **ਐਪਰ**
ਏਥੇ ਕੰਮ ਨਾਹੀਂ ਕੋਈ ਰਾਸ, ਪਿਆਰੀ !" ਨਲ-ਦਮਿਅੰਤੀ—ਚਾਤ੍ਰਿਕ

੪੨੧. ਕਾਰਣ-ਕਾਰਜ-ਬੋਧਕ ਉਹ ਹਨ ਜੋ ਦੋ ਅਜਿਹਿਆਂ ਵਾਕਾਂ ਨੂੰ ਜੋੜਦੇ ਹਨ ਕਿ ਪਹਿਲਾ ਕਾਰਣ ਦਾ ਅਤੇ ਦੂਜਾ ਕਾਰਜ ਦਾ ਬੋਧ ਕਰਾਂਦਾ ਹੈ; ਜਿਵੇਂ—

ਇਸ ਲਈ, ਇਸ ਵਾਸਤੇ, ਇਸ ਕਰਕੇ, ਤਾਂ ਹੀ, ਤਾਹੀਓਂ, ਸੋ, ਕਿਉਂ ਜੁ, ਤਾਂ ਜੁ, ਕਿ।

ਉਦਾਹਰਣ :—

ਮੈਂ ਬੀਮਾਰ ਹਾਂ, ਇਸ ਕਰਕੇ ਅਜ ਦਫਤਰ ਨਹੀਂ ਜਾ ਸਕਦਾ।

## ਅਧੀਨ ਯੋਜਕ

੪੨੨. ਅਧੀਨ ਯੋਜਕ ਮਿਸ਼ਰਿਤ ਵਾਕ ਦੇ ਉਪਵਾਕਾਂ ਨੂੰ ਮਿਲਾਂਦੇ ਹਨ। ਇਹ ਚਾਰ ਪਰਕਾਰ ਦੇ ਹਨ :—

੧. ਕਾਰਣ-ਬੋਧਕ, ੨. ਮੰਤਵ-ਬੋਧਕ, ੩. ਸ਼ਰਤ-ਬੋਧਕ ਅਤੇ
੪. ਸਰੂਪ-ਬੋਧਕ।

੪੨੩. ਜਦ ਇਕ ਵਾਕ ਵਿੱਚ ਫਲ ਦਸਕੇ ਅਧੀਨ ਉਪਵਾਕ ਵਿੱਚ ਉਸ ਦਾ ਕਾਰਣ ਦਸਿਆ ਜਾਏ, ਤਾਂ ਅਜਿਹਿਆਂ ਉਪਵਾਕਾਂ ਨੂੰ **ਕਾਰਣ-ਬੋਧਕ** ਅੱਵੇ ਨਾਲ

Digitized by Panjab Digital Library | www.panjabdigilib.org

ਮਿਲਾਇਆ ਜਾਂਦਾ ਹੈ ; ਜਿਵੇਂ :—ਬੱਚਾ ਰੋਂਦਾ ਹੈ, ਕਿਉਂ ਜੁ ਉਸ ਨੂੰ ਭੁੱਖ ਲੱਗੀ ਹੋਈ ਹੈ। ਸੋਹਣ ਝੂਠਾ ਹੈ, ਇਸ ਲਈ ਇਸ ਦੀ ਗੱਲ ਦੀ ਪਰਤੀਤ ਨਹੀਂ।

ਕਿਉਂ ਜੁ; ਇਸ ਲਈ ਕਿ, ਇਸ ਲਈ,—ਇਹ ਕਾਰਣ-ਬੋਧਕ ਯੋਜਕ ਹਨ।

੪੨੪. **ਮੰਤਵ-ਬੋਧਕ ਯੋਜਕ** ਦੋ ਅਜਿਹਿਆਂ ਉਪਵਾਕਾਂ ਨੂੰ ਮਿਲਾਂਦਾ ਹੈ, ਜਿਨ੍ਹਾਂ ਵਿੱਚੋਂ ਪਹਿਲੇ ਦਾ ਮਨੋਰਥ ਦੂਜੇ ਵਿਚ ਦਸਿਆ ਜਾਂਦਾ ਹੈ ; ਜਿਵੇਂ :—

ਅਸੀਂ ਭਾਰਤ ਨੂੰ ਅੱਗੇ ਲੈ ਜਾਣਾ ਚਾਹੁੰਦੇ ਹਾਂ **ਕਿ** ਸੰਸਾਰ ਵਿੱਚ ਉਸ ਦਾ ਮਾਣ ਹੋਵੇ। ਭਲੇ ਪੁਰਖ ਚੰਗੀ ਮੱਤ ਦੇਂਦੇ ਹਨ **ਜੋ** ਲੋਕ ਮੰਦੇ ਪਾਸਿਓਂ ਹਟ ਕੇ ਚੰਗੇ ਪਾਸੇ ਲਗ ਜਾਣ।

ਏਥੇ ਕਿ, ਜੋ, ਇਹ ਮੰਤਵ-ਬੋਧਕ ਹਨ।

੪੨੫. **ਸਰੂਪਵਾਚਕ**—ਇਹ ਯੋਜਕ ਜਿਨ੍ਹਾਂ ਵਾਕਾਂ ਨੂੰ ਜੋੜਦੇ ਹਨ, ਉਨ੍ਹਾਂ ਵਿਚੋਂ ਪਹਿਲੇ ਨੂੰ ਦੂਜੇ ਵਾਕ ਦੇ ਰਾਹੀਂ ਸਪਸ਼ਟ ਕਰਕੇ ਦਸਿਆ ਜਾਂਦਾ ਹੈ ; ਜਿਵੇਂ—

ਭਵਿੱਖ ਵੇਖ ਰਿਹਾ ਹੈ **ਕਿ** ਅਸੀਂ ਕਿੱਧਰ ਜਾਂਦੇ ਹਾਂ ਤੇ ਕੀ ਕਰਦੇ ਹਾਂ।

੪੨੬. **ਸ਼ਰਤ-ਬੋਧਕ** ਇਹ ਅੱਵੇ ਸੰਬੰਧਵਾਚਕ ਸਰਬਨਾਂਵਾਂ ਵਾਂਗ ਜੋੜੀਦਾਰ ਹਨ ਅਤੇ ਇਕੱਠੇ ਹੀ ਵਰਤੇ ਜਾਂਦੇ ਹਨ ; ਜਿਵੇਂ—

ਜੇ—ਤਾਂ, ਨਹੀਂ—ਤੇ, ਅਗਰ—ਤਾਂ, ਭਾਵੇਂ—ਤਾਂ ਵੀ, ਭਾਵੇਂ—ਪਰ।

**ਜੇ** ਸੁਖੀ ਚਾਹੇਂ ਜੀ, **ਤਾਂ** ਪਾਣੀ ਮੰਗ ਨਾ ਪੀ।

## ਵਿਸਮਕ

੪੨੭. ਜਿਹੜੇ ਸ਼ਬਦ ਖ਼ੁਸ਼ੀ, ਗ਼ਮ, ਅਸਚਰਜ ਆਦਿਕ ਮਨ ਦੇ ਭਾਵਾਂ ਨੂੰ ਪਰਗਟ ਕਰਨ ਲਈ ਜਾਂ ਕਿਸੇ ਨੂੰ ਬੁਲਾਉਣ ਲਈ ਆਪਣੇ ਆਪ ਮੂੰਹੋਂ ਨਿਕਲ ਜਾਂਦੇ ਹਨ, ਉਨ੍ਹਾਂ ਨੂੰ **ਵਿਸਮਕ** ਕਹਿੰਦੇ ਹਨ। ਇਨ੍ਹਾਂ ਦਾ ਸੰਬੰਧ ਵਾਕ ਦੇ ਦੂਜਿਆਂ ਪਦਾਂ ਨਾਲ ਨਹੀਂ ਹੁੰਦਾ।

੪੨੮. ਭਾਵ ਦਾ ਖਿਆਲ ਕਰਦੇ ਹੋਏ ਇਨ੍ਹਾਂ ਦੀ ਵੰਡ ਇਸ ਤਰ੍ਹਾਂ ਕੀਤੀ ਜਾ ਸਕਦੀ ਹੈ :—

(ਕ) ਖ਼ੁਸ਼ੀ, ਅਸਚਰਜ ਪਰਗਟ ਕਰਨ ਲਈ—

ਆਹਾ ! ਵਾਹ ! ਵਾਹਵਾਹ ! ਸ਼ਾਵਾਸ਼ੇ (=ਸ਼ਾਬਾਸ਼ ਏ), ਸ਼ਾਬਾਸ਼ੇ ! ਜੈ ਜੈ ! ਧੰਨ ਧੰਨ ! ਬਲਿਹਾਰ ! ਵਾਰੇ ! ਸ਼ਦਕੇ ! ਹੈਂ ! ਸਚਮੁਚ !

(ਖ) ਦੁਖ-ਦਰਦ ਦਾ ਭਾਵ ਦਸਣ ਲਈ—ਉਹ ! ਓਹੋ ! ਹੋ ਹੋ ! ਹਾ ਹਾ ! ਊਈ ! ਹਾਏ ਹਾਏ ! ਹਾਏ ਓਏ ! ਹਾਏ ਰੱਬਾ ! ਹਾਲ ਓਏ ! ਪਾਹਰਿਆ ! ਦੁਹਾਈ ਜੇ !

**ਹਾਇ ! ਹਾਇ ! ਸੀ ! ਸੀ ! ਪਾਹਰਿਆ !** ਮਰ ਗਿਆ !

ਬਾਬਾ ਨੌਧ ਸਿੰਘ।

'ਹਾਇ ਹਨੇਰ, ਇਹ ਅਨਰਥ !' ਸਤਵੰਤਕੌਰ।

Digitized by Panjab Digital Library | www.panjabdigilib.org

(ਗ) **ਅਨਾਦਰ ਲਈ**—ਦੁਰ ਦੁਰ ! ਦੁਰੇ ਦੁਰੇ ! ਫਿਟੇ ਮੂੰਹ ! ਲਾਨਤ ਹਈ ! ਲੱਖ ਲਾਨਤ ! ਰੱਬ ਦੀ ਮਾਰ !

(ਘ) **ਆਦਰ ਲਈ**—ਧੰਨ ਭਾਗ ! ਜੀ ਆਇਆਂ ਨੂੰ !

(ਙ) ਬੁਲਾਉਣ ਲਈ ਜਿਹੜੇ ਅੱਵੈ ਵਰਤੇ ਜਾਂਦੇ ਹਨ, ਉਨ੍ਹਾਂ ਤੋਂ ਲਿੰਗ ਅਤੇ ਵਚਨ ਦਾ ਵੀ ਬੋਧ ਹੁੰਦਾ ਹੈ ; ਜਿਵੇਂ—

| | ਇਕ ਵਚਨ | ਬਹੁਵਚਨ |
|---|---|---|
| ਪੁਲਿੰਗ— | ਓਏ ! ਅੜਿਆ ! ਅਣਿਆ ! | ਅੜਿਓ ! |
| ਇਸਤ੍ਰੀਲਿੰਗ— | ਨੀ ! ਅਣੀ ! ਅਣੀਏ ! | |
| | ਅੜੀਏ ! | ਅੜੀਓ ! |
| ਪੁਲਿੰਗ— | ਵੇ | |

(ਚ) **ਸਚੇਤ ਕਰਨ ਲਈ**—ਹੈਂ ! ਵੇਖਣਾ, ਵੇਖਿਓ, ਖਬਰਦਾਰ ! ਸੁਣੋ ਜੀ!

(ਛ) **ਸਲਾਹਣ ਲਈ**—ਚੰਗਾ ! ਬਹੁਤ ਚੰਗਾ, ਖ਼ੂਬ, ਸ਼ਾਵਾਸ਼ੇ ! ਕਿਆ ਕਹਿਣਾ ਹੈ ! ਵਾਹ ਵਾਹ !

(ਜ) **ਇੱਛਾ ਪਰਗਟ ਕਰਨ ਲਈ**—ਹਾਇ ਜੇ ! ਕਾਸ਼ !

(ਝ) **ਸ੍ਵੀਕਾਰ ਕਰਨ ਲਈ**—ਹਾਂ ਜੀ ! ਜੀ ਹਾਂ ! ਹਾਂ ਹਾਂ ! ਸੱਤ ਬਚਨ ! ਠੀਕ !

(ਞ) **ਅਸੀਸ ਲਈ**—ਜੀਉਂਦਾ ਰਹਿ ! ਜਵਾਨੀਆਂ ਮਾਣ ! ਸੁਖੀ ਰਹੋ ! ਵਧੋ-ਫੁਲੋ ! ਸਦਾ ਸੁਹਾਗਣ ! ਬੁੱਢ ਸੁਹਾਗਣ ਹੋਏ !

(ਟ) **ਨਿਮਰਤਾ ਪਰਗਟ ਕਰਨ ਲਈ**—ਜੀ ! ਜੀ ਮਹਾਰਾਜ ! ਮਹਾਰਾਜ !

੪੨੯. ਉਪਰਲਿਆਂ ਉਦਾਹਰਣਾਂ ਤੋਂ ਸਾਫ਼ ਦਿਸਦਾ ਹੈ ਕਿ ਭਾਂਤ ਭਾਂਤ ਦੇ ਸ਼ਬਦ ਵਿਸਮਕਾਂ ਵਾਂਗਰ ਵਰਤੇ ਜਾਂਦੇ ਹਨ ; ਜਿਵੇਂ—

(ਕ) ਰਾਮ ਰਾਮ ! ਹਰੇ ਹਰੇ ! ਵਾਹਿਗੁਰੂ !.........ਨਾਂਵ ਹਨ ।

(ਖ) ਕੀ !..............ਪੜਨਾਂਵ ਹੈ ।

(ਗ) ਹੱਛਾ ! ਚੰਗਾ !...........ਵਿਸ਼ੇਸ਼ਣ ਹਨ ।

(ਘ) ਵੇਖਿਓ ! ਵੇਖਣਾ !...........ਕ੍ਰਿਆਵਾਂ ਹਨ ।

(ਙ) ਪਰੇ ਪਰੇ !...........ਕ੍ਰਿਆ-ਵਿਸ਼ੇਸ਼ਣ ਹੈ ।

ਖਬਰਦਾਰ ! ਵਧੋ-ਫੁਲੋ ! ..........ਲਾਨਤ ਹਈ ! ਉਪਵਾਕ ਹਨ ।

ਕਈ ਵਾਰ ਵਿਸਮਕ ਨਾਂਵ ਵਾਂਗਰ ਵੀ ਵਰਤੇ ਜਾਂਦੇ ਹਨ । ਤਦ ਇਹ ਵਿਸਮਕ ਨਹੀਂ ਰਹਿੰਦੇ, ਕਾਰਣ, ਵਿਸਮਕ ਦਾ ਤੇ ਵਾਕ ਦੇ ਕਿਸੇ ਵੀ ਪਦ ਨਾਲ ਸੰਬੰਧ ਨਹੀਂ ਹੁੰਦਾ । ਉਦਾਹਰਣ—

ਉਹ **ਸੱਤ ਬਚਨ** ਆਖ ਕੇ ਚਲ ਪਿਆ ।

ਉਸ ਦਾ ਗੀਤ ਸੁਣ ਕੇ ਸਭ ਨੇ **ਵਾਹਵਾ ਵਾਹਵਾ** ਕਿਹਾ ।

Digitized by Panjab Digital Library | www.panjabdigilib.org

## ਪਦ-ਵੰਡ

੪੩੦. ਵਾਕ ਦੇ ਕਿਸੇ ਇਕ ਪਦ, ਬਹੁਤਿਆਂ ਜਾਂ ਸਾਰਿਆਂ ਪਦਾਂ ਬਾਬਤ ਪੂਰੀ ਪੂਰੀ ਜਾਣ-ਪਛਾਣ ਕਰਾਉਣ ਨੂੰ **ਪਦ-ਵੰਡ** ਆਖਦੇ ਹਨ।

ਪਦ-ਵੰਡ ਲਈ ਪਦਾਂ ਦੇ ਪਰਕਾਰ ਜਾਣਨੇ ਜ਼ਰੂਰੀ ਹਨ। ਪਦ ਅੱਠ ਪਰਕਾਰ ਦੇ ਹਨ—

ਨਾਂਵ, ਸਰਬਨਾਂਵ, ਵਿਸ਼ੇਸ਼ਣ, ਕ੍ਰਿਆ, ਕ੍ਰਿਆ-ਵਿਸ਼ੇਸ਼ਣ, ਸੰਬੰਧਕ, ਯੋਜਕ, ਅਤੇ ਵਿਸਮਕ।

ਵਾਕ ਦਾ ਪਦ ਕਿਸ ਪਰਕਾਰ ਦਾ ਹੈ, ਉਸ ਦਾ ਰੂਪ ਕਿਹੜਾ ਹੈ ਅਤੇ ਉਸ ਦਾ ਵਾਕ ਦੇ ਹੋਰ ਕਿਸ ਪਦ ਨਾਲ ਸੰਬੰਧ ਹੈ—ਇਹ ਸਭ ਕੁੱਝ ਦਸਣਾ ਹੀ ਪਦ-ਵੰਡ ਹੈ।

੪੩੧. ਹਰ ਪਰਕਾਰ ਦੇ ਪਦ ਦੀ ਜਾਣ-ਪਛਾਣ ਕਰਾਉਣ ਲਈ ਜਿਹੜੀਆਂ ਗੱਲਾਂ ਦਸਣੀਆਂ ਪੈਂਦੀਆਂ ਹਨ, ਉਹ ਇਹ ਹਨ—

੧. ਨਾਂਵ—ਪਰਕਾਰ, ਲਿੰਗ, ਵਚਨ, ਵਿਭਕਤੀ, ਵਿਭਕਤੀ ਦਾ ਅਰਥ ਜਾਂ ਕਾਰਕ ਅਤੇ ਸੰਬੰਧ।

੨. ਸਰਬਨਾਂਵ—ਪਰਕਾਰ, ਪੁਰਖ, ਲਿੰਗ, ਵਚਨ, ਵਿਭਕਤੀ ਅਤੇ ਸੰਬੰਧ।

੩. ਵਿਸ਼ੇਸ਼ਣ—ਪਰਕਾਰ, ਵਿਸ਼ੇਸ਼, ਲਿੰਗ, ਵਚਨ, ਵਿਭਕਤੀ।

੪. ਕ੍ਰਿਆ—ਸ਼ੁੱਧ ਜਾਂ ਮਿਲਾਉਣੀ ਕਾਲ, ਪੁਰਖਾਦਿ-ਬੋਧਕ ਜਾਂ ਲਿੰਗਾਦਿ-ਬੋਧਕ, ਧਾਤੂ, ਵਾਚ, ਅਰਥ, ਕਾਲ, ਵਚਨ, ਪੁਰਖ ਜਾਂ ਲਿੰਗ ਅਤੇ ਉਦੇਸ਼।

੫. ਕ੍ਰਿਆ-ਵਿਸ਼ੇਸ਼ਣ—ਪਰਕਾਰ, ਅਤੇ ਵਿਸ਼ੇਸ਼।

੬. ਯੋਜਕ—ਪਰਕਾਰ, ਜੋੜੇ ਗਏ ਉਪਵਾਕ ਆਦਿ।

੭. ਸੰਬੰਧਕ—ਪਰਕਾਰ।

੮. ਵਿਸਮਕ—ਪਰਕਾਰ।

੪੩੨. ਹੇਠ ਕੁਝ ਵਾਕਾਂ ਦੀ ਪਦ-ਵੰਡ ਕੀਤੀ ਜਾਂਦੀ ਹੈ—

(੧) ਸਾਰੇ ਜਗਤ ਦੀ ਤਾਰ ਹੋਣੀ ਦੇ ਹੱਥ ਵਿੱਚ ਹੈ।

ਸਾਰੇ—ਵਿਸ਼ੇਸ਼ਣ, ਅਨਿਸਚਿਤ ਪਰਿਮਾਣਵਾਚਕ, ਲਿੰਗ, ਵਚਨ ਅਤੇ ਰੂਪ ਕਰਕੇ ਆਪਣੇ ਵਿਸ਼ੇਸ਼ 'ਜਗਤ' ਅਨੁਸਾਰ।

ਜਗਤ—ਨਾਂਵ, ਜਾਤੀਵਾਚਕ, ਪੁਲਿੰਗ, ਇਕ ਵਚਨ, ਸੰਬੰਧਕੀ ਰੂਪ, 'ਦੀ' ਸੰਬੰਧਕ ਦੇ ਅਧੀਨ।

ਦੀ—ਸੰਬੰਧਕ, ਵਿਕਾਰੀ, ਲਿੰਗ ਅਤੇ ਵਚਨ ਕਰਕੇ 'ਤਾਰ' ਅਨੁਸਾਰ।

ਤਾਰ—ਨਾਂਵ, ਜਾਤੀਵਾਚਕ, ਇਸਤ੍ਰੀਲਿੰਗ, ਇਕਵਚਨ, ਪਹਿਲੀ ਵਿਭਕਤੀ, 'ਹੈ' ਦਾ ਉਦੇਸ਼ ਹੈ।

ਹੋਣੀ—ਨਾਂਵ, ਭਾਵਵਾਚਕ, ਇਸਤ੍ਰੀਲਿੰਗ, ਇਕ ਵਚਨ, ਸੰਬੰਧਕੀ ਰੂਪ, 'ਦੇ' ਸੰਬੰਧਕ ਦੇ ਅਧੀਨ।

Digitized by Panjab Digital Library | www.panjabdigilib.org

ਦੇ—ਸੰਬੰਧਕ, ਵਿਕਾਰੀ, ਲਿੰਗ, ਵਚਨ ਅਤੇ ਰੂਪ ਕਰ ਕੇ ਆਪਣੇ ਵਿਸ਼ੇਸ਼ ਹੱਥ ਅਨੁਸਾਰ।

ਹੱਥ—ਨਾਂਵ, ਜਾਤੀਵਾਚਕ, ਪੁਲਿੰਗ, ਇਕ ਵਚਨ, ਸੰਬੰਧਕੀ ਰੂਪ, 'ਵਿੱਚ' ਸੰਬੰਧਕ ਦੇ ਅਧੀਨ।

ਵਿੱਚ—ਸੰਬੰਧਕ, ਅਵਿਕਾਰੀ।

ਹੈ—ਪੁਰਖਾਦਿਬੋਧਕ, ਅਕਰਮਕ ਕ੍ਰਿਆ, ਕਰਤਰੀਵਾਚਕ, ਵਰਤਮਾਨ, ਅੰਨ ਪੁਰਖ, ਇਕ ਵਚਨ, ਆਪਣੇ ਉਦੇਸ਼ 'ਤਾਰ' ਦੇ ਅਨੁਸਾਰ ਹੈ।

੨. ਹਾਏ ! ਮੇਰਿਆ ਰੱਬਾ ! ਹੁਣ ਮੈਂ ਕਿੱਥੇ ਜਾਵਾਂ ?

ਹਾਏ—ਵਿਸਮਕ, ਦੁੱਖ, ਸ਼ੋਕ ਬੋਧਕ।

ਮੇਰਿਆ—ਸਰਬਨਾਂਵ, ਪੁਰਖ-ਵਾਚਕ, ਉੱਤਮ ਪੁਰਖ, ਇਕ ਵਚਨ, ਸੰਬੰਧ ਪਦ ਦਾ ਸੰਬੋਧਨ ਰੂਪ।

ਰੱਬਾ—ਨਾਂਵ, ਪੁਲਿੰਗ, ਇਕ ਵਚਨ, ਸੰਬੋਧਨ ਰੂਪ।

ਹੁਣ—ਕਾਲ-ਵਾਚਕ, ਕ੍ਰਿਆ-ਵਿਸ਼ੇਸ਼ਣ, ਜਾਵਾਂ ਦੀ ਵਿਸ਼ੇਸ਼ਤਾ ਪ੍ਰਗਟ ਕਰਦਾ ਹੈ।

ਮੈਂ—ਸਰਬਨਾਂਵ, ਪੁਰਖ-ਵਾਚਕ, ਉੱਤਮ ਪੁਰਖ, ਇਕਵਚਨ, ਉਦੇਸ਼ 'ਜਾਵਾਂ' ਦਾ।

ਕਿੱਥੇ—ਕ੍ਰਿਆ-ਵਿਸ਼ੇਸ਼ਣ, ਸਥਾਨਵਾਚਕ, 'ਜਾਵਾਂ' ਕ੍ਰਿਆ ਦੀ ਵਿਸ਼ੇਸ਼ਤਾ ਪ੍ਰਗਟ ਕਰਦਾ ਹੈ।

ਜਾਵਾਂ—ਕ੍ਰਿਆ, ਅਕਰਮਕ, ਕਰਤਰੀਵਾਚ, ਸੰਭਾਵਨਾਰਥ ਲਕਾਰ, ਉੱਤਮ ਪੁਰਖ, ਇਕਵਚਨ, ਆਪਣੇ ਉਦੇਸ਼ 'ਮੈਂ' ਦੇ ਅਨੁਸਾਰ।

੩. ਜੇ ਤੂੰ ਮੈਨੂੰ ਉਹ ਜ਼ਮੀਨ ਲੈ ਦੇਵੇਂ, ਤਾਂ ਮੈਂ ਤੈਨੂੰ ਸੌ ਰੁਪਈਏ ਦਿਆਂਗਾ।

ਜੇ—ਯੋਜਕ, ਅਧੀਨ, ਸ਼ਰਤ-ਵਾਚਕ, ਅਧੀਨ ਉਪਵਾਕ 'ਤੂੰ ਮੈਨੂੰ ਉਹ ਜ਼ਮੀਨ ਲੈ ਦੇਵੇਂ' ਅਤੇ ਪਰਧਾਨ ਉਪਵਾਕ 'ਮੈਂ ਤੈਨੂੰ ਸੌ ਰੁਪਈਆ ਦਿਆਂਗਾ' ਨੂੰ ਜੋੜਦਾ ਹੈ।

ਤੂੰ—ਸਰਬਨਾਂਵ, ਪੁਰਖ-ਵਾਚਕ, ਮੱਧਮ ਪੁਰਖ, ਇਕਵਚਨ, ਉਦੇਸ਼ 'ਲੈ ਦੇਵੇਂ' ਦਾ।

ਮੈਂ (ਨੂੰ)—ਸਰਬਨਾਂਵ, ਪੁਰਖ-ਵਾਚਕ, ਉੱਤਮ ਪੁਰਖ, ਇਕਵਚਨ, 'ਲੈ ਦੇਵੇਂ' ਕ੍ਰਿਆ ਦਾ ਅਪਰਧਾਨ ਕਰਮ।

ਨੂੰ—ਸੰਬੰਧਕ।

ਉਹ—ਵਿਸ਼ੇਸ਼ਣ, ਨਿਸਚੇ-ਵਾਚਕ, ਲਿੰਗ, ਵਚਨ ਅਤੇ ਵਿਭਕਤੀ ਕਰਕੇ ਆਪਣੇ ਵਿਸ਼ੇਸ਼ 'ਜ਼ਮੀਨ' ਅਨੁਸਾਰ।

Digitized by Panjab Digital Library | www.panjabdigilib.org

ਜ਼ਮੀਨ—ਨਾਂਵ, ਇਸਤ੍ਰੀਲਿੰਗ, ਇਕਵਚਨ, ਦੂਜੀ ਵਿਭਕਤੀ, 'ਲੈ ਦੇਵੇਂ' ਦਾ ਪਰਧਾਨ ਕਰਮ ਹੈ।

ਲੈ ਦੇਵੇਂ—ਕ੍ਰਿਆ, ਸਕਰਮਕ, ਕਰਤਰੀ ਵਾਚ, ਸੰਕੇਤਾਰਥ, ਮੱਧਮ ਪੁਰਖ, ਇਕ ਵਚਨ, ਆਪਣੇ ਉਦੇਸ਼ 'ਤੂੰ' ਦੇ ਅਨੁਸਾਰ।

ਤਾਂ—ਯੋਜਕ, ਅਧੀਨ, ਸ਼ਰਤ-ਵਾਚਕ।

ਮੈਂ—ਸਰਬਨਾਂਵ, ਪੁਰਖ-ਵਾਚਕ, ਉੱਤਮ ਪੁਰਖ, ਇਕ ਵਚਨ, ਪਹਿਲੀ ਵਿਭਕਤੀ, 'ਦਿਆਂਗਾ' ਦਾ ਉਦੇਸ਼ ਹੈ।

ਤੈਨੂੰ—ਸਰਬਨਾਂਵ, ਪੁਰਖ-ਵਾਚਕ, ਮੱਧਮ ਪੁਰਖ, ਇਕ ਵਚਨ, ਅਪਰਧਾਨ ਕਰਮ।

ਸੌ—ਵਿਸ਼ੇਸ਼ਣ, ਸੰਖਿਅਕ, ਲਿੰਗ, ਵਚਨ ਅਤੇ ਵਿਭਕਤੀ ਕਰਕੇ ਆਪਣੇ ਵਿਸ਼ੇਸ਼ 'ਰੁਪਈਏ' ਅਨੁਸਾਰ।

ਰੁਪਈਏ—ਨਾਂਵ, ਜਾਤੀਵਾਚਕ, ਪੁਲਿੰਗ, ਬਹੁਵਚਨ, ਦਿਆਂਗਾ ਦਾ ਕਰਮ।

ਦਿਆਂਗਾ—ਕ੍ਰਿਆ, ਸਕਰਮਕ, ਸਾਧਾਰਣ ਭਵਿਖਤ, ਮਿਲਾਉਟੀ ਕਾਲ, 'ਦਿਆਂ' ਪੁਰਖਾਦਿਬੋਧਕ ਅਤੇ 'ਗਾ' ਲਿੰਗਾਦਿਬੋਧਕ, ਕਰਤਰੀ ਵਾਚ, ਇਕ ਵਚਨ ਆਪਣੇ ਉਦੇਸ਼ 'ਮੈਂ' ਦੇ ਅਨੁਸਾਰ ਹੈ।

੪. ਬੱਚਿਆਂ ਨੂੰ ਅਸਾਡੇ ਪਾਸ ਛੱਡ ਜਾਣਾ ਅਤੇ ਤੁਸਾਂ ਆਪ ਕੁਝ ਦਿਹਾੜੇ ਹੋਰਥੇ ਕੱਟ ਲੈਣੇ।

ਬੱਚਿਆਂ—ਨਾਂਵ, ਜਾਤੀਵਾਚਕ, ਪੁਲਿੰਗ, ਬਹੁਵਚਨ, ਸੰਬੰਧਕੀ ਰੂਪ, 'ਨੂੰ' ਸੰਬੰਧਕ ਦਾ ਸੰਬੰਧੀ।

ਨੂੰ—ਸੰਬੰਧਕ। ਬੱਚਿਆਂ ਨੂੰ—ਛੱਡ ਜਾਣਾ ਦਾ ਅਪਰਧਾਨ ਕਰਮ।

ਅਸਾਡੇ—ਸਰਬਨਾਂਵ, ਪੁਰਖ ਵਾਚਕ, ਉੱਤਮ ਪੁਰਖ, ਬਹੁਵਚਨ, ਸੰਬੰਧਕੀ ਰੂਪ, 'ਪਾਸ' ਸੰਬੰਧਕ ਦਾ ਸੰਬੰਧੀ।

ਪਾਸ - ਸੰਬੰਧਕ।

ਛੱਡ ਜਾਣਾ—ਕ੍ਰਿਆ, ਅਕਰਮਕ, ਵਿਧਿਅਰਥਕ ਕਾਰਦੰਤਕ, ਭਾਵ-ਵਾਚ, ਪੁਲਿੰਗ, ਇਕ ਵਚਨ—ਇਸ ਦਾ ਉਦੇਸ਼ ਵਾਕ ਵਿੱਚ ਨਹੀਂ ਹੁੰਦਾ।

ਅਤੇ—ਸਮਾਨ ਯੋਜਕ, ਸਮੁੱਚੀ, ਦੋਹਾਂ ਸਮਾਨ ਉਪਵਾਕਾਂ ਨੂੰ ਮਿਲਾਂਦਾ ਹੈ।

ਤੁਸਾਂ—ਸਰਬਨਾਂਵ, ਪੁਰਖਵਾਚਕ, ਮੱਧਮ ਪੁਰਖ, ਬਹੁਵਚਨ, ਸੰਬੰਧਕੀ ਰੂਪ।

ਕੁਝ—ਅਨਿਸਚਿਤ ਸੰਖਿਅਕ ਵਿਸ਼ੇਸ਼ਣ, ਪੁਲਿੰਗ, ਬਹੁਵਚਨ, ਆਪਣੇ ਵਿਸ਼ੇਸ਼ 'ਦਿਹਾੜੇ' ਅਨੁਸਾਰ।

ਦਿਹਾੜੇ—ਨਾਂਵ, ਜਾਤੀਵਾਚਕ, ਪੁਲਿੰਗ, ਬਹੁਵਚਨ, ਪਹਿਲੀ ਵਿਭਕਤੀ, 'ਕੱਟ ਲੈਣੇ' ਦਾ ਉਦੇਸ਼।

ਹੋਰਥੇ—ਸਥਾਨ-ਵਾਚਕ ਕ੍ਰਿਆ-ਵਿਸ਼ੇਸ਼ਣ, 'ਕੱਟ ਲੈਣੇ' ਕ੍ਰਿਆ ਦੀ ਵਿਸ਼ੇਸ਼ਤਾ ਪਰਗਟ ਕਰਦਾ ਹੈ।

Digitized by Panjab Digital Library | www.panjabdigilib.org

ਕੱਟ ਲੈਣੇ—ਕ੍ਰਿਆ, ਸਕਰਮਕ, ਵਿਧਿਅਰਥਕ ਕਾਰਦੰਤਕ, ਕਰਮ-ਵਾਚ, ਲਿੰਗ, ਵਚਨ ਆਦਿ ਕਰਕੇ ਆਪਣੇ ਉਦੇਸ਼ 'ਦਿਹਾੜੇ' ਦੇ ਅਨੁਸਾਰ।

੫. ਮੈਂ ਓਥੇ ਜਾਣਾ ਸੀ।

ਮੈਂ—ਪੁਰਖ-ਵਾਚਕ ਸਰਬਨਾਂਵ, ਉੱਤਮ ਪੁਰਖ, ਇਕ ਵਚਨ, ਕਰਣ ਕਾਰਕ।

ਓਥੇ—ਕ੍ਰਿਆ-ਵਿਸ਼ੇਸ਼ਣ, ਸਥਾਨ-ਵਾਚਕ।

ਜਾਣਾ ਸੀ—ਕ੍ਰਿਆ, ਅਕਰਮਕ, ਮਿਲਾਉਣੀ ਰੂਪ ('ਜਾਣਾ' ਲਿੰਗਾਦਿਬੋਧਕ ਹੈ ਅਤੇ 'ਸੀ' ਪੁਰਖਾਦਿਬੋਧਕ ਹੈ), ਭੂਤ ਕਾਲ, ਵਿਧਿਅਰਥਕ ਕਾਰਦੰਤਕ, ਭਾਵ-ਵਾਚ, ਇਸ ਦਾ ਉਦੇਸ਼ ਵਾਕ ਵਿੱਚ ਹੁੰਦਾ ਹੀ ਨਹੀਂ।

੬. ਕਿਸੇ ਦੀ ਨਿੰਦਿਆ ਨਹੀਂ ਕਰਨੀ ਚਾਹੀਦੀ।

ਕਿਸੇ—ਸਰਬਨਾਂਵ, ਅਨਿਸਚਿਤ, ਸੰਬੰਧਕੀ ਰੂਪ, 'ਦੀ' ਸੰਬੰਧਕ ਦਾ ਸੰਬੰਧੀ।

ਦੀ—ਸੰਬੰਧਕ, ਵਿਕਾਰੀ, ਇਸਤ੍ਰੀਲਿੰਗ, ਇਕ ਵਚਨ। 'ਕਿਸੇ ਦੀ' ਵਿਸ਼ੇਸ਼ਣ ਆਪਣੇ ਵਿਸ਼ੇਸ਼ 'ਨਿੰਦਿਆ' ਅਨੁਸਾਰ।

ਨਿੰਦਿਆ—ਨਾਂਵ, ਭਾਵ-ਵਾਚਕ, ਇਸਤ੍ਰੀਲਿੰਗ, ਇਕ ਵਚਨ, ਪਹਿਲੀ ਵਿਭਕਤੀ, ਉਦੇਸ਼।

ਨਹੀਂ—ਕ੍ਰਿਆ ਵਿਸ਼ੇਸ਼ਣ।

ਕਰਨੀ ਚਾਹੀਦੀ—ਕ੍ਰਿਆ, ਸਕਰਮਕ, ਲਿੰਗਾਦਿਬੋਧਕ ਰੂਪ, ਕਰਮ-ਵਾਚ, ਲਿੰਗ, ਵਚਨ, ਅਤੇ ਵਿਭਕਤੀ ਕਰਕੇ ਆਪਣੇ ਉਦੇਸ਼ 'ਨਿੰਦਿਆ' ਦੇ ਅਨੁਸਾਰ।

Digitized by Panjab Digital Library | www.panjabdigilib.org

# ਸ਼ਬਦ-ਰਚਨਾ

੪੩੩. ਰਚਨਾ ਦੇ ਅਨੁਸਾਰ ਸ਼ਬਦ ਦੋ ਤਰ੍ਹਾਂ ਦੇ ਹਨ-
(੧) ਮੂਲ ਸ਼ਬਦ ਅਤੇ (੨) ਸਾਧਿਤ ਸ਼ਬਦ।
**ਮੂਲ ਸ਼ਬਦ** ਉਹ ਹਨ ਜੋ ਹੋਰਨਾਂ ਸ਼ਬਦਾਂ ਤੋਂ ਨਹੀਂ ਬਣੇ ਹੁੰਦੇ।
**ਸਾਧਿਤ ਸ਼ਬਦ** ਉਹ ਹਨ ਜੋ ਮੂਲ ਸ਼ਬਦਾਂ ਤੋਂ ਬਣੇ ਹਨ।

## ਮੂਲ ਸ਼ਬਦ

੪੩੪. ਮੂਲ ਸ਼ਬਦ ਛੇ ਤਰ੍ਹਾਂ ਦੇ ਹਨ—
(੧) ਧਾਤੂ ; ਜਿਵੇਂ—ਚਲ, ਕਰ, ਖਾ, ਪੀ।
(੨) ਨਾਂਵ ; ਜਿਵੇਂ—ਧਨ, ਹੱਥ, ਨੱਕ।
(੩) ਸਰਬਨਾਂਵ ; ਜਿਵੇਂ—ਇਹ, ਜੋ।
(੪) ਵਿਸ਼ੇਸ਼ਣ ; ਜਿਵੇਂ—ਲਾਲ।
(੫) ਅੱਵੈ ; ਜਿਵੇਂ—ਵਿੱਚ।
(੬) ਧੁਨਿਆਤਮਕ ; ਜਿਵੇਂ ਕਾਂ-ਕਾਂ, ਖੜ-ਖੜ, ਛਣ-ਛਣ, ਹਿਣ-ਹਿਣ—ਇਨ੍ਹਾਂ ਵਿੱਚ ਮੂਲ ਧੁਨੀ ਦੁਹਰਾਈ ਗਈ ਹੈ।

## ਸਾਧਿਤ ਸ਼ਬਦ

੪੩੫. ਉੱਪਰ ਦੱਸੇ ਗਏ ਛੇ ਤਰ੍ਹਾਂ ਦੇ ਮੂਲ ਸ਼ਬਦਾਂ ਤੋਂ ਹੀ ਸਾਧਿਤ ਸ਼ਬਦ ਬਣਾਏ ਜਾਂਦੇ ਹਨ। ਉਦਾਹਰਣ ਹੇਠ ਦਿੱਤੇ ਜਾਂਦੇ ਹਨ—
(੧) ਧਾਤੂਆਂ ਤੋਂ ਬਣੇ ਹੋਏ—
ਚਾਲ, ਚਾਲਾ, ਚਾਲੂ, ਚਲਾਣ—ਇਹ ਚਲ ਧਾਤੂ ਤੋਂ ਬਣੇ ਹਨ।
ਕਾਰ, ਕਾਰਾ, ਕਰੂ—ਇਹ ਕਰ ਧਾਤੂ ਤੋਂ ਬਣਾਏ ਗਏ ਹਨ।
(੨) ਨਾਂਵਾਂ ਤੋਂ ਬਣੇ ਹੋਏ; ਜਿਵੇਂ—ਧਨ ਤੋਂ ਧਨੀ।
(੩) ਸਰਬਨਾਂਵਾਂ ਤੋਂ ; ਜਿਵੇਂ—ਕਿੱਥੋਂ, ਕਿਧਰ, ਕਿੱਥੇ।
(੪) ਵਿਸ਼ੇਸ਼ਣਾਂ ਤੋਂ ; ਜਿਵੇਂ—ਲਾਲ—ਲਾਲੀ।
(੫) ਅੱਵਿਆਂ ਤੋਂ ; ਜਿਵੇਂ—ਵਿੱਚ—ਵਿਚਲਾ।
(੬) ਧੁਨਿਆਤਮਕ ਸ਼ਬਦਾਂ ਤੋਂ ; ਜਿਵੇਂ—ਖੜ—ਖੜਾਕ, ਹਿਣ—ਹਿਣਕ।

## ਮੂਲ ਅਤੇ ਸਾਧਿਤ ਸ਼ਬਦ

੪੩੬. ਮੂਲ ਸ਼ਬਦਾਂ ਤੋਂ ਸਾਧਿਤ ਸ਼ਬਦ ਤਿੰਨ ਤਰ੍ਹਾਂ ਬਣਾਏ ਜਾਂਦੇ ਹਨ—
੧. ਸ਼ਬਦ ਦੇ ਸੁਰ ਨੂੰ ਬਦਲਣ ਨਾਲ ; ਜਿਵੇਂ—ਚਲ ਤੋਂ ਚਾਲ, ਗਿੜ ਤੋਂ ਗੇੜ।

Digitized by Panjab Digital Library | www.panjabdigilib.org

੨. ਮੂਲ ਸ਼ਬਦ ਦਾ ਵਾਧਾ ਕਰਨ ਨਾਲ ਅਰਥਾਤ—

(ਕ) ਅਗੇਤਰ ਲਗਾ ਕੇ ; ਜਿਵੇਂ—ਟਲ ਤੋਂ ਅ-ਟਲ ; ਬਲ ਤੋਂ ਨਿਰ-ਬਲ ।

(ਖ) ਪਿਛੇਤਰ ਲਗਾ ਕੇ ; ਜਿਵੇਂ—ਠੱਗ ਤੋਂ ਠੱਗੀ, ਛੇਕ ਤੋਂ ਛੇਕਲ ; ਲਿਖ ਤੋਂ ਲਿਖਤ, ਵੇਲ ਤੋਂ ਵੇਲਣਾ ਆਦਿ ।

ਕਈ ਵਾਰ ਓਸੇ ਸ਼ਬਦ ਵਿੱਚ ਸ਼ਬਦ-ਰਚਨਾ ਦੇ ਇਹ ਦੋਵੇਂ ਢੰਗ ਦਿਸਦੇ ਹਨ; ਜਿਵੇਂ—ਪਰਖ ਤੋਂ ਪਾਰਖੂ, ਚਲ ਤੋਂ ਚਾਲੂ, ਮੱਛ ਤੋਂ ਮਾਛੀ, ਟੁਕ ਤੋਂ ਟੋਕਾ ਆਦਿਕ ।

(੩) ਧੁਨਿਆਤਮਕ ਮੂਲ ਸ਼ਬਦਾਂ ਤੋਂ—

(ਕ) ਦੁਹਰਾ ਕੇ ; ਜਿਵੇਂ—ਖੜ-ਖੜ, ਛਣ-ਛਣ, ਗੜ-ਗੜ, ਭਿਣ-ਭਿਣ ।

(ਖ) ਪਿਛੇਤਰ ਲਗਾ ਕੇ , ਜਿਵੇਂ :—ਛਣ-ਕ-ਣਾ, ਗੜ-ਗੜਾ-ਟ ।

੪੩੭. ਉੱਪਰ ਦਸਿਆਂ ਢੰਗਾਂ ਨਾਲ ਧਾਤੂਆਂ ਤੋਂ ਨਾਂਵ ਆਦਿ ਹੀ ਨਹੀਂ ਬਣਾਏ ਜਾਂਦੇ, ਇਕ ਤਰ੍ਹਾਂ ਦੇ ਸ਼ਬਦਾਂ ਤੋਂ ਦੂਜੀ ਤਰ੍ਹਾਂ ਦੇ ਸ਼ਬਦ ਵੀ ਬਣਾਏ ਜਾਂਦੇ ਹਨ ਅਰਥਾਤ ਧਾਤੂ ਤੋਂ ਨਾਂਵ ਅਤੇ ਵਿਸ਼ੇਸ਼ਣ ਆਦਿ, ਵਿਸ਼ੇਸ਼ਣਾਂ ਤੋਂ ਨਾਂਵ, ਨਾਂਵਾਂ ਤੋਂ ਭਾਵਵਾਚਕ ਨਾਂਵ ਅਤੇ ਵਿਸ਼ੇਸ਼ਣ ਆਦਿ ਬਣਾਏ ਜਾਂਦੇ ਹਨ ; ਜਿਵੇਂ ਚਲ ਤੋਂ ਚਾਲ, ਚਲਾਣ, ਚਾਲੂ, ਮਿੱਠਾ ਤੋਂ ਮਿਠਾਈ, ਵੀਰ ਤੋਂ ਵੀਰਤਾ, ਦੇਸ ਤੋਂ ਦੇਸੀ ।

੪੩੮. ਧਾਤੂ, ਧਾਤੂ ਤੋਂ ਬਣੇ ਹੋਏ ਸ਼ਬਦ ਜਾਂ ਨਾਂਵ ਦੇ ਪਹਿਲੇ ਜੋ ਅੱਖਰ ਲਗਾਏ ਜਾਂਦੇ ਹਨ, ਉਨ੍ਹਾਂ ਨੂੰ **ਅਗੇਤਰ** ਆਖਦੇ ਹਨ । ਇਨ੍ਹਾਂ ਅਗੇਤਰਾਂ ਵਿਚੋਂ ਜਿਹੜੇ ਧਾਤੂ ਜਾਂ ਧਾਤੂ ਤੋਂ ਬਣੇ ਹੋਏ ਸ਼ਬਦ ਤੋਂ ਪਹਿਲੇ ਲਗਾਏ ਜਾਂਦੇ ਹਨ, ਉਨ੍ਹਾਂ ਨੂੰ **ਉਪਸਰਗ** ਕਹਿੰਦੇ ਹਨ ।

੪੩੯. ਪੰਜਾਬੀ ਦੇ ਕੁਝ ਚਾਲੂ ਅਗੇਤਰ ਜੋ ਸ਼ਬਦਾਂ ਦੇ ਪਹਿਲੇ ਆ ਕੇ ਉਨ੍ਹਾਂ ਦੇ ਅਰਥ ਬਹੁਤ ਵਾਰ ਬਦਲ ਦੇਂਦੇ ਹਨ, ਇਹ ਹਨ—

ਉਣ-, ਉਨ-[< ਸੰ० ਊਨ] ਇਕ ਘਟ ਦੇ ਅਰਥ ਵਿਚ ; ਜਿਵੇਂ—ਉੱਨੀ (=ਇਕ ਘਟ ਵੀਹ), ਉੱਣਤੀ, ਉਣਤਾਲੀ, ਉਣੰਜਾ ਆਦਿ ।

ਉਪ-[ਸੰ० उप-] —ਨੇੜੇ, ਛੋਟਾ ; ਜਿਵੇਂ—ਉਪ-ਪਰਧਾਨ, ਉਪ-ਮੰਤ੍ਰੀ ।

ਅ-(< ਸੰ० अ-) ਨਾ ਜਾਂ ਬਿਨਾ ਦੇ ਅਰਥ ਵਿੱਚ ਆਉਂਦਾ ਹੈ; ਜਿਵੇਂ—

ਅਕਾਲ, ਅਟਲ, ਅੱਫਲ, ਅਮਿਟ, ਅਲੱਖ, ਅਦਿੱਸ, ਅਵੱਲੀ, ਅਵੇਰਾ, ਅਥਾਹ, ਅਜਾਣ, ਅਮਰ, ਅਰੋਗ, ਅਨਾਥ ।

ਅਨ-, -ਅਣ ਇਹ ਵੀ ਨਾ ਜਾਂ ਬਿਨਾ ਦਾ ਅਰਥ ਪਰਗਟ ਕਰਦੇ ਹਨ ; ਜਿਵੇਂ—ਅਣਗਿਣਤ, ਅਨ-ਗਹਿਲੀ, ਅਨ-ਸੁਣੀ, ਅਣਹੋਣੀ, ਅਣਛਾਤਾ. ਅਣਜਾਣ, ਅਣਝੱਕ, ਅਣਡਿੱਠਾ, ਅਣਧੋਤੀ, ਅਨਪੜ੍ਹ, ਅਨਮੋੜ, ਅਨਮੋਲ, ਅਨੰਤ ।

Digitized by Panjab Digital Library | www.panjabdigilib.org

ਚੇਤੇ ਰਹੇ—ਸੰਸਕ੍ਰਿਤ ਵਿੱਚ 'अ-' ਉਨ੍ਹਾਂ ਸ਼ਬਦਾਂ ਦੇ ਪਹਿਲੇ ਜੋੜਿਆ ਜਾਂਦਾ ਹੈ ਜੋ ਵਿਅੰਜਨ ਨਾਲ ਸ਼ੁਰੂ ਹੁੰਦੇ ਹਨ ਅਤੇ 'अन्-' ਉਨ੍ਹਾਂ ਦੇ ਪਹਿਲੇ ਜੋ ਸੁਰ ਨਾਲ ਸ਼ੁਰੂ ਹੁੰਦੇ ਹਨ ; ਪਰ ਪੰਜਾਬੀ ਵਿੱਚ 'ਅਨ-' ਜਾਂ 'ਅਣ-' ਉਨ੍ਹਾਂ ਸ਼ਬਦਾਂ ਨਾਲ ਵੀ ਜੋੜਿਆ ਜਾਂਦਾ ਹੈ, ਜੋ ਵਿਅੰਜਨ ਨਾਲ ਸ਼ੁਰੂ ਹੁੰਦੇ ਹਨ ।

ਅਬ-(<ਸੰ०अप-) 'ਬੁਰਾ' ਦਾ ਅਰਥ ਦੇਂਦਾ ਹੈ ; ਜਿਵੇਂ—ਅਬਜਸ, ਅਬਦਿਨ ।

ਅਵ-, ਔ-[<ਸੰ० अव-]; ਜਿਵੇਂ—ਔਗੁਣ ।

ਸ-(<ਸੰ० स-) 'ਨਾਲ' ਜਾਂ 'ਵਾਲਾ' ਅਰਥ ਵਿੱਚ ਆਉਂਦਾ ਹੈ ; ਜਿਵੇਂ—ਸਫਲ, ਸਬਲ, ਸ-ਲੂਣਾ (ਲੂਣ ਵਾਲਾ) ।

ਸਤ-(<ਸੰ०सत्-) 'ਹੱਛਾ' ਅਰਥ ਦਾ ਬੋਧ ਕਰਾਉਂਦਾ ਹੈ ; ਜਿਵੇਂ—ਸਤਗੁਰੂ, ਸਤਕਾਰ ।

ਸੁ-(<ਸੰ० सु-) 'ਹੱਛਾ' ਅਰਥ ਦਾ ਬੋਧ ਕਰਾਉਂਦਾ ਹੈ ; ਜਿਵੇਂ—ਸੁਪੁੱਤ੍ਰ, ਸੁਢੱਜੀ, ਸੁਮੱਤ, ਸੁਬੁੱਧ, ਸੁਚੱਜੀ, ਸੁਲਖਣਾਂ, ਸੁਭਾਗਾ, ਸੁਵਖਤਾ, ਸੁਜਾਣ, ਸੁਘੜ, ਸੁਡੌਲ, ਸੁਕਾਲ।

ਕੁ-, ਕ-(<ਸੰ० कु-) 'ਬੁਰਾ' ਅਰਥ ਵਿੱਚ ; ਜਿਵੇਂ—ਕੁਲੱਛਣ, ਕੁਮੱਤ, ਕੁਸੋਹਣੀ, ਕੁਸੋਭਾ, ਕੁਕਰਮ, ਕੁਚੱਜੀ, ਕੁਲੱਕੜ, ਕੁਚਾਲ, ਕੁਧਰਮੀ, ਕੁਪੱਤਾ, ਕੁਪੱਤਣ, ਕੁਬੁੱਧ, ਕੁਬੋਲ, ਕਬੋਲ, ਕੁਮੱਤ, ਕੁਰਾਹ, ਕੁਰਸਤਾ, ਕੁਰੀਤ, ਕੁਰੂਪ, ਕੁਮੌਤ (ਭੈੜੀ ਮੌਤ), ਕੁਲਖਣੀ ।

ਦੁ-[<ਸੰ० दुर्-] ਭੈੜਾ, ਘਟੀਆ ਅਰਥ ਵਿੱਚ ; ਜਿਵੇਂ—ਦੁਹਾਗਣ, ਦੁਹੇਲਾ, ਦੁਸਾਸਨ ।

ਦੁਰ-[ਸੰ० दुर्-, दुस्-] 'ਭੈੜਾ', 'ਔਖਾ' ਆਦਿ ਅਰਥਾਂ ਦਾ ਬੋਧ ਕਰਾਉਂਦਾ ਹੈ । ਉਦਾਹਰਣ—ਦੁਰ-ਲਭ (ਜੋ ਔਖਾ ਲੱਭੇ), ਦੁਰਗੰਧ ।

ਨ-[<ਫ਼ਾ० ਨਾ-] 'ਨਾ' ਅਰਥ ਦਾ ਬੋਧ ਕਰਾਂਦਾ ਹੈ ; ਜਿਵੇਂ—ਨਦਾਨ, ਨ-ਲੈਕ, ਨਕਾਬਲ ।

ਨ-, ਨਿ-[<ਸੰ० निर्-] 'ਬਿਨ' ਅਰਥ ਦਾ ਬੋਧ ਕਰਾਉਂਦਾ ਹੈ ; ਜਿਵੇਂ—ਨਿ-ਡਰ, ਨਿ-ਮਾਨਾ, ਨਿਤਾਨਾ, ਨਿਆਸਰਾ, ਨਿਖੱਟੂ, ਨਰੋਇਆ, ਨਕੰਮਾ, ਨਿਰਸ, ਨਕਾਰਾ, ਨਥਾਵਾਂ ।

ਨਿਹ-[<ਸੰ० निस्]; ਜਿਵੇਂ—ਨਿਹਚਲ ।

ਨਿਰ-[<ਸੰ० निर्, निस्] ਬਾਹਰ ਜਾਂ ਬਿਨਾਂ ਅਰਥ ਵਿੱਚ ਆਉਂਦੇ ਹਨ ; ਜਿਵੇਂ—ਨਿਰਬਲ, ਨਿਰਮਲ (>ਨਿਰੋਲ), ਨਿਰਾਸ, ਨਿਰਧਨ, ਨਿਰਵੈਰ, ਨਿਰਗੁਣ । ਗੁ० ਬਾ० ਨਿਰਮਲ ।

Digitized by Panjab Digital Library | www.panjabdigilib.org

ਨਿਸ-[< ਸੰ० ਨਿਸ੍] 'ਬਾਹਰ' ਅਰਥ ਦਾ ਬੋਧ ਕਰਾਂਦਾ ਹੈ ; ਜਿਵੇਂ—ਪੰ० ਨਿਸਤਾਰਾ (ਗੁ० ਬਾ० ਨਿਸਤਾਰ)।

ਪ-, ਪ੍ਰ-, ਪਰ-, ਪੜ-[ਸੰ० ਪ੍ਰ-) ਚੰਗਿਆਈ, ਬਹੁਤਾ—ਇਨ੍ਹਾਂ ਅਰਥਾਂ ਦਾ ਬੋਧ ਕਰਾਂਦੇ ਹਨ ; ਜਿਵੇਂ—

ਪ-; ਜਿਵੇਂ—ਪ-ਸਾਰ, ਪ-ਸਾਰਾ।

ਪ੍ਰ-; ਜਿਵੇਂ—ਪ੍ਰਤਾਪ।

ਪਰ-; ਜਿਵੇਂ—ਪਰਵਾਣ, ਪਰਧਾਨ, ਪਰਤਾਪ, ਪਰਨਾਲਾ।

ਪੜ-; ਜਿਵੇਂ—ਪੜ-ਛਾਵਾਂ, ਪੜ-ਪੋਤਾ, ਪੜਨਾਨਾ, ਪੜ-ਦਾਦਾ, ਪੜ-ਤੇਲੀ।

ਬੇ-[< ਫ਼ਾ० ਬੇ-] 'ਬਿਨਾਂ' ਅਰਥ ਦਾ ਬੋਧ ਕਰਾਉਂਦਾ ਹੈ ; ਜਿਵੇਂ—ਬੇ-ਹੋਸ਼, ਬੇ-ਵਕੂਫ, ਬੇ-ਚੈਨ, ਬੇ-ਸਮਝ, ਬੇ-ਢੰਗਾ, ਬੇ-ਧੜਕ, ਬੇ-ਡੌਲ, ਬੇ-ਅੰਤ, ਬੇ-ਹਦ, ਬੇ-ਪਰਵਾਹ, ਬੇ-ਥਵਾ।

ਮ-[ਫ਼ਾ० ਮ-], ਮਨ-(ਤੁ० ਅ- ਅਤੇ ਅਨ-)। ਇਹ ਵੀ 'ਨਾ' ਅਰਥ ਦਾ ਬੋਧ ਕਰਾਉਂਦੇ ਹਨ ; ਜਿਵੇਂ—ਮਦੇਹ (ਨਾ ਦੇਣ ਵਾਲਾ), ਮਛੱਡ (ਨਾ ਛੱਡਣ ਵਾਲਾ), ਮ- ਚਲਾ (ਨਾ ਚਲਣ ਵਾਲਾ, ਜੋ ਹਿੱਲੇ-ਜੁੱਲੇ ਨਾ), ਮਨਤਾਰੂ (ਜੋ ਤਰਨਾ ਨਾ ਜਾਣੇ), ਮਖੱਟੂ (ਨਾ ਖੱਟਣ ਵਾਲਾ)।

ਕੀ 'ਅਨ-ਤਾਰੂ' ਦੇ ਪਹਿਲੇ 'ਮ' ਜੋੜ ਕੇ 'ਮਨਤਾਰੂ' ਬਣਾਇਆ ਗਿਆਹੈ ?

ਲਾ-[.ਅ० ਲਾ-] 'ਨਾ' ਅਰਥ ਦਾ ਬੋਧ ਕਰਾਉਂਦਾ ਹੈ; ਜਿਵੇਂ–ਲਾ-ਇਲਾਜ, ਲਾ-ਦਵਾ, ਲਾ-ਜਵਾਬ, ਲਾ-ਚਾਰ ਜਾਂ ਲ-ਚਾਰ।

ਵ-, ਵਿ-[< ਸੰ० ਵਿ-]—ਬਿਨਾ, ਵਖਰਾ, ਖਾਸ—ਇਨ੍ਹਾਂ ਅਰਥਾਂ ਨੂੰ ਪ੍ਰਗਟ ਕਰਦਾ ਹੈ ; ਜਿਵੇਂ—ਵਿਗਾੜ, ਵਿਚਾਰ, ਵਿਰੋਧ, ਵਿਜੋਗ, ਵਿਅਰਥ।

## ਕਾਰਦੰਤਕੀ ਪਿਛੇਤਰ

੪੪੦. ਧਾਤੂ ਦੇ ਪਿੱਛੇ ਜਿਹੜੇ ਪਿਛੇਤਰ ਕਾਰਦੰਤਕ ਬਣਾਉਣ ਲਈ ਲਗਾਏ ਜਾਂਦੇ ਹਨ, ਉਨ੍ਹਾਂ ਨੂੰ ਕਾਰਦੰਤਕੀ ਪਿਛੇਤਰ ਆਖਦੇ ਹਨ; ਜਿਵੇਂ—ਚਟ-ਣੀ, ਵਿੱਚ '-ਣੀ' ਅਤੇ ਪਿ-ਆਕ ਵਿੱਚ '-ਆਕ'।

ਚੇਤੇ ਰਹੇ ਕਿ 'ਸੌਣਾ', 'ਚਲਨਾ', 'ਹੱਸਣਾ' ਆਦਿ ਧਾਤੂ ਨਹੀਂ ਹਨ, ਕਾਰਦੰਤਕ ਹਨ, ਕਿਉਂ ਜੁ ਇਹ ਸੌਂ, ਚਲ, ਹਸ ਧਾਤੂਆਂ ਦੇ ਪਿੱਛੇ '-ਣਾ' ਪਿਛੇਤਰ ਲਗਾਕੇ ਬਣਾਏ ਗਏ ਹਨ।

੪੪੧. ਕਦੇ ਨਿਰਾ ਧਾਤੂ ਹੀ ਭਾਵ-ਵਾਚਕ ਨਾਂਵ ਬਣਿਆ ਦਿਸਦਾ ਹੈ; ਜਿਵੇਂ—
ਪੁੱਛ (ਇਸਤਰੀ०), ਬੋਲ (ਪੁੰ०), ਖੇਡ (ਇਸਤਰੀ०), ਮਾਰ (ਇਸਤਰੀ०), ਛੇੜ (ਇਸਤਰੀ०), ਪਗੜ (ਇਸਤਰੀ), ਲੁੱਟ (ਇਸਤਰੀ०)।

੪੪੨. ਭਾਵ-ਵਾਚਕ ਨਾਂਵ ਬਣਾਉਣ ਲਈ ਕਦੇ ਧਾਤੂ ਦੇ ਹ੍ਰਸ੍ਵ ਸੁਰ ਨੂੰ ਗੁਣ ਜਾਂ ਦੀਰਘ ਵਿੱਚ ਬਦਲਿਆ ਜਾਂਦਾ ਹੈ ; ਜਿਵੇਂ—

Digitized by Panjab Digital Library | www.panjabdigilib.org

ਚਲ—ਚਾਲ, ਮਿਲ—ਮੇਲ, ਤੁਰ—ਤੋਰ, ਮੁੜ—ਮੋੜ, ਰੁਕ—ਰੋਕ, ਝੁਕ—ਝੋਕ, ਵਧ—ਵਾਧ, ਘਟ—ਘਾਟ, ਕੱਤ—ਕਾਤ, ਕਤਰ—ਕਾਤਰ, ਮੰਨ—ਮਾਨ ।

੪੪੩. ਪੰਜਾਬੀ ਦੇ ਪ੍ਰਚਲਿਤ ਕਾਰਦੰਤਕੀ ਪਿਛੇਤਰ ਇਹ ਹਨ :—

-ਅਕ—ਇਸ ਨਾਲ ਭਾਵ-ਵਾਚਕ ਨਾਂਵ ਬਣਦੇ ਹਨ ; ਜਿਵੇਂ—

ਬੈਠ—ਬੈਠਕ, ਪਗੜ—ਪਗੜਾਈ ।

-ਅਤ [ਸੰ० -ਤਿ] ਭਾਵ-ਵਾਚਕ ਨਾਂਵ ਬਣਾਉਂਦਾ ਹੈ ; ਜਿਵੇਂ—ਰੰਗਤ, ਲਿਖਤ, ਪੜ੍ਹਤ, ਸਲੋਹਤ, ਘੜਤ, ਬਣਤ, ਬਚਤ, ਚੜ੍ਹਤ ; [ਤੁ० ਸੰ० कृति > ਪੰ० ਕਿਰਤ] ।

-ਅਣ, -ਅਨ [ਸੰ० -अन-] ਭਾਵਾਰਥ ਬਣਾਉਂਦਾ ਹੈ ; ਜਿਵੇਂ—

ਪੜ੍ਹਨ, ਲਿਖਣ, ਉੱਠਣ, ਬਹਣ, ਮਰਨ, ਜੀਉਣ, ਖਾਣ, ਪੀਣ, ਦੇਖਣ, ਸੁਣਨ, ਗਿਆਨ, ਧਿਆਨ ।

-ਅਣ —ਅਜਿਹੇ ਨਾਂਵ ਵੀ ਬਣਾਉਂਦਾ ਹੈ, ਜਿਨ੍ਹਾਂ ਨਾਲ ਧਾਤੂ ਤੋਂ ਦੱਸੀ ਹੋਈ ਕ੍ਰਿਆ ਹੁੰਦੀ ਹੈ ; ਜਿਵੇਂ ਬਾਲਣ, ਝਾੜਨ, ਅਟੇਰਨ ।

-ਆ ਪੁੰ० [<ਸੰ०-अक] ਕਰਤਾ-ਵਾਚਕ ਨਾਂਵ ਬਣਾਉਂਦਾ ਹੈ ; ਜਿਵੇਂ—

ਮਾਂਜ—ਮਾਂਜਾ, ਪੋਚ-ਪੋਚਾ, ਖੜਾ—ਖੜਾਵਾ, ਵੰਡਾ—ਵੰਡਾਵਾ, ਵਰਤਾ—ਵਰਤਾਵਾ ।

-ਆ ਦੀ ਥਾਂ '-ਈ' ਕਰਨ ਨਾਲ ਇਸਤਰੀਲਿੰਗ ਬਣ ਜਾਂਦਾ ਹੈ ; ਜਿਵੇਂ—

ਖੜਾਵਾ—ਖੜਾਵੀ, ਬੁਲਾਵਾ—ਬੁਲਾਵੀ, ਵੰਡਾਵਾ—ਵੰਡਾਵੀ ।

-ਆ ਪੁੰ०, -ਈ ਇਸਤਰੀ०, ਧਾਤੂ ਦੇ ਸ੍ਵਰ ਦੀ ਥਾਂ ਗੁਣ ਕਰਕੇ ਇਹ ਪਿਛੇਤਰ ਕਰਤਾ-ਵਾਚਕ ਜਾਂ ਨਾਂਵ ਬਣਾਉਣ ਲਈ ਲਗਾਇਆ ਜਾਂਦਾ ਹੈ; ਜਿਵੇਂ—

ਰਿੜ—ਰੇੜਾ, ਰੇੜੀ ; ਛਿਲ—ਛੇਲਾ, ਟੁਕ—ਟੋਕਾ ।

-ਆ—ਭਾਵ-ਵਾਚਕ ਨਾਂਵ ਬਣਾਉਂਦਾ ਹੈ ; ਜਿਵੇਂ—

ਫੇਰ—ਫੇਰਾ, ਝਗੜ—ਝਗੜਾ, ਛਾਪ—ਛਾਪਾ, ।

-ਆਈ [-ਆ + ਈ] ; ਜਿਵੇਂ—ਚੜ੍ਹ—ਚੜ੍ਹਾਈ ।

-ਆਈ—ਕਾਰ ਦੀ ਉਜਰਤ ਦਾ ਬੋਧ ਕਰਾਉਂਦਾ ਹੈ; ਜਿਵੇਂ—

ਲੱਦ—ਲਦਾਈ, ਪੀਹ—ਪਿਹਾਈ, ਸਿਊਂ—ਸੁਆਈ, ਚਾਰ—ਚਰਾਈ, ਧੋ—ਧੁਆਈ, ਰੰਗ—ਰੰਗਾਈ ।

-ਆਕ—ਕਰਤਾ-ਵਾਚਕ ਨਾਂਵ ਬਣਾਉਂਦਾ ਹੈ ; ਜਿਵੇਂ

ਚਲ—ਚਲਾਕ, ਚੂਸ—ਚੁਸਾਕ, ਤਰ—ਤਰਾਕ, ਪੀ—ਪਿਆਕ, ਲੜ—ਲੜਾਕ ।

-ਆਕਾ—ਉਪਰਲੇ ਪਿਛੇਤਰ ਦਾ ਵੱਡਾ ਰੂਪ ਹੈ ; ਜਿਵੇਂ—ਲੜਾਕਾ ।

Digitized by Panjab Digital Library | www.panjabdigilib.org

-ਆਰ—ਕ੍ਰਿਆ ਦੇ ਕਰਤਾ ਦਾ ਬੋਧ ਕਰਾਉਂਦਾ ਹੈ; ਜਿਵੇਂ—ਉਡ—ਉਡਾਰ।

-ਆਰਾ [<ਸੰ० कार-क] ਭਾਵ-ਵਾਚਕ ਨਾਂਵ ਬਣਾਉਂਦਾ ਹੈ ; ਜਿਵੇਂ—

ਬਕ—ਬਕਾਰਾ (ਬਕਵਾਸ, ਬਕੜਵਾਹ), ਚਮਕ—ਚਮਕਾਰਾ, ਲਿਸ਼ਕ—ਲਿਸ਼ਕਾਰਾ।

-ਆਲ — ਕ੍ਰਿਆ ਦੇ ਕਰਤਾ ਦਾ ਬੋਧ ਕਰਾਉਂਦਾ ਹੈ; ਜਿਵੇਂ—ਦੇ ਤੋਂ ਦੁਆਲ।

-ਇਆ [ਸੰ० (इ) -त-] ਭੂਤ ਕਾਰਦੰਤਕ ਬਣਾਉਂਦਾ ਹੈ ; ਜਿਵੇਂ—

ਲਿਖਿਆ, ਪੜ੍ਹਿਆ, ਸੁਣਿਆ, ਮੰਨਿਆ, ਭੇਜਿਆ, ਆਦਿ।

-ਇਤ [ਸੰ० -त] ਭੂਤ ਕਾਰਦੰਤਕ ਬਣਾਉਂਦਾ ਹੈ, ਜਿਵੇਂ :—

ਲਿਖਿਤ (ਲਿਖਿਆ ਹੋਇਆ), ਪ੍ਰਚਲਿਤ, ਕਥਿਤ, ਰਚਿਤ।

-ਊ [<ਸੰ० -तृ -क] ਕਰਤਾ ਦਾ ਬੋਧ ਕਰਾਉਂਦਾ ਹੈ ; ਜਿਵੇਂ—ਖਾ—ਖਾਊ, ਗਵਾ—ਗਵਾਊ, ਕਰੂ [<ਸੰ० कर्तृक], ਮਾਰੂ, ਮਨਖੱਟੂ, ਉਡਾਊ, ਰੋਹੜੂ, ਖਿਸਕੂ, ਪਹੁੰਚੂ।

ਇਹ '-ਊ' ਭਵਿਖਤ ਦਾ ਵੀ ਬੋਧ ਕਰਾਉਂਦਾ ਹੈ ; ਜਿਵੇਂ—'ਪਹੁੰਚੂ' ਅਰਥਾਤ 'ਪਹੁੰਚੇਗਾ', 'ਜਾਊ'='ਜਾਇਗਾ'।

-ਊ—ਕਰਤਾ ਦਾ ਬੋਧ ਕਰਾਉਂਦਾ ਹੈ। ਧਾਤੂ ਦਾ ਸੁਰ ਦੀਰਘ ਹੋ ਜਾਂਦਾ ਹੈ ; ਜਿਵੇਂ—ਪਰਖ—ਪਾਰਖੂ, ਚਲ—ਚਾਲੂ।

-ਏਬਾ [ਤੁ० ਹਿੰ० -इबो] ਭਾਵ-ਵਾਚਕ ਨਾਂਵ ਬਣਾਉਂਦਾ ਹੈ; ਜਿਵੇਂ—

ਵੱਸ—ਵਸੇਬਾ।

ਏਂਵਾ [-ਤੁ० ਹਿੰ० -इवो] ਧਾਤੂ ਨਾਲ ਜੁੜ ਕੇ ਭਾਵ-ਵਾਚਕ ਨਾਂਵ ਬਣਾਉਂਦਾ ਹੈ; ਜਿਵੇਂ—

ਫਿੱਟ—ਫਿਟੇਂਵਾਂ; ਆਫਰ—ਅਫਰੇਵਾਂ ; ਰੁੱਝ—ਰੁਝੇਵਾਂ ; ਥੱਕ—ਥਕੇਂਵਾਂ ; ਅੱਕ—ਅਕੇਵਾਂ।

-ਓਂ—ਧਾਤੂ ਨਾਲ ਜੁੜਕੇ ਭਾਵ-ਵਾਚਕ ਨਾਂਵ ਬਣਾਉਂਦਾ ਹੈ ; ਜਿਵੇਂ—ਵਰਤ—ਵਰਤੋਂ, ਵੱਸ—ਵੱਸੋਂ।

-ਕਾਰ [<ਸੰ०-कार] ਭਾਵ-ਵਾਚਕ ਨਾਂਵ ਬਣਾਉਂਦਾ ਹੈ; ਜਿਵੇਂ—

ਝਲ-ਕਾਰ, ਲਿਸ਼-ਕਾਰ, ਚਮ-ਕਾਰ।

-ਣਾ [<ਸੰ० -अनीय-] ਵਿਧਿਅਰਥਕ ਕਾਰਦੰਤਕ ਬਣਾਂਦਾ ਹੈ (ਦੇਖੋ § ੩੦੧)।

-ਣਾ [ਸੰ० -अन-] ਧਾਤੂ ਨਾਲ ਲਗਕੇ ਸਾਧਨ ਜਾਂ ਸੰਦ ਦਾ ਅਰਥ ਦੇਂਦਾ ਹੈ ; ਜਿਵੇਂ—

Digitized by Panjab Digital Library | www.panjabdigilib.org

ਛਣਕ—ਛਣਕਣਾ, ਖਿਡਾ—ਖਡੌਣਾ, ਖੁਰਕ—ਖੁਰਕਣਾ, ਟੰਗ—ਟੰਗਣਾ, ਵੇਲ—ਵੇਲਣਾ ।

-ਇਸਤ੍ਰੀਲਿੰਗ ਲਈ -ਣੀ ਲਗਾਇਆ ਜਾਂਦਾ ਹੈ ; ਜਿਵੇਂ— ਮਧਾਣੀ ਫੇਲਣੀ, ਛਾਣਨੀ ।

-ਣਾ, -ਨਾ [<ਸੰ० -अन-] ਭਾਵਾਰਥ ਬਣਾਂਦਾ ਹੈ। ਉਦਾਹਰਣ—ਕਰਨਾ, ਜਾਣਾ, ਆਖਣਾ, ਸੌਣਾ, ਪੀਣਾ ।

-ਣੀ ਇਸਤ੍ਰੀਲਿੰਗ ਭਾਵਾਰਥ ਹੈ , ਜਿਵੇਂ ਕਰਨੀ, ਮਿਲਣੀ ।

-ਤਾ [<ਸੰ० -तृ] ਕਰਤਾ-ਵਾਚਕ ਨਾਂਵ ਬਣਾਉਂਦਾ ਹੈ ; ਜਿਵੇਂ—

ਕਰਤਾ, ਦਾਤਾ, ਭਰਤਾ, ਸ੍ਰੋਤਾ, ਵਕਤਾ ।

-ਤਾਰ—ਇਹ ਵੀ -ਤਾ ਦਾ ਹੀ ਸੰਬੰਧੀ ਹੈ। ਉਦਾਹਰਣ—ਕਰਤਾਰ, ਭਰਤਾਰ, ਦਾਤਾਰ ਆਦਿ ।

-ਤੀ [<ਸੰ० -ति] ਭਾਵ-ਵਾਚਕ ਨਾਂਵ ਬਣਾਉਦਾ ਹੈ ; ਜਿਵੇਂ—ਗਿਣਤੀ, ਮਿਣਤੀ, ਭਰਤੀ ।

-ਦਾ, -ਦੀ, [<अप०-अंतत >ਦਾ] ਵਰਤਮਾਨ ਕਾਰਦੰਤਕ ਬਣਾਂਦੇ ਹਨ ; ਜਿਵੇਂ—ਕਰਦਾ, ਚਲਦਾ, ਡਰਦਾ, ਫਿਰਦੀ, ਸੁਣਦੀ, ਜਾਂਦਾ, ਪੀਂਦਾ, ਸੌਂਦੀ ।

-ਵਾਂ—ਇਸ ਨਾਲ ਵਿਸ਼ੇਸ਼ਣ ਬਣਦੇ ਹਨ ; ਜਿਵੇਂ—ਚੋਣਵਾਂ, ਮਾਂਗਵਾਂ, ਰੱਜਵਾਂ (ਰੱਜਵਾਂ ਟੁੱਕਰ), ਨਚਵਾਂ, ਲੁਕਵਾਂ ਆਦਿ ।

## ਤਧਿੱਤ

੪੪੪. ਨਾਂਵ, ਵਿਸ਼ੇਸ਼ਣ ਆਦਿ ਦੇ ਪਿੱਛੇ ਜਿਹੜੇ ਪਿਛੇਤਰ ਲਗਦੇ ਹਨ, ਉਨ੍ਹਾਂ ਨੂੰ ਤੱਧਿਤ ਆਖਦੇ ਹਨ ।

ਪਹਿਲਾ ਪਿਛੇਤਰ ਕ੍ਰਿਤ ਧਾਤੂ ਨਾਲ ਲਗਦਾ ਹੈ ਅਤੇ ਦੂਜਾ ਅਰਥਾਤ ਤੱਧਿਤ ਨਾਂਵ ਆਦਿ ਨਾਲ ।

੪੪੫. ਤੱਧਿਤ ਦੋ ਤਰ੍ਹਾਂ ਦੇ ਹਨ :—

(੧) ਤਦਭਵ, ਜਿਨ੍ਹਾਂ ਦਾ ਪੁਰਾਣਾ ਰੂਪ ਵਟ ਗਿਆ ਹੈ ; ਜਿਵੇਂ—(ਸੰ० -कार>) -ਆਰ [ਸੰ० लोहकार> ਪੰ० ਲੁਹਾਰ] ।

(੨) ਤਤਸਮ ਤੱਧਿਤ ਜੋ ਹੋਰਨਾਂ ਭਾਸ਼ਾਵਾਂ ਤੋਂ ਆਏ ਹਨ ਅਤੇ ਓਵੇਂ ਦੇ ਓਵੇਂ ਪੰਜਾਬੀ ਵਿੱਚ ਮਿਲਦੇ ਹਨ ; ਜਿਵੇਂ—ਅਧੀਨਤਾ ਦਾ -ਤਾ ਤੱਧਿਤ ਤਤਸਮ ਹੈ ।

੪੪੬. ਪੰਜਾਬੀ ਦੇ ਪ੍ਰਚਲਿਤ ਤੱਧਿਤੁ ਇਹ ਹਨ—

-ਅਕ—ਨਾਂਵ ਤੋਂ ਵਿਸ਼ੇਸ਼ਣ ਬਣਾਂਦਾ ਹੈ; ਜਿਵੇਂ—

ਸਰੀਰ—ਸਰੀਰਕ, ਅਰਥ—ਆਰਥਕ, ਦਿਨ—ਦੈਨਕ, ਧਰਮ—ਧਾਰਮਕ ।

ਅਸਲ ਵਿੱਚ ਇਹ -ਇਕ ਪਿਛੇਤਰ ਦਾ ਹੀ ਦੂਜਾ ਰਪ ਹੈ ।

Digitized by Panjab Digital Library | www.panjabdigilib.org

-ਅਲ—ਨਾਂਵ ਨਾਲ ਜੁੜ ਕੇ ਵਿਸ਼ੇਸ਼ਣ ਦਾ ਬੋਧ ਕਰਾਉਂਦਾ ਹੈ ; ਜਿਵੇਂ—
ਛੇਕ—ਛੇਕਲ, ਡੋਕ—ਡੋਕਲ, ਢਿੱਡ—ਢਿੱਡਲ, ਤਾਪ—ਤਾਪਲ।

-ਅਲ—ਵਡੱਪਣ ਦਾ ਬੋਧ ਕਰਾਉਂਦਾ ਹੈ; ਜਿਵੇਂ—ਪੱਤ—ਪੱਤਲ।

-ਅੜ—ਵੱਡੇ ਹੋਣ ਦਾ ਬੋਧ ਕਰਾਉਂਦਾ ਹੈ ਜਿਵੇਂ;—ਪੱਗ—ਪੱਗੜ।

-ਆ[<ਸੰ० -ਕ] ਪੁ०, -ਈ [<ਸੰ० -ਇਕਾ] ਇਸਤ੍ਰੀ०। ਇਹ ਦੋਵੇਂ ਚਾਲੂ ਪਿਛੇਤਰ ਹਨ। ਜਦ ਲਿੰਗ ਦਾ ਬੋਧ ਕਰਾਉਣ ਵਾਲੇ ਪੁਰਾਣੇ ਪਿਛੇਤਰ ਝੜਨ ਲੱਗ ਪਏ, ਤਦ ਉਨ੍ਹਾਂ ਦੀ ਥਾਂ ਨਵਿਆਂ ਦਾ ਜਨਮ ਹੋਇਆ। ਇਸੇ ਕਾਰਨ ਕਈ ਪੁਰਾਣੇ ਰੂਪ ਵਾਲਿਆਂ ਨਾਂਵਾਂ ਅਤੇ ਵਿਸ਼ੇਸ਼ਣਾਂ ਦੇ ਦੂਹਰੇ ਰੂਪ—ਪੁਲਿੰਗ ਵਿੱਚ ਆਕਾਰਾਂਤ ਅਤੇ ਇਸਤ੍ਰੀਲਿੰਗ ਵਿੱਚ ਈਕਾਰਾਂਤ—ਮਿਲਦੇ ਹਨ। ਉਦਾਹਰਣ :—

| ਵਿਅੰਜਨਾਂਤ | ਆਕਾਰਾਂਤ ਪੁਲਿੰਗ | ਈਕਾਰਾਂਤ ਇਸਤ੍ਰੀਲਿੰਗ |
|---|---|---|
| ਅੱਖ (ਇਸਤ੍ਰੀ०) | ਅੱਖਾ | ਅੱਖੀ |
| ਸੋਕ ਇਸਤ੍ਰੀ० | ਸੋਕਾ | |
| ਸਿਰ (ਪੁ०) | ਸਿਰਾ | ਸਿਰੀ |
| ਹੱਥ (ਪੁ०) | ਹੱਥਾ | ਹੱਥੀ |
| ਕੰਨ (ਪੁ०) | ਕੰਨਾ | ਕੰਨੀ |
| ਗੇੜ (ਪੁ०) | ਗੇੜਾ | — |
| ਘਾਟ ਇਸਤ੍ਰੀ० | ਘਾਟਾ | — |
| ਚਾਲ (ਇਸਤ੍ਰੀ०) | ਚਾਲਾ | — |
| ਡਰ ਪੁ० | — | ਡਰੀ |
| ਡੋਬ (ਪੁ०) | ਡੋਬਾ | — |
| ਦੁਖੀ | ਦੁਖੀਆ | — |
| ਨੱਕ (ਪੁ०) | ਨੱਕਾ | ਨੱਕੀ |
| ਫੇਰ | ਫੇਰਾ | ਫੇਰੀ |
| ਬਾਂਹ (ਇਸਤ੍ਰੀ०) | — | ਬਾਹੀ |
| ਬੋਲ (ਪੁ०) | — | ਬੋਲੀ |
| ਮਖੌਲੀ (ਪੁ०) | ਮਖੌਲੀਆ | — |
| ਲੜਾਕ (ਪੁ०) | ਲੜਾਕਾ | ਲੜਾਕੀ |
| ਵਾਧ | ਵਾਧਾ | — |

ਇਹੋ ਹੇਠ ਲਿਖਿਆਂ ਸ਼ਬਦਾਂ ਦੇ ਅੰਤ ਵਿੱਚ ਵੀ ਦਿਸਦਾ ਹੈ :—

ਮਸੂਲੀਆ, ਟਹਿਲੀਆ, ਰਾਮਪੁਰੀਆ, ਜਿਦੀਆ, ਜੁਆਰੀਆ, ਆਦਿ।

-ਆ [ਫ਼ਾ० -ਅਹ] ਨਾਂਵ ਬਣਾਂਦਾ ਹੈ; ਜਿਵੇਂ—

ਦਸਤ—ਦਸਤਾ, ਮੂਹਰ—ਮੂਹਰਾ, ਸਬਜ਼—ਸਬਜ਼ਾ।

Digitized by Panjab Digital Library | www.panjabdigilib.org

-ਆ—ਨਾਂਵ ਤੋਂ ਵਿਸ਼ੇਸ਼ਣ ਬਣਾਂਦਾ ਹੈ ; ਜਿਵੇਂ :—

| ਨਾਂਵ | ਵਿਸ਼ੇਸ਼ਣ | ਨਾਂਵ | ਵਿਸ਼ੇਸ਼ਣ |
|---|---|---|---|
| ਜੋਗੀ | ਜੋਗੀਆ | ਮੈਲ | ਮੈਲਾ |
| ਠੰਡ | ਠੰਡਾ | ਮੋਤੀ | ਮੋਤੀਆ |
| ਤਰਖਾਣ | ਤਰਖਾਣਾ | ਲੁਹਾਰ | ਲੁਹਾਰਾ |
| ਭੁੱਖ | ਭੁੱਖਾ | ਨੀਲ | ਨੀਲਾ |

-ਆ—[<ਸੰ०-अ -क] ਸਮੂਹ ਦਾ ਬੋਧ ਕਰਾਉਂਦਾ ਹੈ । ਮੂਲ ਸ਼ਬਦ ਦਾ ਹ੍ਰਸ੍ਵ ਸ੍ਵਰ ਦੀਰਘ ਹੋ ਜਾਂਦਾ ਹੈ ; ਜਿਵੇਂ :—

| | | | |
|---|---|---|---|
| | | ਇੱਕ | ਏਕਾ |
| ਪੰਜ | ਪਾਂਜਾ | ਅੱਠ | ਆਠਾ |
| ਸੱਤ | ਸਾਤਾ | ਦਸ | ਦਾਹਾ |

ਕਿਤੇ -ਕਾ ਵੀ ਵਿਸਦਾ ਹੈ ; ਜਿਵੇਂ :—ਚੌਕਾ, ਛੀਕਾ ।

-ਆ—ਨਾਂਵ ਤੋਂ ਵਿਸ਼ੇਸ਼ਣ ਬਣਾਂਦਾ ਹੈ ; ਤੱਧਿਤ ਜੋੜਨ ਲੱਗੇ ਸ਼ਬਦਾਂ ਦੇ ਬਲ ਵਾਲੇ ਅੱਖਰ ਦਾ ਹ੍ਰਸ੍ਵ ਸ੍ਵਰ ਦੀਰਘ ਕੀਤਾ ਜਾਂਦਾ ਹੈ ; ਜਿਵੇਂ—

ਗਾਂ, ਗਊ—ਗਾਵਾ ; ਮੱਝ—ਮਾਝਾ ; ਬਕਰਾ, ਬਕਰੀ—ਬਾਕਰਾ ।

-ਆ—ਕਰਤਾ ਦਾ ਬੋਧ ਕਰਾਂਦਾ ਹੈ ; ਜਿਵੇਂ—

ਕੰਮ—ਕਾਮਾ ।

-ਆਈ—ਵਿਸ਼ੇਸ਼ਣ ਦੇ ਪਿੱਛੇ ਜੁੜ ਕੇ ਭਾਵਵਾਚਕ ਨਾਂਵ ਬਣਾਂਦਾ ਹੈ ; ਜਿਵੇਂ :—

ਚਤੁਰ—ਚਤੁਰਾਈ, ਭਲਾਮਾਨਸ—ਭਲਮਨਸਾਈ, ਉੱਚਾ—ਉਚਿਆਈ, ਬੁਰਾ—ਬੁਰਿਆਈ, ਮਿੱਠਾ—ਮਿਠਿਆਈ, ਮੋਟਾ—ਮੁਟਿਆਈ, ਲੰਮਾ—ਲੰਮਿਆਈ, ਵੱਡਾ-ਵਡਿਆਈ ।

ਪਿਛਲਿਆਂ ਛੇਆਂ ਉਦਾਹਰਣਾਂ ਵਿਚ ਆ+ਆ ਦੀ ਥਾਂ 'ਇਆ' ਹੋ ਗਿਆ ਹੈ ।

-ਆਕਲ [<ਸੰ० आकुल] ਨਾਂਵ ਤੋਂ ਵਿਸ਼ੇਸ਼ਣ ਬਣਾਂਦਾ ਹੈ; ਜਿਵੇਂ; ਡਰਾਕਲ, ਸ਼ਰਮਾਕਲ ।

-ਆਂਧ [<ਸੰ० गंध]—ਜਿਵੇਂ :—

ਸੜਿਆਂਧ (=ਸੜੇ ਦੀ ਗੰਧ ਜਾਂ ਬੋ), ਧੁਖਿਆਂਧ (=ਧੁਖੇ ਦੀ ਬੋ) ।

-ਆਨਾ [ਫ਼ਾ० ﺎﻧﻪ-    ] ਸਾਲ—ਸਾਲਾਨਾ ।

-ਆਰ [<ਸੰ० -कार ; ਤੁ० ਫ਼ਾ० -ਗਾਰ] ਕਰਤਾ ਜਾਂ ਕਾਰ ਕਰਨ ਵਾਲੇ ਦਾ ਬੋਧ ਕਰਾਉਂਦਾ ਹੈ ; ਜਿਵੇਂ :—

ਲੋਹਾ—ਲੁਹਾਰ, ਕੁੰਭ—ਘਮਿਆਰ, ਕੁੰਭਾਰ ਜਾਂ ਕੁਮ੍ਹਿਆਰ; ਖੇਡ—ਖਿਡਾਰ, ਖਡਾਰ ; ਬੋਲ—ਬੁਲਾਰ ।

Digitized by Panjab Digital Library | www.panjabdigilib.org

-ਆਰਾ [<ਸੰ० -ਕਾਰ -ਕ] ਕਰਤਾ ਦਾ ਬੋਧ ਕਰਾਉਂਦਾ ਹੈ; ਜਿਵੇਂ :—

ਵਣਜ—ਵਣਜਾਰਾ, ਸੋਨਾ—ਸੁਨਿਆਰਾ, ਹਤਿਆ—ਹਤਿਆਰਾ, ਹਿੰਸਾ—ਹੈਂਸਿਆਰਾ।

-ਆਰੀ [<सं०-कारिन-] ਕਰਤਾ ਦੇ ਅਰਥ ਵਿੱਚ ; ਜਿਵੇਂ :—

ਪੂਜਾ—ਪੁਜਾਰੀ (ਪੂਜਾ ਕਰਨ ਵਾਲਾ) ; ਲੇਖ—ਲਿਖਾਰੀ ; ਖੇਡ—ਖਿਡਾਰੀ ; ਨੀਲ—ਲਿਲਾਰੀ।

-ਆਰੀਆ [<ਸੰ० -कारिन-] ਕਰਤਾ ਦੇ ਅਰਥ ਵਿੱਚ ; ਜਿਵੇਂ :-

ਜੂਆ—ਜੁਆਰੀਆ।

-ਈ [<ਸੰ० -इक] ਜਿਸ ਨਾਂਵ ਦੇ ਪਿੱਛੇ ਲਗਾਇਆ ਜਾਂਦਾ ਹੈ ਉਸ ਦਾ ਵਿਚਲਾ ਸੁਰ ਦੀਰਘ ਹੋ ਜਾਂਦਾ ਹੈ। ਨਾਂਵ ਨਾਲ ਲਗ ਕੇ ਉਸ ਸੰਬੰਧੀ ਜਾਂ ਕਸਬੀ ਦਾ ਬੋਧ ਕਰਾਉਂਦਾ ਹੈ ; ਜਿਵੇਂ :—

ਮੱਛ—ਮਾਛੀ (<ਸੰ० मात्स्यिक :), ਗੰਧ—ਗਾਂਧੀ, ਪੰਧ—ਪਾਂਧੀ, ਮਹਿ—ਮਾਹੀ, ਫੰਧ—ਫਾਂਧੀ, ਜੰਞ—ਜਾਂਞੀ।

-ਈ [<ਸੰ० -इका] ਆਕਾਰਾਂਤ ਪੁਲਿੰਗਾਂ ਦਾ -ਆ ਹਟਾ ਕੇ ਅਤੇ -ਈ ਲਗਾ ਕੇ ਉਨ੍ਹਾਂ ਦੇ ਇਸਤ੍ਰੀਲਿੰਗ ਬਣਾਏ ਜਾਂਦੇ ਹਨ ; ਜਿਵੇਂ :—

| ਪੁਲਿੰਗ | ਇਸਤ੍ਰੀਲਿੰਗ | ਪੁਲਿੰਗ | ਇਸਤ੍ਰੀਲਿੰਗ |
|---|---|---|---|
| ਗੋਲਾ | ਗੋਲੀ | ਬਕਰਾ | ਬਕਰੀ |
| ਡੋਰਾ | ਡੋਰੀ | ਭੁੱਖਾ | ਭੁੱਖੀ |
| ਮੋਟਾ | ਮੋਟੀ | ਤੱਤਾ | ਤੱਤੀ |

-ਈ—ਭਾਵ-ਵਾਚਕ ਨਾਂਵ ਬਣਾਂਦਾ ਹੈ ; ਜਿਵੇਂ :—ਠੱਗ—ਠਗੀ, ਚੋਰ—ਚੋਰੀ, ਲਾਲ—ਲਾਲੀ।

ਬਦਾਮ—ਬਦਾਮੀ, ਸਰਦਾ—ਜਰਦਈ, ਗੁਲਾਬ—ਗੁਲਾਬੀ, ਸੁਰਮਾ—ਸਰਮਈ, ਪਿਆਜ—ਪਿਆਜੀ, ਖਾਕ—ਖਾਕੀ, ਨਾਂਵਾਂ ਤੋਂ ਬਣੇ ਇਹ ਵਿਸ਼ੇਸ਼ਣ ਰੰਗਾਂ ਨਾਲ ਵਰਤੇ ਜਾਂਦੇ ਹਨ।

-ਈ [<ਸੰ० -इन-, -इक -ईय] ਨਾਂਵ ਨਾਲ ਲਗ ਕੇ ਨਾਂਵ ਜਾਂ ਵਿਸ਼ੇਸ਼ਣ ਬਣਾਂਦਾ ਹੈ ; ਜਿਵੇਂ :—ਸੁਖ—ਸੁਖੀ, ਦੁਖ—ਦੁਖੀ, ਤੇਲ—ਤੇਲੀ, ਧਨ—ਧਨੀ, ਘੜਿਆਲ—ਘੜਿਆਲੀ, ਦਾਨ—ਦਾਨੀ; ਰੋਗ—ਰੋਗੀ, ਵੈਰ—ਵੈਰੀ, ਗੁਣ—ਗੁਣੀ, ਸਾਬ—ਸਾਬੀ, ਦੇਸ—ਦੇਸੀ, ਗਿਆਨ—ਗਿਆਨੀ, ਸੁਆਲ—ਸੁਆਲੀ, ਹਲਵਾ—ਹਲਵਾਈ, ਸੰਸਾਰ—ਸੰਸਾਰੀ, ਭੰਡਾਰ—ਭੰਡਾਰੀ, ਵਿਰਾਗ—ਵਿਰਾਗੀ।

-ਈ [ਫ਼ਾ० ਪਿਛੇਤਰ ਹੈ] ਵਿਸ਼ੇਸ਼ਣ ਨਾਲ ਲਗਕੇ ਭਾਵ-ਵਾਚਕ ਨਾਂਵ ਬਣਾਂਦਾ ਹੈ ; ਜਿਵੇਂ :—ਖ਼ੂਬ—ਖ਼ੂਬੀ, ਵਧੀਕ—ਵਧੀਕੀ, ਨੇਕ—ਨੇਕੀ, ਖ਼ੁਸ਼—ਖ਼ੁਸ਼ੀ, ਜੇਠ—ਜੇਠੀ, ਸਿਆਹ—ਸਿਆਹੀ, ਸੌਦਾਗਰ—ਸੁਦਾਗਰੀ, ਦੋਸਤ—ਦੋਸਤੀ। ਕਦੇ ਕ੍ਰਿਆ-ਵਿਸ਼ੇਸ਼ਣ ਨਾਲ ਵੀ ਲਗ ਜਾਂਦਾ ਹੈ ; ਜਿਵੇਂ :—ਹੇਠ—ਹੇਠੀ।

Digitized by Panjab Digital Library | www.panjabdigilib.org

-ਈਲਾ [<ਪ੍ਰਾ० -ਇੱਲ- <ਸੰ० -ਇਲ-] ਨਾਂਵਾਂ ਤੋਂ ਵਿਸ਼ੇਸ਼ਣ ਬਣਾਂਦਾ ਹੈ ; ਜਿਵੇਂ :—

ਰੰਗ—ਰੰਗੀਲਾ; ਰਸ—ਰਸੀਲਾ ।

-ਊ—ਨਾਂਵ ਤੋਂ ਵਿਸ਼ੇਸ਼ਣ ਬਣਾਂਦਾ ਹੈ । ਇਸ ਦੇ ਲੱਗਣ ਕਰ ਕੇ ਨਾਂਵ ਦਾ ਹ੍ਰਸ੍ਵ ਸੂਰ ਗੁਣ ਹੋ ਜਾਂਦਾ ਹੈ ।

ਉਦਾਹਰਣ :—ਪਿੰਡ—ਪੇਂਡੂ ।

-ਉ [<ਸੰ०-ਤਕ] ਇਹ ਪਿਆਰ ਦਾ ਬੋਧ ਕਰਾਉਂਦਾ ਹੈ ਅਤੇ ਅੰਤਲੇ -ਆ ਦੀ ਜਗਾ ਆਉਂਦਾ ਹੈ ਜਾਂ ਵਿਅੰਜਨਾਂਤ ਨਾਂਵ ਦੇ ਨਾਲ ਜੋੜਿਆ ਜਾਂਦਾ ਹੈ ;

ਜਿਵੇਂ :—

-'ਆ' ਦੀ ਜਗਾ -ਊ { ਕਾਲਾ—ਕਾਲੂ, ਬੱਚਾ—ਬੱਚੂ,<br>ਰਾਮਾ—ਰਾਮੂ, ਮਾੜਾ—ਮਾੜੂ,<br>ਭੋਲਾ—ਭੋਲੂ, ਨੱਥਾ—ਨੱਥੂ, ਮੁੰਡਾ—ਮੁੰਡੂ ।

ਵਿਅੰਜਨਾਂਤ ਦੇ ਨਾਲ -ਊ { ਸ਼ਾਲ—ਸ਼ਾਲੂ, ਕਣਕ—ਕਣਕੂ,<br>ਬਾਪ—ਬਾਪੂ, ਬਘਿਆੜ—ਬਘਿਆੜੂ,<br>ਛੱਜ—ਛੱਜੂ ।

-ਏਟਾ [< -ਬੇਟਾ]; ਜਿਵੇਂ—

ਖਤਰੇਟਾ (ਖੱਤਰੀ ਦਾ ਪੁੱਤਰ), ਜਟੇਟਾ (ਜੱਟ ਦਾ ਪੁੱਤਰ) ।

ਅਸਲ ਵਿੱਚ ਇਹ ਸਮਾਸੀ ਪਦ ਸਨ ।

-ਏਰਾ [< -ਕੇਰਾ]; ਜਿਵੇਂ—

ਫੁਫੇਰਾ, ਮਸੇਰਾ ।

-ਏਰਾ [<ਸੰ० -ਤਰ-] ਵਾਧੇ ਦਾ ਬੋਧ ਕਰਾਉਂਦਾ ਹੈ । [ਵੇਖੋ § ੨੫੨]

-ਏਰਾ [<ਸੰ० ਕਾਰ-] ਬਣਾਉਣ ਜਾਂ ਵੇਚਣ ਵਾਲੇ ਦਾ ਬੋਧ ਕਰਾਉਂਦਾ ਹੈ ; ਜਿਵੇਂ :—ਕਸੇਰਾ (ਕਾਂਸੀ ਜਾਂ ਕੈਂਹ ਦੇ ਭਾਂਡੇ ਵੇਚਣ ਵਾਲਾ) ; ਚਿਤੇਰਾ (ਚਿੱਤਰ ਬਣਾਉਣ ਵਾਲਾ) ; ਲੁੱਟ—ਲੁਟੇਰਾ ।

-ਓਰਾ, -ਓਲਾ, ਓਲੀਆ, ਓਰੀ—ਛੁਟਾਈ ਦਾ ਬੋਧ ਕਰਾਉਂਦੇ ਹਨ; ਜਿਵੇਂ—

ਪੱਟ—ਪਟੋਲਾ ; ਖੱਟ—ਖਟੋਲਾ ; ਸੱਪ—ਸਪੋਲੀਆ; ਡਾਂਗ—ਡੰਗੋਰੀ ।

-ਹਾਰ [<ਸੰ० -ਕਾਰ] ਭਾਵਾਰਥ ਜਾਂ ਨਾਂਵ ਦੇ ਨਾਲ ਜੋੜਿਆ ਜਾਂਦਾ ਹੈ ; ਜਿਵੇਂ :—

ਭਾਵਾਰਥ ਨਾਲ—ਸਿਰਜਣਹਾਰ, ਦੇਵਣਹਾਰ, ਮੇਟਣਹਾਰ, ਵਿਨਸਨਹਾਰ, ਖੇਲ੍ਹਣਹਾਰ, ਤਾਰਨਹਾਰ, ਬਖ਼ਸ਼ਣਹਾਰ, ਹੋਣਹਾਰ ।

Digitized by Panjab Digital Library | www.panjabdigilib.org

ਨਾਂਵ ਨਾਲ—ਔਗਣਹਾਰ ।

ਗੁ੦ ਬਾ੦ ਦੇਵਣ-ਹਾਰੁ, ਬੈਸਣ-ਹਾਰੁ, ਪੈਨਣ-ਹਾਰੁ; ਗਾਵਣ-ਹਾਰ, ਵਾਵਣ-ਹਾਰੇ । ਹਾਰਾ, ਹਾਰੀ ਇਸੇ ਪਿਛੇਤਰ ਦੇ ਵੱਡੇ ਰੂਪ ਹਨ ਹਸਣਹਾਰਾ ।

-ਕ [<ਪ੍ਰਾ॰ -क <ਸੰ॰ -क] ; ਛੁਟਾਈ ਦਾ ਬੋਧ ਕਰਾਉਂਦਾ ਹੈ ; ਜਿਵੇਂ :—ਢੋਲ—ਢੋਲਕ ; ਬਾਲ—ਬਾਲਕ ; ਜਾਤ—ਜਾਤਕ ; ਕੰਜ—ਕੰਜਕ ; ਰੱਤੀ—ਰੱਤਕ ।

-ਕੜੀ, -ਕੜੀ [<ਪ੍ਰਾ॰ -क+ਪੰ੦ -ੜੀ]; ਜਿਵੇਂ :— ਅਜੇਕੜੀ (ਹੀਰ—ਮੁਕਬਿਲ) ।

-ਕਾ [<ਪ੍ਰ॰ -क- <ਸੰ॰ -क-] ; ਇਸਤ੍ਰੀ੦ -ਕੀ—ਇਹ ਵੀ ਛੁਟਾਈ ਦਾ ਬੋਧ ਕਰਾਉਂਦੇ ਹਨ । ਉਦਾਹਰਣ :—

ਮੱਟ—ਮਟਕਾ ; ਪੱਟ—ਪਟਕਾ ; ਹਾ -ਕਾ—ਹੌਕਾ; ਵਾ -ਕਾ—ਵੌਕਾ; ਡੰਡਾ —ਡੇਡਕਾ, ਫੁਲ-ਕਾ, (ਡੰਡਾ ਤੋਂ) ਡੰਕਾ । ਛਿਲਕਾ, ਮਟਕਾ, ਗੁਟ-ਕਾ ਪਟ-ਕਾ ਵੀ -ਕਾ ਲਗਾਕੇ ਬਣਾਏ ਗਏ ਹਨ ।।

-ਕਾ ; ਇਸਤ੍ਰੀ੦ -ਕੀ—ਨਾਂਵ ਦੇ ਪਿੱਛੇ ਲਗ ਕੇ ਵਿਸ਼ੇਸ਼ਣ ਬਣਾਂਦੇ ਹਨ ; ਜਿਵੇਂ :—

ਜਟ—ਜਟਕਾ, ਜਟਕੀ ; ਗੈ—ਗੈਕਾ (ਦੁੱਧ) ; ਚਿਰ—ਚਿਰਕਾ, ਚਿਰਾਕੀ ।

ਕਦੇ -ਕਾ ਤੋਂ ਪਹਿਲਾਂ -ਓ- ਵੀ ਜੋੜਿਆ ਜਾਂਦਾ ਹੈ ; ਜਿਵੇਂ :—

ਘਰ—ਘਰੋਕਾ ; ਕੱਲ—ਕਲੌਕੀ ; ਰਾਤ—ਰਤੋਕੀ ।

'ਪੇ' (=ਪਿਓ) ਤੋਂ 'ਪੇਕਾ' ਵੀ ਅਸਲ ਵਿੱਚ ਵਿਸ਼ੇਸ਼ਣ ਹੈ ; ਪਰ ਨਾਂਵ ਵਾਂਗ ਵੀ ਵਰਤਿਆ ਜਾਂਦਾ ਹੈ।

-ਕਾਰ [ਫ਼ਾ੦ ਪਿਛੇਤਰ ਹੈ] 'ਕਰਣ ਵਾਲਾ' ਇਸ ਅਰਥ ਦਾ ਬੋਧ ਕਰਾਂਦਾ ਹੈ ; ਜਿਵੇਂ :—ਬਦ-ਕਾਰ (ਬੁਰਾ ਕਰਨ ਵਾਲਾ) ।

-ਗਰ [ਫ਼ਾਰਸੀ -ਗਰ = ਸੰ॰ -कर] ਇਹ ਨਾਂਵ ਬਣਾਉਂਦਾ ਹੈ ਅਤੇ ਕਰਨ ਵਾਲੇ ਜਾਂ ਬਣਾਉਣ ਵਾਲੇ ਦਾ ਬੋਧ ਕਰਾਉਂਦਾ ਹੈ ।

ਉਦਾਹਰਣ :—ਚੂੜ-ਗਰ, ਕਾਰੀ-ਗਰ, ਬਾਜੀ-ਗਰ, ਕਲੀ-ਗਰ, ਸਬੂਣ-ਗਰ, ਸੁਦਾਗਰ ।

-ਗਾਰ [ਫ਼ਾ੦ -ਗਾਰ < ਸੰ॰ -कार] ਕਰਤਾ ਦਾ ਬੋਧ ਕਰਾਂਦਾ ਹੈ; ਜਿਵੇਂ—ਗੁਨਾਹ-ਗਾਰ, ਮਦਦ-ਗਾਰ ।

-ਗਾਰਾ [< ਸੰ॰ -कार-] ਨਾਂਵ ਬਣਾਉਂਦਾ ਹੈ ; ਜਿਵੇਂ :—ਹੁੰ-ਗਾਰਾ ।

-ਗੀ [ਫ਼ਾ੦ -ਗੀ] ਇਹ ਵਿਸ਼ੇਸ਼ਣ ਤੋਂ ਭਾਵਵਾਚਕ ਨਾਂਵ ਬਣਾਉਂਦਾ ਹੈ; ਜਿਵੇਂ :—ਅਧੀਨ-ਗੀ ।

Digitized by Panjab Digital Library | www.panjabdigilib.org

-ਚੀ [ਤੁਰਕੀ ਦਾ ਤਧਿੱਤ] ਪੇਸ਼ੇ ਜਾਂ ਕੰਮ-ਕਾਰ ਦਾ ਬੋਧ ਕਰਾਉਂਦਾ ਹੈ; ਜਿਵੇਂ:— ਮਸਾਲਚੀ, ਖਜਾਨਚੀ, ਨਿਸ਼ਾਨਚੀ।

-ਚਾ, -ਚੀ [< ਫ਼ਾ੦ ਚਿਹ-]ਛੁਟਾਈ ਦਾ ਬੋਧ ਕਰਾਉਂਦਾ ਹੈ; ਜਿਵੇਂ:—
ਚਿਲਮਚੀ, ਸੰਦੂਕਚੀ, ਬਗੀਚਾ, ਬਗੀਚੀ, ਨੇ-ਚਾ, ਦੇਕ-ਚੀ, ਤਾਕ-ਚਾ।

-ਟਾ, -ਟੀ—ਛੁਟਾਈ ਦਾ ਬੋਧ ਕਰਾਉਂਦੇ ਹਨ; ਜਿਵੇਂ:—
ਚੋਰ—ਚੋਰਟਾ, ਬਹੂ—ਵਹੁਟੀ।

-ਣ—ਵਿਸ਼ੇਸ਼ਣਾਂ ਤੋਂ ਭਾਵ-ਵਾਚਕ ਨਾਂਵ ਬਣਾਉਂਦਾ ਹੈ; ਜਿਵੇਂ:—
ਨੀਂਵਾ—ਨਿਵਾਣ; ਉੱਚਾ—ਉਚਾਣ।

-ਣਾ, -ਣੀ [ਤੁ੦ ਹਿੰ੦ -ਨਾ] ਨਿਰਰਥਕ ਹੈ।

ਉਦਾਹਰਣ:—ਨਾਮ—ਨਾਮਣਾ (ਨਵਾਬ ਖਾਨ), ਕਸ਼ਟ—ਕਸ਼ਟਣੀ, ਰਾਂਝਾ—ਰਾਂਝਣਾ।

-ਤ [< ਸੰ੦ -ਤ੍ਵ] ਭਾਵਵਾਚਕ ਨਾਂਵ ਬਣਾਉਂਦਾ ਹੈ; ਜਿਵੇਂ:—
ਮਿੱਠਾ—ਮਿਠੱਤ; ਵੱਡਾ—ਵਡਿੱਤ; ਤਗੜਾ—ਤਗੜਿੱਤ; ਆਪਣਾ—ਅਪਣੱਤ।

-ਤਣ [ਵੈ੦ < -ਤ੍ਵਨ] ਭਾਵਵਾਚਕ ਨਾਂਵ ਬਣਾਂਦਾ ਹੈ; ਜਿਵੇਂ:—
ਕੌੜਾ—ਕੁੜੱਤਣ, ਪੀਲਾ—ਪਿਲੱਤਣ, ਕਾਲਾ—ਕਲੱਤਣ।

-ਤਾ [< ਸੰ੦ -ਤਾ] ਨਾਂਵ ਜਾਂ ਵਿਸ਼ੇਸ਼ਣਾਂ ਤੋਂ ਭਾਵਵਾਚਕ ਨਾਂਵ ਬਣਾਉਂਦਾ ਹੈ; ਜਿਵੇਂ:—

ਸੁਤੰਤਰ—ਸੁਤੰਤਰਤਾ; ਅਧੀਨ—ਅਧੀਨਤਾ; ਦਾਸ—ਦਾਸਤਾ; ਪਵਿੱਤਰ—ਪਵਿਤਰਤਾ; ਨਿਮ੍ਰ—ਨਿਮ੍ਰਤਾ; ਸੁੰਦਰ—ਸੁੰਦਰਤਾ; ਮਿੱਤਰ—ਮਿੱਤਰਤਾ; ਗੰਭੀਰ—ਗੰਭੀਰਤਾ; ਕਠੋਰ—ਕਠੋਰਤਾ; ਮੂਰਖ—ਮੂਰਖਤਾ; ਲੀਨ—ਲੀਨਤਾ; ਕਵੀ—ਕਵਿਤਾ।

-ਤਾਈ [ਸੰ੦ -ਤਾ + ਇਕਾ] ਭਾਵਵਾਚਕ ਨਾਂਵ ਬਣਾਉਂਦਾ ਹੈ; ਜਿਵੇਂ:—
ਸੁੱਚਮ-ਤਾਈ, ਸੂਰਮਤਾਈ, ਮਿਤ੍ਰਤਾਈ।

-ਦਾਨ [< ਫ਼ਾ੦ ਦਾਨ = ਸੰ੦ ਧਾਨ, √ਧਾ]; ਜਿਵੇਂ:—
ਕਲਮ-ਦਾਨ, ਪਾਨ-ਦਾਨ, ਫੂਲ-ਦਾਨ।

-ਦਾਨੀ [< ਫ਼ਾ੦ ਦਾਨ + ਈ] ਚਾ-ਦਾਨੀ, ਸੁਰਮੇਦਾਨੀ।

-ਦਾਰ [< ਫ਼ਾ੦ ਦਾਰ, √ਦਾਸ਼ ਤੋਂ] ਨਾਂਵ ਦੇ ਪਿੱਛੇ ਲੱਗ ਕੇ ਨਾਂਵ ਜਾਂ ਵਿਸ਼ੇਸ਼ਣ ਬਣਾਉਂਦਾ ਹੈ; ਜਿਵੇਂ:—

ਜਿਮੀਂਦਾਰ, ਠਾਣੇਦਾਰ, ਤਸੀਲਦਾਰ, ਪਹਰੇਦਾਰ, ਕਬੀਲਦਾਰ, ਫੌਜਦਾਰ, ਭਰੀਦਾਰ, ਫ਼ੈਸ਼ਨਦਾਰ, ਹਵਾਲਦਾਰ, ਵਲਦਾਰ, ਲਹਣੇਦਾਰ, ਦੁਕਾਨਦਾਰ।

-ਦਾਰ, -ਦਾਨ ਇਹ ਅਸਲ ਵਿਚ ਕ੍ਰਿਦੰਤ ਹਨ, ਇਸ ਲਈ ਕਲਮਦਾਨ, ਦੁਕਾਨਦਾਰ, ਆਦਿ ਸ਼ਬਦ ਉਪ ਪਦ ਸਮਾਸ ਹਨ।

-ਪ [< ਸੰ੦ -ਤ੍ਵ] ਭਾਵਵਾਚਕ ਨਾਂਵ ਬਣਾਉਂਦਾ ਹੈ; ਜਿਵੇਂ:—

Digitized by Panjab Digital Library | www.panjabdigilib.org

ਵੱਡਾ ਤੋਂ ਵਡੱਪ ; ਸੋਹਣਾ ਤੋਂ ਸੁਹਣੱਪ ।

-ਪਾ—ਇਸੇ ਦਾ ਵੱਡਾ ਰੂਪ ਹੈ । ਇਹ ਰੰਡੇਪਾ, ਬੁਢੇਪਾ ਆਦਿ ਦੇ ਅੰਤ ਵਿੱਚ ਦਿਸਦਾ ਹੈ ।

-ਪਣ [ਵੈ० -त्वन], ਵਡਾ ਰੂਪ -ਪਣਾ, -ਪੁਨਾ । ਇਹ ਵੀ ਭਾਵਵਾਚਕ ਨਾਂਵ ਬਣਾਉਣ ਦੇ ਕੰਮ ਆਉਂਦੇ ਹਨ ।

ਉਦਾਹਰਣ :—ਬੱਚਾ—ਬਚਪਣ ; ਅੱਥਰਾ—ਅਥਰਾਪਣ ; ਵੱਡਾ—ਵਡੱਪਣ; ਲੁੱਚਾ—ਲੁੱਚਪੁਣਾ ; ਅਲ੍ਹੜ—ਅਲ੍ਹੜਪੁਣਾ ; ਢੀਠ—ਢੀਠਪੁਣਾ ; ਪੰਜਾਬੀ—ਪੰਜਾਬੀ-ਪੁਣਾ ।

-ਬਾਨ [ਫ਼ਾ० -ਬਾਨ] ਰਾਖੇ ਦਾ ਬੋਧ ਕਰਾਉਂਦਾ ਹੈ ; ਜਿਵੇਂ :—

ਬਾਗ-ਬਾਨ, ਦਰਬਾਨ, ਮਿਹਰਬਾਨ ।

-ਮਾਨ [< ਸੰ० -मत् ] 'ਵਾਲਾ' ਅਰਥ ਦਾ ਬੋਧ ਕਰਾਉਂਦਾ ਹੈ; ਜਿਵੇਂ :—

ਬੁੱਧੀ-ਮਾਨ (=ਅਕਲਵਾਲਾ) ।

-ਮੰਦ [ਫ਼ਾ०, ਤੁ० ਸੰ० -मत्] 'ਵਾਲਾ' ਅਰਥ ਦਾ ਬੋਧ ਕਰਾਉਂਦਾ ਹੈ ; ਜਿਵੇਂ :—ਦੌਲਤਮੰਦ, ਦਰਦਮੰਦ, ਅਕਲਮੰਦ ।

-ਰ, -ਰਾ [< ਸੰ० -र, -र-]

ਜਿਵੇਂ :—ਸੱਜਰਾ ।

-ਲ [ਸੰ० -लु] ਨਾਂਵਾਂ ਤੋਂ ਵਿਸ਼ੇਸ਼ਣ ਬਣਾਉਂਦਾ ਹੈ ; ਜਿਵੇਂ—

ਕਿਰਪਾ—ਕਿਰਪਾਲ, ਦਇਆ ਦਇਆਲ ।

-ਲਾ [< ਸੰ० -ਵੈ० -ल-] ਨਿਰਰਥਕ ਹੈ ; ਜਿਵੇਂ :—

ਬਗ—ਬਗਲਾ ; ਅੰਧ—ਅੰਧਲਾ ।

ਇਸਤ੍ਰੀਲਿੰਗ—ਲੀ ; ਜਿਵੇਂ :—ਬਿੱਜ—ਬਿਜਲੀ ; ਸਖੀ (>ਸਹੀ)—ਸਹੇਲੀ; ਬਾਉ -ਲੀ ; ਵੰਝਲੀ ।

-ਲਾ—ਨਾਵਾਂ, ਕ੍ਰਿਆ-ਵਿਸ਼ੇਸ਼ਣਾਂ ਜਾਂ ਸੰਬੰਧਕਾਂ ਤੋਂ ਵਿਸ਼ੇਸ਼ਣ ਬਣਾਂਦਾ ਹੈ; ਜਿਵੇਂ :—ਪਾਰ—ਪਾਰਲਾ; ਉਰਾਰ—ਉਰਾਰਲਾ; ਅੰਦਰ—ਅੰਦਰਲਾ ; ਬਾਹਰ—ਬਾਹਰਲਾ ; ਉੱਪਰ—ਉਪਰਲਾ ; ਹੇਠ—ਹੇਠਲਾ ; ਵਿੱਚ—ਵਿਚਲਾ ; ਉੱਤੇ—ਉਤਲਾ । ਉਰ -ਲਾ, ਪਰਲਾ ਵੀ ਇਸੇ ਪਿਛੇਤਰ ਨਾਲ ਬਣੇ ਹਨ ।

-ਲਾ—ਨਾਂਵਾਂ ਤੋਂ ਵਿਸ਼ੇਸ਼ਣ ਬਣਾਂਦਾ ਹੈ ; ਜਿਵੇਂ :—

ਲਾਡ—ਲਾਡਲਾ ; ਰੇਤ—ਰੇਤਲਾ ; ਘੇਸ—ਘੇਸਲਾ ।

-ਵੰਤ[< ਸੰ० -वत् ]ਨਾਂਵਾਂ ਤੋਂ ਵਿਸ਼ੇਸ਼ਣ ਬਣਾਂਦਾ ਹੈ ; ਜਿਵੇਂ :—

ਬਲ -ਵੰਤ, ਜਸ-ਵੰਤ ।

-ਵੰਦ, -ਵੰਦਾ [<ਫ਼ਾ० -ਮੰਦ=ਸੰ० -मत् ] ; ਜਿਵੇਂ :—

ਫੈਦੇਵੰਦ, ਘਾਟੇ -ਵੰਦਾ, ਬਰਕਤਵੰਦਾ ।

Digitized by Panjab Digital Library | www.panjabdigilib.org

-ਵਾਂ[<ਸੰ० -ਮ-] ਗਿਣਤੀਵਾਚਕਾਂ ਨਾਲ ਲਗਾਕੇ ਕ੍ਰਮਵਾਚਕਾਂ ਦਾ ਬੋਧ ਕਰਾਉਂਦਾ ਹੈ ; ਜਿਵੇਂ :—

ਪੰਜ—ਪੰਜਵਾਂ ; ਛੇ—ਛੇਵਾਂ ; ਸੱਤ—ਸਤਾਂਵਾਂ ; ਸੌ—ਸੌਵਾਂ ; ਹਜ਼ਾਰ—ਹਜ਼ਾਰਵਾਂ।

-ਵਾਨ[<ਸੰ० -ਵਤੁ] 'ਵਾਲਾ' ਅਰਥ ਵਿੱਚ ਆਉਂਦਾ ਹੈ ; ਜਿਵੇਂ :—

ਭਾਗਵਾਨ (=ਭਾਗਾਂ ਵਾਲਾ) ; ਬਲਵਾਨ, ਬੁਧਵਾਨ, ਗੁਣਵਾਨ, ਗਿਆਨ-ਵਾਨ, ਰੀਝਵਾਨ।

-ਵਾਨ[<ਫ਼ਾ० -ਬਾਨ=ਸੰ० ਪਾਲ ਅਰਥਾਤ ਰਾਖਾ]

ਉਦਾਹਰਣ—ਕੋਚ -ਵਾਨ, ਰਥ -ਵਾਨ।

-ਵਾਲ [<ਸੰ० ਪਾਲ] 'ਰਖਵਾਲਾ' ਜਾਂ 'ਵਾਲਾ' ਅਰਥ ਦਾ ਬੋਧ ਕਰਾਉਂਦਾ ਹੈ ; ਜਿਵੇਂ—

ਮਹੀਂ -ਵਾਲ, ਭਾਈ -ਵਾਲ, ਸਾਂਝੀ -ਵਾਲ, ਕੋਤ-ਵਾਲ (=ਕੋਟ -ਵਾਲ)।

-ਵਾਲਾ[<ਸੰ० -ਪਾਲਕ] ਭਾਵਾਰਥ ਨਾਲ ਜੁੜ ਕੇ ਕਰਤਾ ਦੇ ਅਰਥ ਦਾ ਬੋਧ ਕਰਾਂਦਾ ਹੈ ; ਜਿਵੇਂ :—

ਖਾਣ ਵਾਲਾ, ਪੀਣ ਵਾਲਾ, ਜਾਣ ਵਾਲਾ, ਕਹਿਣ ਵਾਲਾ।

ਨਾਂਵਾਂ ਨਾਲ ਵੀ ਆਉਂਦਾ ਹੈ ; ਜਿਵੇਂ :—

ਦੁੱਧ ਵਾਲਾ, ਗਊਆਂ ਵਾਲਾ, ਛਾਬੜੀ ਵਾਆ, ਅੱਖਾਂ ਵਾਲਾ, ਅਕਲ ਵਾਲਾ।

ਇਸਤ੍ਰੀ ਲਿੰਗ ਲਈ 'ਵਾਲੀ' ਪਿਛੇਤਰ ਜੋੜਿਆ ਜਾਂਦਾ ਹੈ ; ਜਿਵੇਂ :—

ਭਾਗਾਂ ਵਾਲੀ, ਕਰਮਾਂ ਵਾਲੀ।

-ੜਾ, -ੜੀ[ਅਪ० -ਡ-, -ਡੀ <ਸੰ०-ਟ-] ਛੁਟਾਈ ਦਾ ਬੋਧ ਕਰਾਉਂਦੇ ਹਨ ; ਜਿਵੇਂ :—ਚਮੜਾ, ਟੁਕ-ੜਾ, ਦੁਖ-ੜਾ, ਬੱਚੜਾ, ਰੁੱਖੜਾ, ਦੰਮੜੀ, ਸੰਦੂਕੜੀ, ਪਗ-ੜੀ, ਜਿੰਦੜੀ।

ਆਕਾਰਾਂਤ ਅਤੇ ਈਕਾਰਾਂਤ ਸ਼ਬਦਾਂ ਦਾ ਆ- ਅਤੇ -ਈ '-ੜਾ' ਲਾਉਣ ਕਰਕੇ ਧ੍ਰਸ੍ਵ ਹੋ ਜਾਂਦਾ ਹੈ ; ਜਿਵੇਂ :—

ਸਨੇਹਾ—ਸਨੇਹੜਾ, ਚੇਲਾ—ਚੇਲੜਾ, ਬੇਟੀ—ਬੇਟੜੀ, ਬਾਲੀ—ਬਾਲੜੀ।

ਕਾਲੀ ਬੋਲੀ (ਰਾਤ)—ਕਾਲੜੀ ਬੋਲੜੀ (ਰਾਤ) [ਕਵਿਤਾ ਵਿੱਚ -ੜਾ, -ੜੀ ਦੀ ਵਰਤੋਂ ਵਧੇਰੇ ਹੁੰਦੀ ਹੈ]।

੪੪੭. ਉਹ ਸ਼ਬਦ ਜੋ ਇਕੋ ਧਾਤੂ ਜਾਂ ਮੂਲ ਸ਼ਬਦ ਤੋਂ ਬਣੇ ਹੁੰਦੇ ਹਨ ਅਤੇ ਜਿਨ੍ਹਾਂ ਦੀਆਂ ਧੁਨੀਆਂ ਵਿੱਚ ਸਦਾ ਹੀ ਫਰਕ ਹੁੰਦਾ ਹੈ ਅਤੇ ਅਰਥ ਦਾ ਵੀ ਬਹੁਤ ਭਾਰੀ ਭੇਦ ਹੁੰਦਾ ਹੈ, ਸਮਮੂਲਕ ਭਿੰਨਾਰਥਕ (ਜੋੜੇ) ਕਹੇ ਜਾਂਦੇ ਹਨ ; ਜਿਵੇਂ :—

ਚੌੜਾ—ਚਪਟਾ, ਠੰਡਾ—ਠਾਰ, ਮੂਲ—ਮੁੱਢ, ਨਾਲੀ—ਨਾੜੀ, ਵੱਡਾ—ਬੁਢਾ, ਮਿੱਧ—ਮਲ, ਪਾ—ਪੈਰ, ਰੋਹੜਾ—ਲੋਹੜਾ, ਰੱਸੀ—ਰਿਸ਼ਮ, ਬੰਸ—ਵੰਸ਼, ਤਾਇਆ—ਚਾਚਾ, ਕੱਸ—ਖਿਚ, ਚੱਕੀ—ਚਕਰੀ, ਗਲੂ—ਗੜੂ, ਮੱਤਾ—ਮਚਿਆ, ਰੱਤਾ—ਰਚਿਆ।

Digitized by Panjab Digital Library | www.panjabdigilib.org

# ਸਮਾਸ

੪੪੮. ਦੋ ਜਾਂ ਵਧ ਪਦਾਂ ਦੇ ਮਿਲ ਕੇ ਇਕ ਪਦ ਬਣ ਜਾਣ ਨੂੰ **ਸਮਾਸ** ਆਖਦੇ ਹਨ । ਅਜਿਹੇ ਨਵੇਂ ਬਣੇ ਪਦ ਨੂੰ **ਸਮਾਸੀ ਪਦ** ਕਹਿੰਦੇ ਹਨ । ਉਦਾਹਰਣ— ਡਾਕ -ਗੱਡੀ, ਦੇਸ -ਨਿਕਾਲਾ, ਸੱਪ-ਕੁੰਜ, ਮੂੰਹ-ਕਾਲਾ ਆਦਿ ।

ਪੰਜਾਬੀ ਦੇ ਸਮਾਸੀ ਪਦ ਦੋ ਪਦਾਂ ਦੇ ਹੀ ਹੁੰਦੇ ਹਨ ; ਪਰ ਸੰਸਕ੍ਰਿਤ ਵਿੱਚ ਦੋ ਤੋਂ ਵਧ ਪਦਾਂ ਦੇ ਮੇਲ ਨਾਲ ਬਣੇ ਹੋਏ ਸਮਾਸੀ ਪਦ ਵੀ ਮਿਲਦੇ ਹਨ ।

ਜਿਹੜੇ ਦੋ ਸ਼ਬਦ ਮਿਲ ਕੇ ਸਮਾਸੀ ਪਦ ਬਣਾਂਦੇ ਹਨ, ਉਨ੍ਹਾਂ ਦੇ ਵਿਚਕਾਰ ਜੋੜਨੀ ਦੀ ਵਰਤੋਂ ਹੋਣੀ ਚਾਹੀਦੀ ਹੈ; ਜਿਵੇਂ—ਧਰਮ-ਸਾਲਾ, ਸਤਕਾਰ-ਯੋਗ । 'ਧਰਮਸਾਲਾ' ਲਿਖਣਾ ਵੀ ਠੀਕ ਹੈ ; ਪਰ ਧਰਮ ਸਾਲਾ ਲਿਖਣਾ ਅਸ਼ੁੱਧ ਹੈ ।

੪੪੯. ਜਿਸ ਵਾਕ-ਅੰਸ਼ ਜਾਂ ਉਪਵਾਕ ਦੀ ਰਾਹੀਂ ਸਮਾਸੀ ਪਦ ਦੇ ਪਦਾਂ ਦਾ ਆਪਸੀ ਸੰਬੰਧ ਦਸਿਆ ਜਾਂਦਾ ਹੈ, ਉਸ ਨੂੰ **ਸਮਾਸ-ਵਾਕ** ਆਖਦੇ ਹਨ ।

ਫੁਲ-ਵਾੜੀ=ਫੁਲਾਂ ਦੀ ਵਾੜੀ ਏਥੇ 'ਫੁਲਾਂ ਦੀ ਵਾੜੀ' ਸਮਾਸ-ਵਾਕ ਹੈ ।

੪੫੦. ਸਮਾਸ ਕਰਨ ਵੇਲੇ ਜੁੜਦਿਆਂ ਪਦਾਂ ਦਾ ਆਪਸੀ ਸੰਬੰਧ ਦੱਸਣ ਵਾਲੀ ਵਿਭਕਤੀ ਦਾ ਜਾਂ ਸੰਬੰਧ ਦੱਸਣ ਵਾਲੇ ਸ਼ਬਦ ਦਾ ਜਾਂ ਦੋਹਾਂ ਦਾ ਲੋਪ ਹੋ ਜਾਂਦਾ ਹੈ; ਜਿਵੇਂ—ਮਾਨ ਨਾਲ ਮੱਤਾ—ਮਾਨ-ਮੱਤਾ, ਹੱਥ ਅਤੇ ਪੈਰ—ਹੱਥ-ਪੈਰ, ਕਾਲੀ ਹੈ ਜੀਭ ਜਿਸ ਦੀ ਜਾਂ ਕਾਲੀ ਜੀਭ ਵਾਲਾ—ਕਾਲ-ਜੀਭਾ, ਘੋੜਿਆਂ ਦੀ ਦੌੜ—ਘੁੜ-ਦੌੜ ।

੪੫੧. ਸਮਾਸ ਕਰਕੇ ਹੇਠ ਲਿਖੀਆਂ ਅਦਲਾ-ਬਦਲੀਆਂ ਹੁੰਦੀਆਂ ਹਨ—

(ੳ) ਸਮਾਸੀ ਪਦ ਦੇ ਸ਼ਬਦਾਂ ਦੇ ਅਰਥ ਨਹੀਂ ਵੱਟਦੇ, ਪਰ ਸਮਾਸੀ ਪਦ ਵਿੱਚ ਕੁਝ ਨਵੇਂ ਅਰਥ ਦਾ ਵਾਧਾ ਹੋ ਜਾਂਦਾ ਹੈ, ਜਾਂ ਕੁਝ ਘਾਟਾ ਆ ਜਾਂਦਾ ਹੈ ; ਜਿਵੇਂ :—'ਰਾਜਹੰਸ' ਹੈ ਤੇ ਹੰਸ ਹੀ, ਪਰ ਵਧੀਆ, ਹੰਸਾਂ ਦਾ ਰਾਜਾ ।

(ਅ) ਧੁਨੀ-ਵਿਕਾਸ ਜਾਂ ਧੁਨੀ-ਵਟਾਂਦਰੇ ਦੇ ਕਾਰਨ ਇਕ ਅੰਗ ਦਾ ਰੂਪ ਹੋਰ ਦਾ ਹੋਰ ਹੋ ਜਾਂਦਾ ਹੈ ; ਜਿਵੇਂ :—

ਫੁਲੇਲ ਵਿੱਚ ਦੂਜਾ 'ਤੇਲ' ਪਛਾਣਿਆ ਹੀ ਨਹੀਂ ਜਾਂਦਾ, ਕਿਉਂਕਿ ਇਸ ਦਾ 'ਤ' ਉੱਡ ਹੀ ਗਿਆ ਹੈ ।

(ੲ) ਸਮਾਸੀ ਪਦ ਵਿੱਚ ਇਕ ਅੰਗ ਦਾ ਰੂਪ ਉਹ ਨਹੀਂ ਰਹਿੰਦਾ ਜੋ ਉਸ ਦਾ ਇਕੱਲੇ ਸ਼ਬਦ ਹੋਣ ਵੇਲੇ ਹੁੰਦਾ ਹੈ ; ਜਿਵੇਂ :—'ਭਾਗੀ-ਭਰਿਆ' ਵਿੱਚ 'ਭਾਗੀਂ' ਦੀ ਥਾਂ 'ਭਾਗੀ' ਹੋ ਗਿਆ ਹੈ ।

## ਸਮਾਸੀ ਪਦ

੪੫੨. ਸਮਾਸੀ ਪਦ ਦੇ ਕਿਸੇ ਅੱਖਰ ਉਪਰ ਬਲ ਦੇ ਨਾ ਰਹਿਣ ਕਰਕੇ ਉਸ ਅੱਖਰ ਦਾ ਦੀਰਘ ਸੁਰ ਹ੍ਰਸ੍ਵ ਹੋ ਜਾਂਦਾ ਹੈ ; ਜਿਵੇਂ :—

**ਘੋੜ-ਦੌੜ > ਘੁੜ-ਦੌੜ ।**

Digitized by Panjab Digital Library | www.panjabdigilib.org

੪੫੩. ਸਮਾਸ ਛੇ ਪਰਕਾਰ ਦੇ ਹਨ :—

੧. ਦ੍ਵੰਦ੍ਵ, ੨. ਤਤਪੁਰਖ, ੩. ਕਰਮਧਾਰੇ, ੪. ਦ੍ਵਿਗੁ, ੫. ਬਹੁਵ੍ਰੀਹਿ ਅਤੇ ੬. ਅਵਜੀਭਾਵ ।

## ਦ੍ਵੰਦ੍ਵ ਸਮਾਸ

੪੫੪. ਦ੍ਵੰਦ੍ਵ ਸਮਾਸ ਦੋ ਜਾਂ ਦੋ ਤੋਂ ਵਧ ਪਦਾਂ ਦੇ ਮੇਲ ਦਾ ਬੋਧ ਕਰਾਉਂਦਾ ਹੈ । ਮਿਲਿਆਂ ਹੋਇਆਂ ਪਦਾਂ ਵਿੱਚ ਕੋਈ ਵੀ ਦੂਜੇ ਦੇ ਅਧੀਨ ਨਹੀਂ ਹੁੰਦਾ ।

ਉਦਾਹਰਣ :—

ਮਾ-ਪੇ (=ਮਾਂ ਅਤੇ ਪਿਉ), ਪਿਉ-ਪੁੱਤ (=ਪਿਉ ਅਤੇ ਪੁੱਤ), ਤੱਤ-ਭੜੱਤੀ (=ਤੱਤੀ ਅਤੇ ਭੜੱਤੀ), ਦੋ-ਤਿੰਨ (ਦੋ ਜਾਂ ਤਿੰਨ), ਮੰਦਾ-ਚੰਗਾ (=ਮੰਦਾ ਜਾਂ ਚੰਗਾ), ਸੁਖ-ਦੁੱਖ, ਦੁੱਧ-ਦਹੀ, ਧੀ-ਪੁੱਤ, ਭੈਣ-ਭਰਾ, ਖਟ-ਮਿੱਠਾ (ਖੱਟਾ ਅਤੇ ਮਿੱਠਾ), ਅੰਨ-ਜਲ, ਦਾਲ-ਰੋਟੀ, ਦੁੱਖ-ਦਲਿੱਦਰ ।

ਉਪਰਲਿਆਂ ਉਦਾਹਰਣਾਂ ਤੋਂ ਸਾਫ਼ ਦਿਸਦਾ ਹੈ ਕਿ ਦ੍ਵੰਦ੍ਵ ਸਮਾਸ ਨਾਂਵਾਂ ਦੇ ਮੇਲ ਨਾਲ ਜਾਂ ਵਿਸ਼ੇਸ਼ਣਾਂ ਦੇ ਮੇਲ ਨਾਲ ਬਣਦੇ ਹਨ ।

## ਤਤਪੁਰਖ ਸਮਾਸ

੪੫੫. ਜਿਸ ਸਮਾਸ ਵਿੱਚ ਪਹਿਲਾ ਪਦ ਦੂਜੇ ਨਾਲ ਸੰਬੰਧਕ ਕਰ ਕੇ ਜੁੜਿਆ ਹੋਏ, ਉਸ ਨੂੰ ਤਤਪੁਰਖ ਆਖਦੇ ਹਨ । ਇਸ ਵਿੱਚ ਦੂਜਾ ਪਦ ਪਰਧਾਨ ਹੁੰਦਾ ਹੈ ; ਜਿਵੇਂ :—ਰੇਲ-ਗੱਡੀ=ਰੇਲ ਦੀ ਗੱਡੀ । ਸਪਸ਼ਟ ਹੈ ਕਿ 'ਦੀ' ਸੰਬੰਧਕ ਨੂੰ ਹਟਾ ਕੇ 'ਰੇਲ-ਗੱਡੀ' ਇਹ ਸਮਾਸੀ ਸ਼ਬਦ ਤਿਆਰ ਕੀਤਾ ਗਿਆ ਹੈ । ਇਸ ਸਮਾਸ ਵਿੱਚ ਦੂਜਾ ਪਦ 'ਗੱਡੀ' ਹੀ ਪਰਧਾਨ ਹੈ ।

ਤਤਪੁਰਖ ਸਮਾਸ ਦਾ ਪਹਿਲਾ ਪਦ ਆਮ ਤੌਰ ਤੇ ਨਾਂਵ ਹੁੰਦਾ ਹੈ । ਪਦਾਂ ਨੂੰ ਜੋੜਨ ਵਾਲੀਆਂ ਵਿਭਕਤੀਆਂ ਅਤੇ ਸੰਬੰਧਕ—ਸਭ ਉਡ ਜਾਂਦੇ ਹਨ ।

ਹੇਠ ਹਰ ਇਕ ਸੰਬੰਧਕ ਦੇ ਨਾਲ ਅਜਿਹੇ ਸਮਾਸੀ ਸ਼ਬਦ ਲਿਖੇ ਗਏ ਹਨ, ਜਿਨ੍ਹਾਂ ਵਿੱਚ ਉਸ ਸੰਬੰਧਕ ਦਾ ਲੋਪ ਹੋਇਆ ਹੈ :—

ਨੂੰ—ਚਿੜੀ-ਮਾਰ, ਜਗ-ਤਾਰ ।

ਨਾਲ—ਮਾਨ-ਮੱਤੀ, ਭਾਗ-ਭਰੀ, ਰਸ-ਭਿੰਨੀ, ਰਸ-ਭਰੀ, ਕਪੜ-ਛਾਣ ।

ਤੋਂ—ਦੇਸ-ਨਿਕਾਲਾ ।

ਦਾ—ਨਾਮ-ਦਾਨ, ਹਿੰਦੂ-ਸਭਾ, ਖਾਲਸਾ-ਕਾਲਜ, ਘੜਵੰਜੀ, ਜਨਮ-ਦਿਹਾੜਾ, ਸਪ-ਕੁੰਜ, ਰਾਜ-ਕਾਜ, ਗੋਰਾ-ਪਲਟਨ, ਦੇਵੀ-ਦਾਸ, ਘੁੜ-ਦੌੜ, ਦੁਖ-ਦੇਣਾ, ਬਜਾਜ-ਹੱਟਾ, ਰਵਾਂਹ-ਫਲੀ, ਮੂੰਗ-ਫਲੀ, ਸ਼ੀਸ਼-ਮਹਿਲ, ਟਿੱਡੀ-ਦਲ, ਡਾਕ-ਗੱਡੀ ।

ਵਿੱਚ, ਉੱਤੇ—ਹੁਸਨ-ਲਪੇਟੀ, ਮੁਸ਼ਕ-ਲਪੇਟੀ, ਬਨ-ਬਾਸ, ਘੁੜ-ਚੜ੍ਹੇ, ਸੁਰਗ-ਵਾਸ ।

ਕੁਝ ਅਜਿਹੇ ਤਤਪੁਰਖ ਸਮਾਸ ਵੀ ਹਨ, ਜਿਨ੍ਹਾਂ ਵਿੱਚ ਪਹਿਲਾ ਪਦ

Digitized by Panjab Digital Library | www.panjabdigilib.org

ਪਰਧਾਨ ਹੁੰਦਾ ਹੈ; ਜਿਵੇਂ :—ਰਾਜ-ਹੰਸ (=ਹੰਸਾਂ ਦਾ ਰਾਜਾ), ਰਾ-ਜਾਮਨ (ਜਾਮਨਾਂ ਦਾ ਰਾਜਾ), ਸ਼-ਤੂਤ (=ਤੂਤਾਂ ਦਾ ਸ਼ਾਹ, ਬਾਦਸ਼ਾਹ)।

੪੫੬. ਉਪਪਦ+ਕਾਰਦੰਤਕ=ਉਪਪਦ ਸਮਾਸੀ ਪਦ। ਨਾਂਵ ਅਤੇ ਕਾਰਦੰਤਕ (ਧਾਤੂ ਤੋਂ ਬਣੇ ਪਦ) ਦੇ ਮੇਲ ਨਾਲ ਜਿਹੜਾ ਸਮਾਸੀ ਪਦ ਬਣਦਾ ਹੈ, ਉਸ ਨੂੰ **ਉਪਪਦ ਸਮਾਸੀ ਪਦ** ਆਖਦੇ ਹਨ। ਇਹ ਵੀ ਇਕ ਤਰ੍ਹਾਂ ਦਾ ਤਤਪੁਰਖ ਸਮਾਸ ਕਿਹਾ ਜਾਂਦਾ ਹੈ।

ਉਦਾਹਰਣ :—'ਮੁਸ਼ਕ-ਲਪੇਟੀ'—ਏਥੇ 'ਮੁਸ਼ਕ' ਉਪਪਦ ਹੈ ਅਤੇ 'ਲਪੇਟੀ' ਕਾਰਦੰਤਕ ਹੈ। ਗਲ-ਘੋਟੂ, ਚਿੜੀ-ਮਾਰ, ਸਿਆਹੀ-ਚੱਟ, ਗੰਢ-ਕੱਪ, ਧੀ-ਵੇਚ, ਹੁਸਨ-ਲਪੇਟੀ, ਮਾਨ-ਮੱਤੀ, ਭਾਗ-ਭਰੀ, ਰਸ-ਭਿੰਨੀ ਆਦਿ ਵੀ ਉਪਪਦ ਸਮਾਸੀ ਪਦ ਹਨ।

ਏਸੇ ਤਰ੍ਹਾਂ ਫ਼ਾਰਸੀ ਦੇ ਹੇਠ-ਦੱਸੇ ਸਮਾਸੀਪਦ ਵੀ ਉਪਪਦ ਹਨ :—

ਦੁਕਾਨ-ਦਾਰ, ਅਰਜ਼ੀ-ਨਿਵੀਸ, ਸੂਦ-ਖੋਰ, ਸ਼ਤਰੰਜ-ਬਾਜ਼, ਹਰਾਮ-ਖੋਰ।

੪੫੭. ਤਤਪੁਰਖ ਸਮਾਸ ਵਿੱਚ ਕਦੇ ਪਹਿਲੇ ਪਦ ਦੀ ਵਿਭਕਤੀ ਦਾ ਲੋਪ ਨਹੀਂ ਵੀ ਹੁੰਦਾ, ਤਦ ਅਜਿਹੇ ਸਮਾਸ ਨੂੰ **ਅਲੁਕ** ਸਮਾਸ ਕਹਿੰਦੇ ਹਨ।

ਉਦਾਹਰਣ :—**ਸੁੱਖੀ-ਲੱਧਾ** ਅਰਥਾਤ ਸੁੱਖਾਂ ਨਾਲ ਲਭਿਆ ਹੋਇਆ।

**ਭਾਗੀ-ਭਰਿਆ** ਅਰਥਾਤ ਭਾਗਾਂ ਨਾਲ ਭਰਿਆ। **ਪੈਰੀ ਪੈਣਾ** (=ਪੈਰਾਂ ਤੇ ਪੈਣਾ)।

ਏਥੇ 'ਸੁਖੀ' ਅਤੇ 'ਭਾਗੀ' ਦੋਵੇਂ ਕਰਣਕਾਰਕ ਬਹੁਵਚਨ ਦੇ ਰੂਪ ਹਨ ਅਤੇ ਇਨ੍ਹਾਂ ਦੀਆਂ ਵਿਭਕਤੀਆਂ ਨਹੀਂ ਉਡੀਆਂ। 'ਪੈਰੀ' (<ਪੈਰੀਂ) ਅਧਿਕਰਣ ਦਾ ਬਹੁਵਚਨ ਹੈ।

## ਕਰਮਧਾਰੇ

੪੫੮. ਜਿਕਰ ਵਿਸ਼ੇਸ਼ਣ ਅਤੇ ਵਿਸ਼ੇਸ਼ ਇਨ੍ਹਾਂ ਦੋਹਾਂ ਦਾ ਜਾਂ ਦੋਹਾਂ ਵਿਸ਼ੇਸ਼ਣਾਂ ਦਾ ਮੇਲ ਹੋਇਆ ਹੋਵੇ, ਜਾਂ ਇਕ ਪਦਾਰਥ ਦੀ ਉਪਮਾ ਦੂਜੇ ਨਾਲ ਦੇਕੇ ਉਨ੍ਹਾਂ ਦਾ ਸਮਾਸ ਕੀਤਾ ਗਿਆ ਹੋਵੇ, ਤਾਂ ਉਸ ਨੂੰ **ਕਰਮਧਾਰੇ ਸਮਾਸ** ਆਖਦੇ ਹਨ।

ਉਦਾਹਰਣ :—ਪਰਮ-ਆਤਮਾ=ਪ੍ਰਮਾਤਮਾ—ਏਥੇ ਵਿਸ਼ੇਸ਼ਣ ਅਤੇ ਵਿਸ਼ੇਸ਼ ਦਾ ਮੇਲ ਹੋਇਆ ਹੈ।

ਏਸੇ ਤਰ੍ਹਾਂ ਘਨਸ਼ਾਮ, ਬਚਨਾਮ੍ਰਿਤ, ਮਹਾਸਾਗਰ, ਨਰਸਿੰਘ ਆਦਿ ਵੀ ਕਰਮਧਾਰੇ ਹਨ।

੪੫੯. ਜਿਸ ਸਮਾਸ ਵਿੱਚ ਪਹਿਲਾ ਪਦ ਗਿਣਤੀ-ਵਾਚਕ ਹੋਵੇ ਅਤੇ ਸਮਾਸੀ ਸ਼ਬਦ ਸਮੂਹ ਦਾ ਬੋਧ ਕਰਾਵੇ, ਉਸ ਨੂੰ **ਦ੍ਵਿਗੂ** ਸਮਾਸ ਕਹਿੰਦੇ ਹਨ।

ਉਦਾਹਰਣ—ਪੰਜਸੇਰੀ, ਅਰਥਾਤ ਪੰਜਾਂ ਸੇਰਾਂ ਦਾ ਮਾਪ, ਚੌਪਈ, ਚੌਮਾਸਾ, ਚੌਰਾਹਾ, ਦੁਆਨੀ, ਸਤ-ਨਾਜਾ, ਅਠਵਾਰਾ ਆਦਿ।

Digitized by Panjab Digital Library | www.panjabdigilib.org

ਦ੍ਵਿਗੂ ਇਹ ਸਮਾਸੀ ਸ਼ਬਦ 'ਦ੍ਵਿ' ਅਤੇ 'ਗੂ' ਇਨ੍ਹਾਂ ਦੇ ਮੇਲ ਨਾਲ ਬਣਿਆ ਹੈ ਅਤੇ ਇਸ ਦਾ ਅਰਥ ਹੈ 'ਗਊਆਂ ਦਾ ਜੋੜਾ' । ਦ੍ਵਿਗੂ ਸਮਾਸ ਅਸਲ ਵਿੱਚ ਇਕ ਪਰਕਾਰ ਦਾ ਕਰਮਧਾਰੈ ਹੀ ਹੈ ।

੪੬੦. ਜਿਸ ਕਰਮਧਾਰੈ ਦਾ ਪਹਿਲਾ ਪਦ ਨ, ਮ-, ਅ- ਜਾਂ ਮਨ- ਜਾਂ ਅਣ- ਵਿਚੋਂ ਕੋਈ ਇਕ ਨਿਖੇਧ-ਬੋਧਕ ਹੋਵੇ, ਉਸ ਨੂੰ **ਨਞ-ਸਮਾਸ** ਆਖਦੇ ਹਨ ।

ਉਦਾਹਰਣ :—ਅਧਰਮ, ਅਨਰਥ, ਮ-ਦੇਹ, ਮ-ਚਲਾ, ਅਣਡਿੱਠ, ਮਨਖੱਟੂ ।

## ਬਹੁਵ੍ਰੀਹੀ ਸਮਾਸ

੪੬੧. ਜਦ ਦੋਹਾਂ ਪਦਾਂ ਨੂੰ ਮਿਲਾਈਏ ਅਤੇ ਸਮਾਸੀ ਪਦ ਤੋਂ ਮਿਲੇ ਹੋਏ ਪਦਾਂ ਵਿੱਚੋਂ ਕਿਸੇ ਦਾ ਵੀ ਬੋਧ ਨਾ ਹੋਵੇ ਅਤੇ ਉਹ ਸਮਾਸੀ ਪਦ ਕਿਸੇ ਹੋਰ ਪਦਾਰਥ ਦਾ ਵਰਨਣ ਕਰੇ, ਤਾਂ ਅਜਿਹੇ ਸਮਾਸ ਨੂੰ **ਬਹੁਵ੍ਰੀਹੀ** ਆਖਦੇ ਹਨ । ਇਸ ਸਮਾਸ ਵਿੱਚ ਇਕ ਪਦ ਵਿਸ਼ੇਸ਼ਣ ਹੁੰਦਾ ਹੈ ਅਤੇ ਦੂਜਾ ਵਿਸ਼ੇਸ਼ ਅਤੇ ਸਾਰਾ ਸਮਾਸੀ ਪਦ ਕਿਸੇ ਹੋਰ ਪਦ ਦਾ ਵਿਸ਼ੇਸ਼ਣ ਹੁੰਦਾ ਹੈ ; ਜਿਵੇਂ :—

**ਹੱਥ-ਬੱਧਾ** ਗ਼ੁਲਾਮ । ਹੱਥ-ਬੱਧਾ ਅਰਥਾਤ ਹੱਥ ਬੱਧੇ ਹਨ ਜਿਸ ਦੇ । ਏਥੇ ਹੱਥ-ਬੱਧਾ 'ਗ਼ੁਲਾਮ' ਦਾ ਵਿਸ਼ੇਸ਼ਣ ਹੈ ।

ਇਸ ਸਮਾਸ ਵਿੱਚ ਕੋਈ ਪਦ ਵੀ ਪ੍ਰਧਾਨ ਨਹੀਂ ਹੁੰਦਾ । 'ਹੱਥ-ਬੱਧਾ' ਨਾ ਹੀ ਹੱਥ ਹੈ ਅਤੇ ਨਾ 'ਬੱਧਾ' । ਇਹ ਸਮੂਚਾ ਪਦ 'ਗ਼ੁਲਾਮ' ਦਾ ਵਿਸ਼ੇਸ਼ਣ ਹੈ ।

ਕੁਝ ਹੋਰ ਉਦਾਹਰਣ ਹੇਠ ਦਿੱਤੇ ਜਾਂਦੇ ਹਨ ੪—

ਮੂੰਹ-ਕਾਲਾ, ਪੱਥਰ-ਦਿਲ, ਰੱਤ-ਵੰਨਾ, ਕਾਲ-ਜੀਭਾ, ਬਦਨਾਮ, ਮੱਥਾ-ਸੜੀ, ਲੱਕਸੁੱਕੀ, ਸਾਫ਼-ਦਿਲ, ਕਮ-ਬਖ਼ਤ, ਟੁੱਟੇ-ਲੱਕ, ਭੱਜੇ-ਦਿਲ ।

ਇਨ੍ਹਾਂ ਸਭਨਾਂ ਸ਼ਬਦਾਂ ਵਿੱਚ ਇਕ ਨਾਂਵ ਹੈ ਅਤੇ ਦੂਜਾ ਵਿਸ਼ੇਸ਼ਣ । ਕਦੇ ਵਿਸ਼ੇਸ਼ਣ ਪਹਿਲਾਂ ਹੁੰਦਾ ਹੈ ਅਤੇ ਕਦੇ ਨਾਂਵ ।

## ਅੱਵਯੀਭਾਵ

੪੬੨. ਜੇ ਸਮਾਸੀ ਪਦ ਕ੍ਰਿਆ-ਵਿਸ਼ੇਸ਼ਣ ਵਾਂਗਰ ਵਰਤਿਆ ਜਾਏ, ਤਾਂ ਉਸ ਸਮਾਸ ਨੂੰ ਅੱਵਯੀਭਾਵ ਆਖਦੇ ਹਨ ; ਜਿਵੇਂ ੪—

ਘਰ-ਪਰਤੀ, ਘੁੱਟੋ-ਵੱਟੀ, ਦਿਨ-ਭਰ, ਹਰ-ਰੋਜ, ਬੇ-ਅਰਥ, ਬੇ-ਸ਼ਕ, ਨ-ਹੱਕ ਆਦਿ ।

੪੬੩. ਪੰਜਾਬੀ ਵਿੱਚ ਜੋ ਅਵਯੀਭਾਵ ਮਿਲਦੇ ਹਨ, ਉਨ੍ਹਾਂ ਵਿੱਚ ਜ਼ਰੂਰੀ ਨਹੀਂ ਕਿ ਪਹਿਲਾ ਅੰਗ ਅੱਵੈ ਹੋਵੇ । ਕਈ ਵਾਰ ਨਾਂਵ ਆਦਿ ਸ਼ਬਦਾਂ ਨੂੰ ਦੁਹਰਾ ਕੇ ਵੀ **ਅੱਵਯੀਭਾਵ ਸਮਾਸ** ਬਣਾਏ ਜਾਂਦੇ ਹਨ ; ਜਿਵੇਂ ੪—ਪਿੰਡ-ਪਿੰਡ, ਘਰ-ਘਰ, ਗਲੀ-ਗਲੀ, ਦਿਨ-ਦਿਨ, ਘੜੀ-ਘੜੀ, ਪਲ-ਪਲ, ਰਾਤੋ ਰਾਤ (=ਰਾਤ ਬਰਾਤ, ਇਹ 'ਬ' ਫ਼ਾਰਸੀ ਤੋਂ ਲਿਆ ਗਿਆ ਜਾਪਦਾ ਹੈ), ਦਿਨੋ-ਦਿਨ, ਸਿਰੋ-ਸਿਰ, ਹੱਥੋ-ਹੱਥ, ਪੈਰੋ-ਪੈਰ, ਪਲੋ-ਪਲ, ਅੰਦਰੋ-ਅੰਦਰੀ, ਹੌਲੀ-ਹੌਲੀ, ਸਹਿਜੇ-ਸਹਿਜੇ, ਪਹਿਲਾਂ-ਪਹਿਲ, ਧੜਾ-ਧੜ ਆਦਿ ।

Digitized by Panjab Digital Library | www.panjabdigilib.org

੪੬੪. ਕੁਝ ਪੁਰਾਣੇ ਸਮਾਸੀ ਸ਼ਬਦ ਇੰਨੇ ਬਦਲ ਚੁਕੇ ਹਨ ਕਿ ਜਿਨ੍ਹਾਂ ਸ਼ਬਦਾਂ ਦੇ ਮੇਲ ਨਾਲ ਉਹ ਬਣੇ ਹਨ, ਉਹ ਪਛਾਣੇ ਨਹੀਂ ਜਾ ਸਕਦੇ।

ਉਦਾਹਰਣ—

ਫੁਲੇਲ (<ਫੁਲ-ਤੇਲ=ਫੁੱਲਾਂ ਦਾ ਤੇਲ);

ਖਤਰੇਟਾ (<ਖਤਰੀ-ਬੇਟਾ=ਖਤਰੀ ਦਾ ਪੁੱਤਰ);

ਜਟੇਟਾ (<ਜੱਟ-ਬੇਟਾ=ਜੱਟ ਦਾ ਪੁੱਤਰ);

ਜਿਠੁਤੱਰ (<ਜੇਠ-ਪੁੱਤਰ=ਜੇਠ ਦਾ ਪੁਤ);

ਦਿਰੁੱਤਰ (ਦਿਔਰ-ਪੁੱਤਰ=ਦਿਔਰ ਦਾ ਪੁਤ)।

ਇਨ੍ਹਾਂ ਉਦਾਹਰਣਾਂ ਵਿੱਚ ਦੂਜੇ (ਅੰਗ=) ਪਦ ਦਾ ਰੂਪ ਵਟ ਗਿਆ ਹੈ; ਪਰ 'ਐਤ-ਵਾਰ' ਵਿੱਚ ਪਹਿਲਾ ਪਦ ਇਨਾ ਬਦਲ ਗਿਆ ਹੈ ਕਿ ਉਸ ਦਾ ਸੰ॰ 'ਆਦਿਤ੍ਯ' (ਸੂਰਜ) ਨਾਲ ਸੰਬੰਧ ਸਮਝਣਾ ਵੀ ਔਖਾ ਜਾਪਦਾ ਹੈ।

੪੬੫. ਫ਼ਾਰਸੀ ਦੇ ਕੁਝ ਸਮਾਸੀ ਪਦ ਪੰਜਾਬੀ ਵਿੱਚ ਵੀ ਵਰਤੇ ਜਾਂਦੇ ਹਨ ; ਜਿਵੇਂ ਃ—

ਬਦ-ਮਾਸ਼, ਕਮ-ਜ਼ੋਰ, ਕਮ-ਜ਼ਾਤ, ਕਮ-ਬਖਤ, ਅਰਜੀ-ਨਵੀਸ, ਵਸੀਕਾ-ਨਵੀਸ, ਨਾ-ਮੁਰਾਦ, ਸਰਪੋਸ਼, ਸ਼ਫਾ-ਖਾਨਾ, ਚ-ਬੱਚਾ [ਚਾਹ-ਬੱਚਹ], ਰਾਜੀ-ਨਾਮਾ [راضی نامہ]।

੪੬੬. **ਦੋਗਲੇ ਸਮਾਸੀ ਪਦ**—ਕੁਝ ਅਜਿਹੇ ਸਮਾਸੀ ਪਦ ਵੀ ਦਿਸਦੇ ਹਨ ਜਿਹੜੇ ਪੰਜਾਬੀ ਅਤੇ ਵਿਦੇਸ਼ੀ ਸ਼ਬਦਾਂ ਦੇ ਮੇਲ ਨਾਲ ਬਣੇ ਹੋਏ ਹਨ ; ਜਿਵੇਂ—'ਪੱਥਰ-ਦਿਲ' ਵਿੱਚ ਪਹਿਲਾ ਪਦ ਪੰਜਾਬੀ ਦਾ ਹੈ ਅਤੇ ਦੂਜਾ ਫ਼ਾਰਸੀ ਦਾ, ਸਿਆਹੀ-ਚਟ' ਵਿੱਚ ਪਹਿਲਾ ਪਦ ਫ਼ਾਰਸੀ ਦਾ ਹੈ ਅਤੇ ਦੂਜਾ ਪੰਜਾਬੀ ਦਾ। ਏਸੇ ਤਰ੍ਹਾਂ 'ਹੁਸਨ-ਲਪੇਟੀ', 'ਮੁਸ਼ਕ-ਲਪੇਟੀ' ਵੀ ਦੋਗਲੇ ਸਮਾਸ ਹਨ।

ਕੁਝ ਸਮਾਸੀ ਪਦ ਵਿਦੇਸ਼ੀ ਪਦਾਂ ਦੇ ਮੇਲ ਨਾਲ ਬਣੇ ਹਨ; ਜਿਵੇਂ—ਖ਼ਾਲਸਾ-ਕਾਲਜ।' ਇਸ ਦਾ ਪਹਿਲਾ ਪਦ ਅਰਬੀ ਦਾ ਹੈ ਅਤੇ ਦੂਜਾ ਅੰਗ੍ਰੇਜ਼ੀ ਦਾ। ਪਾਰਟੀ-ਬਾਜ਼ੀ=ਪਾਰਟੀ (ਅੰ੦)+ਬਾਜ਼ੀ (ਫ਼ਾ੦)।

੪੬੭. ਕਿਸੇ ਇਕ ਧਾਤੂ ਦੀ ਸੰਤਾਨ ਕਿੰਨੀ ਹੁੰਦੀ ਹੈ ਅਤੇ ਉਸ ਦਾ ਪਰਿਵਾਰ ਕਿਵੇਂ ਵਧਦਾ ਹੈ—ਇਸ ਦਾ ਕੁਝ ਗਿਆਨ ਇਨ੍ਹਾਂ ਦੋਹਾਂ ਉਦਾਹਰਣਾਂ ਤੋਂ ਹੋ ਜਾਏਗਾ—

(੧) √ਚਰ ਦਾ ਪਰਿਵਾਰ

ਚਰ, ਉ-ਚਰ, ਵਿ-ਚਰ, ਗੋ-ਚਰਾ, ਚਰੀ, ਚਾਰ, ਉਚਾਰ, ਵਿਚਾਰ, ਪ੍ਰਚਾਰ, ਬਿਭਚਾਰ, ਚਾਰਾ, ਢੱਜ-ਚਾਰ, ਸਦਾਚਾਰ, ਚਰਨ, ਚਰਨਾਮ੍ਰਿਤ, ਚਰਨ-ਕਮਲ, ਚਾਰੀ, ਬ੍ਰਹਮ-ਚਾਰੀ, ਅਚਾਰਜ, ਚਾਰਨ, ਉਚਾਰਨ।

(੨) √ਸਰ ਦਾ ਪਰਿਵਾਰ

ਸਰ, ਉ-ਸੱਰ, ਨਿ-ਸੱਰ, ਪ-ਸੱਰ, ਸਰ-ਲ, ਸਾਰ, ਉ-ਸਾਰ, ਨਿ-ਸਾਰ, ਪ-ਸਾਰ, ਸੰਸਾਰ, ਉ-ਸਾਰੀ, ਪਸਾਰਾ, ਸੰਸਾਰੀ।

Digitized by Panjab Digital Library | www.panjabdigilib.org

## ਦੂਹਰੇ ਸ਼ਬਦ

੪੬੮. ਭਾਰਤ ਦੀਆਂ ਹੋਰਨਾਂ ਭਾਸ਼ਾਵਾਂ ਵਾਂਗ ਪੰਜਾਬੀ ਵਿੱਚ ਵੀ ਕਈ ਤਰ੍ਹਾਂ ਦੇ ਦੂਹਰੇ ਸ਼ਬਦ ਮਿਲਦੇ ਹਨ। ਨਾਂਵ, ਸਰਬਨਾਂਵ, ਵਿਸ਼ੇਸ਼ਣ, ਕ੍ਰਿਆਪਦ ਆਦਿਕ ਸਭ ਪਰਕਾਰ ਦੇ ਪਦ-ਭੇਦ ਦੁਹਰਾਏ ਜਾਂਦੇ ਹਨ। ਇਹ ਦੂਹਰੇ ਸ਼ਬਦ ਚਾਰ ਪਰਕਾਰ ਦੇ ਹੁੰਦੇ ਹਨ—

(੧) ਇਕੋ ਸ਼ਬਦ ਨੂੰ ਦੁਹਰਾਣ ਨਾਲ ਬਣੇ ਹੋਏ; ਜਿਵੇਂ—ਘਰ ਘਰ, ਕੀ ਕੀ, ਵਡੇ ਵਡੇ, ਹੱਸ ਹੱਸ, ਕਦੇ ਕਦੇ, ਵਾਹ ਵਾਹ।

(੨) ਦੂਹਰੇ ਧੁਨਿ-ਮੂਲਕ ਸ਼ਬਦ ਅਰਥਾਤ ਅਜਿਹੇ ਦੂਹਰੇ ਸ਼ਬਦ ਜੋ ਅਵਾਜ ਦੀ ਨਕਲ ਲਗਾਕੇ ਬਣੇ ਹੁੰਦੇ ਹਨ ; ਜਿਵੇਂ :—ਖੜ-ਖੜ, ਗੜ-ਗੜ।

(੩) ਅਰਥ ਵਾਲੇ ਸ਼ਬਦ ਅਤੇ ਉਸ ਦੀ ਵਿਗੜੀ ਨਿਰਰਥਕ ਨਕਲ ਨਾਲ ਬਣੇ ਜੁਟ ਸ਼ਬਦ; ਜਿਵੇਂ :—ਝੂਠ-ਮੂਠ, ਗੱਪ-ਸ਼ੜਪ, ਘੜੀ-ਮੁੜੀ।

(੪) ਕਿਸੇ ਸ਼ਬਦ ਨਾਲ ਉਸੇ ਅਰਥ ਵਾਲਾ ਜਾਂ ਮਿਲਦੇ-ਜੁਲਦੇ ਅਰਥ ਵਾਲਾ, ਉਲਟੇ ਅਰਥ ਵਾਲਾ ਜਾਂ ਭਿੰਨ ਅਰਥ ਵਾਲਾ ਸ਼ਬਦ ਮਿਲਾ ਕੇ ਬਣੇ ਹੋਏ ; ਜਿਵੇਂ :—ਆਦਰ-ਮਾਨ, ਧਨ-ਦੌਲਤ, ਜਿੰਦ-ਜਾਨ; ਲੀੜੇ-ਲੱਤੇ, ਦੁਖ-ਦਲਿੱਦਰ, ਬੁਧ-ਸੁਧ, ਅੱਗੇ-ਪਿਛੇ, ਜਿਤ-ਹਾਰ, ਦੁਖ-ਸੁਖ; ਪੌਣ-ਪਾਣੀ, ਅੰਨ-ਜਲ ਆਦਿਕ।

## ਦੁਹਰਾਏ ਹੋਏ ਸ਼ਬਦ

੪੬੯. ਜਿਵੇਂ ਉਪਰ ਦਸਿਆ ਗਿਆ ਹੈ, ਨਾਂਵ, ਸਰਬਨਾਂਵ ਆਦਿਕ ਸਭ ਤਰ੍ਹਾਂ ਦੇ ਪਦ ਦੁਹਰਾਏ ਜਾਂਦੇ ਹਨ। ਇਸ ਦੁਹਰਾਣ ਕਰਕੇ ਕਈ ਤਰ੍ਹਾਂ ਦੇ ਅਰਥ ਪਰਗਟ ਹੁੰਦੇ ਹਨ—ਇਕ ਇਕ ਜਾਂ ਹਰ ਇਕ, ਬਹੁਤਾ, ਇਕ ਜਾਤ ਦੇ ਭਾਂਤ ਭਾਂਤ ਦੇ ਆਦਿਕ। ਹੁਣ ਕ੍ਰਮ ਨਾਲ ਸਭਨਾਂ ਪਦ-ਭੇਦਾਂ ਦੇ ਉਦਾਹਰਣ ਹੇਠ ਦਿੱਤੇ ਜਾਂਦੇ ਹਨ ਅਤੇ ਦੁਹਰਾਏ ਸ਼ਬਦਾਂ ਦੀ ਜਾਨਕਾਰੀ ਕਰਾਈ ਜਾਂਦੀ ਹੈ।

## ਨਾਂਵ

੪੭੦. (ਕ) ਇਕ ਇਕ ਜਾਂ ਹਰ ਇਕ ਅਰਥ ਵਿੱਚ ; ਜਿਵੇਂ—ਘਰ ਘਰ ਇਹੋ ਚਰਚਾ ਹੋ ਰਹੀ ਹੈ। ਦਾਣੇ ਦਾਣੇ ਉਪਰ ਮੁਹਰ ਲਗੀ ਹੁੰਦੀ ਹੈ। ਬੂਟੇ ਬੂਟੇ ਪਾਣੀ ਦੇਂਦਾ, ਇਕ ਨਾ ਰਖਦਾ ਖਾਲੀ ਹੈ। ਬੰਦੇ ਬੰਦੇ ਦੇ ਆਪਣੇ ਭਾਗ ਹੁੰਦੇ ਹਨ। ਉਹ ਰੋਮ ਰੋਮ ਵਿੱਚ ਰਮ ਰਿਹਾ ਹੈ।

(ਖ) ਸਾਕ-ਸਰਬੰਧ ਦੱਸਣ ਲਈ; ਜਿਵੇਂ—ਭੈਣਾਂ ਭੈਣਾਂ ਦਾ ਪਿਆਰ, ਭਰਾਵਾਂ ਭਰਾਵਾਂ ਦੇ ਕੁਹਲ।

(ਗ) ਇਕ ਜਾਤ ਦਾ ਬੋਧ ਕਰਾਉਣ ਲਈ ; ਜਿਵੇਂ—ਕੁੜੀਆਂ ਕੁੜੀਆਂ ਏਧਰ ਬੈਠਣ, ਮੁੰਡੇ ਮੁੰਡੇ ਉਧਰ।

(ਘ) 'ਵੱਖਰਾ' ਜਾਂ 'ਭਿੰਨ' ਇਸ ਅਰਥ ਦਾ ਬੋਧ ਕਰਾਉਣ ਲਈ; ਜਿਵੇਂ—ਸਮੇਂ ਸਮੇਂ ਦੇ ਰਿਵਾਜ, ਰੰਗ ਰੰਗ ਦੇ ਫੁਲ; ਦੇਸ ਦੇਸ ਦੀ ਚਾਲ।

Digitized by Panjab Digital Library | www.panjabdigilib.org

## ਸਰਬਨਾਂਵ

੪੭੧. ਨਾਂਵਾਂ ਵਾਂਗਰ ਸਰਬਨਾਂਵ ਵੀ ਦੁਹਰਾਏ ਜਾਂਦੇ ਹਨ । ਦੁਹਰੇ ਸਰਬਨਾਂਵ ਹੇਠ ਲਿਖੇ ਦਾ ਬੋਧ ਕਰਾਉਂਦੇ ਹਨ—

ਇਕ ਇਕ ਜਾਂ ਹਰ ਇਕ ਦਾ ਜਿਵੇਂ—**ਜੋ ਜੋ** ਉਥੇ ਗਿਆ, **ਉਹ ਉਹ** ਬਚ ਕੇ ਨਹੀਂ ਨਿਕਲਿਆ । **ਜਿਸ ਜਿਸ** ਪਿੰਡ ਜਾਂਦਾ ਹਾਂ, **ਉਸ ਉਸ** ਦੇ ਵਸਨੀਕਾਂ ਦੀਆਂ ਰੀਤਾਂ ਦਾ ਪਤਾ ਕਢਦਾ ਹਾਂ ।

## ਵਿਸ਼ੇਸ਼ਣ

੪੭੨. ਵਿਸ਼ੇਸ਼ਣਾਂ ਦੇ ਦੁਹਟਾਣ ਕਰਕੇ ਇਹ ਅਰਥ ਪ੍ਰਗਟ ਹੁੰਦੇ ਹਨ :—

(ਕ) 'ਬਹੁਤ ਹੀ', ਜਿਵੇਂ :—**ਵੱਡੇ ਵੱਡੇ** (ਅਰਥਾਤ ਬਹੁਤ ਵਡੇ) ਬੂਟੇ, **ਛੋਟੇ ਛੋਟੇ** ਫੁਲ, **ਠੀਕ ਠੀਕ** ਮੁਲ (ਅਰਥਾਤ ਅਸਲੋਂ ਠੀਕ) !

(ਖ) ਗਿਣਤੀ-ਵਾਚਕ ਵਿਸ਼ੇਸ਼ਣ ਦੁਹਰਾਏ ਜਾਣ, ਤਾਂ 'ਇਕ ਵਾਰ ਇੰਨੇ' ਇਹ ਅਰਥ ਪਰਗਟ ਕਰਦੇ ਹਨ; ਜਿਵੇਂ :—**ਪੰਜਾਹ ਪੰਜਾਹ** ਬੰਦੇ ਲਾਠੀਆਂ ਲੈ ਕੇ ਆ ਗਏ । **ਸੌ ਸੌ ਰੁਪਏ** ਦੀ ਸੱਟ ਕੀਤੀ ਗਈ ।

੪੭੩. ਕ੍ਰਿਆ ਹੇਠਲੇ ਅਰਥ ਪਰਗਟ ਕਰਨ ਲਈ ਦੁਹਰਾਈ ਜਾਂਦੀ ਹੈ :—

(ਕ) 'ਬਹੁਤ', ਜਿਵੇਂ :—

**ਖਾ ਖਾ ਕੇ** ਢਿਡ ਪਾਟਣ ਲੱਗਾ ।
**ਹੱਸ ਹੱਸ ਕੇ** ਢਿਡ ਪੀੜ ਪੈ ਗਈ ।
'**ਗੱਜ ਗੱਜ** ਬਰਸੇ ਮੇਘਲਾ ।' ਬੁੱਲ੍ਹੇ ਸ਼ਾਹ ।

(ਖ) ਜ਼ਰੂਰ', ਜਿਵੇਂ :—

"**ਆਵਸਾਂ**, ਜੀ ! **ਆਵਸਾਂ**, ਮੈਂ ਕੋਲ ਤੇਰੇ **ਆਵਸਾਂ** ।"
ਮਕਤੂਬਾਤੇ ਦਿਲਪਜ਼ੀਰ ।

੪੭੪. ਅੱਵੈ ਵੀ ਦੁਹਰਾਏ ਜਾਂਦੇ ਹਨ ; ਜਿਵੇਂ :—

(ਕ) ਕ੍ਰਿਆ-ਵਿਸ਼ੇਸ਼ਣ—ਛੇਤੀ ਛੇਤੀ, ਹੌਲੀ-ਹੌਲੀ, ਕੋਲ ਕੋਲ, ਨੇੜੇ ਨੇੜੇ, ਪਾਸ ਪਾਸ, ਕਦੇ ਕਦੇ, ਜਦ ਜਦ, ਜਿਵੇਂ ਜਿਵੇਂ, ਕਿਵੇਂ ਕਿਵੇਂ, ਜਿੱਥੇ ਜਿੱਥੇ, ਕਿੱਥੇ ਕਿੱਥੇ ।

(ਖ) ਵਿਸਮੈ- ਆਦਿ -ਬੋਧਕ :—

ਵਾਹ ਵਾਹ ! ਹਾਏ ਹਾਏ ! ਬੱਲੇ ਬੱਲੇ !

੪੭੫. ਧੁਨੀ-ਮੂਲਕ ਦੁਹਰੇ ਸ਼ਬਦ ਵੀ ਬਥੇਰੇ ਮਿਲਦੇ ਹਨ; ਜਿਵੇਂ—

ਕੜ-ਕੜ, ਖੜ-ਖੜ , ਗੜ-ਗੜ, ਬੁੜ-ਬੁੜ, ਟਣ-ਟਣ, ਛਣ-ਛਣ, ਛਮ-ਛਮ, ਦਗੜ-ਦਗੜ ।

## ਅਸਲ + ਵਿਗੜੀ ਨਕਲ

੪੭੬. ਕਦੇ ਅਸਲੀ ਸ਼ਬਦ ਅਤੇ ਉਸ ਦੀ ਵਿਗੜੀ ਨਕਲ—ਬਿਹ ਦੋਵੇਂ ਮਿਲਕੇ ਜੁੱਟ ਬਣਾਂਦੇ ਹਨ ; ਜਿਵੇਂ—

Digitized by Panjab Digital Library | www.panjabdigilib.org

(ਕ) (੧) ਭੀੜ-ਭਾੜ, ਫੀਸ-ਫਾਸ, ਚੁਪ-ਚਾਪ, ਚੋਲ-ਚਾਲ, ਸੂਦ-ਸਾਦ, ਹੁੰਝ-ਹਾਂਝ, ਪੂੰਝ-ਪਾਂਝ, ਧੂਮ-ਧਾਮ—ਇਨ੍ਹਾਂ ਵਿੱਚ ਅਸਲੀ ਸ਼ਬਦ ਦੇ ਸੂਰ ਦੀ ਥਾਂ ਨਕਲੀ ਅਰਥਾਤ ਦੂਜੇ ਸ਼ਬਦ ਵਿੱਚ '-ਆ' ਕੀਤਾ ਗਿਆ ਹੈ।

(੨) ਝਗੜਾ-ਝੁਗੜਾ, ਨੱਠ-ਨੁਠ, ਪੱਠੇ-ਪੁਠੇ, ਕੱਟ-ਕੁਟ, ਪੜ੍ਹ-ਪੁੜ੍ਹ—ਇਨ੍ਹਾਂ ਵਿੱਚ ਹ੍ਰਸ੍ਵ ਸੂਰ ਦੀ ਜਗਾ ਨਕਲ ਵਿੱਚ '-ੁ' ਕੀਤਾ ਗਿਆ ਹੈ।

(੩) ਡਾਕ-ਡੂਕ, ਘਾਹ-ਘੂਹ, ਮਾਸ-ਮੂਸ, ਮੇਲ-ਮੂਲ—ਇਨ੍ਹਾਂ ਵਿੱਚ ਦੀਰਘ ਜਾਂ ਗੁਣ ਸੂਰ ਦੀ ਥਾਂ '-ੂ' ਕੀਤਾ ਗਿਆ ਹੈ। ਦੋ ਹੋਰ ਉਦਾਹਰਣ ਹੇਠ ਦਿਤੇ ਗਏ ਹਨ—

"ਕਹਿਣ ਲੱਗਾ ਹਟਕੋਰੇ ਲੈ ਕੇ ਮੈਂ ਚੀਜ਼ਾਂ ਸਭ ਲਈਆਂ।
**ਪੀਸ-ਪੁਸ ਕੇ, ਛਾਣ-ਛੂਣ ਕੇ** ਜਦੋਂ ਟਿਚਣ ਹੋ ਗਈਆਂ।"

ਬਾਦਸ਼ਾਹੀਆਂ–ਚਰਨ ਸਿੰਘ ਸ਼ਹੀਦ

(੪) (ਕ) ਸੱਚ-ਮੁੱਚ, ਘੜੀ-ਮੁੜੀ—ਇਨ੍ਹਾਂ ਵਿੱਚ ਮੂਲ ਸ਼ਬਦ ਦਾ ਪਹਿਲਾ ਵਰਣ ਅਤੇ ਨਾਲਦਾ ਸੂਰ ਦੋਵੇਂ ਬਦਲ ਗਏ ਹਨ।

(ਖ) ਗੱਪ-ਸ਼ੱਪ, ਤਾਪ-ਸ਼ਾਪ, ਤਿਲੀ-ਸ਼ਿਲੀ—ਇਨ੍ਹਾਂ ਵਿੱਚ ਮੂਲ ਸ਼ਬਦ ਦੇ ਪਹਿਲੇ ਵਿਅੰਜਨ ਦੀ ਥਾਂ 'ਸ਼' ਹੋ ਗਿਆ ਹੈ।

(ਗ) ਉੱਘ-ਸੁਘ, ਨਿੱਕ-ਸੁਕ—ਏਥੇ ਮੂਲ ਸ਼ਬਦ ਦੇ ਆਰੰਭਿਕ ਵਿਅੰਜਨ ਆਪਣੇ ਸੂਰ ਸਮੇਤ ਬਦਲ ਗਿਆ ਹੈ।

੪੭੭. ਸ਼ਬਦਾਂ ਦੇ ਜੋੜੇ (ਜੋ ਸਮਾਸੀ ਪਦ ਹਨ) ਅਰਥ ਅਨੁਸਾਰ ਤਿੰਨ ਤਰ੍ਹਾਂ ਦੇ ਹਨ—

(੧) ਇੱਕੋ ਅਰਥ ਵਾਲੇ, (੨) ਮਿਲਦੇ-ਜੁਲਦੇ ਅਰਥ ਵਾਲੇ ਅਤੇ
੩. ਉਲਟੇ ਅਰਥ ਵਾਲੇ।

੪੭੮. ਇਕੋ ਅਰਥ ਵਾਲੇ ਸ਼ਬਦਾਂ ਦੇ ਜੁੱਟ; ਜਿਵੇਂ—ਆਦਰ-ਮਾਨ, ਸੰਗ-ਸਾਥ, ਸਾਕ-ਸੰਬੰਧ, ਸੂਰ-ਬੀਰ, ਹੁੰਦੇ-ਸੁੰਦੇ, ਕੰਮ-ਕਾਜ, ਕਾਲਾ-ਸ਼ਾਹ, ਗੱਲ-ਬਾਤ, ਜਲ-ਪਾਣੀ, ਜੀਵ-ਜੰਤ, ਠੰਢਾ-ਠਾਰ, ਡਾਂਗ-ਸੋਟਾ, ਥੋਹ-ਪਤਾ, ਦਵਾ-ਦਾਰੂ, ਧਨ-ਦੌਲਤ, ਨੌਕਰ-ਚਾਕਰ, ਬਾਲ-ਬੱਚੇ, ਮਾਰ-ਕੁਟਾਈ, ਲਾਲ-ਸੂਹਾ, ਲੁਕ-ਛੁਪ, ਵੇਖ-ਚਾਖ।

੪੭੯. ਮਿਲਦੇ-ਜੁਲਦੇ ਅਰਥ ਵਾਲੇ ਜਿਵੇਂ :—

ਅੰਗ-ਸਾਕ, ਸਾਹ-ਸਤ, ਸਿਰ-ਪੈਰ, ਸੁਖ-ਸਾਂਦ, ਹੱਥ-ਪੈਰ, ਹਮਾ-ਤੁਮਾ, ਹਾਰ-ਸ਼ਿੰਗਾਰ, ਕੋਠਾ-ਮਠਲਾ, ਖੇਡ-ਤਮਾਸ਼ਾ, ਘਰ-ਬਾਰ, ਜੰਤਰ-ਮੰਤਰ, ਜਪ-ਤਪ, ਤਨ-ਮਨ, ਧਾਗਾ-ਤਵੀਤ, ਧੀ-ਪੁਤ, ਪੀਰ-ਪਕੰਬਰ, ਬਿਰਛ-ਬੂਟੇ, ਮੌਜ-ਬਹਾਰ, ਰੰਗ-ਰੂਪ, ਲਿਖਾ-ਪੜ੍ਹੀ, ਵੱਟਣਾ-ਖੱਟਣਾ।

੪੮੦. ਉਲਟੇ ਅਰਥ ਵਾਲੇ ਜਿਵੇਂ :—

ਉੱਪਰ-ਹੇਠ, ਅੱਗਾ-ਪਿਛਾ, ਔਖਾ-ਸੌਖਾ, ਸਿੱਧ-ਪੁਠ, ਹਨੇਰ-ਚਾਣਨ, ਹੇਠੀ-ਜੇਠੀ, ਖੱਟਾ-ਮਿਠਾ, ਗੁਣ-ਔਗਣ, ਘਾਟਾ-ਵਾਧਾ, ਚੰਗਾ-ਮੰਦਾ, ਜਲ-ਥਲ, ਜਿੱਤ-ਹਾਰ, ਝੂਠ-ਸੱਚ, ਤਗੜਾ-ਮਾੜਾ, ਦਿਨ-ਰਾਤ, ਦੁਖ-ਸੁਖ, ਧੁਪ-ਛਾਂ, ਨਿੰਦਾ-ਉਸਤਤ, ਪੂਰਬ-ਪੱਛਮ, ਲੱਥੀ-ਚੜ੍ਹੀ, ਲੈਣ-ਦੇਣ, ਵਧੀਆ-ਘਟੀਆ।

Digitized by Panjab Digital Library | www.panjabdigilib.org

## ਤੀਜਾ ਭਾਗ

# ਵਾਕ-ਬੋਧ

੪੮੧. ਹੁਣ ਤੀਕਰ ਅਸਾਂ ਪਦਾਂ ਜਾਂ ਸ਼ਬਦਾਂ ਦਾ ਵਰਨਣ ਕੀਤਾ ਹੈ। ਸ਼ਬਦ-ਭੇਦ, ਵਿਭਕਤੀਆਂ ਨਾਲ ਰੂਪ-ਸਾਧਨਾ, ਸ਼ਬਦਾਂ ਦੀ ਉਤਪੱਤੀ— ਇਨ੍ਹਾਂ ਉੱਪਰ ਵਿਚਾਰ ਕੀਤਾ ਗਿਆ ਹੈ। ਹੁਣ ਇਨ੍ਹਾਂ ਪਦਾਂ ਤੋਂ ਬਣਿਆਂ ਵਾਕਾਂ ਉਪਰ ਵਿਚਾਰ ਕੀਤਾ ਜਾਏਗਾ।

ਇਸ ਭਾਗ ਵਿੱਚ ਪਹਿਲਾਂ ਵਾਕਾਂ ਵਿੱਚ ਵਰਤੇ ਜਾਣ ਵਾਲੇ ਭਾਂਤ-ਭਾਂਤ ਦੇ ਸ਼ਬਦਾਂ ਦੀ ਵਰਤੋਂ ਦੱਸੀ ਜਾਏਗੀ ਅਤੇ ਫੇਰ ਉਨ੍ਹਾਂ ਸ਼ਬਦਾਂ ਨਾਲ ਬਣੇ ਵਾਕਾਂ ਦੀ ਬਣਤਰ ਦਾ ਵਰਨਣ ਕੀਤਾ ਜਾਏਗਾ।

ਵਿਆਕਰਣ ਦਾ ਇਹ ਭਾਗ ਅਰਥਾਤ ਵਾਕ-ਬੋਧ ਪਦਾਂ ਨੂੰ ਜੋੜ ਕੇ ਵਾਕਾਂ ਰਾਹੀਂ ਵਿਚਾਰ ਪ੍ਰਗਟ ਕਰਨ ਦਾ ਢੰਗ ਦੱਸਦਾ ਹੈ; ਇਸ ਕਰਕੇ ਇਸ ਵਿੱਚ **ਵਾਕ** ਅਤੇ ਉਸ ਦੇ ਅੰਗਾਂ ਦਾ ਵਰਨਣ ਹੁੰਦਾ ਹੈ ਅਤੇ ਵਾਕ ਦੇ ਪਦਾਂ ਦਾ ਆਪੋ-ਵਿਚਲਾ ਸੰਬੰਧ ਵੀ ਦਸਿਆ ਜਾਂਦਾ ਹੈ।

੪੮੨. ਪਦਾਂ ਦੁਆਰਾ ਪ੍ਰਗਟ ਕੀਤੇ ਗਏ ਪੂਰੇ ਵਿਚਾਰ ਨੂੰ **ਵਾਕ** ਆਖਦੇ ਹਨ।

ਪੂਰੇ ਵਿਚਾਰ ਲਈ ਜ਼ਰੂਰੀ ਹੈ ਕਿ (੧) ਕੋਈ ਪਦਾਰਥ ਹੋਵੇ ਜਿਸ ਦੀ ਬਾਬਤ ਮਨ ਸੋਚ ਰਿਹਾ ਹੈ ਅਤੇ (੨) ਮਨ ਉਸ ਦੀ ਬਾਬਤ ਕੁਝ ਸੋਚ ਰਿਹਾ ਹੁੰਦਾ ਹੈ।

ਜਿਸ ਪਦਾਰਥ ਬਾਬਤ ਅਸੀਂ ਸੋਚਦੇ ਹਾਂ, ਉਸ ਨੂੰ **ਉਦੇਸ਼** ਆਖਦੇ ਹਨ, ਜੋ ਕੁਝ ਉਸ ਪਦਾਰਥ ਬਾਬਤ ਅਸੀਂ ਸੋਚਦੇ ਹਾਂ ਅਤੇ ਕਹਿੰਦੇ ਹਾਂ, ਉਸ ਨੂੰ **ਵਿਧੇਅ** ਕਹਿੰਦੇ ਹਨ।

੪੮੩. ਦੂਜਿਆਂ ਸ਼ਬਦਾਂ ਵਿੱਚ ਹਰ ਇਕ ਵਾਕ ਦੇ ਦੋ ਜ਼ਰੂਰੀ ਅੰਗ ਹੁੰਦੇ ਹਨ—**ਉਦੇਸ਼** ਅਤੇ **ਵਿਧੇਅ**। ਜਿਸ ਦੀ ਬਾਬਤ ਗੱਲ ਕੀਤੀ ਜਾਂਦੀ ਹੈ, ਉਸ ਨੂੰ **ਉਦੇਸ਼** ਆਖਦੇ ਹਨ ਅਤੇ ਜੋ ਕੁਝ ਉਸ ਦੀ ਬਾਬਤ ਕਿਹਾ ਜਾਂਦਾ ਹੈ, ਉਸ ਨੂੰ **ਵਿਧੇਅ** ਕਹਿੰਦੇ ਹਨ ; ਜਿਵੇਂ :—'ਪਿੰਡਾ ਤਾਪ ਨਾਲ ਭਖਦਾ ਹੈ'—ਇਸ ਵਿਚ 'ਭਖਦਾ ਹੈ' ਇਹ ਗੱਲ 'ਪਿੰਡੇ' ਦੀ ਬਾਬਤ ਕੀਤੀ ਗਈ ਹੈ ਅਰਥਾਤ 'ਪਿੰਡਾ' **ਉਦੇਸ਼** ਹੈ ਅਤੇ 'ਭਖਦਾ ਹੈ' ਇਹ ਗੱਲ ਜੋ 'ਪਿੰਡੇ' ਦੀ ਬਾਬਤ ਕਹੀ ਗਈ ਹੈ, **ਵਿਧੇਅ** ਹੈ। ਇਸੇ ਤਰ੍ਹਾਂ 'ਸੁੰਦਰ ਸਿੰਘ ਨੇ ਪੋਥੀ ਵਾਚੀ'—ਇਸ ਵਾਕ ਵਿੱਚ 'ਵਾਚੀ' ਇਹ ਗਲ ਵਿਧੇਅ ਹੈ ਅਤੇ 'ਪੋਥੀ' ਜਿਸ ਦੀ ਬਾਬਤ ਇਹ ਗਲ ਆਖੀ ਗਈ ਹੈ **ਉਦੇਸ਼** ਹੈ।

Digitized by Panjab Digital Library | www.panjabdigilib.org

੪੮੪. ਵਾਕ ਦਾ ਉਦੇਸ਼ ਨਾਂਵ, ਸਰਬਨਾਂਵ ਜਾਂ ਨਾਂਵ ਵਾਂਗਰ ਵਰਤਿਆ ਗਿਆ ਵਿਸ਼ੇਸ਼ਣ ਹੁੰਦਾ ਹੈ ; ਵਿਧੇਅ ਕ੍ਰਿਆ ਜਾਂ ਵਿਸ਼ੇਸ਼ਣ ਸਹਿਤ ਕ੍ਰਿਆ ਹੁੰਦੀ ਹੈ। ਉਦਾਹਰਣ :—

| ਉਦੇਸ਼ | ਵਿਧੇਅ |
|---|---|
| ਮੁੰਡਾ (ਨਾਂਵ) | ਦੌੜਦਾ ਹੈ। |
| ਉਹ (ਸਰਬਨਾਂਵ) | ਆਏਗਾ। |
| ਰੋਗੀ (ਵਿਸ਼ੇਸ਼ਣ=ਨਾਂਵ) | ਰੋ ਰਿਹਾ ਸੀ। |

ਕਦੇ ਕ੍ਰਿਆ ਹੀ ਸਰਬਨਾਂਵ (ਉਦੇਸ਼) ਦਾ ਵੀ ਬੋਧ ਕਰਾ ਦੇਂਦੀ ਹੈ; ਜਿਵੇਂ :—
"ਸੁਣੋ"=(ਤੁਸੀ) ਸੁਣੋ।

੪੮੫. ਵਾਕ-ਬੋਧ ਵਿੱਚ ਤਿੰਨ ਤਰ੍ਹਾਂ ਦੇ ਨਿਯਮ ਦੱਸੇ ਜਾਂਦੇ ਹਨ :—

੧. ਅਧਿਕਾਰ ਸੰਬੰਧੀ,
੨. ਪਦ-ਕ੍ਰਮ ਸੰਬੰਧੀ ਅਤੇ
੩. ਪਦਾਂ ਦੇ ਮੇਲ ਸੰਬੰਧੀ।

੪੮੬. ਪਦ ਦੀ ਉਸ ਸ਼ਕਤੀ ਨੂੰ, ਜਿਸ ਕਰਕੇ ਉਹ ਕਿਸੇ ਦੂਜੇ ਪਦ ਨੂੰ ਆਪਣੇ ਅਧੀਨ ਰਖਦਾ ਹੈ, **ਅਧਿਕਾਰ** ਕਹਿੰਦੇ ਹਨ। ਉਦਾਹਰਣ ਲਈ, ਸੰਬੰਧਕ ਦਾ ਉਸ ਦੇ ਪਹਿਲਾਂ ਆਉਣ ਵਾਲੇ ਨਾਂਵ ਜਾਂ ਸਰਬਨਾਂਵ ਉਪਰ ਅਧਿਕਾਰ ਹੁੰਦਾ ਹੈ ਅਤੇ ਉਸ ਨਾਲ ਨਾਂਵ ਆਦਿ ਦਾ ਸੰਬੰਧਕੀ ਰੂਪ ਹੀ ਵਰਤਿਆ ਜਾਂਦਾ ਹੈ।

੪੮੭. ਵਾਕ ਦੇ ਹਰ ਇਕ ਪਦ ਨੂੰ ਉਸ ਦੇ ਠੀਕ ਟਿਕਾਣੇ ਉੱਪਰ ਰਖਣਾ **ਪਦ-ਕ੍ਰਮ** ਕਿਹਾ ਜਾਂਦਾ ਹੈ।

੪੮੮. ਪਦਾਂ ਦੇ ਲਿੰਗ, ਵਚਨ, ਵਿਭਕਤੀ ਜਾਂ ਪੁਰਖ, ਵਚਨ ਆਦਿ ਦੇ ਸਮਾਨ ਹੋਣ ਨੂੰ **ਮੇਲ** ਕਹਿੰਦੇ ਹਨ।

## ਅਧਿਕਾਰ ਦੇ ਨਿਯਮ

੪੮੯. (੧) ਸਕਰਮਕ ਕ੍ਰਿਆ ਦੇ ਪਰਧਾਨ ਕਰਮ ਦਾ ਸਾਧਾਰਣ ਰੂਪ ਹੁੰਦਾ ਹੈ ਅਤੇ ਅਪਰਧਾਨ ਕਰਮ ਦਾ 'ਨੂੰ' ਸੰਬੰਧਕ ਸਮੇਤ ਸੰਬੰਧਕੀ ਰੂਪ ; ਜਿਵੇਂ :—

ਮੈਂ ਮੁੰਡੇ ਨੂੰ ਪੁਸਤਕ ਪੜ੍ਹਾ ਰਿਹਾ ਹਾਂ।

(੨) ਸੰਬੰਧਕ ਤੋਂ ਪਹਿਲਾਂ ਨਾਂਵ ਅਤੇ ਉਸ ਦੇ ਵਿਸ਼ੇਸ਼ਣ ਦਾ ਸੰਬੰਧਕ ਰੂਪ ਹੁੰਦਾ ਹੈ ; ਜਿਵੇਂ :—

ਆਪਣੀਆਂ ਲੋੜਾਂ ਨੂੰ ਵਧਾਣਾ ਠੀਕ ਨਹੀਂ।

(੩) ਦੁਬਾਜਰੇ ਸੰਬੰਧਕਾਂ ਤੋਂ ਪਹਿਲਾਂ ਕਦੇ ਸੰਬੰਧਕੀ ਰੂਪ ਆਉਂਦਾ ਹੈ ਅਤੇ ਕਦੇ 'ਦੇ' ਜਾਂ 'ਤੋਂ' ਸਮੇਤ ਸੰਬੰਧਕੀ ਰੂਪ ; ਜਿਵੇਂ :—

ਉਸ ਪਿੱਛੇ—ਉਸ ਦੇ ਪਿਛੇ; ਬੰਦੇ ਕੋਲ—ਬੰਦੇ ਦੇ ਕੋਲ।

Digitized by Panjab Digital Library | www.panjabdigilib.org

## ਪਦ-ਕ੍ਰਮ

੪੯੦. ਸੰਸਕ੍ਰਿਤ ਵਿੱਚ ਨਾਂਵ ਅਤੇ ਕ੍ਰਿਆ-ਪਦ ਨਾਲ ਵਿਭਕਤੀਆਂ ਲਗੀਆਂ ਹੁੰਦੀਆਂ ਹਨ, ਇਸ ਕਰਕੇ ਉਨ੍ਹਾਂ ਦੀ ਰਾਹੀਂ ਉਨ੍ਹਾਂ ਦਾ ਵਾਕ ਦੇ ਦੂਜਿਆਂ ਪਦਾਂ ਨਾਲ ਸੰਬੰਧ ਮਲੂਮ ਹੋ ਜਾਂਦਾ ਹੈ। ਵਾਕ ਦੇ ਪਦ ਫਲਾਣੇ ਹੀ ਕ੍ਰਮ ਨਾਲ ਆਉਣ— ਇਸ ਗੱਲ ਦੀ ਲੋੜ ਸੰਸਕ੍ਰਿਤ ਨੂੰ ਨਹੀਂ। ਪੰਜਾਬੀ ਨਾ ਹੀ ਅੰਗ੍ਰੇਜ਼ੀ ਵਾਂਗਰ ਵਿਭਕਤੀ-ਰਹਿਤ ਭਾਸ਼ਾ ਹੈ ਅਤੇ ਨਾ ਹੀ ਸੰਸਕ੍ਰਿਤ ਵਾਂਗਰ ਵਿਭਕਤੀਆਂ ਨਾਲ ਭਰਪੂਰ; ਇਹ ਇਨ੍ਹਾਂ ਦੋਹਾਂ ਦੇ ਵਿਚਕਾਰ ਹੈ। ਪਦ-ਕ੍ਰਮ ਦਾ ਖਿਆਲ ਕਰਕੇ ਵੀ ਇਸ ਦਾ ਟਿਕਾਣਾ ਦੋਹਾਂ ਭਾਸ਼ਾਵਾਂ ਦੇ ਵਿਚਕਾਰ ਹੀ ਹੈ।

੪੯੧. ਵਾਕ ਵਿੱਚ ਪਦ ਜਿਸ ਕ੍ਰਮ ਨਾਲ ਆਉਣ, ਉਸ ਨੂੰ **ਪਦ-ਕ੍ਰਮ** ਆਖਦੇ ਹਨ।

੪੯੨. ਪਦਕ੍ਰਮ ਦੋ ਤਰ੍ਹਾਂ ਦਾ ਹੁੰਦਾ ਹੈ: (੧) ਵਿਆਕਰਣ ਅਨੁਸਾਰ ਅਤੇ (੨) ਭਾਸ਼ਣ ਨੂੰ ਜ਼ੋਰਦਾਰ ਬਣਾਉਣ ਵਾਲਾ।

(ੳ) **ਵਿਆਕਰਣ-ਅਨੁਸਾਰ ਪਦ-ਕ੍ਰਮ** ਉਹੋ ਹੁੰਦਾ ਹੈ ਜੋ ਆਮ ਬੋਲਣ ਅਤੇ ਲਿਖਣ ਵਿੱਚ ਦਿਸਦਾ ਹੈ। ਇਸ ਨੂੰ **ਸਾਧਾਰਣ ਕ੍ਰਮ** ਵੀ ਆਖਦੇ ਹਨ।

(ਅ) ਭਾਸ਼ਣ ਨੂੰ ਜ਼ੋਰਦਾਰ ਬਣਾਉਣ ਵਾਲਾ ਪਦ-ਕ੍ਰਮ ਉਹ ਹੈ ਜੋ ਅੱਛੇ ਅਤੇ ਪ੍ਰਭਾਵਸ਼ਾਲੀ ਵਕਤਾ ਦੇ ਵਾਕਾਂ ਵਿੱਚ ਦਿਸ ਆਉਂਦਾ ਹੈ। ਇਸ ਨੂੰ **ਵਿਸ਼ੇਸ਼ ਕ੍ਰਮ** ਵੀ ਆਖਦੇ ਹਨ।

੪੯੩. ਸੰਬੋਧਨ ਅਤੇ ਵਿਸਮਕ ਆਮ ਵਾਕ ਦੇ ਆਰੰਭ ਵਿਚ ਆਉਂਦੇ ਹਨ, ਪਰ ਕਦੇ ਕਦੇ ਵਾਕ ਦੇ ਅੰਤ ਵਿੱਚ ਵੀ ਰੱਖੇ ਜਾਂਦੇ ਹਨ; ਜਿਵੇਂ—

'**ਮਹਾਰਾਜ**! ਇਹ ਦੁਨੀਆਂ ਤੇ ਅਸਮਾਨੀ ਬਿੱਜ ਵਾਂਗ ਨਵਾਂ ਗ਼ੈਬੀ ਗੋਲਾ ਪਿਆ ਏ।—'ਮਹਾਰਾਜ ਰਣਜੀਤ ਸਿੰਘ', ਕ੍ਰਿਪਾ ਸਾਗਰ।

**ਆਹ**! ਮਹਾਰਾਜ ਸੈਰ ਕਰਕੇ ਆ ਗਏ!

'ਹੇ ਚੰਚਲ **ਰਥਵਾਹੀਆ**! ਗੋਲੀ ਬੋਲੀ ਆ।

ਕੀ ਕੁਝ ਤੁਧ ਪਕਾਇਆ? ਸਾਨੂੰ ਜ਼ਰਾ ਦਿਖਾ।' 'ਨਲ-ਦਮਿਅੰਤੀ', ਚਾਤ੍ਰਿਕ

'ਨੀ, ਮੈਂ ਹੁਣ ਸੁਣਿਆ, ਇਸ਼ਕ ਸ਼ਰਾ ਕੀ ਨਾਤਾ?' ਬੁਲ੍ਹੇ ਸ਼ਾਹ।

'ਸਾਡੇ ਪਈ ਹੈਂ ਕੇਹੇ ਖਿਆਲ? **ਮਾਏ**!' ਹੀਰ—ਮੁਕਬਿਲ।

'ਹਟ ਜਾ ਪਿੱਛੇ, **ਪਾਪੀਆ**! ਮੈਨੂੰ ਹੱਥ ਨਾ ਲਾ।' 'ਨਲ-ਦਮਿਅੰਤੀ', ਚਾਤ੍ਰਿਕ

੪੯੪. ਵਾਕ ਵਿੱਚ ਆਮ ਕਰਕੇ ਪਹਿਲਾਂ ਕਰਤਾ, ਫੇਰ ਕਰਮ ਅਤੇ ਅੰਤ ਵਿੱਚ ਕ੍ਰਿਆ ਆਉਂਦੀ ਹੈ; ਜਿਵੇਂ—ਤੁਸੀਂ ਸਲਾਹ ਦਿਓ। ਚਿੱਠੀ ਆਈ ਹੈ।

੪੯੫. ਵਾਕ ਵਿੱਚ ਪਹਿਲਾਂ ਕਰਤਾ ਆਉਂਦਾ ਹੈ, ਭਾਵੇਂ ਉਹ ਉਦੇਸ਼ ਹੋਵੇ ਅਤੇ ਭਾਵੇਂ ਨਾ ਹੋਵੇ; ਜਿਵੇਂ—"ਅਯਾਲੀ ਬਕਰੀਆਂ ਚਾਰਦਾ ਹੈ।" ਏਥੇ

Digitized by Panjab Digital Library | www.panjabdigilib.org

'ਅਯਾਲੀ' ਕਰਤਾ ਵੀ ਹੈ ਅਤੇ ਉਦੇਸ਼ ਵੀ। 'ਮੈਂ ਉਸ ਨੂੰ ਅਵਾਜ਼ਾਂ ਮਾਰੀਆਂ'—ਏਥੇ 'ਮੈਂ' ਕਰਤਾ ਹੈ, ਪਰ ਉਦੇਸ਼ 'ਅਵਾਜਾਂ' ਹੈ।

੪੯੬. ਸਮਾਨ-ਅਧਿਕਰਣ ਪਦ ਮੁੱਖ ਪਦ ਦੇ ਪਿੱਛੇ ਆਉਂਦਾ ਹੈ ; ਜਿਵੇਂ- ਮੈਂ, **ਰਾਮ ਰੰਗ**, ਇਕਰਾਰ ਕਰਦਾ ਹਾਂ ਕਿ ਫੇਰ ਕਦੇ ਝੂਠ ਨਾ ਬੋਲਾਂਗਾ। ਕਾਂਸ਼ੀ **ਝੀਊਰ** ਆਇਆ ਹੈ ਕਿ ਨਹੀਂ ? "ਮਿਠੀ **ਨਾਇਣ** ਦੇ ਮਨ ਵਿੱਚ ਚਾ, ਮੀਆਂ।"

—ਹੀਰ, ਮੁਕਬਿਲ।

ਜਦ ਮੁਖ ਪਦ ਸਰਬਨਾਂਵ ਹੁੰਦਾ ਹੈ ਅਤੇ ਸਮਾਨ ਅਧਿਕਰਣ ਸੰਬੰਧਕ ਵਾਲਾ ਸੰਬੰਧਕੀ ਰੂਪ ਹੁੰਦਾ ਹੈ, ਤਦ ਸਰਬਨਾਂਵ ਨਾਲ ਵੀ ਸੰਬੰਧਕ ਲਗਦਾ ਹੈ ; ਜਿਵੇਂ—

**ਮੈਂ ਨੂੰ, ਪਿਨਸ਼ਨੀਏ ਨੂੰ,** ਕਾਹਦੀ ਚਿੰਤਾ ਹੈ ?

੪੯੭. ਜੇ ਕਰ ਕ੍ਰਿਆ ਦੇ ਦੋ ਕਰਮ ਹੋਣ ਤਾਂ ਅਪਰਧਾਨ ਕਰਮ ਪਰਧਾਨ ਕਰਮ ਤੋਂ ਪਹਿਲਾਂ ਆਉਂਦਾ ਹੈ ; ਜਿਵੇਂ—ਉਹ **ਭਿਖਾਰੀ ਨੂੰ ਰੋਟੀ** ਦੇਂਦਾ ਹੈ।

੪੯੮. ਵਿਸ਼ੇਸ਼-ਵਿਸ਼ੇਸ਼ਣ ਵਿਸ਼ੇਸ਼ ਤੋਂ ਪਹਿਲਾਂ ਆਉਂਦਾ ਹੈ ਅਤੇ ਵਿਧੇਅ-ਵਿਸ਼ੇਸ਼ਣ ਵਿਸ਼ੇਸ਼ ਤੋਂ ਪਿੱਛੇ ਅਤੇ ਕ੍ਰਿਆ ਤੋਂ ਪਹਿਲਾਂ ਆਉਂਦਾ ਹੈ ; ਜਿਵੇਂ—

ਵਿਸ਼ੇਸ਼-ਵਿਸ਼ੇਸ਼ਣ—ਪਲੇਗ ਇਕ **ਭਿਆਨਕ ਰੋਗ** ਹੈ।

**ਠੰਡੀ** ਹਵਾ ਚਲ ਰਹੀ ਹੈ।

**ਬੁਢਾ** ਆਦਮੀ ਹੌਲੀ ਹੌਲੀ ਟੁਰ ਰਿਹਾ ਹੈ।

ਵਿਧੇਅ-ਵਿਸ਼ੇਸ਼ਣ—ਰੋਗੀ **ਚੰਗਾ** ਹੋ ਗਿਆ ਹੈ।

ਹਵਾ **ਠੰਡੀ** ਹੈ।

ਉਹ **ਬੁੱਢਾ** ਹੋ ਗਿਆ ਹੈ।

"ਨਲਕੀ ਇਸ ਦੀ ਨਾਸ ਵਿੱਚ ਰਖ,
ਫੂਕ **ਜ਼ੋਰ** ਦੀ ਲਾਈਂ।" —ਸਾਹਿਤ ਵਾੜੀ।

**ਸੱਚਾ** ਆਦਮੀ **ਸੁਖੀ** ਰਹਿੰਦਾ ਹੈ। ਏਥੇ 'ਸੱਚਾ' ਵਿਸ਼ੇਸ਼-ਵਿਸ਼ੇਸ਼ਣ ਹੈ ਅਤੇ 'ਸੁਖੀ' ਵਿਧੇਆ-ਵਿਸ਼ੇਸ਼ਣ ਹੈ। ਏਸੇ ਤਰ੍ਹਾਂ **ਲਾਲਚੀ** ਬੰਦਾ **ਪਾਪੀ** ਹੁੰਦਾ ਹੈ—ਏਥੇ 'ਲਾਲਚੀ' ਵਿਸ਼ੇਸ਼-ਵਿਸ਼ੇਸ਼ਣ ਹੈ ਅਤੇ 'ਪਾਪੀ' ਵਿਧੇਅ-ਵਿਸ਼ੇਸ਼ਣ ਹੈ।

੪੯੯. ਸੰਬੰਧ-ਬੋਧਕ ਵਾਕ-ਅੰਸ਼ ਜਾਂ ਸੰਬੰਧ-ਪਦ ਵਿਸ਼ੇਸ਼ਣ ਹੋਣ ਕਰਕੇ ਆਪਣੇ ਵਿਸ਼ੇਸ਼ ਤੋਂ ਪਹਿਲਾਂ ਆਉਂਦਾ ਹੈ ; ਜਿਵੇਂ—

(੧) ਸੰਬੰਧ-ਬੋਧਕ ਵਾਕ-ਅੰਸ਼ :—

**ਰਾਵੀ ਦਾ** ਕੰਢਾ। **ਉਸ ਦੇ** ਸ਼ਬਦ।

**ਅੱਖਾਂ ਦੀ** ਜੋਤ। **ਉਸ ਦੀਆਂ** ਗੱਲਾਂ।

(੨) ਸੰਬੰਧ-ਪਦ :—

**ਮੇਰਾ** ਭਰਾ। **ਅਸਾਡੇ** ਮੁੰਡੇ।

**ਤੇਰੀ** ਭੈਣ। **ਤੁਸਾਡੀਆਂ** ਕੁੜੀਆਂ।

Digitized by Panjab Digital Library | www.panjabdigilib.org

੫੦੦. ਵਿਸ਼ੇਸ਼ਣ ਆਮ ਕਰਕੇ ਵਿਸ਼ੇਸ਼ ਤੋਂ ਪਹਿਲਾਂ ਆਉਂਦੇ ਹਨ, ਪਰ ਸਰਬਨਾਂਵਾਂ ਨਾਲ ਇਹ ਨਿਯਮ ਲਾਗੂ ਨਹੀਂ ਹੁੰਦਾ। ਸਰਬਨਾਂਵ ਵਿਸ਼ੇਸ਼ਣ ਤੋਂ ਪਹਿਲਾਂ ਆਉਂਦੇ ਹਨ ; ਜਿਵੇਂ— ਉਹ ਚੰਗਾ ਹੈ, ਤੂੰ ਭੈੜਾ ਹੈਂ।

ਪਰ ਜਦ ਟਾਕਰਾ ਕਰਨ ਲਈ ਜ਼ੋਰ ਦੇਣਾ ਹੋਵੇ, ਤਾਂ ਕ੍ਰਮ ਬਦਲ ਵੀ ਜਾਂਦਾ ਹੈ ; ਜਿਵੇਂ—

ਚੰਗਾ ਉਹ ਤੇ ਭੈੜਾ ਮੈਂ।

੫੦੧. ਸੰਬੰਧਵਾਚਕ ਅਤੇ ਅਨੁਸੰਬੰਧਵਾਚਕ ਪਦ, ਭਾਵੇਂ ਉਹ ਵਿਸ਼ੇਸ਼ਣ, ਭਾਵੇਂ ਸਰਬਨਾਂਵ ਅਤੇ ਭਾਵੇਂ ਕ੍ਰਿਆ ਵਿਸ਼ੇਸ਼ਣ ਹੋਣ, ਆਮ ਕਰਕੇ ਵਾਕ ਦੇ ਆਰੰਭ ਵਿੱਚ ਆਉਂਦੇ ਹਨ ; ਜਿਵੇਂ :—

**ਜੇਹੀ** ਨੀਤ, **ਤੇਹੀ** ਮੁਰਾਦ।

"**ਜਿਸ** ਦੀਵੇ ਦਾ ਚਾਨਣ ਲੱਗਾ, ਉਹ ਵੀ ਦੇਖੋ ਬੁਝਾ।"
ਨਲ-ਦਮਿਅੰਤੀ—ਚਾਤ੍ਰਿਕ

"**ਜੋ** ਤਨ ਰਤੇ ਰਬ ਸਿਉ, **ਤਿਨ** ਤਨਿ ਰਤੁ ਨ ਹੋਇ। —ਫ਼ਰੀਦ

"**ਜੇਹਾ** ਸੁਣੀਦਾ ਸੋਂ, **ਤੇਹਾ** ਦੇਖ ਲੀਤਾ।" ਨਲ-ਦਮਿਅੰਤੀ—ਚਾਤ੍ਰਿਕ

**ਜੋ** ਕਰੇਗਾ, **ਸੋ** ਭਰੇਗਾ।

"**ਜੇਹੀ** ਮੂਹੋਂ ਮੰਨੀ, **ਜੇਹੀ** ਭਰ ਦਿੱਤੀ।" 'ਮਹਾਰਾਜਾ ਰਣਜੀਤ ਸਿੰਘ'

**ਜੇ** ਜਾਣਾ ਲੜੁ ਛਿਜਣਾ, ਪੀਡੀ ਪਾਈਂ ਗੰਢਿ। —ਫ਼ਰੀਦ

"**ਜਿਉਂ ਜਿਉਂ** ਵਰਜਿਆ, **ਤਿਵੇਂ ਤਿਉਂ** ਸਿਰੇ ਚੜ੍ਹੇ,
ਹਥੋਂ ਹੋਈ ਹੈਂ ਸ਼ੋਖ਼ ਵਧੇਰੀਏ ਨੀ।" ਹੀਰ-ਵਾਰਿਸ

"**ਉੱਚਰ ਤੀਕ** ਸੁਖਾਉਂਦੀ ਗੱਲ ਸਭ ਦੀ,
**ਜਿਚੱਰ** ਆਪਣੇ ਮਨੋਂ ਹੁਲਾਸ ਹੋਵੇ।" ਗੋਪੀਚੰਦ—ਕਾਲੀਦਾਸ।

੫੦੨. ਪੂਰਬ ਪੂਰਣ ਕਾਰਦੰਤਕ ਅਤੇ ਉਸ ਦੇ ਸਰਬੰਧੀ ਪਦ ਬਹੁਤ ਵਾਰ ਵਾਕ ਦੇ ਆਰੰਭ ਵਿੱਚ ਆਉਂਦੇ ਹਨ ; ਜਿਵੇਂ—

**ਵਾਜਾਂ ਮਾਰ ਮਾਰ ਕੇ** ਗਲ ਪਾਟ ਗਿਆ ਹੈ।

"**ਆਪਣੀਆਂ ਵਡਿਆਈਆਂ ਸੁਣ ਕੇ** ਨਵਾਬ ਖਾਂ ਤਿੜਿਆ ਤੇ ਕਹਿਣ ਲੱਗਾ।" —ਨਵਾਬ ਖਾਨ

"ਵਾਹ ਨੀ ਬਰਕਤੇ ! **ਅਗਲੇ ਘਰ ਜਾ ਕੇ** ਤੂੰ ਬੜਾ ਨਾਮਣਾ ਕਢੇਂਗੀ।"
—ਨਵਾਬ ਖਾਨ

"**ਕੁੜਮਾਈ ਦੀ ਸਈਆਂ ਥੋਂ ਗੱਲ ਸੁਣ ਕੇ**
ਹੀਰ ਹਾਲ ਥੋਂ ਬਹੁਤ ਬੇਹਾਲ ਹੋਈ।" ਹੀਰ—ਮੁਕਬਿਲ

੫੦੩. ਪ੍ਰਸ਼ਨਵਾਚਕ ਕ੍ਰਿਆ-ਵਿਸ਼ੇਸ਼ਣ ਆਮ ਕਰਕੇ ਕ੍ਰਿਆ ਤੋਂ ਪਹਿਲਾਂ ਆਉਂਦਾ ਹੈ ; ਜਿਵੇਂ—

ਆਪ-ਸਹੇੜੀ ਮੌਤ ਤੋਂ **ਕੀਕਣ** ਛੁੱਟਾਂ ?

Digitized by Panjab Digital Library | www.panjabdigilib.org

੫੦੪. ਕਾਲਵਾਚਕ ਅਤੇ ਸਥਾਨਵਾਚਕ ਕ੍ਰਿਆ-ਵਿਸ਼ੇਸ਼ਣ ਆਮ ਕਰਕੇ ਵਾਕ ਦੇ ਅਰੰਭ ਵਿੱਚ ਆਉਂਦੇ ਹਨ ; ਜਿਵੇਂ--

'ਹੁਣ ਤਕੜਾ ਇਸ ਸਿਰ ਜਣਦਿਆਂ ਦਾ ਹੋਣਾ ਏ।' --ਨਵਾਬ ਖਾਨ

"ਉੱਧਰ ਸ਼ੇਰ ਮੁੜਿਆ, ਇੱਧਰ ਪੈਰ ਤੁਰਿਆ,
ਸ਼ੁਰੂ ਫੇਰ ਉਹ ਆਹੋ ਫ਼ੁਗਾਨ ਹੋਇਆ।" ਨਲ-ਦਮਿਅੰਤੀ—ਚਾਤ੍ਰਿਕ

੫੦੫. ਪੰਜਾਬੀ ਵਿੱਚ ਭਾਂਤ-ਭਾਂਤ ਦੇ ਵਾਕਾਂ ਦਾ ਪਦ-ਕ੍ਰਮ ਆਮ ਉਹੋ ਰਹਿੰਦਾ ਹੈ। ਹੇਠਲੇ ਉਦਾਹਰਣਾਂ ਤੋਂ ਇਹ ਗੱਲ ਸਿੱਧ ਹੋ ਜਾਏਗੀ--

ਨਿਰਦੇਸ਼-ਵਾਚਕ--ਕਾਲੂ ਡਾਕ ਲਿਆਇਆ ਹੈ।
ਨਿਸ਼ੇਧ-ਵਾਚਕ--ਕਾਲੂ ਡਾਕ ਨਹੀਂ ਲਿਆਇਆ ਹੈ।
ਇੱਛਾ-ਵਾਚਕ—ਕਾਲੂ ਡਾਕ ਲਿਆਵੇ।
ਆਗਿਆਰਥਕ--ਕਾਲੂ ! ਡਾਕ ਲਿਆ।
ਸੰਦੇਹਵਾਚਕ--ਕਾਲੂ ਡਾਕ ਲਿਆਇਆ ਹੋਏਗਾ।
ਸ਼ਰਤ-ਬੋਧਕ—ਕਾਲੂ ਡਾਕ ਲਿਆਂਦਾ ਤਾਂ ਚੰਗੀ ਗਲ ਹੁੰਦੀ।
ਪ੍ਰਸ਼ਨਵਾਚਕ—ਕਾਲੂ ਡਾਕ ਲਿਆਇਆ ਹੈ ?
ਵਿਸਮੈਆਦਿਬੋਧਕ--ਕਾਲੂ ਡਾਕ ਲਿਆਇਆ !

ਚੇਤੇ ਰਹੇ ਕਿ ਭਾਵੇਂ ਪਦ-ਕ੍ਰਮ ਉਹੋ ਰਿਹਾ ਹੈ, ਪਰ ਹਰ ਇਕ ਵਾਕ ਬੋਲਣ ਦਾ ਢੰਗ ਅਤੇ ਸੁਰ ਦਾ ਉਤਾਰ-ਚੜ੍ਹਾ ਕੁਝ ਵਖਰਾ ਹੀ ਹੈ।

੫੦੬. ਪਹਿਲਾਂ ਦਸਿਆ ਗਿਆ ਹੈ ਕਿ ਜ਼ੋਰਦਾਰ ਭਾਸ਼ਣ ਜਾਂ ਰਚਨਾ ਜਾਂ ਕਵਿਤਾ ਵਿੱਚ ਪਦ-ਕ੍ਰਮ ਕਈ ਵਾਰ ਕੁਝ ਬਦਲ ਦਿੱਤਾ ਜਾਂਦਾ ਹੈ। ਲੈਕਚਰ ਜਾਂ ਗੱਲਾਂ-ਬਾਤਾਂ ਵਿੱਚ ਜਦ ਕਿਸੇ ਪਦ ਉਪਰ ਜ਼ੋਰ ਦੇਣਾ ਹੋਵੇ ਜਾਂ ਖੁਸ਼ੀ, ਗ਼ਮੀ ਜਾਂ ਹਰਾਣੀ ਪਰਗਟ ਕਰਨੀ ਹੋਵੇ, ਤਾਂ ਪਦਾਂ ਦਾ ਟਿਕਾਣਾ ਬਦਲ ਦਿੱਤਾ ਜਾਂਦਾ ਹੈ।

**ਉਦਾਹਰਣ :—**

"ਤੈਨੂੰ ਕਿਸ ਆਖੀਆਂ ਨੇ ਇਹ ਗੱਲਾਂ ?" ਕਣਕ ਦੀ ਬੱਲੀ—ਗਾਰਗੀ
ਮੈਂ ਠੇਕਾ ਲੀਤਾ ਲੋਕਾਂ ਦਾ ?" ਕਣਕ ਦੀ ਬੱਲੀ—ਗਾਰਗੀ
"ਮੈਂ ਕੀ ਨਹੀਂ ਕੀਤਾ ਹੁਣ ਤੀਕ ?" ਕਣਕ ਦੀ ਬੱਲੀ-ਗਾਰਗੀ
ਸਾਰਾ ਜਾਂਦਾ ਜਾਣੀਏ, ਅੱਧਾ ਦੇਈਏ ਵੰਡ।
ਭਗਤਿਆ ! ਲਿਆ ਲਿਖਣ-ਦਵਾਤ।

ਪੂਰਨ ਇਕ ਪਿਆ ਭੋਰੇ, ਦੂਜਾ ਉਹੋ ਜੇਹਾ ਪੂਰਨ "ਮਾਂ ਦੇ ਪਿਆਰ ਨੇ, ਧਿਆਨ-ਜੰਮ ਮਾਂ ਨੇ ਆਪਣੀ ਝੋਲੀ ਪਾ ਲਿਆ।" ਖੁਲ੍ਹੇ ਮਦਾਨ--ਪੂਰਨ ਸਿੰਘ

ਜਿਹੜੀਆਂ ਮੁਸੀਬਤਾਂ ਰੱਬ ਵਲੋਂ ਪੈਣੀਆਂ ਸਨ, ਉਹ ਤਾਂ ਗਈਆਂ ਨੇ ਪੈ।
—ਨਵਾਬ ਖਾਨ

'ਉਸਨੂੰ ਡਰ ਖਾਈ ਜਾਂਦਾ ਸੀ ਜੋ ਘਰ ਵਾਲੇ ਪਊਲੇ ਮਾਰਨਗੇ ਅਣ-ਗਿਣਤ।'
—ਸਾਹਿੱਤ ਵਾੜੀ

Digitized by Panjab Digital Library | www.panjabdigilib.org

# ਮੇਲ

## ਵਿਸ਼ੇਸ਼ਣ ਅਤੇ ਵਿਸ਼ੇਸ਼ ਦਾ ਮੇਲ

੫੦੭. ਵਿਕਾਰੀ ਵਿਸ਼ਸ਼ਣ ਦੇ ਲਿੰਗ, ਵਚਨ ਅਤੇ ਵਿਭਕਤੀ ਆਪਣੇ ਵਿਸ਼ੇਸ਼ ਦੇ ਅਨੁਸਾਰ ਬਦਲਦੇ ਹਨ ; ਜਿਵੇਂ :–

| | |
|---|---|
| ਚੰਗਾ ਮੁੰਡਾ | ਚੰਗੇ ਮੁੰਡੇ |
| ਚੰਗੀ ਕੁੜੀ | ਚੰਗੀਆਂ ਕੁੜੀਆਂ |

ਦਸਾਂ ਰੁਪਿਆਂ ਦਾ ਸਿਪਾਹੀ ।
ਮੰਦੀਂ ਕੰਮੀਂ ।

੫੦੮. ਸੰਬੰਧਕ ਤੋਂ ਪਹਿਲਾਂ ਨਾਂਵ ਜਾਂ ਸਰਬਨਾਂਵ ਦਾ ਸੰਬੰਧਕੀ ਰੂਪ ਹੀ ਵਰਤਿਆ ਜਾਂਦਾ ਹੈ । ਇਸ ਨਾਂਵ ਦੇ ਵਿਸ਼ੇਸ਼ਣ ਦਾ ਵੀ ਸੰਬੰਧਕੀ ਰੂਪ ਹੀ ਹੁੰਦਾ ਹੈ ; ਜਿਵੇਂ :—ਖਰੇ ਬੰਦੇ ਨੂੰ, ਭੈੜੇ ਬੰਦੇ ਤੋਂ, ਖਰਿਆਂ ਬੰਦਿਆਂ ਨੇ, ਭੈੜਿਆਂ ਬੰਦਿਆਂ ਦਾ ਆਦਿ । ਇਨ੍ਹਾਂ ਉਦਾਹਰਣਾਂ ਤੋਂ ਸਾਫ਼ ਦਿਸਦਾ ਹੈ ਕਿ ਸੰਬੰਧਕ ਵਿਸ਼ੇਸ਼ ਦੇ ਪਿਛੇ ਹੀ ਆਉਂਦਾ ਹੈ ।

"ਅਸਾਂ ਰਾਜਿਆਂ ਦੀ ਏਹੋ ਰਸਮ ਮੁੱਢੋਂ,
ਅੱਖੀਂ ਵੇਖਿਆਂ ਹੀ ਵਰ ਪਾਣ, ਭੈਣੇ !" ਨਲ-ਦਮਿਅੰਤੀ—ਚਾਤ੍ਰਿਕ

ਏਥੇ 'ਅਸਾਂ' ਸਰਬਨਾਂਵ ਵੀ ਸੰਬੰਧਕ ਰਹਿਤ ਹੈ ।
ਅਸਾਂ ਰਾਜਿਆਂ ਦੀ=ਅਸਾਡੀ ਰਾਜਿਆਂ ਦੀ ।

੫੦੯. ਜੇ ਕਰ ਇੱਕ ਵਿਸ਼ੇਸ਼ ਦੇ ਕਈ ਵਿਕਾਰੀ ਵਿਸ਼ੇਸ਼ਣ ਹੋਣ ਤਾਂ ਇਹ ਸਭ ਵਿਸ਼ੇਸ਼ ਅਨੁਸਾਰ ਬਦਲਦੇ ਹਨ ; ਜਿਵੇਂ :—

ਮੇਰਾ ਤੇ ਜੀ ਕਰਦਾ ਏ ਪਈ ਇਸੇ ਤਰਾਂ ਖਲਾ-ਖਲੋਤਾ, ਭਰਾ-ਭਰਾਇਆ ਘਰ ਸਾਰੇ ਦਾ ਸਾਰਾ ਮਣਸ ਦੇਵਾਂ । ਬੇਬੇ ਰਾਮ ਭਜਨੀ

੫੧੦. ਸੰਬੰਧ ਕਾਰਕ ਵਾਕਅੰਸ਼ ਇਕ ਤਰ੍ਹਾਂ ਦਾ ਵਿਸ਼ੇਸ਼ਣ ਹੀ ਹੈ, ਇਸ ਕਰ ਕੇ ਇਸ ਦੇ ਲਿੰਗ, ਵਚਨ ਅਤੇ ਵਿਭਕਤੀ ਇਸ ਦੇ ਵਿਸ਼ੇਸ਼ ਦੇ ਲਿੰਗ, ਵਚਨ ਅਤੇ ਵਿਭਕਤੀ ਵਰਗੇ ਹੁੰਦੇ ਹਨ ; ਜਿਵੇਂ :—

| | |
|---|---|
| ਕੁਮ੍ਹਿਆਰ ਦਾ ਖੋਤਾ | ਕੁਮ੍ਹਿਆਰ ਦੀ ਖੋਤੀ |
| ਕੁਮ੍ਹਿਆਰ ਦੇ ਖੋਤੇ ਨੂੰ | ਕੁਮ੍ਹਿਆਰ ਦੀ ਖੋਤੀ ਨੂੰ |
| ਕੁਮ੍ਹਿਆਰ ਦਿਆਂ ਖੋਤਿਆਂ ਨੇ | ਕੁਮ੍ਹਿਆਰ ਦੀਆਂ ਖੋਤੀਆਂ ਨੇ |

੫੧੧. ਵਿਧੇਅ-ਵਿਸ਼ੇਸ਼ਣ ਦੇ ਲਿੰਗ, ਵਚਨ ਅਤੇ ਵਿਭਕਤੀ ਉਦੇਸ਼ ਦੇ ਲਿੰਗ, ਵਚਨ ਅਤੇ ਵਿਭਕਤੀ ਅਨੁਸਾਰ ਹੁੰਦੇ ਹਨ ; ਜਿਵੇਂ :—

ਸਵੇਰੇ ਉਠਣਾ ਇਨ੍ਹਾਂ ਵਾਸਤੇ ਬੜਾ ਔਖਾ ਹੈ ।
ਸੱਚੇ ਵੀਰ ਕਰੜੇ ਪਰ ਦਇਆਵਾਨ ਹੁੰਦੇ ਹਨ ।
ਇਸ ਦੇ ਚਾਲੇ ਭੈੜੇ ਹਨ ।

Digitized by Panjab Digital Library | www.panjabdigilib.org

'ਤੇਰੀ ਉਮਰ ਦੇ ਦੁੱਖ ਨ ਰਹੇ ਸਾਵੇ।' —ਹਦਾਇਤਉੱਲਾ

ਉਸ ਦੀਆਂ ਵੰਗਾਂ ਕੇਹੀਆਂ ਸੋਹਣੀਆਂ ਹਨ।

੫੧੨. ਸ਼ੁਧ ਕਰਮ ਦੇ ਵਿਕਾਰੀ ਵਿਧੇਅ-ਵਿਸ਼ੇਸ਼ਣ ਦੇ ਲਿੰਗ ਅਤੇ ਵਚਨ ਉਸ ਕਰਮ ਦੇ ਅਨੁਸਾਰ ਹੁੰਦੇ ਹਨ; ਜਿਵੇਂ:—ਵਿਦਿਆਰਥੀ ਪੁਸਤਕਾਂ ਗੰਦੀਆਂ ਕਰ ਰਹੇ ਹਨ। ਮਜਦੂਰ ਰਸਤਾ ਚੌੜਾ ਕਰ ਰਿਹਾ ਹੈ।

੫੧੩. ਜਦ ਦੋ ਜਾਂ ਵਧੇਰੇ ਵਿਸ਼ੇਸ਼ ਭਿੰਨ ਭਿੰਨ ਲਿੰਗਾਂ ਦੇ ਹੋਣ ਤਾਂ ਵਿਧੇਅ-ਵਿਸ਼ੇਸ਼ਣ ਪੁਲਿੰਗ ਅਤੇ ਬਹੁਵਚਨ ਹੁੰਦਾ ਹੈ; ਜਿਵੇਂ:—

ਬਰਕਤੇ ਅਤੇ ਫੱਜਾ ਬਹੁਤ ਹੀ ਲਿੱਸੇ ਹੋ ਗਏ ਹਨ।

ਆਦਰ ਦੱਸਣ ਲਈ ਇਸਤ੍ਰੀ ਲਿੰਗ ਉਦੇਸ਼ ਜਾਂ ਵਿਸ਼ੇਸ਼ ਨਾਲ ਵੀ ਵਿਧੇਅ ਜਾਂ (ਅਤੇ) ਵਿਸ਼ੇਸ਼ਣ ਬਹੁਵਚਨ ਅਤੇ ਪੁਲਿੰਗ ਆਉਂਦੇ ਹਨ; ਜਿਵੇਂ:—

'ਮੇਰੇ ਦਾਦੀ ਜੀ ਬੁੱਢੇ ਹਨ।' —ਸਾਹਿੱਤ-ਵਾੜੀ ਸ੦ ੧੧੯।'

੫੧੪. 'ਆਪਣਾ' ਆਕਾਰਾਂਤ ਵਿਸ਼ੇਸ਼ਣ ਹੈ ਅਤੇ ਇਸ ਦੇ ਰੂਪ ਆਪਣੇ ਵਿਸ਼ੇਸ਼ ਅਨੁਸਾਰ ਬਦਲਦੇ ਹਨ; ਜਿਵੇਂ:—

"ਜਦ ਅਫਸਰ ਆਪਣਾ ਪਰਚਾਰ ਕਰ ਚੁੱਕੇ, ਤਾਂ ਕੁਝ ਬੰਦੇ ਉਠ ਕੇ ਘਰਾਂ ਨੂੰ ਮੁੜ ਗਏ।" —ਨਵਾਬ ਖਾਨ

"ਤ੍ਰਿਖੇ ਆਪਣੇ ਵੇਗ ਗਿਆ ਟਪ ਬੰਨੇ ਬੰਨੀ।" ਬਿਜਲੀਆਂ ਦੇ ਹਾਰ

"ਜੇ ਜਟ ਅਕਲ ਨਾਲ ਆਪਣੀ ਕਮਾਈ ਵਰਤੇ, ਤਾਂ ਸਾਰੀਆਂ ਤੁਫੀਕਾਂ ਉਹਨੂੰ ਹਨ।" —ਨਵਾਬ ਖਾਨ

ਕੁਝ ਆਪਣੀਆਂ ਦਲੀਲਾਂ ਦੁੜਾਣ ਲੱਗ ਪਏ।

ਵਿਧਿਅਰਥਕ ਕਾਰਦੰਤਕ ਵੀ ਇਕ ਤਰ੍ਹਾਂ ਦਾ ਵਿਸ਼ੇਸ਼ਣ ਹੈ। ਭਾਵੇਂ ਇਹ ਕੁਝ ਕਾਲਾਂ ਵਿੱਚ ਕ੍ਰਿਆ-ਪਦਾਂ ਦਾ ਅੰਗ ਬਣ ਗਿਆ ਹੈ, ਤਾਂ ਵੀ ਇਸ ਨੇ ਆਪਣੀ ਸੁਤੰਤ੍ਰਤਾ ਨਹੀਂ ਛੱਡੀ। ਵਿਸ਼ੇਸ਼ਣ ਵਾਂਗ ਕਰਮ-ਵਾਚ ਵਿੱਚ ਇਸ ਦੇ ਲਿੰਗ, ਵਚਨ ਆਪਣੇ ਉਦੇਸ਼ (ਅਸਲੋਂ ਵਿਸ਼ੇਸ਼) ਦੇ ਅਨੁਸਾਰ ਹੁੰਦੇ ਹਨ। ਉਦਾਹਰਣ:—

ਕੰਮ ਕਰਨਾ ਹੈ। ਕੰਮ ਕਰਨੇ ਹਨ।

ਗੱਲ ਆਖਣੀ ਸੀ। ਗੱਲਾਂ ਆਖਣੀਆਂ ਸਨ।

ਇਨ੍ਹਾਂ ਵਾਕਾਂ ਵਿੱਚ ਵਿਧਿਅਰਥਕ ਕਾਰਦੰਤਕ ਕ੍ਰਿਆ ਦਾ ਅੰਗ ਬਣ ਗਿਆ ਹੈ, ਪਰ ਤਾਂ ਵੀ ਇਸ ਦਾ ਮੇਲ ਆਪਣੇ ਉਦੇਸ਼ ਨਾਲ ਹੀ ਰਿਹਾ ਹੈ।

## ਉਦੇਸ਼ ਅਤੇ ਕ੍ਰਿਆ ਦਾ ਮੇਲ

੫੧੫. ਉਦੇਸ਼ ਸਦਾ ਪਹਿਲੀ ਵਿਭਕਤੀ ਦਾ ਰੂਪ (ਸਾਧਾਰਣ ਦਾ) ਹੁੰਦਾ ਹੈ; ਜਿਵੇਂ:—

ਮੈਂ ਚੰਗੇ ਕੰਮ ਤੋਂ ਕਿਉਂ ਹਟਾਂ।

ਚੰਗਿਆਂ ਨਾਲ ਮੰਦੇ ਵੀ ਤਰ ਜਾਂਦੇ ਹਨ।

Digitized by Panjab Digital Library | www.panjabdigilib.org

੫੧੬. ਕ੍ਰਿਆ ਦੇ ਰੂਪ ਉਦੇਸ਼ ਅਨੁਸਾਰ ਬਦਲਦੇ ਹਨ ; ਜਿਵੇਂ :—ਮੈਂ ਦੌੜਾਂ । ਤੁਸੀ ਦੌੜੋ । ਉਹ ਦੌੜੇ । ਮੈਂ ਰੋਟੀ ਖਾਧੀ । ਮੈਂ ਪਰੌਂਠਾ ਖਾਧਾ । ਮੈਂ ਰੋਟੀਆਂ ਖਾਧੀਆਂ । ਮੈਂ ਪਰੌਂਠੇ ਖਾਧੇ ।

੫੧੭. ਕ੍ਰਿਆ ਆਪਣੇ ਉਦੇਸ਼ ਅਨੁਸਾਰ ਹੀ ਰਹਿੰਦੀ ਹੈ, ਭਾਵੇਂ ਉਸ ਅਪੂਰਣ ਕ੍ਰਿਆ ਦਾ ਉਦੇਸ਼-ਪੂਰਕ ਹੋਰ ਹੀ ਲਿੰਗ, ਵਚਨ ਅਤੇ ਪੁਰਖ ਦਾ ਹੋਵੇ ; ਜਿਵੇਂ :—ਮੇਰੀ ਭੂਆ ਅਜੇ ਕੰਧੀ ਉੱਤੇ ਰੁਖੜਾ ਬਚੀ ਰਹੀ ।

੫੧੮. ਕਦੇ ਕ੍ਰਿਆ ਦਾ ਰੂਪ ਉਦੇਸ਼ ਅਨੁਸਾਰ ਨਾ ਬਦਲਕੇ ਆਪਣੇ ਪਾਸ ਦੇ ਉਦੇਸ਼-ਪੂਰਕ ਅਨੁਸਾਰ ਬਦਲਦਾ ਹੈ ; ਜਿਵੇਂ :—

'ਹਾਰ-ਜਿੱਤ ਤੇ ਨਾਲ ਐਵੇਂ ਮਿਰਚ-ਮਸਾਲਾ ਹੋਇਆ ।' —ਸਾਹਿੱਤ ਵਾੜੀ

ਸਮਾਹਾਰ ਦ੍ਵੰਦ੍ਵ ਉਦੇਸ਼ ਨਾਲ ਕ੍ਰਿਆ ਇਕ ਵਚਨ ਹੁੰਦੀ ਹੈ ; ਜਿਵੇਂ—

ਦੁੱਖ-ਦਲਿੱਦਰ ਦੂਰ ਹੋਵੇ ।

੫੧੯. ਪੁਰਖਾਦਿ-ਬੋਧਕ ਕ੍ਰਿਆ ਦੇ ਪੁਰਖ ਅਤੇ ਵਚਨ ਉਦੇਸ਼ ਦੇ ਪੁਰਖ ਅਤੇ ਵਕਨ ਨਾਲ ਮਿਲਦੇ ਹਨ ; ਜਿਵੇਂ :—

ਲੱਲੀ ਕਰੇ ਵਲੱਲੀਆਂ, ਰੱਬ ਕਰੇ ਸਵੱਲੀਆਂ ।

"ਮੈਂ ਕਿਹਾ, ਇਕਵਾਰ ਸੁਆਮੀ ! ਮੈਂ ਨਾ ਸੰਗ ਤਿਆਗਾਂ ।

ਭੁੱਖ-ਪਿਆਸ ਸਹਾਰਾਂ ਸਿਰ ਤੇ, ਰਾਤ ਉਨੀਂਦੇ ਜਾਗਾਂ ।"

—ਨਲ ਦਮਿਅੰਤੀ

੫੨੦. ਲਿੰਗਾਦਿ-ਬੋਧਕ ਕ੍ਰਿਆ ਦੇ ਲਿੰਗ ਅਤੇ ਵਚਨ ਉਸ ਦੇ ਉਦੇਸ਼ ਦੇ ਲਿੰਗ ਅਤੇ ਵਚਨ ਅਨੁਸਾਰ ਹੁੰਦੇ ਹਨ ; ਜਿਵੇਂ :—

"ਜੇ ਬਰਕਤ ਸਿਆਣੀ ਤੇ ਸੁਚੱਜੀ ਹੁੰਦੀ, ਤਾਂ ਖਬਰੇ ਕੁਝ ਦਿਹਾੜੇ ਸੌਖੇ ਨਿਕਲਦੇ ।" —ਨਵਾਬ ਖਾਨ

"ਸੁੱਤੀ ਸੂਲਾਂ ਦੀ ਸੇਜ ਉਤੇ ਜਾ ਰਾਣੀ ।" —ਨਲ ਦਮਿਅੰਤੀ

"ਰਾਂਝੇ ਸੁਣੇ ਉਲਾਂਭੜੇ ਚੂਚਕੇ ਦੇ ।" —ਹੀਰ-ਮੁਕਬਿਲ

"ਇਕ ਪਾਰ, ਇਕ ਉਰਾਰ ਸੁਣੀਂਦਾ ।" —ਬੁਲ੍ਹੇ ਸ਼ਾਹ

੫੨੧. ਜਦ ਪੁਰਖਾਦਿ-ਬੋਧਕ ਅਤੇ ਲਿੰਗਾਦਿਬੋਧਕ ਰੂਪ ਮਿਲਕੇ ਆਉਂਦੇ ਹਨ ਤਦ ਮਿਲਾਉਟੀ ਕਹੇ ਜਾਂਦੇ ਹਨ । ਤਦ ਵੀ ਪਹਿਲੇ ਦੇ ਪੁਰਖ ਅਤੇ ਵਚਨ ਅਤੇ ਦੂਜੇ ਦੇ ਲਿੰਗ ਅਤੇ ਵਚਨ ਉਦੇਸ਼ ਵਰਗੇ ਹੁੰਦੇ ਹਨ ; ਜਿਵੇਂ :—

"ਖ਼ੂਨੀ ਦੋਜ਼ਖਾਂ ਦੇ ਵਿਚ ਸਾੜੀਅਨ ਗੇ ।" —ਹੀਰ ਮੁਕਬਿਲ

"ਸਾਥੋਂ ਕੰਮ ਨਾ ਸਾਂਭਿਆ ਜਾਉਂਦਾ ਏ ।" —ਹੀਰ ਮੁਕਬਿਲ

੫੨੨. ਜਦ ਦੋ ਜਾਂ ਵਧੇਰੇ ਇਕ ਵਚਨ ਉਦੇਸ਼ 'ਤੇ' ਜਾਂ 'ਅਤੇ' ਨਾਲ ਮੇਲੇ ਗਏ ਹੋਣ, ਤਦ ਕ੍ਰਿਆ ਦਾ ਬਹੁਵਚਨ ਹੁੰਦਾ ਹੈ ; ਜਿਵੇਂ :—

ਪਿੰਡੋਂ ਜ਼ੈਲਦਾਰ ਤੇ ਚੌਕੀਦਾਰ ਟੁਰੀ ਆਉਂਦੇ ਸਨ ।

Digitized by Panjab Digital Library | www.panjabdigilib.org

੫੨੩. ਜਦ ਦੋ ਜਾਂ ਵਧੇਰੇ (ਇਕ ਵਚਨ) ਉਦੇਸ਼ 'ਜਾਂ' ਨਾਲ ਮੇਲੇ ਗਏ ਹੋਣ, ਤਦ ਕ੍ਰਿਆ ਦਾ ਇਕ ਵਚਨ ਹੁੰਦਾ ਹੈ ; ਜਿਵੇਂ —

ਰਾਮ ਜਾਂ ਸ਼ਾਮ ਚਲਾ ਜਾਏ ।

੫੨੪. ਕਈ ਵਾਰ ਦੋਹਾਂ ਨਾਂਵਾਂ ਦਾ ਜੁੱਟ (ਯੋਜਕ ਤੋਂ ਬਿਨਾ ਉਦੇਸ਼) ਇੱਕੋ ਸਮਝਿਆ ਜਾਂਦਾ ਹੈ ਅਤੇ ਇਸ ਨਾਲ ਦੀ ਕ੍ਰਿਆ ਦਾ ਇਕ ਵਚਨ ਹੁੰਦਾ ਹੈ ; ਜਿਵੇਂ :—

"ਸੁੰਦਰੀ ਨੇ ਮੂੰਹ-ਹਥ ਧੋਤਾ ।" —ਸੁੰਦਰੀ
ਉਸ ਦਾ ਕੋਈ ਧੀ-ਪੁਤਰ ਨਹੀਂ ਹੈ ।
ਮੇਜ-ਕੁਰਸੀ ਡੱਠੀ ਹੋਈ ਹੈ ।
ਦੁਖ-ਦਲਿੱਦਰ ਦੂਰ ਹੋਏ ।

੫੨੫. ਜਦ ਉਦੇਸ਼ ਦੇ ਲਿੰਗ ਦਾ ਪਤਾ ਨਾ ਹੋਵੇ ਜਾਂ ਉਦੇਸ਼ ਹੋਵੇ ਹੀ ਨਾ ਤਾਂ ਵਿਧੇਅ ਪੁਲਿੰਗ ਵਿੱਚ ਹੀ ਹੁੰਦਾ ਹੈ ; ਜਿਵੇਂ :—

ਆਇਆ ਹੁਨਾਲ, ਮੋਏ ਗਰੀਬ ;
ਆਇਆ ਸਿਆਲ, ਮੋਏ ਗਰੀਬ ।
ਕੀ ਹੋਇਆ ?

੫੨੬. ਜੇਕਰ ਕਿਸੇ ਵਾਕ ਵਿੱਚ ਭਿੰਨ ਭਿੰਨ ਪੁਰਖਾਂ ਦੇ ਉਦੇਸ਼ਾਂ ਵਿਚੋਂ ਇਕ ਉਦੇਸ਼ ਉੱਤਮ ਪੁਰਖ ਹੋਵੇ, ਤਾਂ ਪੁਰਖਾਦਿਬੋਧਕ ਕ੍ਰਿਆ ਉੱਤਮ ਪੁਰਖ, ਬਹੁਵਚਨ ਹੁੰਦੀ ਹੈ ; ਜਿਵੇਂ :—

"ਦੱਸ, ਸੋ ਵਾਰੀ ਦੱਸ । ਨਾ, ਮੈਂ ਤੇ ਤੂੰ ਦੋ ਆਂ ?" (ਆਂ=ਹਾਂ)

ਜੇ ਕਰ ਵਾਕ ਦੇ ਉਦੇਸ਼ ਮੱਧਮ ਪੁਰਖ ਅਤੇ ਅੰਨ ਪੁਰਖ ਹੀ ਹੋਣ, ਤਾਂ ਪੁਰਖਾਦਿਬੋਧਕ ਕ੍ਰਿਆ ਮੱਧਮ ਪੁਰਖ, ਬਹੁਵਚਨ ਹੁੰਦੀ ਹੈ ; ਜਿਵੇਂ :—

ਉਹ ਤੇ ਤੂੰ ਜਾਓ ।
ਕਰਤਾਰ ਤੇ ਤੁਸੀਂ ਪੜ੍ਹੋ ।

੫੨੭. ਜੇ ਕਰ ਕਿਸੇ ਵਾਕ ਦੇ ਦੋ ਜਾਂ ਵਧ ਉਦੇਸ਼ ਭਿੰਨ ਭਿੰਨ ਲਿੰਗਾਂ ਦੇ ਹੋਣ, ਤਾਂ ਲਿੰਗਾਦਿ ਬੋਧਕ ਕ੍ਰਿਆ ਪੁਲਿੰਗ, ਬਹੁਵਚਨ ਹੋਏਗੀ ; ਜਿਵੇਂ :—

"ਰਾਣੀ ਦੇ ਦੋ ਪੁੱਤ ਤੇ ਇਕ ਧੀ ਸੀ ਗੇ ।" —ਸੰਤ ਸਿੰਘ ਸੇਖੋਂ
"ਹਾਸੇ ਤੇ ਚਾਨਣੀਆਂ ਰਾਤਾਂ ਬਹੁਤ ਚਿਰ ਨਹੀਂ ਰਹਿੰਦੇ ।" —ਕਣਕ ਦੀ ਬੱਲੀ

ਚੇਤੇ ਰਹੇ ਕਿ ਲਿੰਗਾਦਿਬੋਧਕ ਕ੍ਰਿਆਵਾਂ ਅਸਲ ਵਿੱਚ ਕਾਰਦੰਤਕ ਅਰਥਾਤ ਇਕ ਤਰ੍ਹਾਂ ਦੇ ਵਿਸ਼ੇਸ਼ਣ ਹਨ ।

ਪੰਜਾਬੀ ਵਿੱਚ ਦੋ ਹੀ ਲਿੰਗ ਹਨ—ਪੁਲਿੰਗ ਅਤੇ ਇਸਤ੍ਰੀਲਿੰਗ ਅਤੇ ਇਨ੍ਹਾਂ ਵਿਚੋਂ ਪੁਲਿੰਗ ਹੀ ਪ੍ਰਧਾਨ ਹੈ ।

Digitized by Panjab Digital Library | www.panjabdigilib.org

## ਵਾਚ

੫੨੮. ਜਦ ਕ੍ਰਿਆ ਦਾ ਕਰਤਾ ਹੀ ਉਦੇਸ਼ ਹੋਵੇ ਅਰਥਾਤ ਜਦ ਕ੍ਰਿਆ ਦੇ ਪੁਰਖ ਅਤੇ ਵਚਨ ਜਾਂ ਲਿੰਗ ਤੇ ਵਚਨ ਕਰਤਾ ਦੇ ਅਨੁਸਾਰ ਹੋਣ, ਤਦ ਕ੍ਰਿਆ **ਕਰਤਰੀਵਾਚ** ਕਹੀ ਜਾਂਦੀ ਹੈ; ਜਿਵੇਂ :—

| ਪੁਰਖ ਅਤੇ ਵਚਨ ਦਾ ਮੇਲ | ਲਿੰਗ ਅਤੇ ਵਚਨ ਦਾ ਮੇਲ | ਪੁਰਖ ਅਤੇ ਵਚਨ, ਲਿੰਗ ਅਤੇ ਵਚਨ-ਦੋਹਾਂ ਦਾ ਮੇਲ |
|---|---|---|
| ਮੈਂ ਦੌੜਾਂ । | ਮੁੰਡਾ ਦੌੜਿਆ । | ਮੁੰਡਾ ਦੌੜੇ ਗਾ । |
| ਤੂੰ ਦੌੜੇਂ । | ਕੁੜੀ ਦੌੜੀ । | ਕੁੜੀ ਦੌੜੇ ਗੀ । |
| ਅਸੀਂ ਦੌੜੀਏ । | ਮੁੰਡੇ ਦੌੜੇ । | ਤੁਸੀਂ ਦੌੜੋ ਗੇ । |
| ਤੁਸੀਂ ਦੌੜੋ। | ਕੁੜੀਆਂ ਦੌੜੀਆਂ । | ਤੁਸੀਂ ਦੌੜੋ ਗੀਆਂ । |

੫੨੯. ਜਦ ਕ੍ਰਿਆ ਦਾ ਕਰਮ ਹੀ ਉਦੇਸ਼ ਹੁੰਦਾ ਹੈ ਅਰਥਾਤ ਕ੍ਰਿਆ ਦੇ ਪੁਰਖ ਅਤੇ ਵਚਨ ਜਾਂ ਲਿੰਗ ਅਤੇ ਵਚਨ ਕਰਮ ਅਨੁਸਾਰ ਹੁੰਦੇ ਹਨ, ਤਦ ਕ੍ਰਿਆ **ਕਰਮਵਾਚ** ਕਹੀ ਜਾਂਦੀ ਹੈ; ਜਿਵੇਂ :—

"ਸ਼ਾਹ ਮੁਹੰਮਦਾ, ਸਿੰਘਾਂ ਨੇ ਗੋਰਿਆਂ ਦੇ
ਵਾਂਗ ਨਿੰਬੂਆਂ ਲਹੂ ਨਿਚੋੜ ਸੁੱਟੇ ।"

| ਪੁਰਖ ਅਤੇ ਵਚਨ ਦਾ ਮੇਲ | ਲਿੰਗ ਅਤੇ ਵਚਨ ਦਾ ਮੇਲ | ਪੁਰਖ ਅਤੇ ਵਚਨ, ਲਿੰਗ ਅਤੇ ਵਚਨ-ਦੋਹਾਂ ਦਾ ਮੇਲ |
|---|---|---|
| "ਇਕਿ ਹੁਕਮੀ ਸਦਾ ਭਵਾਈਅਹਿ ।" ਜਪੁਜੀ<br>ਸਤਿਗੁਰ ਤੇ ਸਚੁ ਪਛਾਣੀਐ । ਗੁ੦ ਬਾ੦<br>"ਤਿਥੈ ਘਾੜਤਿ ਘੜੀਐ ਬਹੁਤੁ ਅਨੂਪ ।" ਗੁ੦ ਬਾ੦<br>ਸਾਰਾ ਜਾਂਦਾ ਵੇਖੀਏ, ਅੱਧਾ ਦੇਈਏ ਵੰਡ । | ਉਸ ਨੇ ਪੱਤਰ ਲਿਖਿਆ<br>ਉਸਨੇ ਚਿੱਠੀ ਲਿਖੀ ।<br>ਉਸ ਨੇ ਪੱਤਰ ਲਿਖੇ।<br>ਉਸਨੇ ਚਿੱਠੀਆਂ ਲਿਖੀਆਂ<br>ਤੂੰ ਚਿੱਠੀ ਲਿਖੀ ।<br>ਅਸਾਂ ਪੱਤਰ ਲਿਖੇ<br>ਮੈਥੋਂ ਚਿੱਠੀ ਲਿਖੀ ਗਈ ।<br>ਤੈਥੋਂ ਪੱਤਰ ਨਹੀਂ ਲਿਖਿਆ ਗਿਆ । | ਪੱਤਰ ਭੇਜਿਆ ਜਾਏ ।<br>ਚਿੱਠੀ ਭੇਜੀ ਜਾਏ ।<br>ਪੱਤਰ ਭੇਜੇ ਜਾਣ ।<br>ਚਿੱਠੀਆਂ ਭੇਜੀਆਂ ਜਾਣ ।<br>ਤੂੰ ਭੇਜਿਆ ਜਾਏਂ ।<br>ਤੁਸੀਂ ਭੇਜੇ ਜਾਓ ।<br>ਤੂੰ ਭੇਜੀ ਜਾਏਂ ।<br>ਤੁਸੀਂ ਭੇਜੀਆਂ ਜਾਓ ।<br>ਕਦੀ ਥੁਕੀਂ ਵੜਾ ਤਲੀਦ ਹੈ ?<br>ਕਦੀ ਥੁਕੀਂ ਵੜੇ ਤਲੀਂਦੇ ਹਨ ? |

Digitized by Panjab Digital Library | www.panjabdigilib.org

੫੩੦. ਜਦ ਕ੍ਰਿਆ ਦਾ ਉਦੇਸ਼ ਵਾਕ ਵਿੱਚ ਹੋਵੇ ਹੀ ਨਾ ਅਰਥਾਤ ਕ੍ਰਿਆ ਦੇ ਪੁਰਖ ਅਤੇ ਵਚਨ ਜਾਂ/ਅਤੇ ਲਿੰਗ ਅਤੇ ਵਚਨ ਨਾ ਹੀ ਕ੍ਰਿਆ ਦੇ ਕਰਤਾ ਨਾਲ ਮਿਲਣ ਅਤੇ ਨਾ ਹੀ ਕਰਮ ਨਾਲ, ਤਦ ਕ੍ਰਿਆ ਭਾਵਵਾਚ ਕਹੀ ਜਾਂਦੀ ਹੈ; ਜਿਵੇਂ :—

ਮੈਥੋਂ ਬੈਠਾ ਨਹੀਂ ਜਾਂਦਾ।
ਉਸ ਤੋਂ ਖੜੋ ਨਹੀਂ ਹੁੰਦਾ।
ਮੈਂ ਓਥੇ ਜਾਣਾ ਸੀ।
ਉਸ ਨੇ ਅਜ ਟੁਰਨਾ ਹੈ।
ਤੇਰੀ ਮੱਝ ਨੂੰ ਕਿਸੇ ਡਿੱਠਾ ਹੈ ?
"ਪਰਾਇਆਂ ਪੁਤਰਾਂ ਉਸ ਨੂੰ ਅੱਗੇ ਲਾ ਲਿਆ। —ਨਵਾਬ ਖਾਨ

੫੩੧. ਸਕਰਮਕ ਕ੍ਰਿਆ ਦਾ ਹੀ ਕਰਮ-ਵਾਚ ਹੁੰਦਾ ਹੈ ; ਜਿਵੇਂ :—
ਜਿਨ੍ਹਾਂ ਰੁੱਖ ਲਾਇਆ, ਤਿਨ੍ਹਾਂ ਫਲ ਪਾਇਆ।
'ਮਿੱਠੀ ਜਾਏ ਕੇ ਰਾਂਝੇ ਨੂੰ ਖਬਰ ਕੀਤੀ।' —ਹੀਰ ਮੁਕਬਿਲ
'ਵਿਚ ਦੋਜ਼ਖਾਂ ਪਾਏ ਕੇ ਸਾੜੀਏਂ ਗੀ।' —ਹੀਰ ਮੁਕਬਿਲ
ਸਾੜੀਏਂਗੀ ਅਰਥਾਤ ਤੂੰ ਸਾੜੀ ਜਾਏਂਗੀ।

੫੩੨. ਅਕਰਮਕ ਅਤੇ ਸਕਰਮਕ—ਇਹ ਦੋਵੇਂ ਕ੍ਰਿਆਵਾਂ ਕਰਤਰੀ-ਵਾਚ ਅਤੇ ਭਾਵ-ਵਾਚ ਹੋ ਸਕਦੀਆਂ ਹਨ ; ਜਿਵੇਂ :—

| | ਅਕਰਮਕ | ਸਕਰਮਕ |
|---|---|---|
| ਕਰਤਰੀ ਵਾਚ— | | ਮੁੰਡੇ ਨੂੰ ਮੱਤ ਦੇ। |
| | ਰਾਮ ਖੜਾ ਹੈ। | ਕੋਈ ਨਵੀਂ ਗੱਲ ਸੁਣਾਓ। |
| | ਸ਼ਾਮ ਬੈਠਾ ਹੈ। | |
| ਭਾਵ ਵਾਚ— | ਮੈਥੋਂ ਟੁਰਿਆ ਨਹੀਂ ਜਾਂਦਾ। | ਰਾਣੀ ਨੇ ਗੋਲੀਆਂ ਨੂੰ ਸਦਿਆ। |
| | ਤੁਸਾਂ ਕਦ ਓਥੇ ਜਾਣਾ ਹੈ ? | ਏਸ ਗੱਲ ਨੂੰ ਕਿਸ ਪੁਛਣਾ ਜੇ। |

ਉਪਰਲਿਆਂ ਉਦਾਹਰਣਾਂ ਤੋਂ ਸਾਫ਼ ਦਿਸਦਾ ਹੈ ਕਿ ਅਕਰਮਕ ਕ੍ਰਿਆ ਕਰਤਰੀ ਵਾਚ ਜਾਂ ਭਾਵ-ਵਾਚ ਹੀ ਹੁੰਦਾ ਹੈ, ਪਰ ਸਕਰਮਕ ਕ੍ਰਿਆ ਕਦੇ ਕਰਤਰੀ-ਵਾਚ ਹੁੰਦੀ ਹੈ, ਕਦੇ ਕਰਮ-ਵਾਚ ਅਤੇ ਕਦੇ ਭਾਵ-ਵਾਚ।

੫੩੩. ਵਾਕ ਵਿੱਚ ਵਿਧੇਯ ਦੀ ਮਦਦ ਨਾਲ ਜੋ ਗਲ ਕੀਤੀ ਜਾਂਦੀ ਹੈ, ਉਹ ਕਰਤਾ ਜਾਂ ਕਰਮ ਦੀ ਬਾਬਤ ਹੁੰਦੀ ਹੈ, ਅਰਥਾਤ ਕਰਤਾ ਉਦੇਸ਼ ਹੁੰਦਾ ਹੈ ਜਾਂ ਕਰਮ। ਜਦ ਕਰਤਾ ਉਦੇਸ਼ ਹੁੰਦਾ ਹੈ, ਤਦ ਕ੍ਰਿਆ ਕਰਤਰੀ-ਵਾਚ ਹੁੰਦੀ ਹੈ ਅਤੇ ਜਦ ਕਰਮ ਉਦੇਸ਼ ਹੁੰਦਾ ਹੈ, ਤਦ ਕ੍ਰਿਆ ਕਰਮ-ਵਾਚ ਕਹੀ ਜਾਂਦੀ ਹੈ।

Digitized by Panjab Digital Library | www.panjabdigilib.org

# ਵਾਕ-ਵੰਡ

੫੩੪. ਕਿਸੇ ਵਾਕ ਦੇ ਅੰਗਾਂ ਨੂੰ ਅਤੇ ਉਨ੍ਹਾਂ ਦੇ ਆਪਸੀ ਸੰਬੰਧ ਨੂੰ ਦੱਸਣਾ ਹੀ ਵਾਕ-ਵੰਡ ਹੈ।

੫੩੫. ਵਾਕ ਤਿੰਨ ਪਰਕਾਰ ਦੇ ਹਨ—੧. ਸਾਧਾਰਣ, ੨. ਮਿਸ਼ਰਿਤ ਅਤੇ ੩. ਸੰਜੁਗਤ।

੫੩੬. ਜਿਸ ਵਾਕ ਵਿੱਚ ਇਕੋ ਉਦੇਸ਼ ਅਤੇ ਇਕੋ ਵਿਧੇਅ ਹੋਵੇ, ਉਸ ਨੂੰ **ਸਾਧਾਰਣ ਵਾਕ** ਕਹਿੰਦੇ ਹਨ; ਜਿਵੇਂ:—**ਹਵਾ ਵਗਦੀ ਹੈ; ਮੁੰਡਾ ਚਿੱਠੀ ਲਿਖਾ ਰਿਹਾ ਹੈ।**

੫੩੭. **ਮਿਸ਼ਰਿਤ ਵਾਕ**—ਜਿਸ ਵਾਕ ਵਿੱਚ ਇਕ ਮੁੱਖ ਵਾਕ ਅਤੇ ਇਕ ਜਾਂ ਇਕ ਤੋਂ ਵੱਧ ਅਧੀਨ ਵਾਕ ਹੋਣ, ਉਸ ਨੂੰ **ਮਿਸ਼ਰਿਤ ਵਾਕ** ਕਹਿੰਦੇ ਹਨ; ਜਿਵੇਂ

ਜੋ ਸੋਚ ਕੇ ਗੱਲ ਆਖੇ, ਸੋਈ ਦਾਨਾ ਹੈ।

ਇਹ ਮਿਸ਼ਰਿਤ ਵਾਕ ਹੈ। ਇਸ ਵਿੱਚ "ਸੋਈ ਦਾਨਾ ਹੈ" ਇਹ ਮੁਖ ਵਾਕ ਹੈ ਅਤੇ "ਜੋ ਸੋਚ ਕੇ ਗੱਲ ਆਖੇ" ਇਹ ਅਧੀਨ ਵਾਕ ਹੈ।

੫੩੮. **ਸੰਜੁਗਤ ਵਾਕ**—ਜਿਸ ਵਾਕ ਵਿੱਚ ਘੱਟ ਤੋਂ ਘੱਟ ਦੋ ਮੁਖ ਵਾਕ ਹੋਣ, ਅਧੀਨ ਵਾਕ ਭਾਵੇਂ ਹੋਣ ਅਤੇ ਭਾਵੇਂ ਨਾ ਹੋਣ, ਉਸ ਨੂੰ **ਸੰਜੁਗਤ ਵਾਕ** ਆਖਦੇ ਹਨ; ਜਿਵੇਂ:—ਰਾਮ ਪੜ੍ਹ ਰਿਹਾ ਹੈ ਅਤੇ ਸ਼ਾਮ ਖੇਡ ਰਿਹਾ ਹੈ।

## ਸਾਧਾਰਣ ਵਾਕ

੫੩੯. ਸਾਧਾਰਣ ਵਾਕ ਵਿੱਚ ਇਕ ਉਦੇਸ਼ ਹੁੰਦਾ ਹੈ ਅਤੇ ਇਕੋ ਵਿਧੇਅ। ਇਨ੍ਹਾਂ ਦੋਹਾਂ ਦਾ ਵਿਸਤਾਰ ਵੀ ਹੋ ਸਕਦਾ ਹੈ। ਜੇ ਕਰ ਕ੍ਰਿਆ ਸਕਰਮਕ ਹੋਵੇ, ਤਾਂ ਉਸ ਦਾ ਕਰਮ ਵੀ ਹੁੰਦਾ ਹੈ। ਉਦੇਸ਼ ਵਾਂਗ ਕਰਮ ਦਾ ਵਿਸਤਾਰ ਵੀ ਹੋ ਸਕਦਾ ਹੈ।

## ਉਦੇਸ਼

੫੪੦. ਉਦੇਸ਼ ਜਾਂ ਤੇ ਨਾਂਵ ਹੁੰਦਾ ਹੈ ਜਾਂ ਕੋਈ ਅਜਿਹਾ ਪਦ ਜਿਹੜਾ ਨਾਂਵ ਦੀ ਥਾਂ ਵਰਤਿਆ ਗਿਆ ਹੋਵੇ:—

੧. ਨਾਂਵ—ਤਾਰੋ ਗਈ।

੨. ਸਤਬਨਾਂਵ—ਉਹ ਨਹੀਂ ਆਈ।

੩. ਵਿਸ਼ੇਸ਼ਣ—ਬੁੱਢੀ ਕੀ ਕਰ ਸਕਦੀ ਹੈ?

੪. ਭਾਵਾਰਥ—ਕਹਿਣਾ ਸੁਖਾਲਾ ਹੈ, ਕਰਨਾ ਔਖਾ ਹੈ।

੫. ਵਾਕ-ਅੰਸ਼—ਝੂਠ ਬੋਲਣਾ ਪਾਪ ਹੈ।

## ਵਿਧੇਅ

੫੪੧. ਸ਼ੁਧ ਵਿਧੇਅ ਨਿਰੀ ਕ੍ਰਿਆ ਹੀ ਹੁੰਦਾ ਹੈ; ਜਿਵੇਂ ਘੋੜਾ ਦੌੜਦਾ ਹੈ।

ਪੂਰੇ ਵਿਧੇਅ ਵਿੱਚ ਕ੍ਰਿਆ ਅਤੇ ਉਸ ਦਾ ਵਿਸਤਾਰ ਸ਼ਾਮਿਲ ਹੁੰਦੇ ਹਨ; ਜਿਵੇਂ:—ਘੋੜਾ ਤੇਜ਼ ਦੌੜਦਾ ਹੈ।

Digitized by Panjab Digital Library | www.panjabdigilib.org

ਪ੪੨. ਜਿਨ੍ਹਾਂ ਵਾਕਾਂ ਦੀ ਕ੍ਰਿਆ ਅਕਰਮਕ ਹੁੰਦੀ ਹੈ, ਉਨ੍ਹਾਂ ਵਿੱਚ ਇਹ ਪਦ ਵਿਧੇਅ ਹੋ ਸਕਦੇ ਹਨ ਃ—

੧. ਨਿਰੀ ਕ੍ਰਿਆ—ਪੰਛੀ ਉਡਦੇ ਹਨ।

੨. ਕ੍ਰਿਆ ਅਤੇ ਨਾਂਵ—ਰਾਮੂ ਚਮਿਆਰ ਹੈ।

੩. ਕ੍ਰਿਆ ਅਤੇ ਵਿਸ਼ੇਸ਼ਣ—ਉਹ ਮੋਟਾ ਹੈ।

੪. ਕ੍ਰਿਆ ਅਤੇ ਕ੍ਰਿਆ-ਵਿਸ਼ੇਸ਼ਣ—ਉਹ ਓਥੇ ਗਏ ਹਨ।

੫. ਕ੍ਰਿਆ ਅਤੇ ਕਾਰਦੰਤਕ—ਉਹ ਦੌੜਦਾ ਆਇਆ।

੬. ਕ੍ਰਿਆ ਅਤੇ ਵਾਕ-ਅੰਸ਼—ਮੱਛੀਆਂ ਪਾਣੀ ਵਿੱਚ ਤਰਦੀਆਂ ਹਨ।

## ਵਾਕ ਵਿਚਲੇ ਨਾਂਵਾਂ ਦਾ ਸੰਬੰਧ

ਪ੪੩. ਵਾਕ ਦੇ ਦੂਜਿਆਂ ਪਦਾਂ ਨਾਲ ਨਾਂਵ ਦਾ ਜੋ ਸੰਬੰਧ ਹੁੰਦਾ ਹੈ, ਉਸ ਦਾ ਬੋਧ ਇਕ ਪਦੇ ਸ਼ੁਧ ਰੂਪਾਂ ਦੁਆਰਾ ਜਾਂ ਸੰਬੰਧਕ ਸਹਿਤ ਸੰਬੰਧਕੀ (ਦੋ ਪਦਾਂ) ਦੁਆਰਾ ਕਰਾਇਆ ਜਾਂਦਾ ਹੈ। ਉਦਾਹਰਣ :—

| ਸ਼ੁਧ (ਇਕ ਪਦੇ) ਰੂਪ | ਸੰਬੰਧਕੀ ਅਤੇ ਸੰਬੰਧਕ=ਦੋ-ਪਦੇ ਰੂਪ |
|---|---|
| ਕਰਤਾਰ ਪਾਣੀ ਪੀਂਦਾ ਹੈ। | ਕਰਤਾਰ ਨੇ ਪਾਣੀ ਪੀਤਾ। |
| ਉਹ ਹੱਥੀਂ ਲਾਂਦਾ ਅਤੇ ਪੈਰੀਂ ਬੁਝਾਂਦਾ ਹੈ। | ਉਹ ਹੱਥਾਂ ਨਾਲ ਲਾਂਦਾ ਹੈ ਅਤੇ ਪੈਰਾਂ ਨਾਲ ਬੁਝਾਂਦਾ ਹੈ। |
| ਰਾਮ ਗੱਡੀਓਂ ਲੱਥਾ ਹੈ। | ਰਾਮ ਗੱਡੀ ਤੋਂ ਲੱਥਾ ਹੈ। |
| ਮੇਰਾ ਭਰਾ ਪੜ੍ਹਦਾ ਹੈ। | ਰਾਮ ਦਾ ਭਰਾ ਪੜ੍ਹਦਾ ਹੈ। |

## ਲਿੰਗ

ਪ੪੪. ਸੰਬੰਧ-ਰਹਿਤ ਵਿਕਾਰੀ ਵਿਸ਼ੇਸ਼ਣ, ਕਾਰਦੰਤਕ ਜਾਂ ਕ੍ਰਿਆ-ਵਿਸ਼ੇਸ਼ਣ ਪੁਲਿੰਗ ਹੀ ਹੁੰਦਾ ਹੈ ; ਜਿਵੇਂ :— ਚੰਗਾ ਹੋਇਆ, ਭੈੜਾ ਕੀਤਾ ਸੂ, ਮੈਨੂੰ ਓਥੇ ਐਵੇ ਹੀ ਜਾਣਾ ਪਿਆ, ਕੀ ਹੋਇਆ ?

## ਵਚਨ

ਪ੪੫. ਪੰਜਾਬੀ ਵਿੱਚ ਕਈਆਂ ਜੋੜਿਆਂ ਲਈ ਇਕ ਵਚਨ ਅਤੇ ਕਈਆਂ ਲਈ ਬਹੁਵਚਨ ਵਰਤਿਆ ਜਾਂਦਾ ਹੈ। ਦੋਹਾਂ ਤਰ੍ਹਾਂ ਦੇ ਕੁਝ ਜੋੜੇ ਹੇਠ ਦਸੇ ਜਾਂਦੇ ਹਨ :—

ਇਕ ਵਚਨ—ਜੁੱਤੀ।

ਬਹੁ ਵਚਨ—ਜੁਰਾਬਾਂ, ਦਸਤਾਨੇ, ਖੜਾਵਾਂ, ਪਊਏ, ਸਲੀਪਰ, ਚੱਪਲਾਂ।

ਪ੪੬, ਹੋਸ਼ ਨਾਂਵ ਕਦੇ ਇਸਤ੍ਰੀਲਿੰਗ ਇਕਵਚਨ ਹੁੰਦਾ ਹੈ ਅਤੇ ਕਦੇ ਪੁਲਿੰਗ ਬਹੁਵਚਨ। ਇਸਤ੍ਰੀਲਿੰਗ ਇਕਵਚਨ ; ਜਿਵੇਂ :—

ਉਸ ਕੁੜੀ ਨੂੰ ਬਹੁਤ ਚਿਰ ਪਿੱਛੋਂ ਹੋਸ਼ ਆਈ।

'ਹੋਸ਼' ਪੁਲਿੰਗ ਬਹੁਵਚਨ ਵਿੱਚ ; ਜਿਵੇਂ :—

ਇਹ ਭੈੜੀ ਖਬਰ ਸੁਣ ਕੇ ਮੇਰੇ ਤੇ ਹੋਸ਼ ਹੀ ਗੁੰਮ ਹੋ ਗਏ।

Digitized by Panjab Digital Library | www.panjabdigilib.org

੫੪੭. ਹੇਠ ਲਿਖੇ ਸ਼ਬਦ ਅਰਬੀ ਵਿੱਚ ਬਹੁਵਚਨ ਹਨ, ਪਰ ਪੰਜਾਬੀ ਵਿੱਚ ਇਕਵਚਨ ਹੋ ਗਏ ਹਨ :—

| .ਅ੦ ਬਹੁਵਚਨ | ਪੰ੦ ਇਕ ਵਚਨ |
|---|---|
| ਅਖਬਾਰ | ਅਖਬਾਰ |
| ਕਵਾਯਦ | ਕਵੈਦ |
| ਔਲਿਯਾ | ਔਲੀਆ |
| ਔਕ੍ਾਤ | ਉਕਾਤ |
| ਅਹਵਾਲ | ਹਵਾਲ |

੫੪੮. ਇਹ ਨਾਂਵ ਬਹੁਵਚਨ ਵਿੱਚ ਹੀ ਵਰਤੇ ਜਾਂਦੇ ਹਨ :—

ਪ੍ਰਾਣ, ਮਾਪੇ, ਦਾਦਕੇ, ਨਾਨਕੇ, ਸਹੁਰੇ, ਪੇਕੇ, ਭਾਗ, ਦਰਸ਼ਨ, ਲੱਛਣ।

ਉਦਾਹਰਣ :—ਪ੍ਰਾਣ ਲਬਾਂ ਤੇ ਆਏ ਹੋਏ ਹਨ।

ਅਸਾਡੇ ਭਾਗ ਹੀ ਭੈੜੇ ਹਨ।

ਹੁਣ ਤੁਸਾਡੇ ਦਰਸ਼ਨ ਕਦ ਹੋਣਗੇ ?

੫੪੯. ਕਰਮ, ਦਰਸ਼ਨ, ਆਦਿ ਕੁਝ ਨਾਂਵ ਦੋਹਾਂ ਵਚਨਾਂ ਵਿੱਚ ਆਉਂਦੇ ਹਨ ; ਜਿਵੇਂ :—

ਕਰਮਾਂ ਦਿਆ ਬਲੀਆ, ਰਿੱਧੀ ਖੀਰ ਤੇ ਹੋ ਗਿਆ ਦਲੀਆ।

ਮੈਂ ਕੋਈ ਖੋਟਾ ਕਰਮ ਕੀਤਾ ਹੋਣਾ ਹੈ।

ਉਸਦਾ ਦਰਸ਼ਨ ਦੁਰਲਭ ਹੈ ?

## ਪਹਿਲੀ ਵਿਭਕਤੀ

੫੫੦. ਪਹਿਲੀ ਵਿਭਕਤੀ ਕ੍ਰਿਆ ਦੇ ਉਦੇਸ਼ ਲਈ ਵਰਤੀ ਜਾਂਦੀ ਹੈ ; ਦੂਜਿਆਂ ਸ਼ਬਦਾਂ ਵਿੱਚ ਉਦੇਸ਼ ਸਦਾ ਪਹਿਲੀ ਵਿਭਕਤੀ ਦਾ ਰੂਪ ਹੁੰਦਾ ਹੈ ; ਜਿਵੇਂ— ਹਵਾ ਵਗਦੀ ਹੈ। ਪਾਲਾ ਪੈਂਦਾ ਹੈ। ਬੱਚੇ ਖੇਡਦੇ ਹਨ। ਕੋਈ ਮਰੇ, ਕੋਈ ਜੀਵੇ, ਸੁਥਰਾ ਘੋਲ ਪਤਾਸਾ ਪੀਵੇ।

੫੫੧. ਕਈਆਂ ਅਕਰਮਕ ਕ੍ਰਿਆਵਾਂ ਦੇ ਵਿਧੇਅ-ਪੂਰਕ ਵਾਸਤੇ ਵੀ ਪਹਿਲੀ ਵਿਭਕਤੀ ਦਾ ਰੂਪ ਵਰਤਿਆ ਜਾਂਦਾ ਹੈ ; ਜਿਵੇਂ :—

ਅਸੀਂ ਤੁਸਾਡੇ ਨੌਕਰ ਹਾਂ।

ਤੂੰ ਅਸਾਡਾ ਸ਼ਾਹ ਹੋਇਆ।

ਉਹ ਤਾਂ ਠੱਗ ਨਿਕਲਿਆ ਹੈ।

ਰਾਮੂ ਉਸ ਦਾ ਭਤੀਜਾ ਲਗਦਾ ਹੈ।

ਪੈਂਡਾ ਲੰਮਾ ਸੀ।

ਉਹ ਤੀਵੀਂ ਮੱਖੀ ਬਣ ਗਈ।

Digitized by Panjab Digital Library | www.panjabdigilib.org

ਇਨ੍ਹਾਂ ਵਾਕਾਂ ਵਿੱਚ ਨੌਕਰ, ਸ਼ਾਹ, ਠੱਗ, ਭਤੀਜਾ, ਲੰਮਾ, ਮੱਖੀ—ਇਹ ਸਭੇ ਪਹਿਲੀ ਵਿਭਕਤੀ ਦੇ ਰੂਪ ਹਨ ਅਤੇ ਵਿਧੇਯ-ਪੂਰਕ ਹਨ।

ਪਹਿਲੀ ਵਿਭਕਤੀ ਦੇ ਨਾਂਵ ਦੇ ਸਮਾਨ-ਅਧਿਕਰਣ ਜਾਂ ਅਨੁਕ੍ਰਮੀ ਲਈ ; ਜਿਵੇਂ :—

ਸ਼ੇਰ, ਜੰਗਲ ਦਾ **ਰਾਜਾ**, ਜਦ ਗੱਜਦਾ ਹੈ, ਤਦ ਸਭੇ ਪਸ਼ੂ-ਪੰਛੀ ਥਰਥਰ ਕੰਬਣ ਲਗ ਪੈਂਦੇ ਹਨ ।

ਕਰਮ-ਵਾਚ ਵਿੱਚ ਕਰਮ-ਬੋਧਕ ਪਦ ਹੀ ਉਦੇਸ਼ ਹੁੰਦਾ ਹੈ, ਇਸ ਕਰਕੇ ਉਹ ਪਹਿਲੀ ਵਿਭਕਤੀ ਦਾ ਰੂਪ ਹੋਣਾ ਚਾਹੀਦਾ ਹੈ ; ਜਿਵੇਂ :—

"ਸ਼ਰੀਕਾਂ ਰਲਕੇ **ਮਤਾ** ਪਕਾ ਲਿਆ ।" —ਨਵਾਬ ਖਾਨ

**ਸਾਹਾ** ਸੁਧਾਇਆ ਗਿਆ ਹੈ ।

"ਬਾਰਾਂ ਬਰਸ ਤੇਰੀ ਕੀਤੀ **ਚਾਕਰੀ** ਨੀ,
ਤੁਧ ਓੜਕ ਏਹ **ਇਨਆਮ** ਦਿੱਤਾ ।" —ਹੀਰ ਮੁਕਬਿਲ ।

## ਦੂਜੀ ਵਿਭਕਤੀ

੫੫੨. ਸਕਰਮਕ ਕ੍ਰਿਆ ਦੇ ਕਰਮ ਲਈ ਦੂਜੀ ਵਿਭਕਤੀ ਵਰਤੀ ਜਾਂਦੀ ਹੈ ; ਜਿਵੇਂ :—ਰਾਮ **ਫਲ** ਖਾਂਦਾ ਹੈ ; ਸ਼ਾਮ **ਪਾਣੀ** ਪੀਂਦਾ ਹੈ ।

ਚੇਤੇ ਰਹੇ ਕਿ ਪਹਿਲੀ ਅਤੇ ਦੂਜੀ—ਦੋਹਾਂ ਵਿਭਕਤੀਆਂ ਲਈ ਸਾਧਾਰਣ (ਸਾਂਝਾ) ਰੂਪ ਹੁੰਦਾ ਹੈ । ਇਹ ਰੂਪ ਸ਼ੁਧ ਅਰਥਾਤ ਇਕ-ਪਦਾ ਹੁੰਦਾ ਹੈ ।

**ਦੁਕਰਮਕ ਕ੍ਰਿਆ**—ਦੇ, ਦੱਸ, ਭੇਜ, ਪੜ੍ਹਾ, ਆਖ ਆਦਿ ਕ੍ਰਿਆਵਾਂ ਦੇ ਦੋ ਕਰਮ ਹੁੰਦੇ ਹਨ :—

੧. **ਪਰਧਾਨ ਕਰਮ** ਅਤੇ ੨. **ਅਪਰਧਾਨ ਕਰਮ** ।

ਜਿਸ ਕਰਮ ਦਾ ਕ੍ਰਿਆ ਨਾਲ ਬਹੁਤ ਨੇੜੇ ਦਾ ਸੰਬੰਧ ਹੁੰਦਾ ਹੈ, ਉਸ ਨੂੰ **ਪਰਧਾਨ** ਕਰਮ ਆਖਦੇ ਹਨ, ਦੂਜੇ ਨੂੰ **ਅਪਰਧਾਨ** ਕਹਿੰਦੇ ਹਨ। ਪਰਧਾਨ ਕਰਮ ਦਾ ਆਮ ਕਰਕੇ ਸਾਧਾਰਣ ਰੂਪ ਹੁੰਦਾ ਹੈ ਅਤੇ ਅਪਰਧਾਨ ਦਾ 'ਨੂੰ' ਸੰਬੰਧਕ ਸਹਿਤ ਸੰਬੰਧਕੀ । ਉਦਾਹਰਣ :—

ਭੈੜਾ ਬੰਦਾ **ਸਕਿਆਂ ਨੂੰ** ਵੀ ਖੋਟੀ **ਸਲਾਹ** ਹੀ ਦੇਂਦਾ ਹੈ । **ਉਸ ਨੂੰ** **ਸਾਰੀ** ਗੱਲ ਸੁਣਾਓ । ਉਹ ਕੁੜੀਆਂ ਨੂੰ ਪੰਜਾਬੀ ਪੜ੍ਹਾਂਦੀ ਹੈ ।

ਸਜਾਤੀ ਕਰਮ' ਦਾ ਸਦਾ ਸਾਧਾਰਣ ਰੂਪ ਹੁੰਦਾ ਹੈ ; ਜਿਵੇਂ :—

ਉਹ ਕਿੰਨੇ ਬਾਨ੍ਹਣੂੰ ਬੰਨ੍ਹਦਾ ਹੈ !
ਅਸਾਂ ਸੱਭੇ **ਖੇਡਾਂ** ਖੇਡੀਆਂ ਹਨ ।
ਕੇਹੀ **ਭੈੜੀ** ਚਾਲ ਚਲਦਾ ਹੈ !

ਜੇ ਉਦੇਸ਼ ਅਤੇ ਕਰਮ ਦੋਵੇਂ ਜਾਨਦਾਰ ਹੋਵਣ, ਤਦ ਕਰਮ ਦੇ ਨਾਲ ਆਮ ਤੌਰ ਤੇ 'ਨੂੰ' ਜੋੜਿਆ ਜਾਂਦਾ ਹੈ; ਜਿਵੇਂ :—

'ਮਾਂ ਫੱਕ ਬੰਨ੍ਹ ਕੇ ਬੱਚੇ ਨੂੰ ਛੈਲ ਆਪਣੀ ਵਿੱਚ ਦੇਖਦੀ ।' ਪੂਰਨ ਨਾਥ ਜੋਗੀ

Digitized by Panjab Digital Library | www.panjabdigilib.org

ਕਦੇ ਜਾਨਦਾਰ ਕਰਮ ਲਈ ਵੀ ਬਿਨਾਂ 'ਨੂੰ' ਵਾਲਾ ਸਾਧਾਰਣ ਰੂਪ ਹੀ ਵਰਤੋਂ ਵਿੱਚ ਆਉਂਦਾ ਹੈ ; ਜਿਵੇਂ :—

ਜਦੋਂ ਜੰਗਲੀਂ ਕੂਕ ਪੁਕਾਰਦੀ ਸੀ,
ਮਿਹਰਬਾਨ ਸਨ ਤਦੋਂ ਹੈਵਾਨ ਯਾਰੋ।
ਪਰ ਅੰਧੇਰ ਨਗਰੀ ਇਹ ਇਨਸਾਨ ਦੇ ਵਿੱਚ
ਲੱਗੇ ਆਦਮੀ ਆਦਮੀ ਖਾਣ ਯਾਰੋ।—ਨਲ-ਦਮਿਅੰਤੀ—ਚਾਤ੍ਰਿਕ।

ਬੇਜਾਨ ਜਾਂ ਜੜ ਕਰਮ ਲਈ ਦੂਜੀ ਵਿਭਕਤੀ ਦਾ ਅਰਥਾਤ ਸਾਧਾਰਣ ਰੂਪ ਵਰਤਿਆ ਜਾਂਦਾ ਹੈ ; ਜਿਵੇਂ :—

ਕੁਮ੍ਹਿਆਰੀ ਆਪਣਾ ਹੀ ਭਾਂਡਾ ਸਲਾਹੁੰਦੀ ਹੈ।
ਅੰਨ੍ਹਾ ਵੰਡੇ ਰਿਉੜੀਆਂ, ਮੁੜ ਮੁੜ ਆਪਣਿਆਂ ਨੂੰ ਦੇ।

ਨਾਪ-ਤੋਲ ਲਈ; ਜਿਵੇਂ :—

ਚਾਰ ਗਜ ਲੱਠਾ ਅਤੇ ਪੰਜ ਤੋਲੇ ਚਾਂਦੀ ਲਿਆ।

ਸਮੇਂ ਲਈ ; ਜਿਵੇਂ :—

ਚਾਰ ਦਿਨ ਸਹੁਰੇ-ਘਰ ਰਹੀਂ।

## ਅਪਦਾਨ

੫੫੩. ਅਪਾਦਾਨ ਆਮ ਤੌਰ ਤੇ ਉਸ ਟਿਕਾਣੇ ਦਾ ਪਤਾ ਦੇਂਦੀ ਹੈ ਜਿਥੋਂ ਕੋਈ ਚੀਜ ਚਲਦੀ ਹੈ। ਦੂਜਿਆਂ ਸ਼ਬਦਾਂ ਵਿੱਚ ਇਸ ਵਿਭਕਤੀ ਦਾ ਅਰਥ 'ਤੋਂ' ਜਾਂ 'ਥੋਂ' ਹੁੰਦਾ ਹੈ; ਜਿਵੇਂ :—

"ਜੇ ਪੰਜਾਂ ਦੇ ਪੰਜਿਓਂ ਪਾ ਜਾਵੇਂ ਛੁਟਕਾਰ,
ਫੇਰ ਜਿ ਪੂਰੀ ਨਾ ਪਏ (ਤਦ) ਚਾਤ੍ਰਿਕ ਜ਼ਿੰਮੇਵਾਰ।" (ਚੰਦਨ ਵਾੜੀ)
"ਭਲਾ ਹੋਇਆ ਮੇਰਾ ਚਰਖਾ ਟੁੱਟਾ,
ਜਿੰਦ ਅਜ਼ਾਬੋਂ ਛੁਟੀ।"—(ਸੱਧਰਾਂ ਦੇ ਹਾਰ)

## ਸੰਬੋਧਨ

੫੫੪. ਨਾਂਵ ਦਾ ਜਿਹੜਾ ਰੂਪ ਬੁਲਾਉਣ ਲਈ ਵਰਤਿਆ ਜਾਂਦਾ ਹੈ, ਉਸ ਨੂੰ ਸੰਬੋਧਨ ਪਦ ਆਖਦੇ ਹਨ ; ਜਿਵੇਂ :—

ਵੀਰਾ ਤੋਤਿਆ ਵੇ ! ਭੈਣਾ ਮੈਨਾ ਅੜੀਏ !
ਤਬਾ ਕੇਹੜੀ ਚੀਜ਼ ਨੂੰ ਚਾਹੁੰਦੀ ਹੈ ?
ਮੋਰਾ ਚੋਰਾ ! ਤੂੰ ਅੱਜ ਕੀ ਖਾਉਣਾ ਹੈ ?
ਰੋਗ ਕੁਮਰੀਏ ! ਕੀ ਤੈਨੂੰ ਭਾਂਵਦੀ ਹੈ ?

ਸੰਬੋਧਨ ਰੂਪ ਕਦੇ ਇਕੱਲਾ ਵਰਤਿਆ ਜਾਂਦਾ ਹੈ ਅਤੇ ਕਦੇ ਵਿਸਮਿਕ ਨਾਲ ; ਜਿਵੇਂ :—ਕਿਆ ਹੋਇਆ, ਵੇ ਮਰਦਾਨਿਆ ? ਪੁ੦ ਜ੦

Digitized by Panjab Digital Library | www.panjabdigilib.org

ਵੇ ਬਖਿਆ ! ਬਖਿਆ ਵੇ ! ਤੇਰੀ ਬੇਬੇ ਹਾਕਾਂ ਮਾਰਦੀ ਏ ।
ਪੁਤਰਾ ! ਤੂੰ ਵੀ ਕੁਲ ਨੂੰ ਕਲੰਕ ਲਾਇਆ ਈ !
ਰੱਬਾ ! ਮੇਰੇ ਗੁਨਾਹ ਬਖ਼ਸ਼ੀਂ ।

ਕਵਿਤਾ ਵਿੱਚ ਕਵੀ ਬਹੁਤ ਵਾਰੀ ਆਪਣੇ ਨਾਂ ਦਾ ਸੰਬੋਧਨ ਰੂਪ ਹੀ ਵਰਤਦਾ ਹੈ ; ਜਿਵੇਂ :—

ਹੁਕਮੁ ਹਾਸਲੁ ਕਰੀ ਬੈਠਾ, ਨਾਨਕਾ ! ਸਭ ਵਾਉ ।
ਸ਼ਾਹ ਮੁਹੰਮਦਾ ! ਮਾਰ ਕੇ ਮਰੋ ਏਥੇ ।
ਕਦੀ ਰਾਜ ਨਾ ਹੋਇ ਮੁਹਤਾਜ, ਯਾਰੋ !

ਪਪਪ. ਸੰਬੰਧਕ ਤੋਂ ਪਹਿਲਾਂ ਸਦਾ ਸੰਬੰਧਕੀ ਰੂਪ ਆਉਂਦਾ ਹੈ; ਜਿਵੇਂ :— ਘੋੜੇ ਨੂੰ, ਘੋੜੇ ਨੇ, ਘੋੜੇ ਨਾਲ, ਘੋੜੇ ਲਈ, ਘੋੜੇ ਤੋਂ, ਘੋੜੇ ਦਾ, ਘੋੜੇ ਤੇ, ਘੋੜੇ ਉੱਪਰ, ਘੋੜੇ ਹੇਠ, ਘੋੜੇ ਪਿੱਛੇ, ਘੋੜਿਆਂ ਨੂੰ, ਘੋੜਿਆਂ ਨੇ, ਘੋੜਿਆਂ ਨਾਲ, ਘੋੜਿਆਂ ਤੋਂ, ਘੋੜਿਆਂ ਦਾ, ਘੋੜਿਆਂ ਉੱਪਰ ।

"ਬੁੱਢੇ ਦੀ ਧੀ ਦੇ ਗਹਿਣੇ ਗੁਆਚ ਗਏ ਹਨ ।" ਇਸ ਵਾਕ ਵਿਚ 'ਦੇ' 'ਗਹਿਣੇ' ਦੇ ਅਨੁਸਾਰ ਹੈ ਅਤੇ ਏਸੇ 'ਦੇ' ਕਰ ਕੇ ਇਸ ਤੋਂ ਪਹਿਲੇ ਨਾਂਵ 'ਧੀ' ਦਾ ਸੰਬੰਧਕੀ ਰੂਪ ਹੈ । ਫੇਰ 'ਧੀ' ਕਰਕੇ 'ਦੀ' ਵੀ ਸੰਬੰਧਕੀ ਰੂਪ ਹੈ ਅਤੇ ਏਸ ਦੇ ਕਾਰਨ 'ਬੁੱਢੇ' ਦਾ ਵੀ ਸੰਬੰਧਕੀ ਰੂਪ ਹੈ । ਏਸੇ ਤਰ੍ਹਾਂ "ਉਸ ਦੀ ਮੁੱਠ ਵਿੱਚ ਪੰਜ ਰੁਪੱਏ ਹਨ ।" ਏਥੇ 'ਦੀ' ਅਤੇ 'ਵਿੱਚ' ਕਰਕੇ 'ਉਸ' ਅਤੇ 'ਮੁੱਠ' ਸੰਬੰਧਕੀ ਰੂਪ ਵਰਤੇ ਗਏ ਹਨ ।

ਪਪ੬. ਕਦੇ ਕਦੇ ਨਾਂਵ ਦਾ ਸੰਬੰਕੀ ਰੂਪ ਹੀ (ਬਿਨਾਂ ਸੰਬੰਧਕ ਦੇ ਵੀ) ਵਰਤੋਂ ਵਿੱਚ ਆਉਂਦਾ ਹੈ ; ਜਿਵੇਂ :—

"ਨੱਢੀ ਹੱਸਣਾ ਖੇਡਣਾ ਛੱਡ ਦਿੱਤਾ,
ਫਿਰੇ ਕਮਲੀ, ਸੁੱਧ-ਸੰਭਾਲ ਨਾਹੀਂ ।" —ਹੀਰ ਮੁਕਬਿਲ

"ਰੱਬ ਕੀਤੇ ਨੇ ਕੰਮ ਆਸਾਨ ਸਾਡੇ,
ਦੁਸ਼ਮਨ ਹੋਏ ਨੇ ਸਭ ਤਬਾਹ ਮੀਆਂ ।" —ਹੀਰ ਮੁਕਬਿਲ

"ਗਲ ਪੱਲਾ, ਮੂੰਹ ਘਾਹ ਅਸਾਡੇ,
ਅੱਗੇ ਕਦਮ ਉਠਾਓ ਨਾ ।" —ਨਲ ਦਮਿਅੰਤੀ ਚਾਤ੍ਰਿਕ

"ਪੂਰਾ ਸੀ ਉਹ ਆਪ, ਕੀਤੇ ਪੂਰਤੇ,
ਕਈ ਅਪੂਰੇ ਲੋਕ ਗੁਰ-ਪਥ ਪਾਇ ਕੇ ।" —ਰਾਣਾ ਸੂਰਤ ਸਿੰਘ

ਸ਼ਹਿਰ ਵਸੰਦੇ ਦੇਵਤੇ ਤੇ ਬਾਹਰ ਵਸੰਦੇ ਪ੍ਰੇਤ ।

ਇਹ ਇਸ ਪਿੰਡ ਦਾ ਮੁਸਲਮਾਨ ਪਹਿਲਵਾਨ ਪਾਕਿਸਤਾਨ ਭੱਜ ਗਿਆ ਸੀ ।

## ਕਰਤਾ

ਪਪ੭. ਜਦ ਕਿਸੇ ਵਾਕ ਵਿੱਚ ਸਕਰਮਕ ਧਾਤੂ ਦਾ ਭੂਤ ਕਾਰਦੰਤਕ ਜਾਂ ਵਿਧਿਅਰਥਕ ਕਾਰਦੰਤਕ ਸ਼ੁਧ ਜਾ ਮਿਲਾਉਟੀ ਕ੍ਰਿਆ ਬਣਾਉਂਦਾ ਹੈ, ਤਦ ਕ੍ਰਿਆ

Digitized by Panjab Digital Library | www.panjabdigilib.org

ਦੇ ਕਰਮ-ਵਾਚ ਹੋਣ ਕਰਕੇ ਪਰਧਾਨ ਕਰਮ ਉਦੇਸ਼ ਹੁੰਦਾ ਹੈ ਅਤੇ ਕ੍ਰਿਆ ਦਾ ਕਰਤਾ ਕਰਨ ਕਾਰਕ ਦਾ ਰੂਪ ਹੁੰਦਾ ਹੈ ; ਜਿਵੇਂ :—

ਤੁਸਾਂ ਇਹ ਕੰਮ ਜ਼ਰੂਰ ਹੀ ਕਰਨਾ ।

ਮੈਂ ਅਜੇ ਪੁਸਤਕ ਪੜ੍ਹੀ ਹੀ ਨਹੀਂ ।

੫੫੮. ਕਰਤ੍ਰੀਵਾਚ, ਕਰਮ-ਵਾਚ ਅਤੇ ਭਾਵ-ਵਾਚ ਵਿੱਚ ਉਦੇਸ਼ :—

ਕਰਤ੍ਰੀਵਾਚ ਵਿੱਚ ਕਰਤਾ ਹੀ ਉਦੇਸ਼ ਹੁੰਦਾ ਹੈ, ਕਰਮ-ਵਾਚ ਵਿਚ ਕਰਮ ਉਦੇਸ਼ ਹੁੰਦਾ ਹੈ ਅਤੇ ਭਾਵ-ਵਾਚ ਵਿੱਚ ਉਹ ਭਾਵ ਹੀ, ਜੋ ਵਿਧੇਯ ਦੇ ਅੰਦਰ ਸਮਾਇਆ ਹੁੰਦਾ ਹੈ, ਉਦੇਸ਼ ਹੁੰਦਾ ਹੈ । ਸਾਫ਼ ਪਤਾ ਲਗਦਾ ਹੈ ਕਿ ਭਾਵ-ਵਾਚ ਦੀ ਕ੍ਰਿਆ ਦਾ ਕੋਈ ਵਖਰਾ ਉਦੇਸ਼ ਨਹੀਂ ਹੁੰਦਾ ।

ਜੋ ਕੁਝ ਕਿਹਾ ਜਾਂਦਾ ਹੈ, ਉਹ ਵਿਧੇਯ ਹੈ ਅਤੇ ਜਿਸ ਦੇ ਬਾਰੇ ਗੱਲ ਕੀਤੀ ਜਾਂਦੀ ਹੈ, ਉਹ ਉਦੇਸ਼ ਹੁੰਦਾ ਹੈ । ਕਰਤ੍ਰੀਵਾਚ ਵਿੱਚ ਕਰਤਾ ਦੇ ਬਾਰੇ ਕੁਝ ਕਿਹਾ ਜਾਂਦਾ ਹੈ ਅਤੇ ਕਰਮਵਾਚ ਵਿੱਚ ਕਰਮ ਦੇ ਬਾਰੇ । ਕਰਤ੍ਰੀਵਾਚ ਵਿੱਚ ਕ੍ਰਿਆ ਦਾ ਮੇਲ ਕਰਤਾ-ਉਦੇਸ਼ ਨਾਲ ਹੁੰਦਾ ਹੈ ਅਤੇ ਕਰਮ-ਵਾਚ ਵਿੱਚ ਕ੍ਰਿਆ ਦਾ ਮੇਲ ਕਰਮ-ਉਦੇਸ਼ ਨਾਲ । ਭਾਵ ਵਾਚ ਵਿੱਚ ਕ੍ਰਿਆ ਦਾ ਉਦੇਸ਼ ਹੁੰਦਾ ਹੀ ਨਹੀਂ, ਇਸ ਕਰਕੇ ਕ੍ਰਿਆ ਦਾ ਮੇਲ ਵਾਕ ਦੇ ਕਿਸੇ ਪਦ ਨਾਲ ਵੀ ਨਹੀਂ ਹੁੰਦਾ ਅਤੇ ਕ੍ਰਿਆ ਅੰਨ ਪੁਰਖ ਇਕ ਵਚਨ ਜਾਂ/ਅਤੇ ਪੁਲਿੰਗ ਇਕਵਚਨ ਹੁੰਦੀ ਹੈ ।

੫੫੯. ਜਦ ਆਦਰ-ਸੂਚਕ ਸ਼ਬਦ ਲੱਗਣ ਕਰਕੇ ਇਸਤ੍ਰੀਲਿੰਗ, ਇਕ ਵਚਨ ਨਾਂਵ ਬਹੁਵਚਨ ਹੋ ਜਾਂਦਾ ਹੈ, ਤਦ ਕਈ ਵਾਰ ਇਸ ਦਾ ਵਿਸ਼ੇਸ਼ਣ ਪੁਲਿੰਗ ਬਹੁਵਚਨ ਹੁੰਦਾ ਹੈ ; ਜਿਵੇਂ :—

"ਮੇਰੇ ਦਾਦੀ ਜੀ ਬੁੱਢੇ ਹਨ, ਬਹੁਤ ਬੁੱਢੇ, ਤਿੰਨ ਉੱਤੇ ਤ੍ਰਾਨਵੇ ਵਰ੍ਹੇ ਦੇ । ਇਹ ਛੋਟੇ ਹਨ, ਬਹੁਤ ਛੋਟੇ, ਮਸਾਂ ਚਾਰ ਤੇ ਅੱਧਾ ਫ਼ੁਟ ।" —ਗੁਰਬਖ਼ਸ਼ ਸਿੰਘ

## ਸਰਬਨਾਂਵ

੫੬੦. ਜੇ ਪੁਰਖ-ਵਾਚਕ ਸਰਬਨਾਂਵ ਕ੍ਰਿਆ ਦਾ ਉਦੇਸ਼ ਹੋਵੇ, ਤਾਂ ਉਹ ਕਈ ਵਾਰ ਨਹੀਂ ਵੀ ਬੋਲਿਆ ਜਾਂਦਾ ; ਜਿਵੇਂ :—

ਸੁਣੋ ; ਕਦ ਆਵਾਂ ? ਇਨ੍ਹਾਂ ਵਾਕਾਂ ਵਿਚ 'ਤੁਸੀਂ' ਅਤੇ 'ਮੈਂ' ਉਦੇਸ਼ ਨਹੀਂ ਬੋਲੇ ਗਏ ।

੫੬੧. ਪੁਰਖਵਾਚਕ, ਨਿਸਚੇਵਾਚਕ ਅਤੇ ਸੰਬੰਧਵਾਚਕ ਸਰਬਨਾਂਵ ਦੇ ਲਿੰਗ ਅਤੇ ਵਚਨ ਉਹੋ ਹੁੰਦੇ ਹਨ, ਜੋ ਉਸ ਨਾਂਵ ਦੇ ਹੁੰਦੇ ਹਨ, ਜਿਸ ਦੇ ਥਾਂ ਉਹ ਵਰਤਿਆ ਜਾਂਦਾ ਹੈ । ਉਦਾਹਰਣ :—ਭੂਆ ਨੇ ਮੈਨੂੰ ਪਛਾਤਾ ਹੀ ਨਹੀਂ ਸੀ, ਉਸਨੂੰ ਅੰਧਰਾਤੇ ਦੀ ਕਸਰ ਸੀ ।

੫੬੨. ਬੋਲਣ ਵਾਲਾ ਜਾਂ ਲੇਖਕ ਇਕ ਵਚਨ ਦੇ ਅਰਥ ਵਿੱਚ ਆਪਣੇ ਲਈ ਆਮ 'ਮੈਂ' ਵਰਤਦਾ ਹੈ ; ਜਿਵੇਂ :—

ਪਾਂਧਾ—ਹੱਛਾ ਬੀਬੀ, ਮੈਂ ਤਾਂ ਛੇਤੀ ਜਾਣਾ ਏ ਵਕੀਲਾਂ ਦੇ ।

"ਮੈਂ ਇਸ ਤੋਂ ਪਹਿਲਾਂ........ਇਕ ਵਾਰਤਕ-ਸੰਗ੍ਰਹਿ ਤਿਆਰ ਕੀਤਾ ਸੀ ।"

ਭੂਮਿਕਾ—ਚੋਣਵੀ ਪੰਜਾਬੀ ਵਾਰਤਕ

Digitized by Panjab Digital Library | www.panjabdigilib.org

੫੬੩. ਤੀਵੀਆਂ ਆਮ ਆਪਣੇ ਲਈ 'ਮੈਂ' ਹੀ ਵਰਤਦੀਆਂ ਹਨ ; ਜਿਵੇਂ :—

ਰਾਮ ਭਜਨੀ—ਤੇ ਮੈਂ ਭਲਾ ਮੰਦਾ ਕੰਮ ਥੋੜਾ ਈ ਕਰ ਰਹੀਆਂ ।

ਭੂਆ—ਮੈਂ ਆਖਿਆ, ਦੋ ਘੜੀਆਂ ਬਹਿਕੇ ਦੁਖ-ਸੁਖ ਦੀਆਂ ਗੱਲਾਂ ਕਰਾਂਗੀ ।

੫੬੪. ਜਦ ਬੋਲਣ ਵਾਲਾ ਆਪਣੇ ਅਤੇ ਇਕ ਜਾਂ ਵਧ ਦੂਜਿਆਂ ਬਾਰੇ ਕੁਝ ਕਹਿਣਾ ਚਾਹੁੰਦਾ ਹੈ, ਤਦ 'ਅਸੀਂ' ਹੀ ਵਰਤਦਾ ਹੈ ; ਜਿਵੇਂ :—

ਮੈਂ ਤੇ ਮੇਰੀ ਭੈਣ ਦੁਪਹਿਰ ਦੀ ਰੋਟੀ ਲੈ ਕੇ ਖੇਤ ਨੂੰ ਚਲ ਪਏ । ਅਸੀਂ ਥੋੜੀ ਦੂਰ ਹੀ ਗਏ ਸਾਂ ਕਿ ਅਸਾਂ ਨੂੰ ਇਕ ਰਾਸ਼ਾ ਨਜ਼ਰੀਂ ਪਿਆ ।

੫੬੫. ਹੇਠ ਲਿਖੇ ਆਪਣੇ ਲਈ ਉੱਤਮ ਪੁਰਖ ਬਹੁਵਚਨ ਵਰਤਦੇ ਹਨ :—

(੧) ਸੰਪਾਦਕ ; ਜਿਵੇਂ :—

"ਸਾਡੀ ਮਜ਼ਬੂਤ ਰਾਇ ਹੈ ਕਿ ਦੇਸ਼ ਦੀ ਉਸਾਰੀ ਨਾਲ ਸਾਨੂੰ ਕੌਮੀ ਆਚਰਣ ਦੀ ਉਸਾਰੀ ਤੇ ਮਜ਼ਬੂਤੀ ਵਲ ਖਾਸ ਧਿਆਨ ਦੇਣ ਦੀ ਲੋੜ ਹੈ ।"

—ਸੰਪਾਦਕ "ਗਿਆਨ-ਅੰਮ੍ਰਿਤ"

(੨) ਰਾਜਾ ; ਜਿਵੇਂ :—ਬਚਨ ਰਾਜਾ ਇੰਦਰ ਦਾ—

"ਅਸੀਂ ਲੱਖ ਤ੍ਰਾਣ ਲਗਾ ਬੈਠੇ, ਕਿਸੇ ਤਰ੍ਹਾਂ ਨਾ ਜੀ ਭਰਮਾ ਸਕੇ ।"

"ਤੂੰ"

੫੬੬. 'ਤੂੰ' ਇਨ੍ਹਾਂ ਲਈ ਵਰਤੋਂ ਵਿੱਚ ਆਉਂਦਾ ਹੈ :—

(੧) ਪਰਮੇਸਰ ਲਈ ; ਜਿਵੇਂ :—

"ਸਾਡੇ ਅਮਲਾਂ ਦੇ ਵੱਲ ਨ ਜਾਈਂ, ਸਾਈਂ !<br>
ਆਪਣੇ ਕਰਮ ਥੀਂ ਪਾਰ ਲੰਘਾਈਂ, ਸਾਈਂ !<br>
ਤੂੰ ਹੈਂ ਬਾਪ-ਮਾਈ, ਤੂੰ ਹੈਂ ਭੈਣ-ਭਾਈ,<br>
ਤੂੰ ਸਹਾਈ ਹਰ ਦਮ, ਹਰ ਹਰ ਥਾਈਂ, ਸਾਈਂ !"ਨਲ-ਦਮਿਅੰਤੀ—ਚਾਤ੍ਰਿਕ

"ਹੇ ਰਾਮ ! ਮੈਂ ਪਾਪਣ ਆਂ, ਮੈਂ ਪਾਪਣ ਆਂ, ਤੂੰ ਆਪੇ ਬਖਸ਼ੀਂ ਤੇ ਭਵ-ਸਾਗਰ ਤੋਂ ਪਾਰ ਉਤਾਰੀਂ ।" —ਸਾਹਿਤ ਵਾੜੀ—ਸ0 ੮੪

(੨) ਮਾਂ ਅਤੇ ਬੱਚੇ ਲਈ ; ਜਿਵੇਂ :—

"ਢਹਿਸੀ ਛੱਤ ਅਕਾਸ਼ ਦਾ ਕਾੜ-ਕਾੜ ਮਾਏ !<br>
ਪਰਲੋ ਆਣ ਨ ਜਾਣ ਕੇ ਤੂੰ ।" —ਖੁਲ੍ਹੇ ਮੈਦਾਨ

"ਬੱਚਾ ! ਤੂੰ ਮੇਰਾ, ਤੂੰ ਪੂਰਣ, ਦੌੜ, ਘੁੱਟ, ਪਾ ਟੰਡੀ ।" —ਖੁਲ੍ਹੇ ਮੈਦਾਨ

(੩) ਨਿਰਾਦਰ ਕਰਨ ਲਈ ; ਜਿਵੇਂ

"ਮੱਘਰ—ਉਏ ਤੂੰ ਏਥੇ ਈ ਖੜਾ ਐਂ ਹਾਲੇ ?<br>
ਝੰਡੂ—ਜੀ, ਰਤਾ ਟੁੱਕ ਖਾਣ ਲੱਗ ਪਿਆ ਸਾਂ ।" ਕਣਕ ਦੀ ਬੱਲੀ

(੪) ਜਿਸ ਨਾਲ ਪਿਆਰ, ਮਿਤ੍ਰਤਾ ਜਾਂ ਚੰਗੀ ਜਾਣ-ਪਛਾਣ ਹੋਵੇ, ਉਸ ਲਈ ; ਜਿਵੇਂ :—

ਜੇ ਪਿਆਰੀ ! ਤੂੰ ਗੁੱਸਾ ਮੰਨੇਂ, ਹੱਛੀ ਗੱਲ ਨ ਲੱਗੇ ।<br>
ਤਾਂ ਮੈਂ ਗੱਲ ਵਿਛੋੜੇ ਵਾਲੀ ਕਰਾਂ ਨ ਤੇਰੇ ਅੱਗੇ । ਨਲ-ਦਮਿਅੰਤੀ—ਚਾਤ੍ਰਿਕ

Digitized by Panjab Digital Library | www.panjabdigilib.org

(੫) ਕਦੇ ਰਾਜਿਆਂ ਲਈ ਵੀ 'ਤੂੰ' ਵਰਤ ਲੈਂਦੇ ਹਨ ; ਜਿਵੇਂ :—
ਇਛੱਰਾਂ ਕਹਿੰਦੀ ਹੈ :—

"ਸੜਨ ਕੋਠੜੇ ਤੇਰੇ ਸਾਲਵਾਹਨਾ !

... ... ... ...

ਜ਼ਾਲਮਾਂ ! ਤਖ਼ਤ ਤੇ ਬਹਿ ਤੂੰ ਜ਼ੁਲਮ ਕਮਾਵੇਂ ।" —ਖੁਲ੍ਹੇ ਮੈਦਾਨ

੫੬੭. ਨਿਜ-ਵਾਚਕ ਸਰਬਨਾਂਵ 'ਆਪ' ਨਾਂਵਾਂ ਅਤੇ ਸਰਬਨਾਂਵਾਂ ਦੋਹਾਂ ਨਾਲ ਵਰਤਿਆ ਜਾ ਸਕਦਾ ਹੈ ; ਜਿਵੇਂ :—

ਰਾਮ ਆਪ ਗਿਆ ਸੀ ।
ਤੁਸੀ ਆਪ ਦੇਖ ਲਓ ।

ਆਪ ਪੁਰਖ ਕਰਕੇ ਨਹੀਂ ਬਦਲਦਾ ; ਲਿੰਗ, ਵਚਨ ਅਤੇ ਵਿਭਕਤੀ ਕਰਕੇ ਵੀ ਘਟ ਬਦਲਦਾ ਹੈ ; ਜਿਵੇਂ :—

ਉਹ ਆਪ ਹੀ ਪੱਤਰ ਲਿਖੇਗਾ ।
ਉਹ ਆਪ ਹੀ ਕਪੜੇ ਸੀਉਣਗੀਆਂ ।
ਤੂੰ ਆਪ ਉਥੇ ਜਾਏਂਗਾ ?
ਤੁਸੀਂ ਆਪ ਜਾ ਸਕੋਗੀਆਂ ਕਿ ਨਹੀਂ ?
ਮੈਂ ਆਪ ਇਹ ਕੰਮ ਕੀਤਾ ਹੈ ।
ਅਸੀਂ ਆਪ ਇਹ ਕੰਮ ਕਰਾਂ ਗੀਆਂ ।

'ਆਪਣਾ' ਦਾ ਬਹੁਵਚਨ 'ਆਪਣੇ' ਸਕੇ-ਸੰਬੰਧੀਆਂ ਦੇ ਅਰਥ ਵਿੱਚ ਨਾਂਵ ਵਾਂਗ ਵਰਤਿਆ ਜਾਂਦਾ ਹੈ ; ਜਿਵੇਂ :—

ਅੰਨ੍ਹਾ ਵੰਡੇ ਰਿਉੜੀਆਂ, ਮੁੜ ਮੁੜ ਆਪਣਿਆਂ ਨੂੰ ਦੇਹ।

੫੬੮. ਜਦ ਕਿਸੇ ਵਾਕ ਵਿਚ ਉਦੇਸ਼ ਦੇ ਨਾਲ ਸੰਬੰਧ ਰੱਖਣ ਵਾਲੇ ਸੰਬੰਧ ਕਾਰਕ ਦਾ ਰੂਪ ਵਰਤਿਆ ਜਾਣਾ ਹੁੰਦਾ ਹੈ, ਤਦ ਉਸ ਦੀ ਥਾਂ ਨਿਜ-ਵਾਚਕ ਸਰਬਨਾਂਵ ਦੇ ਸੰਬੰਧ ਕਾਰਕ ਦਾ ਰੂਪ ਵਰਤੋਂ ਵਿੱਚ ਆਉਂਦਾ ਹੈ ; ਜਿਵੇਂ :—

ਮੈਂ ਆਪਣੀ ਪੈਲੀ ਤੋਂ ਆ ਰਿਹਾ ਹਾਂ ।
ਤੁਸੀਂ ਆਪਣੇ ਮਿਤਰਾਂ ਨੂੰ ਚਿੱਠੀਆਂ ਲਿਖੋ ।
ਉਹ ਆਪਣੇ ਪਿੰਡ ਨੂੰ ਜਾ ਰਿਹਾ ਹੈ ।
ਕੁਮ੍ਹਿਆਰੀ ਆਪਣੇ ਹੀ ਭਾਂਡੇ ਸਲਾਹੁੰਦੀ ਹੈ ।

੫੬੯. ਜਦ ਕਿਸੇ ਵਾਕ ਦੇ ਦੋ ਵਖੋ-ਵਖਰੇ ਉਦੇਸ਼ ਹੋਣ ਅਤੇ ਪਹਿਲੇ ਉਦੇਸ਼ ਨਾਲ ਸੰਬੰਧ ਦਸਦੇ ਹੋਏ ਦੂਜੇ ਉਦੇਸ਼ ਦਾ ਨਾਂਵ ਦਸਣਾ ਹੋਵੇ ਤਾਂ ਨਿਜਵਾਚਕ ਸਰਬਨਾਂਵ ਦੇ ਸੰਬੰਧ ਕਾਰਕ ਦੀ ਵਰਤੋਂ ਨਹੀਂ ਹੁੰਦੀ । ਉਦਾਹਰਣ :—

ਸੋਹਣ ਅਤੇ ਉਸਦਾ ਭਰਾ ਆ ਰਹੇ ਹਨ ।

੫੭੦. ਸੰਬੰਧ-ਵਾਚਕ ਸਰਬਨਾਂਵ ਕਦੇ ਪਹਿਲੇ ਕਹੇ ਗਏ ਪਦਾਰਥ ਦਾ ਸੰਬੰਧ ਦੱਸਣ ਲਈ ਅਤੇ ਕਦੇ ਪਿੱਛੋਂ ਕਹੇ ਜਾਣ ਵਾਲੇ ਪਦਾਰਥ ਦਾ ਸੰਬੰਧ ਦੱਸਣ ਲਈ ਵਰਤੇ ਜਾਂਦੇ ਹਨ । ਉਦਾਹਰਣ :—

Digitized by Panjab Digital Library | www.panjabdigilib.org

"ਪਾਪੀ ਸੋਈ ਜੋ ਚਾਤ੍ਰਿਕ ਨੀਚ ਵਰਗੇ,
ਵਿੱਚ ਗਫਲਤਾਂ ਉਮਰ ਲੰਘਾਉਂਦੇ ਨੇ।"

ਉਸ ਨਾਰ ਨੂੰ ਧਿਕਾਰ, ਜੋ ਦੁਖ ਵਿੱਚ ਪਤੀ ਦੇ ਨਾਲ ਨਾ ਰਹੇ।

ਜੋ ਆਪਣੇ ਬੋਲ ਨੂੰ ਪੂਰਾ ਨਾ ਕਰੇ, ਉਹ ਮਰਦ ਹੀ ਨਹੀਂ।

੫੭੧. ਕਦੇ ਕਦੇ ਸੰਬੰਧ-ਵਾਚਕ ਜਾਂ ਅਨੁਸੰਬੰਧ-ਵਾਚਕ ਸਰਬਨਾਂਵ ਤੋਂ ਬਿਨਾ ਹੀ ਵਾਕ ਬਣਿਆ ਹੁੰਦਾ ਹੈ; ਜਿਵੇਂ :—

(ਜੋ) "ਕਰੇ ਅੜਬ ਨੂੰ ਠੀਕ, ਉਸਤਾਦ ਸੋਈ,
ਆਮਿਲ ਸੋਈ, ਜੋ ਰੱਬ ਨੂੰ ਪਾਉਂਦੇ ਹਨ।" —ਨਲ ਦਮਿਅੰਤੀ—ਚਾਤ੍ਰਿਕ

'ਨਿਵੈ, ਸੋ ਗੌਰਾ ਹੋਏ' ਏਥੇ 'ਜੋ ਨਿਵੈ' ਦੀ ਥਾਂ ਨਿਰਾ 'ਨਿਵੈ' ਹੀ ਕਿਹਾ ਗਿਆ ਹੈ।

"ਅੱਗੇ ਚਾਹੇਗਾ ਜੋ ਕਰਤਾਰ, (ਸੋ) ਹੋਸੀ।" —ਨਲ ਦਮਿਅੰਤੀ—ਚਾਤ੍ਰਿਕ

੫੭੨. ਸੰਬੰਧਕ ਸਹਿਤ ਕਰਮ ਦਾ ਵਿਧੇਅ-ਵਿਸ਼ੇਸ਼ਣ ਵੀ ਸੰਬੰਧਕ ਸਹਿਤ ਹੁੰਦਾ ਹੈ; ਜਿਵੇਂ :—

ਚੋਰ ਨੂੰ ਖਾਂਦੇ ਨੂੰ ਨਾ ਵੇਖੀਏ, ਕੁਟੀਂਦੇ ਨੂੰ ਵੇਖੀਏ।

## ਵਿਸ਼ੇਸ਼ਣ

੫੭੩. ਕਈ ਵਾਰ ਵਿਸ਼ੇਸ਼ਣ ਨਾਂਵ ਵਾਂਗ ਵਰਤੇ ਜਾਂਦੇ ਹਨ। ਤਦ ਉਨ੍ਹਾਂ ਦੇ ਰੂਪ ਵੀ ਨਾਂਵਾਂ ਵਾਂਗ ਬਣਾਏ ਜਾਂਦੇ ਹਨ। ਹੇਠਲਿਆਂ ਉਦਾਹਰਣਾਂ ਤੋਂ ਕੁਝ ਪਤਾ ਲਗ ਜਾਏਗਾ ਕਿ ਨਾਂਵ-ਵਰਗੇ ਵਿਸ਼ੇਸ਼ਣ ਅਤੇ ਵਿਸ਼ੇਸ਼-ਵਿਸ਼ੇਸ਼ਣ ਦੇ ਰੂਪ ਕਿਥੋਂ ਤੀਕ ਮਿਲਦੇ ਹਨ।

| ਵਿਸ਼ੇਸ਼-ਵਿਸ਼ੇਸ਼ਣ ਜਾਂ ਵਿਧੇਅ-ਵਿਸ਼ੇਸ਼ਣ। | ਨਾਂਵ ਵਰਗਾ ਵਿਸ਼ੇਸ਼ਣ |
|---|---|
| ਗਰੀਬ ਆਦਮੀਆਂ ਨੂੰ ਨਾ ਸਤਾਓ। | ਗਰੀਬਾਂ ਨੂੰ ਰੱਬ ਦੀ ਮਾਰ। |
| ਇਕ ਅੰਨ੍ਹਾ ਬੰਦਾ ਜਾ ਰਿਹਾ ਸੀ। | ਅੰਨ੍ਹਿਆਂ ਵਿੱਚ ਕਾਣਾ ਰਾਜਾ। |
| ਉਸ ਦੀਆਂ ਪਿਆਰੀਆਂ ਗੱਲਾਂ ਸੁਣ ਕੇ ਮਨ ਰੱਜਦਾ ਨਹੀਂ। | "ਪਿਆਰੀ! ਮਾਰ ਲੈ ਅਜ ਦਿਨ ਘੁਰਾੜੇ।" ਨਲ-ਦਮਿਅੰਤੀ—ਚਾਤ੍ਰਿਕ |
| ਡਾਢੇ ਬੰਦੇ ਤੋਂ ਡਰੀਏ। | ਡਾਢੇ ਦਾ ਸੱਤੀਂ ਵੀਹੀਂ ਸੌ। |
| ਮੋਏ ਸੱਪ ਤੋਂ ਕੀ ਡਰਨਾ। | ਮੋਏ ਨੂੰ ਕੀ ਮਾਰਨਾ? |
| ਉਹ ਪੜ੍ਹੇ-ਲਿਖੇ ਆਦਮੀ ਹਨ। | ਪੜ੍ਹੇ ਲਿਖੇ ਪੜ੍ਹਾਈ ਦਾ ਮਾਨ ਨਹੀਂ ਕਰਦੇ। |
| ਆਪਣੇ ਸਾਕਾਂ ਵਿੱਚ ਪਿਆਰ ਨਹੀਂ ਰਿਹਾ। | "ਆਪਣਿਆਂ ਵਿੱਚ ਉਲਫਤ ਨਾਹੀਂ, ਕੇਹੇ ਚਾਚੇ ਤਾਏ।" ਬੁਲੇ ਸ਼ਾਹ। |
| ਹਿੰਦੁਸਤਾਨੀ ਮਾਲ ਦੀ ਕਦਰ ਵਧ ਰਹੀ ਹੈ। | ਹਿੰਦੁਸਤਾਨੀਓ! ਭਾਰਤ ਮਾਤਾ ਦੀ ਸੇਵਾ ਵਿੱਚ ਲਗ ਜਾਓ। |
| ਸੱਚੇ ਬੰਦੇ ਔਖੇ ਲਭਦੇ ਹਨ। | ਸੱਚਿਆਂ ਨੂੰ ਹੁਣ ਮਿਲਦੇ ਧੱਕੇ। ਬੁਲ੍ਹੇ ਸ਼ਾਹ |
| ਅਗਲਾ ਪੋਚ ਕਿਸੇ ਦੀ ਸੁਣਦਾ ਹੀ ਨਹੀਂ। | "ਅਗਲੇ ਜਾਇ ਬੰਗਾਲੇ ਬੈਠੇ, |
| ਪਿਛਲਾ ਸਮਾਂ ਚੰਗਾ ਸੀ। | ਪਿਛਲਿਆਂ ਫ਼ਰਸ਼ ਵਿਛਾਏ।" ਬੁਲ੍ਹੇ ਸ਼ਾਹ |

Digitized by Panjab Digital Library | www.panjabdigilib.org

੫੭੪. ਕੁਝ ਵਿਸ਼ੇਸ਼ਣ ਕਈ ਵਾਰ ਕ੍ਰਿਆ-ਵਿਸ਼ੇਸ਼ਣ ਵਾਂਗ ਵੀ ਵਰਤੇ ਜਾਂਦੇ ਹਨ, ਪਰ ਤਦ ਉਨ੍ਹਾਂ ਦੇ ਰੂਪ ਨਹੀਂ ਵਟਦੇ। ਉਦਾਹਰਣ—

ਮੈਂ ਜਾ ਕੇ ਬਲਦ ਨੂੰ ਰਤਾ ਹਿੱਕਾਂ।

ਉਹ ਹੌਲੀ [ਮਿੱਠਾ] ਬੋਲਦਾ ਹੈ।

ਸੋਹਣ ਬਹੁਤ ਸੋਹਣਾ ਲਿਖਦਾ ਹੈ।

੫੭੫. ਜੇਹਾ, ਜਿੰਨਾ, ਜੇਡਾ—ਇਹ ਸਰਬਨਾਂਵੀ ਵਿਸ਼ੇਸ਼ਣ ਤੇ ਹਨ ਹੀ, ਪਰ ਇਹ ਜਦ ਸੰਬੰਧਕ ਵਾਂਗਰ ਨਾਂਵ ਜਾਂ ਸਰਬਨਾਂਵ ਨਾਲ ਵਰਤੇ ਜਾਂਦੇ ਹਨ, ਤਦ ਉਸ ਨਾਂਵ ਜਾਂ ਸਰਬਨਾਂਵ ਦਾ ਸੰਬੰਧਕੀ ਰੂਪ ਹੀ ਉਨ੍ਹਾਂ ਤੋਂ ਪਹਿਲਾਂ ਆਉਂਦਾ ਹੈ; ਜਿਵੇਂ :—

'ਇਹਨਾਂ ਜੇਹਾ ਪਿਆਰਾ ਕੇਹੜਾ, ਲਾ ਕਲੇਜੇ ਚੁੰਮਾਂ।'

—ਪੂਰਨ ਭਗਤ—ਕਾਲੀਦਾਸ

੫੭੬. 'ਵਰਗਾ' ਵਿਸ਼ੇਸ਼ਣ ਵੀ ਹੈ ਅਤੇ ਸੰਬੰਧਕ ਵੀ ; ਜਿਵੇਂ :—

ਉਸ (ਉਹਦੇ) ਵਰਗਾ ਕੌਣ ਹੈ ?

ਹੀਰੇ ਵਰਗਾ ਮੁੰਡਾ ਸੀ। ਪਤਾ ਨਹੀਂ, ਕਿੱਥੇ ਚਲਾ ਗਿਆ ਹੈ।

੫੭੭. ਦੋ ਨੇੜੇ ਦੇ ਪੂਰਣ ਅੰਕਾਂ ਦਾ ਸਮਾਸ ਕਰਨ ਨਾਲ ਵੀ ਅਨਿਸਚਿਤ ਅਰਥ ਪ੍ਰਗਟ ਕੀਤਾ ਜਾਂਦਾ ਹੈ; ਜਿਵੇਂ :— ਦਸ ਵੀਹ ਸੇਉ ਲੈਂਦੇ ਆਉਣਾ। ਇਸੇ ਤਰ੍ਹਾਂ ਇਕ ਅੱਧ, ਚਾਰ-ਪੰਜ, ਅਠ-ਦਸ, ਸੌ-ਦੋ ਸੌ ਆਦਿ ਵਰਤੇ ਜਾਂਦੇ ਹਨ।

੫੭੮. 'ਇਕ ਇਕ' ਜਦ ਇਕ ਹੀ ਉਪਵਾਕ ਜਾਂ ਵਾਕ ਵਿੱਚ ਆਉਂਦੇ ਹਨ ਅਤੇ ਇੱਕੋ ਵਿਭਕਤੀ (ਕਾਰਕ) ਦੇ ਹੁੰਦੇ ਹਨ, ਤਦ (ਹਰ ਇਕ) ਇਸ ਅਰਥ ਦਾ ਬੋਧ ਕਰਾਂਦੇ ਹਨ ; ਜਿਵੇਂ :—

ਇਕ ਇਕ ਨੂੰ (=ਹਰ ਇਕ ਨੂੰ) ਘਰ ਪੁਛ ਆਏ ਹਾਂ।

ਮੈਂ ਇਕ ਇਕ ਤੋਂ (=ਹਰ ਇਕ ਤੋਂ) ਬਦਲਾ ਲਵਾਂਗਾ।

## ਕਾਰਦੰਤਕ

੫੭੯. ਤਿੰਨਾਂ ਕਾਰਦੰਤਕਾਂ ਵਿੱਚ ਅਰਥਾਤ ਭੂਤ, ਵਰਤਮਾਨ ਅਤੇ ਵਿਧਿਅਰਥਕ-ਇਨ੍ਹਾਂ ਵਿੱਚ ਦੋ ਤਰ੍ਹਾਂ ਦੇ ਸ਼ਬਦ-ਭੇਦਾਂ ਦਾ ਮੇਲ ਹੋਇਆ ਹੋਇਆ ਹੈ—ਵਿਸ਼ੇਸ਼ਣ ਅਤੇ ਕ੍ਰਿਆ ਦਾ। ਦੂਜੇ ਸ਼ਬਦਾਂ ਵਿਚ ਇਹ ਵਿਸ਼ੇਸ਼ਣ ਵੀ ਹਨ ਅਤੇ ਕ੍ਰਿਆ ਵੀ। ਰੂਪ ਅਨੁਸਾਰ ਇਹ ਵਿਸ਼ੇਸ਼ਣ ਹਨ—ਵਿਸ਼ੇਸ਼ਣ ਵਾਂਗਰ ਇਨ੍ਹਾਂ ਦਾ ਰੂਪਾਂਤਰ ਹੁੰਦਾ ਹੈ ਅਤੇ ਇਨ੍ਹਾਂ ਵਾਂਗਰ ਹੀ ਆਪਣੇ ਵਿਸ਼ੇਸ਼ਣ ਨਾਲ ਇਨ੍ਹਾਂ ਦਾ ਮੇਲ ਵੀ ਹੁੰਦਾ ਹੈ। ਕ੍ਰਿਆ ਇਹ ਇਸ ਕਰਕੇ ਹਨ, ਕਿਉਂਕਿ ਇਹ ਕ੍ਰਿਆ ਵਾਂਗ ਕਾਲ ਅਤੇ ਵਾਚ ਦਾ ਬੋਧ ਕਰਾਉਂਦੇ ਹਨ।

Digitized by Panjab Digital Library | www.panjabdigilib.org

## ਭੂਤਕਾਰਦੰਤਕ

੫੮੦. (ਕ) ਅਕਰਮਕ ਕ੍ਰਿਆ ਦਾ ਭੂਤਕਾਰਦੰਤਕ ਕਰਤਰੀ-ਵਾਚ ਹੁੰਦਾ ਹੈ ; ਜਿਵੇਂ :—

ਮੈਂ ਹੱਸਿਆ। ਫੁੱਲ ਖਿੜਿਆ। ਮੀਂਹ ਵਰ੍ਹਿਆ। ਉਹ ਲਿਆਇਆ (=ਲੈ ਆਇਆ)।

ਅਕਰਮਕਾਂ ਨਾਲ 'ਨੇ' ਨਹੀਂ ਆ ਸਕਦਾ। ਸਕਰਮਕਾਂ ਦੇ ਭੂਤਕਾਰਦੰਤਕ ਨਾਲ 'ਨੇ' ਆਉਂਦਾ ਹੈ ; ਕਿਉਂਕਿ ਇਹ ਭੂਤਕਾਰਦੰਤਕ ਕਰਮਵਾਚ ਹੁੰਦੇ ਹਨ।

ਅਕਰਮਕ ਕ੍ਰਿਆ ਦੇ ਭੂਤਕਾਰਦੰਤਕ ਦਾ ਉਦੇਸ਼ (ਕਰਤਾ) ਸ਼ੁਧ ਰੂਪ ਵਾਲਾ ਹੁੰਦਾ ਹੈ ; ਜਿਵੇਂ :—ਉਹ ਵੇਲਾ ਗਿਆ।

ਸਕਰਮਕ ਭੂਤਕਾਰਦੰਤਕ ਨਾਲ ਕਰਤਾ ਦਾ ਸੰਬੰਧਕੀ ਰੂਪ ਵਰਤਿਆ ਜਾਂਦਾ ਹੈ ਅਤੇ ਇਸ ਨਾਲ 'ਨੇ' ਸੰਬੰਧਕ ਆਉਂਦਾ ਹੈ ; ਜਿਵੇਂ :—

ਮੁੰਡੇ ਨੇ ਤਮਾਸ਼ਾ ਵੇਖਿਆ।

(ਖ) ਭੂਤਕਾਰਦੰਤਕ ਕਦੇ ਵਿਸ਼ੇਸ਼-ਵਿਸ਼ੇਸ਼ਣ ਹੁੰਦਾ ਹੈ ਅਤੇ ਕਦੇ ਵਿਧੇਅ-ਵਿਸ਼ੇਸ਼ਣ।

ਵਿਸ਼ੇਸ਼-ਵਿਸ਼ੇਸ਼ਣ ; ਜਿਵੇਂ :—

ਬੀਤਿਆ ਸਮਾਂ ਮੁੜ ਹੱਥ ਨਹੀਂ ਆਉਂਦਾ।

ਭੱਜੀਆਂ ਬਾਹਾਂ ਗਲ ਨੂੰ ਆਉਂਦੀਆਂ ਹਨ।

ਕੀਤੀ ਕਰਤੂਤ ਦਾ ਫਲ ਭੁਗਤਣਾ ਪੈਂਦਾ ਹੈ।

ਵਿਧੇਅ-ਵਿਸ਼ੇਸ਼ਣ ; ਜਿਵੇਂ :—

ਦੋਵੇਂ ਦਰਵਾਜੇ ਖੁਲ੍ਹੇ ਦਿਸਦੇ ਹਨ।

ਦਮਿਅੰਤੀ ਸੁੱਤੀ ਪਈ ਬੁੜਾਉਂਦੀ ਹੈ।

ਉਹ ਦੁੱਖਾਂ-ਦਰਦਾਂ ਦੀ ਮਾਰੀ ਹਾੜੇ ਕਰ ਰਹੀ ਹੈ।

(ਗ) ਕਦੇ ਭੂਤਕਾਰਦੰਤਕ ਦੇ ਨਾਲ 'ਹੋਇਆ' ਵੀ ਜੋੜ ਦੇਂਦੇ ਹਨ ; ਜਿਵੇਂ :—

ਸੀਤੇ ਹੋਏ ਕਪੜੇ, ਪਹੁੰਚਿਆ ਹੋਇਆ ਮਹਾਤਮਾ, ਮੋਇਆ ਹੋਇਆ ਸੱਪ, ਢੱਠਾ ਹੋਇਆ ਘਰ।

(ਘ) ਕਦੇ ਕਦੇ ਭੂਤਕਾਰਦੰਤਕ ਨਾਂਵ (ਭਾਵਾਰਥ) ਵਾਂਗਰ ਵੀ ਵਰਤਿਆ ਜਾਂਦਾ ਹੈ ; ਜਿਵੇਂ :—

"ਤੇਰੇ ਕਹੇ ਦੀ ਨਹੀਂ ਪਰਵਾਹ ਕੀਤੀ,
ਜੂਆ ਖੇਡਦਾ ਰਿਹਾ ਬਜ਼ੋਰ ਪਿਆਰੀ।" —ਨਲ ਦਮਿਅੰਤੀ—ਚਾਤ੍ਰਿਕ

'ਆਇਆ ਤਿਨ ਕਾ ਸਫਲੁ ਭਇਆ।' ਮ: ੧ ਪਟੀ ਲਿਖੀ

ਹਸਾਏ ਦਾ ਨਾਂ ਨਹੀਂ, ਰਵਾਏ ਦਾ ਨਾਂ ਹੁੰਦਾ ਹੈ।

'ਪਰਾਂ ਜਾ ਜੇ ਜੀਵਿਆ ਲੋੜਨਾ ਏਂ।' —ਮੁਕਬਿਲ

ਮੂਸਾ ਦਾ ਲਿਖਿਆ ਖ਼ੁਦਾ ਹੀ ਪੜ੍ਹੇ।

Digitized by Panjab Digital Library | www.panjabdigilib.org

## ਅਨਿਸਚਿਤ ਭੂਤਕਾਲ

੫੮੧. ਇਹ ਕਾਲ ਇਨ੍ਹਾਂ ਅਰਥਾਂ ਦਾ ਬੋਧ ਕਰਾਉਂਦਾ ਹੈ :—

੧. ਇਹ ਪਰੀ ਹੋਈ ਕ੍ਰਿਆ ਦਾ ਬੋਧ ਤੇ ਕਰਾਉਂਦਾ ਹੈ, ਪਰ ਕਿਸੇ ਖਾਸ ਕਾਲ ਦਾ ਪਤਾ ਨਹੀਂ ਦੇਂਦਾ ; ਜਿਵੇਂ :—

ਉਹ ਸਮਾਂ ਬੀਤ ਗਿਆ।

੨. ਕਦੇ ਅਟਲ ਸਚਾਈ ਜਾਂ ਅਨੁਭਵ ਦਾ ਬੋਧ ਕਰਾਉਣ ਲਈ ਵਰਤਮਾਨ ਕਾਲ ਦੀ ਜਗ੍ਹਾ ਵਰਤਿਆ ਜਾਂਦਾ ਹੈ ; ਜਿਵੇਂ :—

ਚੜ੍ਹਿਆ ਸੋ ਤੇ ਲੱਥਾ ਭੋ।

੩. ਕਦੇ ਨੇੜੇ ਦੇ ਭਵਿੱਖਤ ਲਈ ਵੀ ਵਰਤੋਂ ਵਿੱਚ ਆਉਂਦਾ ਹੈ; ਜਿਵੇਂ :—

ਮਾਲਕ—ਰਾਮੂ ! ਬਜਾਰੋਂ ਦੌੜ ਕੇ ਦਹੀਂ ਲਿਆ।

ਨੌਕਰ – ਲਿਆਇਆ ਜੀ !

੪. ਕਦੀ ਸ਼ਰਤੀ ਵਾਕ ਵਿੱਚ ਵੀ ਵਰਤਿਆ ਜਾਂਦਾ ਹੈ ; ਜਿਵੇਂ :—

ਮੀਂਹ ਪੈ ਗਿਆ ਤਾਂ ਫਸਲ ਚੰਗੀ ਹੋ ਜਾਏਗੀ।

## ਵਰਤਮਾਨ ਕਾਰਦੰਤਕ

੫੮੨. ਵਰਤਮਾਨ ਕਾਰਦੰਤਕ ਕਰਤ੍ਰੀਵਾਚ ਹੁੰਦਾ ਹੈ ; ਜਿਵੇਂ :—

| | |
|---|---|
| ਉਹ ਜਾਂਦਾ ਹੈ। | ਉਹ ਦੁੱਧ ਪੀਂਦਾ ਹੈ। |
| ਉਹ ਜਾਂਦੇ ਹਨ। | ਉਹ ਚਾਹ ਪੀਂਦੇ ਹਨ। |
| ਮੈਂ ਜਾਂਦਾ ਹਾਂ। | ਮੈਂ ਪਾਣੀ ਪੀਂਦਾ ਹਾਂ। |

੫੮੩. ਵਰਤਮਾਨ ਕਾਰਦੰਤਕ ਵੀ ਕਦੇ ਵਿਸ਼ੇਸ਼-ਵਿਸ਼ੇਸ਼ਣ ਹੁੰਦਾ ਹੈ ਅਤੇ ਕਦੇ ਵਿਧੇਅ-ਵਿਸ਼ੇਸ਼ਣ।

ਵਿਸ਼ੇਸ਼-ਵਿਸ਼ੇਸ਼ਣ ; ਜਿਵੇਂ :—

ਹਰ ਰੋਜ਼ ਚੜ੍ਹਦੇ ਸੂਰਜ ਨੂੰ ਇਹ ਮੱਥਾ ਟੇਕਦੇ ਹਨ।

ਜੀਉਂਦੇ ਹਾਥੀ ਦਾ ਮੁੱਲ ਲੱਖ ਤੇ ਮੋਏ ਦਾ ਸਵਾ ਲੱਖ।

ਇਹ ਆਖਦੀ ਆਖਦੀ ਉਹ ਅੰਦਰ ਚਲੀ ਗਈ।

ਵਗਦਾ ਪਾਣੀ ਪਵਿੱਤਰ ਸਮਝਿਆ ਜਾਂਦਾ ਹੈ।

ਵਿਧੇਅ-ਵਿਸ਼ੇਸ਼ਣ ; ਜਿਵੇਂ :—

ਉਠ ਅੜਾਉਂਦੇ ਹੀ ਲੱਦੀਦੇ ਹਨ।

ਸਾਰਾ ਜਾਂਦਾ ਵੇਖੀਏ ਤਾਂ ਅੱਧਾ ਦੇਈਏ ਵੰਡ।

ਚੋਰ ਨੂੰ ਖਾਂਦੇ ਨੂੰ ਨਾ ਵੇਖੀਏ, ਕੁਟੀਂਦੇ ਨੂੰ ਵੇਖੀਏ।

Digitized by Panjab Digital Library | www.panjabdigilib.org

ਘਿਓ ਸੇਵੀਆਂ ਵਿਚੋਂ ਫਿਰਦਾ ਫਿਰਾਂਦਾ ਸਾਰੇ ਥਾਲ ਵਿਚ ਫੈਲ ਗਿਆ ।

੫੮੪. ਕਦੇ ਇਸ ਕਾਰਦੰਤਕ ਨਾਲ 'ਹੋਇਆ' ਵੀ ਜੋੜ ਦੇਂਦੇ ਹਨ; ਜਿਵੇਂ– ਤਾਰੋ ਦੌੜਦੀ ਹੋਈ ਆਉਂਦੀ ਹੈ ।

ਵਰਤਮਾਨ ਕਾਰਦੰਤਕ ਕਦੇ ਨਾਂਵ ਵਾਂਗਰ ਵਰਤਿਆ ਜਾਂਦਾ ਹੈ ; ਜਿਵੇਂ :—
ਸਾਰੀ ਧਰਤੀ ਚੜ੍ਹਦੇ ਤੋਂ ਲਹਿੰਦੇ ਤੀਕ ਆਪਣਾ ਵਤਨ ਹੈ ।

੫੮੫. ਕਦੇ ਵਰਤਮਾਨ ਕਾਰਦੰਤਕ ਹੀ ਵਰਤਮਾਨ ਕਾਲ ਦਾ ਅਰਥ ਦੇਂਦਾ ਹੈ ; ਜਿਵੇਂ :—

ਜਿਹਦੀ ਫੂਕ ਵਜ ਜਾਵੇ ਪਹਿਲਾਂ, ਜਿੱਤ ਓਸ ਦੀ ਕਹਿੰਦੇ ।
ਤੇਰੇ ਜੇਹੇ ਸੁਸਤ ਪਿਛ-ਰਹਿਣੇ ਹੂੰ ਹੂੰ ਕਰਦੇ ਰਹਿੰਦੇ ।
(ਸਾਹਿੱਤ ਵਾੜੀ, ਸਹ ੩੧੪)

ਏਸ ਮੁਤਬੱਰਕ ਕਮਰੇ ਵਿੱਚ ਫ਼ਰਸ਼ ਤੇ ਮੱਥਾ ਟੇਕੇ ਬਿਨਾਂ ਕੋਈ ਵੜ ਨਹੀਂ ਸਕਦਾ ।

੫੮੬. ਕਦੇ ਇਹ ਕਾਰਦੰਤਕ ਹੀ ਅਪੂਰਣ ਭੂਤਕਾਲ ਦੀ ਥਾਂ ਵਰਤਿਆ ਜਾਂਦਾ ਹੈ ; ਜਿਵੇਂ :—

ਸਾਰੀ ਰਾਤ ਢੂੰਡੇਂਦਾ ਫਿਰਦਾ, ਸੱਦ ਦੇ ਪਿੱਛੇ ਰਹਿੰਦਾ ।
ਦਿਹੇ ਛਾਵੇਂ ਛੁਪ ਬੈਠ ਤਕੇਂਦਾ, ਵੇਂਦਾ ਜਾਂ ਦਿਹੁੰ ਲਹਿੰਦਾ ।। —ਹਾਤਮ

੫੮੭. ਵਰਤਮਾਨ ਕਾਰਦੰਤਕ ਸ਼ਰਤੀ ਭੂਤਕਾਲ ਦਾ ਅਰਥ ਵੀ ਦੇਂਦਾ ਹੈ ; ਜਿਵੇਂ :—

ਜੇ ਕਰ ਕੋਈ ਹੋਰ ਇਹ ਗੱਲ ਕਹਿੰਦਾ, ਤਾਂ ਮੈਂ ਉਸ ਨੂੰ ਜ਼ਮੀਨ ਵਿੱਚ ਗਡਾ ਛਡਦਾ ।

(ਘ) ਸਕਰਮਕ ਕ੍ਰਿਆ ਦਾ ਵਰਤਮਾਨ ਕਾਰਦੰਤਕ ਕਰਤਰੀਵਾਚ ਹੁੰਦਾ ਹੈ, ਪਰ ਇਸ ਦਾ ਭੂਤਕਾਰਦੰਤਕ ਕਰਮਵਾਚ ਹੁੰਦਾ ਹੈ, ਅਤੇ ਏਸੇ ਕਰਕੇ ਇਹ ਕਰਮ ਦੇ ਅਨੁਸਾਰ ਹੁੰਦਾ ਹੈ (ਕਿਉਂਕਿ ਕਰਮਵਾਚ ਵਿੱਚ ਕਰਮ ਹੀ ਉਦੇਸ਼ ਹੁੰਦਾ ਹੈ) ਅਤੇ ਏਸ ਲਈ ਕਰਤਾ ਉਦੇਸ਼ ਨਹੀਂ ਰਹਿੰਦਾ, (ਤਾਂ ਹੀ ਕਰਤਾ ਦੇ ਸੰਬੰਧਕੀ ਰੂਪ ਨਾਲ 'ਨੇ' ਆਉਂਦਾ ਹੈ) । ਉਦਾਹਰਣ ;—

| | |
|---|---|
| ਸਕਰਮਕ ਕ੍ਰਿਆ ਦਾ ਵਰਤਮਾਨ ਕਾਰਦੰਤਕ ਕਰਤਰੀਵਾਚ ਹੈ । | ਸਕਰਮਕ ਕ੍ਰਿਆ ਦਾ ਭੂਤਕਾਰਦੰਤਕ ਕਰਮਵਾਚ ਹੈ । |
| ਜੇ ਉਹ ਸੱਚ ਕਹਿੰਦਾ ਤਾਂ...... । | ਜੇ ਉਸ ਸੱਚ ਕਿਹਾ ਤਾਂ......... । |
| ਸੋਹਣ ਬਾਜ਼ੀ ਹਾਰਦਾ ਹੈ । | ਸੋਹਣ ਨੇ ਦੋ ਬਾਜ਼ੀਆਂ ਹਾਰੀਆਂ । |

Digitized by Panjab Digital Library | www.panjabdigilib.org

## ਕਾਰਦੰਤਕ ਤੋਂ ਬਣੀ ਸੁਤੰਤਰ ਰਚਨਾ

੫੮੮. ਜਦ ਕਿਸੇ ਵਾਕ ਵਿੱਚ ਅਜਿਹੇ ਨਾਂਵ (ਜਾਂ ਸਰਬਨਾਂਵ) ਅਤੇ ਕਾਰਦੰਤਕ ਇਕੱਠੇ ਆਉਣ, ਜਿਨ੍ਹਾਂ ਦਾ ਆਪੋ ਵਿੱਚ ਹੀ ਮੇਲ ਹੋਵੇ, ਪਰ ਵਾਕ ਦੇ ਉਦੇਸ਼ ਨਾਲ ਸੰਬੰਧ ਨਾ ਹੋਵੇ, ਤਾਂ ਨਾਂਵ ਅਤੇ ਕਾਰਦੰਤਕ ਦੀ ਉਸ ਰਚਨਾ ਨੂੰ ਸੁਤੰਤਰ ਰਚਨਾ ਕਹਿੰਦੇ ਹਨ; ਜਿਵੇਂ—ਅਸਾਡੇ ਵੇਖਦੇ ਵੇਖਦੇ ਉਹ ਇਸਤਰੀ ਸਮੁੰਦਰ ਵਿੱਚ ਡਿਗ ਪਈ।

ਹੇਠ ਵਰਤਮਾਨ ਕਾਰਦੰਤਕ ਅਤੇ ਭੂਤ ਕਾਰਦੰਤਕ ਦੀ ਸੁਤੰਤਰ ਰਚਨਾ ਦੇ ਕੁਝ ਉਦਾਹਰਣ ਦਿਤੇ ਜਾਂਦੇ ਹਨ :—

(੧) ਵਰਤਮਾਨ ਕਾਰਦੰਤਕ ਦੀ ਸੁਤੰਤਰ ਵਰਤੋਂ :—

"ਮੇਰੇ ਹੁੰਦੇ ਦੁਖਸਹਾਰਨ, ਕੰਮ ਕਿਹੜੇ ਇਹ ਬਾਂਦੀ।"

ਨਲ-ਦਮਿਅੰਤੀ—ਚਾਤ੍ਰਿਕ।

"ਤਲੀਆਂ ਟੁਰਦਿਆਂ ਟੁਰਦਿਆਂ ਘਸਦੀਆਂ ਨੇ।"

ਗੋਪੀ ਚੰਦ—ਕਾਲੀ ਦਾਸ।

"ਤਾਰੇ ਗਿਣਦਿਆਂ ਰਾਤ ਬਤੀਤ ਹੁੰਦੀ।"

ਹੀਰ—ਮੁਕਬਿਲ।

"ਹੁੰਦੇ ਸੰਦੇ ਹੱਥ ਖੁੱਲ੍ਹਾ ਰੱਖੇ, ਪਰ ਤੰਗੀ ਵੇਲੇ ਸੰਕੁਚ ਕੇ ਟੁਰੇ।"

ਨਵਾਬ ਖਾਨ।

"ਮਾਪੇ ਮਰਦਿਆਂ ਈ ਵਖਤ ਪੰਏ ਮੈਨੂੰ।" ਹੀਰ—ਮੁਕਬਿਲ

"ਫਾਹੀ ਮਿਲਦਿਆਂ ਫੇਰ ਨਾ ਝੂਠ ਬੋਲੇ,
ਪਰਖ ਕਰੀਦੀ ਤਦੋਂ ਸਚਾਈ ਦੀ ਐ।"

ਨਾਲ ਦਮਿਅੰਤੀ—ਚਾਤ੍ਰਿਕ।

"ਕਲਜੁਗ ਨਲ ਦੇ ਵਿੱਚ ਪਰਵੇਸ਼ ਕਰਕੇ
ਭੜਥੂ ਜਾਂਦਿਆਂ ਸਾਰ ਮਚਾਉਂਦਾ ਹੈ।"

ਨਲ ਦਮਿਅੰਤੀ—ਚਾਤ੍ਰਿਕ।

(੨) ਭੂਤ ਕਾਰਦੰਤਕ ਦੀ ਵਰਤੋਂ—

ਰਾਹ ਪਇਆਂ ਜਾਣੀਏ ਜਾਂ ਵਾਹ ਪਇਆਂ ਜਾਣੀਏ।

ਇਕ ਇਕੱਲਾ ਹੁੱਸੜ ਜਾਂਦਾ,
ਦੋ ਹੋਇਆਂ ਜੀ ਲੱਗੇ। ਨਾਲ ਦਮਿਅੰਤੀ-ਚਾਤ੍ਰਿਕ।

ਝੂਠ ਬੋਲਿਆਂ ਜਾਵਸੀ ਜਾਨ ਤੇਰੀ! ਗੋਪੀਚੰਦ—ਕਾਲੀ ਦਾਸ।

ਸਿਆਲੇ ਵਿੱਚ ਕੋਸਾ ਪਾਣੀ ਪੀਤਿਆਂ ਜਾਂ ਪਿੰਡੇ ਉੱਤੇ ਪਾਇਆਂ ਸਰੀਰ ਨੂੰ ਨਿਘੱ ਮਿਲਦਾ ਹੈ।

ਪੁਰਾਣੀ ਪੰਜਾਬੀ ਵਿੱਚ ਵੀ ਅਜੇਹੀ ਵਰਤੋਂ ਮਿਲਦੀ ਹੈ; ਜਿਵੇਂ—

ਬੇਟਾ ਡੁਧ ਪਇਆ ਬਣਦੀ ਨਹੀਂ। ਪੁਰਾਤਨ ਜਨਮ ਸਾਖੀ।

Digitized by Panjab Digital Library | www.panjabdigilib.org

'ਜਿਤੁ ਪੀਤੈ', 'ਸਾਹਿ ਗਇਐ' ਆਦਿਕ ਪ੍ਰਯੋਗ ਗੁਰਬਾਣੀ ਵਿੱਚ ਵੀ ਮਿਲਦੇ ਹਨ।

"ਮੁਖ ਓਸ ਦਾ ਡਿਠਿਆਂ ਜੀਉਣੀ ਆਂ।" ਹੀਰ—ਮੁਕਬਿਲ।

"ਤੁਸਾਂ ਤੁਠਿਆਂ ਹੋਏ ਜੀ ਕੰਮ ਮੇਰਾ।" ਹੀਰ—ਮੁਕਬਿਲ।

(ਤੁ0 ਸੰਸਕ੍ਰਿਤ ਸਤਿ—ਸਪ੍ਤਮੀ)।

ਚੰਗੇ ਖਿਡਾਰੀ ਹਾਰ ਨੂੰ ਖਿੜੇ ਮੱਥੇ ਝੱਲਦੇ ਹਨ।

## ਵਿਧਿਅਰਥਕ ਕਾਰਦੰਤਕ

ਪ੮੯. ਅਕਰਮਕ ਕ੍ਰਿਆ ਦਾ ਵਿਧਿਅਰਥਕ ਕਾਰਦੰਤਕ ਭਾਵਵਾਚਕ ਹੁੰਦਾ ਹੈ ਅਤੇ ਸਕਰਮਕ ਕ੍ਰਿਆ ਦਾ ਕਰਮ-ਵਾਚ; ਜਿਵੇਂ—

ਪੰਜਾਂ ਪੀਰਾਂ ਨੇ ਦੋਹਾਂ ਨੂੰ ਮੱਤ ਦਿੱਤੀ,
ਅੱਠੇ ਪਹਿਰ ਹੀ ਸਾਹਿਬ ਨੂੰ ਯਾਦ ਕਰਨਾ।
ਦੁਨੀਆ ਕੁੱਲ ਜਹਾਨ ਮਕਾਨ ਫਾਨੀ,
ਲੱਖ ਵਰ੍ਹੇ ਜੇ ਜੀਵਣਾ, ਅੰਤ ਮਰਨਾ।
ਸਰਸਾਹੀਓਂ ਸੇਰ ਸਦਾਉਣਾ ਨਾ,
ਕੰਮ ਸਿਫਲਿਆਂ ਦਾ ਨਾਹੀਂ ਮੂਲ ਕਰਨਾ।
ਮੁਕਬਿਲ ਇਸ਼ਕ ਦੀ ਨੈਂ ਦੀ ਠਾਠ ਚੜ੍ਹਕੇ,
ਤੁਸਾਂ ਸ਼ੌਕ ਦਾ ਵਡਾ ਦਰਿਆ ਤਰਨਾ॥

ਏਥੇ ਜੀਵਣਾ ਅਤੇ ਮਰਨਾ ਭਾਵਵਾਚ ਹਨ ਅਤੇ ਕਰਨਾ, ਸਦਾਉਣਾ ਅਤੇ ਤਰਨਾ ਕਰਮ-ਵਾਚ।

## ਪੂਰਬ ਪੂਰਣ ਕਾਰਦੰਤਕ

ਪ੯੦. ਸੰਸਕ੍ਰਿਤ ਵਿੱਚ ਪੂਰਬ ਪੂਰਣ ਕਾਰਦੰਤਕ (क्त्वान्त ਅਤੇ ल्यबन्त) ਅਤੇ ਮੁੱਖ ਕ੍ਰਿਆ – ਇਨ੍ਹਾਂ ਦੋਹਾਂ ਦਾ ਕਰਤਾ ਇਕੋ ਹੋਣਾ ਚਾਹੀਦਾ ਹੈ। ਪੰਜਾਬੀ ਵਿੱਚ ਵੀ ਦੋਹਾਂ ਦਾ ਕਰਤਾ ਆਮ ਕਰਕੇ ਇੱਕੋ ਹੁੰਦਾ ਹੈ; ਜਿਵੇਂ—

ਜਾ ਕੇ ਦੇਖ (= ਜਾ ਅਤੇ ਦੇਖ)।

ਸੱਭੇ 'ਬਿਸਮਿੱਲਾ' ਕਹਿ ਕੇ ਖਾਣ ਲਗੀਆਂ। ਸੁੰਦਰੀ।

ਸ਼ਾਮ ਸਿੰਘ ਨੇ ਕੁਝ ਚਿਰ ਸੋਚਕੇ ਪੰਜ ਸਤ ਮਹੱਲੇਦਾਰਾਂ ਥੋਂ ਪੁਛਿਆ। ਸੁੰਦਰੀ।

ਅਸੀਂ ਦੋਹਾਂ ਧਿਰਾਂ ਨੂੰ ਲੜਾ ਲੜਾ ਕੇ ਤਮਾਸ਼ਾ ਵੇਖਾਂਗੇ। ਮਹਾਰਾਜਾ ਰਣਜੀਤ ਸਿੰਘ—ਕ੍ਰਿਪਾ ਸਾਗਰ।

ਕਦੇ ਕਦਾਈਂ ਵਖਰਾ ਕਰਤਾ ਵੀ ਦਿਸਦਾ ਹੈ; ਜਿਵੇਂ—

ਇਹ ਗਲ ਸੁਣ ਕੇ ਉਸਦਾ ਕਲੇਜਾ ਕੰਬ ਗਿਆ।

'ਕਰਕੇ' ਪੂਰਬ ਪੂਰਨ ਕਾਰਦੰਤਕ 'ਕਾਰਨ' ਦਾ ਅਰਥ ਵੀ ਦੇਂਦਾ ਹੈ; ਜਿਵੇਂ— ਮੈਂ ਅੱਜ ਬਾਹਰ ਜਾ ਰਿਹਾ ਹਾਂ, ਇਸ ਕਰਕੇ ਤੁਸਾਡੀ ਸਭਾ ਵਿੱਚ ਨਹੀਂ ਆ ਸੱਕਾਂਗਾ।

Digitized by Panjab Digital Library | www.panjabdigilib.org

'ਹੋਕੇ' ਕਦੇ 'ਹੁੰਦਾ ਹੋਇਆ' ਦਾ ਅਰਥ ਦੇਂਦਾ ਹੈ; ਜਿਵੇਂ— ਵੀਰ ਹੋ ਕੇ ਤੀਵੀਂ ਉਪਰ ਵਾਰ ਕਰ ਰਿਹਾ ਹੈਂ ?

## ਭਾਵਾਰਥ

੫੯੧. ਭਾਵਾਰਥ ਨਾਂਵ ਹੈ ਅਤੇ ਨਾਂਵ ਵਾਂਗਰ ਹੀ ਇਸ ਦੇ ਰੂਪ ਵੀ ਬਦਲਦੇ ਹਨ। ਨਾਂਵ ਵਾਂਗਰ ਹੀ ਉਦੇਸ਼ ਜਾਂ ਕਰਮ ਵੀ ਹੋ ਸਕਦਾ ਹੈ ਅਤੇ ਸੰਬੰਧਕ ਨਾਲ ਇਸ ਦਾ ਵੀ ਸੰਬੰਧਕੀ ਰੂਪ ਹੀ ਵਰਤਿਆ ਜਾਂਦਾ ਹੈ। ਸਾਧਾਰਣ ਨਾਂਵ ਅਤੇ ਭਾਵਾਰਥ ਵਿੱਚ ਇਹ ਫਰਕ ਹੈ ਕਿ ਕ੍ਰਿਆ ਹੋਣ ਕਰਕੇ ਭਾਵਾਰਥ ਦਾ ਕਰਮ ਵੀ ਹੋ ਸਕਦਾ ਹੈ।ਉਦਾਹਰਣ—

ਉਦੇਸ਼—'ਕਿਹਾ ਮਾਪਿਆਂ ਪੁੱਤਰਾਂ **ਲੜਨ** ਹੁੰਦਾ ?' —ਹੀਰ ਵਾਰਿਸ

'**ਖਾਣਾ-ਪੀਣਾ, ਸੌਣਾ ਬਹਿਣਾ,**
ਛੱਡ ਦਿੱਤਾ ਸੁਖ ਜੱਗ ਦਾ।' —ਹਾਤਮ

ਕਰਮ—ਸੋਹਣ **ਲਿਖਣਾ-ਪੜ੍ਹਣਾ** ਜਾਣਦਾ ਹੈ।

ਸੰਬੰਧਕੀ ਰੂਪ—

"ਮੁਹਤਾਜ ਹੈ **ਖਾਉਣੇ ਪੀਉਣੇ** ਦਾ,
ਪੱਲੇ ਮੁਕਬਿਲੇ ਦੇ ਨਹੀਂ ਧਨ, ਹੀਰੇ !"

"ਨਹੀਂ ਮਾਰਨੋਂ ਕੁਟਣੋਂ ਹੀਰ ਡਰਦੀ।" —ਹੀਰ ਮੁਕਬਿਲ

ਘਰ **ਖਾਣ** ਨੂੰ ਨਹੀਂ, ਮਾਂ **ਪੀਹਣ** ਗਈ।

'ਇਹ ਰਜ ਕੇ **ਖਾਣ** ਦੀਆਂ ਮਸਤੀਆਂ ਨੀਂ।' —ਹੀਰ ਵਾਰਿਸ

'ਹੈਡਾ ਘਲਿਆ ਸਾਕ **ਕਰਾਉਣੇ** ਨੂੰ।' —ਹੀਰ ਵਾਰਿਸ

'ਰੌਲ ਉਸ ਦਾ **ਹੱਥ ਦੇਖਣ** ਲੱਗਾ।' ਇਸ ਵਾਕ ਵਿਚ 'ਦੇਖਣ' ਦਾ ਕਰਮ 'ਹੱਥ' ਵੀ ਆਇਆ ਹੈ।

ਉੱਪਰ ਵਰਤੇ ਗਿਆਂ ਸੰਬੰਧਕੀ ਰੂਪਾਂ ਵਿੱਚ 'ਖਾਣ ਨੂੰ' ਅਤੇ 'ਕਰਾਉਣੇ ਨੂੰ' ਸੰਬੰਧਕ-ਸਹਿਤ ਹਨ ; ਪਰ 'ਪੀਹਣ' (=ਪੀਹਣ ਨੂੰ ਜਾਂ ਪੀਹਣ ਲਈ) ਸੰਬੰਧਕ-ਰਹਿਤ ਹੈ।

੫੯੨. 'ਹ' ਅਤੇ 'ਸ' ਧਾਤੂਆਂ ਦੇ ਕਾਲਾਂ ਨਾਲ ਕਈ ਵਾਰ 'ਗਾ' ਦੇ ਰੂਪ ਵੀ ਲਗਾਏ ਜਾਂਦੇ ਹਨ ; ਜਿਵੇਂ :—

'ਰਾਣੀ ਦੇ ਦੋ ਪੁੱਤ ਤੇ ਇੱਕ ਧੀ **ਸੀ ਗੇ**।' —ਸਾਹਿਤ-ਵਾੜੀ, ਸ੦੧੯੧

"ਏਹ ਸਭ **ਹਨ ਗੇ** ਸੰਤ ਸੱਚੇ ਸਿੰਘ ਏ,
ਗ੍ਰਸਤੀ **ਹਨ ਗੇ** ਏਹ ਕਰਦੇ ਕਾਰ ਹੈਂ। —ਰਾਣਾ ਸੂਰਤ ਸਿੰਘ

## ਸੰਭਾਵ ਭਵਿਖਤ

੫੯੩. ਪੰਜਾਬੀ ਵਿੱਚ ਸੰਭਾਵ ਭਵਿਖਤ ਸੁਤੰਤਰ ਅਤੇ ਅਧੀਨ—ਦੋਹਾਂ ਤਰ੍ਹਾਂ ਦੇ ਵਾਕਾਂ ਵਿੱਚ ਵਰਤਿਆ ਜਾਂਦਾ ਹੈ ; ਜਿਵੇਂ :—

ਸੁਤੰਤਰ ਵਾਕ—ਮੁਲਕ ਮਾਹੀ ਦਾ **ਵੱਸੇ**,
**ਕੋਈ ਰੋਵੇ ਤੇ ਕੋਈ ਹੱਸੇ**।

Digitized by Panjab Digital Library | www.panjabdigilib.org

ਅਧੀਨ ਵਾਕ—ਕੋਈ ਅਜਿਹਾ ਉਪਾ ਕਰੋ ਕਿ ਉਹ ਭੈੜੇ ਚਾਲੇ ਛੱਡ ਦੇਵੇ।

ਪ੯੪. ਇਹ ਸੰਸਕ੍ਰਿਤ ਦੇ ਵਰਤਮਾਨ (ਲਟ੍ ਲਕਾਰ) ਦਾ ਹੀ ਵਟਿਆ ਹੋਇਆ ਰੂਪ ਹੈ ਅਤੇ ਕਦੇ ਵਰਤਮਾਨ ਦਾ ਤੇ ਕਦੇ ਭਵਿੱਖਤ ਦਾ ਅਰਥ ਦੇਂਦਾ ਹੈ; ਜਿਵੇਂ :—

ਵਰਤਮਾਨ—ਰਾਮ ਸਵਾਰੇ ਸਭ ਦੇ ਕਾਮ।

"ਪੱਥਰ ਖਾਣ ਤੇ ਫਲ ਖਵਾਣ ਲੋਕਾਂ,
ਏਵੇਂ ਕਰਨ ਜੋ ਭਲੇ ਮਨੁੱਖ ਮੀਆਂ।" —ਹਦਾਇਤੁੱਲਾ

"ਜੰਮਣ ਮਾਂਵਾਂ ਵਿਰਲੀਆਂ ਇਹੋ ਜਿਹੇ ਜਵਾਨ।
ਪਾਲਣ ਜਿਹੜੇ ਅਣਖ ਨੂੰ, ਕੁਲ ਨੂੰ ਦਾਗ ਨ ਲਾਣ।"
—ਲਖਸ਼ਮੀ ਦੇਵੀ

ਰੱਬ ਦੀਆਂ ਰੱਬ ਜਾਣੇ।

ਭਵਿੱਖਤ—

ਤੂੰ ਖਲੋ ਜਾ, ਮੈਂ ਭੱਜ ਕੇ ਵੇਖ ਆਵਾਂ।

ਇੱਛਾ, ਅਸੀਸ ਜਾਂ ਸਰਾਪ ਦੇਣ ਲਈ ਵੀ ਵਰਤਿਆ ਜਾਂਦਾ ਹੈ; ਜਿਵੇਂ :-

ਸਾਈਂ ਤੇਰਾ ਭਲਾ ਕਰੇ।

'ਪਰਮੇਸਰ ਭਾਗ ਲਾਏ।
ਕੌੜੀ ਵੇਲ ਹਾਰ ਵਧੇਂ-ਫੁੱਲੇਂ।' —ਨਵਾਬ ਖਾਨ

ਬੱਚੇ ਮਰਨ ਨੇ ਤੇ ਮੂਲੀ ਪੁਟਿਆ ਟੋਆ ਹੋਵੇ ਨੇ। —ਨਵਾਬ ਖਾਨ

ਸੰਭਾਵਨਾ ਦਾ ਬੋਧ ਕਰਾਂਦਾ ਹੈ; ਜਿਵੇਂ—

ਕੋਈ ਦੱਸ ਦੇਵੇ; ਤੇਰੇ ਨਾਲ ਉਹ ਖੂਹ ਵਿੱਚ ਵੀ ਛਾਲ ਮਾਰ ਦਏ।

ਆਗਿਆ, ਖੁਲ੍ਹ ਜਾਂ ਛੁੱਟੀ ਦਾ ਬੋਧ ਕਰਾਂਦਾ ਹੈ; ਜਿਵੇਂ— ਮੈਂ ਆ ਜਾਵਾਂ? ਅੱਜ ਅਸੀਂ ਛੁੱਟੀ ਕਰ ਲਈਏ?

ਹੈਰਾਨੀ ਦਾ ਬੋਧ ਕਰਾਉਂਦ ਹੈ; ਜਿਵੇਂ— ਮੈਂ ਤੇ ਝੂਠ ਬੋਲਾਂ!

ਜਿਹੜਾ ਸ਼ਰਤੀ ਅਧੀਨ ਵਾਕ ਕਿਸੇ ਗੱਲ ਦੇ ਸੰਭਵ ਹੋਣ ਦਾ ਬੋਧ ਕਰਾਏ, ਉਸ ਵਿੱਚ ਸੰਭਾਵ ਭਵਿੱਖਤ ਵਰਤਿਆ ਜਾਂਦਾ ਹੈ; ਜਿਵੇਂ—

ਜੇ ਕਰ ਤੁਸੀਂ ਇਕ ਵਾਰੀ ਉਸ ਪੁਸਤਕ ਦੇ ਕੁਝ ਸਫੇ ਪੜ੍ਹ ਲਓ, ਫੇਰ ਉਸ ਨੂੰ ਮੁਕਾਕੇ ਹੀ ਦਮ ਲਓਗੇ।

ਜੇ ਕੋਈ ਲੋਕ ਵਰ ਲੱਭੇ, ਤਾਂ ਵਿਆਹ ਛੇਤੀ ਹੀ ਕਰ ਦਈਏ।

"ਐਧਰ ਦਾ ਉੱਧਰੋਂ ਦਿਨ ਚੜ੍ਹੇ, ਪਿਆਂ ਚੜ੍ਹੇ,
ਐਪਰ ਨਾ ਫਿਰੇਗਾ ਜੋ ਮੇਰਾ ਇਕਰਾਰ ਹੈ।"
ਨਲ ਦਮਿਅੰਤੀ—ਚਾਤ੍ਰਿਕ।

Digitized by Panjab Digital Library | www.panjabdigilib.org

੫੯੫. ਅਖਾਣਾਂ ਵਿੱਚ ਆਮ ਸੰਭਾਵ ਭਵਿੱਖਤ ਵਰਤਿਆ ਜਾਂਦਾ ਹੈ; ਜਿਵੇਂ—

ਬੰਦਾ ਜੋੜੇ ਪਲੀ ਪਲੀ ਤੇ ਰਾਮ ਰੁੜ੍ਹਾਵੇ ਕੁੱਪਾ ।

ਜੋ ਕਰੇ, ਸੋ ਭਰੇ ।

ਕਲ੍ਹਾ ਕਲੰਦਰ ਵੱਸੇ, ਘੜਿਓਂ ਪਾਣੀ ਨੱਸੇ ।

ਕਰਮਹੀਨ ਖੇਤੀ ਕਰੇ, ਸੋਕਾ ਪਏ ਜਾਂ ਢੱਗਾ ਮਰੇ ।

## ਹੁਕਮੀ ਭਵਿਖੱਤ

੫੯੬. ਹੁਕਮੀ ਭਵਿਖੱਤ ਇਨ੍ਹਾਂ ਅਰਥਾਂ ਦਾ ਬੋਧ ਕਰਾਉਂਦਾ ਹੈ—

੧. ਹੁਕਮ— "ਪੀਰਾਂ ਆਖਿਆ ਰਾਂਝੇ ਨੂੰ, ਗਾਉ ਖਾਂ ਜੀ ।"

ਹੀਰ—ਮੁਕਬਿਲ

੨. ਮਿੰਨਤਾਂ-ਤਰਲੇ—

"ਗਲ ਪੱਲਾ, ਮੂੰਹ ਘਾਹ ਅਸਾਡੇ ।
ਅੱਗੇ ਕਦਮ ਉਠਾਓ ਨਾ ।
ਰੋ ਰੋ ਫਾਵੀ ਹੋ ਗਈ ਖਲਕਤ,
ਬਹੁਤਾ ਹੋਰ ਰਵਾਓ ਨਾ ।"

ਨਲ-ਦਮਿਅੰਤੀ—ਚਾਤ੍ਰਿਕ ।

੩. ਬੇਨਤੀ—

"ਮੈਂ ਗੁਨਾਹੀ ਤਬਾਹੀ ਦੇ ਫੜੇ ਲੱਛਣ,
ਤੂੰ ਮੁਆਫ਼ ਅਪਣੀ ਰਹਿਮਤ ਨਾਲ ਕਰਦੇ ।"

ਨਲ ਦਮਿਅੰਤੀ—ਚਾਤ੍ਰਿਕ

੪. ਅਸੀਸ— "ਰਾਂਝਾ ਆਖਦਾ ਭਾਬੀਓ ! ਖ਼ੁਸ਼ੀ ਵੱਸੋ ।"

ਹੀਰ—ਮੁਕਬਿਲ

"ਮੁੱਲਾਂ ਆਖਿਆ 'ਗਭਰੂਆ ! ਜੀਉਂਦਾ ਰਹੁ' ।"

ਹੀਰ—ਮੁਕਬਿਲ

੫. ਉਪਦੇਸ਼—

"ਭਰਤੀ ਹੋ ਜਾ ਫ਼ੌਜ ਵਿੱਚ ਜਾਂ ਕੁਝ ਕਰ ਰੁਜ਼ਗਾਰ ।
ਨਿਘਰ ਨਹਿੰ ਤਾਂ ਸ਼ਹਿਰ ਨੂੰ, ਲੋੜ੍ਹੇ ਦੀ ਹੈ ਕਾਰ ।।"

ਗ਼ਰੀਬ ਕਿਰਸਾਣ—ਚਾਤ੍ਰਿਕ

"ਖੁਰਾਕ ਸਾਦੀ ਤੇ ਲੋੜ ਅਨੁਸਾਰ ਖਾਓ । ਸਵਾਦਾਂ ਮਗਰ ਲੱਗ ਕੇ ਢਿੱਡ ਨੂੰ ਤੂੜੋ ਨਾ ।" ਜੋਧ ਸਿੰਘ

## ਵਰਤਮਾਨ ਕਾਲ

੫੯੭. ਵਰਤਮਾਨ ਕਾਲ ਇਨ੍ਹਾਂ ਅਰਥਾਂ ਵਿੱਚ ਆਉਂਦਾ ਹੈ :—

੧. ਹੋ ਰਹੀ ਕ੍ਰਿਆ ਦਾ ਬੋਧ ਕਰਾਉਣ ਲਈ; ਜਿਵੇਂ—

ਤੂੰ ਕੀ ਕਰਦਾ ਹੈਂ ? ਤੂੰ ਡਰਦਾ ਕਿਉਂ ਹੈਂ ?

Digitized by Panjab Digital Library | www.panjabdigilib.org

੨. ਹਰ ਰੋਜ਼ ਨੇਮ ਨਾਲ ਕੀਤੇ ਜਾਣ ਵਾਲੇ ਕਰਮ ਨੂੰ ਦੱਸਣ ਲਈ; ਜਿਵੇਂ—

ਉਹ ਹਰ ਰੋਜ ਸਵੇਰੇ ਉਠ ਕੇ ਇਸ਼ਨਾਨ ਕਰਦਾ ਹੈ, ਫਿਰ ਸੰਧਿਆ ਕਰਕੇ ਪਾਠ ਕਰਦਾ ਹੈ ।

੩. ਸੁਭਾ ਜਾਂ ਵਾਦੀ ਦੱਸਣ ਲਈ; ਜਿਵੇਂ—

ਇਹ ਮੁੰਡੇ ਜਿੱਥੇ ਜਾਂਦੇ ਹਨ, ਓਥੇ ਹੀ ਉਪੱਦਰ ਮਚਾਂਦੇ ਹਨ ।

੪. ਸਚਾਈ ਜਾਂ ਨੀਤੀ ਦੇ ਬਚਨਾਂ ਲਈ; ਜਿਵੇਂ—

ਕ੍ਰੋਧ ਸਰੀਰ ਨੂੰ ਸਾੜਦਾ ਹੈ ।

ਚੰਗਿਆਂ ਨਾਲ ਮੰਦੇ ਵੀ ਤਰ ਜਾਂਦੇ ਹਨ ।

ਆਪਣੀ ਗਲੀ ਵਿੱਚ ਕੁੱਤਾ ਵੀ ਸ਼ੇਰ ਹੁੰਦਾ ਹੈ ।

੫. ਸ਼ਰਤੀ ਵਾਕਾਂ ਵਿੱਚ ਵੀ ਇਸ ਦੀ ਵਰਤੋਂ ਹੁੰਦੀ ਹੈ; ਜਿਵੇਂ—

ਜਦ ਕੁੱਤੇ ਦੀ ਮੌਤ ਆਉਂਦੀ ਹੈ, ਤਦ ਮਸੀਤੇ ਜਾ ਕੇ ਮੂਤਦਾ ਹੈ ।

੫੯੮. ਇਤਿਹਾਸਿਕ ਵਰਤਮਾਨ ਦਾ ਬੋਧ ਕਰਾਉਣ ਲਈ ਵੀ ਵਰਤਮਾਨ ਕਾਲ ਵਰਤੋਂ ਵਿੱਚ ਆਉਂਦਾ ਹੈ; ਜਿਵੇਂ—

'ਕੀ ਦੇਖਦਾ ਹੈ ਕਿ ਇਕ ਲਕੜਾਂ ਦਾ ਢੇਰ ਹੈ, ਜਿਸਦੇ ਇਕ ਪਾਸੇ ਅੱਗ ਜਾਪਦੀ ਹੈ ਅਤੇ ਉੱਤੋਂ ਜਪੁਜੀ ਸਾਹਿਬ-ਦੀਆਂ ਪੌੜੀਆਂ ਦੇ ਪਾਠ ਦੀ ਅਵਾਜ਼ ਆਉਂਦੀ ਹੈ ।' —ਸੁੰਦਰੀ

੫੯੯. ਨੇੜੇ ਦੇ ਭਵਿੱਖਤ ਦਾ ਬੋਧ ਕਰਾਉਣ ਲਈ ਵੀ ਵਰਤਮਾਨ ਕਾਲ ਵਰਤਿਆ ਜਾਂਦਾ ਹੈ; ਜਿਵੇਂ —

ਹੱਛਾ, ਤਾਂ ਮੈਂ ਜਾ ਕੇ ਬੁਲਾਉਨੀ (=ਬੁਲਾਉਂਦੀ) ਆਂ । ਤੂੰ ਜ਼ਰੀ ਦੀ ਜ਼ਰੀ ਏਥੇ ਬਹਿ ।

ਹੌਣੀ ਆਖਿਆ,— 'ਮੈਂ ਇਸ ਤੋਂ ਪਲ ਵਿੱਚ ਭਿੱਖ ਮੰਗਾਂਦੀ ਹਾਂ ।'

੬੦੦. ਕਈ ਵਾਰ ਸਹਾਇਕ ਕ੍ਰਿਆ ਤੋਂ ਬਗੈਰ ਵੀ ਵਰਤਮਾਨ ਕਾਰਦੰਤਕ ਹੀ ਵਰਤਿਆ ਜਾਂਦਾ ਹੈ; ਜਿਵੇਂ—

'ਬਾਝੋਂ ਸੱਜਣ ਮੈਨੂੰ ਹੋਰ ਨਹੀਂ ਸੁੱਝਦਾ ।'

—ਸਾਹਿੱਤ-ਵਾੜੀ, ਸਫ਼ ੨੩੩

'ਅਸਾਡੀ ਸਿਰਜਨ-ਸ਼ਕਤੀ ਨੂੰ ਮਾਰ ਵੱਗੀ, ਕਿੱਥੇ ਚਲੀ ਗਈ ? ਅਸੀਂ ਫੁੱਲਾਂ ਦੇ ਦੇਸੀ ਨਾਂ ਵੀ ਨਹੀਂ ਤਜਵੀਜ਼ ਸਕਦੇ ।' ਸਾਹਿੱਤ-ਵਾੜੀ, ਸਫ਼ ੧੫੯

ਇਨ੍ਹਾਂ ਤਿਲਾਂ ਵਿੱਚ ਤੇਲ ਹੁਣ ਜਾਪਦਾ ਨਹੀਂ । —ਚਾਤ੍ਰਿਕ

"ਕਹਿੰਦਾ (= ਕਹਿੰਦਾ ਹੈ) ਭਲਾਂ ਨੂੰ 'ਆਖਿਆ ਮੰਨਿਓ ਜੇ' ।"

ਨਲ-ਦਮਿਅੰਤੀ—ਚਾਤ੍ਰਿਕ

Digitized by Panjab Digital Library | www.panjabdigilib.org

# ਸਾਧਰਣ ਭਵਿੱਖਤ

੬੦੧. ਸਾਧਾਰਣ ਭਵਿੱਖਤ ਇਨ੍ਹਾਂ ਅਰਥਾਂ ਦਾ ਬੋਧ ਕਰਾਉਂਦਾ ਹੈ ;—

੧. ਹੋਣ ਵਾਲੀ ਕ੍ਰਿਆ ਜਾਂ ਅਵਸਥਾ ਦੀ ਪਕਿਆਈ ਕਰਨ ਲਈ, ਜਾਂ ਨਿਸਚਾ ਕਰਾਉਣ ਲਈ; ਜਿਵੇਂ—

ਜਿੱਥੇ ਰਹੋਗੇ, ਰਹਾਂਗੀ ਨਾਲ ਹਰ ਦਮ ।
ਖਿੱਚ ਲਏਗਾ ਆਂਦਰਾਂ ਸਫਰ-ਪੈਂਡਾ,
ਕੀਕਰ ਤੁਰੇਂਗੀ ਪੇਟ ਤੋਂ ਖਾਲੜੀ ਨੀ ?

ਨਲ-ਦਮਿਅੰਤੀ—ਚਾਤ੍ਰਿਕ

੨. ਪ੍ਰਸ਼ਨ-ਵਾਚਕ ਵਾਕਾਂ ਵਿੱਚ ਮਿੰਨਤ-ਤਰਲੇ ਦਾ ਬੋਧ ਕਰਾਉਣ ਲਈ; ਜਿਵੇਂ—

ਕਿਉਂ ਜੀ, ਮੈਨੂੰ ਸੌ ਰੁਪਈਏ ਉਧਾਰ ਦਿਓਗੇ ?

੩. ਸ਼ਰਤ ਦਾ ਬੋਧ ਕਰਾਉਣ ਵਾਲਿਆਂ ਉਪਵਾਕਾਂ ਵਿੱਚ; ਜਿਵੇਂ—

'ਜੇ ਉਹ ਚੋਰੀ ਕਰੇਗਾ, ਤਾਂ ਕੈਦ ਹੋ ਜਾਏਗਾ ।

੪. ਸੰਭਾਵਨਾ ਦੱਸਣ ਲਈ; ਜਿਵੇਂ—

ਕਦੇ ਤਾਂ ਅਸਾਡੇ ਵੀ ਭਲੇ ਦਿਨ ਆਉਣਗੇ।

੫. ਸ਼ਕ ਆਦਿ ਦਾ ਭਾਵ ਪਰਗਟ ਕਰਨ ਲਈ 'ਹੋ' ਦਾ ਸਾਧਾਰਣ ਭਵਿੱਖਤ ਅਕਸਰ ਵਰਤੋਂ ਵਿੱਚ ਆਉਂਦਾ ਹੈ; ਜਿਵੇਂ—

ਇਹ ਬੱਚਾ ਬਮਾਰ ਹੈ ? ਹੋਏਗਾ, ਕੀ ਪਤਾ ਹੈ ?

ਲਹਿੰਦੀ ਦੇ ਸਾਧਾਰਣ ਭਵਿੱਖਤ ਦੇ ਨਾਲ ਕਈ ਵਾਰ 'ਗਾ' ਵੀ ਲਗਾਇਆ ਜਾਂਦਾ ਹੈ, ਜਿਵੇਂ—

"ਅੱਗੇ ਜਾ ਜਵਾਬ ਕੀ ਦੇਵਸੇਂਗੀ,
ਜਦੋਂ ਪੁਛੇਗਾ ਆਪ ਅੱਲਾਹ ਤੈਨੂੰ ।" —ਹੀਰ ਮੁਕਬਿਲ

੬੦੨. ਸ਼ਰਤੀ ਭਵਿੱਖਤ ਦੇ ਅਰਥ ਵਿੱਚ ਵੀ ਵਰਤਮਾਨ ਵਰਤਿਆ ਜਾਂਦਾ ਹੈ; ਜਿਵੇਂ—

ਜੇ ਉਸ ਨੂੰ ਭੇਜਦਾ ਹਾਂ, ਤਾਂ ਕੰਮ ਵਿਗੜਦਾ ਹੈ।

## ਅੱਵੈ

### ਤੇ ਜਾਂ ਤਾਂ

੬੦੩. 'ਤੇ' ਜਾਂ 'ਤਾਂ' ਨਿਸ਼ਚੇ, ਜ਼ੋਰ ਜਾਂ ਦਬਾ ਦਾ ਬੋਧ ਕਰਾਉਂਦਾ ਹੈ ; ਜਿਵੇਂ :—

ਦਸਿਆ ਤੇ ਹੈ ਪਈ ਸਾਰਾ ਗਹਿਣਾ-ਕਪੜਾ, ਸਭੋ ਕੁਝ ਦਾਨ ਦੇ ਦਿਤਾ ਹੈ ।

ਫੱਜ ਤਾਂ ਬੋਲੇ, ਛਾਣਨੀ ਕੀ ਬੋਲੇ ?

Digitized by Panjab Digital Library | www.panjabdigilib.org

## ਸੰਬੰਧਕ

੬੦੪. ਸੰਬੰਧਕ ਨਾਲ ਸਦਾ ਸੰਬੰਧਕੀ ਰੂਪ ਆਉਂਦਾ ਹੈ ; ਜਿਵੇਂ :—

ਮੁੰਡੇ ਨੂੰ ਘੋੜੇ ਉੱਪਰ ਚੜ੍ਹਾ।

੬੦੫. ਸੰਬੰਧਕ ਆਮ ਨਾਂਵ, ਸਰਬਨਾਂਵ ਆਦਿ ਦੇ ਸੰਬੰਧਕੀ ਰੂਪ ਦੇ ਪਿੱਛੇ ਆਉਂਦੇ ਹਨ, ਪਰ ਭਾਵੇਂ ਉਹ ਪਹਿਲਾਂ ਆਉਣ, ਭਾਵੇਂ ਪਿੱਛੋਂ, ਜਿੱਥੋਂ ਤੀਕ ਹੋ ਸਕੇ, ਸੰਬੰਧਕੀ ਦੇ ਕੋਲ ਰਹਿਣੇ ਚਾਹੀਦੇ ਹਨ। ਉਦਾਹਰਣ—

ਪੈਸਾ ਖੋਟਾ ਆਪਣਾ, ਬਾਣੀਏ ਨੂੰ ਕੀ ਦੋਸ਼ ?

"ਨਾਲ ਹੌਸਲੇ ਬੋਲਿਆ ਨਲ ਰਾਜਾ,
ਤੁਸੀਂ ਕਾਸ ਨੂੰ ਕਰੋ ਵਰਲਾਪ ਭਾਈ।"

'ਉੱਗੇ ਸੂਲ ਤਾਂ ਪੱਟੇ ਜੜ੍ਹੋਂ ਉਸ ਨੂੰ।'

"ਜਿਹੜੇ ਅਦਬ ਨਾ ਰਖਦੇ ਵਡਿਆਂ ਦਾ,
ਨਿਜ ਜੰਮਦੇ ਉਹ ਸੰਸਾਰ ਉੱਤੇ।" —ਨਲ-ਦਮਿਅੰਤੀ

੬੦੬. ਸੰਬੰਧਕੀ ਰੂਪ ਕਈ ਵਾਰੀ ਇਕੱਲਾ (ਬਿਨਾ ਸੰਬੰਧਕ ਦੇ) ਵੀ ਵਰਤਿਆ ਜਾਂਦਾ ਹੈ ; ਜਿਵੇਂ—

"ਇਕ ਗੋਦੜੀ (ਵਿੱਚ) ਦਸ ਫਕੀਰ ਸੋਵਣ,
ਨਾਲ ਖੁਸ਼ੀ ਦੇ ਰਾਤ ਲੰਘਾਂਵਦੇ ਹਨ।"

ਹੋਰ ਉਦਾਹਰਣਾਂ ਲਈ ਵੇਖੋ §੧੭੮।

੬੦੭. ਹੇਠ ਕੁਝ ਪ੍ਰਚਲਿਤ ਸੰਬੰਧਕਾਂ ਦੇ ਅਰਥ ਦੱਸੇ ਜਾਂਦੇ ਹਨ ਅਤੇ ਨਾਲ ਹੀ ਉਨ੍ਹਾਂ ਦੀ ਵਰਤੋਂ ਵੀ ਦੱਸੀ ਜਾਂਦੀ ਹੈ :—

### ਨੂੰ

(੧) ਅਪਰਧਾਨ ਕਰਮ ਨਾਲ ਲਗਾਇਆ ਜਾਂਦਾ ਹੈ ;ਜਿਵੇਂ :—

ਉਹ ਮੱਝ ਨੂੰ ਸੋਟੇ ਮਾਰਦਾ ਹੈ। ਮੈਨੂੰ ਰਸੀਦ ਲਿਖ ਦੇ। ਉਸ ਨੂੰ ਇਹ ਗੱਲ ਆਖ।

(੨) 'ਲਈ' ਜਾਂ 'ਵਾਸਤੇ' ਦਾ ਅਰਥ ਦੇਂਦਾ ਹੈ ; ਜਿਵੇਂ :—

"ਬਾਹਮਨ ਸੱਦਿਆ ਨੇ ਸਾਇਤ ਪੁੱਛਣੇ ਨੂੰ।" —ਹੀਰ ਮੁਕਬਿਲ

(੩) ਸਮਾਂ ਦੱਸਣ ਲਈ ; ਜਿਵੇਂ :—

"ਅਠਵਾਰੇ ਨੂੰ ਢੁੱਕਣਾ ਖੇੜਿਆਂ ਨੇ।" —ਹੀਰ ਮੁਕਬਿਲ

(੪) 'ਜਾ' ਜਾਂ ਇਸ ਦੀ ਸਮਾਨਾਰਥਕ ਕ੍ਰਿਆ ਦੇ ਨਾਲ ; ਜਿਵੇਂ :—

ਆਓ, ਕੰਮਪਨੀ ਬਾਗ ਨੂੰ ਚਲੀਏ।

(੫) ਮੁੱਲ ਦਸਣ ਲਈ ; ਜਿਵੇਂ :—

ਸੱਠਾਂ ਰੁਪਿਆਂ ਨੂੰ ਬਕਰੀ ਲਈ ਹੈ।

### ਨੇ

ਕਰਮਵਾਚ ਅਤੇ ਭਾਵਵਾਚ ਵਿੱਚ ਕਰਤਾ ਦੇ ਨਾਲ 'ਨੇ' ਵਰਤਿਆ ਜਾਂਦਾ ਹੈ ; ਜਿਵੇਂ :—

Digitized by Panjab Digital Library | www.panjabdigilib.org

ਨਵਾਬ ਖਾਨ ਨੇ ਸ਼ਰਤਾਂ ਮੰਨ ਲਈਆਂ ।
ਸੁੰਦਰ ਦਾਸ ਨੇ ਦਸ ਰੁਪਈਏ ਦਿਤੇ ।
ਕੌਰਵਾਂ ਪਾਂਡਵਾਂ ਨੂੰ ਦੁਬਧਾ ਨੇ ਉਜਾੜਿਆ ।

ਪਹਿਲਿਆਂ ਦੋ ਵਾਕਾਂ ਦੀਆਂ ਕ੍ਰਿਆਵਾਂ ਕਰਮ-ਵਾਚ ਹਨ, ਪਰ ਤੀਜੇ ਦੀ ਭਾਵਵਾਚ ਹੈ ।

## ਨਾਲ

| ਅਰਥ | | ਵਰਤੋਂ |
|---|---|---|
| [੧] | ਸਾਧਨ | ਪਾਣੀ ਨਾਲ ਅੱਗ ਬੁਝਾ । |
| | | ਚਾਕੂ ਨਾਲ ਪਿੰਸਲ ਘੜ ਲਓ । |
| [੨] | ਸਾਥ | ਉਹ ਮੱਖਣ ਨਾਲ ਰੋਟੀ ਖਾ ਰਿਹਾ ਹੈ । |
| [੩] | ਕਾਰਨ | ਮੈਂ ਭੁਖ ਨਾਲ ਮਰ ਰਿਹਾ ਹਾਂ । |
| [੪] | ਲੋੜ | ਇਸ ਨਾਲ ਕੀ ਕੰਮ ? |
| | | ਤੇਰਾ ਦਵਾ ਨਾਲ ਮਤਲਬ ਹੈ । |
| [੫] | ਕ੍ਰਿਆ ਦਾ ਢੰਗ | ਉਸ ਨੇ ਪਿਆਰ ਨਾਲ ਆਖਿਆ । |

ਭਾਵਵਾਚਕ ਨਾਂਵ ਨਾਲ ਮਿਲ ਕੇ ਇਹ ਕ੍ਰਿਆ-ਵਿਸ਼ੇਸ਼ਣ ਦਾ ਅਰਥ ਪਰਗਟ ਕਰਦਾ ਹੈ ।; ਜਿਵੇਂ :—

ਛੇਤੀ ਨਾਲ, ਜ਼ੋਰ ਨਾਲ, ਸਬਬ ਨਾਲ, ਪ੍ਰੇਮ ਨਾਲ ।

## ਤੋਂ ਜਾਂ ਅਪਾਦਾਨ ਦਾ ਰੂਪ

| ਅਰਥ | ਵਰਤੋਂ |
|---|---|
| [੧] ਆਰੰਭ ਜਾਂ ਜੁਦਾਈ | ਉਹ ਹੁਣ ਗਡੀਓਂ ਲੱਥਾ ਹੈ । |
| | ਮੈਂ ਸਟੇਸ਼ਨ ਤੋਂ ਆਇਆ ਹਾਂ । |
| | ਮੁੰਡਾ ਘੋੜੇ ਤੋਂ ਡਿਗ ਪਿਆ । |
| | ਕਲ ਤੋਂ ਮੀਂਹ ਵਰ੍ਹ ਰਿਹਾ ਹੈ । |
| [੨] ਕਾਰਨ | ਜਾਨ ਤਲਖੀ ਤੋਂ (=ਤਲਖੀਓਂ) ਪਈ ਘਬਰਾਉਂਦੀ ਹੈ । |
| | ਕਿਸ ਗੱਲ ਤੋਂ (=ਗੱਲੋਂ) ਉਹ ਰੁੱਸ ਗਿਆ ਹੈ ? |
| [੩] ਕਰਣ | ਮੂੰਹੋਂ ਤੇ ਬੋਲ । |
| [੪] ਕਰਤਾ | ਹਾਥੀ ਸ਼ੇਰ ਤੋਂ ਮਾਰਿਆ ਗਿਆ । |
| [੫] ਟਾਕਰਾ, ਤੁਲਨਾ | ਮੌਤੋਂ ਭੁਖ ਬੁਰੀ । |
| | ਰਾਮ ਸ਼ਾਮ ਤੋਂ (ਜਾਂ ਨਾਲੋਂ) ਤਗੜਾ ਹੈ । |
| [੬] ਦੋਸ਼, ਕੋੜ | ਅੱਖਾਂ ਤੋਂ ਅੰਨ੍ਹਾ, ਕੰਨਾਂ ਤੋਂ ਬੋਲਾ । |

Digitized by Panjab Digital Library | www.panjabdigilib.org

| | |
|---|---|
| [੭] ਭੇਦ, ਫਰਕ | ਇਹ ਉਸ ਤੋਂ ਵਖਰੀ ਹੈ |
| [੮] ਡਰ, ਨਿਕਲ, ਮੁੜ, ਬਾਜ਼ ਆ, ਲੁਕ, ਛੁਪ, ਬਚ, ਮੋੜ, ਰੋਕ, ਡਕ, ਹੋੜ, ਹਟਕ, ਨਿੱਖੜ, ਵਿੱਛੜ, ਹਟਾ, ਬਚਾ, ਕਢ, ਕਢਾ, ਲੁਕਾ, ਛੁਪਾ, ਲੱਥ, ਉੱਤਰ, ਮੁੱਕਰ ਤੋਂ ਪਹਿਲਾਂ। | ਪਰਮੇਸ਼ਰ ਤੋਂ ਡਰੀਏ। ਏਥੋਂ ਨਿਕਲ ਜਾ। ਸਰਾਰਤ ਤੋਂ ਬਾਜ ਆ। ਭੀਮਸੈਨ ਜੀ ਰਥੋਂ (ਰਥ ਤੋਂ) ਉਤਰੇ। |
| [੯] ਨੇੜੇ, ਦੂਰ, ਪਰੇ, ਬਾਹਰ, ਅੱਗੇ, ਪਹਿਲਾਂ, ਪਿੱਛੇ, ਬਾਝ, ਬਿਨਾ, ਬਗੈਰ, ਓਹਲੇ, ਅਗਾਂ, ਪਿਛਾਂ ਤੋਂ ਪਹਿਲਾਂ। | ਅਖੀਆਂ ਤੋਂ ਨੇੜੇ। ਰੇਲੋਂ ਦੂਰ। ਘਰ ਤੋਂ ਪਰੇ। ਮੈਥੋਂ ਪਹਿਲਾਂ। ਉਸ ਤੋਂ ਪਿੱਛੇ। ਅੱਖਾਂ ਤੋਂ ਓਹਲੇ। |
| [੧੦] ਵਿਹਲਾ ਤੋਂ ਪਹਿਲਾਂ | ਕੰਮ ਤੋਂ ਵਿਹਲਾ। |
| (੧੧) ਮੁੱਲ ਜਾਂ ਦੇ ਬਦਲੇ | ਵੱਛਾ ਪੰਜਾਹ ਰੁਪਇਆਂ ਤੋਂ ਮਿਲਿਆ ਹੈ। |

### ਦਾ, ਦੀ (ਦੇ, ਦੀਆਂ)

"ਦਾ ਵਿਕਾਰੀ ਸੰਬੰਧਕ ਹੈ। ਇਹ ਨਾਂਵ ਜਾਂ ਸਰਬਨਾਂਵ ਨੂੰ ਕਿਸੇ ਹੋਰ ਨਾਂਵ ਨਾਲ ਮਿਲਾਂਦਾਂ ਹੈ; ਜਿਵੇਂ—

ਉਸ ਦਾ ਕੰਮ; ਉਨ੍ਹਾਂ ਦੇ ਕੰਮ;
ਸੋਹਨ ਦੀ ਧੀ; ਸੋਹਨ ਦੀਆਂ ਧੀਆਂ।

ਇਹ ਸੰਬੰਧਕ ਇਨ੍ਹਾਂ ਸੰਬੰਧਾਂ ਜਾਂ ਅਰਥਾਂ ਦਾ ਬੋਧ ਕਰਾਉਂਦਾ ਹੈ—

(੧) ਸਾਈਂ ਜਾਂ ਮਾਲਕ ਹੋਣ ਦਾ—ਉਸ ਦੀ ਪੋਥੀ, ਸ਼ਾਮ ਸਿੰਘ ਦਾ ਘਰ, ਰਾਮ ਸਿੰਘ ਦੀਆਂ ਬਕਰੀਆਂ, ਰਾਮ ਦਾਸ ਦੇ ਡੰਗਰ।

(੨) ਕਰਤਾ ਅਤੇ ਕਿਰਤ ਦੇ ਸੰਬੰਧ ਦਾ—ਭਾਈ ਗੁਰਦਾਸ ਦੀਆਂ ਵਾਰਾਂ; ਵਾਰਿਸ ਦੀ ਹੀਰ, ਮੁਕਬਿਲ ਦਾ ਜੰਗਨਾਮਾ।

(੩) ਕਰਮ-ਸੰਬੰਧ ਦਾ— ਧਨ ਦੀ ਚੋਰੀ।

(੪) ਕਾਰਨ— ਲਕੜੀ ਦੀ ਅਲਮਾਰੀ, ਸੋਨੇ ਦੇ ਗਹਿਣੇ, ਕੈਂਹ ਦਾ ਥਾਲ, ਮਿੱਟੀ ਦਾ ਘਰ, ਉੱਨ ਦੇ ਕਪੜੇ, ਵਾਜੇ ਦੀ ਆਵਾਜ਼।

(੫) ਉਮਰ ਜਾਂ ਸਮਾਂ ਦੱਸਣ ਲਈ; ਜਿਵੇਂ—ਮੇਰੀ ਉਮਰ ਵੀਹਾਂ ਵਰ੍ਹਿਆਂ ਦੀ ਹੈ, ਪੰਜਾਂ ਵਰ੍ਹਿਆਂ ਦਾ ਮੁੰਡਾ, ਦਸਾਂ ਦਿਨਾਂ ਦੀ ਗੱਲ।

(੬) ਰਿਸ਼ਤੇ-ਨਾਤੇ ਦਾ—ਸ਼ੇਰ ਸਿੰਘ ਦਾ ਪੁੱਤ, ਮਿਹਰ ਸਿੰਘ ਦੀ ਪੋਤੀ, ਮੋਹਨ ਦਾ ਗੁਰੂ, ਸੋਹਨ ਦਾ ਚੇਲਾ।

(੭) ਬਰਾਬਰੀ— ਸੇਰ ਦੀਆਂ ਸੋਲਾਂ ਛਟਾਂਕਾਂ ਹੁੰਦੀਆਂ ਹਨ।

Digitized by Panjab Digital Library | www.panjabdigilib.org

(੮) ਮੁਲ— ਦੋ ਰੁਪਈਆਂ ਦੇ ਆਲੂ, ਦਸਾਂ ਪੈਸਿਆਂ ਦਾ ਲੂਣ. ਤਿੰਨ ਹਜਾਰ ਦਾ ਮੋਟਰ ਸਾਈਕਲ।

(੯) ਗੁਣ—ਅਚਰਜ ਦੀ ਗੱਲ।

(੧੦) ਵਰਤੋਂ— ਪੀਣ ਦਾ ਪਾਣੀ' ਖਾਣ ਦੀ ਚੀਜ਼।

(੧੧) ਦੇਸ ਜਾਂ ਕਾਲ— ਵਟਾਲੇ ਦਾ ਵਸਨੀਕ, ਦੇਸ ਦੇਸ ਦੇ ਪੰਛੀ, ਇਕ ਮਿੰਟ ਦਾ ਕੰਮ, ਚੌਂ ਦਿਨਾਂ ਦੀ ਚਾਨਣੀ।

(੧੨) ਉਪਮਾ ਜਾਂ ਰੂਪਕ ਲਈ—ਦਿਲ ਦਾ ਕੌਲ-ਫੁੱਲ ਖਿੜ ਗਿਆ।

(੧੩) ਇਹ ਨਾਲ ਅਗੇ ਆਦਿ ਸੰਬੰਧਕਾਂ ਤੋਂ ਪਹਿਲਾਂ ਵਰਤਿਆ ਜਾਂਦਾ ਹੈ। (ਦੇ० §੪੦੦)

## ਵਿੱਚ (' ਚ)

| ਅਰਥ | ਵਰਤੋਂ |
|---|---|
| ਥਾਂ-ਟਿਕਾਣਾ, | 'ਇਨ੍ਹਾਂ ਤਿਲਾਂ ਵਿੱਚ ਤੇਲ ਹੁਣ ਜਾਪਦਾ ਨਹੀਂ।' |
| ਅਧਾਰ | ਇਸ ਪੁਸਤਕ ਵਿੱਚ ਬਹੁਤ ਚੰਗੇ ਲੇਖ ਹਨ। |
| ਸਮਾਂ | ਜੇਠ ਅਤੇ ਹਾੜ ਵਿੱਚ ਬਹੁਤ ਗਰਮੀ ਪੈਂਦੀ ਹੈ। |
| | 'ਚੇਤਰ ਵਿੱਚ ਲੇਖਾ ਗਿਣਕੇ ਅਜੇ ਵਿਆਜ ਲਾਕੇ ਦਿੱਤਾ ਸੀ। —ਨਵਾਬ ਖਾਨ |
| ਟਾਕਰਾ | ਦੋਹਾਂ ਵਿੱਚ ਬਹੁਤ ਫਰਕ ਹੈ। |
| ਹਾਲਤ | ਤਾਪ ਵਿੱਚ ਵੀ ਉਹ ਪੜ੍ਹਦਾ ਰਿਹਾ। |
| ਵਿਸ਼ਾ | ਭਲਾ ਕਰਨ ਵਿੱਚ ਬਹੁਤ ਅਨੰਦ ਆਉਂਦਾ ਹੈ। |

## ਵਿੱਚੋਂ (' ਚੋਂ)

| | |
|---|---|
| ਤੁਲਨਾ ਜਾਂ ਟਾਕਰਾ | ਇਨ੍ਹਾਂ ਮੁੰਡਿਆਂ ਵਿੱਚੋਂ ਸਭ ਤੋਂ ਵੱਡਾ ਕਿਹੜਾ ਹੈ ? |

## ਤੇ

| | |
|---|---|
| ਕਾਰਣ | ਉਹ ਪੈਸੇ ਤੇ ਜਾਨ ਦੇਂਦਾ ਹੈ। |
| ਥਾਂ-ਟਿਕਾਣਾ | ਖੂਹ ਤੇ, ਤਲਾ ਤੇ। |
| | 'ਆਕੜ ਭੰਨ ਕੇ ਮੰਜੀ ਤੇ ਲੱਤਾਂ ਸਿੱਧੀਆਂ ਕੀਤੀਆਂ।'—ਸਾਹਿਤ ਵਾੜੀ |
| | ਸੜਕ ਤੇ ਇਕ ਵੱਡਾ ਮੰਦਿਰ ਹੈ। |

Digitized by Panjab Digital Library | www.panjabdigilib.org

| | |
|---|---|
| ਵਿਸ਼ਾ | ਰਾਜਨੀਤੀ ਤੇ ਕਈ ਪੁਸਤਕਾਂ ਛਪ ਚੁਕੀਆਂ ਹਨ । |
| ਪਿੱਛੇ | ਉਸ ਦੇ ਮਰਨ ਤੇ ( = ਪਿੱਛੇ ) ਪਤਾ ਲੱਗੇਗਾ । |
| ਦੂਰੀ | ਪੰਜਵੇਂ ਕੋਹ ਤੇ ਨਹਿਰ ਹੈ । |

## ਯੋਜਕ

੬੦੮. ਸਮੁੱਚੀ ਯੋਜਕ 'ਅਤੇ' ਪਦਾਂ ਜਾਂ ਸੁਤੰਤਰ ਵਾਕਾਂ ਨੂੰ ਮਿਲਾਂਦਾ ਹੈ। ਇਹ ਕਦੇ ਵਰਤਿਆ ਜਾਂਦਾ ਹੈ ਅਤੇ ਕਦੇ ਇਸ ਤੋਂ ਬਿਨਾਂ ਵੀ ਕੰਮ ਚਲਾਇਆ ਜਾਂਦਾ ਹੈ; ਜਿਵੇਂ—

ਰਾਮ ਅਤੇ ਲਛਮਣ ਆ ਰਹੇ ਹਨ ।

ਪੁੱਤਰ, ਭਤੀਜੇ, ਬਾਲ, ਕੁੜੀਆਂ— ਸੱਭੇ ਹੱਸਦੇ ਤੇ ਨੱਚਦੇ ਸਨ ।

ਪੜ੍ਹਨਾ ਹੋਰ ਚੀਜ਼ ਹੈ ਅਤੇ ਗੁੜ੍ਹਨਾ ਹੋਰ ਚੀਜ਼ ਹੈ ।

ਮੈਂ ਹਾਰ ਗਇਆ, ਗਲਾ ਸੁੱਕ ਗਇਆ, ਅਵਾਜ਼ ਨਿਕਲਨੀ ਬੰਦ ਹੋ ਗਈ ।

੬੦੯. (ਕ) 'ਅਤੇ' ਆਮ ਕਰਕੇ ਇੱਕੋ ਜੇਹੇ ਸ਼ਬਦ-ਭੇਦਾਂ, ਨਾਂਵਾਂ ਦੇ ਸਮਾਨ ਕਾਰਕਾਂ ਅਤੇ ਕ੍ਰਿਆਵਾਂ ਦੇ ਸਮਾਨ ਅਰਥਾਂ ਅਤੇ ਕਾਲਾਂ ਨੂੰ ਮਿਲਾਂਦਾ ਹੈ; ਜਿਵੇਂ—

ਉਹ ਸੱਚੀਆਂ ਅਤੇ ਚੰਗੀਆਂ ਗੱਲਾਂ ਦੱਸਦਾ ਹੈ ।

ਪਰਬਤਾਂ ਦੀਆਂ ਟੀਸੀਆਂ ਅਤੇ ਹਵਵੀਆਂ ਦੂਣਾਂ ਵਿੱਚ ।

ਮੁੰਡੇ ਗਾਉਂਦੇ ਅਤੇ ਨੱਚਦੇ ਹਨ ।

ਭਲੇ ਆਦਮੀ ਵਿਦਿਆ-ਵਿਹੂਣ ਹੁੰਦੇ ਹੋਏ ਵੀ ਸੋਭਾ ਪਾਉਂਦੇ ਹਨ ਅਤੇ ਉਨ੍ਹਾਂ ਦਾ ਨੇੜ ਹਰ ਇਕ ਲਈ ਸੁਆਦਲਾ ਹੁੰਦਾ ਹੈ ।

ਨਦੀ ਹੌਲੀ-ਹੌਲੀ ਅਤੇ ਚੁੱਪ-ਚਾਪ ਵਗ ਰਹੀ ਸੀ ।

(ਖ) ਕਦੇ ਭਿੰਨ-ਭਿੰਨ ਕਾਲਾਂ ਅਤੇ ਅਰਥਾਂ ਦੀਆਂ ਕ੍ਰਿਆਵਾਂ ਵੀ 'ਅਤੇ' ਨਾਲ ਜੋੜੀਆਂ ਜਾਂਦੀਆ ਹਨ; ਜਿਵੇਂ—

ਸੰਸਾਰ ਦੀ ਆਵਾ-ਜਾਈ ਏਵੇਂ ਰਹੀ ਹੈ, ਏਵੇਂ ਹੀ ਹੈ ਅਤੇ ਏਵੇਂ ਹੀ ਰਹੇਗੀ ।

(ਗ) ਵਾਕ-ਅੰਸ਼ਾਂ ਨੂੰ ਜੋੜਦਾ ਹੈ; ਜਿਵੇਂ—

ਆਕਾਸ਼ ਦੇ ਹੇਠ ਅਤੇ ਜ਼ਮੀਨ ਦੇ ਉੱਪਰ ।

(ਘ) ਸਮਾਨ ਉਪਵਾਕਾਂ ਨੂੰ ਮਿਲਾਂਦਾ ਹੈ; ਜਿਵੇਂ :—

ਫੁਹਾਰ ਪ ਰਹੀ ਸੀ ਅਤੇ ਠੰਢੀ ਹਵਾ ਚਲ ਰਹੀ ਸੀ ।

੬੧੦. ਕਈ ਵਾਰੀ ਅਧੀਨ ਉਪਵਾਕ ਸ਼ਰਤ-ਬੋਧਕ 'ਜੇ' ਤੋਂ ਵਿਨਾਂ ਹੀ ਹੁੰਦਾ ਹੈ; ਜਿਵੇਂ—

Digitized by Panjab Digital Library | www.panjabdigilib.org

ਉਖਲੀ ਵਿੱਚ ਸਿਰ ਦਿੱਤਾ, ਤਾਂ ਮੋਹਲਿਆਂ ਦਾ ਕੀ ਡਰ ? ਏਥੇ ਪਹਿਲੇ ਉਪਵਾਕ ਦਾ ਆਰੰਭ 'ਜੇ' ਨਾਲ ਨਹੀਂ ਕੀਤਾ ਗਿਆ।

੬੧੦. (ਕ) ਕਦੇ ਸੰਬੰਧ-ਵਾਚਕ ਸਰਬਨਾਂਵ ਜਾਂ ਕ੍ਰਿਆ-ਵਿਸ਼ੇਸ਼ਣ ਤੋਂ ਪਹਿਲਾਂ 'ਕਿ' ਵਿਅਰਥ ਹੀ ਵਰਤਿਆ ਜਾਂਦਾ ਹੈ; ਜਿਵੇਂ :—

"ਜਿਸ ਤਰ੍ਹਾਂ ਕਿ ਸਵੇਰ ਸੰਧਿਆ ਲਈ ਹੈ, ਉਸੇ ਤਰ੍ਹਾਂ ਸ਼ਾਮ ਅਨੰਦ ਲੁੱਟਣ ਲਈ ਹੈ।"— ਕਮਲਾ ਅਕਾਲੀ।

## ਵਿਸਮਿਕ

੬੧੧. 'ਧ੍ਰਿਗ' ਦੇ ਨਾਲ ਆਉਣ ਵਾਲੇ ਨਾਂਵ ਜਾਂ ਸਰਬਨਾਂਵ ਦੇ ਪਿੱਛੇ 'ਨੂੰ' ਸੰਬੰਧਕ ਵਰਤਿਆ ਜਾਂਦਾ ਹੈ; ਜਿਵੇਂ—ਧ੍ਰਿਗ ਹੈ ਉਸ ਨੂੰ ਅਤੇ ਧ੍ਰਿਗ ਹੈ ਉਸ ਦੇ ਉਸਤਾਦ ਨੂੰ।

੬੧੨. 'ਨੀ' ਇਸਤ੍ਰੀਲਿੰਗ ਨਾਲ ਵਰਤੋਂ ਵਿੱਚ ਆਉਂਦਾ ਹੈ; ਜਿਵੇਂ—

"ਸੁਨ ਢੋਲ-ਆਵਾਜ਼ ਸਹੇਲੀਆਂ ਨੇ
ਕਿਹਾ ਹੀਰ ਨੂੰ ਜਾ, ਵਧਾਈਏਂ ਨੀ !" ਹੀਰ—ਮੁਕਬਿਲ

## ਅਧਿਆਹਾਰ

੬੧੩. ਕਦੇ ਕਦੇ ਵਾਕ ਨੂੰ ਛੋਟਾ ਕਰਨ ਲਈ ਕੁਝ ਅਜੇਹੇ ਪਦ ਛੱਡ ਦਿੱਤੇ ਜਾਂਦੇ ਹਨ, ਜੋ ਵਾਕ ਦੇ ਅਰਥ ਤੋਂ ਸਹਿਜੇ ਹੀ ਸਮਝੇ ਜਾ ਸਕਦੇ ਹਨ। ਅਜੇਹੇ ਪਦ ਜਾਂ ਪਦਾਂ ਦੇ ਖਾ ਜਾਣ ਨੂੰ ਅਧਿਆਹਾਰ ਆਖਦੇ ਹਨ। ਉਦਾਹਰਣ :—

"ਬਲਵੰਤ ਸਿੰਘ ਨੇ ਇੱਕ (ਗੱਲ) ਨਾ ਸੁਣੀ।" —ਸਤਵੰਤ ਕੌਰ

ਉਹਦੀਆਂ ਪੰਜੇ (ਉਂਗਲਾਂ) ਘਿਓ ਵਿੱਚ ਹਨ। ਤੁਹਾਨੂੰ ਢਾਈਆਂ ਘੜੀਆਂ ਦੀ (ਮੌਤ) ਆਵੇ। 'ਜਿਸ ਦਿਨ ਮਰੀਏ, (ਸਭ) ਹੋਣ ਬੇਗਾਨੇ।'

—ਗੋਪੀਚੰਦ, ਕਾਲੀਦਾਸ

"ਇਕ ਰਾਜੇ ਦੇ (ਘਰ) ਕੋਈ ਪੁਤ੍ਰ ਨਹੀਂ ਸੀ।"

—ਚੋਣਵੀਂ ਪੰਜਾਬੀ ਵਾਰਤਕ, ਸ੦ ੧੧੫।

## ਵਾਕ-ਵੰਡ

੬੧੪. ਵਾਕ ਰਾਹੀਂ ਅਸੀਂ ਆਪਣਾ ਪੂਰਾ ਵਿਚਾਰ ਪ੍ਰਗਟ ਕਰਦੇ ਹਾਂ। ਜਿਸ ਦੀ ਬਾਬਤ ਕੁਝ ਕਿਹਾ ਜਾਂਦਾ ਹੈ, ਉਸ ਨੂੰ ਉਦੇਸ਼ ਆਖਦੇ ਹਨ; ਕਾਰਨ, ਉਸ ਨੂੰ ਸਾਮ੍ਹਣੇ ਰਖਕੇ ਗੱਲ ਕੀਤੀ ਜਾਂਦੀ ਹੈ। ਜੋ ਕੁਝ ਕਿਹਾ ਜਾਂਦਾ ਹੈ, ਉਸ ਨੂੰ ਵਿਧੇਅ ਕਹਿੰਦੇ ਹਨ। ਇਸ ਤਰ੍ਹਾਂ ਹਰ ਇਕ ਵਾਕ ਨੂੰ ਦੋ ਭਾਗਾਂ—ਉਦੇਸ਼ ਅਤੇ ਵਿਧੇਅ— ਵਿੱਚ ਵੰਡਿਆ ਜਾ ਸਕਦਾ ਹੈ, ਭਾਵੇਂ ਉਹ ਵਾਕ ਸਾਦਾ ਤੋਂ ਸਾਦਾ ਹੋਵੇ ਅਤੇ ਭਾਵੇਂ ਬਹੁਤਿਆਂ ਵਾਕਾਂ ਦਾ ਬਣਿਆ ਹੋਵੇ।

੬੧੫. ਵਾਕ ਦੇ ਉਦੇਸ਼, ਵਿਧੇਅ ਅਤੇ ਉਨ੍ਹਾਂ ਦਾ ਵਿਸਤਾਰ ਆਦਿ ਦਸਣਾ ਹੀ ਵਾਕ-ਵੰਡ ਕਰਨਾ ਹੈ।

Digitized by Panjab Digital Library | www.panjabdigilib.org

੬੧੬. ਵਾਕ-ਵੰਡ ਲਿਖਣ ਦੇ ਦੋ ਤਰੀਕੇ ਹਨ :—

(੧) ਸਾਦਾ ਅਤੇ (੨) ਨਕਸ਼ੇ ਵਾਲਾ ਜਿਸ ਵਿੱਚ ਵਾਕ ਦੇ ਹਰ ਇਕ ਅੰਗ ਲਈ ਵੱਖਰੋ ਵਖਰਾ ਖਾਨਾ ਬਣਾਇਆ ਜਾਂਦਾ ਹੈ।

੬੧੭. ਵਾਕ ਤਿੰਨ ਤਰ੍ਹਾਂ ਦੇ ਹਨ :—

(੧) **ਸਾਧਾਰਣ ਵਾਕ** (Simple Sentence),

(੨) **ਮਿਸਰਿਤ ਵਾਕ** (Complex Sentence),

ਅਤੇ (੩) **ਸੰਯੁਕਤ ਵਾਕ** (Compound Sentence)।

੬੧੮. ਜਿਸ ਵਾਕ ਦਾ ਇੱਕੋ **ਉਦੇਸ਼** ਅਤੇ ਇਕ ਹੀ **ਵਿਧੇਅ** ਹੋਵੇ, ਉਸ ਨੂੰ ਸਾਧਾਰਣ ਵਾਕ ਆਖਦੇ ਹਨ ; ਜਿਵੇਂ :—

'ਰਿੱਛ ਨੱਚਦਾ ਹੈ' ਸਾਧਾਰਣ ਵਾਕ ਹੈ, ਕਿਉਂਕਿ ਇਸ ਦਾ 'ਰਿੱਛ' ਹੀ ਇਕੱਲਾ ਉਦੇਸ਼ ਹੈ ਅਤੇ ਇੱਕੋ ਵਿਧੇਅ ਹੈ—'ਨੱਚਦਾ ਹੈ।'

੬੧੯. ਸਾਧਾਰਣ ਵਾਕ ਦੇ ਦੋ ਮੁਖ ਅੰਗ ਹੁੰਦੇ ਹਨ—ਉਦੇਸ਼ ਅਤੇ ਵਿਧੇਅ। 'ਘੋੜਾ ਦੌੜਦਾ ਹੈ' ਇਹ ਸਾਦਾ ਤੋਂ ਸਾਦਾ ਸਾਧਾਰਣ ਵਾਕ ਹੈ। ਇਸ ਦੇ ਦੋ ਅੰਗ ਹਨ—'ਘੋੜਾ' ਉਦੇਸ਼ ਅਤੇ 'ਦੌੜਦਾ ਹੈ' ਵਿਧੇਅ। ਇਸੇ ਵਾਕ ਦਾ ਵਿਸਤਾਰ ਕਰਕੇ ਨਵਾਂ ਵਾਕ ਬਣ ਜਾਂਦਾ ਹੈ—'ਅਸਾਡਾ ਘੋੜਾ ਤੇਜ਼ ਦੌੜਦਾ ਹੈ'। ਇਸ ਦੇ ਚਾਰ ਅੰਗ ਹੋ ਸਕਦੇ ਹਨ :—

ਘੋੜਾ.....................ਉਦੇਸ਼

ਅਸਾਡਾ...............ਉਦੇਸ਼ ਦਾ ਵਿਸਤਾਰ

ਦੌੜਦਾ ਹੈ..................ਵਿਧੇਅ

ਤੇਜ਼........................ਵਿਧੇਅ ਦਾ ਵਿਸਤਾਰ

੬੨੦. ਮਿਸ਼ਰਿਤ ਵਾਕ ਜਾਂ ਸੰਯੁਕਤ ਵਾਕ ਦੀ ਵੰਡ ਕਰਨੀ ਹੋਏ, ਤਾਂ ਪਹਿਲਾਂ ਉਸ ਦੇ ਪਰਧਾਨ ਅਤੇ ਅਧੀਨ ਉਪ-ਵਾਕ ਦੱਸਣੇ ਚਾਹੀਦੇ ਹਨ, ਫੇਰ ਉਨ੍ਹਾਂ ਦਾ ਇਕ ਦੂਜੇ ਨਾਲ ਸੰਬੰਧ ਦੱਸਕੇ ਹਰ ਇਕ ਵਾਕ ਜਾਂ ਉਪਵਾਕ ਦੀ ਵੰਡ ਸਾਧਾਰਣ ਵਾਕ ਵਾਂਗਰ ਕਰਨੀ ਚਾਹੀਦੀ ਹੈ।

## ਉਦੇਸ਼

੬੨੧. ਉਦੇਸ਼ ਨਾਂਵ ਹੁੰਦਾ ਹੈ ਜਾਂ ਅਜਿਹਾ ਪਦ ਜਿਹੜਾ ਨਾਂਵ ਦੀ ਥਾਂ ਵਰਤਿਆ ਜਾਏ :—

(੧) ਨਾਂਵ—ਲੋਭ ਪਾਪ ਦਾ ਮੂਲ ਹੈ।

(੨) ਸਰਬਨਾਂਵ—ਮੈਂ ਉੱਕਾ ਬੇਸਮਝ ਹਾਂ।

(੩) ਵਿਸ਼ੇਸ਼ਣ—ਗ਼ਰੀਬ ਨਰਕ ਹੀ ਭੋਗਦੇ ਹਨ।

ਚੰਗਿਆਂ ਨਾਲ ਮੰਦੇ ਵੀ ਤਰ ਜਾਂਦੇ ਨੇ।

(੪) ਭਾਵਾਰਥ—ਚੋਣਾ ਦੇਹ ਵਧਾਉਣਾ ਹੈ।

(੫) ਕਾਰਦੰਤਕ—ਕਿਸੇ ਦਾ ਕੀਤਾ ਕਦੇ ਨਾ ਭੁਲਾਈਏ।

Digitized by Panjab Digital Library | www.panjabdigilib.org

(੬) ਵਾਕ-ਅੰਸ਼—ਸੱਚ ਬੋਲਣਾ ਧਰਮ ਹੈ।

ਇਨ੍ਹਾਂ ਵਾਕਾਂ ਵਿੱਚ ਲੋਭ, ਮੈਂ, ਗ਼ਰੀਬ, ਦੇਣਾ, ਕੀਤਾ, ਅਤੇ ਸੱਚ ਬੋਲਣਾ ਉਦੇਸ਼ ਹਨ।

ਉਦੇਸ਼ ਸਦਾ ਪਹਿਲੀ ਵਿਭਕਤੀ ਦਾ ਰੂਪ ਹੁੰਦਾ ਹੈ; ਜਿਵੇਂ :—

੧. ਉਸ ਨੇ ਕੰਮ ਕੀਤਾ।

੨. ਉਸ ਤੋਂ ਕੰਮ ਕੀਤਾ ਗਿਆ।

੬੨੨. ਕਰਤ੍ਰੀ ਵਾਚ ਦਾ ਉਦੇਸ਼ ਕਰਤਾ ਹੁੰਦਾ ਹੈ। ਕਰਮਣੀ ਵਾਚ ਦਾ ਉਦੇਸ਼ ਕਰਮ ਹੁੰਦਾ ਹੈ ਅਤੇ ਭਾਵਵਾਚ ਦਾ ਉਦੇਸ਼ ਹੁੰਦਾ ਹੀ ਨਹੀਂ। ਹੇਠ ਤਿੰਨਾਂ ਹੀ ਵਾਚਾਂ ਦੇ ਵਾਕਾਂ ਦੀ ਵੰਡ ਕਰਕੇ ਦੱਸੀ ਜਾਂਦੀ ਹੈ :—

[੧] ਰਾਮ ਦੌੜਦਾ ਹੈ।

| ਉਦੇਸ਼ | ਵਿਧੇਅ |
|---|---|
| ਰਾਮ | ਦੌੜਦਾ ਹੈ |

[੨] ਰਾਮ ਨੇ ਚਿੱਠੀ ਲਿਖੀ।

| ਉਦੇਸ਼ | ਵਿਧੇਅ | ਕਰਤਾ |
|---|---|---|
| ਚਿੱਠੀ | ਲਿਖੀ | ਰਾਮ ਨੇ |

[੩] ਮੈਥੋਂ ਹਿਲਿਆ ਨਹੀਂ ਜਾਂਦਾ।

| ਉਦੇਸ਼ | ਵਿਧੇਅ | ਕਰਤਾ |
|---|---|---|
| × | ਹਿਲਿਆ ਨਹੀਂ ਜਾਂਦਾ | ਮੈਥੋਂ |

## ਉਦੇਸ਼ ਦਾ ਵਿਸਤਾਰ

੬੨੩. ਜਿਵੇਂ ਉਦੇਸ਼ ਨਾਂਵ ਹੁੰਦਾ ਹੈ ਜਾਂ ਉਸ ਦੀ ਜਗ੍ਹਾ ਵਰਤਿਆ ਜਾਣ ਵਾਲਾ ਕੋਈ ਪਦ, ਤਿਵੇਂ ਹੀ ਉਦੇਸ਼ ਦਾ ਵਿਸਤਾਰ ਵਿਸ਼ੇਸ਼ਣ ਹੁੰਦਾ ਹੈ ਜਾਂ ਅਜਿਹਾ ਪਦ ਜਿਹੜਾ ਵਿਸ਼ੇਸ਼ਣ ਵਾਂਗਰ ਵਰਤਿਆ ਜਾ ਸੱਕੇ।

Digitized by Panjab Digital Library | www.panjabdigilib.org

ਉਦੇਸ਼ ਦਾ ਵਿਸਤਾਰ ਚਾਰ ਤਰ੍ਹਾਂ ਦਾ ਹੈ :—

੧. ਵਿਸ਼ੇਸ਼ਣ—ਕਾਲੀ ਘਟਾ ਚੁਫੇਰੇ ਛਾ ਰਹੀ ਹੈ।

"ਠੁੱਚਾ ਘੜਾ ਤਰੇ ਵਿੱਚ ਨੈਂ ਦੇ,
ਪਾਣੀ ਵਿੱਚ ਪਤਾਸਾ ਹੈ।" —ਨਲ-ਦਮਿਅੰਤੀ, ਚਾਤ੍ਰਿਕ

੨. ਕਾਰਦੰਤਕ—ਢੱਠੇ ਫੇਰ ਨ ਉੱਠੇ ਬੂਟੇ, ਡੇਗੇ ਸਖਤ ਹਵਾਵਾਂ ਦੇ।

੩. ਸਮਾਨ-ਅਧਿਕਰਣ ਜਾਂ ਅਨੁਕ੍ਰਮੀ—

ਰਾਜਾ ਪਦਮ ਸੈਨ ਧਾਰਾਪੁਰੀ ਵਿੱਚ ਰਾਜ ਕਰਦੇ ਸਨ।

੪. ਵਾਕ-ਅੰਸ਼—

ਬਾਲ ਨਾਥ ਦਾ ਟਿੱਲਾ ਕਿੱਥੇ ਹੈ ?

ਧੁੱਪ ਕਹਿਰ ਦੀ ਜ਼ਿਮੀਂ-ਅਸਮਾਨ ਤਾਵੇ।

੬੨੪. ਕੁਝ ਅਕਰਮਕ ਕ੍ਰਿਆ-ਪਦ ਅਜਿਹ ਹੁੰਦੇ ਹਨ ਕਿ ਉਦੇਸ਼ ਦੇ ਹੁੰਦੇ ਹੋਏ ਵੀ ਵਾਕ ਪੂਰਾ ਨਹੀਂ ਹੁੰਦਾ ਅਤੇ ਉਸ ਨੂੰ ਪੂਰਾ ਕਰਨ ਲਈ ਨਾਂਵ ਜਾਂ ਵਿਸ਼ੇਸ਼ਣ ਦੀ ਲੋੜ ਹੁੰਦੀ ਹੈ। ਸਕਰਮਕ ਕ੍ਰਿਆ ਦਾ ਕਰਮ ਤੇ ਹੁੰਦਾ ਹੀ ਹੈ; ਪਰ ਕੁਝ ਸਕਰਮਕ ਕ੍ਰਿਆ ਪਦ ਅਜਿਹੇ ਹਨ ਕਿ ਕਰਮ ਦੇ ਹੁੰਦੇ ਹੋਏ ਵੀ ਵਾਕ ਅਧੂਰਾ ਰਹਿੰਦਾ ਹੈ। ਅਜਿਹਿਆਂ ਕ੍ਰਿਆ-ਪਦਾਂ ਨੂੰ **ਅਪੂਰਣ ਕ੍ਰਿਆ-ਪਦ** ਆਖਦੇ ਹਨ ਅਤੇ ਜਿਨ੍ਹਾਂ ਪਦਾਂ ਨਾਲ ਅਰਥ ਪੂਰਾ ਹੋ ਜਾਂਦਾ ਹੈ, ਉਨ੍ਹਾਂ ਨੂੰ **ਵਿਧੇਅ-ਪੂਰਕ** ਕਹਿੰਦੇ ਹਨ। ਉਦਾਹਰਣ :—

ਰਾਮੂ **ਫੁਰਤੀਲਾ** ਹੈ।

ਕੁੜੀ **ਸਿਆਣੀ** ਹੋ ਗਈ ਹੈ।

ਉਹ **ਠੱਗ** ਨਿਕਲਿਆ।

ਤੁਸੀਂ ਮੇਰੇ **ਭਰਾ** ਹੋਏ।

ਇਹ ਪਿੰਡ **ਵਧੀਆ** ਜਾਪਦਾ ਹੈ।

ਪਰਜਾ ਨੇ ਉਸ ਨੂੰ **ਪਰਧਾਨ** ਬਣਾਇਆ।

ਲੋਕ ਉਸ ਨੂੰ **ਧਰਮਾਤਮਾ** ਸਮਝਦੇ ਹਨ।

ਉੱਪਰ ਦੇ ਉਦਾਹਰਣਾਂ ਵਿੱਚ ਨਾਂਵ ਅਤੇ ਵਿਸ਼ੇਸ਼ਣ ਵਿਧੇਅ-ਪੂਰਕ ਹਨ। ਨਾਂਵ ਕਦੇ ਉਦੇਸ਼, ਕਦੇ ਕਰਤਾ ਅਤੇ ਕਦੇ ਕਰਮ ਦਾ ਸਮਾਨਾਧਿਕਰਣ ਹੁੰਦਾ ਹੈ ਜਾਂ ਕਿਸੇ ਹੋਰ ਵਿਭਕਤੀ ਦਾ ਰੂਪ ਹੁੰਦਾ ਹੈ।

੬੨੫. ਉਨ੍ਹਾਂ ਪਦਾਂ ਨੂੰ, ਜਿਨ੍ਹਾਂ ਨਾਲ ਵਿਧੇਅ ਦਾ ਵਾਧਾ ਹੁੰਦਾ ਹੈ, **ਵਿਧੇਅ-ਵਿਸਤਾਰ** ਕਹਿੰਦੇ ਹਨ।

Digitized by Panjab Digital Library | www.panjabdigilib.org

੬੨੬. ਵਿਧੇਅ ਦਾ ਵਿਸਤਾਰ ਕਈ ਤਰ੍ਹਾਂ ਹੁੰਦਾ ਹੈ :—

(੧) ਕ੍ਰਿਆ-ਵਿਸ਼ੇਸ਼ਣ ਨਾਲ ; ਜਿਵੇਂ :—ਉਮਰ ਐਵੇਂ ਨਾ ਗਵਾ। ਚੋਰ ਕਿਤੇ ਨਾ ਕਿਤੇ ਲੁਕਿਆ ਹੋਇਆ ਹੈ।

(੨) ਸੰਬੰਧਕ ਵਾਲੇ ਵਾਕ-ਅੰਸ਼ ਨਾਲ ; ਜਿਵੇਂ :—ਪਾਪ ਤੋਂ ਬਚੋ। ਉਸ ਨੇ ਚਾਕੂ ਨਾਲ ਪਿੰਸਲ ਘੜੀ।

(੩) ਪੂਰਬ ਪੂਰਣ ਕਾਰਦੰਤਕ ਨਾਲ; ਜਿਵੇਂ :—ਸੋਹਨ ਪੜ੍ਹ ਕੇ ਆਏਗਾ।

(੪) ਵਿਧੇਅ-ਵਿਸ਼ੇਸ਼ਣ ਨਾਲ [ਜੋ ਵਿਸ਼ੇਸ਼ ਦੇ ਪਿੱਛੇ ਆਉਂਦਾ ਹੈ]; ਜਿਵੇਂ :— ਸਭੇ ਚੁਪ ਬੈਠੇ ਹਨ।

(੫) ਸੁਤੰਤਰ ਵਾਕ-ਅੰਸ਼ ਨਾਲ ; ਜਿਵੇਂ :—ਦਿਨ ਚੜ੍ਹਦੇ ਹੀ ਕੰਮ ਕਰ ਦਿਆਂਗੇ।

੬੨੭. ਹੁਣ ਹੇਠ ਲਿਖਿਆਂ ਸਾਧਾਰਣ ਵਾਕਾਂ ਦੀ ਵੰਡ ਕੀਤੀ ਜਾਂਦੀ ਹੈ :—

੧. ਮਰਦ ਸਦਾ ਹੀ ਬਚਨ ਨਿਭਾਉਂਦੇ ਹਨ।

੨. ਅਸੀਂ ਪੰਜ ਸੱਤ ਮਿੰਟ ਸਹਿਮ ਕੇ ਖਲੋਤੇ ਰਹੇ।

੩. ਪਿੜ ਵਿੱਚ ਇਕ ਕਿਰਸਾਣ ਫਲ੍ਹਾ ਵਾਹ ਰਿਹਾ ਹੈ।

੪. ਮੈਂ ਉਸ ਨੂੰ ਕਈ ਅਵਾਜ਼ਾਂ ਮਾਰੀਆਂ।

੫. ਭੁੱਖੇ ਮੁਲਕ ਵਿੱਚ ਐਸ਼ ਕਰਨਾ ਪਾਪ ਹੈ।

੬. ਇੱਥੋਂ ਜਾਨ ਬਚਾ ਕੇ ਨਸ ਜਾਓ।

Digitized by Panjab Digital Library | www.panjabdigilib.org

| ਵਾਕ | ਉਦੇਸ਼ | | ਵਿਧੇਅ | | | | |
| --- | --- | --- | --- | --- | --- | --- | --- |
| | ਉਦੇਸ਼ | ਉਦੇਸ਼ ਦਾ ਵਿਸਤਾਰ | ਕ੍ਰਿਆ | ਪੂਰਕ | ਵਿਧੇਅ ਦਾ ਵਿਸਤਾਰ | ਕਰਮ | |
| ਮਰਦ ਸਦਾ ਹੀ ਬਚਨ ਨਿਭਾਉਂਦੇ ਹਨ | ਮਰਦ | | ਨਿਭਾਉਂਦੇ ਹਨ | | ਸਦਾ ਹੀ | ਬਚਨ | |
| ਅਸੀਂ ਪੰਜ ਸਤ ਮਿੰਟ ਸਹਿਮ ਕੇ ਖਲੋਤੇ ਰਹੇ। | ਅਸੀਂ | | ਖਲੋਤੇ ਰਹੇ | | ਪੰਜ ਸਤ ਮਿੰਟ ਸਹਿਮ ਕੇ | | |
| ਪਿੜ ਵਿੱਚ ਕਿਰਸਾਨ ਫਲ੍ਹਾ ਵਾਹ ਰਿਹਾ ਹੈ। | ਕਿਰਸਾਨ | | ਵਾਹ ਰਿਹਾ ਹੈ | | ਪਿੜ ਵਿੱਚ | ਫਲ੍ਹਾ | |
| ਮੈਂ ਉਸ ਨੂੰ ਕਈ ਅਵਾਜ਼ਾਂ ਮਾਰੀਆਂ | ਅਵਾਜ਼ਾਂ | ਕਈ | ਮਾਰੀਆਂ | | ਮੈਂ (ਕਰਤਾ-ਵਾਚਕ) | ਉਸ ਨੂੰ | |
| ਭੁੱਖੇ ਮੁਲਕ ਵਿੱਚ ਐਸ਼ ਕਰਨਾ ਪਾਪ ਹੈ। | ਐਸ਼ ਕਰਨਾ | ਭੁੱਖੇ ਮੁਲਕ ਵਿੱਚ | ਹੈ | ਪਾਪ | | | |
| ਇਥੋਂ ਜਾਨ ਬਚਾ ਕੇ ਨੱਸ ਜਾਓ। | (ਤੁਸੀਂ) | | ਨਸ ਜਾਓ | | ਇਥੋਂ, ਜਾਨ ਬਚਾਕੇ | | |

# ਮਿਸ਼ਰਿਤ ਵਾਕ

੬੨੮. ਜਿਸ ਵਾਕ ਵਿੱਚ ਇੱਕ ਪਰਧਾਨ ਵਾਕ ਹੋਵੇ ਅਤੇ ਇਕ ਜਾਂ ਵਧੇਰੇ ਅਧੀਨ ਉਪਵਾਕ ਹੋਣ, ਉਸ ਨੂੰ **ਮਿਸ਼ਰਿਤ ਵਾਕ** ਕਹਿੰਦੇ ਹਨ; ਜਿਵੇਂ :—

ਲੋਕ ਆਖਦੇ ਹਨ ਕਿ ਪੂਰਨ ਦਾ ਬਾਗ ਮੁੜ ਹਰਾ ਹੋ ਗਿਆ ਹੈ ।

੬੨੯. ਉਹ ਉਪਵਾਕ, ਜਿਸ ਵਿੱਚ ਸਾਰੇ ਮਿਸ਼ਰਿਤ ਵਾਕ ਦਾ ਕ੍ਰਿਆ-ਪਦ ਹੋਵੇ, **ਪਰਧਾਨ ਉਪਵਾਕ** ਕਿਹਾ ਜਾਂਦਾ ਹੈ।

੬੩੦. **ਅਧੀਨ ਅਤੇ ਸਮਾਨ ਉਪਵਾਕ** :—ਅਧੀਨ ਉਪਵਾਕ ਕਿਸੇ ਦੂਜੇ ਉਪਵਾਕ ਦਾ ਅੰਗ ਹੁੰਦਾ ਹੈ ਅਤੇ ਉਸ ਵਿੱਚ ਇਹ ਨਾਂਵ, ਵਿਸ਼ੇਸ਼ਣ ਜਾਂ ਕ੍ਰਿਆ-ਵਿਸ਼ੇਸ਼ਣ ਦਾ ਕੰਮ ਸਾਰਦਾ ਹੈ ।

ਸਮਾਨ ਉਪਵਾਕ ਕਿਸੇ ਦੂਜੇ ਉਪਵਾਕ ਦਾ ਅੰਗ ਨਹੀਂ ਹੁੰਦਾ । ਇਸ ਦਾ ਦਰਜਾ ਦੂਜੇ ਉਪਵਾਕ ਦੇ ਬਰਾਬਰ ਹੀ ਹੁੰਦਾ ਹੈ ਅਤੇ ਵਿਆਕਰਣ ਦੇ ਅਨੁਸਾਰ ਇਹ ਵੀ ਪੂਰੀ ਗਲ ਦਾ ਬੋਧਕ ਹੁੰਦਾ ਹੈ।

੬੩੧. ਅਧੀਨ ਉਪਵਾਕ ਤਿੰਨ ਤਰ੍ਹਾਂ ਦੇ ਹੁੰਦੇ ਹਨ :—

੧. ਨਾਂਵ-ਉਪਵਾਕ, ੨. ਵਿਸ਼ੇਸ਼ਣ-ਉਪਵਾਕ ਅਤੇ ੩. ਕ੍ਰਿਆ-ਵਿਸ਼ੇਸ਼ਣ ਉਪਵਾਕ ।

੬੩੨. ਜਿਹੜਾ ਉਪਵਾਕ ਨਾਂਵ ਵਾਂਗਰ ਵਰਤਿਆ ਜਾਂਦਾ ਹੈ—ਅਰਥਾਤ ਪਰਧਾਨ ਉਪਵਾਕ ਦੀ ਕ੍ਰਿਆ ਦਾ ਉਦੇਸ਼ ਜਾਂ ਕਰਮ ਹੁੰਦਾ ਹੈ ਜਾਂ ਕਿਸੇ ਨਾਂਵ ਜਾਂ ਸਰਬਨਾਂਵ ਨਾਲ ਉਸ ਦਾ ਸਮਾਨ-ਅਧਿਕਰਣ ਹੁੰਦਾ ਹੈ, ਉਸ ਨੂੰ **ਨਾਂਵ-ਉਪਵਾਕ** ਆਖਦੇ ਹਨ ।

੬੩੩. ਜਿਹੜਾ ਉਪਵਾਕ ਪਰਧਾਨ ਉਪਵਾਕ ਦੇ ਕਿਸੇ ਨਾਂਵ ਜਾਂ ਸਰਬ-ਨਾਂਵ ਦਾ ਵਿਸ਼ੇਸ਼ਣ ਹੁੰਦਾ ਹੈ, ਉਸ ਨੂੰ **ਵਿਸ਼ੇਸ਼ਣ-ਉਪਵਾਕ** ਕਹਿੰਦੇ ਹਨ । ਵਿਸ਼ੇਸ਼ਣ-ਉਪਵਾਕ ਬਹੁਤ ਕਰਕੇ ਪਰਧਾਨ-ਉਪਵਾਕ ਦੇ ਉਦੇਸ਼, ਕਰਮ, ਕ੍ਰਿਆ-ਪੂਰਕ ਜਾਂ ਵਿਧੇਅ-ਵਿਸਤਾਰ ਦਾ ਵਿਸ਼ੇਸ਼ਣ ਹੁੰਦਾ ਹੈ ।

੬੩੪. ਜਿਹੜਾ ਉਪਵਾਕ ਕਿਸੇ ਦੂਜੇ ਉਪਵਾਕ ਦੇ ਕਿਸੇ ਸ਼ਬਦ ਦੇ ਕ੍ਰਿਆ-ਵਿਸ਼ੇਸ਼ਣ ਦਾ ਕੰਮ ਦੇਂਦਾ ਹੈ, ਉਸ ਨੂੰ **ਕ੍ਰਿਆ-ਵਿਸ਼ੇਸ਼ਣ ਉਪਵਾਕ** ਕਹਿੰਦੇ ਹਨ ।

## ਨਾਂਵ-ਉਪਵਾਕ

੬੩੫. ਨਾਂਵ-ਉਪਵਾਕ ਨਾਂਵ ਦਾ ਕੰਮ ਦੇਂਦਾ ਹੈ, ਇਸ ਕਰਕੇ ਇਹ ਕਦੇ ਉਦੇਸ਼, ਕਦੇ ਕਰਮ, ਕਦੇ ਕ੍ਰਿਆ ਪੂਰਕ ਅਤੇ ਕਦੇ ਸਮਾਨਅਧਿਕਰਣ (=ਅਨੁਕ੍ਰਮੀ) ਹੁੰਦਾ ਹੈ । ਉਦਾਹਰਣ :—

ਉਦੇਸ਼—ਸਿਆਣਿਆਂ ਨੇ ਠੀਕ ਕਿਹਾ ਹੈ ਕਿ **ਨਿਕੰਮਾ ਮਨ ਸ਼ੈਤਾਨ ਦੀ ਆਪਣੀ ਟਕਸਾਲ ਬਣ ਜਾਂਦਾ ਹੈ।**

Digitized by Panjab Digital Library | www.panjabdigilib.org

ਕਰਮ—ਕੋਈ ਵਿਚਾਰਵਾਨ ਕਹੇਗਾ ਕਿ ਉਹ ਜੋਗ ਪਿੱਛੇ ਘਰੋਂ ਨਿਕਲ ਗਿਆ ਹੈ।

ਕ੍ਰਿਆ ਦਾ ਪੂਰਕ—ਮੇਰਾ ਪ੍ਰਸ਼ਨ ਸੀ ਕਿ ਉਹ ਆਏਗਾ ਕਿ ਨਹੀਂ?

ਸਮਾਨ-ਅਧਿਕਰਣ—ਇਹ ਆਸ ਕਿ ਉਸ ਨੂੰ ਸਜ਼ਾ ਨਹੀਂ ਮਿਲੇਗੀ ਜਾਂਦੀ ਰਹੀ ਹੈ।

੬੩੬. ਨਾਂਵ-ਉਪਵਾਕ ਦੇ ਅਰੰਭ ਵਿੱਚ ਆਮ ਕੋਈ ਨਾ ਕੋਈ ਯੋਜਕ 'ਕਿ', 'ਜੋ', ਆਦਿ ਆਉਂਦਾ ਹੈ ; ਜਿਵੇਂ :—

ਸੁਣਿਆ ਏ ਪਈ ਕਿਰਪੀ ਦੇ ਮੁੰਡੇ ਦਾ ਤਾਪ ਸਾਈਂ ਨੇ ਲਾਹ ਦਿੱਤਾ ਹੈ।

ਉਸ ਜਾਤਾ ਕਿ ਮੈਨੂੰ ਨਿਆਂ ਕਰਨ ਲਈ ਕਹਿੰਦੇ ਹਨ।

ਸੱਚ ਹੈ ਜੋ ਸ਼ਾਹ ਬਿਨਾਂ ਪਤ ਨਹੀਂ।

## ਵਿਸ਼ੇਸ਼ਣ-ਉਪਵਾਕ

੬੩੭. ਵਿਸ਼ੇਸ਼ਣ-ਉਪਵਾਕ ਵਿਸ਼ੇਸ਼ਣ ਦਾ ਕੰਮ ਦੇਂਦਾ ਹੈ। ਵਾਕ ਵਿੱਚ ਜਿੱਥੇ ਨਾਂਵ ਜਾਂ ਸਰਬ-ਨਾਂਵ ਆਏ, ਉੱਥੇ ਉਸ ਦੇ ਨਾਲ ਹੀ ਵਿਸ਼ੇਸ਼ਣ-ਉਪਵਾਕ ਵੀ ਆ ਸਕਦਾ ਹੈ ; ਜਿਵੇਂ :—

(੧) ਉਦੇਸ਼ ਦੇ ਨਾਲ—ਉਹ, ਜੋ ਇਕ ਕਦਮ ਪੈਰੀਂ ਨਹੀਂ ਸੀ ਤੁਰੀ, ਜੰਗਲ ਵਿੱਚ ਰੁਲ ਰਹੀ ਹੈ।

'ਸਾਧ ਸੋਈ, ਜੋ ਸਾਧਦੇ ਪੰਜ ਵੈਰੀ।' ਨਲ-ਦਮਿਅੰਤੀ, ਚਾਤ੍ਰਿਕ

(੨) ਕਰਮ ਦੇ ਨਾਲ—ਜੋ ਬੀਜੇਂਗਾ, ਸੋ ਵੱਢੇਂਗਾ।

(੩) ਕ੍ਰਿਆ-ਪੂਰਕ ਦੇ ਨਾਲ—ਉਹ ਅਜਿਹਾ ਵਿਦਵਾਨ ਹੋਇਆ, ਜੇਹਾ ਪਹਿਲਾਂ ਕਦੇ ਨਹੀਂ ਸੀ ਹੋਇਆ।

(੪) ਵਿਧੇਅ ਦੇ ਵਿਸਤਾਰ ਨਾਲ—ਉਸੇ ਥਾਂ ਤੇ, ਜਿੱਥੇ ਅੱਜ ਇਕ ਵੀ ਆਦਮੀ ਨਹੀਂ ਦਿਸਦਾ, ਕਦੇ ਗਹਿਮਾ-ਗਹਿਮੀ ਹੁੰਦੀ ਸੀ।

੬੩੮. ਵਿਸ਼ੇਸ਼ਣ-ਉਪਵਾਕ ਬਹੁਤ ਕਰਕੇ ਸੰਬੰਧਵਾਚਕ ਸਰਬ-ਨਾਂਵ 'ਜੋ' ਜਾਂ 'ਜਿਹੜਾ' ਨਾਲ ਸ਼ੁਰੂ ਹੁੰਦਾ ਹੈ ; ਜਿਵੇਂ :—ਇਹ ਉਹੋ ਆਦਮੀ ਜੇ, ਜਿਹੜਾ ਸੰਨ੍ਹ ਲਾਉਂਦਾ ਫੜਿਆ ਗਿਆ ਸੀ।

੬੩੯. ਕ੍ਰਿਆ-ਵਿਸ਼ੇਸ਼ਣ ਉਪਵਾਕ ਕ੍ਰਿਆ-ਵਿਸ਼ੇਸ਼ਣ ਦਾ ਕੰਮ ਕਰਦਾ ਹੈ ਅਤੇ ਪਰਧਾਨ ਉਪਵਾਕ ਦੇ ਵਿਧੇਅ ਦੀ ਥਾਂ, ਕਾਲ, ਢੰਗ ਆਦਿ ਦਾ ਬੋਧ ਕਰਾਉਂਦਾ ਹੈ ; ਜਿਵੇਂ :—

(੧) ਥਾਂ ਦਾ—ਜਿੱਥੇ ਦਿਨੇ ਕੁਝ ਨਾ ਦਿਸੇ, ਉੱਥੇ ਰਾਤੀਂ ਕੀ ਲੱਭੇ ?

(੨) ਕਾਲ ਦਾ—ਜਦ ਤੀਕ ਚੰਨ ਸੂਰਜ ਰਹਿਣਗੇ, ਤਦ ਤੀਕ ਭਰਤਰੀ ਹਰੀ ਦਾ ਨਾਂ ਰਹੇਗਾ।

ਹੀਰਾ ਜਦੋਂ ਖਾਣ ਵਿੱਚੋਂ ਨਿਕਲਦਾ ਹੈ, ਇਕ ਅਣਘੜ ਵੱਟੇ ਤੁੱਲ ਹੁੰਦਾ ਹੈ।

(੩) ਢੰਗ ਆਦਿ ਦਾ—ਜਿਹਾ ਕਰੋਗੇ, ਤਿਹਾ, ਭਰੋਗੇ।

(੪) ਪਰਿਮਾਣ ਦਾ—ਜਿੰਨਾ ਪੜ੍ਹੋਗੇ, ਉੱਨੇ ਚੰਗੇ ਰਹੋਗੇ।

Digitized by Panjab Digital Library | www.panjabdigilib.org

ਕੁਝ ਅਜਿਹੇ ਕ੍ਰਿਆ-ਵਿਸ਼ੇਸ਼ਣ ਉਪਵਾਕ ਵੀ ਹਨ, ਜੋ ਸ਼ਰਤ, ਕਾਰਣ ਆਦਿ ਦਾ ਬੋਧ ਕਰਾਉਂਦੇ ਹਨ ।

(੧) ਸ਼ਰਤ—ਜੇ ਤੂੰ ਚੋਰੀ ਕੀਤੀ, ਤੈਨੂੰ ਪੁਲਸ ਫੜ ਲਏਗੀ ।

(੨) ਕਾਰਨ—ਮੈਂ ਪੜ੍ਹਾ ਨਹੀਂ ਸਕਦਾ, ਕਿਉਂ ਜੋ ਮੈਂ ਅਨਪੜ੍ਹ ਹਾਂ ।

(੩) ਵਿਰੋਧ—ਭਾਵੇਂ ਉਹ ਗ਼ਰੀਬ ਹੈ, ਤਾਂ ਵੀ ਹੱਥ ਦਾ ਸੁੱਚਾ ਹੈ ।

੬੪੦. ਮਿਸ਼ਰਿਤ ਵਾਕ ਦੀ ਵੰਡ ਕਰਨ ਦੇ ਨਿਯਮ:—

(੧) ਪਹਿਲਾਂ ਪਰਧਾਨ ਉਪਵਾਕ ਦੱਸੋ ।

(੨) ਫੇਰ ਅਧੀਨ ਉਪਵਾਕ ਜਾਂ ਉਪਵਾਕਾਂ ਦਾ ਪਰਧਾਨ ਉਪਵਾਕ ਨਾਲ ਸੰਬੰਧ ਦੱਸੋ ।

(੩) ਉਹ ਯੋਜਕ ਦੱਸੋ ਜਿਸ ਨਾਲ ਪਰਧਾਨ ਅਤੇ ਅਧੀਨ ਉਪਵਾਕ ਜਾਂ ਉਪਵਾਕਾਂ ਦਾ ਮੇਲ ਕੀਤਾ ਗਿਆ ਹੈ ।

(੪) ਅੰਤ ਵਿੱਚ ਹਰ ਇਕ ਉਪਵਾਕ ਦੀ ਵੰਡ ਸਾਧਾਰਣ ਵਾਕ ਵਾਂਗ ਕਰੋ ।

੬੪੧. ਹੁਣ ਹੇਠ-ਲਿਖਿਆਂ ਮਿਸ਼ਰਿਤ ਵਾਕਾਂ ਦੀ ਵੰਡ ਕੀਤੀ ਜਾਏਗੀ:—

੧. ਦੱਸੋ ਇਸ ਹੱਡ-ਰਖ ਦੇਹ ਨਾਲ ਮਜੂਰੀ ਕੀਕੂੰ ਕਰਾਂ ।

੨. ਜੋ ਪਰਮੇਸਰ ਕਰੇ, ਸੋ ਹੁੰਦਾ ਹੈ ।

੩. ਕਿਸ਼ਨ ਸਿੰਘਾ ! ਜੇ ਨੇਕ ਹੈਂ, ਬੀ ਨੇਕੀ ਦਾ ਬੋ ।

੪. ਜਦ ਸੋਨਾ ਪੂਰੀ ਤਰ੍ਹਾਂ ਸ਼ੁੱਧ ਹੋ ਜਾਂਦਾ ਹੈ, ਤਦ ਉਸ ਉੱਪਰ ਠੱਪਾ ਲਾ ਦਿੱਤਾ ਜਾਂਦਾ ਹੈ ਕਿ ਇਹ ਇਸ ਬੈਂਕ ਦਾ ਸੋਨਾ ਹੈ ।

Digitized by Panjab Digital Library | www.panjabdigilib.org

## ਮਿਸ਼ਰਿਤ ਵਾਕਾਂ ਦੀ ਵੰਡ

| ਉਪਵਾਕ | ਪ੍ਰਕਾਰ | ਯੋਜਕ | ਉਦੇਸ਼: ਉਦੇਸ਼ | ਉਦੇਸ਼: ਉਦੇਸ਼ ਦਾ ਵਿਸਤਾਰ | ਵਿਧੇਯ: ਕ੍ਰਿਆ | ਵਿਧੇਯ: ਪੂਰਕ | ਵਿਧੇਯ: ਵਿਧੇਯ ਦਾ ਵਿਸਤਾਰ | ਵਿਧੇਯ: ਕਰਮ | ਵਿਧੇਯ: ਕਰਮ ਦਾ ਵਿਸਤਾਰ |
|---|---|---|---|---|---|---|---|---|---|
| ਦੱਸੋ | ਪਰਧਾਨ ਵਾਕ | | (ਤੁਸੀਂ) | | ਦੱਸੋ | | | | |
| ਇਸ ਹੱਡ-ਰਖ ਦੇਹ ਨਾਲ ਮਜੂਰੀ ਕੀਕੂੰ ਕਰਾਂ। | ਅਧੀਨ ਕਰਮ ਉਪ-ਵਾਕ, ਨਾਂਵ-ਉਪਵਾਕ | (ਕਿ) | (ਮੈਂ) | | ਕਰਾਂ | | ਇਸ ਹਡ-ਰਖ ਦੇਹ ਨਾਲ, ਕੀਕੂੰ | ਮਜੂਰੀ | |
| ਸੋ ਹੁੰਦਾ ਹੈ | ਪਰਧਾਨ ਵਾਕ | | ਸੋ | | ਹੁੰਦਾ ਹੈ | | | | |
| ਜੋ ਪਰਮੇਸਰ ਕਰੇ | ਅਧੀਨ ਵਿਸ਼ੇਸ਼ਣ-ਉਪਵਾਕ | ਜੋ | ਪਰਮੇਸਰ | | ਕਰੇ | | | ਜੋ | |
| ਨੇਕੀ ਦਾ ਬੀ ਬੋ | ਪਰਧਾਨ ਵਾਕ | | ( ਤੂੰ ) | | ਬੋ | | | ਬੀ | ਨੇਕੀ ਦਾ |
| ਕਿਸ਼ਨ ਸਿੰਘਾ ! ਜੇ ਨੇਕ ਹੈਂ | ਅਧੀਨ ਕ੍ਰਿਆ-ਵਿਸ਼ੇਸ਼ਣ ਉਪਵਾਕ | ਜੇ | ਤੂੰ ਕਿਸ਼ਨ ਸਿੰਘ ਸਮਾਨ-ਅਧਿਕਰਣ 'ਤੂੰ' ਦਾ | | ਹੈਂ | ਨੇਕ | | | |
| ਜਦ ਸੋਨਾ ਪੂਰੀ ਤਰ੍ਹਾਂ ਸ਼ੁਧ ਹੋ ਜਾਂਦਾ ਹੈ। | ਅਧੀਨ ਕ੍ਰਿਆ ਵਿਸ਼ੇਸ਼ਣ ਉਪਵਾਕ | ਜਦ | ਸੋਨਾ | | ਹੋ ਜਾਂਦਾ ਹੈ | ਪੂਰੀ ਤਰ੍ਹਾਂ ਸੁਧ | | | |
| ਤਦ ਉਸ ਉਪਰ ਠੱਪਾ ਲਾ ਦਿਤਾ ਜਾਂਦਾ ਹੈ | ਪਰਧਾਨ ਵਾਕ | ਤਦ | ਠੱਪਾ | | ਲਾ ਦਿਤਾ ਜਾਂਦਾ ਹੈ | | ਉਸ ਉਪਰ | | |
| ਕਿ ਇਹ ਇਸ ਬੈਂਕ ਦਾ ਸੋਨਾ ਹੈ। | | ਕਿ | ਇਹ | | ਹੈ | ਇਸ ਬੈਂਕ ਦਾ ਸੋਨਾ | | | |

Digitized by Panjab Digital Library | www.panjabdigilib.org

## ਸੰਯੁਕਤ ਵਾਕ

੬੪੨. ਜਿਸ ਵਾਕ ਵਿੱਚ ਇਕ ਤੋਂ ਵਧ ਸਮਾਨ ਉਪਵਾਕ ਹੋਣ, ਭਾਵੇਂ ਇਨ੍ਹਾਂ ਦੇ ਨਾਲ ਅਧੀਨ ਉਪਵਾਕ ਹੋਣ ਜਾਂ ਨਾ, ਉਸ ਨੂੰ ਸੰਯੁਕਤ ਵਾਕ ਆਖਦੇ ਹਨ। ਉਦਾਹਰਣ :—

ਸ਼ੇਰ ਬੁੱਕਦੇ ਹਨ ਅਤੇ ਸੱਪ ਸ਼ੂਕਦੇ ਹਨ।

੬੪੩. ਸੰਯੁਕਤ ਵਾਕ ਦਾ ਹਰ ਇਕ ਉਪਵਾਕ ਵਿਆਕਰਣ ਅਨੁਸਾਰ ਸੁਤੰਤਰ ਹੁੰਦਾ ਹੈ। ਇਹ ਉਪਵਾਕ ਇਕ ਦੂਜੇ ਦੇ ਅਧੀਨ ਜਾਂ ਆਸਰੇ ਨਹੀਂ ਹੁੰਦੇ। ਸੰਯੁਕਤ ਵਾਕ ਦੇ ਹਰ ਇਕ ਸਮਾਨ ਉਪਵਾਕ ਦੀ ਥਾਂ ਵਖਰਾ ਵਾਕ ਵੀ ਲੈ ਸਕਦਾ ਹੈ; ਪਰ ਸਾਂਝੇ ਵਿਚਾਰ ਦੇ ਕਾਰਨ ਉਨ੍ਹਾਂ ਨੂੰ ਕਈ ਵਾਰੀ ਸਮਾਨ ਯੋਜਕਾਂ ਆਦਿ ਨਾਲ ਜੋੜ ਕੇ ਇੱਕੋ ਵਾਕ ਬਣਾ ਲਿਆ ਜਾਂਦਾ ਹੈ।

੬੪੪. ਸਮਾਨ ਉਪਵਾਕ ਕਦੇ ਨਿਖੜੇ ਹੋਏ ਹੁੰਦੇ ਹਨ ਅਤੇ ਕਦੇ ਯੋਜਕ ਨਾਲ ਜੁੜੇ ਹੋਏ।

(ਕ) ਨਿਖੜੇ ਹੋਏ ਸਮਾਨ ਉਪਵਾਕ; ਜਿਵੇਂ :—

ਊਠ ਨਾ ਕੁੱਦੇ, ਬੋਰੇ ਕੁਦੇ।

"ਮੈਂ ਕੱਲ ਆਉਣ ਵਾਲੀ ਹਾਂ, ਅੱਜ ਦਾ ਘੁੰਡ ਲਾਹ ਆਈ ਹਾਂ।"

—ਖੁਲ੍ਹੇ ਮੈਦਾਨ

"ਆਦਮੀ ਕੋਈ ਖਿਡਾਉਣਾ ਤਾਂ ਨਹੀਂ, ਕੁਦਰਤ ਕੋਈ ਮੰਤਕ ਦੀ ਕਿਤਾਬ ਤਾਂ ਨਹੀਂ।" —ਚੋਣਵੀਂ ਪੰਜਾਬੀ ਵਾਰਤਕ, ਸ੦ ੧੬੬

ਪੜ੍ਹਨਾ ਹੋਰ ਚੀਜ਼ ਹੈ, ਗੁੜ੍ਹਨਾ ਹੋਰ ਚੀਜ਼ ਹੈ।

ਵੱਡੀ ਉਮਰ ਹੋਵੇ, ਜਵਾਨੀਆਂ ਮਾਣੋਂ।

(ਖ) ਯੋਜਕ ਨਾਲ ਜੋੜੇ ਹੋਏ ਸਮਾਨ ਉਪਵਾਕ; ਜਿਵੇਂ :—

ਸਚ ਬਰਾਬਰ ਤਪ ਨਹੀਂ ਹੈ ਅਤੇ ਝੂਠ ਬਰਾਬਰ ਪਾਪ ਨਹੀਂ।

ਇਕ ਖੁਰਲੀ ਉਤੇ ਦੋ ਗਾਵਾਂ ਰਹਿ ਸਕਦੀਆਂ ਹਨ, ਪਰ ਇਕ ਘਰ ਦੋ ਜਨਾਨੀਆਂ ਨਹੀਂ।

੬੪੫. ਜਿਸ ਸੰਯੁਕਤ ਵਾਕ ਵਿੱਚ ਯੋਜਕ ਦੀ ਵਰਤੋਂ ਨਾਲ ਉਦੇਸ਼ ਜਾਂ ਵਿਧੇਅ ਨੂੰ ਦੁਹਰਾਉਣਾ ਨਹੀਂ ਪੈਂਦਾ, ਉਸ ਨੂੰ ਸੰਕੁਚਿਤ ਵਾਕ ਆਖਦੇ ਹਨ; ਜਿਵੇਂ :—

ਮੇਰੇ ਦਾਦੀ ਜੀ ਰਾਤੀਂ ਕਦੇ ਚੰਨ ਨੂੰ ਤੇ (ਮੇਰੇ ਦਾਦੀ ਜੀ) ਕਦੇ ਧਰੂ ਤਾਰੇ ਨੂੰ ਹੱਥ ਜੋੜਦੇ ਹਨ। ਇਸ ਸੰਕੁਚਿਤ ਵਾਕ ਵਿੱਚ ਉਦੇਸ਼ ਨੂੰ ਦੁਹਰਾਉਣਾ ਨਹੀਂ ਪਿਆ।

ਇਸ ਘਰ ਵਿੱਚ ਜਾਂ ਤੂੰ ਰਹੇਂਗਾ ਜਾਂ ਮੈਂ (ਰਹਾਂਗਾ)।

੬੪੬. ਸੰਯੁਕਤ ਵਾਕ ਇਸ ਤਰ੍ਹਾਂ ਬਣਾਏ ਜਾਂਦੇ ਹਨ :—

Digitized by Panjab Digital Library | www.panjabdigilib.org

[੧] ਦੋ ਜਾਂ ਦੋ ਤੋਂ ਵੱਧ ਸਾਧਾਰਣ ਵਾਕਾਂ ਨੂੰ ਮਿਲਾ ਕੇ ; [੨] ਦੋ ਜਾਂ ਵੱਧ ਮਿਸ਼ਰਿਤ ਵਾਕਾਂ ਨੂੰ ਮਿਲਾਕੇ ; [੩] ਇਕ ਜਾਂ ਵੱਧ ਸਾਧਾਰਣ ਅਤੇ ਇਕ ਜਾਂ ਵੱਧ ਮਿਸ਼ਰਿਤ ਵਾਕ ਮਿਲਾਕੇ ; [੪] ਇਕ ਜਾਂ ਵੱਧ ਸਾਧਾਰਣ ਵਾਕ ਅਤੇ ਇਕ ਜਾਂ ਵੱਧ ਸੰਯੁਕਤ ਵਾਕ ਮਿਲਾਕੇ । ਉਦਾਹਰਣ :—

(੧) ਕੁਸੰਗ ਛੱਡ ਅਤੇ ਸਤਸੰਗ ਵਿੱਚ ਰਹਿ ।

(੨) ਜਿੱਧਰ ਚੱਲੋਗੇ, ਨਾਲ ਚੱਲਾਂਗੇ ਅਤੇ ਜੋ ਹੋਏਗਾ ਸੋ ਝੱਲ ਲਵਾਂਗੇ ।

(੩) ਧੀ ਆਪਣੀ ਮਾਂ ਪਾਸ ਆਈ ਅਤੇ ਆਖਣ ਲੱਗੀ ਕਿ ਮੇਰਾ ਅੱਜ ਸਿਰ ਦੁਖਦਾ ਹੈ ।

(੪) ਥੋੜੇ ਦਿਨਾਂ ਤੋਂ ਉਹ ਹਰ ਰੋਜ਼ ਬਜਾਰ ਵਿੱਚੋਂ ਲੰਘਦਾ ਸੀ, ਪਰ ਉਹ ਰਾਤ ਪਈ ਆਉਂਦਾ ਸੀ, ਇਸ ਲਈ ਮੈਂ ਉਸ ਨੂੰ ਪਛਾਣ ਨਾ ਸਕਿਆ ।

੬੪੭. ਸਮਾਨ ਉਪਵਾਕ ਚਾਰ ਤਰ੍ਹਾਂ ਮਿਲਾਏ ਜਾਂਦੇ ਹਨ :—

(੧) ਸਮੁੱਚੀ ਯੋਜਕਾਂ ਨਾਲ ਜਾਂ, (੨) ਵਿਕਲਪੀ ਯੋਜਕਾਂ ਨਾਲ, ਜਾਂ (੩) ਵਿਰੋਧਬੋਧਕ ਯੋਜਕਾਂ ਨਾਲ, ਜਾਂ (੪) ਫਲਬੋਧਕ ਯੋਜਕਾਂ ਨਾਲ । ਇਉਂ ਸਮਝੋ ਕਿ ਸੰਯੁਕਤ ਵਾਕ ਚਾਰ ਪ੍ਰਕਾਰ ਦੇ ਹਨ :—

੧. ਸਮੁੱਚੀ ; ਜਿਵੇਂ :—ਬਸ ਉੱਤੇ ਚੜ੍ਹਨ ਲਗਿਆਂ ਕਯੂ ਬਣਾ ਲੈਣਾ ਚਾਹੀਦਾ ਹੈ ਅਤੇ ਵਾਰੀ ਵਾਰੀ ਨਾਲ ਚੜ੍ਹਨਾ ਚਾਹੀਦਾ ਹੈ ।

੨. ਵਿਕਲਪੀ ; ਜਿਵੇਂ :—ਇਸ ਘਰ ਵਿੱਚ ਜਾਂ ਤੁਸੀਂ ਰਹੋਗੇ ਜਾਂ ਅਸੀਂ । ਨਾ ਮੈਂ ਲੱਸੀ ਪੀਣੀ ਹੈ ਨਾ ਚਾਹ ।

੩. ਵਿਰੋਧਬੋਧਕ ; ਜਿਵੇਂ :—ਉਹ ਹੈ ਤੇ ਮਾਲਦਾਰ, ਪਰ ਉਸ ਨੂੰ ਸੰਤੋਖ ਨਹੀਂ ।

ਸੱਭੇ ਉਸ ਦੇ ਵਿਰੁੱਧ ਸਨ ; ਤਾਂ ਵੀ ਉਹ ਆਪਣੀ ਗੱਲ ਤੇ ਅੜਿਆ ਰਿਹਾ ।

੪. ਫਲਬੋਧਕ ; ਜਿਵੇਂ :—ਉਸ ਦਾ ਅਪਰਾਧ ਸਿੱਧ ਹੋ ਗਿਆ ਹੈ, ਇਸ ਲਈ ਉਸ ਨੂੰ ਸਜ਼ਾ ਹੋ ਗਈ ਹੈ ।

੬੪੮. ਉਦਾਹਰਣ ਰੂਪ ਹੇਠਲਿਆਂ ਸੰਯੁਕਤ ਵਾਕਾਂ ਦੀ ਵੰਡ ਕੀਤੀ ਜਾਂਦੀ ਹੈ :—

੧. ਸਭ ਪਾਪਾਂ ਦਾ ਮੂਲ ਕਾਰਨ ਖ਼ੁਦਗ਼ਰਜ਼ੀ ਹੈ ਅਤੇ ਖ਼ੁਦਗ਼ਰਜ਼ੀ ਅਗਿਆਨ ਤੋਂ ਪੈਦਾ ਹੁੰਦੀ ਹੈ !

੨. ਉਹ ਪੜ੍ਹ ਸਕਦਾ ਹੈ, ਪਰ ਲਿਖ ਨਹੀਂ ਸਕਦਾ ।

੩. ਰਾਹ ਪਿਆ ਜਾਣੇ ਜਾਂ ਵਾਹ ਪਿਆ ਜਾਣੇ ।

੪. ਸੁੱਚੇ ਆਦਮੀ ਇਸ ਦੁਨੀਆਂ ਤੇ ਸਹਿਜ-ਸੁਭਾ ਦੈਵੀ ਗੁਣਾਂ ਦੇ ਪ੍ਰਕਾਸ਼ਕ ਹੁੰਦੇ ਹਨ ਅਤੇ ਉਨ੍ਹਾਂ ਦੇ ਓਹ ਗੁਣ ਇਉਂ ਚਮਕਦੇ ਹਨ ਜਿਵੇਂ ਇਸ ਠਹਿਰੇ ਗਗਨ ਵਿੱਚ ਸੂਰਜ ਦੀ ਜੋਤੀ ਦੀਪਮਾਨ ਹੁੰਦੀ ਹੈ ।

Digitized by Panjab Digital Library | www.panjabdigilib.org

## ਸੰਯੁਕਤ ਵਾਕਾਂ ਦੀ ਵੰਡ

| | ਪ੍ਰਕਾਰ | ਯੋਜਕ | ਉਦੇਸ਼: ਉਦੇਸ਼ | ਉਦੇਸ਼: ਉਦੇਸ਼ ਦਾ ਵਿਸਤਾਰ | ਵਿਧੇਅ: ਕ੍ਰਿਆ | ਵਿਧੇਅ: ਪੂਰਕ | ਵਿਧੇਅ: ਵਿਧੇਅ ਦਾ ਵਿਸਤਾਰ | ਵਿਧੇਅ: ਕਰਮ | ਵਿਧੇਅ: ਕਰਮ ਦਾ ਵਿਸਤਾਰ |
|---|---|---|---|---|---|---|---|---|---|
| ਸਭ ਪਾਪਾਂ ਦਾ ਮੂਲ ਕਾਰਨ ਖੁਦਗਰਜੀ ਹੈ ਅਤੇ ਖੁਦ-ਗਰਜੀ ਅਗਿਆਨ ਤੋਂ ਪੈਦਾ ਹੁੰਦੀ ਹੈ। | ਸਾਧਾਰਣ ਵਾਕ | ਅਤੇ | ਖੁਦਗਰਜੀ | | ਹੈ | ਸਭ ਪਾਪਾਂ ਦਾ ਮੂਲ ਕਾਰਨ | | | |
| | ਸਾਧਾਰਣ ਵਾਕ | | ਖੁਦਗਰਜੀ | | ਪੈਦਾ ਹੁੰਦੀ ਹੈ | | ਅਗਿਆਨ ਤੋਂ | | |
| ਉਹ ਪੜ੍ਹ ਸਕਦਾ ਹੈ। | ਸਾਧਾਰਣ | | ਉਹ | | ਪੜ੍ਹ ਸਕਦਾ ਹੈ | | | | |
| ਉਹ ਲਿਖ ਨਹੀਂ ਸਕਦਾ। | ਸਾਧਾਰਣ | ਪਰ | ਉਹ | | ਲਿਖ ਸਕਦਾ | | ਨਹੀਂ | | |
| ਰਾਹ ਪਿਆ ਜਾਣੇ | ਸਾਧਾਰਣ | | ਰਾਹ ਪਿਆ | | ਜਾਣੇ | | | | |
| ਵਾਹ ਪਿਆ ਜਾਣੇ। | ਸਾਧਾਰਣ | ਜਾਂ | ਵਾਹ ਪਿਆ | | ਜਾਣੇ | | | | |
| ਸੁੱਚੇ ਆਦਮੀ ਇਸ ਦੁਨੀਆ ਤੇ ਸਹਜ-ਸੁਭਾ ਦੈਵੀ ਗੁਣਾਂ ਦੇ ਪ੍ਰਕਾਸ਼ਕ ਹੁੰਦੇ ਹਨ। | ਸਾਧਾਰਣ | | ਆਦਮੀ | ਸੁੱਚੇ | ਹੁੰਦੇ ਹਨ | ਦੈਵੀ ਗੁਣਾਂ ਦੇ ਪ੍ਰਕਾਸ਼ਕ | ੧ ਇਸ ਦੁਨੀਆਂ ਤੇ<br>੨ ਸਹਿਜ ਸੁਭਾ | | |
| ਉਨ੍ਹਾਂ ਦੇ ਓਹ ਗੁਣ ਇਉਂ ਚਮਕਦੇ ਹਨ। | ਸਾਧਾਰਣ | ਅਤੇ | ਗੁਣ | ੧ ਉਹ<br>੨ ਉਨ੍ਹਾਂ ਦੇ | ਚਮਕਦੇ ਹਨ | | ਇਉਂ | | |
| ਇਸ ਠਹਰੇ ਗਗਨ ਵਿੱਚ ਸੂਰਜ ਦੀ ਜੋਤੀ ਦੀਪਮਾਨ ਹੁੰਦੀ ਹੈ | ਕ੍ਰਿਆ ਵਿਸ਼ੇ-ਸ਼ਣ ਉਪਵਾਕ | ਜਿਵੇਂ | ਜੋਤ | ਸੂਰਜ ਦੀ | ਹੁੰਦੀ ਹੈ | ਦੀਪਮਾਨ | ੧ ਜਿਵੇਂ<br>੨ ਇਸ ਠਹਰੇ ਗਗਨ ਵਿੱਚ | | |

## ਪ੍ਰਸ਼ਨਵਾਚਕ ਵਾਕ

੬੪੯. ਪ੍ਰਸ਼ਨ-ਵਾਚਕ ਵਾਕ ਵਿੱਚ ਜਦ ਕ੍ਰਿਆ ਬਾਰੇ ਸਵਾਲ ਕੀਤਾ ਜਾਂਦਾ ਹੈ, ਤਦ 'ਕੀ' ਦੀ ਵਰਤੋਂ ਵਕਤਾ ਚਾਹੇ ਕਰੇ, ਚਾਹੇ ਨਾ ਕਰੇ। ਉਦਾਹਰਣ :—

ਕੀ ਹੁਣ ਮੈਨੂੰ ਚੰਨ ਨਹੀਂ ਲਭਿਆ ਕਰੇਗਾ ?

ਕੁਝ ਹੋਰ ਵੀ ਦੇਣ ਵਾਲਾ ਏ?

ਦੱਸੇਂਗਾ ਕਿ ਨਹੀਂ ? [=ਕੀ ਤੂੰ ਦੱਸੇਂਗਾ ਕਿ ਨਹੀਂ ?]

## ਵਾਕ-ਵਟਾਂਦਰਾ

੬੫੦. ਇਕ ਪ੍ਰਕਾਰ ਦੇ ਵਾਕ ਨੂੰ ਉਸ ਦੇ ਅਰਥ ਬਦਲਣ ਬਿਨਾ ਦੂਜੇ ਪ੍ਰਕਾਰ ਦੇ ਵਾਕ ਵਿਚ ਬਦਲਣਾ ਹੀ ਵਾਕ-ਵਟਾਂਦਰਾ ਹੈ।

੬੫੧. ਵਾਕ-ਵਟਾਂਦਰੇ ਦੇ ਕੁਝ ਢੰਗ ਅਤੇ ਉਦਾਹਰਣ ਦਿੱਤੇ ਜਾ ਰਹੇ ਹਨ—

(ੳ) ਪ੍ਰਸ਼ਨਿਕ ਵਾਕ ਤੋਂ ਸ਼ਰਤੀ ਵਾਕ ; ਜਿਵੇਂ :—

| ਪ੍ਰਸ਼ਨਿਕ-ਵਾਕ | ਸ਼ਰਤੀ-ਵਾਕ |
|---|---|
| ਕੀ ਤੁਸਾਨੂੰ ਉਸ ਦਾ ਪਤਾ ਹੈ ? | ਜੇ ਤੁਸਾਂ ਨੂੰ ਉਸ ਦਾ ਪਤਾ ਹੈ ਤਾਂ ਦੱਸੋ। |

(ਅ) ਹਾਂ-ਵਾਚਕ ਵਾਕ ਨੂੰ ਨਾਂਹ-ਵਾਚਕ ਵਾਕ ਵਿੱਚ ਬਦਲਕੇ ; ਜਿਵੇਂ :—

| ਹਾਂ-ਵਾਚਕ | ਨਾਂਹ-ਵਾਚਕ |
|---|---|
| ਮਿਹਨਤ ਸਫਲ ਹੋਈ। | ਮਿਹਨਤ ਵਿਅਰਥ ਨਹੀਂ ਗਈ। |

(ੲ) ਵਾਚ ਬਦਲ ਕੇ ; ਜਿਵੇਂ :—

| ਕਰਤ੍ਰੀ-ਵਾਚ | ਕਰਮ-ਵਾਚ |
|---|---|
| ਰਾਮ ਪੋਥੀ ਪੜ੍ਹਦਾ ਹੈ। | ਰਾਮ ਤੋਂ ਪੋਥੀ ਪੜ੍ਹੀ ਜਾਂਦੀ ਹੈ। |

| ਕਰਤ੍ਰੀ-ਵਾਚ | ਭਾਵ-ਵਾਚ |
|---|---|
| ਮੈਂ ਸੌਂ ਨਹੀਂ ਸਕਦਾ। | ਮੈਥੋਂ ਸੁੱਤਾ ਨਹੀਂ ਜਾਂਦਾ। |

(ਸ) ਸਾਧਾਰਣ ਵਾਕ ਨੂੰ ਸੰਯੁਕਤ ਵਾਕ ਵਿੱਚ ਬਦਲ ਕੇ ; ਜਿਵੇਂ :—

| ਸਾਧਾਰਣ-ਵਾਕ | ਸੰਯੁਕਤ-ਵਾਕ |
|---|---|
| ਅੱਗੇ ਵੱਧ ਕੇ ਵੈਰੀ ਦੇ ਦੰਦ ਖੱਟੇ ਕਰੋ। | ਅੱਗੇ ਵਧੋ ਅਤੇ ਵੈਰੀ ਦੇ ਦੰਦ ਖੱਟੇ ਕਰੋ। |

(ਹ) ਸੰਯੁਕਤ ਵਾਕ ਨੂੰ ਸਾਧਾਰਣ ਵਾਕ ਵਿੱਚ ਬਦਲਕੇ ; ਜਿਵੇ :—

| ਸੰਯੁਕਤ-ਵਾਕ | ਸਾਧਾਰਣ-ਵਾਕ |
|---|---|
| ਸੂਰਜ ਨਿਕਲਿਆ ਅਤੇ ਅਸੀਂ ਆਪੋ-ਆਪਣੇ ਕੰਮਾਂ ਵਿੱਚ ਰੁਝ ਗਏ। | ਸੂਰਜ ਨਿਕਲਦੇ ਸਾਰ ਅਸੀਂ ਆਪੋ-ਆਪਣੇ ਕੰਮਾਂ ਵਿੱਚ ਰੁਝ ਗਏ। |

(ਕ) ਸਾਧਾਰਣ ਵਾਕ ਤੋਂ ਮਿਸ਼ਰਿਤ ਵਾਕ ; ਜਿਵੇਂ :—

| ਸਾਧਾਰਣ-ਵਾਕ | ਮਿਸ਼ਰਿਤ-ਵਾਕ |
|---|---|
| ਸਮਝਦਾਰ ਬੱਚੇ ਮਾਪਿਆਂ ਦਾ ਕਿਹਾ ਮੰਨਦੇ ਹਨ। | ਜਿਹੜੇ ਬੱਚੇ ਸਮਝਦਾਰ ਹੁੰਦੇ ਹਨ, ਉਹ ਮਾਪਿਆਂ ਦਾ ਕਿਹਾ ਮੰਨਦੇ ਹਨ। |

(ਖ) ਮਿਸ਼ਰਿਤ ਵਾਕ ਤੋਂ ਸਾਧਾਰਣ ਵਾਕ ; ਜਿਵੇਂ :—

| ਮਿਸ਼ਰਿਤ-ਵਾਕ | ਸਾਧਾਰਣ-ਵਾਕ |
|---|---|
| ਜਦ ਬਿਪਤਾ ਪਏ, ਤਦ ਧੀਰਜ ਰੱਖੋ। | ਬਿਪਤਾ ਦੇ ਸਮੇਂ ਧੀਰਜ ਰੱਖੋ। |

Digitized by Panjab Digital Library | www.panjabdigilib.org

(ਗ) ਸੰਯੁਕਤ ਵਾਕ ਤੋਂ ਮਿਸ਼ਰਿਤ ਵਾਕ ; ਜਿਵੇਂ :—

| ਸੰਯੁਕਤ-ਵਾਕ | ਮਿਸ਼ਰਿਤ-ਵਾਕ |
|---|---|
| ਤੂੰ ਮਾਲਦਾਰ ਹੈਂ, ਪਰ ਸੁਖੀ ਨਹੀਂ। | ਭਾਵੇਂ ਤੂੰ ਮਾਲਦਾਰ ਹੈਂ, ਤਾਂ ਵੀ ਤੂੰ ਸੁਖੀ ਨਹੀਂ ਹੈਂ। |

(ਘ) ਮਿਸ਼ਰਿਤ ਵਾਕ ਤੋਂ ਸੰਯੁਕਤ ਵਾਕ ; ਜਿਵੇਂ :—

| ਮਿਸ਼ਰਿਤ-ਵਾਕ | ਸੰਯੁਕਤ-ਵਾਕ |
|---|---|
| ਤੂੰ ਜਾਣਦਾ ਹੈਂ ਕਿ ਉਹ ਸੱਚਾ ਹੈ। | ਉਹ ਸੱਚਾ ਹੈ ਅਤੇ ਤੂੰ ਇਹ ਜਾਣਦਾ ਹੈਂ। |

### ਵਾਕ-ਜੋੜ

੬੫੨. ਦੋ ਜਾਂ ਵੱਧ ਸਾਧਾਰਣ ਵਾਕਾਂ ਨੂੰ ਜੋੜ ਕੇ ਇਕ ਵਾਕ ਬਣਾਉਣਾ ਹੀ ਵਾਕ-ਜੋੜ ਹੈ।

ਕਦੇ ਸਾਧਾਰਣ ਵਾਕਾਂ ਨੂੰ ਮਿਲਾ ਕੇ ਇਕ ਸਾਧਾਰਣ ਵਾਕ ਹੀ ਬਣਾਉਣਾ ਪੈਂਦਾ ਹੈ ਅਤੇ ਕਦੇ ਮਿਸ਼ਰਿਤ ਜਾਂ ਸੰਯੁਕਤ ਵਾਕ।

੬੫੩. ਵਾਕ-ਜੋੜ ਦੇ ਕੁਝ ਉਦਾਹਰਣ ਹੇਠ ਦਿੱਤੇ ਜਾਂਦੇ ਹਨ :—

| ਦੋ ਵੱਖ ਵੱਖ ਸਾਧਾਰਣ ਵਾਕ— | ਜੁੜੇ ਹੋਏ ਵਾਕ— |
|---|---|
| | (੧) ਸਾਧਾਰਣ ਵਾਕ |
| ਸੂਰਜ ਨਿਕਲਿਆ ! ਧੁੰਦ ਜਾਂਦੀ ਰਹੀ। | ਸੂਰਜ ਨਿਕਲਿਨ ਤੇ ਧੁੰਦ ਜਾਂਦੀ ਰਹੀ। |
| | (੨) ਮਿਸ਼ਰਤ ਵਾਕ |
| ਗੁਲਾਬ ਫੁਲਾਂ ਦਾ ਰਾਜਾ ਹੈ। ਇਹ ਸੱਚ ਹੈ। | ਇਹ ਸੱਚ ਹੈ ਕਿ ਗੁਲਾਬ ਫੁਲਾਂ ਦਾ ਰਾਜਾ ਹੈ |
| | (੩) ਸੰਯੁਕਤ ਵਾਕ |
| ਉਹ ਗ਼ਰੀਬ ਹੈ। ਉਹ ਸੁੱਚਾ ਹੈ। | ਉਹ ਗ਼ਰੀਬ ਹੈ, ਪਰ ਸੁੱਚ ਹੈ। |

## ਵਿਰਾਮ-ਚਿੰਨ੍ਹ

੬੫੪. ਬੋਲਦੇ, ਪੜ੍ਹਦੇ ਅਤੇ ਲਿਖਦੇ ਸਮੇਂ ਭਾਵ ਸਪਸ਼ਟ ਕਰਨ ਲਈ ਕਈ ਥਾਂਈਂ ਥੋੜ੍ਹਾ-ਬਹੁਤ ਠਹਿਰਨਾ ਪੈਂਦਾ ਹੈ। ਬੋਲਣ ਲੱਗੇ ਜਿੱਥੇ ਜਿੱਥੇ ਘਟ ਜਾਂ ਵੱਧ ਅਟਕੀਦਾ ਹੈ, ਉਸ ਅਟਕਾ ਜਾਂ ਠਹਿਰਾ ਨੂੰ ਦੱਸਣ ਲਈ ਵਖਰੇ-ਵਖਰੇ ਚਿੰਨ੍ਹ ਵਰਤੇ ਜਾਂਦੇ ਹਨ। ਇਨ੍ਹਾਂ ਨੂੰ ਹੀ ਵਿਰਾਮ-ਚਿੰਨ੍ਹ ਕਹਿੰਦੇ ਹਨ।

ਪਹਿਲਾਂ ਪੰਜਾਬੀ ਲਿਖਤ ਵਿੱਚ ਦੋ ਹੀ ਵਿਰਾਮ-ਚਿੰਨ੍ਹ, ਇਕਹਰੀ ਡੰਡੀ [ । ] ਅਤੇ ਦੋਹਰੀ ਡੰਡੀ [ ॥ ], ਵਰਤੇ ਜਾਂਦੇ ਸਨ ; ਪਰ ਅਜਕਲ ਪੰਜਾਬੀ ਦੇ ਲੇਖਾਂ ਅਤੇ ਛਪੀਆਂ ਪੁਸਤਕਾਂ ਵਿੱਚ ਵਾਕ ਜਾਂ ਵਾਕ ਦੇ ਹਿੱਸੇ ਨੂੰ ਅੱਡ ਅੱਡ ਦੱਸਣ ਲਈ ਅਤੇ ਭਾਵ ਸਪਸ਼ਟ ਕਰਨ ਵਾਸਤੇ ਹੇਠ ਲਿਖੇ ਵਿਰਾਮ-ਚਿੰਨ੍ਹ ਵਰਤੋਂ ਵਿੱਚ ਆਉਂਦੇ ਹਨ (ਕ) :—

| | ਵਿਰਾਮ | ਚਿੰਨ੍ਹ | | ਵਿਰਾਮ | ਚਿੰਨ੍ਹ |
|---|---|---|---|---|---|
| (੧) | ਕਾਮਾ | ( , ) | (੫) | ਦੋਹਰੀ ਡੰਡੀ | (॥) |
| (੨) | ਬਿੰਦੀ ਵਾਲਾ ਕਾਮਾ | ( ; ) | (੬) | ਪ੍ਰਸ਼ਨ-ਚਿੰਨ੍ਹ | ( ? ) |
| (੩) | ਕੋਲਨ ਜਾਂ ਦੁਬਿੰਦੀ | ( : ) | (੭) | ਵਿਸਮੇ ਆਦਿ ਚਿੰਨ੍ਹ | ( ! ) |
| (੪) | ਡੰਡੀ | ( । ) | (੮) | ਡੈਸ਼ | (—) |

(ਕ) ਡੰਡੀ ਤੋਂ ਸਿਵਾ ਬਾਕੀ ਸਾਰੇ ਵਿਰਾਮ-ਚਿੰਨ੍ਹ ਅੰਗ੍ਰੇਜ਼ੀ ਤੋਂ ਲਏ ਗਏ ਹਨ।

Digitized by Panjab Digital Library | www.panjabdigilib.org

(੯) ਦੋ ਬਿੰਦੀ ਡੈਸ਼ (:—) (੧੨) ਜੋੜਨੀ (-)
(੧੦) ਛੁਟ ਮਰੋੜੀ (') (੧੩) ਬ੍ਰੈਕਟ [] ()
(੧੧) ਪੁੱਠੇ ਕਾਮੇ (" ") (੧੪) ਸੰਖੇਪ-ਚਿੰਨ੍ਹ (· ਜਾਂ :)

ਇਨ੍ਹਾਂ ਚਿੰਨ੍ਹਾਂ ਵਿੱਚੋਂ ਡੰਡੀ ਅਤੇ ਪ੍ਰਸ਼ਨ-ਚਿੰਨ੍ਹ ਸਦਾ ਵਾਕ ਦੇ ਅੰਤ ਵਿੱਚ ਆਉਂਦੇ ਹਨ। ਵਿਸਮੈ ਆਦਿ ਚਿੰਨ੍ਹ ਵੀ ਕਦੇ ਕਦੇ ਵਾਕ ਦੇ ਅੰਤ ਵਿੱਚ ਲਗਾਇਆ ਜਾਂਦਾ ਹੈ [ਵੇ० §੪੨੮]।

(੧) ਕਾਮਾ

੬੫੫. 'ਕਾਮਾ' (,) ਇਹ ਚਿੰਨ੍ਹ ਸਭ ਤੋਂ ਥੋੜੇ ਵਿਰਾਮ ਦਾ ਬੋਧ ਕਰਾਉਂਦਾ ਹੈ।

ਇਸ ਦੀ ਵਰਤੋਂ ਇਨ੍ਹਾਂ ਟਿਕਾਣਿਆਂ ਉੱਤੇ ਹੁੰਦੀ ਹੈ :--

(੧) ਅਜਿਹੇ ਨਾਂਵਾਂ ਜਾਂ ਸਰਬਨਾਂਵਾਂ ਦੇ ਵਿਚਕਾਰ ਜੋ ਇਕ ਦੂਜੇ ਦੇ ਵਾਸਤੇ ਵਰਤੇ ਜਾ ਸੱਕਣ ; ਜਿਵੇਂ :—ਮੈਂ, ਸੱਤਪਾਲ ਕਦੇ ਝੂਠ ਨਹੀਂ ਬੋਲ ਸਕਦਾ।

(੨) ਇਕੋ ਤਰ੍ਹਾਂ ਦੇ ਤਿੰਨ ਜਾਂ ਤਿੰਨਾਂ ਤੋਂ ਵਧੀਕ ਪਦਾਂ ਦੇ ਵਿੱਚ ਜੋ ਨਾਲੋ ਨਾਲ ਵਰਤੇ ਗਏ ਹੋਣ ਅਤੇ 'ਅਤੇ' ਜਾਂ 'ਜਾਂ' ਨਾਲ ਜੋੜੇ ਗਏ ਹੋਣ।

ਉਦਾਹਰਣ :—

ਨਾਂਵ (ਕ) ਉਹ ਸੇਠ, ਉਸ ਦੀ ਵਹੁਟੀ, ਪੁੱਤਰ ਅਤੇ ਟੱਬਰ ਦੇ ਹੋਰ ਆਦਮੀ ਹਰ ਰੋਜ਼ ਪਰਮੇਸ਼ਰ ਦੀ ਉਸਤਤ ਕਰਦੇ ਹੁੰਦੇ ਸਨ।

ਕ੍ਰਿਆ-ਵਿਸ਼ੇਸ਼ਣ (ਖ) ਇਥੇ, ਉੱਥੇ, ਸੱਜੇ, ਖੱਬੇ, ਹੇਠਾਂ, ਉੱਪਰ—ਸਭਨੀਂ ਥਾਈਂ ਉਹੋ ਰਮ ਰਿਹਾ ਹੈ।

ਵਿਸ਼ੇਸ਼ਣ (ਗ) ਨਿੰਦਕ, ਖਿਝੂ ਅਤੇ ਕ੍ਰੋਧੀ ਮਨੁੱਖ ਕਦੇ ਆਪਣੇ ਸਰੀਰ ਨੂੰ ਅਰੋਗ ਨਹੀਂ ਰਖ ਸਕਦਾ।

ਵਸਾਵਾ ਸਿੰਘ ਸੋਹਣਾ, ਜਵਾਨ, ਭਲਾਮਾਨਸ, ਦਲੇਰ ਅਤੇ ਅਕਲ ਵਾਲਾ ਹੈ।

ਸਰਬ-ਨਾਂਵ (ਘ) ਮੈਂ, ਤੂੰ, ਉਹ ਤੇ ਸੰਜੀਵ ਜਿਸ ਕੰਮ ਨੂੰ ਹੱਥ ਪਾਂਵਾਂਗੇ, ਉਸ ਨੂੰ ਪੂਰਾ ਕਰਕੇ ਛੱਡਾਂਗੇ।

(੩) ਸੰਬੋਧਨ ਲਈ ; ਜਿਵੇਂ :—

ਭੈਣ, ਭੱਠ ਪਏ ਗਹਿਣਾ ਜਿਹੜਾ ਕੰਨਾਂ ਨੂੰ ਖਾਏ।

ਪਰ ਵਾਕ ਵਿਚਲੇ ਸੰਬੋਧਨ ਤੋਂ ਪਹਿਲਾਂ ਅਤੇ ਪਿੱਛੇ ਵੀ ਕਾਮਾ ਆਉਂਦਾ ਹੈ ; ਜਿਵੇਂ :—

ਬਰਦਾ ਆਖਦਾ, ਯਾਰੋ, ਅੰਗ੍ਰੇਜ਼ ਡਾਢੇ,
ਜਿਨ੍ਹਾਂ ਸੈਆਂ ਜਵਾਨਾਂ ਦੀ ਉਮਰ ਗਾਲੀ।

ਸਾਡੇ ਲਈ ਤਾਂ ਥੋੜਾ ਵੀ ਬਥੇਰਾ ਏ, ਬੇਬੇ, ਤੇ ਬਾਕੀ ਛਡ ਵੀ ਕਿਹਦੇ (=ਕਿਸ ਦੇ) ਲਈ ਜਾਈਏ।

ਵੇਖ ਲੈ, ਚੰਦੂ, ਇਹਨੂੰ ਫੜ੍ਹ ਮਾਰਦੇ ਨੂੰ।

Digitized by Panjab Digital Library | www.panjabdigilib.org

(੪) ਇੱਕੋ ਜਿਹੇ ਪਦਾਂ ਦੇ ਜੋੜੇ ਜਾਂ ਸਮਾਸੀ ਪਦ ਨਾਲੋ ਨਾਲ ਆ ਰਹੇ ਹੋਣ ਤਾਂ ਉਨ੍ਹਾਂ ਵਿੱਚ ਵੀ ਕਾਮਾ' ਵਰਤਿਆ ਜਾਂਦਾ ਹੈ ; ਜਿਵੇਂ :—

ਵਿਆਹ-ਸ਼ਾਦੀਆਂ, ਮਰਨੇ-ਪਰਨੇ, ਰਸਮ-ਰਵਾਜ ਸਾਰਿਆਂ ਦੇ ਲਗਪਗ ਇੱਕੋ ਜਿਹੇ ਹਨ ।

(੫) ਦੋ ਜਾਂ ਬਹੁਤਿਆਂ ਇਕੋ ਜਿਹਾਂ ਉਪਵਾਕਾਂ ਨੂੰ ਜੋੜਨ ਲਈ ; ਜਿਵੇਂ —

ਉਹ ਪਿੰਡੋਂ ਸ਼ਹਿਰ ਗਿਆ, ਸ਼ਹਿਰੋਂ ਸਟੇਸ਼ਨ ਤੇ ਗਿਆ, ਹੁਣ ਸਟੇਸ਼ਨ ਤੋਂ ਪਿੰਡ ਜਾ ਰਿਹਾ ਹੈ ।

(੬) ਸਮਾਨ ਅਧਿਕਰਣ ਸ਼ਬਦਾਂ ਵਿੱਚ ; ਜਿਵੇਂ :—

"ਫ਼ਕੀਰ ਅਜ਼ੀਜ਼ ਦੀਨ ਦਾ ਪਿਤਾ, ਫ਼ਕੀਰ ਮੁਹੱਯੁਦੀਨ ਤਬੀਬ ਦੇ ਕੰਮ ਦਾ ਜਾਣੂ ਸੀ ।" ਸਾ੦ ਵਾ੦

(੭) ਜਦ ਇਕ ਵਾਕ ਦੇ ਵਿਚਕਾਰ ਦੂਜਾ ਵਾਕ ਆਏ, ਤਾਂ ਇਸ ਦੂਜੇ ਵਾਕ ਦੇ ਆਰੰਭ ਅਤੇ ਅੰਤ ਵਿੱਚ ਕਾਮੇ ਲਗਾਏ ਜਾਂਦੇ ਹਨ ; ਜਿਵੇਂ :—ਭੈਣ ਜੀ, ਗੁਸਾ ਨਾ ਕਰਨਾ, ਤੁਸਾਡੀ ਗੱਲ ਠੀਕ ਨਹੀਂ ਜਾਪਦੀ ।

(੮) ਜੇਕਰ ਦੋ ਪਦ 'ਅਤੇ' ਨਾਲ ਜੁੜੇ ਹੋਣ ਜਾਂ 'ਜਾਂ' ਨਾਲ ਜਾਂ 'ਨਾ—ਨਾ' ਨਾਲ, ਤਦ ਕਾਮਾ ਨਹੀਂ ਵਰਤਿਆ ਜਾਂਦਾ । ਉਦਾਹਰਣ :—

ਭਰੋਂ ਅਤੇ ਦੀਪਕ ਰਾਗ ਹਨ ।

ਖੇਡੋ ਜਾਂ ਪੜ੍ਹੋ, ਵਿਹਲੇ ਨਾ ਬੈਠੋ ।

ਅੱਜ ਨਾ ਠੰਡ ਹੈ ਨਾ ਗਰਮੀ ।

### (੨) ਬਿੰਦੀ ਵਾਲਾ ਕਾਮਾ

੬੫੬. ਜਿਹੜੇ ਉਪਵਾਕ ਵਿਆਕਰਣ ਦੇ ਅਨੁਸਾਰ ਸੁਤੰਤਰ ਹੋਣ, ਪਰ ਅਰਥ ਕਰਕੇ ਮੇਲ ਖਾਂਦੇ ਹੋਣ, ਉਨ੍ਹਾਂ ਨੂੰ ਬਿੰਦੀ ਵਾਲੇ ਕਾਮੇ ਨਾਲ ਨਿਖੇੜਿਆ ਜਾਂਦਾ ਹੈ ; ਜਿਵੇਂ :—

ਮੀਂਹ ਵਰ੍ਹ ਰਿਹਾ ਹੈ ; ਮੈਂ ਘਰ ਹੀ ਰਹਾਂਗਾ ।

ਉਦਾਹਰਣ ਦੇਣ ਵੇਲੇ ਜਿਵੇਂ, ਯਥਾ ਆਦਿ ਤੋਂ ਪਹਿਲਾਂ ਬਿੰਦੀ ਵਾਲਾ ਕਾਮਾ ਵਰਤਿਆ ਜਾਂਦਾ ਹੈ । ਉਦਾਹਰਣ :—

"ਇਕ ਅੱਖਰ ਜਾਂ ਇਕ ਤੋਂ ਵਧ ਅੱਖਰਾਂ ਦਾ ਸਮੂਹ, ਜਿਸ ਦਾ ਅਰਥ ਹੋਵੇ, ਸ਼ਬਦ ਕਹਾਉਂਦਾ ਹੈ ; ਜਿਵੇਂ :—ਚੰਦ, ਸੂਰਜ, ਕਲੀ ।"

### (੩) ਕੋਲਨ ਜਾਂ ਦੁਬਿੰਦੀ [ : ]

੬੫੭. ਦੁਬਿੰਦੀ ਦਾ ਠਰਾ ਡੰਡੀ ਦੇ ਅਟਕਾ ਤੋਂ ਦੂਜੇ ਦਰਜੇ ਤੇ ਹੈ । ਇਹ ਕਿਸੇ ਦੇ ਬਚਨ ਨੂੰ ਆਰੰਭ ਕਰਨ ਤੋਂ ਪਹਿਲਾਂ ਵਰਤੀ ਜਾਂਦੀ ਹੈ; ਜਿਵੇਂ :—

ਅੰਦਰੋਂ ਟੂੰਬਾਂ ਚੁਕ ਲਿਆਏ; ਕਹਿਣ ਲੱਗੇ: "ਪੁਤਰ, ਤੇਰੇ ਚਾਚੇ ਜੀ ਦਾ ਮਨੀ ਆਰਡਰ ਅਜੇ ਆਇਆ ਨਹੀਂ । ਤੂੰ ਇਹ ਗਹਿਣੇ ਕਿਤੇ ਰਖ ਕੇ ਰੁਪਈਆ ਚੁਕ ਲਿਆ । ਮੈਂ ਤੈਨੂੰ ਜਦੋਂ ਦਿਆਂਗੀ, ਤੂੰ ਛੁਡਾ ਲਿਆਵੀਂ ।"

Digitized by Panjab Digital Library | www.panjabdigilib.org

ਗੁਰੂ ਨਾਨਕ ਨੇ ਆਪਣੀ ਬਾਣੀ ਵਿੱਚ ਇਕ ਥਾਂ ਕਿਹਾ ਹੈ :—

"ਛਿਅ ਘਰ, ਛਿਅ ਗੁਰ, ਛਿਅ-ਉਪਦੇਸ਼,
ਗੁਰ ਗੁਰੁ ਏਕੋ, ਵੇਸ ਅਨੇਕ।"

(੪) ਡੰਡੀ [।], (੫) ਦੋਹਰੀ ਡੰਡੀ [॥]

੬੫੮. ਡੰਡੀ ਜਾਂ ਪੂਰਾ ਵਿਰਾਮ [।]—ਇਹ ਵਿਰਾਮ-ਚਿੰਨ੍ਹ ਉਸ ਵਾਕ ਦੇ ਅੰਤ ਵਿੱਚ ਵਰਤਿਆ ਜਾਂਦਾ ਹੈ, ਜਿਹੜਾ ਪ੍ਰਸ਼ਨਵਾਚਕ ਜਾਂ ਵਿਸਮੀ ਨਾ ਹੋਵੇ। ਡੰਡੀ ਸਭ ਤੋਂ ਵਧੇਰੇ ਅਟਕਾ ਦਾ ਬੋਧ ਕਰਾਉਂਦੀ ਹੈ।

**ਉਦਾਹਰਣ :—**

ਬਦਾਮਾਂ ਦੇ ਬੂਟਿਆਂ ਨੂੰ ਤਾਂ ਦਰਖਤ ਹੀ ਕਹਿਣਾ ਉਚਿਤ ਹੈ। ਇਹ ਆੜੂਆਂ ਦੇ ਬੂਟਿਆਂ ਨਾਲੋਂ ਭੀ ਉਚੇ ਹੁੰਦੇ ਹਨ।

ਜਿਵੇਂ ਪਹਿਲਾਂ ਦੱਸਿਆ ਗਿਆ ਹੈ, ਪੁਰਾਣੀਆਂ ਪੁਸਤਕਾਂ ਵਿੱਚ ਡੰਡੀ ਦੀ ਵਰਤੋਂ ਹੁੰਦੀ ਸੀ।

ਆਦਿ ਗ੍ਰੰਥ ਵਿੱਚ ਛੰਦ ਦੇ ਹਰ ਇਕ ਚਰਨ ਦੇ ਪਿੱਛੇ ਦੋਹਰੀ ਡੰਡੀ ਆਉਂਦੀ ਹੈ ਅਤੇ ਛੰਦ ਦੇ ਅੰਤ ਵਿੱਚ ਦੋਹਰੀ ਡੰਡੀ ਦੇ ਪਿੱਛੇ ਉਸ ਦਾ ਅੰਕ ਦਿਤਾ ਜਾਂਦਾ ਹੈ ਅਤੇ ਫੇਰ ਅੰਕ ਦੇ ਪਿੱਛੇ ਹੋਰ ਦੋਹਰੀ ਡੰਡੀ ਲਗਾਈ ਜਾਂਦੀ ਹੈ ; ਜਿਵੇਂ :—

ਵਾਉ ਸੰਦੇ ਕਪੜੇ ਪਹਿਰਹਿ ਗਰਬਿ ਗਵਾਰ ॥
ਨਾਨਕ ਨਾਲਿ ਨ ਚਲਨੀ ਜਲਿ ਬਲਿ ਹੋਏ ਛਾਰੁ ॥ ੨ ॥

ਪੁਰਾਣੀ ਵਾਰਤਕ ਵਿੱਚ ਵੀ ਦੋਹਰੀ ਡੰਡੀ ਦੀ ਵਰਤੋਂ ਮਿਲਦੀ ਹੈ। ਭਾਈ ਗੁਰਦਾਸ ਦੀਆਂ ਵਾਰਾਂ ਵਿੱਚ ਇਕਹਿਰੀ ਡੰਡੀ ਹੀ ਵਰਤੀ ਗਈ ਹੈ।

(੬) ਪ੍ਰਸ਼ਨ-ਚਿੰਨ੍ਹ

੬੫੯. (ਕ) ਪ੍ਰਸ਼ਨ-ਚਿੰਨ੍ਹ [?] ਉਨ੍ਹਾਂ ਵਾਕਾਂ ਦੇ ਅੰਤ ਵਿੱਚ ਆਉਂਦਾ ਹੈ, ਜਿਨ੍ਹਾਂ ਦੀ ਰਾਹੀਂ ਕੁਝ ਪੁਛਿਆ ਜਾਂਦਾ ਹੈ ; ਜਿਵੇਂ :—

ਤੈਨੂੰ ਕਿਥੋਂ ਪਤਾ ਲੱਗਾ ਹੈ ?
ਮੈਂ ਤੁਹਾਡੀ ਕੀ ਸੇਵਾ ਕਰਾਂ ?
ਪਾਂਧਾ ਕਿਹੜਾ ਪੁਛਦੇ ਹੋ ?
"ਕਿੱਧਰ ਸਿਧਾਰੇ ? ਪੀਆ ਹੋ ਗਏ ਕਿਨਾਰੇ ?
ਕਾਹਨੂੰ ਛਲੀ ਵਾਂਗ ਛਲਕੇ ਵਿਸਾਰਿਆ [ਪਿਆਰ ਨੂੰ ?

ਨਲ-ਦਮਿਅੰਤੀ—ਚਾਤ੍ਰਿਕ

ਕਦ ਬਣੀ ਦੁਨੀਆਂ ? ਕਿਸ ਬਣਾਈ ?

(ਖ) ਜਦ ਪ੍ਰਸ਼ਨ-ਵਾਕ ਅਧੀਨ ਉਪਵਾਕ ਹੁੰਦਾ ਹੈ, ਤਦ ਉਸ ਦੇ ਅੰਤ ਵਿੱਚ ਡੰਡੀ ਹੀ ਵਰਤੀ ਜਾਂਦੀ ਹੈ ; ਜਿਵੇਂ :—

ਅਸਾਂ ਨੂੰ ਨਹੀਂ ਮਲੂਮ, ਉਹ ਕਦ ਆਏਗਾ।

Digitized by Panjab Digital Library | www.panjabdigilib.org

(ਗ) ਸਦ ਹੁਕਮ ਦੇ ਰੂਪ ਵਿੱਚ ਪ੍ਰਸ਼ਨ ਹੋਏ, ਤਦ ਡੰਡੀ ਹੀ ਵਰਤੋਂ ਵਿੱਚ ਆਉਂਦੀ ਹੈ ; ਜਿਵੇਂ :—

"ਗੁਰੂ ਨਾਨਕ ਚਮਤਕਾਰ" ਦੇ ਲੇਖਕ ਦਾ ਨਾਂ ਦੱਸੋ।

## (੭) ਵਿਸਮੀ ਚਿੰਨ੍ਹ ( ! )

੬੬੦. ਵਿਸਮੀ ਚਿੰਨ੍ਹ ( ! ) ਇਨ੍ਹਾਂ ਥਾਂਵਾਂ ਤੇ ਵਰਤਿਆ ਜਾਂਦਾ ਹੈ :—

(੧) ਸੰਬੋਧਨ ਰੂਪ ਦੇ ਅੱਗੇ ; ਜਿਵੇਂ :—

ਆ ਧੀਆ ! ਸਿਆਲਾਂ ਦੀਏ !

ਰੱਬ ਦਿਆ ਬੰਦਿਆ ! ਜੋ ਹੋਣਾ ਸੀ, ਸੋ ਹੋ ਗਿਆ।

(੨) ਵਿਸਮਕ ਸ਼ਬਦ ਦੇ ਅੱਗੇ ; ਜਿਵੇਂ :—

ਹੈਂ ! ਹੈਂ ! ਹਾਏ ! ਹਾਏ ! ਵਾਹ ਵਾ ! ਵਾਹ ਵਾ ! ਸ਼ਾਵਾਸ਼ੇ ! ਤੌਬਾ ! ਤੌਬਾ !

(੩) ਮਨ ਦੇ ਵਿਕਾਰ, ਸ਼ੋਕ, ਪ੍ਰਸੰਨਤਾ, ਅਸਚਰਜ, ਡਰ ਆਦਿ ਨੂੰ ਪਰਗਟ ਕਰਨ ਵਾਲੇ ਵਾਕ ਦੇ ਅੰਤ ਵਿੱਚ ਇਹ ਚਿੰਨ੍ਹ ਲਗਾਇਆ ਜਾਂਦਾ ਹੈ ; ਜਿਵੇਂ :—

ਵਾਰਸ ਸ਼ਾਹ ਤੇ ਬੁਲ੍ਹੇ ਸ਼ਾਹ ਆਦਿ ਦੀ ਵਰਤੀ ਹੋਈ ਪੰਜਾਬੀ ਦਾ ਕੀ ਕਹਿਣਾ ਹੈ !

"ਹੁਣ ਮੈਂ ਪਰਦੇਸ ਵਿੱਚ ਮਰਾਂਗੀ ਤੇ ਮੇਰੀ ਮੰਜੀ ਬਿਗਾਨੇ ਚੁੱਕਣਗੇ ਤੇ ਮੇਰੀ ਕਬਰ ਬਿਗਾਨੀਆਂ ਕਬਰਾਂ ਵਿੱਚ ਹੋਵੇਗੀ !" —ਨਵਾਬ ਖ਼ਾਨ

ਹਾਏ ! ਹਾਏ ! ਅੱਜ ਅਸੀਂ ਅਜਿਹੇ ਭਗੌੜੇ ਹੋ ਗਏ ਹਾਂ ! —ਨਵਾਬ ਖ਼ਾਨ

## (੮) ਡੈਸ਼

੬੬੧. ਡੈਸ਼ (—) ਦੀ ਵਰਤੋਂ ਹੇਠ ਲਿਖਿਲਾਂ ਮੌਕਿਆਂ ਉੱਪਰ ਕੀਤੀ ਜਾਂਦੀ ਹੈ :—

(੧ ਸੂਚੀ ਜਾਂ ਫਹਿਰਿਸਤ ਦੇ ਪਹਿਲਾਂ ਜਾਂ ਪਿੱਛੋ—

ਕਹਾਣੀਆਂ ਹਰ ਕਿਸਮ ਦੀਆਂ—ਪਰੀਆਂ ਦੀਆਂ, ਭੂਤਨਿਆਂ ਦੀਆਂ, ਠੱਗਾਂ ਦੀਆਂ, ਤੇ ਸਭ ਤੋਂ ਸੁਹਣੀ ਓਸ ਮੋਹਿਣੀ ਸ਼ਾਹਜ਼ਾਦੀ ਦੀ ਕਹਾਣੀ ਜਿਹਦੇ ਮੂੰਹੋਂ ਫੁਲ ਕਿਰਦੇ ਸਨ।

(੨) ਉਦਾਹਰਣ ਦੇਣ ਵੇਲੇ—

ਜਿਹੜਾ ਵਿਕਾਰੀ ਸ਼ਬਦ ਕਿਸੇ ਜੀਵ ਦਾ, ਪਦਾਰਥ ਦਾ, ਗੁਣ, ਭਾਵ ਜਾਂ ਕਲਪਿਤ ਵਸਤ ਦਾ ਬੋਧ ਕਰਾਵੇ, ਉਸਨੂੰ ਨਾਂਵ ਆਖਦੇ ਹਨ ; ਜਿਵੇਂ—ਸੱਪ, ਪਿੱਪਲ, ਲਾਲੀ, ਜਾਦੂ ਆਦਿ।

(੩) ਗੱਲ ਨੂੰ ਖੋਲ੍ਹ ਕੇ ਦੱਸਣ ਲਈ—ਲੋਕਾਂ ਨੇ ਮਹਾਤਮਾ ਜੀ ਦਾ ਬੜੀ ਧੂਮ-ਧਾਮ ਨਾਲ—ਫੁੱਲਾਂ, ਹਾਰਾਂ, ਝੰਡੀਆਂ, ਜੈਕਾਰਿਆਂ ਅਤੇ ਵਾਜੇ-ਗਾਜੇ ਨਾਲ—ਸੁਆਗਤ ਕੀਤਾ।

Digitized by Panjab Digital Library | www.panjabdigilib.org

(੪) ਇਕ ਵਾਕ ਵਿੱਚ ਦੂਜਾ ਵਾਕ ਜੋੜਨ ਲਈ—

ਬੁੱਧਾਂ—ਉਹ! ਮੈਂ ਜਾ ਕੇ ਬਲਦ ਨੂੰ ਰਤਾ ਹਿੱਕਾਂ। ਨਖਸਮੇਂ ਦਾ—ਰਤਾ ਪਰ੍ਹੇ ਹਟੋ—ਝਟ ਖਲੋ ਜਾਂਦਾ ਹੈ। ਬੜਾ ਖਚਰਾ ਬਲਦ ਹੈ।

(੫) ਕਿਸੇ ਲੇਖ ਜਾਂ ਕਿਸੇ ਦੇ ਲਏ ਗਏ ਕਥਨ ਦੇ ਹੇਠ ਲੇਖਕ ਜਾਂ ਪੁਸਤਕ ਦੇ ਨਾਂ ਤੋਂ ਪਹਿਲਾਂ ਡੈਸ਼ ਲਗਾਇਆ ਜਾਂਦਾ ਹੈ; ਜਿਵੇਂ:—

" 'ਤੁਮ ਤੁਮ' ਕਹਿ ਇਕ ਦੂਜਾ ਕੋਸਣ, ਗੋਤੇ ਐਨੇ ਆਏ।
ਪਾਟੇ ਖ਼ਾਂ ਤੇ ਨਾਢੂ ਖ਼ਾਂ ਜੀ ਦੋਵੇਂ ਨਰਕ ਸਿਧਾਏ॥"

—ਸ. ਸ. ਚਰਨ ਸਿੰਘ 'ਸ਼ਹੀਦ'

### (੯) ਦੁਬਿੰਦੀ ਡੈਸ਼ (:—)

੬੬੨. ਇਸ ਚਿੰਨ੍ਹ ਦੀ ਵਰਤੋਂ ਇਨ੍ਹਾਂ ਥਾਂਵਾਂ ਤੇ ਹੁੰਦੀ ਹੈ:—

੧. ਕਿਸੇ ਲੇਖਕ ਦੇ ਮੂਲ ਵਚਨ ਉਤਾਰਨ ਤੋਂ ਪਹਿਲਾਂ; ਜਿਵੇਂ:—

ਇਹੋ ਜਿਹੇ ਪਿਆਰ-ਭਰੇ ਬਚਨ ਸਦਾ ਬੋਲਦੇ ਰਹੋ, ਜਿਹੋ ਜਿਹੇ ਗੁਰੂ ਅਰਜਨ ਸਾਹਿਬ ਹੇਠ-ਲਿਖੇ ਸ਼ਬਦ ਦੀ ਰਾਹੀਂ ਉਚਾਰਦੇ ਹਨ:—

"ਬਿਸਰ ਗਈ ਸਭ ਤਾਤ ਪਰਾਈ॥
ਜਬ ਤੇ ਸਾਧ ਸੰਗਤਿ ਮੋਹਿ ਪਾਈ॥
ਨਾ ਕੋ ਬੈਰੀ ਨਾਹਿ ਬਿਗਾਨਾ;
ਸਗਲ ਸੰਗਿ ਹਮ ਕਉ ਬਨਿ ਆਈ॥"

ਚੋਣਵੀਂ ਪੰਜਾਬੀ ਵਾਰਤਕ, ਸਫ਼ਾ ੧੪੬

੨. ਕਿਸੇ ਦੇ ਆਖੇ ਹੋਏ ਸ਼ਬਦ ਅਰੰਭ ਕਰਨ ਤੋਂ ਪਹਿਲਾਂ; ਜਿਵੇਂ:—

ਇਕ ਨੇ ਆਖਿਆ:—"ਮੇਰੇ ਮੁੰਡੇ ਦਾ ਵਿਆਹ ਸੀ, ਮੈਂ ਬੋਧੇ ਕੋਲੋਂ ਕੁਝ ਰੁਪਈਏ ਮੰਗੇ।"

### (੧੦) ਛੁੱਟ ਮਰੋੜੀ ( ' )

੬੬੩. ਜਿਹੜੀਆਂ ਧੁਨੀਆਂ (ਅਵਾਜ਼ਾਂ) ਆਮ ਬੋਲਣ ਅਤੇ ਲਿਖਣ ਵਿੱਚ ਆਉਂਦੀਆਂ ਹਨ, ਜੇਕਰ ਉਨ੍ਹਾਂ ਨੂੰ ਦਬਾ ਦਿਤਾ ਜਾਏ, ਤਾਂ ਉਨ੍ਹਾਂ ਦੀ ਥਾਂ ਉਪਰਲਾ ਕਾਮਾ ਲਿਖਿਆ ਜਾਂਦਾ ਹੈ; ਜਿਵੇਂ 'ਕੱਲੀ (=ਇਕੱਲੀ), 'ਮੋਲੀ (=ਅਮੋਲੀ), 'ਰੰਭ (=ਅਰੰਭ ਜਾਂ ਆਰੰਭ), 'ਧਿਰਾਜ (=ਅਧਿਰਾਜ)।

"ਮੈਂ ਆਖਦੀ ਆਂ "ਏਸ ਸਪੋਹਟੇ ਦੇ ਫੇਰ 'ਚੋਂ (=ਵਿੱਚੋਂ) ਨਿਕਲ।"

—ਕਣਕ ਦੀ ਬੱਲੀ।

ਕੀ ਕਰਦਾ ਸੀ ਤਵੇਲੇ 'ਚ (=ਵਿੱਚ)? —ਕਣਕ ਦੀ ਬੱਲੀ।

### (੧੧) ਪੁੱਠੇ ਕਾਮੇ (' ')

੬੬੪. ਇਹ ਕਾਮੇ ਇਨ੍ਹਾਂ ਥਾਂਵਾਂ ਤੇ ਵਰਤੇ ਜਾਂਦੇ ਹਨ:—

੧. ਕਿਸੇ ਲੇਖਕ ਦੇ ਵਾਕ ਜਾਂ ਕਿਸੇ ਦੀ ਗੱਲ-ਬਾਤ ਓਵੇਂ ਦੀ ਓਵੇਂ ਲਿਖਣ ਲੱਗੇ; ਜਿਵੇਂ:—

Digitized by Panjab Digital Library | www.panjabdigilib.org

ਸਾਹਿਬ ਤਾਂ ਫਰਮਾਉਂਦੇ ਹਨ ਕਿ "ਜੇ ਤਉ ਪ੍ਰਿਅ ਦੀ ਸਿਕ ਹਿਆਉ ਨਾ ਫਾਹੀ ਕਹੀ ਦਾ ॥" ਭੂਮਕਾ, ਆਸਾ ਦੀ ਵਾਰ, ਸ੦ ੧੪

ਸੁਕਰਾਤ ਨੇ ਪੁਛਿਆ, 'ਆਪ ਨੂੰ ਪਤਾ ਹੈ ਕਿ ਸਾਡੀ ਸਰਹੱਦ ਉਤੇ ਕਿਨੇ ਝਾਕੇ ਪਏ ਹਨ ?'

ਉਸ ਨੇ ਕਿਹਾ, 'ਮੈਨੂੰ ਆਪਣੇ ਵਪਾਰ ਤੋਂ ਕਿੱਥੋਂ ਵਿਹਲ ਕਿ ਇਹ ਗੱਲਾਂ ਪੜ੍ਹ ਸਕਾਂ ?'

੨. ਜਦ ਕੋਈ ਸ਼ਬਦ ਜਾਂ ਅੱਖਰ ਜਾਂ ਵਰਣ ਸ਼ਬਦ, ਅਖਰ ਜਾਂ ਵਰਣ ਵਾਂਗ ਵਰਤਿਆ ਜਾਂਦਾ ਹੈ, ਤਦ ਵੀ ਪੁੱਠੇ ਕਾਮੇ ਕੰਮ ਆਉਂਦੇ ਹਨ ; ਜਿਵੇਂ :—

ਪਿੰਡਾ ਤਾਪ ਨਾਲ ਭਖਦਾ ਹੈ—ਏਥੇ 'ਪਿੰਡਾ' ਉਦੇਸ਼ ਹੈ ।

'ਏ' ਦਾ ਉਚਾਰਣ ਕਰਨ ਲੱਗੇ ਜੀਭ ਕੁਝ ਨੀਵੀਂ ਹੋ ਜਾਂਦੀ ਹੈ ।

'ਕ੍' ਵਿਅੰਜਨ ਹੈ ।

## (੧੨) ਜੋੜਨੀ ( - )

੬੬੫. ਜੋੜਨੀ ( - ) ਇਹ ਡੈਸ਼ ਨਾਲੋਂ ਛੋਟੀ ਹੁੰਦੀ ਹੈ । ਜਦ ਸਮਾਸੀ ਪਦ ਦੇ ਸ਼ਬਦ ਮਿਲੇ ਨਾ ਹੋਣ, ਤਦ ਉਨ੍ਹਾਂ ਨੂੰ ਮਿਲਾਣ ਲਈ **ਜੋੜਨੀ** ਵਰਤੀ ਜਾਂਦੀ ਹੈ ; ਜਿਵੇਂ :—ਘੋੜ-ਚੜ੍ਹੇ, ਘਰ-ਘਾਟ, ਪਾਠ-ਸ਼ਾਲਾ ।

## (੧੩) ਬ੍ਰੈਕਟਾਂ ਜਾਂ ਕਮਾਣੀਆਂ {[( )]}

੬੬੬. ਬ੍ਰੈਕਟਾਂ ਤਿੰਨ ਤਰ੍ਹਾਂ ਦੀਆਂ ਹਨ :—

( ), [ ] ਅਤੇ { } ।

ਇਹ ਹੇਠ ਲਿਖਿਆਂ ਟਿਕਾਣਿਆਂ ਤੇ ਵਰਤੀਆਂ ਜਾਂਦੀਆਂ ਹਨ :—

(੧) ਜਦ ਕਿਸੇ ਸ਼ਬਦ ਦਾ ਅਰਥ ਦਸਣਾ ਹੋਏ, ਤਾਂ ਉਹ ਉਸ ਸ਼ਬਦ ਦੇ ਪਿੱਛੇ ਬ੍ਰੈਕਟ ਵਿੱਚ ਦਸਿਆ ਜਾਂਦਾ ਹੈ ; ਜਿਵੇਂ :—

"ਸ਼ਾਮ ਨੂੰ ਲੰਦਨ ਵਿੱਚ ਤਮਾਸ਼ੇ-ਘਰਾਂ ਦੇ ਮੂਹਰੇ ਆਮ ਕਰਕੇ ਭੀੜ ਨਹੀਂ ਹੁੰਦੀ, ਬਲਕਿ ਭੀੜ ਦੀ ਥਾਂ ਇਕ ਇਕ ਜਾਂ ਦੋ ਦੋ ਦੀ ਪਾਲ ਬੱਝੀ ਖਲੋਤੀ ਹੁੰਦੀ ਹੈ, ਜਿਸ ਨੂੰ ਕਯੂ (ਅਰਥਾਤ ਪੂਛ) ਆਖਦੇ ਹਨ ।" —ਸਾਹਿਤ ਵਾੜੀ, ਸ੦ ੬੫

੨. ਮੂਲ ਕਥਨ ਨੂੰ ਸਪਸ਼ਟ ਕਰਨ ਲਈ ਜੋ ਸ਼ਬਦ ਵਧਾਉਣੇ ਪੈਂਦੇ ਹਨ, ਉਹ ਬ੍ਰੈਕਟਾਂ ਵਿੱਚ ਲਿਖੇ ਜਾਂਦੇ ਹਨ ; ਜਿਵੇਂ :—ਦੱਖਣੀ ਇਲਾਕੇ ਦਾ ਹਰਜੀਤ ਸਿੰਘ (ਕਰਤਾ 'ਨੈਂ ਝਨਾਂ') ਉਹੋ ਜਿਹੀ ਪੰਜਾਬੀ ਵਰਤਦਾ ਹੈ, ਜਿਹੜੀ ਗੁਰਦਾਸ ਪੁਰ ਦਾ ਆਈ. ਸੀ. ਨੰਦਾ ।

## (੧੪) ਸੰਖੇਪ-ਚਿੰਨ੍ਹ [. ਜਾਂ :]

੬੬੭. ਸੰਖੇਪ ਚਿੰਨ੍ਹ ਸ਼ਬਦਾਂ ਨੂੰ ਸੰਖੇਪ ਨਾਲ ਲਿਖਣ ਦੇ ਕੰਮ ਆਉਂਦਾ ਹੈ; ਜਿਵੇਂ :—

ਪ੍ਰੋ: ਆਈ. ਸੀ. ਨੰਦਾ, ਸ੍ਰੋ: ਗੁ: ਪ੍ਰ: ਕਮੇਟੀ, ਡਾ: ਕਿਸ਼ਨ ਸਿੰਘ, ਭਾ: ਮਨੀ ਸਿੰਘ, ਬਾਃ ਪ੍ਰੇਮ ਸਿੰਘ, ਬਾਰ੍ਹਵੀਂ ਸਦੀ ਈ: ਦਾ ਲਿਖਾਰੀ ਬਾਬਾ ਫਰੀਦ ।

੬੬੮. ਪੰਗਤੀ ਦੇ ਅੰਤ ਵਿੱਚ ਜੇ ਕਿਸੇ ਸ਼ਬਦ ਨੂੰ ਤੋੜਨਾ ਪਏ, ਤਾਂ ਉਸ ਨੂੰ ਹੇਠ ਲਿਖੇ ਨਿਯਮਾਂ ਅਨੁਸਾਰ ਤੋੜਨਾ ਚਾਹੀਦਾ ਹੈ :—

Digitized by Panjab Digital Library | www.panjabdigilib.org

(੧) ਜੇ ਸਮਾਸੀ ਪਦ ਨੂੰ ਤੋੜਨਾ ਪਏ, ਤਾਂ ਉਸ ਦੇ ਖੰਡ [ਜਾਂ ਅੰਗ] ਨਿਖੇੜਨੇ ਚਾਹੀਦੇ ਹਨ ; ਜਿਵੇਂ :—

| | | |
|---|---|---|
| ਧਰਮ- | ਖਟ- | ਰੇਲ- |
| ਸਾਲਾ | ਮਿੱਠਾ | ਗੱਡੀ |

ਪੰਗਤੀ ਦੇ ਅੰਤ ਵਿੱਚ 'ਧਰ-' ਏਨਾ ਹੀ ਲਿਖ ਕੇ ਦੂਜੀ ਪੰਗਤੀ ਦੇ ਅਰੰਭ ਵਿੱਚ 'ਮਸਾਲਾ' ਲਿਖਣਾ ਠੀਕ ਨਹੀਂ ਕਿਉਂ ਜੋ 'ਧਰਮ-ਸਾਲਾ' ਦੇ 'ਧਰਮ' ਅਤੇ 'ਸਾਲਾ' ਇਹੋ ਦੋ ਖੰਡ ਹਨ ।

(੨) ਸ਼ਬਦ ਨੂੰ ਤੋੜਨ ਲੱਗੇ ਅਗੇਤਰ ਅਤੇ ਧਾਤੂ ਆਦਿ ਨੂੰ ਅਤੇ ਪ੍ਰਾਤਿਪਦਿਕ ਆਦਿ ਤੇ ਪਿਛੇਤਰ ਨੂੰ ਨਿਖੇੜਨਾ ਚਾਹੀਦਾ ਹੈ ; ਜਿਵੇਂ :—

| | |
|---|---|
| ਨਿਰ- | ਫੌਲ- |
| ਮਲ | ਣੀ |

(੩) ਜੇ ਸ਼ਬਦ ਦੋ-ਅੱਖਰਾ ਜਾਂ ਤਿੰਨ-ਅਖਰਾ ਹੋਵੇ, ਤਾਂ ਉਸ ਦੇ ਪੂਰੇ ਅੱਖਰ ਨਿਖੇੜਨੇ ਚਾਹੀਦੇ ਹਨ, ਕਿਸੇ ਅੱਖਤ ਨੂੰ ਨਹੀਂ ਤੋੜਨਾ ਚਾਹੀਦਾ ; ਜਿਵੇਂ :—

| | | |
|---|---|---|
| ਜਵਾ- | ਕਰਾ- | ਬਿਜ- |
| ਈ | ਇਆ | ਲੀ |

੬੬੯. ਉਪਰ ਦਸੇ ਵਿਰਾਮ-ਚਿੰਨ੍ਹਾਂ ਤੋਂ ਵਾਧੂ ਇਹ ਹੋਰ ਚਿੰਨ੍ਹ ਵੀ ਵਰਤੋਂ ਵਿੱਚ ਆਉਂਦੇ ਹਨ :—

..................ਜਾਂ × × × × ਬੇਲੋੜੇ, ਛੱਡੇ ਗਏ ਸ਼ਬਦਾਂ ਜਾਂ ਲੇਖ-ਭਾਗ ਲਈ ਵਰਤਿਆ ਜਾਂਦਾ ਹੈ।

<ਉਤਪੱਤੀ ਦੱਸਣ ਵਾਲਾ ਚਿੰਨ੍ਹ ; ਜਿਵੇਂ :—ਪੰ० ਸੱਪ <सं० सर्पः ।

>ਵਿਕਾਸ ਦੱਸਣ ਵਾਲਾ ਚਿੰਨ੍ਹ ; ਜਿਵੇਂ :—सं० दृष्ट- > प्रा० दिट्ठओ > अप० दिट्ठउ > ਪੰ० ਡਿੱਠਾ ।

√ ਧਾਤੂ ਦਾ ਚਿੰਨ੍ਹ ਹੈ ; ਜਿਵੇਂ :—√ਹੋ, √ਆ, √ਛੱਡ ।

= ਸਮਾਨ ਜਾਂ ਬਰਾਬਰ ਹੋਣ ਦਾ ਬੋਧ ਕਰਾਉਂਦਾ ਹੈ ।

—ਲੀਕ—ਖਾਸ ਜ਼ੋਰ ਪਾਉਣ ਲਈ ਸ਼ਬਦਾਂ ਦੇ ਹੇਠ ਵਾਹੀ ਜਾਂਦੀ ਹੈ; ਜਿਵੇਂ:-

**ਜੇ ਸਾਰੀ ਰਕਮ ਮਹੀਨੇ ਦੇ ਅੰਦਰ ਨਾ ਤਾਰੀ ਗਈ**, ਤਾਂ ਮੈਨੂੰ ਅਦਾਲਤ ਜਾਣਾ ਪਏਗਾ ਅਤੇ ਹਰਜੇ-ਖਰਚੇ ਦੇ ਜ਼ਿਮੇਵਾਰ ਤੁਸੀਂ ਹੋਓਗੇ ।

[∧] ਇਹ ਚਿੰਨ੍ਹ ਭੁਲ ਨਾਲ ਰਹਿ ਗਏ ਸ਼ਬਦ ਦੀ ਜਗ੍ਹਾਂ ਹੇਠਾਂ ਲਗਾਇਆ ਜਾਂਦਾ ਹੈ ਅਤੇ ਸ਼ਬਦ ਉਪਰ ਜਾਂ ਹਾਸ਼ੀਏ ਤੇ ਲਿਖਿਆ ਜਾਂਦਾ ਹੈ ; ਜਿਵੇਂ :—

ਦੋ
ਘਰੋਂ ਇਕ ਦਰੀ, ਇਕ ਖੇਸ ਅਤੇ ∧ ਚਾਦਰਾਂ ਲੈ ਆਓ ।

× + ‡ † —ਇਹ ਚਿੰਨ੍ਹ ਪਾਦ-ਟੀਕਾ (ਫੁਟ ਨੋਟ) ਲਿਖਣ ਲਈ ਵਰਤੇ ਜਾਂਦੇ ਹਨ । ਜਿਸ ਸ਼ਬਦ ਜਾਂ ਵਾਕ ਦੀ ਟੀਕ ਕਰਨੀ ਹੋਏ, ਉਸ ਦੇ ਅੱਗੇ ਇਨ੍ਹਾਂ ਵਿੱਚੋਂ ਇਕ ਚਿੰਨ੍ਹ ਲਾਇਆ ਜਾਂਦਾ ਹੈ ਅਤੇ ਸਫ਼ੇ ਦੇ ਹੇਠ ਟੀਕਾ ਕੀਤੀ ਜਾਂਦੀ ਹੈ ।

Digitized by Panjab Digital Library | www.panjabdigilib.org

# ਪਾਰਿਭਾਸ਼ਿਕ ਸ਼ਬਦਾਂ ਦੀ ਸੂਚੀ

## ਪੰਜਾਬੀ––ਅੰਗ੍ਰੇਜ਼ੀ

### ਅ

ਅਸਾਧ ਕ੍ਰਿਆ-ਵਿਸ਼ੇਸ਼ਣ (Indeclinable adverbs)

ਅਕਰਮਕ ਕ੍ਰਿਆ (Intransitive verb

ਅੰਕ (Number)

ਅੱਖਰ (Syllable)

ਅੱਖਰ-ਵੰਡ (Syllabification)

ਅਗਲਾ ਸ੍ਵਰ (Front vowel)

ਅਗੇਤਰ (Prefix)

ਅਘੋਸ਼ (Unvoiced, hard)

ਅਘੋਸ਼ ਮਹਾਂਪ੍ਰਾਣ (Hard aspirate)

ਅੰਦਰਲੀ ਸੰਧੀ (Internal Sandhi)

ਅੱਧਕ (=ਅਧਿਕ) Sign of reduplication of consonant)

ਅਧਿਕਤਮ ਅਵਸਥਾ (Superlative degree)

ਅਧਿਕਤਰ ਅਵਸਥਾ (Comparative degree)

ਅਧਿਕਰਣ (Locative)

ਅਪੂਰਣ ਸਕਰਮਕ ਕ੍ਰਿਆ (Factitive verb)

ਅਪੂਰਣ ਸੰਬੰਧਕ (Incomplete postpositions)

ਅਪੂਰਣ ਸ਼ਰਤੀ (Imperfect conditional)

ਅਪੂਰਣ ਭੂਤ (Past imperfect)

ਅਰਥ (Mood)

ਅਧਿਕਾਰ (Government)

ਅਧੀਨ ਜੋੜਕ (Subordinate Conjunction)

ਅੱਨ ਪੁਰਖ (Third person)

ਅਨਿਸਚਿਤ ਸੰਖਿਆਕ ਵਿਸ਼ੇਸ਼ਣ (Indefinite numeral)

ਅਨਿਸਚਿਤ ਸਰਬਨਾਂਵ (Indefinite pronoun)

ਅਨਿਸਚਿਤ ਭੂਤ (Indefinite past)

ਅਨੁਸੰਬੰਧ (Antecedent)

ਅਨੁਨਾਸਿਕ (Nasal)

ਅਨੁਬੱਧ ਕ੍ਰਿਆ-ਵਿਸ਼ੇਸ਼ਣ (Adverbs of emphasis)

ਅਪਰਧਾਨ ਕਰਮ (Indirect object)

ਅਪਾਦਾਨ (Ablative)

ਅਪੂਰਣ ਅਕਰਮਕ ਕ੍ਰਿਆ (Intransitive verb of incomplete predication)

ਅਰਧ ਸ੍ਵਰ (Semivowel)

ਅਲਪਪ੍ਰਾਣ (Unaspirated)

ਅਵਿਕਾਰੀ (Indeclinable)

ਅੱਵੈ (Indeclinable)

ਆਗਮ (Insertion)

ਆਗਿਆਰਥ (Imperative mood)

ਆਦੇਸ਼ (Substitution)

### ਇ

ਇਸਤ੍ਰੀ ਲਿੰਗ (Feminine gender)

ਇਕ-ਅਖਰਾ ਸ਼ਬਦ (Monosyllabic word)

ਇਕਹਿਰਾ ਵਿਅੰਜਨ (Single consonant)

ਇਕ ਵਚਨ (Singular)

Digitized by Panjab Digital Library | www.panjabdigilib.org

## ਉ

ਉਤਪਤੀ (Derivation)
ਉੱਤਮ ਪੁਰਖ (First person)
ਉਦੇਸ਼ (Subject)
ਉਦੇਸ਼-ਪੂਰਕ (Subjective complement)
ਉਪਸਰਗ (Preverb)
ਉਪਾਂਤ ਅੱਖਰ (Penultimate syllable)

## ਊ

ਊਸ਼ਮ (Sibilant)

## ਸ

ਸਹਾਇਕ ਕ੍ਰਿਆ (Auxiliary verb)
ਸਕਰਮਕ ਕ੍ਰਿਆ (Transitive verb)
ਸੰਕੁਚਿਤ ਵਾਕ (Contracted Sentence)
ਸੰਕੇਤਾਰਥ (Conditional mood)
ਸੰਖਿਅਕ ਵਿਸ਼ੇਸ਼ਣ (Numeral adjective)
ਸਜਾਤੀ ਕਰਮ (Cognate object)
ਸੰਦਿਗਧ ਭੂਤਕਾਲ (Dubitative past)
ਸੰਦਿਗਧ ਵਰਤਮਾਨ (Dubitative present)
ਸੰਦੇਹਾਰਥ (Doubt-expressing mood)
ਸੰਧੀ (Coalescence of sounds)
ਸੰਪ੍ਰਦਾਨ (Dative)
ਸ਼ਬਦ (Word)
ਸ਼ਬਦ-ਜੋੜ (Spelling)
ਸ਼ਬਦ-ਬੋਧ (Etymology)
ਸ਼ਬਦ-ਭੰਡਾਰ (Vocabulary)
ਸੰਬੰਧਕ (Postposition)
ਸੰਬੰਧਕੀ ਰੂਪ (Oblique form)
ਸੰਬੰਧ-ਬੋਧਕ ਸੰਬੋਧਕ (ਦਾ etc.) (Genitive postpositions)
ਸੰਬੰਧ-ਬੋਧਕ ਵਾਕ-ਅੰਸ਼ (Genitive phrase)
ਸੰਬੰਧ-ਵਾਚਕ ਸਰਬਨਾਂਵ (Relative pronoun
ਸੰਬੰਧ-ਵਾਚਕ ਕ੍ਰਿਆ-ਵਿਸ਼ੇਸ਼ਣ (Relative adverb
ਸੰਬੋਧਨ (Vocative)
ਸੰਭਾਵਨਾਰਥ (Conjunctive mood)
ਸੰਭਾਵ ਭਵਿੱਖਤ (Future conjunctive)
ਸੰਭਾਵ ਭੂਤ (Contingent perfect)
ਸੰਭਾਵ ਵਰਤਮਾਨ (Contingent imperfect)
ਸਮਮੂਲਕ ਭਿੰਨਾਰਥਕ (ਜੋੜੇ) (Doublets)
ਸਮਾਸ (Composition of words)
ਸਮਾਸੀ ਪਦ (Compound word)
ਸਮਾਨ ਅਵਸਥਾ (Positive degree)
ਸਮਾਨ ਯੋਜਕ (Co-ordinative conjunction)
ਸਮੀਪੀ ਭੂਤਕਾਲ (Present perfect)
ਸਮੂਹਤਾ-ਬੋਧਕ ਅੰਕ (Aggregate numbers)
ਸਮੁੱਚੀ (Cumulative)
ਸੰਯੁਕਤ ਕ੍ਰਿਆ (Compound verb)
ਸੰਯੁਕਤ ਵਾਕ (Compound sentence)
ਸੰਯੁਕਤ ਵਿਅੰਜਨ (Conjunct consonants)
ਸ਼ਰਤੀ ਭੂਤਕਾਲ (Conditional past)
ਸਰਬਨਾਂਵ (Pronoun)
ਸਰਬਨਾਂਵੀ ਵਿਸ਼ੇਸ਼ਣ (Pronominal adjective)
ਸਾਧਾਰਣ ਰੂਪ (Direct-case-forms)
ਸਾਧਾਰਣ ਭਵਿੱਖਤ (Simple future)
ਸਾਧਾਰਣ ਵਾਕ (Simple sentence)
ਸਾਧਿਤ ਸ਼ਬਦ (Derivative)
ਸਾਧਿਤ ਕ੍ਰਿਆ-ਵਿਸ਼ੇਸ਼ਣ (Derived adverb)
ਸਾਧਿਤ ਧਾਤੂ (Derivative roots, secondary roots)
ਸਾਨੁਨਾਸਿਕ ਸੂਰ (Nasalised vowes)।

Digitized by Panjab Digital Library | www.panjabdigilib.org

ਸੁਤੰਤਰ ਰਚਨਾ (Absolute construction)
ਸ਼ੁੱਧ ਕਾਲ (Simple tenses)
ਸ਼ੁੱਧ ਰੂਪ Simple (radical forms)
ਸੁਰ ਵਾਲੇ ਸ਼ਪਰਸ਼ (Stops with low-rising or high-falling tone)
ਸ੍ਵਰ (Vowel)
ਸ੍ਵਰਾਂਤ ਅੱਖਰ (Open syllable)
ਸੂਚਕ (Indicative mood)

## ਹ

ਹਾਂ-ਵਾਚਕ ਵਾਕ (Affirmative sentence)
ਹ੍ਰਸ੍ਵ ਸ੍ਵਰ (Short vowel)

## ਕ

ਕਰਣ (Instrumental)
ਕਰਤਾ (Agent)
ਕਰਤ੍ਰੀਵਾਚ (Active voice)
ਕਰਮ-ਧਾਰੇ (Descriptive compound)
ਕਰਮ-ਪੂਰਕ (Objective complement)
ਕਰਮਵਾਚ (Passive voice)
ਕਾਮਾ (Comma)
ਕਾਰਕ (Cases excluding genitive and vocative
ਕਾਰਣ-ਕਾਰਜ-ਬੋਧਕ (Illative)
ਕਾਰਦੰਤਕ (Declinable and indeclinable verbal derivatives)
ਕਾਰਦੰਤਕੀ ਪਿਛੇਤਰ (Primary suffixes)
ਕਾਲ (Tense)
ਕ੍ਰਮ-ਵਾਚਕ (Ordinals)
ਕ੍ਰਿਆ (Verb)
ਕ੍ਰਿਆਪਦ (Finite verb)
ਕ੍ਰਿਆ ਦਾ ਰੂਪਾਂਤਰ (Conjugation)
ਕ੍ਰਿਆ-ਵਿਸ਼ੇਸ਼ਣ (Adverb)
ਕ੍ਰਿਆ-ਵਿਭਕਤੀ (Verbal ending)

## ਖ

ਖਾਸ ਨਾਂਵ (Proper noun)
ਖੁੱਲ੍ਹਾ ਅੱਖਰ (Open syllable) (ਸ੍ਵਰਾਂਤ ਅੱਖਰ)

## ਗ

ਗਿਣਤੀ-ਵਾਚਕ (Cardinals)
ਗੁਣ-ਵਾਚਕ ਵਿਸ਼ੇਸ਼ਣ (Adjectives of quality)
ਗੁਣਾ-ਵਾਚਕ (Multiplicative)

## ਘ, ਛ

ਘੋਸ਼ (Voiced)
ਛੁਟ ਮਰੋੜੀ (Apostrophe)
ਛੋਟਾ ਰੂਪ (Unenlarged form)

## ਜ, ਟ

ਜਾਤੀ ਨਾਂਵ (Common noun)
ਟਿੱਪੀ (Symbol for nasal sound)

## ਡ

ਡੈਸ਼ (Dash)

## ਤ

ਤਤਪੁਰਖ (Dependent determinatives)
ਤੱਧਿਤ (Secondary suffixes)
ਤੁਲਨਾ (Comparison)

Digitized by Panjab Digital Library | www.panjabdigilib.org

## ਦ

ਦੀਰਘ ਸ੍ਵਰ (Long vowel)
ਦੁਹਰੇ ਸ਼ਬਦ (Reduplicated words)
ਦੁਕਰਮਕ ਕ੍ਰਿਆ (Verb taking two objects)
ਦੁੱਤ ਵਿਅੰਜਨ (Double consonant)
ਦੁਬਾਜਰੇ ਸੰਬੰਧਕ (Mixed post positions)
ਦੁਬਿੰਦੀ (Colon)
ਦੋ-ਅਖਰਾ ਸ਼ਬਦ (Dis-syllabic word)
ਦੋਗਲੇ ਸਮਾਸੀ ਪਦ (Hybrid compound words)

## ਧ

ਧਾਤੂ (Verbal root)
ਧੁਨਿਆਤਮਕ ਸ਼ਬਦ (Onomatopoetic words, echo words))
ਧੁਨੀ (Sound)
ਧੁਨੀ-ਵਟਾਂਦਰਾ (Change of sound)

## ਨ

ਨਾਸਕੀ (Nasal)
ਨਾਂਹ-ਵਾਚਕ ਵਾਕ (Negative sentence)
ਨਾਂਵ (Noun)
ਨਾਂਵ-ਧਾਤੂ (Denominative root)
ਨਾਂਵ-ਬੋਧਕ ਸੰਯੁਕਤ ਕ੍ਰਿਆ (Compound verbs formed with nouns)
ਨਿਸ਼ਚੇਵਾਚਕ ਸਰਬਨਾਂਵ (Demonstrative pronoun)
ਨਿਸ਼ਚੇਵਾਚਕ ਕ੍ਰਿਆਵਿਸ਼ੇਸ਼ਣ (Demonstrative adverb)
ਨਿਸ਼ਚੇਵਾਚਕ ਵਿਸ਼ੇਸ਼ਣ (Demonstrative adjective)
ਨਿਜਵਾਚਕ ਸਰਬਨਾਂਵ (Reflexive pronoun)

## ਪ

ਪਦ (Inflected word)
ਪਦ-ਵੰਡ (Parsing)
ਪਦਾਰਥ-ਵਾਚਕ ਨਾਂਵ (Concrete noun)
ਪਰਧਾਨ ਕਰਮ (Direct object)
ਪਿਛਲਾ ਸ੍ਵਰ (Back-vowel)
ਪਿਛੇਤਰ (Suffix)
ਪੁਠੇ ਕਾਮੇ (Inverted commas)
ਪੁਨਰੁਕਤ ਸੰਯੁਕਤ ਕ੍ਰਿਆ (Repetitive compound verbs)
ਪੁਰਖਵਾਚਕ ਸਰਬਨਾਂਵ (Personal pronoun)
ਪੁਰਖਾਇ-ਬੋਧਕ ਰੂਪ (Personal forms)
ਪੁਲਿੰਗ (Masculine)
ਪੂਰਕ (Complement)
ਪੂਰਣ ਅੰਕ ਬੋਧਕ (Cardinals)
ਪੂਰਣ ਸੰਬੰਧਕ (Complete postposition)
ਪੂਰਣ ਸ਼ਰਤੀ (Conditional perfect)
ਪੂਰਣ ਭੂਤ ਕਾਲ (Past perfect)
ਪੂਰਬ ਪੂਰਣ ਕਾਰਦੰਤਕ (Indeclinable participle or Conjunctive participle)
ਪ੍ਰਸ਼ਨਵਾਚਕ ਸਰਬਨਾਂਵ (Interrogative pronoun)
ਪ੍ਰਸ਼ਨਵਾਚਕ ਕ੍ਰਿਆ-ਵਿਸ਼ੇਸ਼ਣ (Interrogative adverb)
ਪ੍ਰਾਤਿਪਦਿਕ (Nominal stem)
ਪ੍ਰੇਰਣਾਰਥਕ (Causative or causal)

Digitized by Panjab Digital Library | www.panjabdigilib.org

ਬ

ਬਹੁ-ਅੱਖਰਾ ਸ਼ਬਦ (Poly-syllabic word)
ਬਹੁਵਚਨ (Plural)
ਬਹੁਵ੍ਰੀਹਿ (Possessive compound)
ਬੰਦ ਅੱਖਰ (Closed syllable)
ਬਲ (Accent, stress)
ਬਾਹਰਲੀ ਸੰਧੀ (External Sandhi)
ਬਿੰਦੀ (Symbol for nasal sound)
ਬੋਲੀ (Dialect)

ਭ

ਭਵਿਖਤ ਕਾਲ (Future tense)
ਭਾਸ਼ਾ (Languge)
ਭਾਵ-ਵਾਚ (Impersonal voice)
ਭਾਵ-ਵਾਚਕ ਨਾਂਵ (Abstract noun)
ਭਾਵਾਰਥ (Verbal noun, gerund)
ਭੂਤ ਕਾਰਦੰਤਕ (Past participle)
ਭੂਤ ਕਾਲ (Past tense)

ਮ

ਮਹਾਪ੍ਰਾਣ (Aspirate)
ਮੱਧਮ ਪੁਰਖ (Second person)
ਮਿਸ਼ਰਿਤ ਵਾਕ (Complex sentence)
ਮਿਣਤੀ-ਵਾਚਕ ਵਿਸ਼ੇਸ਼ਣ (Quantitative adjective)
ਮਿਲਾਊਣੀ ਕਾਲ (Compound or periphrastic tenses)
ਮੂਲ ਸ਼ਬਦ (Primary word)
ਮੂਲ ਕ੍ਰਿਆ-ਵਿਸ਼ੇਸ਼ਣ (Primary adverb)
ਮੂਲ ਧਾਤੂ (Primary root)
ਮੇਲ (Concord or agreement)

ਯ

ਯੋਜਕ (Conjunction)

ਰ

ਰੂਪ (Form)
ਰੂਪਾਂਤਰ (Inflexion)
ਰੂੜ੍ਹੀ (Traditional meaning)

ਲ

ਲਗਾਂ (Vowel signs)
ਲਿੰਗ (Gender)
ਲਿੰਗਾਵਿਬੋਧਕ ਰੂਪ (Gender-denoting forms)
ਲਿਪੀ (Script)
ਲੋਪ (Elision)

ਵ

ਵਚਨ (Number)
ਵੱਡਾ ਰੂਪ (Enlarged form)
ਵਰਣ (Letter)
ਵਰਣ-ਬੋਧ (Orthography)
ਵਰਣ-ਮਾਲਾ (Alphabet)
ਵਰਤਮਾਨ ਕਾਰਦੰਤਕ (Present participle)
ਵਰਤਮਾਨ ਕਾਲ (Present tense)
ਵਾਕ (Sentence)
ਵਾਕ-ਅੰਸ਼ (Phrase)
ਵਾਕ-ਜੋੜ (Synthesis of sentences)
ਵਾਕ-ਬੋਧ (Syntax)
ਵਾਕ-ਵਟਾਂਦਰਾ (Transformation of sentences)

Digitized by Panjab Digital Library | www.panjabdigilib.org

ਵਿਅੰਜਨ (Consonant)

ਵਿਅੰਜਨਾਂਤ ਅੱਖਰ (Closed syllable) (ਬੰਦ ਅੱਖਰ)

ਵਿਸਮਕ (Interjection)

ਵਿਸ਼ੇਸ਼ਣ (Adjective)

ਵਿਕਲਪੀ (Alternative)

ਵਿਕਾਸ (Development)

ਵਿਕਾਰੀ (Declinable)

ਵਿਕਾਰੀ ਕ੍ਰਿਆ-ਵਿਸ਼ੇਸ਼ਣ (Declinable adverb)

ਵਿਚਲਾ ਸੁਰ (Central vowel)

ਵਿਧਿਅਰਥਕ ਕਾਰਦੰਤਕ (Potential participle)

ਵਿਧੇਅ (Predicate)

ਵਿਭਕਤੀ (Ending)

ਵਿਰਾਮ-ਚਿੰਨ (Stop)

ਵਿਰੋਧ-ਬੋਧਕ (Adversative)

Digitized by Panjab Digital Library | www.panjabdigilib.org

# ਪਾਰਿਭਾਸ਼ਿਕ ਸ਼ਬਦਾਂ ਦੀ ਸੂਚੀ

## ਅੰਗਰੇਜ਼ੀ—ਪੰਜਾਬੀ

### A

Ablative (ਅਪਾਦਾਨ)
Absolute construction (ਸੁਤੰਤਰ ਰਚਨਾ)
Absolute phrase (ਸੁਤੰਤਰ ਵਾਕ-ਅੰਸ਼)
Abstract noun (ਭਾਵ-ਵਾਚਕ ਨਾਂਵ)
Accent (stress) ਬਲ
Active voice (ਕਰਤ੍ਰੀਵਾਚ)
Adjective (ਵਿਸ਼ੇਸ਼ਣ)
Adjective of quality (ਗੁਣਵਾਚਕ ਵਿਸ਼ੇਸ਼ਣ)
Adjective of quantity (ਮਿਣਤੀ-ਵਾਚਕ ਵਿਸ਼ੇਸ਼ਣ)
Adverb (ਕ੍ਰਿਆ-ਵਿਸ਼ੇਸ਼ਣ)
Adversative (ਵਿਰੋਧ ਬੋਧਕ)
Affirmative sentence (ਹਾਂ-ਵਾਚਕ ਵਾਕ)
Agent (ਕਰਤਾ)
Aggregate numbers (ਸਮੂਹਤਾ-ਬੋਧਕ ਅੰਕ)
Agreement or concord (ਮੇਲ)
Alphabet (ਵਰਣਮਾਲਾ)
Alternative (ਵਿਕਲਪੀ)
Analysis (ਵਾਕ-ਵੰਡ)
Antecedent (ਅਨੁਸੰਬੰਧ)
Apostrophe (ਛੁਟਮਰੋੜੀ)
Aspirate (ਮਹਾਂਪ੍ਰਾਣ)
Auxiliary verb (ਸਹਾਇਕ ਕ੍ਰਿਆ)

### B

Back vowel (ਪਿਛਲਾ ਸੂਰ)
Brackets (ਬਰੈਕਟਾਂ)

### C

Cardinals (ਪੂਰਣ ਅੰਕ ਬੋਧਕ)
Causal, causative (ਪ੍ਰੇਰਣਾਰਥਕ)
Central vowel (ਵਿਚਲਾ ਸੂਰ)
Clause (ਉਪਵਾਕ)
Closed syllable (ਬੰਦ ਅੱਖਰ, ਵਿਅੰਜਨਾਂਤ ਅੱਖਰ)
Cognate object (ਸਜਾਤੀ ਰਕਮ)
Colon (ਕੋਲਨ ਜਾਂ ਦੁਬਿੰਦੀ)
Comma (ਕਾਮਾ)
Common noun (ਜਾਤੀ ਨਾਂਵ)
Comparative degree (ਅਧਿਕਤਰ ਅਵਸਥਾ)
Complement (ਪੂਰਕ)
Complex sentence (ਮਿਸ਼ਰਿਤ ਵਾਕ)
Composition (of words) (ਸਮਾਸ)
Compound sentence ਸੰਯੁਕਤ ਵਾਕ)
Compound (peri-phrastic) tenses (ਮਿਲਾਉਟੀ ਕਾਲ)
Compound verb (ਸੰਯੁਕਤ ਕ੍ਰਿਆ)
Compound word (ਸਮਾਸੀ ਪਦ)
Concord (or agreement) (ਮੇਲ)
Conditional past (ਸ਼ਰਤੀ ਭੂਤ)
Conjunctive mood (ਸੰਭਾਵਨਾਰਥ)
Conjunctive participle (ਪੂਰਬ ਪੂਰਣ ਕਾਰਦੰਤਕ
Consonant (ਵਿਅੰਜਨ)
Contracted sentences (ਸੰਕੁਚਿਤ ਵਾਕ)

Digitized by Panjab Digital Library | www.panjabdigilib.org

Co-ordinate clauses (ਸਮਾਨ ਉਪਵਾਕ)
Co-ordinate conjunction (ਸਮਾਨ ਯੋਜਕ)
Cumulative (ਸਮੁੱਚੀ)

## D

Dash (ਡੈਸ਼)
Dative (ਸੰਪ੍ਰਦਾਨ)
Degree of comparison (ਅਵਸਥਾ)
Demonstrative pronoun (ਨਿਸ਼ਚੇ-ਵਾਚਕ ਸਰਬਨਾਂਵ)
Denominatives (ਨਾਂਵ ਧਾਤੂ)
Derivation (of words) (ਉਤਪੱਤੀ)
Derivative (ਸਾਧਿਤ)
Derivative root ਸਾਧਿਤ (ਧਾਤੂ)
Dialect (ਬੋਲੀ)
Direct case forms (ਸਾਧਾਰਣ ਰੂਪ)
Direct object (ਪਰਧਾਨ ਕਰਮ)
Dis-syllabic word (ਦੋ-ਅੱਖਰਾ ਸ਼ਬਦ)
Double consonant (ਦੁੱਤ)
Doublets (ਸਮਮੂਲਕ ਭਿੰਨਾਰਥਕ ਜੋੜੇ)

## E

Echo-words (Onomato-poetic words) (ਧੁਨਿਆਤਮਕ ਸ਼ਬਦ)
Elision (ਲੋਪ)
Ending (ਵਿਭਕਤੀ)
Etymology (ਸ਼ਬਦ-ਬੋਧ)

## F

Factitive verb (ਅਪੂਰਣ ਮਹਾਂਪ੍ਰਾਣ ਕ੍ਰਿਆ)
Feminine gender (ਇਸਤਰੀ ਲਿੰਗ)
Finite verb (ਕ੍ਰਿਆ-ਪਦ)
First person (ਉਤਮ ਪੁਰਖ)
Form (ਰੂਪ)
Front vowel (ਅਗਲਾ ਸੁਰ)
Full stop (ਡੰਡੀ)
Future conjunctive (ਸੰਭਾਵ ਭਵਿੱਖਤ)
Future tense (ਭਵਿੱਖਤ ਕਾਲ)

## G

Gender (ਲਿੰਗ)
Gerund (verbal noun) (ਭਾਵਾਰਥ
Government (ਅਧਿਕਾਰ)
Grammar (ਵਿਆਕਰਣ)

## H

Hard aspirates (ਅਘੋਸ਼ ਮਹਾਂਪ੍ਰਾਣ)
Hybrid compound words (ਦੋਗਲੇ ਸਮਾਸੀ ਪਦ)
Hyphen (ਜੋੜਨੀ)

## I

Illative (ਕਾਰਣ-ਕਾਰਜ-ਬੋਧਕ)
Imperative (ਆਗਿਆਰਥ, ਹੁਕਮੀ ਭਵਿੱਖਤ)
Impersonal voice (ਭਾਵ-ਵਾਚ)
Indeclinable (ਅਸਾਧ, ਅਵਿਕਾਰੀ, ਅੱਵੈ)
Indeclinable participle or Conjunctive participle (ਪੂਰਬ ਪੂਰਣ ਕਾਰਦੰਤਕ)
Indefinite past (ਅਨਿਸ਼ਚਿਤ ਭੂਤ)
Indefinite pronoun (ਅਨਿਸ਼ਚਿਤ ਸਰਬਨਾਂਵ)
Indicative mood (ਸੂਚਕ)
Indirect object (ਅਪਰਧਾਨ ਕਰਮ)
Inflected word (ਪਦ)
Inflexion (ਰੂਪਾਂਤਰ)
Instrumental, (case) (ਕਰਣ)
Interjection (ਵਿਸਮਕ)

Digitized by Panjab Digital Library | www.panjabdigilib.org

Interrogative pronoun (ਪ੍ਰਸ਼ਨ-ਵਾਚਕ ਸਰਬਨਾਂਵ)
Interrogative sentence (ਪ੍ਰਸ਼ਨ ਵਾਚਕ ਵਾਕ, ਪ੍ਰਸ਼ਨਿਕ ਵਾਕ)
Intransitive (ਅਕਰਮਕ)
Inverted commas (ਪੁਠੇ ਕਾਮੇ)

L

Language (ਭਾਸ਼ਾ)
Letter (ਵਰਣ)
Locative (ਅਧਿਕਰਣ)
Long vowel (ਦੀਰਘ ਸੁਰ)

M

Masculine gender (ਪੁਲਿੰਗ)
Monosyllabic word (ਇਕ-ਅਖਰਾ)
Mood (ਅਰਥ)

N

Nasal (ਅਨੁਨਾਸਿਕ, ਨਾਸਕੀ)
Nasalised vowels (ਅਨੁਨਾਸਿਕ ਸੁਰ)
Negative sentence (ਨਾਂਹ-ਵਾਚਕ ਵਾਕ)
Note of exclamation (ਵਿਸਮੈ ਆਦਿ ਚਿੰਨ੍ਹ)
Note of interrogation (ਪ੍ਰਸ਼ਨ (ਚਿੰਨ੍ਹ)
Noun (ਨਾਂਵ)
Number (ਵਚਨ)

O

Oblique form (ਸੰਬੰਧਕੀ ਰੂਪ)
Onomatopoetic words (ਧੁਨਿ-ਆਤਮਕ ਸ਼ਬਦ)
Open syllable (ਸੁਰਾਂਤ ਅੱਖਰ, ਖੁਲ੍ਹਾ ਅੱਖਰ)
Ordinals (ਕ੍ਰਮ-ਵਾਚਕ)

P

Parsing (ਪਦ-ਵੰਡ)
Participle ਕਾਰਦੰਤਕ (ਧਾਤੂ ਸਾਧਿਤ ਵਿਸ਼ੇਸ਼ਣ)
Passive voice (ਕਰਮ-ਵਾਚ)
Past imperfect (ਅਪੂਰਣ ਭੂਤ)
Past participle (ਭੂਤ ਕਾਰਦੰਤਕ)
Past perfect (ਪੂਰਣ ਭੂਤ)
Past tense (ਭੂਤ ਕਾਲ)
Penultimate syllable (ਉਪਾਂਤ ਅੱਖਰ)
Person (ਪੁਰਖ)
Personal pronoun (ਪੁਰਖਵਾਚਕ ਸਰਬਨਾਂਵ)
Phrase (ਵਾਕ-ਅੰਸ਼)
Plural (ਬਹੁਵਚਨ)
Polysyllabic word (ਬਹੁ-ਅੱਖਰਾ ਸ਼ਬਦ)
Positive degree (ਸਮਾਨ ਅਵਸਥਾ)
Postposition (ਸੰਬੰਧਕ)
Potential participle (ਵਿਧਿਅਰਥਕ ਕਾਰਦੰਤਕ)
Predicate (ਵਿਧੇਅ)
Prefix (ਅਗੇਤਰ)
Present participle (ਵਰਤਮਾਨ ਕਾਰਦੰਤਕ)
Present tense (ਵਰਤਮਾਨ ਕਾਲ)
Preverb (ਉਪਸਗਰ)
Primary root (ਮੂਲ ਧਾਤੂ)
Primary suffix (ਕਾਰਦੰਤਕੀ ਪਿਛੇਤਰ)
Principal clause (ਪਰਧਾਨ ਵਾਕ, ਉਪਵਾਕ)
Pronoun (ਸਰਬਨਾਂਵ)
Pronominal adjective (ਸਰਬਨਾਂਵੀ ਵਿਸ਼ੇਸ਼ਣ)
Proper noun (ਖਾਸ ਨਾਂਵ)
Punctuation (ਵਿਰਾਮ-ਚਿੰਨ੍ਹ

Digitized by Panjab Digital Library | www.panjabdigilib.org

## Q

Quantitative adjective (ਮਿਣਤੀ-ਵਾਚਕ ਵਿਸ਼ੇਸ਼ਣ)

## R

Reduplicated words (ਦੁਹਰੇ ਸ਼ਬਦ)
Reflexive pronoun (ਨਿਜਵਾਚਕ ਸਰਬਨਾਂਵ)
Relative pronoun (ਸੰਬੰਧ-ਵਾਚਕ ਸਰਬਨਾਂਵ)
Root (ਧਾਤੂ)

## S

Script (ਲਿਪੀ)
Secondary roots (ਸਾਧਿਤ ਧਾਤੂ)
Secondary suffixes (ਤਧਿੱਤ)
Second person (ਮੱਧਮ ਪੁਰਖ)
Semicolon (ਬਿੰਦੀ ਵਾਲਾ ਕਾਮਾ)
Semivowel (ਅਰਧ ਸ੍ਵਰ)
Sentence (ਵਾਕ)
Short vowel (ਹ੍ਰਸ੍ਵ ਸ੍ਵਰ)
Sibilants (ਉਸ਼ਮ)
Simple sentence (ਸਾਧਾਰਣ ਵਾਕ)
Singular (ਇਕਵਚਨ)
Sound (ਧੁਨੀ)
Spelling (ਸ਼ਬਦ-ਜੋੜ)
Stop (ਵਿਰਾਮ-ਚਿੰਨ੍ਹ)
Stress (accent) (ਬਲ)
Subject (ਉਦੇਸ਼)
Subordinate clause (ਅਧੀਨ ਉਪਵਾਕ
Subordinate conjunction (ਅਧੀਨ ਯੋਜਕ)
Suffix (ਪਿਛੇਤਰ)
Superlative degree (ਅਧਿਕਤਮ ਅਵਸਥਾ)
Syllabification (ਅੱਖਰ-ਵੰਡ)
Syllable (ਅੱਖਰ)
Synthesis of sentences (ਵਾਕ-ਜੋੜ)

## T

Tense (ਕਾਲ)
Third person (ਅੱਨ ਪੁਰਖ)
Tone (ਸੁਰ)
Transformation of sentences (ਵਾਕ-ਵਟਾਂਦਰਾ)
Transitive (ਸਕਰਮਕ)

## U

Unvoiced (ਅਘੋਸ਼)

## V

Verb (ਕ੍ਰਿਆ)
Verbal noun (ਭਾਵਾਰਥ)
Verbal root (ਧਾਤੂ)
Vocabulary (ਸ਼ਬਦ-ਭੰਡਾਰ)
Vocative (ਸੰਬੋਧਨ)
Voice (ਵਾਚ)
Voiced (ਘੋਸ਼)
Vowel (ਸ੍ਵਰ)
Vowel sign (ਲਗ)

## W

Word (ਸ਼ਬਦ)

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

B-4582

Digitized by Panjab Digital Library | www.panjabdigilib.org



Digitized by Panjab Digital Library | www.panjabdigilib.org